ਪੰਜਾਬੀ ਬੋਲੀ ਤੇ ਪੰਜਾਬੀਅਤ ਨੂੰ ਸਮਰਪਿਤ

# ਵਾਹਗਾ


*ਸੰਪਾਦਕ :*

ਚਰਨਜੀਤ ਸੋਹਲ

ਸੁਖਚੈਨ ਢਿੱਲੋਂ


**ਸਰਵਰਕ ਤਸਵੀਰ :**

ਅਬਦੁਰ ਰਹਿਮਾਨ ਚੁਗਤਾਈ (ਲਾਹੌਰ, 21 ਸਤੰਬਰ 1894–17 ਜਨਵਰੀ 1975)

ਅਬਦੁਰ ਦੀ ਕਲਾ ਪ੍ਰਾਪਤੀ ਹੈ ਕਿ ਪੂਰੀ ਲਹਿਰ 'ਚੁਗਤਾਈ ਸਕੂਲ ਆਫ਼ ਆਰਟ ਦੇ ਨਾਂ ਨਾਲ ਜਾਣੀ ਜਾਂਦੀ ਹੈ। ਦੋ ਹਜ਼ਾਰ ਦੇ ਕਰੀਬ ਪੇਂਟਿੰਗਜ਼ ਤੋਂ ਇਲਾਵਾ ਬੇਸ਼ੁਮਾਰ ਸਕੈੱਚ, ਐਚਿੰਗਜ਼, ਮਿਰਜ਼ਾ ਗ਼ਾਲਿਬ ਦੀਆਂ ਗ਼ਜ਼ਲਾਂ ਦੇ ਸਕੈੱਚ *ਮੁਰੱਕਾ-ਏ-ਗ਼ਾਲਿਬ* ਛਪਵਾਇਆ, ਜਿਹਦਾ ਮੁਖਬੰਦ ਮੁਹੰਮਦ ਇਕਬਾਲ ਨੇ ਲਿਖਿਆ। ਹੋਰ ਥਾਵਾਂ ਤੋਂ ਇਲਾਵਾ ਕਲਾ–ਕ੍ਰਿਤੀਆਂ ਯੂਨਾਈਟਿਡ ਨੇਸ਼ਨਜ਼ ਹੈੱਡਕਵਾਰਟਰਜ਼ ਤੇ ਯੂ.ਐੱਸ. ਡੀਪਾਰਟਮੈਂਟ ਆਫ਼ ਸਟੇਟ 'ਚ ਰੱਖੀਆਂ ਹਨ। ਉਹਦੀ ਕਿਆਸੀ ਤੇ ਸਿਰਜੀ 'ਹੀਰ' ਇਸ ਕਿੱਸੇ ਦੀਆਂ ਪ੍ਰਕਾਸ਼ਨਾ ਦੇ ਸਰਵਰਕ 'ਤੇ ਹਨ।

ਸਰਵਰਕ ਦੀ ਲਿਖਤ : *ਜਤਿੰਦਰ ਸਿੰਘ*

ਅੰਕ 4 ✶ ਮੁੱਲ : 80/–

# ਵਾਹਗਾ

ਈ–ਮੇਲ : **wahga2015@gmail.com**

*ਕਾਰਜਕਾਰੀ ਸੰਪਾਦਕ*

**ਤੇਜਿੰਦਰ ਬਾਵਾ**

ਮੋਬਾ : 98781–77812

**ਸਹਿਯੋਗੀ ਸੰਪਾਦਕ**

ਤੇਜਵੰਤ ਸਿੰਘ ਗਿੱਲ
ਸਤ੍ਯਪਾਲ ਗੌਤਮ
ਭਗਵਾਨ ਜੋਸ਼
ਪਰਮਿੰਦਰ ਸਿੰਘ
ਕੇਵਲ ਧਾਲੀਵਾਲ
ਸਤਿੰਦਰ ਔਲਖ
ਪਰਮਜੀਤ ਜੱਜ
ਬਲਬੀਰ ਮਾਧੋਪੁਰੀ
ਜਤਿੰਦਰ ਸਿੰਘ
ਮੋਨੀਕਾ ਕੁਮਾਰ
ਨਵਸ਼ਰਨ
ਅਤੁਲ ਸੂਦ
ਬਲਰਾਜ ਧਾਰੀਵਾਲ
ਅਮਨਪ੍ਰੀਤ ਗਿੱਲ
ਹਰਵਿੰਦਰ ਸਿੰਘ
ਸੁਖਪਾਲ
ਸਵਰਾਜਬੀਰ

•

**ਕਲਾ** : ਸੰਦੀਪ • ਹਰਦੀਪ • ਮੰਨੂੰ

**ਕਾਨੂੰਨੀ ਸਲਾਹਕਾਰ :**
ਡਾ. ਸੁਸ਼ੀਲ ਬਲਵਾਦਾ

•

'ਵਾਹਗਾ' ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੋਈ ਵੀ ਕਾਨੂੰਨੀ ਕਾਰਵਾਈ ਅਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।

*ਸੰਪਾਦਕ*

**ਚਰਨਜੀਤ ਸੋਹਲ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਸੀ–ਬਲਾਕ ਮਾਰਕੀਟ, ਅਮ੍ਰਿਤਸਰ–143001
ਮੋਬਾ : (+91) 78374–12401
ਈ–ਮੇਲ : charanjit.sohal@yahoo.com

**ਸੁਖਚੈਨ ਢਿੱਲੋਂ**
62, Ashbrook Way, BRAMPTON
ON, L6Y 4R4, CANADA
Mob : +1-647-774-1870

**ਐੱਸ. ਬਲਵੰਤ**
Mob : +44 7448 441008

✶

**ਖ਼ਤ ਪੱਤਰ**
7, ਐੱਸ.ਸੀ.ਐੱਫ਼, ਰਣਜੀਤ ਐਵੀਨਿਊ
ਅਮ੍ਰਿਤਸਰ–143001

✶

**ਮੁੱਲ**
ਡਾਕ ਰਾਹੀਂ : 500 ਰੁਪਏ
5000 ਰੁਪਏ (ਜੀਵਨ ਸਾਥ)

✶

**ਵਿਦੇਸ਼ :**
20 ਡਾਲਰ ✶ 500 ਡਾਲਰ (ਜੀਵਨ ਸਾਥ)

'ਵਾਹਗਾ' ਦਾ ਬੈਂਕ ਅਕਾਊਂਟ :
HDFC Bank
Account No. : 50200016152542
IFS Code : HDFC0001407
Branch : Central One Mall, Old Jail Road
Opp. Distt Shopping Complex
Ranjit Avenue, Amritsar

✶

ਰੂਪ ਸੱਜਾ : **ਮਨਤੇਜ ਗ੍ਰਾਫ਼ਿਕਸ**, ਅਮ੍ਰਿਤਸਰ
ਮੋਬਾ : 98781–77812

✶

ਛਾਪਕ : **ਪ੍ਰਿੰਟਵੈੱਲ**, ਅਮ੍ਰਿਤਸਰ

**Wahga is a peer-reviewed research journal.**

# ਤਰਤੀਬ


**ਕਵਿਤਾਵਾਂ :**
ਇਰਫ਼ਾਨ ਮਲਿਕ 51 • ਵਨੀਤਾ 56 • ਨੀਰੂ ਅਸੀਮ 60 • ਵਹੀਦਾ 68 • ਰਵੀ ਕਾਂਤ 69
ਅਮਰਜੀਤ ਕਸਕ 70 • ਰਮਨ 98 • ਰੇਨੂੰ ਸਿਨਹਾ 99 • ਇੰਦਰਜੀਤ ਨੰਦਨ 100
ਦਲਜੀਤ ਮੋਖਾ 176

7 **ਪੰਜਾਬੀਅਤ : ਮਹੱਤਤਾ, ਉਤਰਾਅ ਚੜ੍ਹਾਅ ਅਤੇ ਭਵਿੱਖ** *-ਪ੍ਰੋ. ਪ੍ਰੀਤਮ ਸਿੰਘ*

11 **ਸੰਨ ਸੰਤਾਲੀ ਦੇ ਸੰਤਾਪ ਦੀ ਕਵਿਤਾ** *-ਅਮਰਜੀਤ ਚੰਦਨ*

19 **ਸਵੈ-ਬਿਰਤਾਂਤ : ਮਾਂ ਬਾਪ ਘਰ ਤੇ ਮੈਂ** *-ਗੁਰਬਚਨ*

30 **ਹੀਰ ਵਾਰਿਸ ਸ਼ਾਹ : ਕਾਵਿ ਕਲਾ ਤੇ ਵਿਚਾਰਧਾਰਾ** *-ਤੇਜਵੰਤ ਸਿੰਘ ਗਿੱਲ*

42 **ਸਮਕਾਲ ਵਿਚ ਵਾਰਿਸ ਅਤੇ ਬੁੱਲ੍ਹੇ ਦੇ ਪੁਨਰਪਾਠ ਦੀ ਜ਼ਰੂਰਤ ਕਿਉਂ** *-ਵਿਨੋਦ ਸ਼ਾਹੀ*

44 **ਬਲਵੰਤ ਗਾਰਗੀ** *-ਦਰਸ਼ਨ ਸਿੰਘ*

62 **ਸਵਰਾਜਬੀਰ ਦੀ ਨਾਟ ਕਲਾ : ਵਿਚਾਰ ਤੇ ਪ੍ਰਭਾਵ** *-ਤੇਜਵੰਤ ਸਿੰਘ ਗਿੱਲ*

63 **ਸਾਹਿਤ ਅਕਾਦਮੀ ਇਨਾਮ ਜੇਤੂ ਨਾਟਕ 'ਮੱਸਿਆ ਦੀ ਰਾਤ** *-ਹਰਜੋਧ ਸਿੰਘ*

65 **ਗੁੱਝੀਆਂ ਰਮਜ਼ਾਂ ਦੀ ਪੇਸ਼ਕਾਰੀ 'ਮੱਸਿਆ ਦੀ ਰਾਤ'** *-ਜਤਿੰਦਰ ਸਿੰਘ*

71 **ਮੁਲਾਕਾਤ : 'ਕਿਤਨੇ ਪਾਕਿਸਤਾਨ ਵਿਚ ਧਾਰਮਿਕ ਪਛਾਣਾਂ ਦਾ ਜਾਦੂ** *-ਪੇਸ਼ਕਾਰ : ਹਰਭਜਨ ਸਿੰਘ ਹੁੰਦਲ*

**ਕਹਾਣੀਆਂ :**
**ਮਿੱਟੀ** *-ਸੁਰਿੰਦਰ ਨੀਰ* • 150 **ਕਮਿਊਨਿਸਟ** *-f* • 157 **ਚਾਰ ਸਿਆਣੇ** *-ਬਲਰਾਜ ਸਿੰਘ*

102 **ਅਸੀਂ ਹਿੰਦੋਸਤਾਨੀ ਬਰੇ-ਸਗੀਰ (ਉਪਮਹਾਂਦੀਪ) ਦੀਆਂ ਮਿੱਥਾਂ ਨੂੰ ਕਿਵੇਂ ਪੜ੍ਹੀਏ ਤੇ ਸਮਝੀਏ** *– ਸਵਰਾਜਬੀਰ*

110 **ਪੰਜਾਬੀ ਕਿੱਸਿਆਂ ਵਿਚ ਨਾਇਕਾ ਦੀ ਇੱਛਾ ਸ਼ਕਤੀ** *-ਅਰਵਿੰਦਰ ਕੌਰ ਧਾਲੀਵਾਲ*

116 **ਜ਼ੋਰਬਾ ਦ ਗਰੀਕ** *-ਬਲਰਾਜ ਧਾਰੀਵਾਲ*

124 **ਬੀਰ ਬੰਦੀ** (ਬੰਦਾ ਸਿੰਘ ਬਹਾਦਰ ਸੰਬੰਧੀ ਕਵਿਤਾ) *-ਰਾਬਿੰਦਰ ਨਾਥ ਟੈਗੋਰ,*

128 **ਬੰਦਾ ਬਹਾਦਰ : ਯਾਦ ਅਤੇ ਇਤਿਹਾਸ** *-ਭਗਵਾਨ ਜੋਸ਼*

131 **ਇਤਿਹਾਸ ਦੀ ਪੈੜ ਨੱਪਦਿਆਂ ਮਹਾਂਨਾਇਕ ਬੰਦਾ ਸਿੰਘ ਬਹਾਦਰ ਦੇ ਪ੍ਰਸੰਗ ਵਿਚ** *-ਜਗਮੋਹਨ ਸਿੰਘ*

136 **ਦਲਿਤ ਪੁਰਸ਼ ਸ੍ਵੈ-ਜੀਵਨੀਆਂ** *-ਬਲਬੀਰ ਮਾਧੋਪੁਰੀ*

148 **ਘਰ ਦੇ ਜੀਅ** *-ਭੁਪਿੰਦਰ ਪੁਰੇਵਾਲ*

157 **ਇਕ ਪਾਤਰੀ ਨਾਟਕ : ਖ਼ੁਸ਼ਬੂ** *-ਸਵਰਾਜਬੀਰ*

165 **ਮੀਨਮੇਖ.ਕਾੱਮ : ਹੁੱਲੜ ਗਾਇਕੀ ਦੀ ਤਾਕੀ 'ਚੋਂ ਦਿਸਦਾ ਭਵਿੱਖ** *-ਰਮਨ*

167 **ਸਿਨੇਮਾ : ਕੰਮ/ਕਿਰਤ ਦਾ ਦੁਖਾਂਤ** *-ਜਤਿੰਦਰ ਸਿੰਘ*

171 **ਸ਼ਹਿ ਤੇ ਮਾਤ** *-ਅਰਸ਼ਦੀਪ ਕੌਰ ਬਾਜਵਾ*

173 **ਸਾਹਿਤ ਸਮਾਜ ਦਾ ਸ਼ੀਸ਼ਾ** *-ਹਰਭਜਨ ਸਿੰਘ ਕਾਹਲੋਂ*

176 **ਮਸ਼ਕਰੀਆਂ**

**ਅਲਵਿਦਾ :**

180 **ਦਲਜੀਤ ਮੋਖਾ** *-ਮੋਹਨਜੀਤ*

186 **ਪ੍ਰਭਜੋਤ ਕੌਰ** *-ਮੋਹਨਜੀਤ*

183 **ਸੁੰਦਰ ਸਿਲਾਈ ਮਸ਼ੀਨ** *-ਮੋਨਿਕਾ ਕੁਮਾਰ*

187 **ਜਦੋਂ ਬਾਬਾ ਬੋਲਦਾ ਹੈ...** *-ਹਰਪ੍ਰੀਤ ਲਵਲੀ*

**ਪੁਸਤਕ ਵਿਸ਼ੇਸ਼ :**

191 **ਮੀਰਦਾਦ ਦੀ ਪੁਸਤਕ : ਇਕ ਪੜ੍ਹਤ** *-ਤਨਵੀਰ*

196 **ਨਾਵਲ 'ਸ਼ਾਂਤੀ ਪਰਵ' ਦੇ ਬਹਾਨੇ** *-ਰਾਜਕੁਮਾਰ ਹੰਸ, ਨੀਤੀ ਸਿੰਘ*




# ਸਨਮਾਨ

## ਨਾਟਕ **ਮੱਸਿਆ ਦੀ ਰਾਤ** ਲਈ
## ਸ਼ਾਇਰ ਤੇ ਨਾਟਕਕਾਰ *ਸਵਰਾਜਬੀਰ* ਨੂੰ ਸਾਹਿਤ ਅਕਾਦਮੀ ਪੁਰਸਕਾਰ

*ਅਸਾਂ ਮੰਗ ਦਰਗਾਹ ਥੀਂ ਲਿਆ ਰਾਂਝਾ*
*ਸਿਦਕ ਸੱਚ ਜ਼ਬਾਨ ਸਭ ਬੋਲਦੀ ਹੈ।*
**-ਹੀਰ ਵਾਰਿਸ ਸ਼ਾਹ**, 1766

ਦੋਸਤੋ ! ਸਾਡੇ ਦੌਰ ਦੇ ਸਭ ਤੋਂ ਸੁਚੇਤ ਪੰਜਾਬੀ ਸਿਰਜਕ ਸਵਰਾਜਬੀਰ ਨੂੰ ਉਨ੍ਹਾਂ ਦੇ ਸਭ ਤੋਂ ਵੱਧ ਰਾਜਨੀਤਕ ਨਾਟਕ *ਮੱਸਿਆ ਦੀ ਰਾਤ* ਲਈ ਭਾਰਤ ਦਾ ਸਭ ਤੋਂ ਵੱਡਾ ਪੁਰਸਕਾਰ ਸਾਹਿਤ ਅਕਾਦਮੀ ਨੇ ਦੇਣ ਦਾ ਐਲਾਨ ਕੀਤਾ ਹੈ। ਪਿਛਲੇ ਕੁਝ ਸਾਲਾਂ ਤੋਂ ਜੋ ਮਾੜਾ ਹਸ਼ਰ ਪੰਜਾਬੀ ਸਾਹਿਤਕਾਰਾਂ+ਕਮੇਟੀਬਾਜ਼ਾਂ+ਅਦਾਰਾਬਾਜ਼ ਟੋਲੇ ਨੇ ਇਨਾਮਾਂ ਦੇ ਹਵਾਲੇ ਨਾਲ ਕੀਤਾ ਹੋਇਆ ਸੀ, ਉਸ ਦੇ ਚਲਦਿਆਂ ਇਸ ਵਾਰ ਦੇ ਇਨਾਮ ਨਾਲ ਸਾਹਿਤ ਅਕਾਦਮੀ ਨੇ ਆਪਣੇ ਸਨਮਾਨ ਨੂੰ ਬਚਾਇਆ ਹੈ। ਸਵਰਾਜਬੀਰ ਦੇ ਸਾਹਿਤਕ, ਵਿਚਾਰਧਾਰਕ ਅਤੇ ਵਿਚਾਰਕ ਅਭਿਆਸ ਦੀ ਜ਼ਰਖੇਜ਼ ਜ਼ਮੀਨ ਉੱਤੇ ਲੋਕ-ਬੋਧ ਦੇ ਮੁਹਾਵਰੇ ਰਾਹੀਂ ਚੇਤਨਾ ਦਾ ਕੋਟ ਉਸਾਰਨ ਦੇ ਮੌਲਿਕ ਅਤੇ ਮਹਾਨ ਵਰਤਾਰੇ ਦਾ ਦੀਦਾਰ ਹੁੰਦਾ ਹੈ। ਸ਼ਾਇਰੀ, ਨਾਟਕ, ਖੋਜਕਾਰੀ ਤੋਂ ਤੁਰਦਾ ਇਹ ਸਿਰਜਕ ਆਪਣੇ ਦੌਰ ਦੀ ਜਟਿਲਤਾ ਤੇ ਸਾਵੀਂ ਪਕੜ ਸਦਕਾ ਹੁਣ ਇਕ ਮੁਕੰਮਲ ਪੂਰ ਨੂੰ ਬੌਧਿਕ ਅਗਵਾਈ ਦੇ ਰਿਹਾ ਹੈ ਅਤੇ ਸੌਂਦਰਯ ਦੇ ਨਵੇਂ ਬੋਧ ਦਾ ਪੰਜਾਬੀ ਸਿਰਨਾਵਾਂ ਬਣ ਚੁੱਕਾ ਹੈ।

ਮੈਨੂੰ ਉਨ੍ਹਾਂ ਦੀ ਸੰਗਤ ਕਰਨ ਦਾ ਸ਼ਰਫ਼ ਹਾਸਲ ਹੈ। ਲੰਬੀਆਂ, ਤਵੀਲ ਬੈਠਕਾਂ ਵਿਚ 18-19ਵੀਂ ਸਦੀ ਦੇ ਕਲਾਸਕੀ ਸਾਹਿਤ ਬਾਬਤ ਚਰਚਾ ਕਰਦੇ ਰਹੇ ਹਾਂ। ਭਗਤ ਸਿੰਘ-ਪਾਸ਼ ਦੀ ਵਿਚਾਰਕ ਪਰੰਪਰਾ ਦੇ ਪੁਨਰ-ਸਿਰਜਣ ਦੇ ਮਸਲਿਆਂ 'ਤੇ ਉਨ੍ਹਾਂ ਦੀ ਸਹਿਜ ਗੰਭੀਰਤਾ ਲੰਬੇ ਸਮੇਂ ਤਕ ਤੁਹਾਡੇ ਨਾਲ ਰਹਿੰਦੀ ਹੈ। ਅਦਾਰਾ 23 ਮਾਰਚ ਦੀ ਮੁੱਢਲੀ ਮਜਲਿਸ 'ਲਿਖਤੁਮ ਪਾਸ਼' ਵਿਚ ਮੁੱਖ ਭਾਸ਼ਣ ਸਵਰਾਜਬੀਰ ਨੇ ਹੀ ਦਿੱਤਾ ਸੀ। ਪੰਜਾਬ ਦਾ ਸਭਿਆਚਾਰਕ ਪਛੜੇਵਾਂ ਇਸ ਦੀ ਰਾਜਨੀਤਕ ਤ੍ਰਾਸਦੀ ਦੀਆਂ ਜੜ੍ਹਾਂ 'ਚ ਬੈਠਾ ਹੈ। ਇਸ 'ਮੱਸਿਆ ਦੀ ਰਾਤ' ਦੇ ਖ਼ਾਤਮੇ ਲਈ ਸਵਰਾਜਬੀਰ ਵਰਗੀਆਂ ਕਲਮਾਂ ਦੀ ਵਿਵੇਕਵਾਨ ਲੋਅ ਦੀ ਸਾਰੇ ਪੰਜਾਬੀ ਜਗਤ ਨੂੰ ਸ਼ਦੀਦ ਜ਼ਰੂਰਤ ਹੈ। ਸਵਰਾਜਬੀਰ ਦੇ ਅੰਦਰ ਵਹਿੰਦੇ ਸੰਵੇਦਨਾ-ਚਿੰਤਨ-ਸੁਹਜ-ਵਿਦਰੋਹ ਦੇ ਪਾਣੀ ਰਵਾਂ ਰਹਿਣ, ਮੇਰੀ ਦੁਆ ਹੈ।

*-ਡਾ. ਸੁਮੇਲ ਸਿੱਧੂ*



# ਪੰਜਾਬੀਅਤ :
# ਮਹੱਤਤਾ, ਉਤਰਾਅ ਚੜ੍ਹਾਅ ਅਤੇ ਭਵਿੱਖ

*-ਪ੍ਰੋ. ਪ੍ਰੀਤਮ ਸਿੰਘ**

ਇਸ ਲੇਖ ਵਿਚ ਅਸੀਂ ਪੰਜ ਮੁੱਦਿਆਂ 'ਤੇ ਵਿਚਾਰ ਕਰਾਂਗੇ। ਪਹਿਲਾਂ, ਪੰਜਾਬੀਅਤ ਕੀ ਹੈ ? ਦੂਜਾ, ਪੰਜਾਬੀਅਤ ਦੀ ਕੀ ਮਹੱਤਤਾ ਹੈ ਜਾਂ ਇਸ ਲਈ ਸੰਘਰਸ਼ ਕਰਨ ਦੀ ਕੀ ਲੋੜ ਹੈ ? ਤੀਜਾ, ਪੰਜਾਬੀਅਤ ਵਿਚ ਕੀ ਇਤਿਹਾਸਕ ਉਤਰਾਅ-ਚੜ੍ਹਾਅ ਆਏ ਹਨ ? ਚੌਥਾ, ਪੰਜਾਬੀਅਤ ਦੀ ਚੜ੍ਹਤ ਵਿਚ ਕਿਹੜੀਆਂ ਤਾਕਤਾਂ ਸਹਾਈ ਹਨ ? ਪੰਜਵਾਂ, ਪੰਜਾਬੀਅਤ ਦੀ ਚੜ੍ਹਤ ਵਿਚ ਕਿਹੜੀਆਂ ਤਾਕਤਾਂ ਨਾਂਹ-ਪੱਖੀ ਹਨ ਜਾਂ ਇਸ ਦੀ ਨੁਹਾਰ ਨੂੰ ਵਿਗਾੜਦੀਆਂ ਹਨ ?

ਪਹਿਲੇ ਮੁੱਦੇ ਤੋਂ ਸ਼ੁਰੂ ਕਰਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬੀਅਤ ਉਹ ਸਭਿਆਚਾਰਕ ਸੰਸਾਰ ਹੈ ਜਿਸ ਨੂੰ ਆਪਣੇ ਆਪ ਨੂੰ ਪੰਜਾਬੀ ਕਹਿਣ ਵਾਲੇ ਲੋਕ ਆਪਣਾ ਮੰਨਦੇ ਹਨ। ਇਹ ਸਭਿਆਚਾਰਕ ਸੰਸਾਰ ਬੜਾ ਵਿਸ਼ਾਲ ਹੈ ਜਿਸ ਦੇ ਕੁਝ ਅੰਗ ਹਨ : ਇਕ ਆਰਥਿਕ ਜੀਵਨ ਚੱਕਰ ਜੋ ਇਕ ਕੌਮ ਦਾ ਆਧਾਰ ਹੈ ਅਤੇ ਇਸ ਨੂੰ ਲਗਾਤਾਰ ਪੇਸ਼ ਕਰਦਾ ਹੈ; ਇਕ ਸਾਂਝੀ ਭਾਸ਼ਾ/ਬੋਲੀ ਜੋ ਕੌਮ ਦੇ ਅੰਦਰੂਨੀ ਆਦਾਨ-ਪ੍ਰਦਾਨ ਦਾ ਸਾਧਨ ਹੈ; ਇਕ ਜੀਵਨ ਜਾਚ ਜਿਸ ਵਿਚ ਭਾਈਚਾਰੇ ਦੇ ਮੈਂਬਰ ਆਨੰਦ ਮਾਣਦੇ ਹਨ ਜਿਸ ਵਿਚ ਸ਼ਾਮਲ ਹੈ ਸੰਗੀਤ, ਗਾਣੇ, ਨੱਚਣਾ-ਟੱਪਣਾ ਅਤੇ ਹਾਸਾ ਮਜ਼ਾਕ; ਰੋਜ਼ਾਨਾ ਜ਼ਿੰਦਗੀ ਜਿਸ ਵਿਚ ਸ਼ਾਮਲ ਹੈ ਖਾਣਾ ਬਣਾਉਣਾ ਅਤੇ ਖਾਣ ਦੇ ਢੰਗ, ਸਫ਼ਾਈ ਰੱਖਣ ਬਾਰੇ ਅਤੇ ਜਿਨਸੀ ਸੰਬੰਧਾਂ ਬਾਰੇ ਵਿਚਾਰ ਤੇ ਵਿਹਾਰ; ਜਨਮ, ਮਰਨ ਅਤੇ ਸ਼ਾਦੀ ਦੀਆਂ ਰਸਮਾਂ; ਜ਼ਿੰਦਗੀ ਨੂੰ ਸੁੰਦਰ ਬਣਾਉਣ ਬਾਰੇ ਕਲਪਨਾਵਾਂ ਅਤੇ ਰੁਚੀਆਂ ਜਿਵੇਂ ਕੱਪੜਿਆਂ ਦੀ ਕਢਾਈ ਕਰਨਾ, ਚਿੱਤਰਕਾਰੀ, ਬੁੱਤ-ਤਰਾਸ਼ੀ, ਗਹਿਣੇ ਪਹਿਨਣਾ ਆਦਿ; ਸਮਾਜਿਕ ਜੀਵਨ-ਢਾਂਚਾ ਜਿਸ ਵਿਚ ਬਰਾਬਰੀ ਅਤੇ ਉੱਚੇ-ਨੀਵੇਂ ਬਾਰੇ ਵਿਚਾਰ ਤੇ ਵਿਹਾਰ, ਮਰਦ-ਔਰਤ ਸੰਬੰਧ, ਬਜ਼ੁਰਗੀ, ਬਚਪਨ, ਜੁਆਨੀ ਅਤੇ ਵੱਡੇ-ਛੋਟੇ ਸੰਬੰਧਾਂ ਬਾਰੇ ਵਿਚਾਰ ਤੇ ਰੀਤੀ ਰਿਵਾਜ; ਇੱਜ਼ਤ, ਮਾਣ, ਅਪਮਾਨ, ਪਿਆਰ, ਦੋਸਤੀ, ਕੁਰਬਾਨੀ, ਬੇਵਫ਼ਾਈ, ਬਦਲਾ ਲੈਣਾ ਅਤੇ ਨਫ਼ਰਤ ਬਾਰੇ ਵਿਚਾਰ; ਮਨੁੱਖ ਦੇ ਕੁਦਰਤ ਅਤੇ ਰੱਬ ਨਾਲ ਸੰਬੰਧਾਂ ਬਾਰੇ ਵਿਚਾਰ ਆਦਿ। ਇਸ ਲਿਸਟ ਨੂੰ ਹੋਰ ਵੀ ਅੱਗੇ ਵਧਾਇਆ ਜਾ ਸਕਦਾ ਹੈ ਪਰ ਇਕ ਚੀਜ਼ ਜੋ ਅਹਿਮ ਮਹੱਤਤਾ ਰੱਖਦੀ ਹੈ ਉਹ ਹੈ ਰਾਜਨੀਤਕ ਖ਼ੁਦ-ਮੁਖਤਾਰੀ ਦੇ ਤਜਰਬੇ ਦੀ ਯਾਦ, ਤਜਰਬਾ ਅਤੇ ਕਲਪਨਾ।

ਇਹ ਜ਼ਰੂਰੀ ਨਹੀਂ ਹੈ ਕਿ ਪੰਜਾਬੀਅਤ ਜਾਂ ਪੰਜਾਬੀ ਕੌਮ ਦੇ ਸਾਰੇ ਹਿੱਸੇ ਵਿਚ ਵਿਸ਼ਾਲ ਸਾਹਿਤਕ ਸੰਸਾਰ ਨਾਲ ਇਕੋ ਤਰ੍ਹਾਂ ਦੀ ਸਾਂਝ ਮਹਿਸੂਸ ਕਰਦੇ ਹੋਣ। ਇਹ ਮੰਨਣ ਦੀ ਲੋੜ ਹੈ ਕਿ ਕੁਝ ਹਿੱਸੇ ਵੱਧ ਅਤੇ ਕੁਝ ਘੱਟ ਸਾਂਝ ਮਹਿਸੂਸ ਕਰਦੇ ਹੋਣ ਪਰ ਮਹੱਤਵਪੂਰਨ ਗੱਲ ਹੈ

---
**ਅਰਥਚਾਰੇ ਦੇ ਮਾਹਰ, ਆਕਸਫੋਰਡ ਬਰੁਕਸ ਯੂਨੀਵਰਸਿਟੀ, ਇੰਗਲੈਂਡ**

ਕਿ ਉਹ ਸਾਂਝ ਮਹਿਸੂਸ ਕਰਦੇ ਹਨ।

ਦੂਜਾ ਮੁੱਦਾ ਹੈ ਪੰਜਾਬੀਅਤ ਦੀ ਮਹੱਤਤਾ ਦਾ ਜਾਂ ਇਸ ਦੀ ਲੋੜ ਦਾ। ਇਸ ਨੂੰ ਦੋ ਪੱਖਾਂ ਤੋਂ ਦੇਖਿਆ ਜਾ ਸਕਦਾ ਹੈ। ਇਕ ਪੱਖ ਤੋਂ ਮਾਂ ਬੋਲੀ ਦਾ ਸਿਰਜਣਾਤਮਕ ਰਚਨਾ ਪੈਦਾ ਕਰਨ ਵਿਚ ਕੇਂਦਰੀ ਰੋਲ। ਸਭ ਭਾਸ਼ਾ ਵਿਗਿਆਨੀ ਇਸ ਗੱਲ ’ਤੇ ਸਹਿਮਤ ਹਨ ਕਿ ਕੋਈ ਵੀ ਇਨਸਾਨ ਕਈ ਜ਼ੁਬਾਨਾਂ ਸਿੱਖ ਤੇ ਸਮਝ ਸਕਦਾ ਹੈ ਪਰ ਸਿਰਜਣਾ ਲਈ ਮਾਂ-ਬੋਲੀ ਦੀ ਥਾਂ ਦੂਜੀ ਬੋਲੀ ਨਹੀਂ ਲੈ ਸਕਦੀ। ਪੰਜਾਬੀ ਲੋਕਾਂ ਦੇ ਬੌਧਿਕ ਵਿਕਾਸ ਨੂੰ ਬੁਲੰਦੀਆਂ ਤਕ ਪਹੁੰਚਾਉਣ ਲਈ ਪੰਜਾਬੀ ਲੋਕਾਂ ਦਾ ਆਪਣੀ ਮਾਂ-ਬੋਲੀ ਨਾਲ ਜੁੜੇ ਰਹਿਣਾ ਅਤਿਅੰਤ ਜ਼ਰੂਰੀ ਹੈ। ਮੈਂ ਇੰਗਲੈਂਡ ਤੇ ਭਾਰਤ ਦੋਨਾਂ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਾਇਆ ਹੈ ਅਤੇ ਇਕ ਗੱਲ ਤਿੱਖੇ ਰੂਪ ਵਿਚ ਸਾਹਮਣੇ ਆਈ ਹੈ ਕਿ ਜਿਸ ਤਰ੍ਹਾਂ ਇੰਗਲੈਂਡ ਵਿਚ ਮੇਰੇ ਅੰਗਰੇਜ਼ ਵਿਦਿਆਰਥੀ ਅੰਗਰੇਜ਼ੀ ਭਾਸ਼ਾ ਨਾਲ ਖੇਡਦੇ ਹਨ, ਇਸ ਨੂੰ ਤੋੜਦੇ ਮਰੋੜਦੇ ਹਨ ਅਤੇ ਇਸ ਨੂੰ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਵਰਤਦੇ ਹਨ, ਉਹ ਭਾਰਤੀ ਵਿਦਿਆਰਥੀਆਂ (ਭਾਵੇਂ ਉਹ ਅਖੌਤੀ ਅੰਗਰੇਜ਼ੀ ਸਕੂਲਾਂ ਵਿਚ ਹੀ ਪੜ੍ਹੇ ਹੋਣ) ਨਾਲੋਂ ਅਣਗਿਣਤ ਤਰੀਕਿਆਂ ਵਿਚ ਅੱਗੇ ਹਨ ਕਿਉਂਕਿ ਅੰਗਰੇਜ਼ੀ ਉਨ੍ਹਾਂ ਦੀ ਮਾਂ ਬੋਲੀ ਹੈ ਪਰ ਭਾਰਤੀ ਵਿਦਿਆਰਥੀਆਂ ਨੇ ਸਿਰਫ਼ ਸਿੱਖੀ ਹੈ। ਅੰਗਰੇਜ਼ ਵਿਦਿਆਰਥੀ ਨਵੇਂ ਸ਼ਬਦ ਘੜਦੇ ਹਨ, ਪਰ ਭਾਰਤੀ ਵਿਦਿਆਰਥੀ ਸਿਰਫ਼ ਸਿੱਖੇ ਲਫ਼ਜ਼ਾਂ ਨੂੰ ਦੁਹਰਾਅ ਹੀ ਸਕਦੇ ਹਨ। ਇਹ ਮਸਲਾ ਸਿਰਫ਼ ਪੰਜਾਬੀ ਬੋਲੀ ਦਾ ਹੀ ਨਹੀਂ ਹੈ ਉਹ ਸਭ ਬਸਤੀਵਾਦੀ ਦੇਸ਼ਾਂ ਦੀਆਂ ਬੋਲੀਆਂ ਦਾ ਵੀ ਹੈ।

ਦੂਜਾ ਪੱਖ ਪੰਜਾਬੀਅਤ ਦੀ ਮਹੱਤਤਾ ਦਾ ਕੌਮੀ ਮਸਲੇ ਨਾਲ ਜੁੜਿਆ ਹੋਇਆ ਹੈ। ਭਾਰਤ ਇਕ ਬਹੁ-ਕੌਮੀ ਦੇਸ਼ ਹੈ ਭਾਵੇਂ ਕਿ 1947 ਤੋਂ ਬਾਅਦ ਭਾਰਤੀ ਸਟੇਟ ਨੇ ਇਸ ਨੂੰ ਇਕ ਕੌਮ ਦੇ ਰੂਪ ਵਿਚ ਘੜਨ ਵਿਚ ਪੂਰਾ ਯਤਨ ਕੀਤਾ ਹੈ। ਪੰਜਾਬੀ ਕੌਮੀਅਤ ਨੂੰ ਅਤੇ ਭਾਰਤ ਵਿਚਲੀਆਂ ਦੂਜੀਆਂ ਕੌਮੀਅਤਾਂ (ਬੰਗਾਲੀ, ਤਾਮਿਲ, ਤੇਲਗੂ, ਆਸਾਮੀ, ਮਲਿਆਲੀ ਆਦਿ) ਨੂੰ ਅੱਗੇ ਵਧਾਉਣ ਦਾ ਰਾਜਨੀਤਕ ਨਜ਼ਰੀਆ ਬਹੁਵਾਚੀ, ਵੰਨ-ਸੁਵੰਨਤਾ ਅਤੇ ਜਮਹੂਰੀਅਤ ਵਾਲੇ ਰਾਜਸੀ ਸਭਿਆਚਾਰ ਨੂੰ ਤਾਕਤ ਦਿੰਦਾ ਹੈ ਜਦ ਕਿ ਇਨ੍ਹਾਂ ਕੌਮੀਅਤਾਂ ਦੀ ਵਿਲੱਖਣਤਾ ਨੂੰ ਦਬਾ ਕੇ ਇਕ ਕੌਮ ਪੈਦਾ ਕਰਨ ਦਾ ਸੰਕਲਪ ਤੇ ਰਾਜਸੀ ਵਿਹਾਰ ਕੇਂਦਰੀਵਾਦ ਅਤੇ ਜਮਹੂਰੀਅਤ ਵਿਰੋਧੀ ਦਿਸ਼ਾ ਬਣ ਜਾਂਦਾ ਹੈ। ਇਸ ਲਈ ਪੰਜਾਬੀਅਤ ਲਈ ਸੰਘਰਸ਼ ਜਮਹੂਰੀਅਤ ਲਈ ਸੰਘਰਸ਼ ਹੈ।

ਤੀਜਾ ਮੁੱਦਾ ਪੰਜਾਬੀਅਤ ਦੇ ਇਤਿਹਾਸਕ ਉਤਰਾਅ-ਚੜ੍ਹਾਅ ਦਾ ਹੈ। ਉਹ ਭੂਗੋਲਿਕ ਖਿੱਤਾ ਜਿਸ ਨੂੰ ਪੰਜਾਬ ਕਿਹਾ ਜਾਂਦਾ ਹੈ, ਉਸ ਦਾ ਇਤਿਹਾਸ ਬਹੁਤ ਪੁਰਾਣਾ ਹੈ। ਵੇਦਾਂ ਵਿਚ ਉਸ ਨੂੰ ਸਪਤਸਿੰਧੂ ਅਤੇ ਮਹਾਭਾਰਤ ਵਿਚ ਪੰਜ ਨਦ ਦੇ ਤੌਰ ’ਤੇ ਵਰਨਣ ਕੀਤਾ ਗਿਆ ਹੈ। ‘ਪੰਜਾਬ’ ਸ਼ਬਦ ਦਾ ਵਰਣਨ ਸ਼ਾਇਦ ਪਹਿਲੀ ਵਾਰ ਇਬਨ ਬਤੂਤਾ ਦੀਆਂ ਲਿਖਤਾਂ ਵਿਚ ਆਉਂਦਾ ਹੈ ਜੋ ਇਥੇ ਚੌਦ੍ਹਵੀਂ ਸਦੀ ਵਿਚ ਆਇਆ ਸੀ। ਪੰਜਾਬੀ ਜ਼ੁਬਾਨ ਦਾ ਇਤਿਹਾਸ ਵੀ ਬਹੁਤ ਪੁਰਾਣਾ ਹੈ। ਯਾਰ੍ਹਵੀਂ ਸਦੀ ਵਿਚ ਜਨਮੇ ਬਾਬਾ ਫ਼ਰੀਦ ਦਾ ਸੂਫ਼ੀਆਨਾ ਕਲਾਮ ਪੰਜਾਬੀ ਸਾਹਿਤ ਦਾ ਬਹੁਤ ਅਮੀਰ ਹਿੱਸਾ ਹੈ। ਪੰਦਰ੍ਹਵੀਂ ਸਦੀ ਲਈ ਵਿਚ ਗੁਰੂ ਨਾਨਕ ਨੇ ਆਪਣੀ ਸਿੱਖਿਆ ਅਤੇ ਰਚਨਾ ਦਾ ਮਾਧਿਅਮ ਪੰਜਾਬੀ ਚੁਣ ਕੇ ਇਸ ਨੂੰ ਬਹੁਤ ਉੱਚੇ ਦਰਜੇ ’ਤੇ ਪਹੁੰਚਾ ਦਿੱਤਾ ਜਿਥੇ ਪਹਿਲਾਂ ਸੰਸਕ੍ਰਿਤ ਤੇ ਅਰਬੀ ਨੂੰ ਸਮਝਿਆ ਜਾਂਦਾ ਸੀ। ਗੁਰੂ ਨਾਨਕ ਨੇ ਆਪਣੇ ਜਿਉਂਦੇ ਜੀਅ ਗੁਰੂ ਅੰਗਦ ਨੂੰ ਗੁਰਗੱਦੀ ਬਖ਼ਸ਼ ਕੇ ਪੰਜਾਬ ਦੇ ਇਕ ਨਿਵੇਕਲੇ ਧਰਮ, ਸਿੱਖ ਧਰਮ ਦੀ ਨੀਂਹ ਰੱਖ ਦਿੱਤੀ। ਗੁਰੂ ਅੰਗਦ ਨੇ ਪੰਜਾਬੀ ਦੀ ਲਿਪੀ ਗੁਰਮੁਖੀ ਅਪਣਾ ਕੇ ਪੰਜਾਬੀ ਬੋਲੀ ਦੀ ਮਜਬੂਤੀ ਹੋਰ ਵੀ ਐਨੀ ਤਕੜੀ ਕਰ ਦਿੱਤੀ ਕਿ ਉਹ ਸਦਾ ਲਈ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਯੋਗ ਹੋ ਗਈ। ਪੰਜਾਬੀਅਤ ਦੇ ਇਤਿਹਾਸ ਵਿਚ ਗੁਰੂ ਨਾਨਕ ਤੇ ਗੁਰੂ ਅੰਗਦ ਦੇ ਇਸ ਮਹਾਨ ਯੋਗਦਾਨ ਨੂੰ ਸਮਝਣ ਦੀ ਲੋੜ ਹੈ। ਜੇ ਗੁਰੂ ਨਾਨਕ ਆਪਣੇ ਜਿਉਂਦੇ ਜੀਅ ਗੁਰੂ ਅੰਗਦ ਨੂੰ ਗੁਰਗੱਦੀ ਬਖ਼ਸ਼ ਕੇ ਅਤੇ ਉਨ੍ਹਾਂ ਅੱਗੇ ਮੱਥਾ ਟੇਕ ਕੇ ਸਿੱਖ ਧਰਮ ਦੀ ਨੀਂਹ ਨਾ ਰੱਖਦੇ ਤਾਂ ਗੁਰੂ ਨਾਨਕ ਦੀ ਸਿੱਖਿਆ ਨੂੰ ਮੰਨਣ ਵਾਲਿਆਂ ਦਾ ਇਕ ਨਾਨਕਪੰਥੀ ਸੰਪਰਦਾਇ ਹੋਣਾ ਸੀ, ਜਿਸ ਤਰ੍ਹਾਂ ਕਬੀਰ ਨੂੰ ਮੰਨਣ ਵਾਲਿਆਂ ਦਾ ਕਬੀਰ ਪੰਥੀ ਸੰਪਰਦਾਇ ਸੀ। ਅਜਿਹੇ ਸੰਪਰਦਾਇ ਥੋੜ੍ਹੇ ਸਮੇਂ ਵਿਚ ਹੀ ਆਪਣਾ ਨਿਵੇਕਲਾ ਸਥਾਨ ਗੁਆ ਲੈਂਦੇ ਹਨ ਤੇ ਵੱਡੇ ਧਰਮ ਉਨ੍ਹਾਂ ਨੂੰ ਨਿਗਲ ਜਾਂਦੇ ਹਨ। ਗੁਰੂ ਅੰਗਦ ਨੂੰ ਗੁਰਗੱਦੀ ਬਖ਼ਸ਼ਣ ਨਾਲ ਗੁਰੂ ਨਾਨਕ ਨੇ ਇਕ ਬਹੁਤ ਵੱਡਾ ਇਤਿਹਾਸਕ ਮਹੱਤਤਾ ਵਾਲਾ ਫ਼ੈਸਲਾ ਕਰਕੇ ਨਵੇਂ ਧਰਮ ਨੂੰ ਮਜਬੂਤ ਸੰਸਥਾਨਿਕ ਨੀਂਹਾਂ ’ਤੇ ਖੜ੍ਹਾ ਕਰ ਦਿੱਤਾ। ਮੈਨੂੰ ਗੁਰੂ ਨਾਨਕ ਦੇ ਇਸ ਫ਼ੈਸਲੇ ਦੀ ਮਹੱਤਤਾ ਸਮਝਣ ਵਿਚ ਕੁਝ ਦੇਰ ਲੱਗੀ। ਜਦੋਂ ਮੈਂ ਵੀ ਗੁਰੂ ਗ੍ਰੰਥ ਸਾਹਿਬ ਦਾ ਅਧਿਅਨ ਕਰ ਰਿਹਾ ਸੀ ਤਾਂ ਇਹ ਬਿਲਕੁਲ ਸਾਫ਼ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਨਾਨਕ ਦੇ ਫ਼ਲਸਫ਼ੇ ਦਾ ਕਿਸੇ ਭੂਗੋਲਿਕ ਖੇਤਰ ਨਾਲ ਕੋਈ ਸੰਬੰਧ ਨਹੀਂ ਸੀ। ਉਹ ਸਾਰੀ ਮਨੁੱਖਤਾ ਲਈ ਸੀ। ਮੈਂ ਪੂਰੀ ਨਿਮਰਤਾ ਨਾਲ ਮੰਨਣਾ ਚਾਹਾਂਗਾ ਕਿ ਮੈਂ ਕੁਝ ਦੇਰ ਇਸ ਦੁਬਿਧਾ ਵਿਚ ਰਿਹਾ ਕਿ ਕੀ ਸਾਰੀ ਮਨੁੱਖਤਾ ਲਈ ਫ਼ਲਸਫ਼ਾ ਦੇਣਾ ਤੇ ਫਿਰ ਇਕ ਵੱਖਰਾ ਧਰਮ ਖੜ੍ਹਾ ਕਰਨਾ ਆਪਣੇ ਆਪ ਵਿਚ ਆਪਾ ਵਿਰੋਧੀ ਗੱਲ ਨਹੀਂ। ਮੇਰੀ ਦੁਬਿਧਾ ਉਦੋਂ ਖ਼ਤਮ ਹੋਈ ਜਦੋਂ ਆਪਾ-ਸੰਘਰਸ਼ ਵਿਚੋਂ ਮੈਨੂੰ ਇਹ ਗੱਲ ਫੁਰੀ ਕਿ ਗੁਰੂ ਨਾਨਕ, ਗੁਰੂ ਅੰਗਦ ਨੂੰ ਗੁਰਗੱਦੀ ਬਖ਼ਸ਼ ਕੇ ਆਪਣੇ ਸਾਰੀ ਮਨੁੱਖਤਾ ਲਈ ਫ਼ਲਸਫ਼ੇ ਨੂੰ ਅੱਗੇ ਲਿਜਾਣ ਤੇ ਵਧਾਉਣ ਲਈ ਇਕ ਜਥੇਬੰਦਕ ਢਾਂਚਾ ਸੰਗਠਿਤ ਕਰ ਰਹੇ ਸਨ। ਇਥੋਂ ਗੁਰੂ ਨਾਨਕ ਦੇ ਰੂਹਾਨੀਅਤ ਅਤੇ ਦੁਨਿਆਵੀ ਪੱਖਾਂ ਨੂੰ ਸੁਮੇਲ ਕਰਨ ਦੇ ਸਿਧਾਂਤ ਦੀ ਵੀ ਸਮਝ ਆਈ। ਇਸ ਸੁਮੇਲ ਨਾਲ ਪੰਜਾਬੀਅਤ ਨੂੰ ਮਜਬੂਤ ਕਰਨ ਲਈ ਗੁਰੂ ਨਾਨਕ ਪੰਜਾਬੀਅਤ ਦੇ ਪਿਤਾਮਾ ਹਨ। ਇਹ ਗੁਰੂ ਨਾਨਕ ਦੇ ਰੂਹਾਨੀਅਤ ਅਤੇ ਦੁਨਿਆਵੀ ਪੱਖਾਂ ਨੂੰ ਸੁਮੇਲ ਕਰਨ ਦੇ ਸਿਧਾਂਤ ਦੀ ਹੀ ਦੇਣ ਸੀ ਕਿ ਅਠਾਰ੍ਹਵੀਂ ਸਦੀ ਦੇ ਅੰਤ ਵਿਚ ਪੰਜਾਬੀ ਆਪਣਾ ਆਜ਼ਾਦ ਸਟੇਟ ਕਾਇਮ ਕਰਨ ਵਿਚ ਕਾਮਯਾਬ ਹੋ ਸਕੇ। ਮਹਾਰਾਜਾ ਰਣਜੀਤ ਸਿੰਘ ਦਾ ਰਾਜ (1799-1849) ਜਿਸ ਵਿਚ ਸਿੱਖਾਂ ਦੀ ਆਬਾਦੀ ਵੱਧ ਤੋਂ ਵੱਧ 8% ਸੀ, ਪੰਜਾਬੀਆਂ ਦਾ ਸਾਂਝਾ ਰਾਜ ਸੀ। ਇਸ ਰਾਜ ਵਿਚ ਊਣਤਾਈਆਂ ਵੀ ਸਨ ਜਿਵੇਂ ਕਸ਼ਮੀਰ ਤੇ ਅਫ਼ਗਾਨਿਸਤਾਨ ਦੇ ਇਲਾਕਿਆਂ ’ਤੇ ਕਬਜ਼ਾ ਕਰਨਾ ਸਮਰਾਜਵਾਦੀ ਰੁਚੀਆਂ ਦਾ ਰੁਝਾਣ ਸੀ ਪਰ ਪੰਜਾਬੀ ਕੌਮ ਦੀ ਸਾਂਝੀ ਸਿਆਸੀ ਪ੍ਰਾਪਤੀ ਵਜੋਂ ਇਹ ਰਾਜ ਬੜਾ ਮਹੱਤਵਪੂਰਨ ਮੀਲ ਪੱਥਰ ਸੀ।

> ‘ਪੰਜਾਬੀਅਤ ਦਾ ਅੰਗਰੇਜ਼ੀ ਵੱਲ ਨਜ਼ਰੀਆ ਵੀ ਰਚਨਾਤਮਕ ਸੰਘਰਸ਼ ਦਾ ਹੋਣਾ ਚਾਹੀਦਾ ਹੈ। ਅੰਗਰੇਜ਼ੀ ਬਿਨਾ ਸ਼ੱਕ ਸਭ ਤੋਂ ਅਮੀਰ ਅੰਤਰ-ਰਾਸ਼ਟਰੀ ਭਾਸ਼ਾ ਬਣ ਗਈ ਹੈ ਅਤੇ ਦੁਨੀਆ ਦੇ ਹਰ ਖੇਤਰ ਵਿਚ ਗਿਆਨ ਦਾ ਵਾਧਾ ਕਰਨ ਵਿਚ ਇਸ ਭਾਸ਼ਾ ਦੀ ਮੋਢੀ ਥਾਂ ਹੈ। ਪੰਜਾਬੀਆਂ ਨੂੰ ਵਧੀਆ ਦਰਜੇ ਦੀ ਅੰਗਰੇਜ਼ੀ ਸਿੱਖਣੀ ਚਾਹੀਦੀ ਹੈ ਪਰ ਵਿਦਿਆ ਦੇ ਪਹਿਲੇ ਸਾਲਾਂ ਵਿਚ ਇਸ ਦੀ ਥਾਂ ਪੰਜਾਬੀ ਮਾਂ ਬੋਲੀ ਦੀ ਸਰਦਾਰੀ ਹੋਣੀ ਚਾਹੀਦੀ ਹੈ। ਜਦ ਪੰਜਾਬੀ ਬੱਚੇ ਪਹਿਲੇ ਕੁਝ ਸਾਲਾਂ ਵਿਚ ਮਾਂ-ਬੋਲੀ ਦੇ ਮੀਡੀਆ ਦੁਆਰਾ ਆਪਣੀਆਂ ਰਚਨਾਤਮਕ ਸ਼ਕਤੀਆਂ ਨੂੰ ਤਿੱਖੇ ਕਰ ਚੁੱਕੇ ਹੋਣ, ਉਸ ਤੋਂ ਬਾਅਦ ਅੰਗਰੇਜ਼ੀ ਸਿੱਖਣਾ ਲਾਹੇਵੰਦ ਹੋਏਗਾ। ਮੁੱਢਲੀ ਵਿਦਿਆ ਦੇ ਸਾਲਾਂ ਵਿਚ ਪੰਜਾਬੀ ਬੱਚਿਆਂ ’ਤੇ ਅੰਗਰੇਜ਼ੀ ਥੋਪਣਾ ਉਨ੍ਹਾਂ ਦੀਆਂ ਕਾਲਪਨਿਕ ਰਚਨਾਤਮਕ ਸ਼ਕਤੀਆਂ ਨੂੰ ਕੁਚਲਣ ਵਾਲੀ ਗੱਲ ਹੈ। ਅੰਗਰੇਜ਼ੀ ਨੂੰ ਸਿੱਖਣਾ ਜ਼ਰੂਰੀ ਹੈ, ਅੰਗਰੇਜ਼ੀ ਦੀ ਸਰਦਾਰੀ ਘਾਤਕ ਹੈ।’

ਅੰਗਰੇਜ਼ਾਂ ਵੱਲੋਂ ਪੰਜਾਬ ’ਤੇ ਕਬਜ਼ਾ ਕਰਨਾ ਪੰਜਾਬੀ ਕੌਮ ’ਤੇ ਬੜੀ ਵੱਡੀ ਸੱਟ ਸੀ। ਸਿਰਫ਼ ਪੰਜਾਬੀਆਂ ਨੇ ਆਪਣਾ ਰਾਜ ਭਾਗ ਹੀ ਨਹੀਂ ਗੁਆਇਆ, ਉਹ ਕੁਝ ਦਹਾਕਿਆਂ ਵਿਚ ਹੀ ਦੁਸ਼ਮਣੀ ਭਰੀਆਂ ਵੰਡੀਆਂ ਵਿਚ ਵੰਡੇ ਗਏ। ਅੰਗਰੇਜ਼ਾਂ ਵੱਲੋਂ ਈਸਾਈ ਧਰਮ ਦੇ ਪ੍ਰਚਾਰ ਨੂੰ ਹੱਲਾਸ਼ੇਰੀ ਦੇਣ ਦੇ ਉਲਟ ਪੰਜਾਬ ਦੇ ਤਿੰਨਾਂ ਧਾਰਮਿਕ ਫ਼ਿਰਕਿਆਂ— ਮੁਸਲਮਾਨ, ਹਿੰਦੂ ਤੇ ਸਿੱਖਾਂ ਵਿਚ ਸੁਧਾਰ ਲਹਿਰਾਂ ਉੱਠੀਆਂ। ਉਮੀਦ ਤਾਂ ਇਹ ਕੀਤੀ ਜਾ ਸਕਦੀ ਸੀ ਕਿ ਅੰਗਰੇਜ਼ੀ ਸਾਮਰਾਜਵਾਦ ਦੀ ਧਾਰਮਿਕ ਨੀਤੀ ਦੇ ਖ਼ਿਲਾਫ਼ ਤਿੰਨੇ ਧਾਰਮਿਕ ਫ਼ਿਰਕੇ ਇਕੱਠੇ ਹੋ ਕੇ ਪੰਜਾਬੀ ਏਕਤਾ ਨੂੰ ਮਜਬੂਤ ਕਰਦੇ ਪਰ ਹੋਇਆ ਇਹ ਕਿ ਉਨ੍ਹਾਂ ਦੇ ਆਪਸ ਵਿਚ ਹੀ ਵਖਰੇਵੇਂ ਵਧ ਗਏ। ਇਸ ਵਖਰੇਵਿਆਂ ਨੂੰ ਤਿੱਖਾ ਕਰਨ ਵਿਚ ਗੁਜਰਾਤ ਤੋਂ ਆਏ ਸੁਆਮੀ ਦਇਆ ਨੰਦ ਨੇ ਆਰੀਆ ਸਮਾਜ ਦੀਆਂ ਕਾਰਵਾਈਆਂ (ਸ਼ੁੱਧੀਕਰਣ ਜੋ ਅੱਜ ਦੀ ‘ਘਰ ਵਾਪਸੀ’ ਸਕੀਮ ਵਰਗੀ ਸੀ) ਦੁਆਰਾ ਬੜਾ ਕੇਂਦਰੀ ਨਾਂਹ-ਪੱਖੀ ਰੋਲ ਅਦਾ ਕੀਤਾ। ਜਿਥੇ ਤਿੰਨ ਦਹਾਕੇ ਪਹਿਲਾਂ ਪੰਜਾਬੀਆਂ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਕਮਾਲ ਦੀ ਸਾਂਝੀ ਜੰਗ (ਜੰਗ ਹਿੰਦ-ਪੰਜਾਬ) ਲੜੀ ਸੀ, ਉਥੇ ਹੁਣ ਪੰਜਾਬੀ ਕੌਮ ਦੀ ਸਾਂਝੀਅਤ ਖੇਰੂੰ-ਖੇਰੂੰ ਹੋ ਚੁੱਕੀ ਸੀ। 1901 ਵਿਚ ਪਾਸ ਕੀਤੇ ਲੈਂਡ ਏਲੀਏਨੇਸ਼ਨ ਐਕਟ ਨੇ ਇਹ ਵੰਡੀਆਂ ਹੋਰ ਵੀ ਤਿੱਖੀਆਂ ਕਰ ਦਿੱਤੀਆਂ ਜਿਸ ਵਿਚ ਕਿਸਾਨੀ ’ਚ ਆਧਾਰ ਵਾਲੇ ਮੁਸਲਮਾਨ ਤੇ ਸਿੱਖ ਫਿਰਕੇ ਐਕਟ ਦੇ ਹੱਕ ਵਿਚ ਸਨ ਅਤੇ ਆੜ੍ਹਤੀਆਂ/ਸੂਦਖੋਰਾਂ ਵਿਚ ਆਧਾਰ ਵਾਲਾ ਹਿੰਦੂ ਫ਼ਿਰਕਾ ਇਸ ਐਕਟ ਦੇ ਉਲਟ ਸੀ ਕਿਉਂਕਿ ਇਸ ਐਕਟ ਵਿਚ ਗ਼ੈਰ-ਕਾਸ਼ਤਕਾਰੀ ਜਾਤਾਂ ਦੇ ਜ਼ਮੀਨ ਖ਼ਰੀਦਣ ਦੇ ਹੱਕ ਬੜੇ ਘਟਾ ਦਿੱਤੇ ਗਏ ਸਨ। ਵੀਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਕੌਮ ਦੇ ਤਿੰਨਾਂ ਧਾਰਮਿਕ ਫ਼ਿਰਕਿਆਂ ਦੇ ਵੱਡੇ ਜਾਗੀਰਦਾਰੀ ਤਬਕਿਆਂ ਨੇ ਇਕ ਸਾਂਝੀ ਪੰਜਾਬੀ ਪਾਰਟੀ (ਯੂਨੀਅਨਿਸਟ ਪਾਰਟੀ) ਬਣਾਈ ਜੋ ਕਾਂਗਰਸ ਪਾਰਟੀ ਤੇ ਮੁਸਲਿਮ ਲੀਗ ਦੋਨਾਂ ਦੇ ਉਲਟ ਸੀ। ਇਹ ਸੀਮਤ ਕਿਸਮ ਦੀ ਪੰਜਾਬੀ ਏਕਤਾ ਰੱਖਣ ਦਾ ਆਖ਼ਰੀ ਯਤਨ ਸੀ ਅਤੇ ਇਸ ਪਾਰਟੀ ਦੇ ਨੇਤਾ (ਖਿਜ਼ਰ ਹਯਾਤ ਟਿਵਾਣਾ) ਨੇ ਦੇਸ਼ ਦੀ ਵੰਡ ਵੇਲੇ ਇਹ ਜਤਨ ਵੀ ਕੀਤਾ ਕਿ ਸਾਰਾ ਪੰਜਾਬ ਇਕੱਠਾ ਰੱਖ ਕੇ ਇਕ ਅਲੱਗਾ ਤੀਜਾ ਦੇਸ਼ ਬਣਾਇਆ ਜਾ ਸਕੇ ਜੋ ਨਾ ਹਿੰਦੁਸਤਾਨ ਤੇ ਨਾ ਹੀ ਪਾਕਿਸਤਾਨ ਦਾ ਹਿੱਸਾ ਹੋਏ। ਪਰ ਇਹ ਯਤਨ ਸਿਰੇ ਨਾ ਚੜ੍ਹਿਆ। ਪੰਜਾਬ ਨੂੰ ਜਲਦੀ ਵਿਚ ਵੰਡ ਦਿੱਤਾ ਗਿਆ ਜਿਸ ਨਾਲ ਬੜੇ ਵੱਡੇ ਪੈਮਾਨੇ ’ਤੇ ਹਿੰਸਾ ਤੇ ਮਾਰ-ਧਾੜ ਹੋਈ। ਕੋਈ ਇਕ ਕਰੋੜ ਪੰਜਾਬੀ ਰਫ਼ਿਊਜ਼ੀ ਬਣੇ ਅਤੇ ਪੰਜ ਲੱਖ ਹਿੰਸਾ ਵਿਚ ਮਾਰੇ ਗਏ। ਪੰਜਾਬੀ ਏਕਤਾ ਦਾ ਸੁਪਨਾ ਘੱਟੋ-ਘੱਟ ਵਕਤੀ ਤੌਰ ’ਤੇ ਖ਼ਤਮ ਹੋ ਗਿਆ।

1947 ਤੋਂ ਬਾਅਦ ਪੰਜਾਬ ਦਾ ਵੱਡਾ ਰਕਬਾ ਜਨਸੰਖਿਆ ਅਤੇ ਪੰਜਾਬੀ ਵੱਸੋਂ ਵਾਲਾ ਦੁਨੀਆ ਦਾ ਸਭ ਤੋਂ ਵੱਡਾ ਸ਼ਹਿਰ ਲਾਹੌਰ ਪਾਕਿਸਤਾਨ ਪੰਜਾਬ ਦਾ ਹਿੱਸਾ ਬਣ ਗਏ ਅਤੇ ਛੋਟਾ ਹਿੱਸਾ ਹਿੰਦੁਸਤਾਨੀ ਪੰਜਾਬ ਦਾ ਹਿੱਸਾ ਬਣ ਗਏ। ਪਾਕਿਸਤਾਨ ਵਿਚ ਪੰਜਾਬ ਪਾਕਿਸਤਾਨ ਦੇ ਦੂਜੇ ਪ੍ਰਾਂਤਾਂ ਨਾਲੋਂ ਵੱਡਾ ਹੋਣ ਕਰਕੇ ਪੰਜਾਬੀਆਂ ਦਾ ਪਾਕਿਸਤਾਨ ਦੀ ਸਿਆਸਤ, ਆਰਥਿਕਤਾ ਤੇ ਸਮਾਜੀ ਜੀਵਨ ਉੱਤੇ ਵਾਧਾ ਤਾਂ ਹੋ ਗਿਆ ਪਰ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਕੇ। ਹਿੰਦੁਸਤਾਨ ਪੰਜਾਬ ਹਿੰਦੁਸਤਾਨ ਦੇ ਛੋਟੇ ਸੂਬਿਆਂ ’ਚੋਂ ਇਕ ਸੀ ਪਰ ਪੰਜਾਬੀਆਂ ਨੇ ਬੜੀਆਂ ਮੁਸ਼ਕਲਾਂ ਦੇ ਬਾਅਦ 1966 ਵਿਚ ਪੰਜਾਬੀ ਬੋਲਦੇ ਇਕ ਨਵੇਂ ਸੂਬੇ ਦੀ ਜਿੱਤ ਪ੍ਰਾਪਤ ਕਰ ਲਈ। ਇਹ ਇਕ ਬੜੀ ਇਤਿਹਾਸਕ ਪ੍ਰਾਪਤੀ ਸੀ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰੀ ਸੀ ਪੰਜਾਬੀ ਕਿਸੇ ਸਟੇਟ ਦੀ ਭਾਵੇਂ ਫੈਡਰਲ ਢਾਂਚੇ ’ਚ ਉਸ ਸਟੇਟ ਦੀਆਂ ਤਾਕਤਾਂ ਸੀਮਤ ਸਨ, ਰਾਜ ਭਾਸ਼ਾ ਬਣੀ। ਇਸ ਇਤਿਹਾਸਕ ਪ੍ਰਾਪਤੀ ਨੂੰ 2016 ’ਚ ਜਦੋਂ ਪੰਜਾਬੀ ਬੋਲੀ ਦੇ ਆਧਾਰ ’ਤੇ ਬਣੇ ਸੂਬੇ ਨੂੰ 50 ਸਾਲ ਹੋ ਗਏ ਨੇ, ਬੜੇ ਸੁਚੱਜੇ ਢੰਗ ਨਾਲ ਜ਼ੋਰ ਸ਼ੋਰ ਨਾਲ ਮਨਾਉਣਾ ਸਭ ਪੰਜਾਬੀਆਂ ਦਾ ਫ਼ਰਜ਼ ਬਣਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਇਸ ਇਤਿਹਾਸਕ ਪ੍ਰਾਪਤੀ ’ਚ ਇਹ ਇਕ ਵੱਡੀ ਊਣਤਾ ਰਹਿ ਗਈ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਨਾ ਮਿਲੀ। ਸਮਾਂ ਪਾ ਕੇ ਇਹ ਗੱਲ ਸਮਝ ਲਈ ਕਿ ਹਰਿਆਣੇ ਦੇ ਸਭਿਆਚਾਰਕ ਵਿਕਾਸ ਲਈ ਉਨ੍ਹਾਂ ਨੂੰ ਹਰਿਆਣਵੀ ਸਭਿਅਤਾ ਵਾਲੇ ਖੇਤਰ ਵਿਚ ਕਿਸੇ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾਉਣਾ ਪਏਗਾ ਜਾਂ ਉਸ ਖੇਤਰ ਵਿਚ ਨਵੀਂ ਰਾਜਧਾਨੀ ਉਸਾਰਨੀ ਪਏਗੀ। ਕਿਸੇ ਵੀ ਸਟੇਟ ਦੀ ਸਭਿਆਚਾਰਕ ਉੱਨਤੀ ਵਾਸਤੇ ਇਹ ਜ਼ਰੂਰੀ ਹੁੰਦਾ ਹੈ ਕਿ ਉਸ ਸਟੇਟ ਦੀ ਆਪਣੀ ਆਜ਼ਾਦ ਰਾਜਧਾਨੀ ਹੋਵੇ।

ਹੁਣ ਅਸੀਂ ਮੁੜਦੇ ਹਾਂ ਚੌਥੇ ਮੁੱਦੇ ਵੱਲ ਕਿ ਪੰਜਾਬੀਅਤ ਦੀ ਚੜ੍ਹਤ ਵਿਚ ਕਿਹੜੀਆਂ ਤਾਕਤਾਂ ਸਹਾਈ ਸਨ। ਇਸ ਪੱਖੋਂ ਸਭ ਤੋਂ

ਮਹੱਤਵਪੂਰਨ ਗੱਲ ਹੈ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਬਣੇ ਸੂਬੇ ਦਾ ਹੋਣਾ। ਕਿਸੇ ਦੀ ਜ਼ੁਬਾਨ ਨੂੰ ਨਰੋਆ ਰੱਖਣ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਸ ਨੂੰ ਰਾਜ ਸ਼ਕਤੀ ਦੀ ਬਹੁਪੱਖੀ ਮਦਦ ਪ੍ਰਦਾਨ ਹੋਵੇ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਜ਼ਬਾਨ ਨੂੰ ਭਾਵੇਂ ਕਈ ਮੁਸ਼ਕਲਾਂ ਆ ਸਕਦੀਆਂ ਹਨ, ਪੰਜਾਬੀ ਜ਼ੁਬਾਨ ਨੂੰ ਹੁਣ ਖ਼ਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਪੰਜਾਬ ਸਰਕਾਰ ਨੂੰ (ਭਾਵੇਂ ਉਹ ਕਿਸੇ ਵੀ ਪਾਰਟੀ ਦੀ ਹੋਵੇ) ਸੰਵਿਧਾਨਕ, ਰਾਜਨੀਤੀ, ਸਮਾਜਿਕ ਤੇ ਸਭਿਆਚਾਰਕ ਕਾਰਨਾਂ ਕਰਕੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਯਤਨ ਕਰਨਾ ਹੀ ਪਏਗਾ।

ਇਹ ਪੰਜਾਬੀ ਭਾਸ਼ਾ ਦਾ ਰਾਜ ਭਾਸ਼ਾ ਹੋਣ ਦਾ ਸਿੱਟਾ ਹੈ ਕਿ ਪੰਜਾਬ ਵਿਚ ਹਰ ਦਸਵੀਂ ਜਮਾਤ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਪੰਜਾਬੀ ਭਾਸ਼ਾ ਦੇ ਵਿਸ਼ੇ ਵਿਚ ਪਾਸ ਹੋਣਾ ਪੈਂਦਾ ਹੈ। ਇਸ ਇਕ ਪਾਲਸੀ ਦੀ ਬਦੌਲਤ ਕਈ ਲੱਖਾਂ ਪਰਿਵਾਰ ਜਿਨ੍ਹਾਂ ਦੀਆਂ ਕਈ ਪੀੜ੍ਹੀਆਂ ਨੇ ਕਦੇ ਪੰਜਾਬੀ ਨਹੀਂ ਪੜ੍ਹੀ ਸੀ, ਉਨ੍ਹਾਂ ਦੇ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਚਾਹੇ/ਅਣਚਾਹੇ ਪੰਜਾਬੀ ਸਿੱਖਣੀ ਪੈ ਰਹੀ ਹੈ। ਪਿਛਲੇ ਕੁਝ ਦਹਾਕਿਆਂ ਵਿਚ ਲੱਖਾਂ ਅਜਿਹੇ ਬੱਚੇ ਹਨ ਜੋ ਪੰਜਾਬੀ ਲਿਖਣ ਤੋਂ ਬਾਅਦ ਪੰਜਾਬੀ ਸਾਹਿਤ ਦੀ ਅਮੀਰੀ ਤੇ ਸੁੰਦਰਤਾ ਤੋਂ ਜਾਣੂ ਹੋਏ ਹਨ।

ਵਿਦਿਆ ਦਾ ਹੋ ਰਿਹਾ ਪਾਸਾਰ ਵੀ ਪੰਜਾਬੀ ਤੇ ਪੰਜਾਬੀਅਤ ਲਈ ਸਹਾਈ ਹੈ। ਇਸ ਦਾ ਇਕ ਅਸਰ ਇਹ ਹੈ ਕਿ ਪੰਜਾਬੀ ਅਖ਼ਬਾਰਾਂ ਦੀ ਵਧ ਰਹੀ ਵਿਕਰੀ ਬੜੀ ਪ੍ਰਭਾਵਸ਼ਾਲੀ ਹੈ। ਇਸ ਵਧ ਰਹੀ ਵਿਕਰੀ ਤੋਂ ਆਰਥਿਕ ਫ਼ਾਇਦਾ ਲੈਣ ਲਈ ਅਜਿਹੀਆਂ ਸੰਸਥਾਵਾਂ ਜਿਵੇਂ ਆਰੀਆ ਸਮਾਜ ਜੋ ਅੱਜ ਤੋਂ 60-70 ਸਾਲ ਪਹਿਲਾਂ ਪੰਜਾਬੀ ਦੀ ਵਿਰੋਧੀ ਹੁੰਦੀਆਂ ਸਨ, ਉਹ ਵੀ ਪੰਜਾਬੀ ਅਖ਼ਬਾਰ ਕੱਢਣ ਵਿਚ ਸਿਰ ਕੱਢਵਾਂ ਰੋਲ ਅਦਾ ਕਰ ਰਹੀਆਂ ਹਨ। ਇਹ ਆਰਥਿਕ, ਰਾਜਨੀਤਕ, ਸਮਾਜਿਕ ਤੇ ਵਿਦਿਅਕ ਤਬਦੀਲੀਆਂ ਪੰਜਾਬੀ-ਵਿਰੋਧੀ ਤਾਕਤਾਂ ਨੂੰ ਪੰਜਾਬੀ-ਪੱਖੀ ਨਜ਼ਰੀਆ ਲੈਣ ਲਈ ਮਜਬੂਰ ਕਰ ਰਹੀਆਂ ਹਨ। ਹੌਲੀ-ਹੌਲੀ ਅਜਿਹੀ ਮਜਬੂਰੀ, ਮਜਬੂਰੀ ਨਾ ਰਹਿ ਕੇ ਸਹਿਜ ਸੁਭਾਅ ਤੁਹਾਡੇ ਜੀਵਨ ਦਾ ਕੁਦਰਤੀ ਅੰਗ ਬਣ ਜਾਂਦੀ ਹੈ।

ਗੁਰਮੁਖੀ ਲਿਪੀ ਦਾ ਹੋਣਾ ਪੰਜਾਬੀ ਭਾਸ਼ਾ ਨੂੰ ਬਹੁਤ ਤਾਕਤ ਦਿੰਦਾ ਹੈ। ਹਿੰਦੁਸਤਾਨ ਦਾ ਸੰਵਿਧਾਨ ਬਣਦੇ ਵਕਤ ਹਿੰਦੀ ਖੇਤਰ ਦੇ ਨੇਤਾਵਾਂ (ਨਹਿਰੂ, ਰਾਜਿੰਦਰ ਪ੍ਰਕਾਸ਼, ਪੰਤ) ਨੇ ਪੱਛਮੀ ਭਾਰਤ ਦੇ ਨੇਤਾਵਾਂ (ਗਾਂਧੀ, ਪਟੇਲ) ਨਾਲ ਮਿਲ ਕੇ ਹਿੰਦੀ ਨੂੰ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਤੋਂ ਉੱਚਾ ਰੁਤਬਾ (ਕੇਂਦਰ ਦੀ ਸਰਕਾਰੀ ਭਾਸ਼ਾ) ਦੁਆ ਦਿੱਤਾ। ਇਸ ਦਾ ਸਭ ਤੋਂ ਘਾਤਕ ਅਸਰ ਉੱਤਰੀ ਭਾਰਤ ਦੀਆਂ ਕਈ ਭਾਸ਼ਾਵਾਂ 'ਤੇ ਹੋਇਆ ਜਿਨ੍ਹਾਂ ਦਾ ਬੜਾ ਅਮੀਰ ਸਾਹਿਤ ਤੇ ਇਤਿਹਾਸ ਸੀ ਪਰ ਉਨ੍ਹਾਂ ਦੀ ਆਪਣੀ ਲਿਪੀ ਨਹੀਂ ਸੀ। ਇਹ ਭਾਸ਼ਾਵਾਂ ਹਨ : ਮੈਥਿਲੀ, ਭੋਜਪੁਰੀ, ਬ੍ਰਜ ਭਾਸ਼ਾ, ਅਵਧੀ, ਮਗਧੀ, ਰਾਜਸਥਾਨੀ, ਹਰਿਆਣਵੀ, ਪਹਾੜੀ, ਡੋਗਰੀ ਆਦਿ। ਦੇਵਨਾਗਰੀ ਲਿਪੀ ਵਾਲੀ ਹਿੰਦੀ ਇਨ੍ਹਾਂ ਭਾਸ਼ਾਵਾਂ ਨੂੰ ਲਗਪਗ ਨਿਗਲ ਚੁੱਕੀ ਹੈ। ਜੇ ਗੁਰੂ ਅੰਗਦ ਦੇਵ ਗੁਰਮੁਖੀ ਲਿਪੀ ਦਾ ਵਿਕਾਸ ਕਰਕੇ ਪੰਜਾਬੀ ਭਾਸ਼ਾ ਨੂੰ ਤਾਕਤ ਨਾ ਬਖ਼ਸ਼ਦੇ ਤਾਂ ਇਹ ਹੋ ਸਕਦਾ ਸੀ ਹਿੰਦੀ ਉਤਰੀ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਵਾਂਗ ਪੰਜਾਬੀ ਨੂੰ ਵੀ ਨਿਗਲ ਜਾਂਦੀ। ਉਹ ਦੱਬੀਆਂ ਕੁਚਲੀਆਂ ਜ਼ੁਬਾਨਾਂ ਹੌਲੀ-ਹੌਲੀ ਹੁਣ ਸਿਰ ਚੁੱਕ ਰਹੀਆਂ ਹਨ। ਮੈਥਿਲੀ ਲੋਕਾਂ ਦੇ ਸੰਘਰਸ਼ ਨੇ ਮੈਥਿਲੀ ਨੂੰ ਹੁਣ ਸੰਵਿਧਾਨਕ ਰੁਤਬਾ ਦੁਆ ਦਿੱਤਾ ਹੈ। ਇਸੇ ਤਰ੍ਹਾਂ 2003 ਵਿਚ ਸੰਥਾਲੀ ਲੋਕਾਂ ਨੇ ਸੰਘਰਸ਼ ਕਰਕੇ ਆਪਣੀ ਜ਼ੁਬਾਨ ਲਈ ਸੰਵਿਧਾਨਕ ਰੁਤਬਾ ਲੈ ਲਿਆ ਹੈ, ਜਿਸ ਦੀ ਆਪਣੀ ਲਿਪੀ ਓਲਚਿਕੀ ਹੈ। ਗੁਰਮੁਖੀ ਲਿਪੀ ਵਾਲੀ ਪੰਜਾਬੀ ਬੋਲੀ ਨੂੰ ਹਿੰਦੀ ਸਾਮਰਾਜਵਾਦ ਦੇ ਖ਼ਿਲਾਫ਼ ਅਜਿਹੀਆਂ ਸਭ ਬੋਲੀਆਂ ਦੇ ਸੰਘਰਸ਼ ਦੀ ਪੁਰਜ਼ੋਰ ਮਦਦ ਕਰਨੀ ਚਾਹੀਦੀ ਹੈ। ਇਦਦੇ ਨਾਲ ਪੰਜਾਬੀਅਤ ਅਤੇ ਪੰਜਾਬੀ ਦਾ ਜਮਹੂਰੀਅਤ ਪੱਖੀ ਚਿਹਰਾ-ਮੋਹਰਾ ਅੱਗੇ ਆਏਗਾ ਅਤੇ ਜਮਹੂਰੀ ਤਾਕਤਾਂ ਦੀ ਮਿਲਣ ਵਾਲੀ ਮਦਦ ਨਾਲ ਪੰਜਾਬੀਅਤ ਗੁਣ ਅਤੇ ਤਾਕਤ ਪੱਖੋਂ ਹੋਰ ਮਜਬੂਤ ਹੋਵੇਗੀ। ਫ਼ਿਲਮਾਂ ਤੇ ਸੰਗੀਤ ਵਿਚ ਵਧ ਰਿਹਾ ਪੰਜਾਬੀ ਅਸਰ ਵੀ ਪੰਜਾਬੀਅਤ ਲਈ ਸਹਾਈ ਹੈ। ਪੰਜਾਬ ਦੇ ਕਈ ਛੋਟੇ ਧਾਰਮਿਕ ਫ਼ਿਰਕਿਆਂ—ਰਾਧਾ ਸੁਆਮੀ, ਨਾਮਧਾਰੀ ਤੇ ਨਿਰੰਕਾਰੀ—ਨੇ ਵੀ ਪੰਜਾਬੀ ਜ਼ੁਬਾਨ, ਪਹਿਰਾਵੇ ਤੇ ਪੰਜਾਬੀ ਸਭਿਆਚਾਰ ਨੂੰ ਦੂਰ ਦੁਰਾਡੇ ਪਹੁੰਚਾਉਣ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਉਨ੍ਹਾਂ ਦੇ ਪੰਜਾਬੀ ਜ਼ੁਬਾਨ ਨੂੰ ਅੱਗੇ ਵਧਾਉਣ ਵਿਚ ਪਾਏ ਯੋਗਦਾਨ ਦੀ ਪੂਰੀ ਤਰ੍ਹਾਂ ਖੋਜ ਕਰਨਾ ਅਜੇ ਬਾਕੀ ਹੈ। ਜੇ ਉਨ੍ਹਾਂ ਦੇ ਪੰਜਾਬੀ ਬੋਲੀ ਨੂੰ ਫੈਲਾਉਣ ਦੇ ਰੋਲ ਦਾ ਪੂਰਾ ਮੁਲੰਕਣ ਕੀਤਾ ਜਾਏ ਤਾਂ ਇਨ੍ਹਾਂ ਫ਼ਿਰਕਿਆਂ ਦੀ ਸਿੱਖਾਂ ਦੀ ਮੂਲ ਧਾਰਾ ਨਾਲ ਧਾਰਮਿਕ ਮਸਲਿਆਂ 'ਤੇ ਪਈ ਕੁੜੱਤਣ ਕੁਝ ਘਟ ਸਕਦੀ ਹੈ। ਇਸ ਤਰ੍ਹਾਂ ਪੰਜਾਬੀ ਤੇ ਪੰਜਾਬੀਅਤ ਨੂੰ ਹੋਰ ਤਾਕਤ ਮਿਲੇਗੀ।

ਪੰਜਾਬ ਵਿਚ ਮਜ਼ਦੂਰਾਂ, ਕਿਸਾਨਾਂ ਤੇ ਦਲਿਤਾਂ ਦੇ ਸੰਘਰਸ਼ ਨੇ ਅਤੇ ਖੱਬੇ-ਪੱਖੀ ਲਹਿਰਾਂ ਨੇ ਪੰਜਾਬੀ ਜ਼ੁਬਾਨ ਨੂੰ ਅਮੀਰ ਕਰਨ ਵਿਚ ਅਣਮੁੱਲਾ ਰੋਲ ਅਦਾ ਕੀਤਾ ਹੈ। ਮੈਂ ਸਿਰਫ਼ ਦੋ ਉਦਾਹਰਣਾਂ ਦੇ ਕੇ ਇਸ ਵਿਚਾਰ ਦੀ ਸਚਿਆਈ ਨੂੰ ਉਜਾਗਰ ਕਰਨਾ ਚਾਹਾਂਗਾ। ਕਾਰਲ ਮਾਰਕਸ ਦੀ ਬੜੀ ਮਿਹਨਤ ਤੇ ਉੱਚੇ ਦਰਜੇ ਦੀ ਕਾਬਲੀਅਤ ਨਾਲ ਲਿਖੀ ਮਹਾਨ ਕਿਤਾਬ **ਦਾਸ ਕੈਪੀਟਲ** ਦਾ ਪੰਜਾਬੀ ਵਿਚ ਅਨੁਵਾਦ ਹੋਣ ਨਾਲ, ਪੰਜਾਬੀ ਅੰਤਰ-ਰਾਸ਼ਟਰੀ ਪੱਧਰ ਦੀਆਂ ਭਾਸ਼ਾਵਾਂ ਵਿਚ ਸ਼ਾਮਲ ਹੋ ਗਈ। ਇਸੇ ਤਰ੍ਹਾਂ ਅੰਬੇਦਕਰ ਦੀਆਂ ਲਿਖਤਾਂ ਦੇ ਅਨੁਵਾਦ ਹੋਣ ਨਾਲ ਪੰਜਾਬੀ ਸ਼ਬਦਾਵਲੀ ਬਹੁਤ ਅਮੀਰ ਹੋਈ ਹੈ।

ਦਲਿਤ ਲੋਕਾਂ ਦੀ ਪੰਜਾਬੀ ਨਾਲ ਨੇੜਤਾ ਵੀ ਪੰਜਾਬੀ ਲਈ ਬੜੀ ਵੱਡੀ ਤਾਕਤ ਦਾ ਸੋਮਾ ਹੈ। ਇਸ ਬਾਰੇ ਇਕ ਉਦਾਹਰਣ ਮੈਂ ਆਪਣੇ ਸ਼ਹਿਰ ਆਕਸਫੋਰਡ ਤੋਂ ਦੇਣੀ ਚਾਹਾਂਗਾ। ਇੰਗਲੈਂਡ ਵਿਚ ਹੁਣ 'A' Level ਦੇ ਇਮਤਿਹਾਨ (ਜੋ ਸਕੂਲ ਪੱਧਰ ਦਾ ਆਖ਼ਰੀ ਇਮਤਿਹਾਨ ਹੁੰਦਾ ਹੈ) ਵਿਚ ਪੰਜਾਬੀ ਇਕ ਵਿਸ਼ਾ ਲੈਣ ਦੀ ਪੂਰੀ ਖੁੱਲ੍ਹ ਹੈ। ਇਕ ਸਾਲ ਆਕਸਫੋਰਡ ਦੇ 'ਚੋਂ 22 ਬੱਚੇ 'A' Level ਦੀ ਪੰਜਾਬੀ ਦਾ ਇਮਤਿਹਾਨ ਦੇਣ ਦੀ ਤਿਆਰੀ ਕਰ ਰਹੇ ਸਨ। ਉਨ੍ਹਾਂ ਦੀ ਪੰਜਾਬੀ ਅਧਿਆਪਕਾ ਨੇ ਮੈਨੂੰ ਦੱਸਿਆ ਕਿ ਉਨ੍ਹਾਂ 22 ਬੱਚਿਆਂ 'ਚੋਂ ਸਿਰਫ਼ ਇਕ ਸਿੱਖ ਸੀ, ਇਕ ਹਿੰਦੂ ਅਤੇ ਬਾਕੀ ਦੇ 20 ਦਲਿਤ ਸਨ, ਜੋ ਧਾਰਮਿਕ ਤੌਰ 'ਤੇ ਈਸਾਈ ਸਨ। ਇਸ ਵਿਸ਼ੇ ਨੂੰ ਥੋੜ੍ਹਾ ਹੋਰ ਘੋਖਣ ਤੋਂ ਬਾਅਦ ਮੈਂ ਇਸ ਸਿੱਟੇ 'ਤੇ ਪੁੱਜਿਆ ਕਿ ਮਜ਼ਦੂਰ ਈਸਾਈ/ਦਲਿਤ ਪੰਜਾਬੀਆਂ ਲਈ ਆਪਣੇ ਬੱਚਿਆਂ ਨਾਲ

ਗੂੜ੍ਹਾ ਰਿਸ਼ਤਾ ਬਣਾਉਣ ਲਈ ਇਹ ਜ਼ਰੂਰੀ ਸੀ ਕਿ ਉਨ੍ਹਾਂ ਦੇ ਬੱਚੇ ਪੰਜਾਬੀ ਸਿੱਖਣ ਜਦ ਕਿ ਪੜ੍ਹੇ-ਲਿਖੇ ਮੱਧ-ਸ਼੍ਰੇਣੀ ਵਰਗ ਦੇ ਹਿੰਦੂ ਤੇ ਸਿੱਖ ਆਪਣੇ ਬੱਚਿਆਂ ਨਾਲ ਅੰਗਰੇਜ਼ੀ ਵਿਚ ਵੀ ਆਸਾਨੀ ਨਾਲ ਰਿਸ਼ਤਾ ਪਾ ਸਕਦੇ ਸਨ। ਇਨ੍ਹਾਂ ਦਲਿਤ ਪੰਜਾਬੀਆਂ ਨੇ ਇਕ ਗਿਰਜਾ ਘਰ ਨੂੰ ਵੀ ਦਬਾ ਕੇ ਇਹ ਮਨਾਇਆ ਕਿ ਗਿਰਜਾ ਘਰ ਵਿਚ ਸਿੱਖਿਆ ਤੇ ਹੋਰ ਧਾਰਮਿਕ ਕਾਰਵਾਈਆਂ ਪੰਜਾਬੀ ਵਿਚ ਕਰਵਾਈਆਂ ਜਾਣ। ਈਸਟ ਆਕਸਫੋਰਡ ਕਮਿਊਨਿਟੀ ਸੈਂਟਰੀ ਦੀਆਂ ਸੇਵਾਵਾਂ ਦਾ ਟਾਈਮ ਟੇਬਲ ਹੁਣ ਅੰਗਰੇਜ਼ੀ ਦੇ ਨਾਲ ਪੰਜਾਬੀ ਵਿਚ ਵੀ ਲਿਖਿਆ ਹੋਇਆ ਹੈ। ਪੰਜਾਬ ਤੇ ਵਿਦੇਸ਼ਾਂ ਵਿਚ ਪੰਜਾਬੀ 'ਚ ਛਪਣ ਵਾਲੀਆਂ ਕਿਤਾਬਾਂ, ਅਖ਼ਬਾਰਾਂ ਤੇ ਰਸਾਲਿਆਂ ਨੂੰ ਪੜ੍ਹਨ ਵਾਲਿਆਂ ਦਾ ਇਕ ਤਕੜਾ ਹਿੱਸਾ ਦਲਿਤ ਪੰਜਾਬੀਆਂ ਦਾ ਹੈ। ਆਪਣੇ 2009 ਵਿਚ ਪਾਕਿਸਤਾਨ ਵਿਚ ਕੀਤੇ ਦੌਰੇ ਸਮੇਂ ਇਕ ਗੱਲ ਬੜੀ ਨਿਖਰ ਕੇ ਸਾਹਮਣੇ ਆਈ ਕਿ ਉਥੋਂ ਦੇ ਪੰਜਾਬ ਵਿਚ ਪੰਜਾਬੀ ਨੂੰ ਰੋਜ਼ਾਨਾ ਦੀ ਜ਼ਿੰਦਗੀ 'ਚ ਜ਼ਿੰਦਾ ਰੱਖਣ ਵਿਚ ਗ਼ਰੀਬ ਈਸਾਈਆਂ ਦਾ ਬੜਾ ਸਿੱਕੇਬੰਦ ਰੋਲ ਹੈ।

ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਜਮਾਤਾਂ ਵੰਡੇ ਸਮਾਜ ਵਿਚ ਉਪਰਲੇ ਤਬਕੇ ਦੀ ਭਾਸ਼ਾ ਭਾਰੂ ਹੁੰਦੀ ਹੈ। ਇਸ ਪੱਖੋਂ ਦੇਖਿਆ ਜਾਏ ਤਾਂ ਪੰਜਾਬੀ ਸਮਾਜ ਦਾ ਇਕ ਛੋਟਾ ਜਿਹਾ ਉਪਰਲਾ ਵਰਗਾ ਦਿਨੋ ਦਿਨ ਅੰਗਰੇਜ਼ੀ ਵੱਲ ਅਤੇ ਕੁਝ ਹੱਦ ਤਕ ਹਿੰਦੀ ਵੱਲ ਮੁੜ ਰਿਹਾ ਹੈ। ਇਨ੍ਹਾਂ ਤੋਂ ਪੰਜਾਬੀ ਅਤੇ ਪੰਜਾਬੀਅਤ ਦੇ ਵਿਕਾਸ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਇਸ ਤਬਕੇ ਦੇ ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਗ਼ਲਬੇ ਨੂੰ ਆਮ ਲੋਕ ਪੰਜਾਬੀ ਜ਼ੁਬਾਨ ਦੇ ਮਾਧਿਅਮ ਤੇ ਪੰਜਾਬੀ ਸੰਘਰਸ਼ਾਂ ਦੁਆਰਾ ਹੀ ਤੋੜ ਸਕਦੇ ਹਨ। ਇਸ ਸਮਾਜਿਕ ਤੇ ਭਾਸ਼ਾਈ ਸੱਚ ਨੂੰ ਸਮਝ ਕੇ ਹੀ ਸਾਨੂੰ ਪੰਜਾਬੀਅਤ ਦੇ ਛੁਪੇ ਹੋਏ ਇਨਕਲਾਬੀ ਰੋਲ ਦਾ ਅਹਿਸਾਸ ਹੋ ਸਕਦਾ ਹੈ। ਇਹ ਸੱਚ ਪਾਕਿਸਤਾਨੀ ਪੰਜਾਬ ਵਿਚ, ਭਾਰਤੀ ਪੰਜਾਬ ਨਾਲੋਂ ਵੀ ਜ਼ਿਆਦਾ ਤਿੱਖੇ ਰੂਪ ਵਿਚ ਸਾਹਮਣੇ ਆ ਰਿਹਾ ਹੈ ਉਥੇ ਪੰਜਾਬੀ ਤੇ ਪੰਜਾਬੀਅਤ ਦੇ ਸਭ ਤੋਂ ਵੱਡੇ ਮੁਦਈ ਅਗਾਂਹਵਧੂ ਵਿਚਾਰਾਂ ਵਾਲੇ ਬੁੱਧੀਜੀਵੀ, ਸਾਹਿਤਕਾਰ, ਕਲਾਕਾਰ ਅਤੇ ਸਿਆਸੀ ਧੜੇ ਹਨ। ਉਹ ਇਹ ਗੱਲ ਸਾਫ਼ ਸਮਝ ਗਏ ਹਨ ਕਿ ਉਥੇ ਆਮ ਮਿਹਨਤਕਸ਼ਾਂ ਦੇ ਸੰਘਰਸ਼ ਅੰਗਰੇਜ਼ੀ ਜਾਂ ਪਾਕਿਸਤਾਨ ਦੀ ਅਖੌਤੀ ਕੌਮੀ ਜ਼ੁਬਾਨ ਉਰਦੂ ਵਿਚ ਨਹੀਂ ਲੜੇ ਜਾ ਸਕਦੇ। ਆਮ ਮਿਹਨਤਕਸ਼ਾਂ ਦੇ ਦਿਲਾਂ ਤੇ ਦਿਮਾਗ਼ਾਂ ਨੂੰ ਸਿਰਫ਼ ਪੰਜਾਬੀ ਲਫ਼ਜ਼ ਤੇ ਮੁਹਾਵਰਾ ਹੀ ਟੁੰਬ ਸਕਦਾ ਹੈ।

ਹੁਣ ਅਸੀਂ ਮੁੜਦੇ ਹਾਂ ਪੰਜਵੇਂ ਤੇ ਆਖ਼ਰੀ ਮੁੱਦੇ ਵੱਲ ਕਿ ਪੰਜਾਬੀਅਤ ਦੀ ਚੜ੍ਹਤ ਵਿਚ ਕਿਹੜੀਆਂ ਰੁਕਾਵਟਾਂ ਹਨ। ਇਹ ਰੁਕਾਵਟੀ ਤਾਕਤਾਂ ਮੁੱਖ ਤੌਰ 'ਤੇ ਦੋ ਤਰ੍ਹਾਂ ਦੀਆਂ ਹਨ : ਇਕ ਬਾਹਰਲੀਆਂ ਤੇ ਦੂਜੀਆਂ ਅੰਦਰੂਨੀ। ਕੁਝ ਰੁਕਾਵਟਾਂ ਨਾਂਹ-ਪੱਖੀ ਜਾਂ ਵਿਗਾੜ ਪਾਊ ਤਾਕਤਾਂ ਇਨ੍ਹਾਂ ਬਾਹਰਲੀਆਂ ਤੇ ਅੰਦਰੂਨੀ ਤਾਕਤਾਂ ਦੇ ਆਖ਼ਰੀ ਅਸਰ 'ਚੋਂ ਪੈਦਾ ਹੋਈਆਂ ਹਨ। ਬਾਹਰਲੀਆਂ ਰੁਕਾਵਟੀ ਤਾਕਤਾਂ ਵਿਚ ਮੁੱਖ ਤੌਰ 'ਤੇ ਦੋ ਹਨ : ਇਕ ਵਿਸ਼ਵੀਕਰਨ ਜੋ ਅੰਗਰੇਜ਼ੀ ਦੇ ਵਧਣ-ਫੁੱਲਣ ਵਿਚ ਬੜੀ ਭਾਰੂ ਤਾਕਤ ਹੈ ਅਤੇ ਜਿਸ ਦਾ ਦੁਨੀਆ ਦੀਆਂ ਸਾਰੀਆਂ ਗ਼ੈਰ-ਅੰਗਰੇਜ਼ੀ ਜ਼ੁਬਾਨਾਂ 'ਤੇ ਮਾੜਾ ਅਸਰ ਹੈ। ਦੂਜਾ, ਭਾਰਤੀ ਰਾਜ ਪ੍ਰਬੰਧ ਵਿਚ ਹਿੰਦੀ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ ਅਤੇ ਕਦੇ ਘੱਟ ਤੇ ਕਦੇ ਵੱਧ ਇਹ ਹਿੰਦੀ ਸਾਮਰਾਜਵਾਦ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਪੰਜਾਬੀਅਤ ਦਾ ਵਿਸ਼ਵੀਕਰਣ ਅਤੇ ਅੰਗਰੇਜ਼ੀ ਦੇ ਵਧ ਰਹੇ ਪ੍ਰਭਾਵ ਵੱਲ ਨਜ਼ਰੀਆ ਦੋ-ਪੱਖੀ ਹੋਣ ਦੀ ਲੋੜ ਹੈ। ਇਸ ਦੇ ਨਾਂਹ-ਮੁਖੀ ਅਸਰਾਂ ਦੇ ਬਾਵਜੂਦ ਇਸ ਨੂੰ ਇਤਿਹਾਸਕ ਸੱਚਾਈ ਮੰਨ ਕੇ ਇਸ ਨਾਲ ਰਚਨਾਤਮਕ ਢੰਗ ਨਾਲ ਜੂਝਣ ਦੀ ਲੋੜ ਹੈ। ਵਿਸ਼ਵੀਕਰਣ ਤਕਨਾਲੋਜੀ ਦੇ ਪੱਖੋਂ ਅਤੇ ਵਿਦੇਸ਼ਾਂ ਵਿਚ ਪੰਜਾਬੀਆਂ ਦੀ ਵਧ ਰਹੀ ਸੰਖਿਆ ਅਤੇ ਰਾਜਸੀ-ਸਮਾਜਿਕ-ਸਭਿਆਚਾਰਕ ਤਾਕਤ ਕਰਕੇ ਪੰਜਾਬੀਅਤ ਦੀ ਅਹਿਮੀਅਤ ਵਧਾਉਣ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਕਰ ਰਿਹਾ ਹੈ। ਇਨ੍ਹਾਂ ਸੰਭਾਵਨਾਵਾਂ ਨੂੰ ਜੀ ਆਇਆਂ ਸਮਝ ਕੇ ਇਨ੍ਹਾਂ ਨੂੰ ਹੋਰ ਅੱਗੇ ਵਧਾਉਣ ਦੇ ਮੌਕੇ ਸੋਚਣ ਅਤੇ ਅਪਣਾਉਣ ਦੀ ਲੋੜ ਹੈ। ਇਹ ਨਜ਼ਰੀਆ ਅਪਣਾਉਣ ਨਾਲ ਵਿਸ਼ਵੀਕਰਣ ਦੀ ਏਕੀਕਰਣ ਕਰਨ ਦੀ ਘਾਤਕ ਸ਼ਕਤੀ ਨੂੰ ਰੋਕਿਆ ਜਾ ਸਕਦਾ ਹੈ ਅਤੇ ਅਨੇਕਤਾ ਦੇ ਸੰਸਾਰਕ ਦਾਇਰੇ ਨੂੰ ਹੋਰ ਚੌੜਾ ਕੀਤਾ ਜਾ ਸਕਦਾ ਹੈ।

ਪੰਜਾਬੀਅਤ ਦਾ ਅੰਗਰੇਜ਼ੀ ਵੱਲ ਨਜ਼ਰੀਆ ਵੀ ਰਚਨਾਤਮਕ ਸੰਘਰਸ਼ ਦਾ ਹੋਣਾ ਚਾਹੀਦਾ ਹੈ। ਅੰਗਰੇਜ਼ੀ ਬਿਨਾ ਸ਼ੱਕ ਸਭ ਤੋਂ ਅਮੀਰ ਅੰਤਰ-ਰਾਸ਼ਟਰੀ ਭਾਸ਼ਾ ਬਣ ਗਈ ਹੈ ਅਤੇ ਦੁਨੀਆ ਦੇ ਹਰ ਖੇਤਰ ਵਿਚ ਗਿਆਨ ਦਾ ਵਾਧਾ ਕਰਨ ਵਿਚ ਇਸ ਭਾਸ਼ਾ ਦੀ ਮੋਢੀ ਥਾਂ ਹੈ। ਪੰਜਾਬੀਆਂ ਨੂੰ ਵਧੀਆ ਦਰਜੇ ਦੀ ਅੰਗਰੇਜ਼ੀ ਸਿੱਖਣੀ ਚਾਹੀਦੀ ਹੈ ਪਰ ਵਿਦਿਆ ਦੇ ਪਹਿਲੇ ਸਾਲਾਂ ਵਿਚ ਇਸ ਦੀ ਥਾਂ ਪੰਜਾਬੀ ਮਾਂ ਬੋਲੀ ਦੀ ਸਰਦਾਰੀ ਹੋਣੀ ਚਾਹੀਦੀ ਹੈ। ਜਦ ਪੰਜਾਬੀ ਬੱਚੇ ਪਹਿਲੇ ਕੁਝ ਸਾਲਾਂ ਵਿਚ ਮਾਂ-ਬੋਲੀ ਦੇ ਮੀਡੀਆ ਦੁਆਰਾ ਆਪਣੀਆਂ ਰਚਨਾਤਮਕ ਸ਼ਕਤੀਆਂ ਨੂੰ ਤਿੱਖੇ ਕਰ ਚੁੱਕੇ ਹੋਣ, ਉਸ ਤੋਂ ਬਾਅਦ ਅੰਗਰੇਜ਼ੀ ਸਿੱਖਣਾ ਲਾਹੇਵੰਦ ਹੋਏਗਾ। ਮੁੱਢਲੀ ਵਿਦਿਆ ਦੇ ਸਾਲਾਂ ਵਿਚ ਪੰਜਾਬੀ ਬੱਚਿਆਂ 'ਤੇ ਅੰਗਰੇਜ਼ੀ ਥੋਪਣਾ ਉਨ੍ਹਾਂ ਦੀਆਂ ਕਾਲਪਨਿਕ ਰਚਨਾਤਮਕ ਸ਼ਕਤੀਆਂ ਨੂੰ ਕੁਚਲਣ ਵਾਲੀ ਗੱਲ ਹੈ। ਅੰਗਰੇਜ਼ੀ ਨੂੰ ਸਿੱਖਣਾ ਜ਼ਰੂਰੀ ਹੈ, ਅੰਗਰੇਜ਼ੀ ਦੀ ਸਰਦਾਰੀ ਘਾਤਕ ਹੈ। ਪੰਜਾਬੀ ਨੂੰ ਜ਼ਿਆਦਾ ਖ਼ਤਰਾ ਹਿੰਦੀ ਤੋਂ ਹੈ ਹਾਲਾਂਕਿ ਓਨਾ ਨਹੀਂ, ਜਿੰਨਾ ਉਤਰੀ ਭਾਰਤ ਦੀਆਂ ਉਨ੍ਹਾਂ ਜ਼ੁਬਾਨਾਂ ਨੂੰ ਹੈ ਜਿਨ੍ਹਾਂ ਦੀ ਆਪਣੀ ਲਿਪੀ ਨਹੀਂ ਹੈ ਜਿਵੇਂ ਪੰਜਾਬ ਦੇ ਗੁਆਂਢੀ ਸੂਬੇ ਹਰਿਆਣੇ ਦੀ ਜ਼ੁਬਾਨ ਹਰਿਆਣਵੀ ਨੂੰ ਹੈ। ਹਿੰਦੀ ਬੌਧਿਕ ਪੱਖੋਂ ਪੰਜਾਬੀ ਨਾਲੋਂ ਅਮੀਰ ਨਹੀਂ ਹੈ ਜਿਵੇਂ ਅੰਗਰੇਜ਼ੀ ਅਮੀਰ ਹੈ। ਦੱਖਣੀ ਤੇ ਪੂਰਬੀ ਭਾਰਤ ਦੇ ਸੂਬਿਆਂ ਦੀਆਂ ਭਾਸ਼ਾਵਾਂ ਦੇ ਲੋਕ ਹਿੰਦੀ ਨੂੰ ਰਾਜਨੀਤਕ ਮਜਬੂਰੀ ਸਮਝ ਕੇ ਪੜ੍ਹਦੇ ਹਨ, ਇਸ ਦੀ ਬੌਧਿਕ ਲੋੜ ਕਰਕੇ ਨਹੀਂ। ਤਾਮਿਲ ਭਾਸ਼ਾ ਵਰਗੀਆਂ ਜ਼ੁਬਾਨਾਂ ਸਾਹਿਤਕ ਅਮੀਰੀ ਪੱਖੋਂ ਹਿੰਦੀ ਤੋਂ ਕਈ ਗੁਣਾ ਅਮੀਰ ਹਨ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਜੇ ਤਾਮਿਲਨਾਡੂ ਇਕ ਆਜ਼ਾਦ ਦੇਸ਼ ਹੋਵੇ ਤੇ ਭਾਰਤੀ ਸੰਘ ਦਾ ਹਿੱਸਾ ਨਾ ਹੋਵੇ ਤਾਂ ਉਥੇ ਕਿਸੇ ਵੀ ਲੈਵਲ 'ਤੇ ਹਿੰਦੀ ਲਾਜ਼ਮੀ ਤੌਰ 'ਤੇ ਨਹੀਂ ਪੜ੍ਹਾਈ ਜਾਏਗੀ। ਪਰ ਅਜਿਹਾ ਆਜ਼ਾਦ ਤਾਮਿਲਨਾਡੂ ਵੀ ਅੰਗਰੇਜ਼ੀ 'ਚ ਮੁਹਾਰਤ ਹਾਸਲ ਕਰਨਾ ਜ਼ਰੂਰੀ ਸਮਝੇਗਾ। ਹਿੰਦੀ, ਹਿੰਦੀ ਖੇਤਰ ਦੀ ਉਸੇ ਤਰ੍ਹਾਂ ਖੇਤਰੀ ਭਾਸ਼ਾ ਹੈ ਜਿਵੇਂ ਬੰਗਾਲ ਦੀ ਬੰਗਾਲੀ, ਆਸਾਮ ਦੀ ਆਸਾਮੀ, ਆਂਧਰਾ ਪ੍ਰਦੇਸ ਦੀ ਤੇਲਗੂ ਅਤੇ ਪੰਜਾਬ ਦੀ ਪੰਜਾਬੀ। ਇਸ ਖੇਤਰੀ ਭਾਸ਼ਾ ਨੂੰ ਦੂਜੇ ਖੇਤਰਾਂ ਉੱਤੇ ਇਕ ਅਖੌਤੀ ਕੌਮੀ ਭਾਸ਼ਾ ਵਜੋਂ ਇਸ ਲਈ

ਥੋਪਿਆ ਗਿਆ ਹੈ ਕਿਉਂਕਿ ਇਸ ਖੇਤਰ ਦੇ ਤੇ ਇਨ੍ਹਾਂ ਦੇ ਹਿਮਾਇਤੀ ਪੱਛਮੀ ਭਾਰਤ (ਗੁਜਰਾਤ, ਮਹਾਰਾਸ਼ਟਰ) ਖੇਤਰ ਦੇ ਸਿਆਸਤਦਾਨਾਂ ਦਾ ਭਾਰਤੀ ਸੰਵਿਧਾਨ ਘੜਦੇ ਵਕਤ ਸਿਆਸੀ ਗ਼ਲਬਾ ਸੀ। ਇਸ ਸਿਆਸੀ ਗ਼ਲਬੇ ਵਾਲੀ ਜੁੰਡਲੀ ਨੂੰ ਦੂਜੇ ਖੇਤਰਾਂ ਦੇ ਕੁਝ ਸਿਆਸਤਦਾਨਾਂ ਨੇ ਮੌਜਪ੍ਰਸਤੀ ਕਰਕੇ ਹਿੰਦੀ ਨੂੰ ਅਖੌਤੀ ਕੌਮੀ ਭਾਸ਼ਾ ਕਰਾਰ ਦੇਣ ਵਿਚ ਮਦਦ ਦਿੱਤੀ। ਉਦਾਹਰਣ ਦੇ ਤੌਰ 'ਤੇ ਹਿੰਦੁਸਤਾਨ ਦੇ ਪਹਿਲੇ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਮੈਥਿਲੀ ਸਨ ਪਰ ਉਨ੍ਹਾਂ ਨੇ ਹਿੰਦੀ ਦੀ ਹਮਾਇਤ ਕੀਤੀ ਅਤੇ ਹੁਣ ਤਕ ਮੈਥਿਲੀ ਲੋਕ ਰਾਜਿੰਦਰ ਪ੍ਰਸਾਦ ਨੂੰ 'ਗ਼ਦਾਰ' ਲਫ਼ਜ਼ ਵਰਤ ਕੇ ਯਾਦ ਕਰਦੇ ਹਨ।

ਪੰਜਾਬੀ ਲੋਕਾਂ ਨੂੰ ਠੋਕ ਵਜਾ ਕੇ ਅਤੇ ਧੜੱਲੇ ਨਾਲ ਗ਼ੈਰ-ਹਿੰਦੀ ਰਾਜਾਂ ਨਾਲ ਦੋਸਤੀ ਤੇ ਸਾਂਝਾਂ ਪਾ ਕੇ ਹਿੰਦੀ ਦੇ ਗ਼ਲਬੇ ਨੂੰ ਤੋੜਨ ਦੀ ਮੁਹਿੰਮ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਿੰਦੀ ਨੂੰ ਨਫ਼ਰਤ ਕੀਤੀ ਜਾਵੇ। ਹਿੰਦੀ ਬੜੀ ਮਿੱਠੀ ਤੇ ਸਾਹਿਤਕ ਅਮੀਰੀ ਵਾਲੀ ਭਾਸ਼ਾ ਹੈ। ਇਸ ਨੂੰ ਆਪਣੇ ਹਿੰਦੀ ਖੇਤਰਾਂ ਵਿਚ ਵਧਣਾ ਫੁਲਣਾ ਚਾਹੀਦਾ ਹੈ, ਇਸ ਨੂੰ ਦੂਜੇ ਖੇਤਰਾਂ ਦੀਆਂ ਭਾਸ਼ਾਵਾਂ 'ਤੇ ਗਲਬਾ ਪਾਉਣ ਦਾ ਕੋਈ ਹੱਕ ਨਹੀਂ। ਹਿੰਦੀ ਨਾਲ ਹਿੰਦੀ ਖੇਤਰ ਦੀ ਖੇਤਰੀ ਭਾਸ਼ਾ ਦੇ ਤੌਰ 'ਤੇ ਦੋਸਤੀ ਪਰ ਅਖੌਤੀ ਕੌਮੀ ਭਾਸ਼ਾ ਦੇ ਤੌਰ 'ਤੇ ਟੱਕਰ। ਜਿਥੋਂ ਤਕ ਪੰਜਾਬੀਅਤ ਨੂੰ ਵਿਗਾੜਨ ਵਾਲੇ ਅੰਦਰੂਨੀ ਪੱਖਾਂ ਦਾ ਸੰਬੰਧ ਹੈ, ਉਹ ਹਨ ਮੁੱਖ ਤੌਰ 'ਤੇ ਦੋ : ਜਾਤ-ਪਾਤ ਦਾ ਜ਼ਹਿਰ ਤੇ ਸਮਾਜਿਕ ਮਰਦ ਪ੍ਰਧਾਨਗੀ। ਗੁਰੂਆਂ ਦੇ ਇਨਸਾਨੀ ਬਰਾਬਰੀ ਦੇ ਮਹਾਨ ਸੁਨੇਹੇ ਤੇ ਸੰਸਥਾਵਾਂ (ਲੰਗਰ, ਪੰਗਤ, ਸੰਗਤ) ਤੇ ਜਾਤ-ਪਾਤ ਅਤੇ ਔਰਤ ਦੀ ਗ਼ੁਲਾਮੀ 'ਤੇ ਬੜੀ ਵੱਡੀ ਸੱਟ ਮਾਰੀ ਸੀ। ਇਸ ਦਾ ਪੰਜਾਬੀ ਸਭਿਆਚਾਰ ਉੱਤੇ ਬਿਨਾ ਸ਼ੱਕ ਬਹੁਤ ਪ੍ਰਭਾਵ ਪਿਆ ਜਿਵੇਂ ਕਿ ਪੰਜਾਬੀ ਵਿਚ ਛੂਆ-ਛਾਤ, ਹਿੰਦੂ ਬਹੁਗਿਣਤੀ ਵਾਲੇ ਸੂਬਿਆਂ ਦੀ ਤਰ੍ਹਾਂ ਡੂੰਘਾ ਨਹੀਂ ਹੈ ਅਤੇ ਪੰਜਾਬੀ ਔਰਤ ਆਪਣੀ ਆਜ਼ਾਦਾਨਾ ਸਪਿਰਟ ਵਾਸਤੇ ਮਸ਼ਹੂਰ ਹੈ ਪਰ ਜਾਤ-ਪਾਤ ਦਾ ਜ਼ਹਿਰ ਪੰਜਾਬੀ ਸਮਾਜ ਵਿਚ ਫਿਰ ਆ ਵੜਿਆ ਹੈ ਕਈ ਸਦੀਆਂ ਤੋਂ ਅਤੇ ਮਰਦ ਪ੍ਰਧਾਨਗੀ ਅਤੇ ਮਰਦਊਪੁਣਾ ਬੜੇ ਘਿਣਾਉਣੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਸਭਿਆਚਾਰਕ ਤੌਰ 'ਤੇ ਮਰਦਊਪੁਣਾ ਪੰਜਾਬੀ ਗਾਣਿਆਂ ਵਿਚ ਘਟੀਆ ਕਿਸਮ ਦੇ ਲੜਾਕੇਪਣ ਦੀਆਂ ਕਠਿਨਾਈਆਂ ਵਿਚ ਜ਼ਾਹਰ ਹੁੰਦਾ ਹੈ ਅਤੇ ਸਮਾਜਿਕ/ਆਰਥਿਕ ਤੌਰ 'ਤੇ ਮੁੰਡੇ/ਪੁੱਤ ਲਈ ਤਰਜ਼ੀਹ ਅਤੇ ਧੀਆਂ ਦੇ ਘਾਣ (ਮਾਦਾ ਭਰੂਣ ਹੱਤਿਆ) ਦੇ ਡਰਾਉਣੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ।

ਪੰਜਾਬੀ ਸਮਾਜ ਦੀਆਂ ਇਹ ਅੰਦਰੂਨੀ ਕਮਜ਼ੋਰੀਆਂ ਜਦੋਂ ਬਾਹਰੀ ਕ੍ਰਿਆਵਾਂ (ਵਿਸ਼ਵੀਕਰਣ) ਨਾਲ ਮਿਲਦੀਆਂ ਹਨ ਤਾਂ ਇਨ੍ਹਾਂ ਦੇ ਮਿਲਾਪ 'ਚੋਂ ਪੈਦਾ ਹੁੰਦਾ ਹੈ ਘਟੀਆ ਉਪਭੋਗਤਾਵਾਦ। ਪੂੰਜੀਵਾਦ ਦੇ ਆਰਥਿਕ ਫੈਲਾਅ ਨਾਲ ਭਾਵੇਂ ਇਸ ਉਪਭੋਗਤਾਵਾਦ ਦੇ ਮਾਰੂ ਸਭਿਆਚਾਰਕ ਅਸਰ ਤੋਂ ਬਹੁਤ ਘੱਟ ਖਿੱਤੇ (ਜਿਵੇਂ ਕਿ ਲਾਤੀਨੀ ਅਮਰੀਕਾ ਦੇ ਕੁਝ ਦੇਸ਼) ਬਚੇ ਹਨ, ਪਰ ਪੰਜਾਬੀਆਂ ਦੇ ਸਮਾਜਿਕ ਤੇ ਸਭਿਆਚਾਰਕ ਜੀਵਨ 'ਤੇ ਤਾਂ ਇਹ ਮਾਰ ਬਹੁਤ ਹੀ ਡੂੰਘੀ ਹੈ। ਚੀਜ਼ਾਂ (ਘਰ, ਕਾਰਾਂ, ਗਹਿਣੇ, ਕੱਪੜੇ) ਦਾ ਦਿਖਾਵਾਪਣ, ਪੈਸਾ ਹਥਿਆਉਣ ਦੀ ਅੰਨ੍ਹੀ ਭੁੱਖ ਤੇ ਮੁਕਾਬਲੇਬਾਜ਼ੀ ਪੰਜਾਬੀ ਸਮਾਜ ਨੂੰ ਬਹੁਤ ਹੀਣਾ ਕਰ ਰਹੇ ਹਨ। ਪੰਜਾਬ 'ਚ ਆਏ ਪੂੰਜੀਵਾਦੀ ਹਰੇ ਇਨਕਲਾਬ ਨੇ ਜਿਥੇ ਪੰਜਾਬੀਆਂ ਨੂੰ ਆਮਦਨ ਪੱਖੋਂ ਕੁਝ ਉੱਪਰ ਚੁੱਕਿਆ ਹੈ, ਉਥੇ ਸਮਾਜਿਕ ਪੱਖੋਂ ਖੋਖਲੇ ਕੀਤਾ ਹੈ ਅਤੇ ਬਲਿਹਾਰੀ ਕੁਦਰਤ ਦੇ ਆਪਾ-ਮਾਰੂ ਹਿੰਸਾ ਕੀਤੀ ਹੈ। ਆਰਥਿਕ, ਰਾਜਨੀਤੀਕ, ਸਮਾਜਿਕ ਤੇ ਸਭਿਆਚਾਰਕ ਦਲਦਲ 'ਚ ਫਸੀ ਪੰਜਾਬੀਅਤ ਨੂੰ ਵੇਖ ਕੇ ਜਿਥੇ ਡੂੰਘੀ ਨਿਰਾਸ਼ਾ ਹੁੰਦੀ ਹੈ, ਉਥੇ ਕੁਝ ਸ਼ਲਾਘਾਯੋਗ ਯਤਨ ਜਿਵੇਂ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਤੇ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਕੁਦਰਤ ਨਾਲ ਜੁੜਨ ਦੇ ਪ੍ਰੋਜੈਕਟ, ਪਿੰਗਲਵਾੜੇ ਦਾ ਕੁਦਰਤ ਨੂੰ ਬਚਾਉਣ ਦਾ ਤੇ ਮਜ਼ਲੂਮਾਂ ਨੂੰ ਸਹਾਰਾ ਦੇਣ ਦਾ ਪ੍ਰੋਜੈਕਟ, ਫ਼ਰੀਦਕੋਟ ਵਿਚ ਔਰਤਾਂ ਦੀ ਅਖਨ ਲਈ ਲੜੇ ਸੰਘਰਸ਼, ਕਈ ਪਿੰਡਾਂ ਵਿਚ ਦਲਿਤਾਂ ਤੇ ਗ਼ਰੀਬ ਕਿਸਾਨਾਂ ਦੇ ਸੰਘਰਸ਼, ਕਈ ਸਾਹਿਤ ਸਭਾਵਾਂ, ਅਖ਼ਬਾਰਾਂ ਤੇ ਟੀ.ਵੀ. ਚੈਨਲਾਂ ਵੱਲੋਂ ਪੰਜਾਬੀ ਮਾਂ-ਬੋਲੀ ਲਈ ਵੰਗਾਰ ਕੁਝ ਵਧੀਆ ਪੰਜਾਬੀ ਫ਼ਿਲਮਾਂ ਦਾ ਬਣਨਾ ਅਤੇ ਪੰਜਾਬ ਦੇ ਵਿਰਸੇ ਨੂੰ ਸੰਭਾਲਣ ਦੇ ਪ੍ਰੋਜੈਕਟ ਕੁਝ ਉਮੀਦ ਦੀਆਂ ਕਿਰਨਾਂ ਰੌਸ਼ਨ ਕਰਦੇ ਹਨ।

ਕੋਈ ਵੀ ਕੌਮ ਆਪਣੇ ਆਪ ਹੀ ਨਹੀਂ ਸਹੀ ਰਸਤਾ ਲੱਭ ਲੈਂਦੀ। ਇਸ ਲਈ ਤਿੱਖੇ ਪੜਚੋਲ ਦੀ, ਲੰਬੀ ਸੋਚ ਦੀ ਅਤੇ ਉੱਦਮੀ ਕਾਰਵਾਈ ਦੀ ਲੋੜ ਹੁੰਦੀ ਹੈ। ਜੇ ਪੰਜਾਬੀਅਤ ਨੇ ਆਪਣੇ ਆਪ ਨੂੰ ਬੁਲੰਦੀਆਂ ਵੱਲ ਲਿਜਾਣਾ ਹੈ ਤਾਂ ਆਪਣੀ ਮਾਂ-ਬੋਲੀ ਨਾਲ ਜੁੜਨਾ ਪਏਗਾ, ਆਪਣੀ ਧਰਤੀ/ਕੁਦਰਤ ਨਾਲ ਸਾਂਝ ਪਾਉਣੀ ਪਏਗੀ, ਜਰਵਾਣਿਆਂ ਨੂੰ ਵੰਗਾਰ ਕੇ ਨਿਮਾਣਿਆਂ ਦੇ ਅੰਗ-ਸੰਗ ਖੜ੍ਹਨਾ ਪਏਗਾ, ਮਰਦਾਊਪੁਣੇ ਨੂੰ ਤਿਲਾਂਜਲੀ ਦੇ ਕੇ ਸਮਾਜਿਕ ਬਰਾਬਰੀ ਨੂੰ ਸਤਿਕਾਰਨਾ ਅਤੇ ਅਪਣਾਉਣਾ ਪਏਗਾ, ਫੋਕੇ ਸ਼ੋਹਰਤ/ਦਿਖਾਵੇ ਵਾਲੇ ਸਭਿਆਚਾਰ ਤੋਂ ਮੁਕਤ ਹੋ ਕੇ ਉੱਚ-ਸੁੱਚੇ ਮਿਹਨਕਤਸ਼ ਤੇ ਸਾਂਝੀਵਾਲਤਾ ਵਾਲੇ ਸਭਿਆਚਾਰ ਦੇ ਨਿਸ਼ਾਨੇ ਵੱਲ ਵਧਣਾ ਪਏਗਾ ਅਤੇ ਪਰਉਪਕਾਰੀ ਵਿਦਿਆ ਨੂੰ ਫੈਲਾਉਣਾ ਪਏਗਾ। ਇਨਕਲਾਬੀ ਤੇ ਸੁੰਦਰ ਪੰਜਾਬੀਅਤ ਦਾ ਭਵਿੱਖ ਇਨ੍ਹਾਂ ਵਿਚਾਰਾਂ ਦੇ ਟਕਰਾਓ ਅਤੇ ਸਮਾਜਿਕ/ਕੁਦਰਤੀ ਘੋਲਾਂ ਵਿਚੋਂ ਹੀ ਨਿਕਲੇਗਾ। ੳ

**E-mail : psing@brookes.ac.uk**

ਇਹ ਲੇਖ ਸਾਹਿਤ ਅਕਾਦਮੀ ਅਤੇ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਕਰਾਏ ਗਏ ਅੰਤਰਰਾਸ਼ਟਰੀ ਸੈਮੀਨਾਰ 'ਪੰਜਾਬੀਅਤ : ਵਰਤਮਾਨ ਅਤੇ ਭਵਿੱਖ ਦੀ ਤਲਾਸ਼' ਨਵੀਂ ਦਿੱਲੀ 12-13 ਦਸੰਬਰ 2014 ਵਿਚ ਦਿੱਤੇ ਸਮਾਪਤੀ ਭਾਸ਼ਣ 'ਤੇ ਆਧਾਰਤ ਹੈ। ਲੇਖਕ ਦੀ ਕਿਤਾਬ **Punjabi Indentity in a Global Context** ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਵੱਲੋਂ ਛਾਪੀ ਗਈ ਹੈ।



# ਸੰਨ ਸੰਤਾਲੀ ਦੇ ਸੰਤਾਪ ਦੀ ਕਵਿਤਾ

## ਅਮਰਜੀਤ ਚੰਦਨ

ਅਸੀਂ ਪੰਜਾਬੀ ਸਰਾਪੀ ਹੋਈ ਧਰਤੀ ਦੇ ਸਰਾਪੇ ਹੋਏ ਲੋਕ ਹਾਂ।

ਦੇਸ ਪੰਜਾਬ ਨੇ ਪਿਛਲੇ ਤਿੰਨ ਹਜ਼ਾਰ ਸਾਲਾਂ ਚ ਕਦੇ ਸੁੱਖ ਨਹੀਂ ਡਿੱਠਾ; ਸਿਵਾਇ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਦੇ, ਜਦ ਪੰਜਾਬੀ ਅਪਣੀ ਹੋਣੀ ਦੇ ਆਪ ਮਾਲਿਕ ਸਨ।

ਵੀਹਵੀਂ ਸਦੀ ਵਿਚ ਪੰਜਾਬ 'ਤੇ ਕਈ ਵਾਰ ਭੀੜ ਪਈ। ਪਰ ਸੰਨ ਸੰਤਾਲ਼ੀ ਦਾ ਘਾਣ ਸਾਡੇ ਇਤਿਹਾਸ ਦਾ ਸਭ ਤੋਂ ਵੱਡਾ ਸਦਮਾ ਹੈ। ਅਸਾਂਰਲ਼ ਕੇ ਫਾਹਾ ਲੈ ਲਿਆ। ਪੰਜਾਬ ਦੋਫਾੜ ਹੋ ਗਿਆ। ਇਸ ਘੱਲੂਘਾਰੇ ਵਿਚ ਦਸ ਲੱਖ ਲੋਕ ਮਰ-ਮੁੱਕ ਗਏ ਤੇ ਇਕ ਕਰੋੜ ਚਾਲ਼ੀ ਲੱਖ ਲੋਕਾਂ ਨੂੰ ਉਜੜਨਾ ਪਿਆ। ਏਨੇ ਵੱਡੇ ਦੁਖਾਂਤ ਨੂੰ ਇੱਕੋ ਫ਼ਿਕਰੇ ਵਿਚ ਸਮੇਟ ਦੇਣਾ, ਪਤਾ ਨਹੀਂ, ਭਾਸ਼ਾ ਦੀ ਸੀਮਾ ਹੈ ਜਾਂ ਇਹਦਾ ਸੰਜਮ। ਦੁਨੀਆ ਦੇ ਇਤਿਹਾਸ ਵਿਚ ਕਦੇ ਕਿਸੇ ਮੁਲਕ ਦੇ ਲੋਕਾਂ ਨਾਲ਼ ਐਸੀ ਨਹੀਂ ਹੋਈ।

ਦਰਅਸਲ ਪੰਜਾਬ ਤੇ ਬੰਗਾਲ ਪਾਟੋ-ਧਾੜ ਹੋਏ ਸਨ। 'ਭਾਰਤੀਯ ਰਾਸ਼ਟ੍ਰ'ਤੇ ਕੌਮੀ ਏਕਤਾ ਤਾਂ ਦਿੱਲੀ ਦਰਬਾਰ ਦੀ ਖ਼ਿਆਲੀ ਸੋਨ-ਚਿੜੀ ਹੈ। ਪੰਜਾਬੀ ਸੰਤਾਲ਼ੀ ਨੂੰ ਆਜ਼ਾਦੀ ਕਰਕੇ ਯਾਦ ਨਹੀਂ ਕਰਦੇ; ਉਨ੍ਹਾਂ ਭਾਣੇ ਇਹ ਵੱਡੇ ਰੌਲ਼ੇ, ਘੱਲੂਘਾਰਾ, ਵੰਡਾਰਾ, ਪਾੜਾ, ਦੰਗੇ-ਫ਼ਸਾਦ ਸਨ।ਟੱਬਰਾਂ ਤੇ ਕੌਮਾਂ ਦੇ ਦੁਖਾਂਤ ਦਾ ਸੇਕ ਦੋ-ਤਿੰਨ ਪੀੜ੍ਹੀਆਂ ਬਾਅਦ ਮੱਠਾ ਪੈਣ ਲਗਦਾ ਹੈ। ਸੰਤਾਲ਼ੀ ਦੇ ਫੱਟ ਭਰ ਗਏ ਹਨ; ਪਰ ਇਨ੍ਹਾਂ ਦੇ ਨਿਸ਼ਾਨ ਸਦੀਆਂ ਤਕ ਦੁੱਖ ਦਿੰਦੇ ਰਹਿਣਗੇ।

◆ ◆

ਪੰਜਾਬੀ, ਉਰਦੂ, ਹਿੰਦੀ ਤੇ ਅੰਗਰੇਜ਼ੀ ਵਿਚ ਪੰਜਾਬੀ ਲੇਖਕਾਂ ਦੇ ਲਿਖੇ ਸਾਹਿਤ ਨੂੰ ਮੈਂ ਪੰਜਾਬੀ ਸਾਹਿਤ ਮੰਨਦਾ ਹਾਂ। ਸੰਨ ਸੰਤਾਲ਼ੀ ਬਾਰੇ ਬਹੁਤਾ ਸਾਹਿਤ ਕਹਾਣੀ ਤੇ ਨਾਵਲ (ਫ਼ਿਕਸ਼ਨ: ਗਲਪ – ਸੰਸਕ੍ਰਿਤ-: ਗੱਪ) ਵਿਚ ਹੈ; ਉਹ ਵੀ ਬਹੁਤਾ ਫ਼ਸਾਦਾਂ ਬਾਰੇ ਹੀ ਹੈ। ਸ਼ਾਇਰੀ ਬਹੁਤ ਘਟ ਹੋਈ ਹੈ। ਕੁਝ-ਕੁ ਹੀ ਕਾਬਲ-ਇ-ਜ਼ਿਕ੍ਰ ਨਜ਼ਮਾਂ ਮਿਲ਼ਦੀਆਂ ਹਨ।[1] ਪੰਜਾਬੀ ਸ਼ਾਇਰ ਤਾਂ ਖ਼ਬਰਾਂ ਤਕ ਦੀਆਂ ਗ਼ਜ਼ਲਾਂ ਬਣਾਉਣੋਂ ਬਾਜ਼ ਨਹੀਂ ਆਉਂਦੇ; ਉਨ੍ਹਾਂ ਨੂੰ ਸੰਤਾਲ਼ੀ ਦਾ ਕੀ ਸਕਤਾ ਮਾਰ ਗਿਆ? ਬਹੁਤਿਆਂ ਨੇ ਸੰਤਾਲ਼ੀ ਦੀ ਕੋਈ ਕਵਿਤਾ ਨਹੀਂ ਲਿਖੀ। (ਫ਼ੀਰੋਜ਼ਦੀਨ ਸ਼ਰਫ਼[2], ਧਨੀ ਰਾਮ ਚਾਤ੍ਰਿਕ, ਬਾਵਾ ਬਲਵੰਤ, ਨੰਦ ਲਾਲ ਨੂਰਪੁਰੀ, ਦੇਵਿੰਦਰ ਸਤਿਆਰਥੀ, ਸੰਤੋਖ ਸਿੰਘ ਧੀਰ, ਪ੍ਰੀਤਮ ਸਿੰਘ ਸਫ਼ੀਰ, ਤਾਰਾ ਸਿੰਘ ਵਗ਼ੈਰਾ[3])। ਵੰਡ ਦੀ ਚਿਤ੍ਰਕਾਰੀ ਕਰਨ ਵਾਲ਼ੇ ਹਿੰਦੂ ਹੀ ਸਨ: ਸਤੀਸ਼ ਗੁਜਰਾਲ, ਪ੍ਰਾਣ ਨਾਥ ਮਾਗੋ, ਸਰਦਾਰੀ ਲਾਲ ਪਰਾਸ਼ਰ, ਧੰਨਰਾਜ ਭਗਤ ਤੇ ਕ੍ਰਿਸ਼ਣ ਖੰਨਾ। ਮੁਸਲਮਾਨ ਚਿਤ੍ਰਕਾਰਾਂ ਨੇ (ਸਿਰਕੱਢਵੇਂ: ਅਬਦੁਰ ਰਹਿਮਾਨ ਚੁਗ਼ਤਾਈ ਤੇ 'ਯੂ. ਪੀ. ਵਾਲ਼ਾ' ਸਾਦਕੈਨ) ਤੇ ਸਿੱਖਾਂ (ਜਸਵੰਤ ਸਿੰਘ, ਈਸ਼ਵਰ ਸਿੰਘ, ਠਾਕਰ ਸਿੰਘ, ਕ੍ਰਿਪਾਲ ਸਿੰਘ)ਨੇ ਕੋਈ ਚਿਤ੍ਰ ਨਹੀਂ ਬਣਾਇਆ। (ਈਸ਼ਵਰ ਨੇ ਹੀਰੋਸ਼ੀਮਾ ਦਾ ਚਿਤ੍ਰ ਤਾਂ ਬਣਾਇਆ ਸੀ, ਪਰ ਪੰਜਾਬ ਦਾ ਨਹੀਂ।) ਲੋਕਗੀਤ ਇਕ ਵੀ ਨਹੀਂ।ਸੋਭਾ ਸਿੰਘ[4] ਨੇ ਪੰਜਾਬ ਦੇ ਉਜਾੜੇ ਦਾ ਇੱਕੋ ਚਿਤ੍ਰ ਬਣਾਇਆ, ਪਰ ਇਹਦਾ ਬਹੁਤ ਘਟ ਲੋਕਾਂ ਨੂੰ ਪਤਾ ਹੈ।

ਮੁਨੀਰ ਨਿਆਜ਼ੀ ਦੀ ਸਮੁੱਚੀ ਸ਼ਾਇਰੀ ਦੀ ਤਾਸੀਰ ਵਿਚ ਸੰਨ ਸੰਤਾਲ਼ੀ ਦਾ ਜੀਆਘਾਤ ਹੈ। ਇਹਨੇ ਉਮਰ ਦੇ ਪਿਛਲੇ ਪਹਿਰ ਵਿਚ ਜਾ ਕੇ ਲਿਖੀ ਕਵਿਤਾ ਕਿਥੇ ਜਾਈਏ ਵਿਚ ਪੰਜਾਬ ਦੇ ਟੁੱਟਣ ਦਾ ਸਿੱਧਾ ਜ਼ਿਕ੍ਰ ਕੀਤਾ ਹੈ। ਨਿਆਜ਼ੀ ਵਾਂਙ ਹੀ ਉਹਦੇ ਦੋ ਹਮਉਮਰ ਸ਼ਾਇਰਾਂ ਅਹਿਮਦ ਰਾਹੀ ਤੇ ਹਬੀਬ ਜਾਲਿਬ ਨੂੰ ਸੰਤਾਲ਼ੀ ਵਿਚ ਅਮ੍ਰਿਤਸਰੋਂ ਤੇ ਹੁਸ਼ਿਆਰਪੁਰੋਂ ਉੱਜੜਨਾ ਪਿਆ ਸੀ। ਸੰਤਾਲ਼ੀ ਚ ਔਰਤਾਂ 'ਤੇ ਢਹੇ ਕਹਿਰ ਦਾ ਵਿਰਲਾਪ ਰਾਹੀ ਦੀ ਮਸ਼ਹੂਰ ਕਿਤਾਬ ਤ੍ਰਿੰਞਣ ਦੀ ਉੱਚੀ ਸੁਰ ਹੈ। ਜਾਲਿਬ ਉਰਦੂ ਚ ਲਿਖਦਾ ਸੀ। ਉਸ ਅਪਣੀ ਭਟਕਣ ਨੂੰ ਟੁੱਟੇ ਰੁਲ਼ਦੇ ਪੱਤੇ ਯਾਨੀ 'ਬਰਗ-ਏ-ਆਵਾਰਾ' ਦਾ ਨਾਂ ਦਿੱਤਾ, ਜੋ ਉਹਦੇ ਪਹਿਲੇ ਦੀਵਾਨ ਦਾ ਨਾਂ ਸੀ। ਜਾਲਿਬ ਨੇ ਸੰਤਾਲ਼ੀ ਬਾਰੇ ਕੋਈ ਨਜ਼ਮ ਜਾਂ ਗ਼ਜ਼ਲ ਨਹੀਂ ਲਿਖੀ। ਫ਼ੈਜ਼ ਨੇ ਪੰਦਰਾਂ ਅਗਸਤ ਸੰਤਾਲ਼ੀ ਦੀ ਸਵੇਰ ਦਾ ਦਾਗ਼ੀ ਉਜਾਲਾ ਸਭ ਤੋਂ ਪਹਿਲਾਂ ਵੇਖ ਲਿਆ ਸੀ। ਇਹਦੇ ਨਾਲ਼ ਹੀ ਇਨ੍ਹਾਂ ਦੇ ਹਮਉਮਰ ਤਿੰਨ ਸਿੱਖ ਸ਼ਾਇਰ ਲਹੌਰੋਂ ਬੇਘਰ ਹੋ ਕੇ ਨਵੀਂ ਬਣੀ ਸਰਹੱਦ ਦੇ ਪਾਰ ਚਲੇ ਗਏ: ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਹਰਿਭਜਨ ਸਿੰਘ। ਇਨ੍ਹਾਂ ਦੀ ਰਚਨਾ ਵਿਚ ਸੰਤਾਲ਼ੀ ਦਾ ਵਿਰਲਾਪ ਕੋਈ ਬਹੁਤਾ ਨਹੀਂ। ਸੋਚਣ ਵਾਲ਼ੀ ਗੱਲ ਏ ਕਿ ਮੁਸਲਿਮ ਕਵੀਆਂ ਨੂੰ ਨਵੇਂ-ਬਣੇ ਮੁਸਲਿਮਸਤਾਨ ਚ ਜਾ ਕੇ ਮਰਦੇ ਦਮ ਤਕ ਵੀ ਚੈਨ ਨਾ ਮਿਲਿਆ ਤੇ ਬੇਵਤਨ ਹੋਏ ਸਿੱਖ ਕਵੀਆਂ ਦੇ ਦੁੱਖ ਦੀ ਸ਼ਿੱਦਤ ਘਟਦੀ-ਘਟਦੀ ਕਿਉਂ ਘਟ ਗਈ। (ਅਹਿਮਦ ਰਾਹੀ ਲਹੌਰ ਹਸਪਤਾਲ ਵਿਚ ਪਿਆ ਆਖ਼ਿਰੀ ਸਾਹ ਲੈਂਦਿਆਂ ਤਰਲੇ ਲੈਂਦਾ ਰਿਹਾ: ਮੈਨੂੰ ਅਮ੍ਰਿਤਸਰ ਲੈ ਚੱਲੋ।)[5]

ਸੰਤਾਲ਼ੀ ਬਾਰੇ ਪੰਜਾਬੀ ਸਾਹਿਤ ਤੇ ਹਾਲੋਕਾਸਟ (ਦੂਜੀ ਜੰਗ ਵੇਲੇ ਦਾ ਯਹੂਦੀ ਦਾ ਹੋਇਆ ਸੱਤਿਆਨਾਸ) ਬਾਰੇ ਲਿਖੇ ਉਚ-ਪਾਏ ਦੇ ਯਹੂਦੀ ਸਾਹਿਤ ਦਾ ਟਾਕਰਾ ਕਰਨਾ ਕੁਥਾਂ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਤੇ ਪੌਲ ਸੇਲਾਨ ਦੀ ਕਵਿਤਾ ਨੂੰ ਵੀ ਇੱਕੋ ਘਸਵੱਟੀਨਾਲ਼ਪਰਖਣਾ ਵੀ ਠੀਕ ਨਹੀਂ।[6] ਯਹੂਦੀ ਮਸਲ੍ਹਾ ਪੰਜਾਬ ਜਿੰਨਾ ਪੇਚੀਦਾ ਨਹੀਂ। ਯਹੂਦੀਆਂ ਨੇ ਪੰਜਾਬੀਆਂ ਵਾਂਙ ਖ਼ੁਦਕੁਸ਼ੀ ਨਹੀਂ ਸੀ ਕੀਤੀ। ਉਨ੍ਹਾਂ ਦਾ ਦੁਖਾਂਤ ਆਪ-ਸਹੇੜਿਆ ਦੁਖਾਂਤ ਨਹੀਂ ਸੀ।

ਸੁਰਜੀਤ ਹਾਂਸ ਦਾ ਚਿੰਤਨ ਹੈ ਕਿ ਸੰਤਾਲ਼ੀ ਏਨਾ ਵੱਡਾ ਦੁਖਾਂਤ ਸੀ ਕਿ ਇਹਦੀ ਥਾਹ ਸ਼ਬਦਾਂ ਵਿਚ ਨਹੀਂ ਪਾਈ ਜਾ ਸਕਦੀ।ਇਹਦਾ ਬਿਆਨ ਕਿਸੇ ਦੇ ਵੱਸ ਦਾ ਰੋਗ ਨਹੀਂ।

ਸੰਤਾਲ਼ੀ ਬਾਰੇ ਪੰਜਾਬੀ ਵਿਚ ਸ਼ਾਹਕਾਰ ਸ਼ਾਇਰੀ ਨਾ ਹੋਣ ਦਾ ਵੱਡਾ ਕਾਰਣ ਇਹ ਹੈ ਕਿ ਸਾਡੇ ਕੋਲ਼ ਮਹਾਨ ਤ੍ਰਾਹ ਨਾਲ਼ ਵਰ ਮੇਚਣ ਵਾਲ਼ੀ ਕਾਵਿਕ ਪ੍ਰਤਿਭਾ ਵਾਲ਼ਾ ਕੋਈ ਕਵੀ ਹੈ ਹੀ ਨਹੀਂ ਸੀ। ਜਿੰਨਾ ਕੁ ਵੀ ਚੰਗਾ-ਮਾੜਾ ਲਿਖ ਹੋਇਆ, ਉਹਦਾ ਹੀ ਲੇਖਾ-ਜੋਖਾ ਹੋ ਸਕਦਾ ਏ।

ਕਵਿਤਾ ਝੂਠ ਨਹੀਂ ਪਚਾ ਸਕਦੀ। ਕਵਿਤਾ ਇਤਿਹਾਸ ਦਾ ਧਰਮ ਕੰਡਾ ਹੁੰਦੀ ਹੈ। ਇਹ ਕਿਸੇ ਦਾ ਲਿਹਾਜ਼ ਨਹੀਂ ਕਰਦੀ। ਪੰਜਾਬੀ ਅਪਣੇ ਆਪ ਕੀਤੇ ਦਾ ਦੋਸ਼ ਦੇਣ, ਤਾਂ ਕਿਹਨੂੰ ਦੇਣ? ਇਹ ਅਪਣੇ ਹੀ ਅੱਗੇ ਸ਼ਰਮਸਾਰ ਹਨ। ਮੁਸਲਮਾਨਾਂ ਨੂੰ ਲਾਂਭੇ ਕਰਕੇ ਪੰਜਾਬ ਨੂੰ ਵੰਡ ਦੇਣ ਦੀ ਗੱਲ ਸਭ ਤੋਂ ਪਹਿਲਾਂ 'ਪੰਜਾਬ ਕੇਸਰੀ' ਲਾਜਪਤ ਰਾਏ ਨੇ ਸੰਨ 1924 ਵਿਚ ਕੀਤੀ ਸੀ।

ਸੰਤਾਲ਼ੀ ਬਾਰੇ ਬਹੁਤੀ ਸ਼ਾਇਰੀ ਅਸਲੀ ਜਾਂ ਮਨਢੰਗੀ ਸਦਭਾਵਨਾ, ਭਾਈਚਾਰੇ ਤੇ ਭਲੇ ਦਿਨਾਂ ਦੇ ਹੇਰਵੇ ਦਾ ਬਿਆਨ ਹੈ। ਅਸਲੀਅਤ ਕੁਝ ਹੋਰ ਸੀ। ਹਿੰਦੂ ਤੇ ਸਿੱਖ ਮੁਸਲਮਾਨਾਂ ਦੀ ਪੂਰੀ ਭਿੱਟ ਮੰਨਦੇ ਸਨ। ਰੋਟੀ-ਬੇਟੀ ਦੀ ਸਾਂਝ ਦਾ ਤਾਂ ਸੋਚਿਆ ਹੀ ਨਹੀਂ ਸੀ ਜਾ ਸਕਦਾ। ਇੱਕੋ ਜ਼ਾਤ-ਗੋਤ ਬਿਰਾਦਰੀ ਵਿਚ ਜੋ ਮੁਸਲਮਾਨ ਹੁੰਦੇ ਸਨ, ਉਨ੍ਹਾਂ ਨਾਲ਼ ਹਿੰਦੂ ਜਾਂ ਸਿੱਖ ਸਕੇ "ਸੁੱਕਾ" ਵਰਤਦੇ ਸੀ ਯਾਨੀ ਦਿਨ-ਸੁਧ ਵੇਲੇ ਸਗਨ-ਸੁਗਨ ਤਾਂ ਪਾ ਦਿੰਦੇ ਸੀ, ਪਰ ਖਾਣ-ਪੀਣ ਇਕੱਠਾ ਨਹੀਂ ਸੀ; ਚੁੱਲ੍ਹੇ ਨਿਉਂਦਾ ਨਹੀਂ ਸੀ ਦਿੱਤਾ ਜਾਂਦਾ। ਅਪਣੇ ਘਰ ਜਾ ਕੇ ਰਿੰਨ੍ਹਣ-ਪਕਾਣ ਲਈ ਦਾਲ਼ ਆਟਾ ਦੇ ਦਿੰਦੇ ਸੀ।

◆ ◆

ਭੀੜ ਪਈ 'ਤੇ ਬੰਦਾ ਕੀ ਕਰਦਾ ਹੈ? ਬੇਬਸੀ ਵਿਚ ਕਿਸੇ ਨੂੰ ਧਿਆਉਂਦਾ ਹੈ; ਰੱਬ ਨੂੰ ਚੇਤੇ ਕਰਦਾ ਹੈ; ਪਰੇਸ਼ਟਿਆਂ (ਫ਼ਰਿਸ਼ਤਿਆਂ), ਜਠੇਰਿਆਂ, ਵਡੇਰਿਆਂ, ਜਣਦਿਆਂ ਨੂੰ, ਦਰਦੀਆਂ ਨੂੰ, ਮਾਂ ਨੂੰ ਹਾਕਾਂ ਮਾਰਦਾ ਹੈ। ਗਾਹਲ਼ਾਂ ਕੱਢਦਾ, ਵਿਰਲਾਪ ਕਰਦਾ, ਕੀਰਨੇ ਪਾਉਂਦਾ, ਦੁਹੱਥੜ ਪਿੱਟਦਾ ਹੈ। ਹਾਰ ਕੇ ਭਾਣਾ, ਹੋਣੀ ਜਾਣ ਕਰਮਾਂ ਦਾ ਫਲ਼ ਜਾਣ ਕੇ ਕੌੜਾ ਘੁੱਟ ਭਰ ਲੈਂਦਾ ਤੇ ਚੁੱਪ ਹੋ ਜਾਂਦਾ ਹੈ। ਇਹ ਚੁੱਪ ਘਟਨਾ ਤੋਂ ਵਧ ਕੇ ਘਾਤਕ ਹੁੰਦੀ ਹੈ। ਪੰਜਾਬ ਦੀ ਤਵਾਰੀਖ਼ ਚ ਐਸੀ ਘੋਰ ਚੁੱਪ ਵਰਤੀ ਹੋਈ ਹੈ। ਨਾਨਕ ਖ਼ਸਮ ਨੂੰ ਯਾਦ ਕਰਦਾ ਹੈ; ਰਾਂਝਾ ਪੰਜ ਪੀਰਾਂ ਨੂੰ ਧਿਆਉਂਦਾ ਹੈ; ਮਿਰਜ਼ਾ ਸ਼ਿਵ ਜੀ ਮਹਾਰਾਜ ਦੇ ਤਰਲੇ ਕਰਦਾ ਹੈ[7]; ਅੰਮ੍ਰਿਤ ਕੌਰ ਵਾਰਿਸ ਸ਼ਾਹ ਨੂੰ ਹਾਕਾਂ ਮਾਰਦੀ ਹੈ।

ਸੰਤਾਲ਼ੀ ਵਾਲ਼ੀ ਪੀੜ੍ਹੀ ਦੇ ਲੋਕ ਤਾਂ ਹੁਣ ਮਰ-ਮੁੱਕ ਗਏ ਹਨ। ਉਨ੍ਹਾਂ ਦੇ ਜੀਉਂਦਿਆਂ ਕਿਸੇ ਸੰਸਥਾ ਕਿਸੇ ਬੰਦੇ ਨੇ ਡੂੰਘੇ ਫੱਟਾਂ 'ਤੇ ਮਰ੍ਹਮ ਲਾਉਣ ਦੀ ਖੇਚਲ਼ ਨਹੀਂ ਕੀਤੀ। ਸੰਤਾਲ਼ੀ ਤੋਂ ਝਟ ਬਾਅਦ ਸਿੱਖ ਆਗੂ ਤਾਂ ਅਪਣੀ ਬਹੁਗਿਣਤੀ ਵਾਲ਼ਾ 'ਪੰਜਾਬੀ ਸੂਬਾ' (ਅਸਲ ਵਿਚ ਸਿੱਖ ਸੂਬਾ) ਬਣਾਉਣ ਦੀ ਮੁਹਿੰਮ ਚ ਜੁਟ ਗਏ। ਨਵੇਂ-ਬਣੇ ਮੁਸਲਿਮਸਤਾਨ ਵਿਚ ਉੱਜੜੇ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਜਿਨ੍ਹਾਂ ਸ਼ਰਫ਼ ਵਰਗਿਆਂ ਨੇ ਜ਼ਬਾਨ ਦੇਣੀ ਸੀ, ਪਰ ਉਹ ਤਾਂ ਨਵੇਂ-ਬਣੇ ਮੁਸਲਿਮਸਤਾਨ ਦੀ ਨੀਂਦਰ ਵਿਚ ਟੁਰੇ ਫਿਰਦੇ ਸਨ।

ਪੁਖ਼ਤਾ ਸਾਹਿਤ ਆਪਾ ਖੋਜਣ ਨਾਲ਼ ਬਣਦਾ ਹੈ। ਇਹ ਕੀ ਹੋ ਗਿਆ? ਅਸੀਂ ਕੀ ਕਰ ਬੈਠੇ; ਕਿਉਂ ਕਰ ਬੈਠੇ? ਹੁਣ ਕੀ ਕਰਨਾ ਹੈ? ਅਗਾਂਹ ਕੀ ਹੋਵੇ? ਜਾਂ ਏਦਾਂ ਹੀ ਖੂਹ ਵਿਚ ਪਏ ਰਹਿਣਾ ਹੈ? ਇਹਸਾਰੇ ਸਵਾਲ ਅਸਾਂ ਪੰਜਾਬੀਆਂ ਨੇ ਅੱਜ ਤਕ ਨਹੀਂ ਵਿਚਾਰੇ। ਇਹ ਤਾਂ ਹੀ ਵਿਚਾਰ ਸਕਦੇ ਸਾਂ, ਜੇ ਅਸਾਂ ਬਤੌਰ ਪੰਜਾਬੀ ਕੌਮ[8] ਦੇ ਅਪਣਾ ਮੂਲ਼ ਪਛਾਣਿਆ ਹੁੰਦਾ। ਇਸ ਕਰਕੇ ਵੀ ਸੰਤਾਲ਼ੀ ਦੀ ਇਕ ਵੀ ਰਚਨਾ ਪੰਜਾਬ ਦਾ ਕੌਮੀ ਨਿਸ਼ਾਨ ਨਹੀਂ ਬਣ ਸਕੀ।

ਅੱਜ ਤਕ ਪੰਜਾਬੀ ਕੌਮੀਅਤ ਦੀ ਗੱਲ ਵਿਰਲੇ-ਟਾਵੇਂ ਪੰਜਾਬੀ ਨੇ ਕੀਤੀ ਹੈ।[9] ਮੁਸਲਮਾਨ ਪੰਜਾਬੀਅਤ ਦੀ ਗੱਲ ਭੁੱਟੋ ਦੇ ਦੌਰ ਵੇਲੇ ਪਾਕਿਸਤਾਨੀਅਤ 'ਤੇ ਆਣ ਪਏ ਸੰਕਟ ਕਾਰਣ ਕਰਨ ਲੱਗੇ ਸਨ। ਜਦ ਬੰਗਾਲੀ, ਪਖ਼ਤੂਨ, ਸਿੰਧੀ, ਬਲੋਚੀ ਕੌਮਾਂ 'ਪਾਕਿਸਤਾਨੀ ਕੌਮ' ਤੋਂ ਇਨਕਾਰੀ ਹੋਈਆਂ, ਤਦ ਹੀ ਪੰਜਾਬੀ ਸਿਆਸਤਦਾਨਾਂ ਨੂੰ ਪੰਜਾਬੀ ਪਛਾਣ ਜਾਂ ਸ਼ਨਾਖ਼ਤ ਦੀ ਗੱਲ ਕਰਨ ਦੀ ਸੁਰਤ ਆਈ। ਪਰ ਉਨ੍ਹਾਂ

ਕੌਮੀਅਤ ਦੀ ਗੱਲ ਇਸ ਲਈ ਨਹੀਂ ਕੀਤੀ ਕਿ ਇੰਜ ਕੀਤਿਆਂ ਸਿੱਧਾ ਪਾਕਿਸਤਾਨੀਅਤ ਨੂੰ ਰੱਦ ਕਰਨਾ ਪੈਣਾ ਸੀ। ਕਲਿਪ ਵਾਲ਼ਾ ਪਾਸਾ ਨੰਗਾ ਰਖਦਿਆਂ ਕੁਝ ਪੰਜਾਬੀ ਦਾਨਿਆਂ ਨੇ ਪੰਜਾਬੀਅਤ ਦਾ ਹੋਕਾ ਦਿਤਾ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਤਿੰਨ ਆਗੂਆਂ – ਹਨੀਫ਼ ਰਾਮੇ (ਚਿਤ੍ਰਕਾਰ, ਜੋ ਪੱਛਮੀ ਪੰਜਾਬ ਦਾ ਮੁੱਖ ਮੰਤਰੀ ਬਣਿਆ), ਐਤਜ਼ਾਜ਼ ਅਹਿਸਨ (ਵਕੀਲ, ਬੇਨਜ਼ੀਰ ਭੁੱਟੋ ਦੀ ਸਰਕਾਰ ਵੇਲੇ ਵਜ਼ੀਰ-ਏ-ਦਾਖ਼ਿਲਾ ਤੇ ਕਾਨੂੰਨ) ਤੇ ਫ਼ਖ਼ਰ ਜ਼ਮਾਨ (ਲਿਖਾਰੀ, 1989 ਤੋਂ 1992 ਤਕ ਤਿੰਨ ਸਾਲ ਪੰਜਾਬ ਦੀ ਪਾਕਿਸਤਾਨ ਪੀਪਲਜ਼ ਪਾਰਟੀ ਦੇ ਰਹੇ ਸਦਰ) ਨੇ ਉਰਦੂ ਵਿਚ – ਪੰਜਾਬੀ ਵਿਚ ਨਹੀਂ – ਪੰਜਾਬ ਦੇ ਮੁਕੱਦਮੇ ਲਿਖੇ ਅਤੇ ਨਾਟਕਕਾਰ ਤੇ ਮਾਓਵਾਦੀ ਮਜ਼ਦੂਰ ਕਿਸਾਨ ਪਾਰਟੀ ਦੇ ਆਗੂ ਇਸਹਾਕ ਮੁਹੰਮਦ ਨੇ ਪੰਜਾਬ ਦੀ ਤਾਰੀਖ਼[10] ਕਿਤਾਬਚਾ ਲਿਖਿਆ, ਜਿਸ ਵਿਚ ਉਹਨੇ ਸਿੱਖਾਂ ਦਾ ਨਾਂ ਤਕ ਨਹੀਂ ਲਿਆ। ਰਾਮੇ ਨੇ "ਪਾਂਚ ਜਵਾਂ ਮਰਦ ਪੰਜਾਬੀ" ਪੰਜਾਬੀਅਤ ਦੇ ਨਿਸ਼ਾਨ ਮਿਥੇ: ਰਾਜਾ ਪੋਰਸ, ਦੁੱਲਾ ਭੱਟੀ, ਅਹਿਮਦ ਖ਼ਾਨ ਖਰਲ, ਨਿਜ਼ਾਮ ਲੁਹਾਰ ਤੇ ਭਗਤ ਸਿੰਘ।[11] ਐਰਿਕ ਸਿਪਰੀਅਨ, ਸ਼ਫ਼ਕਤ ਤਨਵੀਰ ਮਿਰਜ਼ਾ, ਸਿਬਤੇ ਹਸਨ ਵਰਗੇ ਕਮਿਊਨਿਸਟਾਂ ਨੇ ਵੀ ਅੰਗਰੇਜ਼ੀ ਤੇ ਉਰਦੂ ਵਿਚ ਪੰਜਾਬੀ ਬੋਲੀ ਤੇ ਪੰਜਾਬੀਅਤ ਬਾਰੇ ਲੇਖ ਛਾਪੇ, ਪਰ ਇਨ੍ਹਾਂ ਨੇ ਵੀ ਪੰਜਾਬੀ ਕੌਮੀਅਤ ਦੀ ਗੱਲ ਬਿਲਕੁਲ ਨਹੀਂ ਕੀਤੀ।

ਖ਼ਾਸ ਕਰ ਚਿਤ੍ਰਕਲਾ, ਬੁਤਕਲਾ ਤੇ ਸਾਹਿਤ ਵਿਚ 'ਪਾਕਿਸਤਾਨੀਅਤ' ਨੂੰ ਥਾਪਣ ਦੇ ਜਤਨ ਹੋਏ ਹਨ; ਪਰ ਇਹ ਗੱਲ ਕਿਸੇ ਪੰਜਾਬੀ ਨੇ ਨਹੀਂ ਕੀਤੀ। ਤੇ ਨਾ ਹੀ ਕਿਸੇ ਪੰਜਾਬੀ ਅਦੀਬ ਨੇ ਯੂ.ਪੀ. ਦੇ ਇੰਤਜ਼ਾਰ ਹੁਸੈਨ ਵਾਂਝ ਰਸੂਲ ਦੀ ਹਿਜਰਤ ਦੇ ਰੂਪਕ (ਮੈਟਾਫ਼ਰ) ਨੂੰ ਸੰਨ ਸੰਤਾਲ਼ੀ ਨਾਲ਼ ਜੋੜਿਆ ਹੈ। ਕੌਮੀਅਤ ਦੀ ਦੋਫਾੜ ਹੋਈ ਸੋਚ ਦਾ ਇਹ ਸੰਕਟ ਪਾਕਿਸਤਾਨ ਦਾ ਜਨਮਜਾਤ ਸੰਕਟ ਹੈ।[12]

ਪੰਜਾਬੀ ਕੌਮੀਅਤ ਦੀ ਨਾਸਮਝੀ ਕਰਕੇ ਵਾਹਗੇ ਦੇ ਦੋਹਵੀਂ ਪਾਸੀਂ ਮਰਨ-ਮਾਰਨ ਦਾ ਦੌਰਾ ਪੈਂਦਾ ਰਹਿੰਦਾ ਹੈ। ਸਿੱਧੀ-ਜਿਹੀ ਦਲੀਲ ਬਣਦੀ ਹੈ ਕਿ ਜੇ ਮੁਸਲਮਾਨ ਕੌਮ ਹੈ, ਜੇ ਹਿੰਦੂ ਕੌਮ ਹੈ; ਤਾਂ ਸਿੱਖ ਕੌਮ ਕਿਉਂ ਨਹੀਂ? ਜੇ ਸਿੱਖ ਕੌਮ ਹੈ, ਤਾਂ ਸਿੱਖਸਤਾਨ ਖ਼ਾਲਿਸਤਾਨ ਵੀ ਬਣਨਾ ਚਾਹੀਏ। ਸੰਨ ਚੁਰਾਸੀ ਸੰਨ ਸੰਤਾਲ਼ੀ ਦਾ ਵਧਾਅ ਸੀ। ਖ਼ਾਲਿਸਤਾਨੀ ਅਪਣੀ ਕਥਨੀ ਤੇ ਕਰਨੀ ਨਾਲ਼ ਜੋ ਸੰਨ ਸੰਤਾਲ਼ੀ ਚ ਹੋਇਆ, ਉਹਨੂੰ ਸਹੀ ਸਾਬਿਤ ਕਰਦੇ ਹਨ। ਹੁਣ ਦੇ ਪੂਰਬੀ ਪੰਜਾਬ ਦਾ ਰਕਬਾ ਅਣਵੰਡੇ ਪੰਜਾਬ ਦਾ ਪੰਦਰਾਂ ਫ਼ੀ ਸਦ ਹੈ। ਪੰਜਾਬ ਦਾ ਉਜਾੜਾ ਸਿੱਖ ਹੁਕਮਰਾਨਾਂ ਦੇ ਸਭ ਤੋਂ ਵੱਧ ਰਾਸ ਆਇਆ – ਨਾ ਪੰਜਾਬ ਦੇ ਟੋਟੇ ਹੁੰਦੇ ਤੇ ਨਾ ਸਿੱਖ ਪੂਰਬੀ ਪੰਜਾਬ ਵਿਚ ਹਕੂਮਤ ਕਰਨ ਜੋਗੇ ਹੁੰਦੇ। ਕਾਂਗਰਸੀ ਹੋਣ ਜਾਂ ਅਕਾਲੀ – ਹੁਕਮਰਾਨ ਤਾਂ ਸਿੱਖ ਹੀ ਨੇ। ਇਹ ਲੀਡਰਬੰਦੇ ਪੰਜਾਬ ਦੇ ਮੁੜ ਇਕ ਹੋਣ ਦੀ ਗੱਲ ਵੀ ਸੁਣਨ ਨੂੰ ਤਿਆਰ ਨਹੀਂ, ਭਾਵੇਂ ਗੁਰੂ ਦੀ ਹਜ਼ੂਰੀ ਵਿਚ ਨਿਤ ਅਰਦਾਸ ਕਰਦੇ ਹਨ: "ਜਿਨ੍ਹਾਂ ਗੁਰਧਾਮਾਂ ਤੋਂ ਸਾਨੂੰ ਵਿਛੋੜਿਆ ਗਿਆ, ਉਨ੍ਹਾਂ ਦੇ ਦਰਸ਼ਨ ਦੀਦਾਰੇ…।"

ਸਾਂਝੇ ਪੰਜਾਬ ਨੂੰ ਟੱਕ ਲੱਗਣ ਵੇਲ਼ੇ ਸਿਰਫ਼ ਤਰਨਤਾਰਨ ਤੇ ਜਗਰਾਉਂ ਤਹਿਸੀਲਾਂ ਵਿਚ ਹੀ ਸਿੱਖਾਂ ਦੀ ਬਹੁਗਿਣਤੀ ਸੀ। ਸਾਰੀ ਉਮਰ ਸਤਾਲਿਨਪ੍ਰਸਤ ਰਹੇ ਵਿਦਵਾਨ ਸੰਤ ਸਿੰਘ ਸੇਖੋਂ ਦੇ ਸੰਨ 86 ਵਿਚ ਬਣਾਏ ਖ਼ਾਲਿਸਤਾਨ ਦੇ ਨਕਸ਼ੇ ਵਿਚ ਪੱਛਮੀ ਪੰਜਾਬ ਨਹੀਂ ਹੈ। ਪਰ ਉਹਨੇ ਕਰਾਚੀ ਰੱਖਿਆ ਸੀ ਕਿ ਸਿੱਖਾਂ ਨੂੰ ਹੋਰਨਾਂ ਮੁਲਕਾਂ ਨਾਲ਼ ਵਪਾਰ ਕਰਨ ਲਈ ਬੰਦਰਗਾਹ ਵੀ ਤਾਂ ਚਾਹੀਦੀ ਹੈ। ਜਿਵੇਂ ਇਕ਼ਬਾਲ ਪਾਕਿਸਤਾਨ ਦਾ ਸਿਧਾਂਤਕਾਰ ਬਣ ਬੈਠਾ ਸੀ, ਓਵੇਂ ਖ਼ਾਲਿਸਤਾਨੀ ਹੁਣ ਹਰਿੰਦਰ ਸਿੰਘ ਮਹਿਬੂਬ ਨੂੰ ਅਪਣਾ ਸਿਧਾਂਤਕਾਰ ਬਣਾਈ ਬੈਠੇ ਹਨ। ਮਹਿਬੂਬ ਅਪਣੀ ਸਾਰੀ ਲਿਖਤ ਵਿਚ ਅਣਵੰਡੇ ਪੰਜਾਬ ਦੇ ਹੇਰਵੇ ਨਾਲ਼ ਹੂੰਗੀ ਜਾਂਦਾ ਹੈ। ਪਰ ਆਪ ਪੂਰਬੀ ਪੰਜਾਬ ਦੇ ਅਗਾਂਹ ਹੋਰ ਡੱਕਰੇ ਕਰਕੇ 'ਖ਼ਾਲਿਸਤਾਨ' ਬਣਾਉਣ ਦੇ ਸੁਪਨੇ ਲੈਂਦਾ ਚਲੇ ਗਿਆ। 'ਗੁਰਾਂ ਦੇ ਨਾਂ 'ਤੇ ਜੀਉਣ ਵਾਲ਼ੇ ਪੰਜਾਬ' ਵਿਚ ਖ਼ਾਲਿਸਤਾਨ ਤਾਂ ਕਿਤੇ ਨਹੀਂ ਟਿਕਦਾ। ਗੁਰਬਾਣੀ ਵਿੱਚੋਂ ਜੀਆਘਾਤੀ, ਪੰਜਾਬਘਾਤੀ, ਪੰਥਘਾਤੀ, ਆਤਮਘਾਤੀ ਖ਼ਾਲਿਸਤਾਨ ਨਹੀਂ ਨਿਕਲ਼ਦਾ। ਅਨੰਤ ਬ੍ਰਹਮੰਡ ਗੁਰਬਾਣੀ ਦਾ ਜੁਗਰਾਫ਼ੀਆ ਹੈ।

◆ ◆

ਖ਼ਾਸ ਕਰ ਕੇ ਪੰਜਾਬੀ ਵਿਚ ਸਿਆਸੀ ਕਵਿਤਾ ਲਿਖਣੀ ਸੌਖੀ ਨਹੀਂ। ਨਾਨਕਜੀ ਸਚ ਕੀ ਬਾਣੀ, ਖ਼ੂਨ ਕੇ ਸੋਹਿਲੇ ਬਾਬਰਵਾਣੀ ਲਿਖ ਕੇ ਪਰਮਤਾਮਾ ਨੂੰ ਨਹੋਰੇ ਦਿੰਦਿਆਂ ਮਹਾਨ ਦੁਖਾਂਤ ਦਾ ਹਰਫ਼-ਏ-ਆਖ਼ਿਰ ਲਿਖ ਗਏ। ਉਹਦਾ ਮੰਜ਼ਰ ਸਰਬਕਾਲੀ ਹੈ – ਉਹ ਭਾਵੇਂ ਸੰਨ 1521 ਵਿਚ ਉਤਰੀ ਬਾਬਰ ਦੀ ਪਾਪ ਦੀ ਜੰਞ ਹੈ ਤੇ ਭਾਵੇਂ ਸੰਨ 1984 ਵਿਚ ਇੰਦਰਾ ਦੀ। ਗੁਰੂਆਂ ਦੇ ਗੁਰੂ ਤੋਂ ਵੱਡੀ ਲੀਕ ਭਲਾ ਕੌਣ ਖਿਚ ਸਕਦਾ ਹੈ? ਇਵੇਂ ਹੀ ਜੰਗ ਦੇ ਖ਼ਿਲਾਫ਼ ਬਣਾਈ ਪਿਕਾਸੋ ਦੀ ਤਸਵੀਰ ਗਰਨੀਕਾ (1937) ਤਸਵੀਰ-ਏ-ਆਖ਼ਿਰ ਹੈ। ਵੀਅਤਨਾਮ ਤੇ ਇਰਾਕ਼ ਦੀਆਂ ਜੰਗਾਂ ਵਿਚ ਸਪੇਨੀ ਜੰਗ-ਏ-ਦਾਖ਼ਿਲਾ (ਸਿਵਲ ਵਾਰ) ਤੋਂ ਕਿਤੇ ਵਧ ਤਬਾਹੀ ਹੋਈ, ਪਰ ਪਿਕਾਸੋ ਦੇ ਪਨ੍ਹੇ ਦਾ ਕੋਈ ਚਿਤ੍ਰ ਨਹੀਂ ਬਣਿਆ।

ਕਿਸੇ ਲਿਖਾਰੀ ਤੋਂ ਇਹ ਤਵੱਕੋ ਰੱਖਣੀ ਜਾਂ ਉਹਨੂੰ ਕਿਸੇ ਸੰਸਥਾ ਦਾ ਹੁਕਮ ਚਾੜ੍ਹਨਾ ਕਿ ਉਹ ਫ਼ਲਾਂ ਵਿਸ਼ੇ ਜਾਂ ਘਟਨਾ ਬਾਰੇ ਲਿਖੇ ਜਾਂ ਨਾ ਲਿਖੇ; ਉਹਦੀ ਆਜ਼ਾਦੀ ਖੋਹਣ ਵਾਲ਼ੀ ਗੱਲ ਹੈ। ਪੰਜਾਬੀ ਵਿਚ ਸਿਆਸੀ ਘਟਨਾ ਬਾਰੇ ਕਵਿਤਾ ਲਿਖਣ ਦੀ ਰੀਤ ਕਿਉਂਕਿ ਬਾਬੇ ਨਾਨਕ, ਨਜਾਬਤ ਤੋਂ ਚਲਦੀ ਸ਼ਾਹ ਮੁਹੰਮਦ ਤਕ ਪੁੱਜੀ ਤੇ ਵੀਹਵੀਂ ਸਦੀ ਦਾ ਤਕਰੀਬਨ ਸਾਰਾ ਸਾਹਿਤ ਸਿਆਸੀ ਨੌਈਅਤ ਦਾ ਹੈ; ਸੋ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਲੇਖਕ ਸਾਹਿਬਾਨ ਸੰਨ ਸੰਤਾਲ਼ੀ ਬਾਰੇ ਲਿਖਣੋਂ ਉੱਕ ਕਿਉਂ ਗਏ?

ਸੰਤਾਲ਼ੀ ਦਾ ਵਿਰਲਾਪ ਤਿੰਨ-ਚਾਰ ਮੁਸਲਮਾਨ ਕਵੀਆਂ ਨੇ ਹੀ ਕੀਤਾ – ਦਾਮਨ, ਫ਼ੈਜ਼, ਸ਼ਰੀਫ਼ ਕੁੰਜਾਹੀ ਤੇ ਅਹਿਮਦ ਰਾਹੀ। ਕਿਸੇ ਨੂੰ ਪੰਜਾਬ ਦੇ ਟੁੱਟਣ ਦਾ ਦੁੱਖ ਨਹੀਂ ਤੇ ਨਾ ਇਹ ਪੰਜਾਬ ਦੇ ਮੁੜ ਇਕ ਹੋਣ ਦੀ ਗੱਲ ਕਰਦੇ ਹਨ। (ਉਂਜ ਇਹ ਗੱਲ ਤਾਂ ਕਿਸੇ ਸਿੱਖ ਹਿੰਦੂ ਕਵੀ ਨੇ ਵੀ ਨਹੀਂ ਕੀਤੀ।)[13] ਸਿੱਖਾਂ ਨੂੰ ਤਾਂ ਅਪਣੇ ਮੱਕੇ ਨਨਕਾਣੇ ਤੇ ਹੋਰ ਗੁਰਧਾਮਾਂ ਦਾ ਵਿਗੋਚਾ ਸੱਲ੍ਹਦਾ ਹੈ। ਉਨ੍ਹਾਂ ਨੂੰ ਤਾਂ ਜਮਰੌਦ ਤਕ ਹਰੀ ਸਿੰਘ ਨਲੂਏ ਦੇ ਘੋੜੇ ਦੀਆਂ ਟਾਪਾਂ ਸੁਣੀਂਦੀਆਂ ਨੇ। ਮੁਸਲਮਾਨਾਂ ਨੂੰ ਐਸਾ ਕਿਹੜਾ ਸੱਲ੍ਹ ਲੱਗਿਆ ਹੋਣਾ? ਮੁਸਲਮਾਨ ਕਵੀਆਂ ਤੇ ਸਿਆਸਤਦਾਨਾਂ ਨੂੰ ਤਾਂ ਢਿੱਡੋਂ ਖ਼ੁਸ਼ੀ ਹੁੰਦੀ ਹੈ ਕਿ ਉਨ੍ਹਾਂ ਨੂੰ ਥਾਲ਼ੀ ਵਿਚ ਪਰੋਸਿਆ ਪਾਕਿਸਤਾਨ ਮਿਲ਼ ਗਿਆ। ਲੱਖਾਂ ਲੋਕ ਮਰ-ਮੁਕ ਗਏ, ਤਾਂ ਕਿਹੜੀ ਆਖ਼ਰ

ਆ ਗਈ?[14] ਜਲੰਧਰੀਏ ਹਫ਼ੀਜ਼ ਜਲੰਧਰੀ, ਹਬੀਬ ਜਾਲਿਬ, ਅੰਬਰਸਰੀਏ ਸੈਫ਼ੁਦੀਨ ਸੈਫ਼ ਤੇ ਸੂਫ਼ੀ ਤਬੱਸੁਮ ਚੁੱਪ ਰਹੇ।[15] ਹੁਸ਼ਿਆਰਪੁਰੀਏ ਮੁਨੀਰ ਨਿਆਜ਼ੀ ਨੇ ਉਮਰ ਦੇ ਪਿਛਲੇ ਪਹਿਰ ਜਾ ਕੇ ਪੰਜਾਬ ਦੇ ਟੁੱਟਣ ਦੀ ਗੱਲ ਕੀਤੀ, ਪਰ ਨਾਲ਼ ਹੀ ਉਹਨੇ ਜਿਨਾਹ ਦਾ ਕ਼ਸੀਦਾ ਵੀ ਲਿਖਿਆ ਸੀ। ਬਟਾਲ਼ੇ ਦੇ ਜੰਮਪਲ਼ ਨਜਮ ਹੁਸੈਨ ਸੱਯਦ ਨੇ ਤਕਸੀਮ ਬਾਰੇ ਇਕ ਹਰਫ਼ ਵੀ ਨਹੀਂ ਲਿਖਿਆ। (ਇਹਨੇ ਮੈਨੂੰ ਭੇਤ ਵਾਲ਼ੀ ਇਹ ਗੱਲ ਦੱਸੀ ਕਿ ਇਹਦੀ ਹਰ ਨਜ਼ਮ ਤਕਸੀਮ ਬਾਰੇ ਹੈ! - ਫ਼ੋਨ 'ਤੇ ਹੋਈ ਗੱਲ, 31 ਜੁਲਾਈ 2016).

ਪੰਜਾਬ ਦੇ ਟੋਟੇ ਕਰਨੇ ਸਹੀ ਸੀ ਜਾਂ ਗ਼ਲਤ? ਅਪਣੇ-ਆਪ ਨੂੰ ਕਮਿਉਨਿਸਟ ਆਖਣ ਵਾਲ਼ੇ ਵੀ ਇਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰਦੇ।ਪੰਜਾਬੀ ਕਮਿਉਨਿਸਟ (ਜਿਨ੍ਹਾਂ ਚ ਬਹੁਤੇ ਸਿੱਖ ਸਨ) ਪਹਿਲਾਂ ਪਾਕਿਸਤਾਨ ਤੇ ਫੇਰ ਪੰਜਾਬੀ ਸੂਬੇ ਦੇ ਪਟਵਾਰੀ ਬਣੇ ਹੋਏ ਸੀ। ਹਰਕਿਸ਼ਨ ਸਿੰਘ ਸੁਰਜੀਤ ਨੇ ਸੰਨ 44 ਵਿਚ ਸਿੱਖ 'ਦੇਸ਼ਭੂਮੀਆ' - ਹੋਮ ਲੈਂਡ - ਦਾ ਨਕਸ਼ਾ ਬਣਾਇਆ ਸੀ। ਪੰਜਾਬੀ ਸੂਬੇ ਦਾ ਮੋਰਚਾ ਦਰਅਸਲ ਪੂਰਬੀ ਪੰਜਾਬ ਨੂੰ ਸਿੱਖ ਬਹੁਗਿਣਤੀ ਦਾ ਸੂਬਾ ਬਣਾਉਣ ਦਾ ਮੋਰਚਾ ਸੀ। ਪੰਜਾਬੀ ਕਮਿਉਨਿਸਟ ਪਾਰਟੀ ਤੇ ਇਹਦੇ ਅਸਰ ਹੇਠ ਸਾਰੇ ਪੰਜਾਬੀ ਲਿਖਾਰੀਆਂ ਨੇ ਪੂਰਬੀ ਪੰਜਾਬ ਨੂੰ ਅਗਾਂਹ ਹੋਰ ਵੰਡ ਦੇਣ ਦੀ ਡਟ ਕੇ ਹਿਮਾਇਤ ਕੀਤੀ ਸੀ।

ਪਾਕਿਸਤਾਨ ਵਿਚ ਟੂ ਨੇਸ਼ਨ ਥੀਊਰੀ ਯਾਨੀ ਨਜ਼ਰੀਆ-ਏ-ਪਾਕਿਸਤਾਨ ਦੀ ਬਦਖੋਹੀ ਕਰਨ ਵਾਲ਼ੇ ਨੂੰ ਦਸ ਸਾਲ ਤਕ ਦੀ ਸਖ਼ਤ ਕੈਦ ਦਾ ਕਾਨੂੰਨ ਹੈ। ਦਾਮਨ ਨੇ ਪਾਕਿਸਤਾਨ ਦੇ ਸਿੱਧਾਂਤ ਨੂੰ 'ਵਟਵਾਣੀ ਦਾ ਰੋੜ'[16] ਆਖਿਆ ਸੀ। ਵਟਵਾਣੀ ਦਾ ਮਤਲਬ ਹੈ: ਗੂੰਹ। "ਲੋਕਾਂ ਪਹਾੜਾਂ ਦੇ ਪਹਾੜ ਪਲ਼ਟ ਛੱਡੇ/ ਅਸੀਂ ਆ ਗਏ ਵਟਵਾਣੀ ਦੇ ਰੋੜ ਹੇਠਾਂ।"

ਪੰਜਾਬੀ ਮੁਸਲਮਾਨਾਂ ਕਵੀਆਂ ਨੇ ਪੰਜਾਬ ਦੇ ਲੱਖਾਂ ਲੋਕਾਂ ਦੇ ਉਜਾੜੇ ਨੂੰ ਹਿਜਰਤ ਦਾ ਮਜ਼ਹਬੀ ਰੰਗ ਨਹੀਂ ਚਾੜ੍ਹਿਆ। ਜਦ ਕਿ 'ਯੂ.ਪੀ.ਸੂ.ਪੀ.' ਤੋਂ ਉੱਠ ਕੇ ਗਏ ('ਮੁਹਾਜਰ') ਉਰਦੂ ਦੇ ਲਿਖਾਰੀਆਂ ਇੰਤਜ਼ਾਰ ਹੁਸੈਨ, ਜੌਨ ਇਲੀਆ ਵਗ਼ੈਰਾ ਨੇ ਉਜਾੜੇ ਨੂੰ ਹਜ਼ਰਤ ਮੁਹੰਮਦ ਦੀ ਹਿਜਰਤ ਦੀ ਅਗਲੀ ਕੜੀ ਆਖਿਆ। ਇਸ ਸੋਚ ਦਾ ਖ਼ੁਲਾਸਾ ਲਿਖਾਰੀ ਤੇ ਸਹਾਫ਼ੀ (ਪਤ੍ਰਕਾਰ) ਸਿਬਤੁਲ ਹਸਨ ਜ਼ੈਗ਼ਮ ਨੇ ਮੈਨੂੰ ਲਿਖੀ ਚਿੱਠੀ ਵਿਚ ਇੰਜ ਕੀਤਾ ਸੀ। (ਮੈਂ ਉਹਨੂੰ ਪੁੱਛਿਆ ਸੀ ਕਿ ਮੁਸਲਮਾਨ ਲਿਖਾਰੀਆਂ ਨੂੰਪੰਜਾਬ ਦੇ ਟੋਟੇ ਹੋਣ ਦਾ ਦੁੱਖ ਕਿਉਂ ਨਹੀਂ।[17] ਜ਼ੈਗ਼ਮ ਤੇ ਅਫ਼ਜ਼ਲ ਅਹਿਸਨ ਰੰਧਾਵੇ ਨੇ ਸੰਨ 84 ਬਾਅਦ ਖ਼ਾਲਿਸਤਾਨ ਦੀ ਹਿਮਾਇਤ ਵਿਚ ਬੜਾ ਕੁਝ ਲਿਖਿਆ ਸੀ।):

> ਮੁਸਲਮਾਨਾਂ ਵਿਚ ਆਮ ਕਰਕੇ ਇਹ ਰਵਾਇਤ ਪ੍ਰਧਾਨ ਰਹੀ ਐ ਕਿ ਹਰ ਮੁਲਕ, 'ਮੁਲਕੇ ਮਾਸਤ ਕਿ ਮੁਲਕ ਖ਼ੁਦਾਏ ਮਾਸਤ' ਯਾਨੀ ਕਿਉਂ ਜੁ ਹਰ ਮੁਲਕ ਰੱਬ ਦਾ ਹੈ, ਏਸ ਲਈ ਹਰ ਮੁਲਕ ਮੇਰਾ ਹੈ। ... ਹਜ਼ਰਤ ਮੁਹੰਮਦ ਜਦੋਂ ਅਪਣੀ ਜੰਮਣ-ਭੋਇੰ ਤੋਂ ਨੱਸਣ (ਹਿਜਰਤ ਕਰਨ) 'ਤੇ ਮਜਬੂਰ ਕਰ ਦਿੱਤੇ ਗਏ ਤੇ ਮਦੀਨਾ ਵਿਚ ਨਵੀਂ ਰਾਜਸੱਤਾ ਕਾਇਮ ਕਰਨ ਦੇ ਬਾਵਜੂਦ ਉਹ ਅਪਣੀ ਧਰਤੀ ਨੂੰ ਭੁੱਲ ਨਾ ਸਕੇ। ... ਮੁਸਲਮਾਨਾਂ ਦੀ ਆਮ ਕਰਕੇ ਸਾਇਕੀ ਇੰਜ ਦੀ ਏ। (ਲਹੌਰੋਂ 22 ਮਈ 1996 ਦੀ ਲਿਖੀ ਚਿੱਠੀ).

◆ ◆

ਬੰਗਾਲ ਵੀ ਤਾਂ ਪੰਜਾਬ ਨਾਲ਼ ਹੀ ਵੰਡਿਆ ਗਿਆ ਸੀ। ਓਥੋਂ ਦੇ ਸਾਹਿਤ ਵਿਚ ਵੀ ਕੋਈ ਗਿਣਨਜੋਗ ਰਚਨਾ ਨਹੀਂ ਹੋਈ। ਬੰਗਾਲ ਪਹਿਲਾਂ ਲੌਰਡ ਕਰਜ਼ਨ ਨੇ 1905 ਵਿਚ ਫ਼ਿਰਕੂ ਲੀਹਾਂ 'ਤੇ ਵੰਡ ਦਿੱਤਾ ਸੀ। ਸਾਰੇ ਬੰਗਾਲੀ ਇਕਜੁੱਟ ਹੋ ਕੇ ਤੇ ਟੈਗੋਰ ਵਰਗੇ ਲੇਖਕ ਅੱਗੇ ਲਗ ਕੇ ਇਸ ਵੰਡ ਨੂੰ ਤੁੜਵਾ ਕੇ ਹਟੇ ਸਨ। ਓਦੋਂ ਸਾਹਿਤ ਸਿਰਜਣਾ ਵੀ ਬੜੀ ਹੋਈ ਸੀ। ਪਰ ਸੰਨ ਸੰਤਾਲ਼ੀ ਤੋਂ ਬਾਅਦ ਕੋਈ ਕੰਮ ਦੀ ਰਚਨਾ ਨਹੀਂ ਹੋਈ ਤੇ ਹਰ ਕੋਈ ਸਿਰਫ਼ ਰਿਤਵਿਕ ਘਟਕ ਦੀਆਂ ਵੰਡ ਬਾਰੇ ਫ਼ਿਲਮਾਂ ਦੀ 'ਕਵਿਤਾ' ਦੀ ਹੀ ਮਿਸਾਲ ਦਿੰਦਾ ਹੈ।

ਸੰਨ 1948-50 ਵਿਚ ਰੂਸ ਦੀ ਬਣਾਈ ਵਰਲਡ ਪੀਸ ਕੌਂਸਲ (ਸੰਸਾਰ ਅਮਨ ਸਭਾ) ਨਾਲ਼ ਦੁਨੀਆ ਭਰ ਵਿਚ ਸ਼ੁਰੂ ਹੋਈ ਮੁਹਿੰਮ ਵਿਚ ਪੰਜਾਬੀ ਕਮਿਉਨਿਸਟ ਪਾਰਟੀ ਦੇ ਅਸਰ ਹੇਠ ਤਕਰੀਬਨ ਹਰ ਕਵੀ ਨੇ ਅਮਨ ਬਾਰੇ ਕਵਿਤਾ ਲਿਖੀ। ਪੰਜਾਬ ਨੇ ਜੰਗ ਦਾ ਤਜਰੁਬਾ ਸਿੱਧਾ ਹੰਢਾਇਆ ਤਾਂ ਨਹੀਂ ਸੀ, ਪਰ ਇੰਜ ਲਗਦਾ ਹੈ ਕਿ ਸਾਮਰਾਜੀ ਜੰਗ ਦੇ ਖ਼ਤਰੇ ਦੀ ਗੱਲ ਕਰਕੇ ਪੰਜਾਬੀ ਕਵੀਆਂ ਨੇ ਸੰਤਾਲ਼ੀ ਦਾ ਗੁੱਭਗਭਾਟ ਕਢ ਲਿਆ। ਇਸ ਕਵਿਤਾ ਵਿਚ ਪਹਿਲੀ ਜੰਗ ਵੇਲੇ ਦੇ ਪੋਠੋਹਾਰ ਦੇ ਗੀਤ ਝਲਕਦੇ ਹਨ।[18]ਪੰਜਾਬੀ ਕਵੀਆਂ ਦਾ ਸੰਤਾਲ਼ੀ ਬਾਰੇ ਬਹੁਤ ਘਟ ਜਾਂ ਉੱਕਾ ਹੀ ਨਾ ਲਿਖਣਾ ਇਸ ਹਵਾਲੇ ਨਾਲ਼ ਵੀ ਸਮਝਿਆ ਜਾ ਸਕਦਾ ਹੈ। ਅੱਜ ਸੱਤਰ ਸਾਲ ਬਾਅਦ ਇਹ ਗੱਲ ਅਜੀਬ ਲਗਦੀ ਹੈ ਕਿ ਜਿਹੜੇ ਕਵੀ ਹੀਰੋਸ਼ੀਮਾ ਨਾਗਾਸਾਕੀ, ਕੋਰੀਆ ਦੀ ਜੰਗ, ਸੰਨ 49 ਦੇ ਚੀਨ ਦੇ ਇਨਕਲਾਬ ਤੇ 'ਸਾਥੀ ਸਟਾਲਿਨ ਦੀ ਪਹਿਲਾਂ ਬੀਮਾਰੀ ਤੇ ਫੇਰ ਮੌਤ ਦੀ ਖ਼ਬਰ ਸੁਣ ਕੇ' ਸ਼ਾਇਰੀ ਕਰ ਰਹੇ ਸਨ, ਉਨ੍ਹਾਂ ਕੋਲ਼ੋਂ ਪੰਜਾਬ ਦੇ ਉਜਾੜੇ ਬਾਬਤ ਇਕ ਵੀ ਅੱਖਰ-ਸਾਰਖਾ ਨਾ ਸਰਿਆ।

◆ ◆

ਫ਼ੈਜ਼ ਨੇ ਅਗਸਤ 1947 ਤੋਂ ਝਟ ਪਿੱਛੋਂ ਅਪਣੀ ਹਾਸਿਲ ਨਜ਼ਮ ਲਿਖ ਲਈ ਸੀ; ਪੰਜਾਬੀ ਵਾਲ਼ੀ ਤੀਹ ਸਾਲਾਂ ਪਿੱਛੋਂ ਲਿਖੀ। ਹਰਿਭਜਨ ਸਿੰਘ ਨੇ 1947 ਚ ਹੀ ਲਿਖੀ।[19] ਅੰਮ੍ਰਿਤਾ ਨੇ '48 ਵਿਚ ਅਪਣੀ ਸ਼ਾਹਕਾਰ ਕਵਿਤਾ ਲਿਖੀ। ਮੋਹਨ ਸਿੰਘ ਸਿਰਫ਼ ਇੱਕੋ ਗ਼ਜ਼ਲ ਲਿਖ ਸਕਿਆ; ਪਰ ਉਹ ਮਾੜੀ ਸ਼ਾਇਰੀ ਦਾ ਬਿਹਤਰੀਨ ਨਮੂਨਾ ਹੈ।[20] ਬਹੁਤਿਆਂ ਨੇ ਦੇਰ ਪਾ ਕੇ ਸ਼ਾਇਰੀ ਓਦੋਂ ਕੀਤੀ, ਜਦ ਉਨ੍ਹਾਂ ਅਪਣੀਆਂ ਛੱਡੀਆਂ ਜੱਦੀ ਥਾਵਾਂ ਮੁੜ ਕੇ ਜਾ ਕੇ ਦੇਖੀਆਂ - ਅਹਿਮਦ ਰਾਹੀ, ਬਾਬੂ ਰਜਬ ਅਲੀ, ਮਜ਼ਹਰ ਤਿਰਮਜ਼ੀ, ਰਤਨ ਸਿੰਘ। ਸੰਤਾਲ਼ੀ ਦੇ ਲਾਗੇ ਜੰਮਿਆਂ ਨੇ ਸਾਂਝ ਦੇ ਹੇਰਵੇ ਤੇ ਜਗਿਆਸਾਵਸ ਲਿਖਿਆ। (ਰਾਮਪੁਰੀ, ਪਾਤਰ, ਮਿਨਹਾਸ, ਸੰਧੂ, ਭੱਟੀ)।

ਜਸਵੰਤ ਸਿੰਘ ਨੇਕੀ ਨੇ ਸੰਤਾਲ਼ੀ ਬਾਅਦ ਮਾਸਟਰ ਤਾਰਾ ਸਿੰਘ ਦੀ ਥਾਪਨਾ ਲੈ ਕੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂ ਬਣ ਕੇ 'ਸਿੱਖ ਹੋਮਲੈਂਡ' (ਦੇਸ਼ ਸਿੱਖਾਂ ਦਾ, ਨਾਮ ਅੰਗਰੇਜ਼ੀ) ਦਾ ਝੰਡਾ ਚੁੱਕਿਆ ਸੀ। ਫੇਰ ਇਹ ਦਿੱਲੀ ਦਰਬਾਰ ਦੇ ਲਡਿੱਕੇ ਬਣ ਗਏ। ਇਨ੍ਹਾਂ ਪੰਜਾਬ ਦੀ ਵੰਡ ਦੀ ਗੱਲ ਪੰਜਾਹ ਸਾਲਾਂ ਬਾਅਦ ਜਾ ਕੇ ਅਪਣੀ ਕਵਿਤਾ ਵਿਚ ਲਿਖੀ ਆਤਮਕਥਾ ਵਿਚ ਕੀਤੀ। (ਸਫ਼ਾ ++)

ਸੰਤਾਲ਼ੀ ਚ ਉੱਜੜੇ ਹਜ਼ਾਰਹਾ ਲੋਕ ਸਨ, ਜਿਹੜੇ ਕਰੀਰ ਹੋ ਗਏ। ਚੁੱਪ ਹੋ ਗਏ। ਡਰਾਉਣਾ ਸੁਪਨਾ ਵੀ ਭਲਾ ਕੌਣ ਚੇਤੇ ਰੱਖਣਾ ਚਾਹੁੰਦਾ ਹੈ? ਮੋਨੀਕਾ ਕੁਮਾਰ ਦੀ ਕਵਿਤਾ 'ਰਾਮ ਲਾਲ' ਇਸੇ ਚੁੱਪ ਦੀ ਕਵਿਤਾ ਹੈ। ਬੱਚੀ ਅਪਣੇ ਦਾਦੇ ਕੋਲ਼ੋਂ ਪਾਕਿਸਤਾਨ ਦੀਆਂ ਗੱਲਾਂ ਸੁਣਨਾ ਚਾਹੁੰਦੀ ਹੈ; ਪਰ ਦਾਦਾ ਘੇਸਲ਼ ਵੱਟ ਲੈਂਦਾ ਹੈ। ਦਾਦੀ ਅਸਲੋਂ ਹੀ ਕੋਈ ਗੱਲ ਨਹੀਂ ਕਰਦੀ। ਨੇਕੀ ਦੀ ਕਵਿਤਾ ਵਿਚ ਇਹ ਸਦਮਾ ਇੰਜ ਦਿਸਦਾ ਹੈ: ਤਦੋਂ ਇਕਲਾਪਾ ਮੈਨੂੰ ਰੱਜ ਕੇ ਡਰਾਉਣ ਲੱਗਾ / ਸਹਿਮ ਉੱਤੇ ਸਹਿਮ ਉੱਤੇ ਸਹਿਮ ਮੈਂ ਹੰਢਾਉਣ ਲੱਗਾ॥

◆ ◆

ਅੰਮ੍ਰਿਤਾ ਪ੍ਰੀਤਮ ਨੇ ਸੰਤਾਲ਼ੀ ਦੀਆਂ ਚਾਰ ਕਵਿਤਾਵਾਂ ਲਿਖੀਆਂ ਸਨ। ਪਰ ਇਹਦੀ 'ਅੱਜ ਆਖਾਂ ਵਾਰਿਸ ਸ਼ਾਹ ਨੂੰ…' ਸਭ ਤੋਂ ਵਧ ਜਾਣੀ ਜਾਂਦੀ ਹੈ। ਇਹਦੀ ਮਾਨਤਾ ਇਸ ਹੱਦ ਤਕ ਹੈ ਕਿ ਖ਼ੁਸ਼ਵੰਤ ਸਿੰਘ ਨੇ ਅੰਮ੍ਰਿਤਾ ਦੇ ਸੋਗਨਾਮੇ ਵਿਚ ਲਿਖਿਆ ਸੀ ਕਿ ਇਹਦਾ ਸਾਰਾ ਲਿਖਿਆ ਲੋਕ ਭੁਲ-ਭੁਲਾ ਦੇਣਗੇ, ਪਰ ਇਹ ਇਸ ਇੱਕੋ ਕਵਿਤਾ ਸਦਕੇ ਅਮਰ ਰਹੇਗੀ।

ਇਸ ਕਵਿਤਾ ਦੀ ਏਡੀ ਮਾਨਤਾ ਦਾ ਕੀ ਕਾਰਣ ਹੈ? ਇਹ ਕਵਿਤਾ ਲੋਕਗੀਤ ਵਾਂਙ ਉਸ ਵੇਲੇ ਦੇ ਹਰ ਪੰਜਾਬੀ ਦੇ ਮੂੰਹ 'ਤੇ ਚੜ੍ਹੀ ਹੋਈ ਸੀ। ਇਹ ਏਨੇ ਵੱਡੇ ਸਦਮੇ ਦਾ ਵਿਰਲਾਪ ਹੈ। ਇਹ ਪਾਇਆ ਹੋਇਆ ਕੀਰਨਾ ਹੈ। ਇਹਦੀ ਘੋਖ ਨਿਰਖ-ਪਰਖ ਹੁਣ ਜਾ ਕੇ ਹੋਣ ਲੱਗੀ ਹੈ। ਕੁਝਦਾਨੇਬੀਨੇ ਇਹਦੀ ਅਦਬੀ ਤੇ ਤ੍ਵਾਰੀਖ਼ੀ ਕੀਮਤ ਤੁੱਛ ਸਮਝਦੇ ਹਨ।

ਨਵਤੇਜ ਭਾਰਤੀ ਨੇ ਲਿਖਿਆ: "ਅੰਮ੍ਰਿਤਾ ਦੀ ਇਹ ਕਵਿਤਾ ਵੀ ਹਾਅ ਦਾ ਨਾਅਰਾ ਹੈ; ਪੰਜਾਬ ਦੀਆਂ ਰੋਂਦੀਆਂ ਧੀਆਂ ਦੇ ਹੱਕ ਵਿਚ।ਅੰਮ੍ਰਿਤਾ ਉਦੋਂ ਬੋਲੀ ਸੀ, ਜਦੋਂ ਉਹਦੇਸਮਕਾਲੀ ਗੂੰਗੇ ਹੋ ਗਏ ਸਨ। ਬਸ ਬੋਲਣ ਵਿਚ ਹੀ ਉਹਦੀ ਵਡਿਆਈ ਸੀ; ਕੇਹੋ ਜਿਹਾ ਬੋਲੀ ਸੀ, ਇਸ ਵਿਚ ਨਹੀਂ। ਗੂੰਗਪੁਣੇ ਨੂੰ ਤੋੜਨ ਲਈਊਲਜਲੂਲ ਵੀ ਉਪਨਿਸ਼ਦ ਹੁੰਦਾ ਹੈ। ਇਸ ਕਵਿਤਾ ਦਾ ਏਹੀ ਮੁੱਲ ਹੈ। ਇਹਨੇ ਜੀਭ-ਸੂਤਵੇਂ ਸਦਮੇ ਵਿਚ ਵੀ ਪੰਜਾਬੀ ਕਵਿਤਾ ਨੂੰ ਗੂੰਗੀ ਨਹੀਂਹੋਣ ਦਿੱਤਾ ਸੀ।" ਪਰ ਨਾਲ਼ ਹੀ ਭਾਰਤੀ ਨੇ ਇਸੇ ਲੇਖ ਵਿਚ ਲਿਖਿਆ ਕਿ ਇਹ ਕਵਿਤਾ ਇਤਿਹਾਸ ਤੇ ਸਾਹਿਤ ਦੇ ਤਰਕ ਦੀ ਘੱਸਵੱਟੀ 'ਤੇ ਖਰੀ ਨਹੀਂ ਉਤਰਦੀ: "ਇਹਦੇ ਵਿਚਸੰਤਾਲ਼ੀ ਵੀ ਸੰਤਾਲ਼ੀ ਵੇਲੇ ਨਹੀਂ, ਵਾਰਿਸ ਦੇ ਪੰਜਾਬ ਵਿਚ ਵਾਪਰਦਾ ਹੈ। .ਇਹਦੇ॥ ਵੇਰਵੇ ਸੰਤਾਲ਼ੀ ਦੇ ਪੰਜਾਬ ਦੇ ਨਹੀਂ। ਉਸ ਪੰਜਾਬ ਦੇ ਹਨ, ਜੋ ਬੀਤ ਗਿਆ ਹੈ; ਜਿਹਨੂੰਪੱਚੀ ਵਰ੍ਹੇ ਪਹਿਲਾਂ ਪੂਰਨ ਸਿੰਘ ਨੇ ਵਾਜਾਂ ਮਾਰੀਆਂ ਸਨ। ਕਵਿਤਾ ਵਿਚ ਥਾਂ-ਥਾਂ 'ਅੱਜ' ਸ਼ਬਦ ਵਰਤਿਆ ਗਿਆ ਹੈ। ਪਰ 'ਅੱਜ ਲੱਖਾਂ ਧੀਆਂਰੋਂਦੀਆਂ' ਪੰਕਤੀ ਵਾਲ਼ਾ ਅੱਜ ਹੀ ਅੱਜ ਦਾ ਹੈ। ਬਾਕੀ ਸਾਰੇ ਅੱਜ ਦੋ ਢਾਈ ਸੌ ਸਾਲ ਪੁਰਾਣੇ ਹਨ।ਮੈਨੂੰ ਲਗਦਾ ਹੈ ਇਹ ਕਵਿਤਾ ਪਹਿਲੀਆਂ ਚਾਰ-ਕੁ ਪੰਕਤੀਆਂ ਕਰਕੇ ਹੀ ਪੰਜਾਬ ਦੀ ਸਿਮਰਤੀ ਵਿਚ ਟਿਕੀ ਹੋਈ ਹੈ। … ਸੰਤਾਲ਼ੀ ਦੀ ਘਟਨਾ ਵੀ ਪੰਜਾਬ ਦੇ ਇਤਿਹਾਸ ਦੀ ਕਿਸੇ ਹੋਰ ਘਟਨਾ ਵਰਗੀਨਹੀਂ ਸੀ। ਸਦੀਆਂ ਤੋਂ ਜੈਕਾਰੇ ਲਾਉਣ ਵਾਲ਼ਾ ਪੰਜਾਬ ਨਮੋਸ਼ੀ ਵਿਚ ਗ਼ਰਕ ਗਿਆ ਸੀ। ਸਾਡੇ ਕੋਲ਼ ਨਮੋਸ਼ੀ ਦਾ ਮੁਹਾਵਰਾ ਨਹੀਂ ਸੀ। ਹੁਣ ਵੀਨਹੀਂ ਹੈ। ਇਸ ਕਰਕੇ ਸਾਡੇ ਸਾਹਿਤ ਨੇ ਸੰਤਾਲ਼ੀ ਨੂੰ ਕਟਾਵੱਢੀ, ਬਲਾਤਕਾਰ, ਉਧਾਲ਼ੇ ਤੇ ਦੰਗੇ ਫ਼ਸਾਦਾਂ ਦੇ ਰੂਪ ਵਿਚ ਹੀ ਵੇਖਿਆ ਹੈ; ਨਮੋਸ਼ੀਦੀ ਚੁੱਪ ਵਿਚ ਨਹੀਂ।…ਹੀਰ ਦਾ ਤੇ ਸੰਤਾਲ਼ੀ ਦੀਆਂ ਲੱਖਾਂ ਧੀਆਂ ਦਾ ਦੁੱਖ ਇੱਕੋ ਨਹੀਂ ਹੈ।…ਵਾਰਿਸ ਦਾ ਮੁਹਾਵਰਾ ਪਿਆਰ ਦੀ ਕਵਿਤਾ ਦਾ ਮੁਹਾਵਰਾ ਹੈ। ਪਰ ਸੰਤਾਲ਼ੀ ਦੀ ਤ੍ਰਾਸਦੀ ਟੁੱਟੇ ਪਿਆਰ ਦੀ ਤ੍ਰਾਸਦੀ ਨਹੀਂ। ਪਿਆਰ ਦੇ ਮੁਹਾਵਰੇ ਵਿਚ ਢਲ਼ ਕੇ ਇਸ (ਕਵਿਤਾ) ਦਾ ਸੰਤਾਪ ਉਪਹਾਸ (Farce) ਬਣ ਗਿਆ ਹੈ।"[21]

ਭਾਸ਼ਾਵਿਦ ਪ੍ਰੋਫ਼ੈਸਰ ਹਰਜੀਤ ਸਿੰਘ ਗਿਲ ਦਾ ਕਹਿਣਾ ਹੈ: "ਇਸ ਕਵਿਤਾ ਵਿਚ ਹੀਰ ਤੇ ਵਾਰਿਸ ਨੂੰ ਧਿਆਉਣਾ ਉਜੱਡਪੁਣਾ ਹੈ। ਕਿੱਥੇ ਜੀਣ-ਥੀਣ ਦੇ ਵਖਤਾਂ ਚ ਫਾਥੀ ਹੀਰ ਤੇ ਕਿੱਥੇ ਲਖੂਖਾ ਪੰਜਾਬੀਆਂ ਦਾ ਘਾਣ, ਕਤਲ-ਏ-ਆਮ, ਤੇ ਔਰਤਾਂ ਦੀ ਬੇਹੁਰਮਤੀ। ਅਪਣੀ ਮਰਜ਼ੀ ਦੇ ਖ਼ਿਲਾਫ਼ ਵਿਆਹੇ ਜਾਣਾ ਕੀ ਰੁਮਾਂਸ ਦੀ ਸਮੱਸਿਆ ਹੈ? … ਸੋਚ-ਰੱਖੀ ਬਚਗਾਨਾ ਦੁਨੀਆ ਚ ਵਸਦੇ ਨਿਮਨਤਮ ਬੌਧਿਕ ਪੱਧਰ ਦੇ ਹੁਣ ਦੇ ਲਿਖਾਰੀਆਂ ਤੇ ਪਾਠਕਾਂ ਨਾਲ਼ੋਂ ਤਾਂ ਅਠਾਰ੍ਹਵੀਂ ਸਦੀ ਦੇ ਸਾਡੇ ਕਿੱਸਾਕਾਰਾਂ ਨੂੰ ਹੀ ਜ਼ਿੰਦਗੀ ਮੌਤ, ਮਨੁੱਖੀ ਰਿਸ਼ਤਿਆਂ ਦਾ ਬਹੁਤਾ ਪਤਾ ਸੀ। … ਅੰਮ੍ਰਿਤਾ ਦੀ ਕਵਿਤਾ ਪਾਕਿਸਤਾਨ ਵਿਚ ਮਕਬੂਲ ਕਿਉਂ ਹੈ? ਸਿਰਫ਼ ਏਸ ਕਰਕੇ ਕਿ ਇਹ ਵਾਰਿਸ ਨੂੰ ਧਿਆਂਵਦੀ ਹੈ। ਪਾਕਿਤਸਾਨੀ ਪੰਜਾਬੀ ਵਾਸਤੇ ਇਹੀ ਬਹੁਤ ਹੈ। ਉਹ ਕਦੇ ਸਵਾਲ ਨਹੀਂ ਪੁੱਛਦਾ ਕਿ ਕਿਉਂ? ਸਵਾਲ ਪੁੱਛਣਾ ਤਾਂ ਪੰਜਾਬੀਆਂ ਦਾ ਸੁਭਾਅ ਹੀ ਨਹੀਂ ਹੈ।"[22]

ਮਦਨ ਗੋਪਾਲ ਸਿੰਘ ਦੀ ਅੰਮ੍ਰਿਤਾ ਪ੍ਰੀਤਮ ਦੀ ਇਸ ਕਵਿਤਾ ਬਾਰੇ ਇਹ ਰਾਏ ਹੈ: "ਇਹ ਕਵਿਤਾ ਨਿਰੀ ਹੋਣੀ ਦੀ ਗੱਲ ਕਰਦੀ ਹੈ। ਇੱਛਾ-ਸ਼ਕਤੀ ਤੇ ਹੋਣੀ ਦਾ ਕਿਤੇ ਮੇਲ਼ ਨਹੀਂ ਹੁੰਦਾ। ਇੱਛਾ-ਸ਼ਕਤੀ ਹੋਂਦ ਦੀ ਰਾਜਨੀਤੀ ਚੋਂ ਨਿਕਲ਼ਦੀ ਹੈ ਤੇ ਹੋਣੀ ਬੇਬਸੀ ਦੇ ਮੈਲੋਡਰਾਮੇ ਅੱਗੇ ਗੋਡੇ ਟੇਕ ਦਿੰਦੀ ਹੈ। ਲੋਕਗੀਤ ਵੀ ਇੱਛਾ-ਸ਼ਕਤੀ ਦਾ ਵਾਹਕ ਹੁੰਦਾ ਹੈ। … ਅੰਮ੍ਰਿਤਾ ਨਿਰੀ ਕਤਲੋ-ਗ਼ਾਰਤ ਦੀ ਗੱਲ ਕਰਦੀ ਹੈ; ਨਵੇਂ ਪ੍ਰਬੰਧ (ਔਰਡਰ) ਦੀ ਨਹੀਂ। ਨਵੇਂ ਦੀ ਗੱਲ ਕਰਨ ਲਈ ਪੁਰਾਤਨ ਦੀ ਪੜਚੋਲ਼ ਕਰਨੀ ਪੈਣੀ ਸੀ, ਜਿਹਦੇ ਕਰਕੇ ਪੰਜਾਬ ਦਾ ਏਨਾ ਘਾਣ ਹੋਇਆ। ਏਥੋਂ ਤਕ ਕਿ ਵਿਰੇਚਨ (ਕਥਾਰਸਿਸ) ਵੀ ਨਵੇਂ ਪ੍ਰਬੰਧ ਨੂੰ ਬਹਾਲ ਕਰਨ ਲਈ ਹੁੰਦਾ ਹੈ। ਇਸ ਕਵਿਤਾ ਵਿਚ ਹੇਮਰਟੀਆ (Hamartia ਟ੍ਰੈਜਿਕ ਫ਼ਲੌਅ - ਦੁਖਾਂਤਕ ਪਤਨ) ਕਿੱਥੇ ਹੈ? ਵਾਰਿਸ ਨੇ ਕਿਤੇ ਵੀ ਹੀਰ ਨੂੰ ਪੰਜਾਬ ਦੀ ਧੀ ਨਹੀਂ ਸੀ ਆਖਿਆ ਤੇ ਨਾ ਵੈਣ ਲਿਖ-ਲਿਖ ਮਾਰੇ ਸਨ।"[23]

ਸ਼ੋਕ ਕਿ ਪੰਜਾਬੀ ਸਾਹਿਤ ਆਲੋਚਨਾ ਵਿਚ ਕੋਈ ਇਸਤ੍ਰੀ ਚਿੰਤਕ ਨਹੀਂ ਉੱਭਰੀ। (ਪੁਰਸ਼ ਆਲੋਚਕ ਵੀ ਨਾ-ਹੋਇਆਂ ਵਰਗੇ ਹੀ ਹਨ।) ਪੰਜਾਬੀ ਪਿਛੋਕੇ ਵਾਲ਼ੀਆਂ ਕਈ ਬੀਬੀਆਂ ਅਮਰੀਕਾ ਦੀਆਂ ਯੂਨੀਵਰਸਟੀਆਂ ਵਿਚ ਅੰਗ੍ਰੇਜ਼ੀ ਸਾਹਿਤ ਦੀਆਂ ਸਿਧਾਂਤਕਾਰ ਬਣੀਆਂ ਬੈਠੀਆਂ ਹਨ (ਆਨੀਆ ਲੂੰਬਾ, ਕੁਮਕੁਮ ਸਾਂਗਰੀ, ਸਾਰਾ ਸੁਲੇਰੀ ਤੇ ਹੋਰ)। ਪਰ ਹਾਲੀ ਤਕ ਕਲਾਸਕੀ ਤੇ ਅਜੋਕੇ ਪੰਜਾਬੀ ਸਾਹਿਤ ਵਲ ਕਿਸੇ ਦਾ ਧਿਆਨ ਨਹੀਂ ਗਿਆ।

ਮੇਰੇ ਆਖਣ 'ਤੇ ਕਵਿਤਰੀ ਤੇ ਅੰਗ੍ਰੇਜ਼ੀ ਦੀ ਉਸਤਾਨੀ ਮੋਨੀਕਾ ਕੁਮਾਰ[24] ਨੇ ਲਿਖਿਆ: "ਅੰਮ੍ਰਿਤਾ ਪ੍ਰੀਤਮ ਨੇ ਇਸ ਕਵਿਤਾ ਵਿਚ ਵੰਡ ਉਪਰੰਤ ਪੰਜਾਬ ਦੇ ਹਾਲਾਤ ਬਿਆਨ ਕੀਤੇ ਤੇ ਇਸ ਬਿਆਨ ਵਾਸਤੇ ਉਹ ਪ੍ਰਚਲਿਤ ਰੂਪਕ ਵਰਤਦੀ ਹੈ ਤੇ ਸਾਰੀ ਕਵਿਤਾ ਓਸੇ ਰੂਪਕ ਨੂੰ

ਧਿਆਨ ਵਿਚ ਰਖ ਕੇ ਅਪਣੀ ਗੱਲ ਕਰਦੀ ਹੈ। ... ਕੋਈ ਕਵੀ ਅਪਣੀ ਗੱਲ ਕਹਿਣ ਲਈ ਲੋਕ ਜਾਂ ਪ੍ਰਕ੍ਰਿਤੀ ਦੇ ਜਿਹੜੇ ਬਿੰਬ ਚੁਣਦਾ ਹੈ, ਤਾਂ ਕਵਿਤਾ ਵਿਚ ਓਸੇ ਬਿੰਬ ਨੂੰ ਨਿਭਾਉਣਾ ਹੁੰਦਾ ਹੈ; ਨਹੀਂ ਤਾਂ ਕਵਿਤਾ ਖਿੰਡ ਜਾਂਦੀ ਹੈ। ਇਸ ਭਾਵਭੂਮੀ ਦਾ ਨਿਰਬਾਹ ਕਵਿਤਾ ਦਾ ਅੰਦਰੂਨੀ ਤਰਕ ਹੁੰਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਪੰਜਾਬ ਦੀ ਤ੍ਰਾਸਦੀ ਲਈ ਇਸ਼ਕ, ਹੀਰ ਰਾਂਝੇ ਤੇ ਉਸ ਨਾਲ਼ ਜੁੜੇ ਬਿੰਬ ਚੁਣੇ ਹਨ ਤੇ ਓਸੇ ਨੂੰ ਹੀ ਪੂਰੀ ਕਵਿਤਾ ਚ ਨਿਭਾਇਆ ਹੈ। ... ਸੰਤਾਲ਼ੀ ਦਾ ਸੰਤਾਪ ਇਸ ਕਵਿਤਾ ਵਿਚ ਉਪਹਾਸ ਤਾਂ ਕਤਈ ਨਹੀਂ ਬਣਦਾ। ਇਹਦੀ ਰੇਂਜ ਸੀਮਿਤ ਏ – ਇਹ ਕਿਹਾ ਜਾ ਸਕਦਾ ਹੈ; ਨਾਲ਼ੇ ਅੰਮ੍ਰਿਤਾ ਨੇ ਇਕ ਕਵਿਤਾ ਲਿਖੀ, ਸੰਤਾਪ ਹੰਢਾਉਂਦੇ ਮਨੁੱਖਾਂ ਨੂੰ ਕੋਈ ਢਾਰਸ ਮਿਲ਼ਿਆ ਹੋਵੇਗਾ; ਕਿਉਂਕਿ ਸਾਰੀ ਰਾਜਨੀਤੀ ਵਿਚ ਕਿਤੇ ਪ੍ਰੇਮ ਦੀ ਤ੍ਰਾਸਦੀ ਵੀ ਤਾਂ ਹੋਈ ਹੋਵੇਗੀ, ਉਹਦਾ ਉਲੇਖ ਬਾਹਰ ਤਾਂ ਨਹੀਂ ਕਢ ਸਕਦੇ। ਲੱਖ ਗੱਲਾਂ ਕਰ ਲਓ; ਪਰ ਅਸਲ ਚ ਆਮ ਮਨੁੱਖ ਲਈ ਜੋ ਮਹਤਵਪੂਰਣ ਰਹਿੰਦਾ ਏ, ਓਹ ਹੈ ਉਹਦਾ ਨਿਜੀ ਜੀਵਨ, ਉਹਦੀ ਪ੍ਰੇਮ ਕਹਾਣੀ ਤੇ ਉਹਦਾ ਹੋਇਆ ਘਾਣ। ਕਿਸੇ ਵੱਡੀ ਘਟਨਾ ਬਾਅਦ ਤਰ੍ਹਾਂ–ਤਰ੍ਹਾਂ ਦੀਆਂ ਆਵਾਜ਼ਾਂ ਰੈਜ਼ੋਨੇਟ ਕਰਦੀਆਂ ਹਨ ਤੇ ਕੋਈ ਆਵਾਜ਼ ਅੰਤਿਮ ਤੇ ਪਰਿਪੂਰਣ ਤਾਂ ਨਹੀਂ ਹੁੰਦੀ।''

ਅੰਗ੍ਰੇਜ਼ੀ ਨਾਵਲਕਾਰ ਨੀਲ ਕਮਲ ਪੁਰੀ ਦੀ ਇਸ ਕਵਿਤਾ ਬਾਰੇ ਇਹ ਰਾਏ ਹੈ: ''ਕਵਿਤਾ ਵਿਚ ਕੁਝ ਬਿੰਬ ਸਦਮੇ ਤੇ ਤਬਾਹੀ ਦੇ ਰੂਪਕ ਬਣ ਕੇ ਟਿਕ ਜਾਂਦੇ ਨੇ। ਐਸੇ ਬਿੰਬ ਜਦ ਇਕ ਵਾਰੀ ਜੜੇ ਜਾਣ, ਤਾਂ ਫੇਰ ਬਾਕੀ ਕੋਈ ਪੁੱਛਣ–ਵਾਲ਼ਾ ਸਵਾਲ ਰਹਿ ਨਹੀਂ ਜਾਂਦਾ। ਯੀਟਸ ਨੇ ਆਖਿਆ ਸੀ ਕਿ ਜਦ ਸਭ ਕੁਝ ਢਹਿ–ਢੇਰੀ ਹੋ ਜਾਏ ਤੇ ਉਹਦਾ ਕੋਈ ਧੁਰਾ ਹੀ ਨਾ ਰਹੇ, ਤਾਂ ਵੀਹਵੀਂ ਸਦੀ ਦੇ ਇਤਿਹਾਸ ਸਮਾਜ ਵਿਚ ਧਰਤੀ ਹਿਲਾ ਦੇਣ ਵਾਲ਼ੇ ਝਟਕਿਆਂ ਤੇ ਤਬਾਹਕੁਨ ਤਬਦੀਲੀਆਂ ਦਾ ਇੱਕੋ ਬਿੰਬ ਸਾਲਮ–ਸਬੂਤਾ ਬਚਿਆ ਰਹਿੰਦਾ ਹੈ।

''ਪੰਜਾਬ ਦੇ ਹਵਾਲੇ ਨਾਲ਼ ਅੰਮ੍ਰਿਤਾ ਦੀ ਵਾਰਿਸ ਸ਼ਾਹ ਨੂੰ ਮਾਰੀ ਹਾਕ ਵੱਡੇ ਉਜਾੜੇ ਦੀ ਸੋਗ ਵਿਚ ਡੁੱਬੀ ਚੀਕ ਹੈ। ਇਹ ਏਨਾ ਜ਼ੋਰਦਾਰ ਬਿੰਬ ਹੈ ਕਿ ਪੰਜਾਬ ਦੀ ਧਰਤੀ ਦੇ ਦੋ ਮੋਟਿਫ਼ਾਂ (ਮੂਲਭਾਵਾਂ) – ਇਹਦੀ ਪ੍ਰੇਮ ਕਹਾਣੀ ਤੇ ਖ਼ੁਸ਼ਹਾਲੀ ਦੇ ਮੋਟਿਫ਼ਾਂ – ਨੂੰ ਜੋੜਦਾ ਹੈ। ਫੇਰ ਕਵਿਤਾ ਵਿਚ ਆਏ ਹੋਰ ਆਮ–ਜਾਣੇ ਬਿੰਬਾਂ ਵਲ ਧਿਆਨ ਹੀ ਨਹੀਂ ਜਾਂਦਾ। ਚੇਤੇ ਵਿਚ ਸ਼ੁਰੂ ਦੀਆਂ ਦੋ ਸਤਰਾਂ ਹੀ ਟਿਕੀਆਂ ਹਿੰਦੀਆਂ ਹਨ – ਜਿਨ੍ਹਾਂ ਵਿਚ ਤਰਲਾ ਹੈ ਤੇ ਢਹਿ–ਢੇਰੀ ਹੋ ਰਹੀ ਦੁਨੀਆ ਦੇ ਵੀਰਾਨੇ ਵਿਚ ਮਾਰੀ ਕੂਕ ਹੈ।

''ਇਸ ਤੋਂ ਅੱਗੇ ਕਵਿਤਾ ਵਿਚ ਨਫ਼ਰਤ ਦੀ ਤਸਵੀਰ ਹੈ। ਬੇਲੇ ਲਾਸ਼ਾਂ ਨਾਲ਼ ਭਰੇ ਪਏ ਨੇ; ਨਦੀਆਂ ਲਹੂ ਨਾਲ਼ ਭਰੀਆਂ ਹਨ; ਖੇਤਾਂ ਵਿਚ ਜ਼ਹਿਰ ਉੱਗੀ ਪਈ ਹੈ। ਪਰ ਮੁੱਢਲਾ ਤੇ ਅੰਤਲਾ ਜ਼ੋਰ ਦੇਣ ਲਈ ਦੁਹਰਾਇਆ ਬਿੰਬ ਏਨਾ ਕੁ ਪ੍ਰਗਾੜ੍ਹ ਹੈ ਕਿ ਇਸ ਵਿਚ ਆਸ਼ਾ ਤੇ ਨਿਰਾਸ਼ਾ ਦੋਹਵੇਂ ਨਿਹਿਤ ਹਨ।''[26]

ਇਹਦਾ ਜਵਾਬ ਮਦਨ ਗੋਪਾਲ ਸਿੰਘ ਨੇ ਇੰਜ ਦਿੱਤਾ: ''ਇਹ ਬਿੰਬ ਨਾ ਵਾਰਿਸ ਦਾ ਹੈ; ਨਾ ਉਹਦੀ ਕਬਰ ਦਾ ਤੇ ਨਾ ਅਖੌਤੀ ਪ੍ਰੇਮ ਗਾਥਾ ਦਾ। (ਮੈਨੂੰ ਤਾਂ ਇਹ ਵੀ ਯਕੀਨ ਨਹੀਂ ਕਿ ਹੀਰ ਵਾਰਿਸ ਸੱਚੀਂ ਕੋਈ ਪ੍ਰੇਮ ਗਾਥਾ ਹੈ।) ਕਵਿਤਾ ਦਾ ਮੁੱਢਲਾ ਬਿੰਬ ਗੱਲ ਸ਼ੁਰੂ ਕਰਨ ਜਾਂ ਪ੍ਰਵੇਸ਼ ਕਰਨ ਮਾਤ੍ਰ ਲਈ ਹੀ ਵਰਤਿਆ ਗਿਆ ਹੈ। ਬਿੰਬ ਤਾਂ ਅਸਲ ਵਿਚ ਇਹ ਬਣਦਾ ਹੈ: ਕੋਈ ਹੋਣੀ ਦੀ ਮਾਰੀ ਏਕਾਲਾਪ ਕਰ ਰਹੀ ਔਰਤ ਹੈ, ਜੋ ਤਬਾਹੀ ਦੇ ਲੈਂਡਸਕੇਪ ਵਿਚ ਖਲੋਤੀ ਹੈ; ਜਿਹਦੀ ਹੱਡੀਂ–ਹੰਢਾਈ ਜਾਂ ਸੋਚ–ਰੱਖੀ ਦੁਨੀਆ ਲੁੱਟੀ ਗਈ ਹੈ। ਜੇ ਮੁਕਾਬਿਲਾ ਕਰਨਾ ਹੀ ਹੋਵੇ, ਤਾਂ ਯੀਟਸ ਦੀ ਥਾਂ ਇਹਦਾ ਟਾਕਰਾ ਨਰੂਦਾ ਦੀ ਸਪੇਨੀ ਖ਼ਾਨਾਜੰਗੀ ਬਾਰੇ ਕਵਿਤਾ 'ਕੁਝ ਗੱਲਾਂ ਦੀ ਮੇਰੀ ਵਿਆਖਿਆ' ਓਣਪਲਚਿੋ ਓਲਗੁਨਅਸ ਛੋਸਅਸ (1947)ਨਾਲ਼ ਕੀਤਾ ਜਾ ਸਕਦਾ ਹੈ। ਨਰੂਦਾ ਦੀ ਇਹ ਕਵਿਤਾ ਦੂੰਦ੍ਵਆਲਾਪ (ਡਾਇਆਲੌਗ) ਹੈ। ਇਸ ਵਿਚ ਕਵੀ ਅਪਣੇ ਅਧਿਸ੍ਰੈਪਨੰ ਇਟਅ–ਸਏਲਾਹੋਦਦਾ ਅਸਥਾਪਨ ਨਹੀਂ ਕਰਦਾ ਜਾਂ ਅਪਣੇ ਆਪ ਨੂੰ ਅਜੋਕੇ ਯੁੱਗ ਦੇ ਹੰਢਾਏ ਜਾਂ ਕਾਲਪਨਿਕ ਸਦਮੇ ਦਾ ਮੂਲ–ਆਕ੍ਰਿਤੀ ਚਿੰਨ੍ਹ ੳਰਚਹਏਟੇਪਏ ਬਣਾ ਕੇ ਪੇਸ਼ ਨਹੀਂ ਕਰਦਾ।

''ਇਹ ਕਵਿਤਾ ਔਰਤ ਦੀ ਆਵਾਜ਼ ਵਿਚ ਹੀ ਲਿਖੀ ਜਾ ਸਕਦੀ ਸੀ; ਕਿਸੇ ਮਰਦ ਦੀ ਆਵਾਜ਼ ਵਿਚ ਨਹੀਂ। ਔਰਤ ਦੇ ਤਹਿਜ਼ੀਬ ਤੇ ਅਜੋਕੇ ਯੁਗੰ ਦਇਰਨਟਿ ਦੇ ਮੂਲ–ਆਕ੍ਰਿਤੀ ਚਿੰਨ੍ਹ ਹੋਣ ਦੀ ਤਾਈਦ ਟੈਗੋਰ ਦੀਆਂ ਲਿਖਤਾਂ (ਘਰੇ ਬਾਇਰੇ, ਗੋਰਾ, ਚਾਰ ਅਧਿਆਯ, ਨਸ਼ਟ ਨੀੜ – 'ਚਾਰੂਲਤਾ' ) ਤੇ ਰਿਤਵਿਕ ਘਟਕ ਦੀਆਂ ਫ਼ਿਲਮਾਂ ਵਿਚ ਵੀ ਹੁੰਦੀ ਹੈ। ਇਹ ਗੱਲ ਸ਼ਿਵ ਜੀ 'ਤੇ ਨਹੀਂ ਢੁੱਕਦੀ; ਕਿਉਂਕਿ ਉਹ ਅਰਧਨਾਰੀਸ਼੍ਵਰ ਜੁ ਹੈ।''

◆ ◆

ਸੰਤਾਲ਼ੀ ਬਾਰੇ ਰਵਾਇਤੀ ਕਿੱਸੇ ਵੀ ਛਪੇ। ਇਹ ਕਿੱਸਾਕਾਰ 'ਖੁੱਲ੍ਹੇ' ਕਵੀਆਂ ਨਾਲ਼ੋਂ ਸਮਾਜੀ ਅਸਲੀਅਤ ਦੇ ਵਧੇਰੇ ਨੇੜੇ ਸਨ। ਇਹ ਕਿੱਸੇ ਮੁਕਾਮੀ ਤ੍ਵਾਰੀਖ਼ ਦੇ ਚੰਗੇ ਨਮੂਨੇ ਹਨ। ਇਨ੍ਹਾਂ ਵਿਚ ਇਸਲਾਮ ਤੇ ਮੁਸਲਮਾਨਾਂ ਤਾਈਂ ਤੁਅੱਸਬ ਦਾ ਰੰਗ ਉੱਘੜਵਾਂ ਹੈ।

◆ ◆

ਪੰਜਾਬੀ ਕਵੀ ਅਪਣੀ ਰਚਨਾ ਵਿਚ ਬਾਬੇ ਫ਼ਰੀਦ ਤੋਂ ਸ਼ੁਰੂ ਹੋ ਕੇ 'ਪੀਰਾਂ ਫ਼ਕੀਰਾਂ ਗੁਰੂਆਂ ਦੀ ਧਰਤੀ' ਦਾ ਕਲਿਆਣ ਤਾਂ ਕਰਦੇ ਹਨ; ਪਰ ਪੰਜਾਬ ਦੀ ਹੋਣੀ ਦੀ ਗੱਲ ਕੋਈ ਨਹੀਂ ਕਰਦਾ। ਅਸੀਂ ਕੀ ਕਰ ਬੈਠੇ; ਅਗਾਂਹ ਕੀ ਹੋਣਾ ਹੈ; ਕੀ ਹੋਣਾ ਚਾਹੀਦਾ ਹੈ; ਇਸ ਬਾਰੇ ਕਿਸੇ ਦੀ ਕੋਈ ਚਿੰਤਾ ਨਹੀਂ। ਲੇਖਕ ਤੋਂ ਐਸੀ ਤਵੱਕੋ ਰੱਖਣੀ ਮੂਰਖਤਾ ਨਹੀਂ। ਸਿਆਸਤਦਾਨ ਤੇ ਪਨਸਾਰੀ ਭਾਵੇਂ ਅਸਲੀਅਤਪਸੰਦ ਹੁੰਦਾ ਹੈ, ਪਰ ਕਵੀ–ਚਿੰਤਕ ਤਾਂ ਬੜੀਆਂ ਅਗਾਂਹਾਂ ਦੀਆਂ ਸੋਚਣ ਵਾਲ਼ਾ ਦ੍ਰਸ਼ਟਾ ਪੈਗ਼ੰਬਰ ਹੁੰਦਾ ਹੈ। ਵੰਡ ਦੇ ਸੇਹ ਦੇ ਗੱਡੇ ਤੱਕਲ਼ੇ ਨੂੰ ਕੱਢਣ ਦਾ ਇੱਕੋ–ਇਕ ਇਲਾਜ ਹੈ: ਪੰਜਾਬ ਮੁੜ ਇਕ ਹੋਵੇ। ਹਿੰਦ–ਪਾਕ ਕੌਨਫ਼ੈਡਰੇਸ਼ਨ ਦੀ ਗੱਲ ਵੰਡ ਦੇ ਫ਼ੌਰਨ ਬਾਅਦ ਈ ਤੁਰ ਪਈ ਸੀ। ਰਾਮ ਮਨੋਹਰ ਲੋਹੀਆ, ਅਸਗ਼ਰ ਅਲੀ ਇੰਜੀਨੀਅਰ ਤੇ ਹੋਰ ਸੂਝਵਾਨ ਇਹਦੇ ਹਮਾਇਤੀ ਸਨ।

ਪੰਜਾਬ ਨੂੰ ਮੁੜ–ਇਕ ਕਰਨ ਦਾ ਕਾਰਜ ਨਾਨਕਨਾਮਲੇਵਾ ਪੰਜਾਬੀਆਂ ਨੇ ਹੀ ਅੱਗੇ ਹੋ ਕੇ ਕਰਨਾ ਹੈ। ਫੇਰ ਪੰਜਾਬ, ਬੰਗਾਲ ਤੇ ਕਸ਼ਮੀਰ ਮੁੜ–ਇਕੱਠੇ ਹੋਣਗੇ।ਇਹ ਸ਼ੇਖ਼ਚਿੱਲੀ ਦਾ ਖ਼ਾਬ ਨਹੀਂ। ਇਤਿਹਾਸ ਕਰਾਮਾਤਾਂ ਨਾਲ਼ ਭਰਿਆ ਪਿਆ ਹੈ। ਗਿਣਤੀ ਸਿਫ਼ਰ ਤੋਂ ਸ਼ੁਰੂ ਹੁੰਦੀ ਹੈ।

## ਹਵਾਲੇ ਟਿਪਣੀਆਂ

1. ਜ਼ੁਲਮੋਂ ਕੂਕ ਗਈ ਅਸਮਾਨੀਂ (1999), ਲਾਂਬੜਾ: ਪੰਜ ਨਦ ਪ੍ਰਕਾਸ਼ਨ, ਵਿਚ 'ਸੰਤਾਲ਼ੀ ਦੇ ਸੰਤਾਪ ਦੀਆਂ ਦੋ ਸੌ ਕਵਿਤਾਵਾਂ' ਹਨ। ਇਸ ਪੁਲੰਦੇ ਵਿਚ ਸਿਰਫ਼ ਚਾਰ-ਪੰਜ ਕਵਿਤਾਵਾਂ ਹੀ ਚੱਜ ਦੀਆਂ ਹਨ।

2. ਅੰਮ੍ਰਿਤਸਰ ਦੇ ਪਿੰਡ ਤੋਲਾ ਨੰਗਲ਼ ਦਾ ਜੰਮਪਲ਼ ਸ਼ਰਫ਼ (1898-1955) 'ਪੰਜਾਬ ਦੀ ਬੁਲਬੁਲ' ਤੇ 'ਔਨਰੇਰੀ ਸਿੱਖ' ਕਰਕੇ ਜਾਣਿਆ ਜਾਂਦਾ ਸੀ। ਨਨਕਾਣੇ ਗੁਰਦੁਆਰੇ ਤੇ ਗੁਰੂ ਕੇ ਬਾਗ਼ ਦੇ ਮੋਰਚੇ ਵੇਲੇ ਸਿੱਖ ਪੰਥ ਦੀ ਮਹਿਮਾ ਵਾਲ਼ੀ ਸ਼ਾਇਰੀ ਦੀ ਇਹਦੀ ਕਿਤਾਬ ਦੁੱਖਾਂ ਦੇ ਕੀਰਨੇ (1924) ਜ਼ਬਤ ਹੋ ਗਈ ਸੀ ਤੇ ਇਸ ਕਰਕੇ ਇਹਨੂੰ ਇਕ ਸਾਲ ਦੀ ਕੈਦ ਬੋਲੀ ਗਈ ਸੀ। ਇਹਨੇ ਭਜਨ ਵੀ ਲਿਖੇ। ਵੰਡ ਵੇਲੇ ਇਹ ਲਹੌਰ ਚਲੇ ਗਿਆ ਤੇ ਅੱਠ ਸਾਲਾਂ ਬਾਅਦ ਹੀ ਪੂਰਾ ਹੋ ਗਿਆ। ਸੰਨ 53 ਵਿਚ ਭਾਸ਼ਾ ਵਿਭਾਗ ਪੈਪਸੂ ਵਾਲ਼ਿਆਂ ਨੇ ਇਹਨੂੰ ਪਟਿਆਲ਼ੇ ਬੁਲਾ ਕੇ ਮਾਣ ਕੀਤਾ ਸੀ। ਅਪਣੇ 'ਸੋਹਣੇ ਦੇਸ ਪੰਜਾਬ' ਦੇ ਟੁੱਟਣ ਦੀ ਇਹਦੀ ਕੋਈ ਰਚਨਾ ਨਹੀਂ। ਸਗੋਂ ਇਹਨੇ ਜਿਨਾਹ ਦਾ ਕਸੀਦਾ ਲਿਖਿਆ, ਪੰਜਾਬੀ ਮੁਸਲਮਾਨ ਨੌਜਵਾਨ ਨੂੰ ਅਤੇ ਜਲ ਥਲ ਤੇ ਵਾਯੂ ਸੈਨਾ ਦੇ ਸਿਪਾਹੀ ਨੂੰ 'ਖ਼ੂਨੀ ਪੁਸ਼ਾਕ ਪਾ ਕੇ ਤੇ ਸਿਦਕਾਂ ਦੇ ਸਿਹਰੇ ਲਾ ਕੇ' ਜਹਾਦ ਵਾਸਤੇ ਇਸਲਾਮ ਦਾ ਝੰਡਾ ਚੁੱਕਣ ਦਾ ਸੱਦਾ ਦਿੱਤਾ ਤੇ 'ਪਾਕਿਸਤਾਨ ਦੇ ਸਾਕ਼ੀ ਨੂੰ ਸੂਰਜ ਪਿਆਲੇ ਵਿਚ ਪਾ' ਕੇ ਵਰਤਾਉਣ ਦਾ ਇਸਰਾਰ ਕੀਤਾ। .ਨੂਰਾਨੀ ਕਿਰਣਾਂ: ਫ਼ੀਰੋਜ਼ਦੀਨ ਸ਼ਰਫ਼ (1957), ਸੰਪਾਦਕ: ਮੁਹੰਮਦ ਅਫ਼ਜ਼ਲ ਖ਼ਾਨ, ਲਹੌਰ: ਮਕਤਬਾ ਪੰਜ ਦਰਿਆ.॥

3 ਇਥੇ ਕਵੀਆਂ ਦੇ ਨਾਂ ਲੈ ਕੇ ਦੱਸਣ ਦਾ ਮਤਲਬ ਹੈ, ਤਾਂ ਕਿ ਸਨਦ ਰਵ੍ਹੇ। ਇਹ ਉਸ ਤਰ੍ਹਾਂ ਦਾ ਮਿਹਣਾ ਨਹੀਂ ਹੈ ਕਿ ਭਾਈ ਵੀਰ ਸਿੰਘ ਨੇ ਕਦੇ ਕੋਈ ਦੇਸ਼ਭਗਤੀ ਦੀ ਤੇ ਬਰਤਾਨਵੀ ਸਾਮਰਾਜ-ਵਿਰੋਧੀ ਕਵਿਤਾ ਕਿਉਂ ਨਾ ਸੀ ਲਿਖੀ। ਸੰਤਾਲ਼ੀ ਦੀ ਕਵਿਤਾ ਦੀ ਆਮ ਧਾਰਨਾ ਹੈ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਕਹਿੰਦੇ-ਕਹਾਉਂਦੇ ਕਵੀ ਐਨੇ ਵੱਡੇ ਸਾਕੇ ਵੇਲੇ ਚੁੱਪ ਰਹੇ ਹੋਣਗੇ। ਕੋਈ ਵਿਰਲਾ ਪੰਜਾਬੀ ਹੋਵੇਗਾ, ਜਿਹਨੂੰ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਦਾ ਪਤਾ ਨਾ ਹੋਵੇ। ਦੇਵਿੰਦਰ ਸਤਿਆਰਥੀ ਦਾ ਅੰਮ੍ਰਿਤਾ ਪ੍ਰੀਤਮ ਦੀ ਕਿਤਾਬ ਲੰਮੀਆਂ ਵਾਟਾਂ (1949) ਪਿਛਾੜੀ ਛਪਿਆ ਕਥਨ ਵਿਚਾਰਨਜੋਗ ਹੈ: "ਹਰ ਕੋਈ ਵਾਰਸ ਸ਼ਾਹ ਨੂੰ ਕਬਰਾਂ ਵਿਚੋਂ ਬੋਲਣ ਲਈ ਨਹੀਂ ਆਖ ਸਕਦਾ।"

ਵੀਹਵੀਂ ਸਦੀ ਦੇ ਅੱਧ ਵਿਚ ਪੰਜਾਬੀ ਸਾਹਿਤ ਵਿਚ ਕਮਿਊਨਿਸਟ ਪੰਥ ਦਾ ਜ਼ੋਰ ਸੀ। ਉਸ ਵੇਲੇ ਦੀ ਮਿਸਾਲੀ ਕਵਿਤਾ (ਸ਼ਾਇਰੀ ਕਲਾ ਘਟ ਤੇ ਤੁਕਬੰਦੀ ਪ੍ਰਚਾਰ ਜ਼ਿਆਦਾ) ਲਾਲ ਸਿੰਘ ਕੰਵਰ ਦੀ ਹੈ। ਇਹਦੀ ਕਿਤਾਬ ਚਾਨਣੇ ਰਾਹ (1953) ਦਾ ਮੁਕੱਦਮਾ ਸੋਹਣ ਸਿੰਘ ਜੋਸ਼ ਤੇ ਹੀਰਾ ਸਿੰਘ ਦਰਦ ਨੇ ਲਿਖਿਆ ਸੀ। ਜੋਸ਼ ਤੇ ਦਰਦ ਸਤਾਲਿਨੀ ਮੰਤਰਾਂ ਵਾਲ਼ੀ ਸਾਹਿਤਕ ਆਲੋਚਨਾ ਦੇ ਮੋਹਰੀ ਸਨ। ਇਨ੍ਹਾਂ ਦੋਹਵਾਂ ਨੇ ਇਸ ਕਿਤਾਬ ਵਿਚ ਕੰਵਰ ਨੂੰ ਹੋਰ ਤਾਂ ਬੜੀਆਂ ਮੱਤਾਂ ਦਿੱਤੀਆਂ, ਪਰ ਇਹ ਨਹੀਂ ਪੁੱਛਿਆ ਕਿ ਉਹਨੇ ਕੈਬਨਿਟ ਮਿਸ਼ਨ, ਕਲਕੱਤੇ ਦੇ ਫ਼ਸਾਦਾਂ, 'ਮਹਾਨ ਚੀਨੀ ਇਨਕਲਾਬ', 'ਸਾਥੀ ਸਟਾਲਨ' ਦੀਆਂ ਨਜ਼ਮਾਂ ਤਾਂ ਘੜ ਲਈਆਂ, ਪਰ ਪੰਜਾਬ ਦੇ ਉਜਾੜੇ ਦੀ ਕੋਈ ਕਵਿਤਾ ਕਿਉਂ ਨਹੀਂ ਲਿਖੀ। ਇਹਦਾ ਕਾਰਣ ਇਹੋ ਈ ਹੋਣਾ ਹੈ ਕਿ ਕਿਤਾਬ ਦੇ ਛਪਣ ਤੋਂ ਪੰਜ-ਛੇ ਸਾਲ ਈ ਪਹਿਲਾਂ ਜੋਸ਼ ਸਟੇਜਾਂ 'ਤੇ ਚੜ੍ਹ ਕੇ ਪਾਕਿਸਤਾਨ ਦਾ ਪਟਵਾਰੀ ਬਣ ਕੇ ਇਹਦੀ ਹਿਮਾਇਤ ਵਿਚ ਲੈਕਚਰ ਕਰਦਾ ਹੁੰਦਾ ਸੀ। ਭਗਤ ਸਿੰਘ ਬਿਲ਼ਗੇ ਨੇ ਮੈਨੂੰ ਦੱਸਿਆ ਸੀ: "ਸਟੇਜ 'ਤੇ ਖੜ੍ਹ ਕੇ ਬੋਲਦੇ ਜੋਸ਼ ਦੀ ਦਾਹੜੀ ਮੁਸਲਿਮ ਲੀਗ ਦੇ ਝੰਡੇ ਦੇ ਨਾਲ਼-ਨਾਲ਼ ਹਿੱਲਦੀ ਦਿਸਦੀ ਹੁੰਦੀ ਸੀ!"

4 ਮਾਰਚ 1947 ਵਿਚ ਪੰਜਾਬ-ਭਰ ਵਿਚ ਫ਼ਿਰਕੂ ਫ਼ਸਾਦ ਹੋਣ ਲੱਗੇ ਸਨ। ਸੋਭਾ ਸਿੰਘ ਨੇ ਇਹ ਇਸ਼ਤਿਹਾਰ 6 ਜੂਨ 1947 ਦੇ ਟ੍ਰੀਬੀਊਨ ਵਿਚ ਛਪਵਾਇਆ ਸੀ: Fine Art Classes by S. Sobha Singh Artist at Andretta (Kangra Valley) via Palampur Starting 15TH June 1947 Board & Lodging Arranged For particulars apply sharp. ਸੋਭਾ ਸਿੰਘ ਨੇ ਸੰਨ ਸੰਤਾਲ਼ੀ ਵਿਚ ਗਰਜਦੇ ਪਾਲਤੂ ਸ਼ੇਰ ਨਾਲ਼ ਖੜ੍ਹੀ ਮਰਦਾਵੀਂ ਡੀਲਡੌਲ ਵਾਲ਼ੀ ਸਤ ਫ਼ੁਟ ਉੱਚੇ ਕੱਦ ਵਾਲ਼ੀ 'ਭਾਰਤ ਮਾਤਾ' ਦੀ ਪੇਂਟਿੰਗ ਬਣਾਈ ਸੀ, ਜਿਸ ਵਿਚ ਬਰਤਾਨਵੀ ਤਾਜ ਉਹਦੇ ਪੈਰਾਂ ਵਿਚ ਡਿਗਿਆ ਦਿਸਦਾ ਹੈ।

5 ਮੇਰਾ ਲੇਖ: 'ਮੁਨੀਰ ਨਿਆਜ਼ੀ ਦੀ ਸ਼ਾਇਰੀ', ਵਾਹਗਾ, ਜਨਵਰੀ-ਮਾਰਚ 2016.

6 Paul Celan: "*Death Fugue*". http://www.celan-projekt.de/todesfuge-englisch.html

7 ਰੋਪੜ ਨੇੜੇ ਮਾਣਕਪੁਰ ਸ਼ਰੀਫ਼ ਵਾਲ਼ੇ ਗਾਇਕ ਪਾਲੇ ਕੋਲ਼ੋਂ ਸੁਣੇ ਪ੍ਰਸੰਗ ਦੀ ਗੁਰਵਿੰਦਰ ਸਿੰਘ ਨੇ ਫ਼ਿਲਮ ਵੀ ਬਣਾਈ। ਨਵੰਬਰ 2009.

8 ਅਰਬੀ ਸ਼ਬਦ ਕ਼ੌਮ ਨੇ ਪੰਜਾਬ ਵਿਚ ਬੜੇ ਭੁਲੇਖੇ ਤੇ ਝੇੜੇ ਪਾ ਰੱਖੇ ਹਨ। ਪੰਜਾਬੀ ਵਿਚ ਸ਼ਬਦ ਕ਼ੌਮ ਦਾ ਮਤਲਬ ਬੜਾ ਖੁੱਲ੍ਹਾ-ਜਿਹਾ ਹੈ। ਇਹ ਧਰਮ ਵੀ ਹੈ, ਨਸਲ ਵੀ (ਗੋਰੀ ਕੌਮ); ਜ਼ਾਤ, ਬਿਰਾਦਰੀ, ਵੰਸ਼, ਵਰਣ ('ਜੱਟ ਕੌਮ') ਵੀ; ਲਿੰਗ ('ਔਰਤ ਕੌਮ') ਤੇ ਜਾਨਵਰ ਵੀ: 'ਬਾਂਦਰ ਕੌਮ'। ਅਸਲ ਕ਼ੌਮ ਕਿਸੇ ਖ਼ਿੱਤੇ ਦੇ ਲੋਕਾਂ ਦੀ ਸਾਂਝੀ ਵਿਰਾਸਤ, ਰੀਤ-ਰਹਿਤਲ, ਬੋਲੀ, ਤਾਰੀਖ਼ ਹੁੰਦੀ ਹੈ। ਇਕ ਤੋਂ ਵਧ ਧਰਮ ਵੀ ਹੋ ਸਕਦੇ ਹਨ। ਸਿੱਖ ਜਦ ਅਪਣੇ ਆਪ ਨੂੰ ਕੌਮ ਕਹਿਣ ਲੱਗੇ, ਤਾਂ ਉਨ੍ਹਾਂ ਦਾ ਸਾਰਾ ਜ਼ੋਰ ਦਰਅਸਲ ਇਹ ਸਾਬਿਤ ਕਰਨ 'ਤੇ ਲੱਗਾ ਸੀ ਕਿ ਉਨ੍ਹਾਂ ਦਾ ਧਰਮ ਹਿੰਦੂ ਧਰਮ ਨਾਲ਼ੋਂ ਵੱਖਰਾ ਹੈ। ਕੌਮ ਹੋਣ ਦੇ ਨਾਤੇ ਕੋਈ ਖ਼ੁਦਮੁਖ਼ਤਿਆਰ ਆਜ਼ਾਦ ਮੁਲਕ ਬਣਦਾ ਹੈ: ਧਰਮ ਦੇ ਨਾਂ 'ਤੇ ਨਹੀਂ। ਮਜ਼ਹਬ ਦੇ ਨਾਂ 'ਤੇ ਬਣੇ ਇਜ਼ਰਾਈਲ ਤੇ ਪਾਕਿਸਤਾਨ ਦੀ ਲੱਗੀ ਦੱਦ ਸਾਡੇ ਸਾਹਮਣੇ ਹੈ। ਧਰਮ ਜੇ ਕੌਮ ਹੈ, ਤਾਂ ਇਹਦੇ ਹਿਸਾਬ ਨਾਲ਼ ਤਾਂ ਸਾਊਦੀ ਤੋਂ ਲੈ ਕੇ ਇੰਡੋਨੇਸ਼ੀਆ ਤਕ ਮੁਸਲਮਾਨਾਂ ਦਾ ਇਕ ਮੁਲਕ ਹੋਣਾ ਚਾਹੀਦਾ ਹੈ। ਤੇ ਦੁਨੀਆ ਭਰ ਦੇ ਈਸਾਈਆਂ ਦਾ ਵੀ। ਧਰਮ ਬਦਲਣ ਨਾਲ਼ ਕੌਮ ਨਹੀਂ ਬਦਲ ਜਾਂਦੀ। ਅਮਰੀਕੀ ਗੋਰੇ ਸਿੱਖਾਂ ਦੀ ਕੌਮ ਅਮਰੀਕੀ ਹੈ। ਬਿਹਾਰੀ ਤੇ ਮਰਾਠੇ ਸਿੱਖਾਂ ਦੀ ਕੌਮ ਪੰਜਾਬੀ ਨਹੀਂ।

9 1970ਾਂ ਵਿਚ ਅੰਮ੍ਰਿਤਸਰੋਂ ਪੰਜਾਬੀ ਕੌਮ (ਸੰਪਾਦਕ: ਪਾਲ ਸਿੰਘ) ਮਹੀਨੇਵਾਰ ਪਰਚਾ ਛਪਦਾ ਹੁੰਦਾ ਸੀ। ਰਾਜਨੀਤੀ ਵਿਗਿਆਨ ਦੇ ਪ੍ਰੋਫ਼ੈਸਰ ਰੌਣਕੀ ਰਾਮ ਨੇ ਪੰਜਾਬੀ ਕੌਮ ਦੇ ਸੰਬੋਧ ਦੀ ਪਹਿਲੀ ਵਾਰ ਗੱਲ ਕੀਤੀ। ਮੌਕਾ: ਯੂਨੀਵਰਸਟੀ ਔਂਵ ਐੱਨ ਬੀ ਸੀ, ਪ੍ਰਿੰਸ ਜੌਰਜ ਬ੍ਰਿਟਿਸ਼ ਕੋਲੰਬੀਆ ਵਿਚ 28 ਜੂਨ ਤੋਂ ਲੈ ਕੇ 1 ਜੁਲਾਈ 2003 ਤਕ ਹੋਇਆ ਦੂਸਰਾ ਆਲਮੀ ਪੰਜਾਬੀ ਜੋੜਮੇਲਾ। ਇਕ ਹੋਰ ਜੋੜਮੇਲਾ 15 ਤੋਂ 18 ਤਕ ਫ਼ਰਵਰੀ 2007 ਵਿਚ ਜਲੰਧਰ ਵਿਚ ਹੋਇਆ ਸੀ। ਭਾਰਤ ਸਰਕਾਰ ਨੇ ਤੀਹ ਪੰਜਾਬੀ ਮੁਸਲਮਾਨਾਂ ਨੂੰ ਰਾਹਦਾਰੀਆਂ ਨਹੀਂ ਸਨ ਦਿੱਤੀਆਂ। ਦੋ ਪੰਜਾਬੀ ਮੁਸਲਮਾਨ ਅਮਰੀਕਾ ਤੋਂ ਅੱਪੜ ਗਏ ਸਨ, ਕਿਉਂਕਿ ਉਨ੍ਹਾਂ ਨੂੰ ਵੀਜ਼ੇ ਦੀ ਮੁਸ਼ਕਿਲ ਨਹੀਂ ਸੀ। ਇਸ ਇਕੱਠ ਵਿਚ ਹਰਕਿਸ਼ਨ ਸਿੰਘ ਮਹਿਤਾ ਤੇ ਸਵਰਨਜੀਤ ਕੌਰ ਮਹਿਤਾ ਨੇ 'ਕੌਮ ਦਾ ਸੰਕਲਪ ਅਤੇ ਪੰਜਾਬੀਅਤ ਦਾ ਵਿਕਾਸ' ਸਿਰਲੇਖ ਵਾਲ਼ਾ ਪਰਚਾ ਪੜ੍ਹਿਆ ਸੀ। (ਨਵਾਂ ਜ਼ਮਾਨਾ, 11 ਮਾਰਚ 2007.)

10 ਇਸਹਾਕ ਮੁਹੰਮਦ ਦਾ ਲਿਖਿਆ 'ਪੰਜਾਬ ਦੀ ਤਾਰੀਖ਼ – ਇਕ ਦ੍ਰਿਸ਼ਟੀਕੋਣ', ਤਿੰਨ ਕਿਸ਼ਤਾਂ ਚ ਛਪਿਆ ਲੇਖ, ਨਵਾਂ ਜ਼ਮਾਨਾ, 15-29 ਸਤੰਬਰ,

1996.

11 Alyssa Ayres, (2009) *Speaking Like a State: Langauge & Nationalism in Pakistan*, New Delhi: Cambridge University Press.

12 Naqvi, Akbar (1999). Image and Identity: Fifty Years of Painting and Sculpture in Pakistan, New York: Oxford University Press

13 ਸਿਰਫ਼ ਸਰਵਣ ਮਿਨਹਾਸ ਨੇ ਇਹ ਗੱਲ ਲਿਖ ਕੇ ਕੀਤੀ ਹੈ। ਇਹਦੀ ਕਿਤਾਬ ਇਲਿਆਸ ਦੀਵਾਨਾ (2003) ਦਾ ਸਮਰਪਣ ਹੈ: 'ਲਹਿੰਦੇ ਪੰਜਾਬ ਤੇ ਚੜ੍ਹਦੇ ਪੰਜਾਬ ਦੇ ਨਾਂ, ਇਸ ਦੁਆ ਨਾਲ਼ ਕਿ ਇਹ ਦੋਵੇਂ ਮੁੜ ਇਕੱਠੇ ਹੋ ਜਾਣ'।.

14 ਯੂ.ਐੱਨ.ਓ. ਵਿਚ ਪਾਕਿਸਤਾਨੀ ਸਫ਼ੀਰ ਅਸਮਾ ਜਹਾਂਗੀਰ ਨੇ ਲੰਦਨ ਯੂਨੀਵਰਸਟੀ ਦੀ ਇੰਸਟੀਚੀਊਟ ਆੱਵ ਸਾਊਥ ਏਸ਼ੀਆ ਦੀ 18 ਮਈ ਸੰਨ 2015 ਵਾਲ਼ੇ ਦਿਨ ਹੋਈ ਚੱਠ ਵੇਲੇ ਅੰਮ੍ਰਿਤਾ ਦੀ ਨਜ਼ਮ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਗਾਉਣ ਦਾ ਬੁਰਾ ਮਨਾਇਆ ਸੀ ਕਿ ਸੰਨ ਸੰਤਾਲ਼ੀ ਤਾਂ ਖ਼ੁਸ਼ੀ ਦਾ ਮੌਕਾ ਸੀ; ਕੀਰਨੇ ਪਾਉਣ ਦਾ ਨਹੀਂ।

15 ਜਾਲਿਬ ਦਾ ਇੱਕੋ-ਇਕ ਸ਼ਿਅਰ ਮਿਲ਼ਦਾ ਹੈ: ਹਾਏ ਦੁਆਬੇ ਦੀ ਉਹ ਦੁਨੀਆ ਜਿੱਥੇ ਮੁਹੱਬਤ ਵਸਦੀ ਸੀ/ ਹੰਝੂ ਬਣ ਕੇ ਦੁੱਖ ਵਤਨਾਂ ਦਾ ਅੱਖੀਆਂ ਚੋਂ ਵਹਿ ਜਾਂਦਾ ਏ।

16 ਰੋੜ = ਹਾਜਤ-ਰਫ਼ਾ ਪਿੱਛੋਂ ਸਫ਼ਾਈ ਕਰਨ ਵਾਲ਼ੀ ਮਿੱਟੀ ਦੀ ਡਲ਼ੀ ਜਾਂ ਰੋੜਾ।

17 ਅਜੈ ਭਾਰਦ੍ਵਾਜ ਦੀ ਫ਼ਿਲਮ ਰੱਬਾ ਹੁਣ ਕੀ ਕਰੀਏ (2007) ਸੰਨ ਸੰਤਾਲ਼ੀ ਵਿਚ ਪੁਆਧ ਵਿਚ ਸਿੱਖਾਂ-ਹਿੰਦੂਆਂ ਹੱਥੋਂ ਮਾਰੇ ਗਏ ਮੁਸਲਮਾਨਾਂ ਬਾਰੇ ਹੈ। ਪਟਿਆਲ਼ੇ ਵਾਲ਼ੇ ਰਾਜੇ ਯਾਦਵਿੰਦਰ ਸਿੰਘ ਨੇ ਅਪਣੀ ਪੁਲ਼ਸ ਨੂੰ ਮੁਸਲਮਾਨਾਂ ਨੂੰ ਚੁਣ-ਚੁਣ ਕੇ ਮਾਰ ਦੇਣ ਦੀ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ। (ਨਾਲ਼ ਹੀ ਉਹਨੇ ਅਪਣੇ ਗੋਤ 'ਸਰਾਂ' ਦੇ ਜੱਟ ਮੁਸਲਮਾਨਾਂ ਦੀ ਜਾਨ ਬਖ਼ਸ਼ਣ ਦਾ ਵੀ ਆਖਿਆ ਹੋਇਆ ਸੀ।) ਮੈਂ ਇਹ ਫ਼ਿਲਮ ਸੰਨ 2007 ਵਿਚ ਲਹੌਰ ਜਾ ਕੇ ਜਦ ਸੌ-ਕੁ ਬੰਦਿਆਂ ਨੂੰ ਸੱਦ ਕੇ ਦਿਖਾਈ, ਤਾਂ ਕੋਈ ਵੀ ਨਾ ਬੋਲਿਆ। ਫ਼ਿਲਮ ਦੇਖਣ ਆਈ ਕਿਸੇ ਦਾਨਿਸ਼ਵਰ ਬੀਬੀ ਨੇ ਮੇਰੇ ਨਾਲ਼ ਤਲਖ਼-ਕ਼ਲਾਮੀ ਵੀ ਕੀਤੀ ਕਿ ਇਹ ਫ਼ਿਲਮ ਦਿਖਾਣ ਦਾ ਮੇਰਾ ਮਕਸਦ ਕੀ ਸੀ। ਮੇਰਾ ਜਵਾਬ ਸੀ: "ਓਧਰ ਬੈਠੇ ਅਸਾਂ ਤਾਂ ਇਹ ਫ਼ਿਲਮ ਬਣਾ ਕੇ ਅਪਣੇ ਗੁਨਾਹ ਦਾ ਕਫ਼ਾਰਾ ਕਰ ਲਿਆ ਏ। ਹੁਣ ਤੁਹਾਡੀ ਵਲ ਵੀ ਕੋਈ ਮੁਸਲਮਾਨਾਂ ਹੱਥੋਂ ਮਾਰੇ ਗਏ ਸਿੱਖਾਂ-ਹਿੰਦੂਆਂ ਦੀ ਫ਼ਿਲਮ ਬਣਾਵੇ। ਯਾਦ ਰੱਖਣਾ ਕਿ ਸਿਰਫ਼ ਮੇਰੀ ਕਮਿਊਨਿਸਟ ਪਾਰਟੀ ਦੇ ਗੁਰਮੁਖਾਂ ਨੇ ਹੀ ਪੂਰਬੀ ਪੰਜਾਬ ਵਿਚ ਅੱਗੇ ਹੋ ਕੇ ਮੁਸਲਮਾਨ ਬਚਾਏ ਸਨ; ਜਿੰਨੇ ਕੁ ਵੀ ਬਚਾਏ ਜਾ ਸਕੇ।"

18 ਤੇਰਾ ਸਿੰਘ ਚੰਨ, ਅਮਰ ਪੰਜਾਬ (ਗੀਤ-ਨਾਟਕ), ਪ੍ਰੀਤਨਗਰ ਸ਼ਾਪ (1959).

19 ਵਿਰਲੇ ਪੰਜਾਬੀ ਕਵੀਆਂ ਨੇ ਸੰਤਾਲ਼ੀ ਦੀ ਕਵਿਤਾ 'ਉਤਰਨ' ਦੀ ਗੱਲ ਦੱਸੀ ਹੈ। ਅੰਮ੍ਰਿਤਾ ਪ੍ਰੀਤਮ ਨੇ ਆਤਮ ਕਥਾ ਰਸੀਦੀ ਟਿਕਟ (1976) ਵਿਚ ਅਪਣੀ ਮਸ਼ਹੂਰ ਕਵਿਤਾ ਦੇ ਲਿਖੇ ਜਾਣ ਦਾ ਦੱਸਿਆ ਹੈ ਅਤੇ ਹਰਿਭਜਨ ਸਿੰਘ ਨੇ ਅਪਣੀ ਕਵਿਤਾ ਦਾ ਜਨਮ ਇੰਜ ਬਿਆਨ ਕੀਤਾ ਹੈ: "1947 ਦੇ ਦਿਨਾਂ ਵਿਚ ਚਾਨਣੀ ਰਾਤ ਸੀ। ਮੈਂ ਘਰ ਦੀ ਛੱਤ 'ਤੇ ਘੂਕ ਸੁੱਤਾ ਪਿਆ ਸੀ। ਮੇਰੇ ਗਵਾਂਢ ਦਿੱਲੀਵਾਲ਼ ਔਰਤਾਂ ਢੋਲਕੀ ਵਜਾਉਂਦੀਆਂ ਕੁਝ ਗਾ ਰਹੀਆਂ ਸਨ, ਜਿਸਦੀ ਗੂੰਜ ਧੁਰ ਮੇਰੀ ਨੀਂਦ ਵਿਚ ਸਮਾਈ ਹੋਈ ਸੀ। ਹਨੇਰੀ ਰਾਤ ਵਿਚ ਮਸ਼ਾਲਾਂ ਦੇ ਤੁਰਨ ਜਿਹਾ ਅਨੁਭਵ ਸੀ। ਇਹ ਅਨੁਭਵ ਹੀ ਉਸ ਗੀਤ ਦੀ ਗੂੰਜ, ਉਹਦੀ ਲੈਅ ਦਾ ਅਰਥ ਸੀ। ਉਹ ਸੁਆਣੀਆਂ ਕੀ ਗਾ ਰਹੀਆਂ ਸਨ; ਉਹਦਾ ਅਰਥ ਕੀ ਸੀ; ਮੈਨੂੰ ਨਾ ਓਦੋਂ ਪਤਾ ਸੀ ਨਾ ਅੱਜ। ਪਰ ਅਗਲਾ ਸਾਰਾ ਦਿਨ ਉਹ ਲੈਅ ਮੱਠੀ-ਮੱਠੀ ਮਹਿਕ ਵਾਂਗ ਮੇਰੇ ਅੰਦਰ ਵੱਸੀ ਰਹੀ ਸੀ। ਮੈਂ ਗੁਣਗਣਾਉਣ ਲੱਗਾ: "ਅ…ਹਾ…ਅ…ਹਾ…ਅ…ਹਾ… ਵਰਾਨ ਹੋਈ ਰਾਤ।" 'ਵਰਾਨ ਹੋਈ ਰਾਤ' ਲਫ਼ਜ਼ ਮੈਨੂੰ ਪਹਿਲਾਂ ਅਹੁੜੇ, 'ਸੌਂ ਜਾ ਮੇਰੇ ਮਾਲਕਾ' ਬਾਦ ਵਿਚ। ਪੂਰਨ ਪੰਗਤੀ ਨੂੰ ਬਣਨ ਵਿਚ ਪੂਰਾ ਇਕ ਦਿਨ ਲਗ ਗਿਆ। ਇਹ ਗੀਤ 1947 ਦੇ ਦੰਗਿਆਂ ਨਾਲ਼ ਸੰਬੰਧਿਤ ਹੈ। … ਅਰਥ ਤਾਂ ਕਿਤੇ ਆਲ਼ੇਦੁਆਲ਼ੇ ਹਵਾ ਵਿਚ ਅਦਿਸ ਫੈਲਿਆ ਹੋਇਆ ਸੀ ਜਾਂ ਮੇਰੇ ਹੀ ਅੰਦਰ ਛਹਿ ਲਾ ਕੇ ਬੈਠਾ ਹੋਇਆ ਸੀ। ਲੈਅ ਦੀ ਉਡੀਕ ਵਿਚ ਸੀ; ਲੈਅ ਮਿਲ਼ਦਿਆਂ ਹੀ ਛੰਦਾਂ ਵਿਚ ਢਲ਼ ਗਿਆ।" ਚੋਲਾ ਟਾਕੀਆਂ ਵਾਲ਼ਾ (ਨਵਯੁਗ, 1994). ਹਰਿਭਜਨ ਸਿੰਘ ਦੀ ਸੰਤਾਲ਼ੀ ਬਾਰੇ ਲਿਖੀ ਇਹੀ ਇੱਕੋ-ਇਕ ਨਜ਼ਮ ਮਿਲ਼ਦੀ ਹੈ। ਪਰ ਨਾਲ਼ ਹੀ ਪਾਠਕ-ਸ੍ਰੋਤੇ ਨੂੰ ਇਹ ਵੀ ਦੱਸਣਾ ਪੈਂਦਾ ਹੈ ਕਿ ਇਹ ਸੰਤਾਲ਼ੀ ਬਾਰੇ ਹੈ। ਵਰ੍ਹਿਆਂ ਮਗਰੋਂ ਹਰਿਭਜਨ ਸਿੰਘ ਨੇ ਬੰਗਲਾਦੇਸ਼ (ਅਲਫ਼ ਦੁਪਹਿਰ, 1972), ਸੰਨ ਪੰਝੱਤਰ ਦੀ ਐਮਰਜੈਂਸੀ (ਟੁੱਕੀਆਂ ਜੀਭਾਂ ਵਾਲੇ, 1978) ਤੇ ਸੰਨ ਚੁਰਾਸੀ ਬਾਰੇ ਅਣਗਿਣਤ ਕਵਿਤਾਵਾਂ ਲਿਖੀਆਂ ਸਨ।

20 ਘੋਰ ਸਦਮਾ ਹੀ ਹੋਣਾ ਹੈ ਕਿ ਮੋਹਨ ਸਿੰਘ ਜਿੱਡੇ ਕਵੀ ਨੇ ਐਸਾ ਸ਼ਿਅਰ ਕਿਹਾ: ਇਕ ਸੱਜੀ ਤੇਰੀ ਅੱਖ ਸੀ, ਇਕ ਖੱਬੀ ਤੇਰੀ ਅੱਖ/ ਦੋਹਾਂ ਅੱਖਾਂ ਦਾ ਹਾਲ ਤੇ ਨੁਕਸਾਨ ਹੋ ਗਿਆ। - ਨਾਲ਼ ਆਪ ਨੇ ਜੋ ਹੋਰ ਰਦੀਫ਼ ਬੰਨ੍ਹੇ: ਬੇਈਮਾਨ, ਘਾਣ, ਰਤਲਾਣ, ਨੁਚੜਾਨ, ਨ੍ਹਾਣ ਵਗ਼ੈਰਾ।

21 ਹੁਣ -7, ਸਤੰਬਰ 2007.

22 ਮੈਨੂੰ ਅੰਗਰੇਜ਼ੀ ਵਿਚ ਲਿਖੀ ਈ-ਮੇਲ, 5 ਅਕਤੂਬਰ 2016.

23 ਇੰਟਰਨੈੱਟ 'ਤੇ ਅੰਗਰੇਜ਼ੀ ਵਿਚ ਲਿਖ-ਲਿਖ ਕੇ ਮੇਰੇ ਨਾਲ਼ ਕੀਤੀਆਂ ਗੱਲਾਂ, 5 ਅਕਤੂਬਰ 2016.

24 ਮੈਨੂੰ ਪੰਜਾਬੀ ਵਿਚ ਲਿਖੀ ਈ-ਮੇਲ, 7 ਅਕਤੂਬਰ 2016.

25 ਮੈਨੂੰ ਅੰਗਰੇਜ਼ੀ ਵਿਚ ਲਿਖੀ ਈ-ਮੇਲ, 9 ਅਕਤੂਬਰ 2016.

26 ਜ਼ਿਲਾ ਫ਼ੀਰੋਜ਼ਪੁਰ ਲੋਪੋਂ ਦੇ ਕਰਤਾਰ ਸਿੰਘ (1900-1974) ਨੇ ਸੰਤਾਲ਼ੀ ਦੇ ਅੱਖੀਂ ਡਿੱਠੇ ਹਾਲ ਦੀ ਤੁਕਬੰਦੀ ਕੀਤੀ ਸੀ। ਇਹਦੇ ਕਿੱਸੇ ਦਾ ਨਾਂ ਸੀ: ਨਵਾਂ ਜੰਗ, ਮੋਗਾ: ਭਾਈ ਕਿਸ਼ਨ ਸਿੰਘ ਐਂਡ ਸਨਜ਼ (1949). ਇਸੇ ਤਰ੍ਹਾਂ ਦੀ ਰਚਨਾ ਨਿਹੰਗ ਸੰਪੂਰਣ ਸਿੰਘ (ਪਿੰਡ: ਧੌਲ਼ਾ, ਸੰਗਰੂਰ) ਦੀ ਹੈ। ਗੁਰਦੇਵ ਸਿੰਘ ਸਿੱਧੂ ਨੂੰ ਇਨ੍ਹਾਂ ਬਾਰੇ ਵਧੇਰੇ ਪਤਾ ਹੈ। ਇਨ੍ਹਾਂ ਕੋਲ਼ ਹੋਰ ਛਪੇ ਕਿੱਸੇ ਵੀ ਹਨ: ਸੱਚ ਦੀ ਹਵਾ ਕ੍ਰਿਤ ਸੰਪੂਰਣ ਸਿੰਘ ਨਿਹੰਗ; ਨਵਾਂ ਰਾਜ ਅਤੇ ਜ਼ੁਲਮੀ ਜ਼ਮਾਨਾ ਕ੍ਰਿਤ ਨਿਧਾਨ ਸਿਘ ਆਲਮ (ਮੁਕਤਸਰ); ਕਿੱਸਾ ਜ਼ਮਾਨਾ ਹਾਲ ਕ੍ਰਿਤ ਲਾਭੂ ਸਿੰਘ; ਕਿੱਸਾ ਹਿੰਦੁਸਤਾਨ ਤੇ ਪਾਕਿਸਤਾਨ ਦਾ, ਹੋਣੀ ਦੇ ਬੱਦਲ ਖ਼ੂਨ ਦੀਆਂ ਝੜੀਆਂ ਕ੍ਰਿਤ ਮਿੱਤ ਸਿੰਘ (ਪਿੰਡ ਮੌੜ, ਮਾਨਸਾ); ਬਚਿਤਰ ਸੰਨ ਦੋ ਹਜਾਰ ਚਾਰ ਦੀ ਹਿੰਦੋਸਤਾਨ ਪੰਜਾਬ ਭਾਰਤ ਵਰਸ਼ ਤਵਾਰੀਖ ਕ੍ਰਿਤ ਰਘੂਬੰਸ਼ ਮੁਨੀ।

◆ ◆



# ਮਾਂ ਬਾਪ ਘਰ ਤੇ ਮੈਂ

*-ਗੁਰਬਚਨ*

ਜਿਸ ਘਰ ਵਿਚ ਮੈਂ ਪੈਦਾ ਹੋਇਆ ਉਹ ਘਰ ਨਾਲੋਂ ਵੱਧ ਅਘਰ ਸੀ। ਬਾਪ ਉੱਦਾਂ ਦਾ ਬਾਪ ਨਹੀਂ ਸੀ ਜਿੱਦਾਂ ਦੇ ਹੋਰ ਬਾਪ ਸਨ। ਮਾਂ ਦਾ ਹਾਲ ਬੇ-ਹਾਲ ਸੀ। ਬਾਪ ਦੇ ਮਾਂ ਪਿਓ ਨਿੱਕੇ ਹੁੰਦੇ ਗੁਜ਼ਰ ਗਏ। ਉਹਨੂੰ ਕੋਈ ਪੁੱਛਣ ਵਾਲਾ ਨਹੀਂ ਸੀ, ਨਾ ਸਾਂਭਣ ਵਾਲਾ। ਉਹ ਕਿੱਦਾਂ ਵੱਡਾ ਹੋਇਆ, ਪਤਾ ਨਹੀਂ। ਕਿਸੇ ਸਕੂਲ ਚ ਨਾ ਗਿਆ, ਨਾ ਕੋਈ ਕੰਮ ਸਿਖਿਆ। ਆਪਣੇ ਆਰੰਭ ਬਾਰੇ ਉਹਨੇ ਕਦੇ ਗੱਲ ਨਾ ਕੀਤੀ। ਕਰਨ ਯੋਗ ਗੱਲ ਹੁੰਦੀ ਤਾਂ ਕਰਦਾ। ਜੜ੍ਹਹੀਣ ਅਣੂ ਵਾਂਗ ਤੁਰਿਆ ਫਿਰਦਾ। ਨਿੱਕਾ ਮਨੁੱਖ, ਨਿੱਕੀ ਦੌੜ। ਪੜ੍ਹਿਆ ਹੁੰਦਾ ਤਾਂ ਸਰਕਾਰੀ ਜਾਂ ਅਰਧ ਸਰਕਾਰੀ ਨੌਕਰੀ ਕਰ ਲੈਂਦਾ। ਪੂੰਜੀ ਹੁੰਦੀ ਤਾਂ ਕਾਰੋਬਾਰ ਕਰਦਾ। ਜ਼ਮੀਨ ਜਾਇਦਾਦ ਹੁੰਦੀ ਤਾਂ ਇਹਦੇ ਹੇਰ-ਫੇਰ ਰਾਹੀਂ ਕਮਾਈ ਚ ਵਾਧਾ ਕਰਦਾ। ਕਮਾਈ ਪੱਖੋਂ ਨਕਾਰਾ ਰਿਹਾ। ਵਿਆਹ ਹੋ ਗਿਆ ਉਸ ਔਰਤ ਨਾਲ ਜਿਸ ਵਿਚ ਅਥਾਹ ਊਰਜਾ+ਗੜ੍ਹਕ ਸੀ। ਪਿਤਾ ਦੀਆਂ ਊਣਾਂ/ਚੁਸਤ ਚਲਾਕੀਆਂ ਉਹਦੇ ਅੰਦਰ ਤਮ੍ਹਾਂ ਪੈਦਾ ਕਰੀ ਰੱਖਦੀਆਂ। ਬੱਚੇ ਪੈਦਾ ਹੁੰਦੇ ਗਏ। ਬੱਚੇ ਵੱਡੇ ਹੋਣ ਲੱਗੇ ਤਾਂ ਮੇਰਾ ਬਾਪ ਇਸ ਸਥਿਤੀ ਨੂੰ, ਨਾ ਆਪਣੇ ਆਪ ਨੂੰ, ਸੰਭਾਲ ਸਕਿਆ। ਉਹਦਾ ਹੋਣਾ ਉੱਧੜਿਆ ਹੋਇਆ ਸੀ; ਉਧੇੜ ਨੂੰ ਉਹ ਬੁੱਨ ਨਾ ਸਕਿਆ।

ਸਮਾਜ ਨਾਲ ਉਹਦਾ ਨਾਤਾ ਬੇਪ੍ਰਤੀਤੀ ਵਾਲਾ ਸੀ। ਅਸਵੀਕਾਰਿਆ ਮਹਿਸੂਸ ਕਰਦਾ। ਪਿਆਰ ਤੋਂ ਸੱਖਣਾ। ਫਿਰ ਵੀ ਉਹਦੇ ਵਿਚ ਅਦਭੁਤ ਆਤਮ-ਵਿਸ਼ਵਾਸ ਸੀ। ਕਦੇ ਉਦਾਸ ਦਿਖਾਈ ਨਾ ਦੇਂਦਾ। ਬੇਵੱਸ ਸੀ, ਬੇਵੱਸ ਲੱਗਦਾ ਨਹੀਂ ਸੀ। ਨਿੱਕੀ ਮੋਟੀ ਠੱਗੀ ਕਰਨ ਵਿਚ ਮਾਹਿਰ। ਵੱਡੀ ਠੱਗੀ ਲਈ ਉਹਦੇ ਵਿਚ ਸਾਹਸ ਨਹੀਂ ਸੀ। ਦੂਰ ਦਰਾਜ ਸ਼ਹਿਰਾਂ 'ਚ ਕੁਝ ਚਿਰ ਲਈ ਕਿਸੇ ਕਾਰੋਬਾਰੀ ਦੀ ਏਜੰਟੀ ਕਰਦਾ। ਅਸਾਮ, ਬੰਗਾਲ, ਮੁੰਬਈ ਤੱਕ ਘੁੰਮਦਾ। ਕਿਸੇ ਧਰਮਸਾਲਾ ਜਾਂ ਸਰਾਂ ਜਾਂ ਸਟੇਸ਼ਨ ਦੇ ਵੇਟਿੰਗ ਰੂਮ ਵਿਚ ਟਿਕਾਣਾ ਕਰ ਲੈਂਦਾ। ਮੁੰਬਈ ਉਹਦਾ ਮਨ-ਭਾਉਂਦਾ ਸ਼ਹਿਰ ਸੀ। ਏਜੰਟਾਂ ਵਾਲੀ ਘੁਮੱਕੜੀ ਦੇ ਜ਼ਰੀਏ ਕੁਝ ਰਕਮ ਬਾਪ ਦੀ ਜੇਬ੍ਹ 'ਚ ਹੁੰਦੀ ਤਾਂ ਘਰ ਵਲ ਮੂੰਹ ਕਰਦਾ। ਮਾਂ ਅੱਗੇ ਵਕਾਰ ਬਹਾਲ ਕਰਨ ਦਾ ਯਤਨ ਕਰਦਾ, ਅਸਫ਼ਲ ਰਹਿੰਦਾ। ਮੁਆਫ਼ੀ ਮੰਗਦਾ, ਕੁਝ ਪੈਸੇ ਮਾਂ ਨੂੰ ਦੇਂਦਾ, ਜ਼ਿਆਦਾ ਬੱਚਿਆਂ ਨੂੰ ਖੁਸ਼ ਕਰਨ 'ਤੇ ਖਰਚ ਕਰਦਾ। ਕਦੇ ਸਾਡੀ ਸਕੂਲ ਦੀ ਫੀਸ ਦੇਂਦਾ ਜਾਂ ਝੱਗਾ ਨਿੱਕਰ ਖ੍ਰੀਦ ਦੇਂਦਾ। ਅੜੀ ਪੈਸੇ ਖਤਮ ਕਰਨ ਦੀ ਹੁੰਦੀ। ਉਹਦੇ ਲਈ ਹੁਣਖਿਣ ਹੀ ਅਹਮ ਸੀ। ਆਉਣ ਵਾਲੇ ਕੱਲ੍ਹ ਬਾਰੇ ਬੇਫ਼ਿਕਰ ਹੁੰਦਾ। ਰੋਟੀ ਤੜਕੇ ਵਾਲੀ ਦਾਲ ਤੇ ਖੀਰੇ ਟਮਾਟਰ ਦੇ ਸਲਾਦ ਨਾਲ ਖਾਣੀ ਜ਼ਰੂਰੀ ਸੀ। ਦਾਅ ਲੱਗੇ ਤਾਂ ਇਕ ਅੱਧ ਫਰੂਟ। ਘਰੋਂ ਰੁਖ਼ਸਤ ਹੋਣ ਤੋਂ ਪਹਿਲਾਂ ਚੌਂਕ ਦੇ ਹਲਵਾਈ ਨੂੰ ਮੇਰੇ ਦੁੱਧ ਲਈ ਮਹੀਨੇ ਦੇ ਅਡਵਾਂਸ ਪੈਸੇ ਦੇਂਦਾ, ਉਹਨੂੰ ਕਹਿੰਦਾ, "ਇਹ ਮੇਰਾ ਪੁੱਤਰ ਪੜ੍ਹਾਈ 'ਚ ਲਾਇਕ ਹੈ। ਇਹਨੂੰ ਰੋਜ਼ ਦੁੱਧ ਚਾਹੀਦਾ ਹੈ। ਇਹ ਤੇਰੇ ਕੋਲੋਂ ਰੋਜ਼ ਗਰਮ ਦੁੱਧ ਦਾ ਗਿਲਾਸ ਪੀ ਜਾਇਆ ਕਰੇਗਾ।" ਮੈਨੂੰ ਕਹਿੰਦਾ, "ਟਮਾਟਰ ਅੱਜ ਕੱਲ੍ਹ ਸਸਤੇ ਹਨ, ਖਾਣੇ ਚਾਹੀਦੇ ਹਨ।" ਚੰਗੇ ਟਮਾਟਰਾਂ ਦੀ ਪਛਾਣ ਬਾਰੇ ਦੱਸਦਾ। ਸ਼ਾਮ ਨੂੰ ਅਸੀਂ ਦਰਬਾਰ ਸਾਹਿਬ ਜਾਂਦੇ; ਕਦੇ ਕਦਾਈ ਉਹ ਨਾਲ ਹੁੰਦਾ। ਹਰਿਮੰਦਰ ਸਾਹਿਬ ਅੰਦਰ ਦਾਖਲ ਹੁੰਦੇ ਗੁਰੂ ਕੋਲੋਂ ਭੁੱਲਾਂ ਬਖ਼ਸ਼ਾਂਦਾ।

ਕੁਝ ਦਿਨਾਂ ਬਾਅਦ ਉਹ ਘਰੋਂ ਤੁਰ ਪੈਂਦਾ। ਕਿੱਥੇ ਜਾਣੈ, ਪਤਾ ਉਹਨੂੰ ਵੀ ਨਾ ਹੁੰਦਾ। ਕਿਤੋਂ ਹੁਧਾਰ ਲੈ ਉਹ ਟਿਕਟ ਦਾ ਕਿਰਾਇਆ 'ਕੱਠਾ ਕਰਦਾ। ਰੇਲ ਦੀ ਟਿਕਟ ਕਟਵਾਂਦਾ। ਸਾਨੂੰ ਪਤਾ ਨਾ ਹੁੰਦਾ ਉਹਨੇ ਕਿਹੜੇ ਸ਼ਹਿਰ ਦੀ ਟਿਕਟ ਕਟਾਈ ਹੈ। ਟਿਕਟ ਕਟਵਾਈ ਵੀ ਹੈ ਜਾਂ ਨਹੀਂ। ਰਿਕਸ਼ਾ ਸਟੇਸ਼ਨ ਦਾ ਕਰਦਾ। ਹੋ ਸਕਦਾ ਉਹ ਸਟੇਸ਼ਨ ਦੇ ਸਾਹਮਣੇ ਕਿਸੇ ਧਰਮਸਾਲਾ 'ਚ ਚਲਾ ਗਿਆ ਹੋਵੇ। ਉੱਥੇ ਦਿਨਾਂ ਦੇ

ਦਿਨ ਰਹਿ ਕੇ ਕਦੇ ਜਾਲੰਧਰ ਕਦੇ ਅੰਬਾਲੇ ਦਾ ਟਿਕਟ ਕਟਵਾਂਦਾ ਹੋਵੇ। ਘਰੋਂ ਤੁਰਨ ਬਾਅਦ ਪਿਛਾਂਹ ਦੀ ਜ਼ਿੰਮੇਵਾਰੀ ਤੋਂ ਮੁਕਤ ਹੋ ਚੁੱਕਾ ਹੁੰਦਾ। ਘਰ ਵਿਚ ਉਹਦੇ ਲਈ ਥਾਂ ਨਾ ਰਹੀ। ਇਹ ਥਾਂ ਉਹਨੇ ਆਪ ਪੈਦਾ ਕਰਨੀ ਸੀ, ਨਾ ਕੀਤੀ। ਦਿਮਾਗ ਚੋਖਾ ਚੁਸਤ। ਉਹਦੇ ਅੰਦਰ ਦੀ ਚੰਗਿਆੜੀ ਭਖ਼ਦੀ ਰਹਿੰਦੀ। ਇਹ ਚੰਗਿਆੜੀ ਕਿਸੇ ਦਾ ਕੁਝ ਸੰਵਾਰ ਨਾ ਸਕੀ, ਸਿਵਾਏ ਇਸ ਦੇ ਕਿ ਆਪਣੀ ਸਿਹਤ, ਖਾਣ ਪੀਣ ਦਾ ਖਿਆਲ ਰੱਖਦਾ। ਸ਼ਹਿਰੋ-ਸ਼ਹਿਰ ਘੁੰਮਦਿਆਂ ਵੀ ਉਹ ਸਵੇਰੇ ਉੱਠ ਕੇ ਮਾਲਿਸ਼ ਕਰਦਾ, ਸਰੀਰ ਤੇ ਧੱਫ਼ੇ ਮਾਰਦਾ, ਕਸਰਤ ਕਰਦਾ। ਨਾਹੁਣ ਤੱਕ ਦੁਪਹਿਰ ਹੋ ਜਾਂਦੀ। ਰੋਟੀ ਖਾਣ ਤੱਕ ਅੱਧਾ ਦਿਨ ਪਾਰ, ਫਿਰ ਉਹ ਨਿਕਲ ਤੁਰਦਾ। ਮੈਨੂੰ ਉਹਦੀ ਇਸ ਤਰਤੀਬ ਦਾ ਅੱਧ-ਅਧੂਰਾ ਹੀ ਪਤਾ ਹੈ। ਸਾਲਾਂ ਤੱਕ ਉਹ ਜਾਣੇ ਅਣਜਾਣੇ ਸ਼ਹਿਰਾਂ ਦਾ ਰੱਟਣ ਕਰਦਿਆਂ ਕੀ ਕਰਦਾ ਰਿਹਾ, ਮੈਂ ਦੇਖਿਆ ਹੋਵੇ ਤਾਂ ਪਤਾ ਲੱਗੇ। ਇਹ ਪਤਾ ਵੀ ਉਦੋਂ ਲੱਗਾ ਜਦ ਮੈਂ ਉਹਦੇ ਨਾਲ ਗਿਆਰਾਂ ਸਾਲਾਂ ਦੀ ਉਮਰ ਵਿਚ ਸਕੂਲ ਛੱਡ ਕੇ ਮੁੰਬਈ ਚਲਾ ਆਇਆ।

ਹੁਣ ਜਾਪਦਾ ਗ਼ੈਰ-ਜ਼ਿੰਮੇਵਾਰੀ ਉਹਦੀ ਲਾਚਾਰੀ ਸੀ। ਸਿਫ਼ਰ ਦਰਜੇ ਤੋਂ ਆਰੰਭ ਕਰਨ ਵਾਲੇ ਬੰਦੇ ਅਕਸਰ ਲੁੜਕ ਜਾਂਦੇ ਹਨ, ਸਮਾਜਿਕ ਤੰਤਰ ਚ ਉਨ੍ਹਾਂ ਦੀ ਉੱਕਾ ਪੁੱਛ ਨਹੀਂ ਹੁੰਦੀ। ਸੰਜਮ ਤੋਂ ਸੱਖਣੇ, ਮਿਹਨਤ ਤੋਂ ਟੁੱਟੇ ਹੋਏ। ਮੇਰੇ ਬਾਪ ਨੂੰ ਪਤਾ ਨਾ ਲੱਗਾ ਆਰੰਭ ਦੀਆਂ ਸੀਮਾਵਾਂ ਪਾਰ ਕੀਤੀਆਂ ਜਾ ਸਕਦੀਆਂ। ਕਿਸੇ ਸਮਾਜਿਕ ਅਨੁਸ਼ਾਸਨ ਚ ਬੱਝਾ ਹੁੰਦਾ ਤਾਂ ਪਤਾ ਲੱਗ ਜਾਂਦਾ। ਮਾਂ ਨਾਲ ਮੁਹੱਬਤ ਦਾ ਨਾਤਾ ਹੁੰਦਾ ਤਾਂ ਗੱਲ ਹੋਰ ਹੁੰਦੀ। ਅੱਧੀ ਦਰਜਣ ਬੱਚੇ ਘਰ ਵਿਚ ਨਾ ਹੁੰਦੇ ਤਾਂ ਵੀ ਸੌਖ ਹੁੰਦੀ। ਮਾਂ ਉਹਦੇ ਨਾਲ ਵਿਆਹ ਹੋਣ ਤੇ ਹੀ ਖ਼ਫ਼ਾ ਸੀ। ਇਸ ਦਾ ਅਸਰ ਮਾਂ ਉੱਤੇ ਤਾਂ ਸੀ ਹੀ, ਸਾਡੇ ਬੱਚਿਆਂ ਉੱਤੇ ਵੀ ਪਿਆ। ਮਾਂ ਨੂੰ ਬਾਪ ਦੀ ਕੋਈ ਚੀਜ਼ ਨਹੀਂ ਭਾਉਂਦੀ ਸੀ। ਬਾਪ ਆਪਣੇ ਨਾਂ ਨਾਲ ਸਲੂਜਾ ਲਿਖਦਾ ਸੀ। ਮਾਂ ਨੂੰ 'ਸਲੂਜਾ' ਧੁਨੀ ਤੋਂ ਚਿੜ੍ਹ ਸੀ। ਬਾਪ ਤੋਂ ਮੇਰੀ ਮਾਂ ਦਾ ਮਾਨਸਿਕ ਫਾਸਲਾ ਪਾਰਗਾਮੀ ਪੱਧਰ ਦਾ ਹੋ ਚੁੱਕਾ ਸੀ। ਡੀ. ਐੱਚ. ਲਾਰੰਸ ਦੇ ਆਪਣੀ ਮੁੱਢਲੀ ਜ਼ਿੰਦਗੀ ਬਾਰੇ ਨਾਵਲ ਲਿਖਿਆ : *'ਸਨਜ਼ ਐਂਡ ਲਵਰਜ਼'*। ਇਸ ਵਿਚ ਵਾਲਟਰ ਮੋਰਲ ਨਾਂ ਦਾ ਪਿਤਾ ਹੈ ਜੋ ਹੌਲੇ ਹੌਲੇ ਬੀਵੀ ਬੱਚਿਆਂ ਤੋਂ ਟੁੱਟਣ ਲੱਗਦਾ ਹੈ। ਉਹ ਖਾਣ ਕਾਮਾ ਹੈ। ਸ਼ੁਰੂ ਵਿਚ ਉਹ ਬੜਾ ਦਿਲਦਾਰ ਤੇ ਜਸ਼ਨੀ ਕਿਸਮ ਦਾ ਬੰਦਾ ਹੈ। ਵਿਆਹ ਉਹਦਾ ਆਪਣੇ ਤੋਂ ਬਿਹਤਰ ਪਿਛੋਕੜ ਵਾਲੀ ਔਰਤ ਨਾਲ ਹੋ ਜਾਂਦਾ ਹੈ। ਇਹੀ ਗੱਲ ਉਹਦੇ ਹੋਣੇ ਨੂੰ ਅਣਹੋਇਆ ਕਰ ਦੇਂਦੀ ਹੈ। ਨਾਵਲ ਵਿਚ ਮਾਂ ਦੀ ਨੈਤਿਕ ਸ਼ਖਸੀਅਤ ਏਨੀ ਭਾਰੂ ਹੈ ਕਿ ਬੱਚੇ ਉਹਦੇ ਕਬਜ਼ੇ ਵਿਚ ਵੱਡੇ ਹੁੰਦੇ ਹਨ। ਵਾਲਟਰ ਮੋਰਲ ਤੋਂ ਬੱਚੇ ਹਰ ਪੱਖੋਂ ਦੂਰ ਜਾਣ ਲੱਗਦੇ ਹਨ। ਉਹਦਾ ਮੁੱਲ ਸਿਫ਼ਰ ਜਿਹਾ ਹੈ। ਰਿਸ਼ਤਿਆਂ ਦਾ ਚੁਪੀਤਾ ਯੁੱਧ ਕਾਇਮ ਰਹਿੰਦਾ ਹੈ।

ਮਾਂ ਨੂੰ ਅਜਿਹਾ ਪਤੀ ਚਾਹੀਦਾ ਸੀ ਜੋ ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕਰਦਾ। ਮੈਂ ਪੈਦਾ ਹੋਇਆ ਹੱਕ ਹਲਾਲ ਦੀ ਕਮਾਈ ਤੋਂ ਕੋਰਾ ਹੋ ਚੁੱਕਾ ਸੀ। ਬਾਪ ਦੇ ਵਡੇਰਿਆਂ ਬਾਰੇ ਮਾਂ ਕਹਿੰਦੀ : 'ਇਹ ਨਿਹੰਗਾਂ ਦਾ ਕੁਟੰਬ ਹੈ'। ਪੂੰਜੀ ਜਮੀਨ ਤੋਂ ਟੁੱਟੇ ਹੋਏ ਲੋਕ। ਜਿਵੇਂ ਥੋੜ੍ਹੀ ਜ਼ਮੀਨ ਵਾਲੇ ਖੁੜ੍ਹ-ਟੁੱਟ ਦੇ ਸ਼ਿਕਾਰ ਫੌਜ ਚ ਭਰਤੀ ਹੁੰਦੇ, ਦੂਰ ਦਰਾਜ ਮੁਲਕਾਂ ਚ ਚੌਂਕੀਦਾਰਾ ਜਾਂਦੇ ਹਨ। ਮੇਰੇ ਬਾਪ ਦੇ ਵੱਡੇਰੇ ਨਿੱਕੀ ਮੋਟੀ ਦੁਕਾਨਦਾਰੀ ਕਰਦੇ ਹੋਣਗੇ। ਜਿਹੜੇ ਕੁਝ ਨਾ ਕਰਨਾ ਚਾਹੁੰਦੇ, ਨਿਹੰਗ ਬਣ ਜਾਂਦੇ। ਮੇਰੇ ਬਾਪ ਦਾ ਵੱਡਾ ਮਤ੍ਰੇਆ ਭਰਾ ਸੰਤ ਬੂਟਾ ਸਿੰਘ ਨਿਹੰਗਾਂ ਦਾ ਮੁੱਖੀ ਸੀ। ਉਹਦਾ ਅੰਮ੍ਰਿਤਸਰ ਵਿਚ ਕੌਲ ਸਰ ਦੇ ਨਾਲ ਅਖਾੜਾ ਸੀ। ਮੈਂ ਉਹਨੂੰ ਮਿਲਣ ਜਾਂਦਾ ਤਾਂ ਦੇਖਦਾ ਨਿਹੰਗ ਸਿੰਘ ਸੁੱਖਾ ਘੋਟ ਰਹੇ ਹਨ। ਬਾਪ ਦਾ ਨਿੱਕ ਸਕਾ ਭਰਾ ਸੰਤ ਅਖਵਾਂਦਾ ਸੀ। ਉਹ ਪੰਜਾਬ ਦੇ ਕਿਸੇ ਪਿੰਡ ਦੇ ਗੁਰਦੁਆਰੇ ਦਾ ਸੰਚਾਲਕ ਸੀ। ਘਰਾਂ ਵਿਚ ਪਾਠ ਕੀਰਤਨ ਕਰਦਾ, ਸੰਤ ਅਖਵਾਂਦਾ।

ਮਾਂ ਸੁੱਚੇ ਮਨ ਵਾਲੀ ਮਿਹਨਤੀ ਔਰਤ ਸੀ। ਹਾਲਾਤ ਨੇ ਉਹਦੀ ਜ਼ੁਬਾਨ ਰੁਖੀ/ ਗੁਸੈਲੀ ਕਰ ਰਖੀ ਸੀ। ਮੇਰੇ ਕੰਨਾਂ ਵਿਚ ਉਹਦਾ ਕ੍ਰੋਪ ਸ਼ਾਂਸ਼ਾਂ ਕਰੀ ਰੱਖਦਾ। ਇਕ ਪਾਸੇ ਸੁਵਿਧਾਵਾਂ ਦੀ ਤੋਟ, ਦੂਜੇ ਪਾਸੇ ਮਾਂ ਦਾ ਆਕ੍ਰੋਸ਼। ਮਾਹੌਲ ਸੁਖਾਵਾਂ ਹੋ ਨਹੀਂ ਸੀ ਸਕਦਾ। ਅਸੀਂ ਬੱਚੇ ਔਖ ਵਿਚ ਵੀ ਔਖ ਮਹਿਸੂਸ ਨਾ ਕਰਦੇ। ਖੂਬ ਖੇਡਦੇ, ਟਪੂਸੀਆਂ ਮਾਰਦੇ ਫਿਰਦੇ। ਕਮਾਲ ਅੱਗੋਂ ਇਹ ਕਿ ਅਸੀਂ ਸਾਰੇ ਭਰਾ, ਇਕ ਤੋਂ ਬਾਅਦ ਇਕ, ਪੜ੍ਹਣ ਵਿਚ ਤੇਜ਼। ਮਿਹਨਤੀ। ਸਾਰਿਆਂ ਦੇ ਦਿਲ ਵਿਚ ਕੁਝ ਬਣਨ ਦੀ ਤੜਪ। ਖੁੜ੍ਹ-ਟੁੱਟ ਦਾ ਸਿਲਸਿਲਾ ਸਾਡੇ ਲਈ ਆਮ ਜਿਹੀ ਗੱਲ ਸੀ, ਜਿਵੇਂ ਇਸ ਨੇ ਕਾਇਮ ਰਹਿਣਾ ਹੀ ਹੈ। ਮੈਂ ਹੋਰ ਭਰਾਵਾਂ ਤੋਂ ਵੱਖਰਾ ਸੀ, ਸੁਤੰਤਰ ਰਹਿਣਾ ਚਾਹੁੰਦਾ। ਪੜ੍ਹਾਈ ਵਿਚ ਅੱਵਲ, ਪਰ ਬਾਜ਼ਾਰਾਂ, ਗਲੀਆਂ, ਬਾਗਾਂ ਵਿਚ ਉੱਡਿਆ ਫਿਰਦਾ। ਸਰਦੀਆਂ ਵਿਚ ਦਿਨ ਭਰ ਕੋਠੇ ਉੱਤੇ ਗੁੱਡੀਆਂ ਪਤੰਗਾਂ ਵਿਚ ਵਕਤ ਗੁਜ਼ਾਰਦਾ। ਮਾਂ ਤੋਂ ਦੂਰ ਰਹਿਣ ਲਈ ਕਰਦਾ। ਫ਼ਿਲਮਾਂ ਦੇਖਣਾ ਚੰਗੀ ਲੱਗਦਾ ਸੀ। ਮਾਂ ਦੇ ਪ੍ਰਕੋਪੀ ਤੀਰਾਂ ਦਾ ਨਿਸ਼ਾਨਾ ਮੈਂ ਬਣ ਜਾਂਦਾ। ਮਾਂ ਕਹਿੰਦੀ ਮੈਂ ਸਕੂਲ ਜਾਣਾ ਬੰਦ ਕਰਾਂ, ਨਿੱਕੀ ਮੋਟੀ ਨੌਕਰੀ ਕਰਾਂ ਜਾਂ ਛਾਬੜੀ ਲਗਾ ਕੇ ਕੁਝ ਪੈਸੇ ਕਮਾਵਾਂ। ਮੈਂ ਪੜ੍ਹਣ ਦੀ ਅੜੀ ਕਰੀ ਰੱਖਦਾ। ਦੋ ਦਿਨ ਕਿਸੇ ਦੁਕਾਨ ਤੇ ਮੁੰਡੂ ਦੀ ਨੌਕਰੀ ਕਰਦਾ, ਤੀਜੇ ਦਿਨ ਵਿਟਰ ਪੈਂਦਾ ਕਿ ਮੈਂ ਸਕੂਲ ਜਾਣਾ। ਮਾਂ ਨਾਲ ਆਢਾ ਲੱਗ ਜਾਂਦਾ। 'ਜੋ ਹੈ' ਨੂੰ ਅਸਵੀਕਾਰ ਕਰਨ ਦੀ ਮੇਰੀ ਬਿਰਤੀ ਤਦ ਤੋਂ ਹੈ।

ਮੈਂ ਆਰਪਾਰ ਤੋਂ ਸਵੈ-ਸੱਤਾ ਦੇ ਸਰੋਤਾਂ ਦੀ ਤਲਾਸ਼ ਕਰਨ ਲੱਗਾ। ਬਹੁਤ ਸਵੇਰ ਉਠ ਕੇ ਨਹਾਉਂਦਾ, ਬਾਗ ਵਿਚ ਜਾ ਕੇ ਸੈਰ ਕਰਨ ਨਿਕਲ ਜਾਂਦਾ। ਸਕੂਲੋਂ ਆ ਕੇ ਦੇਖਦਾ ਛਿੱਕੂ ਵਿਚ ਰੋਈ ਪਈ ਹੈ, ਰੋਲ ਬਣਾ ਕੇ ਖਾਣ ਲੱਗਦਾ ਤੇ ਦੌੜਦਾ ਛੱਤ ਉੱਤੇ ਜਾ ਪਹੁੰਚਦਾ। ਮੇਰੀ ਨਿਗ੍ਹਾ ਆਕਾਸ਼ ਵਿਚ ਉੱਡਦੀਆਂ ਪਤੰਗਾਂ ਵਲ ਜਾ ਪੁੱਜਦੀ। ਮਾਂ ਨੂੰ ਅਜਿਹਾ ਆਪ-ਹੁਦਰਾਪਣ ਔਖਿਆਂ ਕਰਦਾ। ਸਮਾਂ ਆਇਆ ਜਦ ਮੇਰੇ ਲਈ ਆਰੰਭ ਦਾ ਮਤਲਬ ਆਰੰਭ ਤੋਂ ਟੁੱਟਣਾ ਹੋ ਗਿਆ। ਮੇਰੇ ਲਈ ਟੁੱਟਣ/ਜੁੜਨ ਦਾ ਦਵੰਦ ਜਾਰੀ ਰਹਿਣ ਲੱਗਾ। ਨਿੱਕੇ ਜਿਹੇ ਸੰਸਾਰ ਵਿਚ ਰੱਦ ਹੋਣ ਤੇ ਰੱਦ ਕਰਨ ਵਿਚ ਮੇਰੀ ਸੁਤੰਤਰਤਾ ਦੇ ਬੀਜ ਸਨ। ਮੈਂ ਆਪਣੇ ਆਰੰਭ ਖਿਲਾਫ਼ ਲੜਦਿਆਂ ਊਰਜਿਤ ਹੋਇਆ, ਵਿਗਸਿਆ। ਅਜਿਹਾ ਕਰਦਿਆਂ ਬਹੁਤ ਕੁਝ ਅਜਿਹਾ ਵਾਪਰਦਾ ਰਿਹਾ ਜੋ ਆਮ ਬੱਚੇ ਦੇ ਜੀਵਨ ਵਿਚ ਨਹੀਂ ਵਾਪਰਦਾ। ਜੋ ਪ੍ਰਾਪਤ ਹੈ, ਉਹਦਾ ਮੁਕਾਬਲਾ ਕਰਦਿਆਂ ਮੇਰੇ ਅੰਦਰ ਨਵੀਂ ਤਰਜ਼ ਦੇ ਵਿਚਾਰ ਉਗਮਣ ਲੱਗੇ। ਇਸ ਨੇ ਮੇਰੇ ਅੰਦਰ ਆਪਣੀ ਸਪੇਸ ਆਪ ਤਿਆਰ ਕਰਨ ਦੀ ਜਾਗ ਲਗਾਈ। ਮੇਰੀ ਜ਼ਿੰਦਗੀ ਦਾ ਟ੍ਰੈਕ ਹੋਰਾਂ ਨਾਲੋਂ ਵੱਖਰਾ ਹੋ ਗਿਆ। ਮਾਂ ਬਾਪ ਨੇ ਮੇਰਾ ਨਾਂ ਗੁਰਬਚਨ ਸਿੰਘ ਰੱਖਿਆ। ਸਕੂਲ ਵੇਲੇ ਮੈਂ ਇਹਨੂੰ ਗੁਰਬਚਨ ਸਿੰਘ ਆਜ਼ਾਦ ਬਣਾ ਦਿੱਤਾ। ਫਿਰ ਲੱਗਾ ਆਜ਼ਾਦ ਵਾਲਾ ਜੋੜ ਬਕਵਾਸ ਹੈ, ਲਾਹ ਦਿੱਤਾ। ਬਾਅਦ ਵਿਚ ਸਿੰਘ ਵੀ ਹਟਾ ਦਿੱਤਾ। ਗੁਰਬਚਨ ਦੀ ਧੁਨੀ ਨਾਂ ਨਾਲੋਂ ਵੱਧ ਮੇਰੀ ਪਛਾਣ ਬਣ ਗਈ। ਇਹ ਪਛਾਣ ਆਕਾਸ਼ੋਂ ਨਹੀਂ ਉਤਰੀ, ਇਰਦ

ਗਿਰਦ ਨਾਲ ਖਹਿ ਕੇ ਉਪਜੀ ਹੈ। ਇਸ ਪਛਾਣ ਦਾ ਮੂਲ ਮੰਤਰ ਮਿਹਨਤ+ਚੜ੍ਹਦੀਆਂ ਕਲਾ ਵਿਚ ਰਹਿਣਾ ਰਿਹਾ। ਸਵੈ–ਸੱਤਾ ਦੇ ਸਰੋਤ ਮੈਂ ਆਪ ਸਿਰਜੇ। ਹੁਣ ਜੋ ਮੈਂ ਆਪਣੇ ਬਾਰੇ ਬਿਰਤਾਂਤ ਵਿੱਢ ਰਿਹਾਂ, ਉਹਨੇ ਮੇਰੇ ਸਮੇਤ ਇਨ੍ਹਾਂ ਸਰੋਤਾਂ ਦੀ ਖਾਸ ਤੌਰ ਤੇ ਗੱਲ ਕਰਨੀ ਹੈ। ਲੰਮੀ ਗੱਲ ਹੈ ਇਹ, ਦਹਾਕਿਆਂ ਤੱਕ ਫੈਲੀ ਹੋਈ, ਦੇਸ਼ ਵਿਦੇਸ਼ ਨਾਲ ਜੁੜੀ ਹੋਈ, ਅਨੰਤ ਮਨੁੱਖਾਂ ਨਾਲ ਅੰਤਰਰੰਗ ਪਾਸਾਰਾਂ ਵਾਲੀ, ਜੋੜ–ਤੋੜ ਦੇ ਟੋਟਕਿਆਂ ਦਾ ਸੰਕਲਨ! ਇਕ ਅਲਪ+ਲਘੂ ਬੰਦੇ ਦਾ ਮਹਾਂ–ਕਾਵਿ!

ਘਰ ਤੋਂ ਟੁੱਟਣ ਦਾ ਸਾਹਸ ਕਿਵੇਂ ਪੈਦਾ ਹੋਇਆ? ਮੁੱਢਲਾ ਸੁਆਲ ਹੈ : ਵਿਦਰੋਹ ਦੇ ਬੀਜ ਮੇਰੇ ਵਿਚ ਹੀ ਕਿਉਂ ਪੈਦਾ ਹੋਏ, ਪ੍ਰਵਾਰ ਦੇ ਕਿਸੇ ਹੋਰ ਜੀਅ ਚ ਕਿਉਂ ਨਾ ਹੋਏ? ਜਿਵੇਂ ਪ੍ਰਵਾਰ ਵਿਚ ਦੋ ਭਰਾ ਵੱਖਰੇ ਹੁੰਦੇ ਹਨ, ਇਕ ਸਿਖਰ ਦਾ ਵਿਗਿਆਨੀ, ਦੂਜਾ ਕੁਝ ਵੀ ਨਹੀਂ। ਸਾਰਤਰ ਫਲਾਬੇਅਰ ਦੀ ਮਿਸਾਲ ਦੇਂਦਾ ਹੈ ਕਿ ਕੁਝ ਵਿਕੋਲਿਤ੍ਰਾ ਉਹਦੇ ਚ ਸੀ ਕਿ ਉਹ ਪ੍ਰਵਾਰ ਦੇ ਖੋਟੇ ਸਿੱਕੇ ਤੋਂ ਆਪਣੇ ਯੁੱਗ ਦਾ ਬਿਰਤਾਂਤਕਾਰ ਬਣਿਆ।

•

ਮੇਰੇ ਬਾਪ ਦਾ ਬਾਪ ਪਾਕਿਸਤਾਨ 'ਚ ਜਿਹਲਮ ਜ਼ਿÑਲੇ ਦੇ ਕਿਸੇ ਪਿੰਡ 'ਚ ਨਿੱਕੀ ਮੋਟੀ ਹੱਟੀ ਕਰਦਾ ਹੋਣਾਂ। ਜਾਂ ਕਿਸੇ ਗੁਰਦੁਆਰੇ ਦਾ ਗ੍ਰੰਥੀ ਹੋਣਾ। ਜਿਵਬਾਪ ਦਾ ਵੱਡਾ (ਮਤ੍ਰੇਆ) ਭਰਾ ਨਿਹੰਗਾਂ ਦਾ ਮੁੱਖੀ ਸੀ; ਉਹ ਸੰਤ ਬੂਟਾ ਸਿੰਘ ਕਰਕੇ ਮਸ਼ਹੂਰ ਸੀ। ਅੰਮ੍ਰਿਤਸਰ 'ਚ ਦਰਬਾਰ ਸਾਹਿਬ ਦੇ ਨਾਲ ਲੱਗਦੇ ਗੁਰਦੁਆਰੇ ਕੌਲਸਰ ਦੀ ਪਰਿਕਰਮਾ ਵਿਚ ਉਹਦਾ ਅਖਾੜਾ ਸੀ। ਮੈਂ ਮਿਲਣ ਜਾਂਦਾ ਤਾਂ ਨਿਹੰਗ ਸਿੰਘ ਸੁੱਖਾ ਘੋਟ ਰਹੇ ਹੁੰਦੇ।

ਬਾਪ ਦਾ ਸਕਾ ਨਿੱਕਾ ਭਰਾ, ਸ਼ੇਰ ਸਿੰਘ, ਸੰਤ ਅਖਵਾਂਦਾ ਸੀ। ਉਹ ਕਿਸੇ ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ/ਕਥਾਵਾਚਕ ਸੀ। ਘਰਾਂ 'ਚ ਜਾ ਕੇ ਪਾਠ ਕੀਰਤਨ ਕਰਦਾ। ਚਾਰ ਪੰਜ ਸਾਲ ਇਕ ਪਿੰਡ ਵਿਚ ਰਹਿ ਕੇ ਕਿਸੇ ਦੂਜੇ ਪਿੰਡ ਦਾ ਗੁਰਦੁਆਰਾ ਜਾ ਸੰਭਾਲਦਾ। ਪਿੰਡ ਦੇ ਬੱਚੇ ਉਹਦੇ ਕੋਲ ਗੁਰਮੁਖੀ ਲਿਖਣੀ ਸਿਖਣ ਆਉਂਦੇ। ਉਹਦੇ ਕੋਲ ਸਾਈਕਲ ਹੁੰਦਾ। ਸਾਈਕਲ ਉੱਤੇ ਸਵਾਰ ਹੋ ਉਹ ਕਦੇ ਕਦਾਈਂ ਸਾਡੇ ਘਰ ਆਉਂਦਾ।

ਮਾਂ ਦੇ ਪਿੱਛੇ ਦੀ ਸੰਘਣੀ ਨਾਤਾਗਿਰੀ ਸੀ ਜਿਨ੍ਹਾਂ ਨੇ ਪਾਕਿਸਤਾਨ ਬਣਨ ਬਾਦ ਕਾਨਪੁਰ ਜਾ ਟਿਕਾਣਾ ਕੀਤਾ। ਮਾਂ ਦੇ ਕਈ ਰਿਸ਼ਤੇਦਾਰ ਸੰਤਾਲੀ ਦੇ ਦੰਗਿਆਂ ਵੇਲੇ, ਜਦ ਉਹ ਸਰਹੱਦ ਪਾਰ ਕਰਕੇ ਜੰਮੂ ਵਲ ਨੂੰ ਆ ਰਹੇ ਸਨ, ਕਤਲ ਹੋ ਗਏ। ਔਰਤਾਂ ਬੱਚ ਗਈਆਂ, ਕਾਫ਼ਲੇ ਨਾਲ ਅੰਮ੍ਰਿਤਸਰ ਪੁੱਜੀਆਂ। ਗੁਰੂ ਰਾਮ ਦਾਸ ਸਰਾਂ ਵਿਚ ਉਨ੍ਹਾਂ ਨੇ ਸ਼ਰਣ ਲਈ। ਮਾਂ ਨੇ ਖਾਣ ਪੀਣ ਦੀਆਂ ਵਸਤਾਂ ਤਿਆਰ ਕਰਕੇ ਪੀੜਤ ਰਿਸ਼ਤੇਦਾਰਾਂ ਨੂੰ ਪਹੁੰਚਾਈਆਂ। ਤਦ ਮੈਨੂੰ ਸੰਤਾਲੀ ਦੀ ਭਿਅੰਕਰਤਾ ਦਾ ਪਤਾ ਲੱਗਾ। ਮੇਰੀ ਉਮਰ ਸੱਤ ਸਾਲ ਵੀ ਨਹੀਂ ਸੀ।

ਮਾਂ ਬਾਪ ਵੰਡ ਤੋਂ ਦੋ ਢਾਈ ਦਹਾਕੇ ਪਹਿਲਾਂ ਅੰਮ੍ਰਿਤਸਰ ਸ਼ਹਿਰ 'ਚ ਵੱਸ ਚੁੱਕੇ ਸਨ। ਦਰਬਾਰ ਸਾਹਿਬ ਉਨ੍ਹਾਂ ਨੂੰ ਇਸ ਸ਼ਹਿਰ ਵਲ ਖਿੱਚ ਲਿਆਇਆ ਸੀ। ਘਰ ਜੋ ਉਨ੍ਹਾਂ ਕਿਰਾਏ 'ਤੇ ਲਿਆ ਉਹ ਦਰਬਾਰ ਸਾਹਿਬ ਤੋਂ ਪੰਜ ਸਤ ਮਿੰਟ ਦੀ ਵਾਟ 'ਤੇ ਸੀ। ਪਹਿਲਾਂ ਦੋ ਸਾਲ ਡੇਢ ਕੁ ਕਮਰੇ ਜਿੰਨੀ ਕੋਠੜੀ ਸੀ, ਕਿਰਾਇਆ ਦੋ ਰੁਪਏ। ਫਿਰ ਉਸੇ ਗਲੀ 'ਚ ਦੋਮੰਜ਼ਲਾ ਘਰ ਬਣਿਆ ਤਾਂ ਚਾਰ ਰੁਪਏ ਮਹੀਨੇ ਕਿਰਾਏ 'ਤੇ ਲੈ ਲਿਆ। ਕਮਰਾ ਰਸੋਈ ਹੇਠ, ਏਨੀ ਹੀ ਜਗ੍ਹਾ ਉਪਰ। ਕੁਲ ਦੋ ਕਮਰੇ। ਗਰਮੀਆਂ 'ਚ ਅਸੀਂ ਛੱਤ 'ਤੇ ਸੌਂਦੇ। ਕਿਸੇ ਬੱਚੇ ਨੂੰ ਸੌਣ ਲਈ ਇਕੱਲੀ ਮੰਜੀ ਨਹੀਂ ਸੀ ਮਿਲਦੀ। ਮੈਂ ਸਕੂਲ'ਚ ਜਾਣਾ ਸ਼ੁਰੂ ਕੀਤਾ ਤਾਂ ਘਰ ਦਾ ਕਿਰਾਇਆ ਪੰਜ ਰੁਪਏ ਮਹੀਨਾ ਹੋ ਗਿਆ। ਅਸੀਂ ਸਾਰੇ ਭੈਣ ਭਰਾ ਇਸ ਘਰ ਵਿਚ ਪੈਦਾ ਹੋਏ। ਮੈਟ੍ਰਿਕ ਕਰਨ ਤੱਕ ਘਰ 'ਚ ਬਿਜਲੀ ਨਹੀਂ ਸੀ। ਬਿਜਲੀ ਲੱਗੀ ਤਾਂ ਕਿਰਾਇਆ ਦਸ ਰੁਪਏ ਹੋ ਗਿਆ। ਪੈਂਤੀ ਸਾਲ ਇਸ ਮਕਾਨ ਵਿਚ ਰਹੇ।

ਗਲੀ 'ਚ ਸਾਰੇ ਮਕਾਨ ਨਿੱਕੇ ਭੀੜੇ, ਹਨੇਰੇ, ਇਕ ਦੂਜੇ ਨਾਲ ਜੁੜੇ ਹੋਏ। ਸਿਵਾਏ ਸਾਡੇ, ਬਾਕੀ ਸਭਨਾਂ ਦਾ ਪਿਛੋਕੜ ਰਾਮਗੜ੍ਹੀਆ ਬਰਾਦਰੀ ਦਾ ਸੀ। ਇਹ ਗਲੀ, ਇਕ ਤਰ੍ਹਾਂ ਨਾਲ, ਭਕਨਾ ਪਿੰਡ ਦੇ ਮਿਸਤਰੀ ਝੰਡਾ ਸਿੰਘ ਦਾ ਵਾੜਾ ਸੀ, ਜਿਸ ਵਿਚ ਪੰਜ ਸਤ ਘਰ ਸਨ – ਭੀੜੇ, ਦੁਮੰਜ਼ਲੇ, ਘੁਸਮੁਸੇ। ਔਰਤਾਂ ਰਸੋਈ ਦੇ ਖੁਰੇ 'ਚ ਨਹਾਂਦੀਆਂ, ਮਰਦ ਖੂਹ 'ਤੇ। ਖਹ ਸਾਡੇ ਮਕਾਨ ਦੇ ਨਾਲ ਸੀ, ਗਲੀ ਦੇ ਸ਼ੁਰੂ ਵਿਚ। ਆਹਮੋ ਸਾਹਮਣੇ ਘਰਾਂ ਵਿਚਾਲੇ ਗੰਦੇ ਪਾਣੀ ਦੀ ਮੋਰੀ ਸੀ। ਘਰਾਂ ਅੱਗੇ ਬਾਹਰ ਨਿਕਲਣ ਦਾ ਰਾਹ ਗਲੀ ਬਣ ਗਈ ਸੀ। ਸਾਡੇ ਵਾਲੇ ਮਕਾਨ ਦਾ ਮਾਲਕ ਝੰਡਾ ਸਿੰਘ ਦਾ ਮਤ੍ਰੇਆ ਭਰਾ ਸੁੰਦਰ ਸਿੰਘ ਸੀ ਜੋ ਥੋੜ੍ਹੀ ਦੂਰ ਲੋਹਾਰਾਂ ਵਾਲੇ ਬਾਜ਼ਾਰ 'ਚ ਰਹਿੰਦਾ ਸੀ।

ਗਲੀ ਤੋਂ ਬਾਹਰ ਨਿਕਲਦਿਆਂ ਚੋਕ ਸੀ; ਇਹਨੂੰ ਲਛਮਣਸਰ ਚੌਂਕ ਕਹਿੰਦੇ। ਪਨਸਾਰੀ ਦੀਆਂ ਦੁਕਾਨਾਂ ਸਿੱਖਾਂ ਦੀਆਂ ਸਨ; ਹਲਵਾਈ, ਸਬਜ਼ੀ/ਫਲਾਂ ਦੀ ਦੁਕਾਨ ਆਦਿ ਹਿੰਦੂਆਂ ਦੀਆਂ। ਛੋਲੇ ਕੁਲਚੇ ਵਾਲੇ ਦਾ ਨਿੱਕਾ ਜਿਹਾ ਖੋਖਾ ਸੀ। ਗਲੀ 'ਚੋਂ ਬਾਹਰ ਨਿਕਲਦਿਆਂ ਪ੍ਰੀਤਮ ਦੀ ਦੁੱਧ ਘਿਓ ਦੀ ਦੁਕਾਨ, ਸਾਹਮਣੇ ਦਿਆਲ ਮੁਨਿਆਰ, ਖੱਬੇ ਅਧਪੜ੍ਹ ਡਾਕਟਰ ਸਰਦੂਲ ਸਿੰਘ। ਉਹਦੇ ਨਾਲ ਰਾਮ ਲੁਭਾਏ ਦੀ ਖੰਡ/ਮਿਸ਼ਰੀ ਵਾਲੇ ਦੀ ਦੁਕਾਨ। ਅਗਾਂਹ ਗੁਰਾ ਹਲਵਾਈ। ਡਾਕਟਰ ਸਰਦੂਲ ਸਿੰਘ ਨੂੰ ਦੁਕਾਨ ਖਾਲ੍ਹੀ ਕਰਨੀ ਪਈ ਤਾਂ ਕਿਸ਼ਨ ਪਨਸਾਰੀ ਆ ਗਿਆ। ਪਨਸਾਰੀ ਕਿਸ਼ਨ ਦੇ ਮੁੰਡੇ ਕਾਫ਼ੀ ਸਾਲਾਂ ਬਾਦ  ਅਮਰੀਕ ਨਿਊ ਜਰਸੀ ਜਾ ਸੈਟਲ ਹੋਏ। ਗੁਰੇ ਹਲਵਾਈ ਦਾ ਮੁੰਡਾ ਸੱਜਣ 1955 ਵਿਚ ਇੰਗਲੈਂਡ ਗਿਆ।

ਚੌਂਕ ਦੇ ਸੱਜੇ ਠਾਕਰ ਹਲਵਾਈ ਦੀ ਦੁਕਾਨ। ਗਰਮੀਆਂ 'ਚ ਸਵੇਰੇ ਵੱਡੇ ਢਿੱਡਾਂ ਵਾਲੇ ਲਾਲੇ ਕੜੇ ਵਾਲੇ ਗਿਲਾਸਾਂ 'ਚ ਦਹੀਂ ਦੀ ਲੱਸੀ ਦੁਕਾਨ ਦੇ ਬਾਹਰ ਖੜ ਕੇ ਪੀਂਦੇ। ਲੱਸੀ ਰਿੜਕ ਕੇ ਠਾਕਰ ਦਾ ਮੁੰਡਾ ਲੁਭਾਇਆ ਗਿਲਾਸ ਵਿਚ ਪਾਉਂਦਾ, ਉਪਰ ਮਲਾਈ ਠੋਕਦਾ। ਵਾਰੋ ਵਾਰੀ ਗਾਹਕਾਂ ਨੂੰ ਗਿਲਾਸ ਫੜਾਈ ਜਾਂਦਾ ਜੋ ਗਰਮ ਪੂੜੀਆਂ ਛੋਲੇ ਖਾ ਰਹੇ ਹੁੰਦੇ।

ਤਿੰਨ ਗਲੀਆਂ ਲੋਹਾਰਾਂ, ਤਰਖਾਣਾਂ, ਕੰਬੋਆਂ ਦੀਆਂ – ਵਿਚਕਾਰ ਸਾਡੀ ਗਲੀ। ਸਾਡੇ ਵਾਲੇ ਚੌਂਕ ਤੋਂ ਦਰਬਾਰ ਸਾਹਿਬ ਵਲ ਜਾਂਦਿਆਂ ਚੋਕ ਬਾਬਾ ਸਾਹਿਬ ਆਉਂਦਾ। ਵਿਚਾਲੇ ਕਾਰੋਬਾਰੀ ਬਾਨੀਆਂ ਦੀ ਭਰਪੂਰ ਆਬਾਦੀ ਸੀ। ਰਾਹ 'ਚ ਪੰਜ ਸਤ ਗਲੀਆਂ, ਸੱਜੇ ਖੱਬੇ ਸਨ, ਜ਼ਿਆਦਾ ਆਬਾਦੀ ਹਿੰਦੂ ਦੁਕਾਨਦਾਰਾਂ ਦੀ। ਲੋਹੇ ਦੇ ਕਾਰੋਬਾਰੀ ਬਾਬਾ ਸਾਹਿਬ ਦੇ ਰਾਹ ਵਿਚ ਬਣੇ ਤਿੰਨ ਮੰਜ਼ਲੇ ਵੱਡੇ ਘਰਾਂ ਵਿਚ ਰਹਿੰਦੇ। ਉੱਤਰ ਵਾਲੇ ਪਾਸੇ ਦਾਲ ਮੰਡੀ, ਆਟਾ ਮੰਡੀ, ਲੂਣ ਮੰਡੀ ਆਦਿ ਦੇ ਬਾਜ਼ਾਰ ਤੇ ਅਗਾਂਹ ਫੈਲਿਆ ਦੁਕਾਨਦਾਰੀ ਸ਼ਹਿਰ ਤੇ

ਇਹਦਾ ਸਵੈ-ਸੀਮਤ ਸੰਸਾਰ। ਇਹਦੀ ਆਪਣੀ ਤਰਜ਼ ਦੀ ਰੌਣਕ ਤੇ ਮਹਾਜਨੀ ਤਹਿਜ਼ੀਬ। ਕਾਰੋਬਾਰੀਆਂ/ਦੁਕਾਨਦਾਰਾਂ ਦੀ ਖੜਕ ਤੇ ਮੜ੍ਹਕ। ਜਿਵੇਂ ਕੁੱਲ ਸੰਸਾਰ ਏਥੋਂ ਸ਼ੁਰੂ ਹੋ ਕੇ ਏਥੇ ਹੀ ਖਤਮ ਹੋ ਜਾਂਦਾ ਹੋਵੇ।

ਬਾਜ਼ਾਰਾਂ ਵਿਚ ਪਸ਼ੂ, ਸਾਈਕਲ, ਰਿਕਸ਼ੇ, ਰੇੜ੍ਹੇ, ਖੰਡ/ਕਣਕ ਦੀਆਂ ਬੋਰੀਆਂ ਨਾਲ ਲੱਦੇ ਗੱਡੇ ਘਮਸਾਣ ਮਚਾਈ ਰੱਖਦੇ। ਪਿੰਡਾਂ ਤੋਂ ਵਣਜ ਗੱਡਿਆਂ 'ਚ ਲੱਦੀ ਦਾਣਾ ਮੰਡੀ ਵਲ ਜਾਂਦੀ। ਧੂੜ ਉੱਡਦੀ। ਦੁਪਹਿਰ ਬਾਅਦ ਧੁੱਪ ਦੀਆਂ ਕਾਤਰਾਂ 'ਚੋਂ ਧੂੜ ਦੇ ਕਿਣਕੇ ਉੱਡਦੇ ਦਿਖਦੇ। ਜਮਾਂਦਾਰ ਬਾਜ਼ਾਰ ਵਿਚ ਸਵੇਰੇ ਝਾੜੂ ਮਾਰਦਾ, ਗਰਦ ਉੱਡਦੀ, ਖਿਲਰਦੀ। ਗਲੀਆਂ ਮੁਹੱਲਿਆਂ ਵਿਚ ਜ਼ਿੰਦਗੀ ਦੀ ਤੋਰ ਇਕਸਾਰ ਤੇ ਸੁਸਤ। ਸਾਡੀ ਗਲੀ ਤੋਂ ਕੁਝ ਕਦਮਾਂ 'ਤੇ ਸ਼ਹੀਦ ਲਛਮਨ ਸਿੰਘ ਦੀ ਸਮਾਧ। ਲਛਮਨ ਸਿੰਘ ਕੌਣ ਸੀ, ਕਦੋਂ ਸ਼ਹੀਦ ਹੋਇਆ, ਕਿਸੇ ਨੂੰ ਪਤਾ ਨਹੀਂ, ਨਾ ਕੋਈ ਇਹਦੇ ਬਾਰੇ ਗੱਲ ਕਰਦਾ। ਨਿੱਕੇ ਨਿੱਕੇ ਸਿਲਸਿਲੇ 'ਚ ਖੁੱਭੇ ਲੋਕਾਂ ਦਾ ਅਜਿਹੀਆਂ ਗੱਲਾਂ ਨਾਲ ਕੋਈ ਵਾਸਤਾ ਨਹੀਂ ਸੀ। ਜ਼ਿੰਦਗੀ ਕਮਾਈ ਕਰਨ ਤੇ ਖਾਣ ਪੀਣ ਤੱਕ ਸੀਮਤ ਸੀ। ਸਿੱਖ ਦੁਕਾਨਦਾਰ ਸਵੇਰੇ ਨਹਾ ਧੋਅ ਕੇ ਦਰਬਾਰ ਸਾਹਿਬ ਮੱਥਾ ਟੇਕ ਆਉਂਦੇ। ਗੋਰੀ/ਚਿੱਟੀ ਚਮੜੀ ਵਾਲੀਆਂ ਤੀਵੀਆਂ ਨੰਗੇ ਪੈਰੀਂ ਸਵੇਰੇ ਬਾਬਾ ਦੀਪ ਸਿੰਘ ਦੇ ਗੁਰਦੁਆਰੇ ਸ਼ਹੀਦਾਂ ਸਾਹਿਬ ਮੱਥਾ ਟੇਕਣ ਜਾਂਦੀਆਂ। ਜ਼ਿੰਦਗੀ ਦਾ ਇਹੀ ਆਦਿ/ਅੰਤ ਸੀ। ਅਖਬਾਰ ਪੜ੍ਹਣ ਵਾਲਾ ਟਾਂਵਾ ਬੰਦਾ ਹੁੰਦਾ। ਉਰਦੂ ਦੇ ਅਖਬਾਰ ਪੜ੍ਹੇ ਜਾਂਦੇ। *'ਟ੍ਰਿਬਿਊਨ'* ਘਟ ਪੜ੍ਹਿਆ ਜਾਂਦਾ।

ਸਾਡੇ ਘਰ ਤੋਂ ਪੰਜ ਸਤ ਮਿੰਟ ਦੀ ਵਾਟ 'ਤੇ ਤਿੰਨ ਸਿਨੇਮਾ ਘਰ ਸਨ। ਇਨ੍ਹਾਂ ਨੇ ਸ਼ਹਿਰ 'ਚ ਫ਼ਿਲਮਾਂ ਦੀ ਮਸ਼ਹੂਰੀ ਲਈ ਟਾਂਗੇ ਰੱਖੇ ਹੁੰਦੇ। ਗ੍ਰਾਮੋਫ਼ੋਨ 'ਤੇ ਮਾਈਕ ਸਮੇਤ ਇਕ ਦੋ ਬੰਦੇ ਟਾਂਗੇ 'ਚ ਬੈਠ ਜਾਂਦੇ। ਟਾਂਗੇ ਦੇ ਦੋਨੋ ਪਾਸਿਆਂ 'ਤੇ ਫ਼ਿਲਮ ਦੀ ਮਸ਼ਹੂਰੀ ਵਾਲੇ ਵੱਡੇ ਬੋਰਡ ਲਟਕੇ ਹੁੰਦੇ ਜਿਹਦੇ 'ਤੇ ਫ਼ਿਲਮ ਦਾ ਨਾਂ, ਉਹਦੇ 'ਚ ਕੰਮ ਕਰਨ ਵਾਲੇ ਅਭਿਨੇਤਾ ਤੇ ਸਿਨੇਮਾ ਹਾਲ ਦਾ ਨਾਂ ਲਿਖਿਆ ਹੁੰਦਾ। ਗ੍ਰਾਮੋਫ਼ੋਨ 'ਤੇ ਲੱਗਾ ਗਾਣਾ ਸਭਨਾਂ ਦਾ ਧਿਆਨ ਖਿੱਚਦਾ। ਟਾਂਗੇ 'ਚ ਬੈਠਾ ਬੰਦਾ ਫ਼ਿਲਮ ਬਾਰੇ ਹੈਂਡ ਬਿਲ ਵੰਡਦਾ ਜਿਹਨੂੰ ਅਸੀਂ ਨਿੱਕੇ ਮੁੰਡੇ ਬੜੇ ਚਾਅ ਨਾਲ ਲੈਂਦੇ। ਕਈ ਵੇਰ ਕਿਸੇ ਐਕਟਰ ਜਾਂ ਐਕਟ੍ਰੈਸ ਦੀ ਫ਼ੋਟੋ ਵੀ ਵੰਡੀ ਜਾਂਦੀ। ਮੈਂ ਟਾਂਗੇ ਦੇ ਪਿੱਛੇ ਦੂਰ ਤੱਕ ਦੌੜੀ ਜਾਂਦਾ, ਫਿਰ ਟਪੂਸੀ ਮਾਰ ਵਾਪਿਸ ਆਪਣੀ ਗਲੀ ਵਲ ਦੌੜਦਾ। ਪੈਰ ਨੰਗੇ ਹੁੰਦੇ, ਜਾਂ ਰਬੜ ਦੀ ਚੱਪਲ ਹੁੰਦੀ ਜਾਂ ਕਪੜੇ ਦੇ ਬੂਟ। ਫ਼ਿਲਮਾਂ ਵਿਚ ਕੰਮ ਕਰਨ ਵਾਲੇ ਅਦਾਕਾਰਾਂ ਬਾਰੇ ਮੇਰੀ ਜਾਣਕਾਰੀ ਵਧਣ ਲੱਗੀ। ਅਸ਼ੋਕ ਕੁਮਾਰ, ਦੇਵ ਆਨੰਦ, ਸੁਰੱਈਆ, ਕਰਨ ਦੀਵਾਨ ਤੇ ਬਾਦ ਵਿਚ ਦਲੀਪ ਕੁਮਾਰ ਨਰਗਿਸ, ਰਾਜ ਕਪੂਰ। ਇਨ੍ਹਾਂ ਦੀਆਂ ਫੋਟੂਆਂ ਵਾਲੇ ਵੱਡੇ ਇਸ਼ਤਿਹਾਰ ਦੀਵਾਰਾਂ ਉੱਤੇ ਲੱਗੇ ਹੁੰਦੇ।

ਸਾਡੇ ਘਰ ਦੇ ਪਿਛਾਂਹ ਚਾਰ ਪੰਜ ਮੰਜ਼ਲਾ ਵੱਡਾ ਮਕਾਨ ਅਮੀਂਚੰਦ ਗੁਪਤਾ ਨਾਂ ਦੇ ਕਾਰੋਬਾਰੀ ਬਾਨੀਏ ਦਾ ਸੀ। ਉਹਦੇ ਨਾਲ, ਓਨਾ ਹੀ ਉੱਚਾ ਮਕਾਨ ਕਿਸੇ ਹੋਰ ਬਾਨੀਏ ਦਾ ਸੀ। ਇਹ ਦੋਵੇਂ ਬਾਨੀਏ ਕੀ ਕੰਮ ਕਰਦੇ ਸਾਨੂੰ ਕਦੇ ਪਤਾ ਨਾ ਲੱਗਾ। ਗੁਪਤਾ ਕਾਂਗਰਸੀ ਸੀ। ਉਹਦੇ ਮਕਾਨ ਦੇ ਬਾਹਰ ਸੀਮੰਟ ਦਾ ਪਲੱਸਤਰ ਸੀ। ਦੂਜਾ ਮਕਾਨ ਲਾਲ ਇੱਟਾਂ ਦਾ; ਇਨ੍ਹਾਂ ਦੀ ਪੱਛਾਣ ਅਸੀਂ ਸਫ਼ੇਦ ਤੇ ਲਾਲ ਬਾਨੀਏ ਕਹਿ ਕੇ ਕਰਦੇ। ਇਨ੍ਹਾਂ ਦੋਨਾਂ ਮਕਾਨਾਂ ਨਾਲ ਮੇਰਾ ਸਿੱਧਾ ਵਾਹ ਸਰਦੀਆਂ ਵਿਚ ਪੈਂਦਾ ਜਦ ਮੈਂ ਗੁੱਡੀ ਉਡਾਣ ਜਾਂ ਉੱਡਦੀਆਂ ਪਤੰਗਾਂ ਦੇ ਪੇਚੇ ਦੇਖਣ ਸਵੇਰੇ ਹੀ ਕੋਠੇ ਉੱਤੇ ਜਾ ਪੁੱਜਦਾ। ਇਨ੍ਹਾਂ ਮਕਾਨਾਂ ਦੀ ਉਚਾਈ ਕਰਕੇ ਸਾਡੇ ਲਈ ਆਕਾਸ਼ ਦਾ ਵੱਡਾ ਹਿੱਸਾ ਦ੍ਰਿਸ਼-ਮੁਕਤ ਰਹਿੰਦਾ।

ਮੈਂ ਘਰ ਵਿਚ ਪੰਜਵਾਂ ਬੱਚਾ ਸੀ। ਤਿੰਨ ਵੱਡੀਆਂ ਭੈਣਾ ਤੇ ਇਕ ਭਰਾ ਤੋਂ ਬਾਅਦ ਮੇਰਾ ਨੰਬਰ ਸੀ। ਜਦ ਜਨਮਿਆ ਤਾਂ ਉਸ ਦਿਨ ਗੁਰੂ ਰਾਮ ਦਾਸ ਦਾ ਜਨਮ ਪੁਰਬ ਸੀ ਤੇ ਮਾਂ ਦਰਬਾਰ ਸਾਹਿਬ ਹੋ ਕੇ ਆਈ ਸੀ। ਇਹ ਗੱਲਾਂ ਮੈਂ ਸੁਣੀਆਂ। ਗੱਲਾਂ ਸਮਝਣ ਦੀ ਆਯੂ ਤੱਕ ਪੁੱਜਦਿਆਂ ਕਿੰਨਾ ਕੁਝ ਉੱਧੜ-ਗੁੱਦੜ ਹੋ ਚੁੱਕਾ ਸੀ।

ਸਾਡੇ ਘਰ ਦੇ ਐਨ ਸਾਹਮਣੇ ਸੁੱਖੋ ਰਹਿੰਦੀ ਸੀ ਜਿਹਨੂੰ ਅਸੀਂ ਭੂਆ ਕਹਿੰਦੇ ਤੇ ਮਾਂ ਉਹਨੂੰ ਭੈਣ ਸੁੱਖੋ ਬੁਲਾਂਦੀ। ਸੁੱਖੋ ਗਲੀ ਦੀ ਘੜੰਮ ਚੌਧਰੀ ਸੀ। ਖਾਵੰਦ ਉਹਦਾ ਲੋਹਾਰਾ ਕੰਮ ਕਰਦਾ ਸੀ, ਸਾਊ ਬੰਦਾ। ਪਿੰਡ ਗੋਲ੍ਹਵਾੜ 'ਚ ਉਨ੍ਹਾਂ ਦੀ ਜ਼ਮੀਨ ਸੀ। ਇਕੋ-ਇਕ ਮੁੰਡਾ, ਲਾਡ ਨਾਲ ਪਾਲਿਆ ਹੋਇਆ। ਨਾਲ ਵਾਲੇ ਘਰ ਵਿਚ ਕਿਸ਼ਨ ਸਿੰਘ ਲੋਹਾਰ ਰਹਿੰਦਾ ਸੀ, ਸੁੱਖੋ ਦਾ ਭਰਾ। ਸੁੱਖੋ ਦੇ ਘਰ ਕਮਾਈ 'ਚ ਆਉਂਦੀ ਤੇ ਸਾਡੇ ਘਰ ਹਮੇਸ਼ਾਂ ਤੰਗੀ ਰਹਿੰਦੀ। ਮਾਂ ਉੱਤੇ ਸੁੱਖੋ ਦਾ ਰੋਅਬ ਚੱਲਦਾ ਮੈਨੂੰ ਚੰਗਾ ਨਾ ਲੱਗਦਾ। ਮਾਂ ਕਹਿੰਦੀ ਆਂਢ-ਗੁਆਂਢ ਦੇ ਆਸਰੇ ਹੀ ਬੰਦਾ ਵਕਤ ਕੱਢਦਾ। ਮਾਂ ਸੁੱਖੋ ਨੂੰ ਨਾਲ ਲੈ ਕੇ ਮੈਨੂੰ ਮਿਊਂਸਪੈਲਟੀ ਦੇ ਮੁਫ਼ਤ ਪੜ੍ਹਾਈ ਵਾਲੇ ਸਕੂਲ ਦਾਖਲ ਕਰਾਣ ਗਈ ਤਾਂ ਮਾਸਟਰ ਹੰਸ ਰਾਜ ਨੇ ਜਨਮ ਤ੍ਰੀਕ ਪੁੱਛੀ। ਮਾਂ ਨੂੰ ਯਾਦ ਨਹੀਂ ਸੀ। ਮਾਸਟਰ ਨੇ ਤ੍ਰੀਕ ਇਕ ਜਨਵਰੀ 1941 ਲਿਖ ਦਿੱਤੀ। ਕਿੰਨੇ ਸਾਲਾਂ ਬਾਦ ਘਰ ਦੀ ਇਕ ਅਲਮਾਰੀ ਵਿਚ ਮੈਨੂੰ ਵਹੀ ਮਿਲੀ। ਬਾਪ ਦੇ ਹੱਥ ਦਾ ਲਿਖਿਆ ਸੀ : ਸਨੀਚਰਵਾਰ, ਅਕਤੂਰ ਦੀ 19, ਸੰਨ 1940, ਸਵੇਰੇ ਸਾਢੇ ਪੰਜ ਵਜੇ ਕਾਕੇ ਦਾ ਜਨਮ।

ਅਸੀਂ ਬੱਚੇ ਬਹੁਤਾ ਘਰੋਂ ਬਾਹਰ ਰਹਿੰਦੇ। ਸਕੂਲ ਤੋਂ ਬਾਅਦ ਦੋ ਜਗ੍ਹਾ ਸਨ ਜਿੱਥੇ ਜਾਂਦੇ। ਇਕ ਦਰਬਾਰ ਸਾਹਿਬ ਪਰਿਕਰਮਾ ਵਿਚ ਖੇਡਣ ਜਾਂ ਦੂਜਾ ਚਾਟੀਵਿੰਡ ਗੇਟ ਕੋਲੇ ਸਕੱਤਰੀ ਬਾਗ। ਦੋਵੇਂ ਪੰਜ ਮਿੰਟਾਂ ਦੀ ਪੈਦਲ ਦੂਰੀ 'ਤੇ ਸਨ। (ਦਹਾਕਿਆਂ ਬਾਅਦ ਪ੍ਰਧਾਨ ਮੰਤਰੀ ਬਣਨ ਵਾਲਾ ਮਨਮੋਹਨ ਸਿੰਘ ਉਦੋਂ ਕਦੇ ਕਦਾਈ ਹੱਥ ਵਿਚ ਕਿਤਾਬ ਫੜੀ ਇਸੇ ਸਕੱਤਰੀ ਬਾਗ ਵਿਚ ਪੜ੍ਹਣ ਆਉਂਦਾ ਸੀ। ਇਕ ਐਤਵਾਰ ਉਸ ਨੇ ਕੇਸੀ ਇਸ਼ਨਾਨ ਕਰਕੇ ਵਾਲ ਖਿਲਾਰੇ ਹੋਏ ਤੇ ਬਾਗ਼ ਦੇ ਇਕ ਕੋਨੇ ਵਿਚ ਦਰਖ਼ਤਾਂ ਦੇ ਵਿਚਾਲੇ ਹੌਲੇ ਹੌਲੇ ਤੁਰਦਾ ਪੜ੍ਹਦਾ ਮੈਂ ਦੇਖਿਆ।) ਅਸੀਂ ਸਕੱਤਰੀ ਬਾਗ ਸਵੇਰੇ ਸੈਰ ਕਰਦੇ ਤੇ ਐਤਵਾਰ ਵਾਲੇ ਦਿਨ ਗੁੱਲੀ ਡੰਡਾ ਖੇਡਦੇ।

ਪਰਾਇਮਰੀ ਸਕੂਲ ਵਿਚ ਪੜ੍ਹਾਈ ਮਾਮੂਲੀ ਸੀ। ਪਹਿਲੇ ਦਿਨ ਮਾਸਟਰ ਨੇ ਫੱਟੀ , ਪੰਜ ਮਿੰਟਾਂ ਦੀ ਦੂਰੀ 'ਤੇ ਅਲਫ਼ ਬੇ ਪੈਂਸਿਲ ਨਾਲ ਲਿਖੀ ਤੇ ਮੈਨੂੰ ਉਸ ਉੱਤੇ ਕਾਨੇ ਤੇ ਕਾਲੀ ਸਿਆਹੀ ਨਾਲ ਲਿਖਣ ਲਈ ਕਿਹਾ। ਅੱਧੀ ਛੁੱਟੀ ਵੇਲੇ ਅਸੀਂ ਫੱਟੀ ਸਕੂਲ ਦੇ ਨਾਲ ਵਾਲੇ ਚੁਬੱਚੇ ਤੋਂ ਧੋਂਦੇ, ਗਾਚਨੀ ਨਾਲ ਇਹਨੂੰ ਪੋਚਦੇ। ਕੁਝ ਮਿੰਟਾਂ , ਕੁਝ ਮਿੰਟਾਂ 'ਚ ਤਖ਼ਤੀ ਸੁੱਕ ਜਾਂਦੀ। ਅੱਧੀ ਛੁੱਟੀ ਤੋਂ ਬਾਅਦ ਉਰਦੂ ਦੇ ਅੱਖਰ ਲਿਖਦੇ। ਸਰਦੀਆਂ 'ਚ ਕਲਾਸ ਬਾਹਰ ਧੁੱਪ 'ਚ ਘਾਹ 'ਤੇ ਬੈਠ ਕੇ ਲੱਗਦੀ। ਮਾਸਟਰ ਦੂਜੇ ਮਾਸਟਰਾਂ ਨਾਲ ਗੱਪਾਂ ਮਾਰਦੇ ਤੇ ਅਸੀਂ ਸ਼ੋਰ ਪਾਈ ਰੱਖਦੇ। ਛੁੱਟੀ ਹੁੰਦੀ ਤਾਂ ਅਸੀਂ ਹਲਾ ਹਲਾ ਕਰਦੇ ਘਰ ਵਲ ਮੁੜਦੇ। ਸਾਡਾ ਖੇਡਾਂ ਵਲ ਹੀ ਧਿਆਨ ਹੁੰਦਾ। ਪ੍ਰਾਇਮਰੀ ਸਕੂਲ ਘਰ ਤੋਂ ਕੁਝ ਕਦਮਾਂ 'ਤੇ ਸੀ। ਖਾਲਸਾ ਹਾਈ ਸਕੂਲ ਵੀ ਦਸ ਮਿੰਟਾਂ ਦੀ ਵਾਟ 'ਤੇ ਸੀ। ਪਰਾਇਮਰੀ ਸਕੂਲ ਦਾ ਖੁੱਲ੍ਹਾ ਕੰਪਾਊਂਡ ਇਰਦ ਗਿਰਦ ਦੇ

ਸਾਰੇ ਇਲਾਕੇ ਦੇ ਬੱਚਿਆਂ ਲਈ ਖੇਡਣ ਦੀ ਥਾਂ ਸੀ ਜਿਹਨੂੰ ਅਸੀਂ ਬਾਗ ਕਹਿੰਦੇ। ਨਾਲ ਮੰਦਿਰ ਸੀ। ਮੰਦਰ ਦੇ ਬਾਹਰ ਬਣੇ ਜਿਸ ਚੁਬੱਚੇ 'ਚੋਂ ਪਸ਼ੂ ਪਾਣੀ ਪੀਂਦੇ।

ਸੰਤਾਲੀ ਦੇ ਰੌਲਿਆਂ 'ਚ ਸਕੂਲ ਬੰਦ ਰਹੇ। ਕਰਫ਼ਿਊ, ਮੁਸਲਮਾਨਾਂ ਦੇ ਘਰਾਂ ਨੂੰ ਲੱਗੀਆਂ ਅੱਗਾਂ, ਲਾਹੌਰ ਵਾਲੇ ਪਾਸੇ ਜਾਂਦੀ ਗੱਡੀ 'ਚ ਵੱਢੀਆਂ ਗਈਆਂ ਲਾਸ਼ਾਂ ਦੀ ਵੱਡੇ ਗੱਲਾਂ ਕਰਦੇ। ਨਾਲ 'ਮੁਸਲਮਾਨਾਂ ਦੇ ਜ਼ੁਲਮ' ਦੀ ਗੱਲ ਕਰਦੇ। ਓਧਰਲੇ ਪੰਜਾਬ 'ਚ ਹਿੰਦੂ ਸਿੱਖ ਔਰਤਾਂ ਨੂੰ ਨੰਗੀਆਂ ਕਰਕੇ ਕੱਢੇ ਗਏ ਜਲੂਸ ਦਾ ਜ਼ਿਕਰ ਹੁੰਦਾ। ਸਾਡੀ ਗਲੀ 'ਚ ਰਹਿੰਦਾ ਕਿਸ਼ਨ ਸਿੰਘ ਲੋਹਾਰ ਜਿਸਮ ਦਾ ਤਕੜਾ ਸੀ। ਉਹ ਤੇ ਕੁਝ ਹੋਰ ਡਾਂਗ 'ਤੇ ਵਲੇਟੇ ਕਪੜੇ ਨੂੰ ਮਿੱਟੀ ਦੇ ਤੇਲ ਨਾਲ ਭਿਓਂਦੇ ਤੇ ਹਨੇਰੇ ਪਏ ਕਰਫਿਊ 'ਚ ਨਿਕਲ ਜਾਂਦੇ, ਅਖੇ ਅੱਗ ਲਗਾਣ ਗਏ ਹਨ। ਸਟੇਸ਼ਨ 'ਤੇ ਮੁਸਲਮਾਨਾਂ ਦੀਆਂ ਵੱਢੀਆਂ ਲਾਸ਼ਾਂ ਦੇਖ ਕੇ ਕਿਸ਼ਨ ਮੁਹੱਲੇ 'ਚ ਆ ਕੇ ਕਹਿੰਦਾ, "ਗੱਡੀ ਵੱਢ ਕੇ ਆਇਆਂ।" ਕਰਫਿਊ ਦੇ ਦਿਨਾਂ 'ਚ ਮੁਹੱਲੇ ਦੇ ਲੋਕ ਜੁੜ ਕੇ ਤਾਸ਼ ਖੇਡਦੇ। ਮਾਹੌਲ ਮੁਸਲਮਾਨਾਂ ਬਾਰੇ ਨਫ਼ਰਤ ਨਾਲ ਭਰਿਆ ਪਿਆ ਸੀ। ਮਾਂ ਵਾਲੇ ਪਾਸੇ ਦੇ ਕਈ ਰਿਸ਼ਤੇਦਾਰ, ਖਾਸ ਕਰਕੇ ਮਰਦ, ਕਾਫ਼ਲਿਆਂ ਵਿਚ ਮਾਰ ਦਿੱਤੇ ਗਏ ਸਨ। ਜਿਹੜੇ ਉੱਜੜ ਕੇ ਪੁੱਜੇ ਉਨ੍ਹਾਂ ਚੋਂ ਕਈਆਂ ਨੇ ਨੇੜੇ ਦੀ ਲੋਹਾਰਾਂ ਵਾਲੀ ਗਲੀ ਦੇ ਅਗਾਂਹ ਘੁਮਿਆਰਾਂ ਵਾਲੇ ਬਾਜ਼ਾਰ ਚ ਮੁਸਲਮਾਨਾਂ ਦੇ ਖਾਲ੍ਹੀ ਮਕਾਨ ਸਾਂਭ ਲਏ ਸਨ, ਜਿਨ੍ਹਾਂ ਚ ਉੱਜੜ ਕੇ ਆਏ ਸਾਡੇ ਰਿਸ਼ਤੇਦਾਰ ਵੀ ਸਨ। ਉਨ੍ਹਾਂ ਦਿਨਾਂ ਵਿਚ ਸਾਡੇ ਘਰ ਇਕ ਮੇਰੀ ਮਾਂ ਦਾ ਕੋਈ ਰਿਸ਼ਤੇਦਾਰ ਆਇਆ, ਕਹਿੰਦਾ: "ਇਕ ਮੁਸਲਮਾਨ ਬਾਹਰ ਸੁੱਟਿਆ ਤੇ ਸੌ ਰੁਪਿਆ ਲੱਭਾ।" ਦੱਸਣ ਲੱਗਾ ਕਿ ਉਹਨੇ ਗੱਡੀ 'ਚ ਸਫ਼ਰ ਕਰਦੇ ਇਕ ਮੁਸਲਮਾਨ ਨੂੰ ਧੱਕਾ ਦਿੱਤਾ ਤੇ ਉਹਦੇ ਟਰੰਕ 'ਚੋਂ ਸੌ ਰੁਪਿਆ ਪ੍ਰਾਪਤ ਹੋਇਆ।

ਵੰਡ ਵੇਲੇ ਪੈਦਾ ਹੋਈ ਦੁਰਗੰਧ ਕਾਫ਼ੀ ਦੇਰ ਤੱਕ ਕਾਇਮ ਰਹੀ। ਮੁਸਲਮਾਨਾਂ ਦਾ ਜ਼ਿਕਰ ਬੇਦਰਦੀ ਨਾਲ ਹੁੰਦਾ। ਮਾਂ ਕਹਿੰਦੀ: ਮੁਸਲਮਾਨਾਂ 'ਤੇ ਇਤਬਾਰ ਨਹੀਂ ਕੀਤਾ ਜਾ ਸਕਦਾ। ਪਰਾਇਮਰੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਜਿਸ ਸਕੂਲ 'ਚ ਅਸੀਂ ਪੜ੍ਹਦੇ ਉੱਥੇ ਧਰਮ ਦੀ ਕਲਾਸ ਹੁੰਦੀ। ਧਰਮ ਪੋਥੀ 'ਚ ਮੁਸਲਮਾਨਾਂ ਵਲੋਂ ਸਿੱਖਾਂ ਨੂੰ ਦਿੱਤੇ ਤਸੀਹਿਆਂ ਦਾ ਬਿਰਤਾਂਤ ਪੜ੍ਹਦੇ। ਬਾਜ਼ਾਰ ਗਲੀਆਂ 'ਚ ਰਹਿਣ ਵਾਲੇ ਸਿੱਖ ਦੁਕਾਨਦਾਰ ਮਾਸਟਰ ਤਾਰਾ ਸਿੰਘ ਵਾਲੇ ਪੰਥ ਦੇ ਨਾਲ ਸਨ। ਹਿੰਦੂ ਜਨ ਸੰਘ ਦੇ ਪੈਰੋਕਾਰ। ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਤਾਂ ਸਿੱਖ ਦੁਕਾਨਦਾਰ ਦੁਕਾਨਾਂ ਬੰਦ ਕਰਦੇ। ਸਾਡੀ ਗਲੀ ਦੇ ਸਾਹਮਣੇ ਇਕ ਦਿਨ ਸਵੇਰੇ ਬੰਦ ਦੁਕਾਨ ਦੇ ਲਕੜ ਦੇ ਦਰਵਾਜ਼ੇ 'ਤੇ ਚਾਕ ਨਾਲ ਲਿਖਿਆ ਦੇਖਿਆ: 'ਸ੍ਰੀਮਾਨ ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਕਰਕੇ ਅੱਜ ਦਕਾਨ ਬੰਦ ਹੈ।' ਤੀਹ ਜਨਵਰੀ ਵਾਲੀ ਦੁਪਹਿਰ 'ਨੱਥੂ ਰਾਮ ਗੋਡਸੇ, ਮੁਰਦਾਬਾਦ', 'ਮਹਾਤਮਾ ਗਾਂਧੀ ਜ਼ਿੰਦਾਬਾਦ' ਦੇ ਨਾਹਰੇ ਲਗਾਂਦੇ ਕੁਝ ਬੰਦੇ ਬਾਜ਼ਾਰ 'ਚੋਂ ਗੁਜ਼ਰੇ। ਮਾਮੂਲੀ ਜਿਹੀ ਗਿਣਤੀ ਦੇ ਕੁਝ ਵੱਡੀ ਉਮਰ ਦੇ ਮੁੰਡਿਆਂ ਦਾ ਜਲੂਸ ਸੀ ਜਿਸ ਦਾ ਨੇਤਾ ਇਕ ਲੰਮਟੀਨ ਕਿਸਮ ਦਾ ਮੁੰਡਾ ਸੀ; ਉਹ ਜ਼ਿਆਦਾ ਭਖਿਆ ਹੋਇਆ ਸੀ। ਇਨ੍ਹਾਂ ਮੁਹੱਲਿਆਂ 'ਚ ਕਾਂਗਰਸ ਦੀ ਪੁੱਛ ਨਹੀਂ ਸੀ। ਗਲੀਆਂ ਮੁਹੱਲਿਆਂ 'ਚ ਜੇ ਕੋਈ ਸਿੱਖ ਕਾਂਗਰਸੀ ਹੁੰਦਾ ਤਾਂ ਸਭਨਾਂ ਨੂੰ ਪਤਾ ਹੁੰਦਾ ਇਹ ਕਾਂਗਰਸੀ ਹੈ। ਵਰਨਾ ਸਭ ਪਾਸੇ ਪੰਥ ਜਾਂ ਜਨ ਸੰਘ ਦੀ ਗੱਲ ਹੁੰਦੀ। ਫਿਰਕੂ ਮਾਹੌਲ ਭਖਿਆ ਹੋਇਆ ਸੀ। ਸ਼ਿਆਮ ਪ੍ਰਸਾਦ ਮੁਕਰਜੀ ਦਾ ਦਿਹਾਂਤ ਹੋਇਆ ਤਾਂ ਹਿੰਦੂਆਂ ਨੇ ਦੁਕਾਨਾਂ ਬੰਦ ਕੀਤੀਆਂ।

ਚੌਥੀ ਪਾਸ ਕੀਤੀ ਤੇ ਸ਼੍ਰੋਮਣੀ ਕਮੇਟੀ ਦੇ ਗੁਰੂ ਰਾਮ ਦਾਸ ਖਾਲਸਾ ਹਾਈ ਸਕੂਲ 'ਚ ਦਾਖਲ ਹੋ ਗਿਆ। ਉਮਰ ਦਸ ਸਾਲ ਨਹੀਂ ਸੀ। ਬਾਪ ਘਰ ਆਇਆ ਹੋਇਆ ਸੀ। ਦਾਖਲੇ ਤੋਂ ਮਹੀਨਾ ਪਹਿਲਾਂ ਉਹਨੇ ਅੰਗਰੇਜ਼ੀ ਦਾ ਪ੍ਰਾਈਮਰ ਲੈ ਆਉਂਦਾ। ਕੁਝ ਦਿਨਾਂ 'ਚ ਸਾਰਾ ਪ੍ਰਾਈਮਰ ਰੱਟ ਲਿਆ। ਪੰਜਵੀ 'ਚ ਅੰਗਰੇਜ਼ੀ ਦਾ ਮਾਸਟਰ ਗਿਆਨ ਸਿੰਘ ਸਾਡੀ ਕਲਾਸ ਦਾ ਇੰਚਾਰਜ ਸੀ। ਉਹਨੂੰ ਲੱਗਾ ਮੈਂ ਦੂਜਿਆਂ ਨਾਲੋਂ ਪੜ੍ਹਨ 'ਚ ਹੁਸ਼ਿਆਰ ਹਾਂ। ਮੈਂ ਕਿਹਾ ਮੈਂ ਸਾਰੀ ਕਿਤਾਬ ਪੜ੍ਹ ਸਕਦਾਂ, ਸਮੇਤ ਅਰਥਾਂ ਦੇ। ਉਹਨੇ ਵਿਚਾਲੇ ਸਫ਼ਾ ਖੋਲ੍ਹਿਆ ਤੇ ਕਿਹਾ: "ਪੜ੍ਹ"। ਮੈਂ ਫ਼ਰਲ ਫ਼ਰਲ ਪੜ੍ਹ ਗਿਆ। ਮਾਸਟਰ ਗਿਆਨ ਸਿੰਘ ਨੇ ਮੈਨੂੰ ਕਲਾਸ ਦਾ ਮੋਨੀਟਰ ਬਣਾ ਦਿੱਤਾ।

ਘਰ 'ਚ ਪੜ੍ਹਣ ਦਾ ਨਾ ਮਾਹੌਲ ਤੇ ਨਾ ਵੱਖਰੀ ਕੋਈ ਜਗ੍ਹਾ ਸੀ। ਸਕੂਲੋਂ ਛੁੱਟੀ ਹੁੰਦਿਆਂ ਹੀ ਤਿੰਨ ਵਜੇ ਮੈਂ ਟਪੂਸੀ ਮਾਰਦਾ ਘਰ ਪੁੱਜਦਾ ਤੇ ਦੇਖਦਾ ਰੋਟੀਆਂ ਵਾਲੇ ਛਿੱਕੂ 'ਚ ਇਕ ਰੋਟੀ ਮੇਰੇ ਲਈ ਪਈ ਹੈ। ਸਬਜ਼ੀ ਨਾ ਬਣੀ ਹੁੰਦੀ, ਨਾ ਇਹਦੀ ਪ੍ਰਵਾਹ ਹੁੰਦੀ। ਰੋਟੀ 'ਤੇ ਲੂਣ ਧੂੜ ਕੇ ਰੋਲ ਬਣਾ ਖਾਂਦਾ ਮੈਂ ਸਿੱਧਾ ਧੁਰ ਛੱਤ 'ਤੇ ਜਾ ਪੁੱਜਦਾ ਜਿੱਥੇ ਧੁੱਪ ਜਾਣ ਵਾਲੀ ਹੁੰਦੀ। ਆਕਾਸ਼ ਵਿਚ ਗੁੱਡੀਆਂ ਉੱਡਦੀਆਂ ਦੇਖਣ ਦਾ ਲੁਤਫ਼ ਲੈਂਦਾ। ਕੱਟੀ ਹੋਈ ਪਤੰਗ ਫੜਨਾ, ਡੋਰ ਲੁੱਟਣਾ ਲੁਤਫ਼ ਦੇਂਦਾ। ਸਾਡੇ ਲਈ ਆਕਾਸ਼ ਖੇਡ ਦਾ ਮੈਦਾਨ ਹੁੰਦਾ। ਕੋਠਿਆਂ ਤੇ ਚੜ੍ਹੇ ਹੋਰ ਮੁੰਡੇ ਗੁੱਡੀਆਂ ਉੱਡਾਂਦੇ। ਮੈਂ ਪੇਚਾ ਲੱਗਾ ਦੇਖਦਾ। ਸ਼ਿਸਤ 'ਚ ਰਹਿੰਦਾ ਕਦ ਕੋਈ ਗੁੱਡੀ ਕੱਟਦੀ ਹੈ ਜਾਂ ਡੋਰ ਡਿੱਗਦੀ ਹੈ। ਮੈਂ ਡੋਰ ਦੇ ਐਨ ਹੇਠ ਹੋਰ ਕੋਠਿਆਂ 'ਤੇ ਚੜ੍ਹ ਕੇ ਖੜ ਜਾਂਦਾ। ਗੁੱਡੀ ਕੱਟੀ ਜਾਂਦੀ ਤਾਂ ਡੋਰ ਲੁੱਟਦਾ। ਸਾਨੂੰ ਜੇਬ੍ਹ ਖਰਚ ਨਹੀਂ ਸੀ ਮਿਲਦਾ। ਲੁੱਟੀ ਡੋਰ ਤੇ ਗੁੱਡੀ ਨਾਲ ਕੰਮ ਸਾਰਦੇ, ਲੁਤਫ਼ ਆਉਂਦਾ। ਸਰਦੀਆਂ ਦੇ ਤਿੰਨ ਚਾਰ ਮਹੀਨੇ, ਨਵੰਬਰ ਤੋਂ ਹੋਲੀਆਂ ਤੱਕ, ਇਹੀ ਸਿਲਸਿਲਾ ਚਲਦਾ ਰਹਿੰਦਾ।

ਦਰਬਾਰ ਸਾਹਿਬ ਤੇ ਗੁਰੂਆਂ ਦੇ ਜਨਮ ਦਿਨ ਸਾਡੇ ਜੀਵਨ ਦਾ ਅਟੁੱਟ ਅੰਗ ਸਨ। ਅਸੀਂ ਗੁਰਪੁਰਬ ਦੀ ਬੜੀ ਤੀਬਰਤਾ ਨਾਲ ਉਡੀਕ ਕਰਦੇ। ਗਰਮੀਆਂ ਵਿਚ ਸ਼ਹੀਦੀ ਗੁਰਪੁਰਬ ਹੁੰਦਾ। ਛਬੀਲਾਂ ਲੱਗਦੀਆਂ। ਅੱਧੇ ਕੁ ਮੀਲ 'ਤੇ ਗੁਰੂ ਅਰਜਨ ਦੇਵ ਦਾ ਰਾਮਸਰ ਗੁਰਦੁਆਰਾ ਸੀ। ਉੱਥੇ ਸੈਂਕੜੇ ਛਬੀਲਾਂ ਲੱਗਦੀਆਂ, ਮੇਲਾ ਲੱਗਦਾ। ਘੁੰਗਨੀਆਂ ਵੰਡੀਆਂ ਜਾਂਦੀਆਂ। ਮੇਰੇ ਸਕੂਲ ਦੇ ਜਮਾਤੀ ਬਹੁਤੇ ਦੁਕਾਨਦਾਰਾਂ ਦੇ ਮੁੰਡੇ ਸਨ। ਉਹ ਇਕੱਠੇ ਹੋ ਕੇ ਛਬੀਲਾਂ ਲਗਾਂਦੇ। ਮੈਂ ਸਾਰਾ ਦਿਨ ਉਨ੍ਹਾਂ ਦੇ ਨਾਲ ਰੁੱਝਾ ਰਹਿੰਦਾ।

ਗੁਰਪੁਰਬ ਤੋਂ ਇਕ ਦਿਨ ਪਹਿਲਾਂ ਜਲੂਸ ਨਿਕਲਦਾ। ਸਕੂਲ ਵਾਲੇ ਸਾਨੂੰ ਚੰਗੇ ਕਪੜੇ ਪਾ ਕੇ ਆਉਣ ਲਈ ਕਹਿੰਦੇ। ਅਸੀਂ ਜਲੂਸ 'ਚ ਸ਼ਾਮਲ ਹੁੰਦੇ। ਜਲੂਸ 'ਚ ਸਭ ਤੋਂ ਅੱਗੇ ਗਤਕੇ ਵਾਲੇ ਹੁੰਦੇ। ਉਹ ਹਰ ਚੌਕ 'ਚ ਕਲਾਬਾਜ਼ੀਆਂ ਦਿਖਾਂਦੇ। ਉਨ੍ਹਾਂ ਦੁਆਲੇ ਲੋਕ ਘੇਰਾ ਪਾਉਂਦੇ, ਵਿਚਕਾਰ ਉਹ ਸੋਟੀਆਂ, ਤਲਵਾਰਾਂ ਨਾਲ ਇਕ ਦੂਜੇ 'ਤੇ ਵਾਰ ਕਰਦੇ ਤੇ ਬਚਾਅ ਲਈ ਢਾਲ ਅੱਗੇ ਕਰਦੇ। ਥੋੜ੍ਹੀ ਦੇਰ ਨਿਹੰਗ ਸਿੰਘੀ ਕਰਤੱਬ ਦਿਖਾ ਕੇ ਅੱਗੇ ਤੁਰਦੇ ਤੇ ਪਿੱਛੇ ਮੁੰਡੇ ਇਕੋ ਰੰਗ ਦੀ ਡਰੈੱਸ 'ਚ ਗੁਜ਼ਰਦੇ। ਉਹ ਵੀ ਕਰਤੱਬ ਦਿਖਾਂਦੇ। ਸਕੂਲ ਦੇ ਮੁੰਡਿਆਂ ਦੇ ਅੱਗੇ ਸਕੂਲ ਬੈਂਡ ਹੁੰਦਾ। ਖੜ ਕੇ ਡਰਿੱਲ ਦਾ ਸ਼ੋਅ ਦੱਸਿਆ ਜਾਂਦਾ। ਦਿਨ ਭਰ ਜਲੂਸ ਵਿਚ ਤੁਰ ਕੇ ਵਾਪਿਸ ਸਕੂਲ ਪੁੱਜਣ ਤੱਕ

ਅਸੀਂ ਥੱਕ ਜਾਂਦੇ। ਜਿਨ੍ਹਾਂ ਨੇ ਗੇਮ ਜਾਂ ਕਿਸੇ ਡਰਿੱਲ 'ਚ ਹਿੱਸਾ ਲਿਆ ਹੁੰਦਾ ਉਨ੍ਹਾਂ ਨੂੰ ਹਲਵਾਈ ਦੀ ਦੁਕਾਨ 'ਤੇ ਲਿਜਾ ਕੇ ਕੜੇ ਵਾਲੇ ਗਿਲਾਸ 'ਚ ਗਰਮ ਦੁੱਧ ਪਾ ਕੇ ਦਿੱਤਾ ਜਾਂਦਾ। ਦੁੱਧ ਦੀ ਵਾਰੀ ਦੀ ਅਸੀਂ ਬੇਸਬਰੀ ਨਾਲ ਉਡੀਕ ਕਰਦੇ। ਵਾਪਿਸ ਆ ਕੇ ਥੱਕੇ ਟੁੱਟੇ ਰਾਤ ਪਤਾ ਨਾ ਲੱਗਦਾ ਕਦ ਗੁਜ਼ਰ ਗਈ। ਦੂਜੇ ਦਿਨ ਲੱਤਾਂ ਨੂੰ ਖੱਲੀਆਂ ਪਈਆਂ ਹੁੰਦੀਆਂ, ਸੁੱਤੇ ਰਹਿੰਦੇ। ਅਗਲੇ ਦਿਨ ਵੈਸੇ ਵੀ ਗੁਰਪੁਰਬ ਦੀ ਛੁੱਟੀ ਹੁੰਦੀ। ਨਹਾ ਧੋਅ ਕੇ ਸਾਰੇ ਦਰਬਾਰ ਸਾਹਿਬ ਮੱਥਾ ਟੇਕਣ ਜਾਂਦੇ। ਉੱਥੇ ਜਾਣਾ ਸਾਡੇ ਲਈ ਤਫ਼ਰੀਹ ਦਾ ਜ਼ਰੀਆ ਹੁੰਦਾ।

ਗਰਮੀਆਂ ਹੁੰਦੀਆਂ ਤਾਂ ਮੈਂ ਸਾਈਕਲ ਕਿਰਾਏ 'ਤੇ ਲੈ ਕੇ ਚਲਾਂਦਾ। ਸਕੂਲੋਂ ਦੌੜ ਮੁੰਡਿਆਂ ਨਾਲ ਨਹਿਰ 'ਤੇ ਚਲਾ ਜਾਂਦਾ, ਘੰਟਿਆਂ ਤੱਕ ਛਲਾਂਗਾਂ ਲਗਾਂਦਾ। ਸਾਈਕਲ ਚਲਾਣਾ ਆਪੇ ਸਿੱਖ ਲਿਆ। ਤੈਰਨਾ ਵੀ ਸਿਖਿਆ। ਬੇਲ.ਗਾਮ ਹੋਣ ਦੇ ਫਾਇਦੇ ਹੁੰਦੇ ਹਨ; ਬੰਦਾ ਆਪਣੇ ਸਿਰ 'ਤੇ ਹੋ ਜਾਂਦਾ। ਮਾਂ ਘਰ ਚਲਾਣ ਦੇ ਫ਼ਿਕਰ 'ਚ ਸਾਡੇ ਤੋਂ ਬੇਫ਼ਿਕਰ ਰਹਿੰਦੀ। ਮੈਂ ਬਿਨਾਂ ਕਿਸੇ ਦੀ 'ਕੇਅਰ' ਦੇ ਪੜ੍ਹਾਈ ਕਰਦਾ ਰਿਹਾ। ਗਲੀ ਦੇ ਲੋਹਾਰ, ਤਰਖਾਣ, ਰਾਜ ਮਿਸਤਰੀ ਸਭਨਾਂ ਦੀ ਬੱਝਵੀਂ ਆਮਦਨ ਸੀ। ਸਾਡੇ ਕੋਲ ਪੈਸੇ ਨਾ ਹੁੰਦੇ, ਮਾਂ ਹੁਧਾਰ ਚੁੱਕਦੀ। ਇਹ ਸਥਿਤੀ ਨਿਰੰਤਰ ਬਣੀ ਰਹਿੰਦੀ। ਸਭਨਾਂ ਨੇ ਤੋਟ ਨੂੰ ਜ਼ਿੰਦਗੀ ਦਾ ਅਤੁੱਟ ਅੰਗ ਸਵੀਕਾਰ ਕੀਤਾ ਹੋਇਆ ਸੀ। ਮਾਹੌਲ ਅਸੁਖਾਵਾਂ ਹੋਣ ਦੇ ਬਾਵਜੂਦ ਦੁੱਖ ਦੇਣ ਵਾਲਾ ਨਹੀਂ ਸੀ। ਕਦੇ ਕਮਾਈ ਘਰ ਆਉਂਦੀ, ਬਹੁਤੀ ਵੇਰ ਨਾ ਆਉਂਦੀ। ਇਹ ਗੱਲ ਮਾਂ ਨੂੰ ਔਖਾ ਕਰਦੀ। ਮਾਂ ਦੀ ਤਲਖ਼ੀ ਸਾਨੂੰ ਔਖਿਆਂ ਕਰਦੀ। ਉਹਦੀ ਧੌਂਸ ਤੋਂ ਦੂਰ ਰਹਿਣ ਲਈ ਮੈਂ ਜਿੱਧਰ ਚਿੱਤ ਕਰਦਾ, ਤੁਰ ਪੈਂਦਾ।

ਇਕ ਕੰਪਨੀ ਪਿਤਾ ਨੇ ਖੋਲ੍ਹੀ ਹੋਈ ਸੀ : ਏਅਰ ਸਟੱਪ ਕਾਰਪੋਰੇਸ਼ਨ। ਸਾਈਕਲਾਂ ਦੇ ਪੰਕਚਰ ਦੀ ਦਵਾਈ ਬਣਾਈ ਜਾਂਦੀ। ਘਰ ਦੇ ਨਾਲ ਇਕ ਕੱਚਾ ਘਰ ਕਿਰਾਏ ਤੇ ਲੈ ਕੇ ਉਹਦੇ ਵਿਚ ਅਸੀਂ ਪੰਚਰ ਬੰਦ ਕਰਨ ਵਾਲੀ ਦਵਾਈ ਤਿਆਰ ਕਰਦੇ। ਅਕਸਰ ਕੰਮ ਠੱਪ ਹੋ ਜਾਂਦਾ। ਅਚਾਨਕ ਬਾਪ ਘਰ ਆ ਜਾਂਦਾ ਤੇ ਕਹਿੰਦਾ ਉਹ ਆਪਣੀ 'ਏਅਰ ਸਟੋਪ@ ਵਾਲੀ ਕੰਪਨੀ ਨੂੰ ਦੋਬਾਰਾ ਸ਼ੁਰੂ ਕਰੇਗਾ ਤੇ ਬਾਹਰੋਂ ਆਰਡਰ ਲੈ ਕੇ ਭੇਜੇਗਾ। ਫਿਰ ਉਹੀ ਸਿਲਸਿਲਾ ਸ਼ੁਰੂ ਹੋ ਜਾਂਦਾ। ਅਸੀਂ ਏਥੋਂ ਮਾਲ ਤਿਆਰ ਕਰਕੇ ਭੇਜਦੇ। ਮਾਲ ਦੀਆਂ ਪੇਟੀਆਂ ਮੈਂ ਠੇਲੇ ਤੇ ਲੱਦਵਾਂਦਾ ਤੇ ਰੇਲਵੇ ਬੁੱਕਿੰਗ ਦੇ ਸ਼ਹਿਰ ਵਾਲੇ ਦਫ਼ਤਰ, ਜੋ ਉਦੋਂ ਦਰਬਾਰ ਸਾਹਿਬ ਦੇ ਹੀ ਬਾਹਰ ਘੰਟਾ ਘਰ ਕੋਲ ਸੀ, ਲੈ ਜਾਂਦਾ। ਬਾਬੂ ਹਰੇਕ ਪੇਟੀ ਲਈ ਇਕ ਆਨਾ ਰਿਸ਼ਵਤ ਲੈਂਦਾ ਤਾਂ ਜੋ ਹਿਫ਼ਾਜ਼ਤ ਨਾਲ ਮਾਲ ਭੇਜ ਦੇਵੇ। ਜਿਹੜਾ ਮਾਲ ਅਸੀਂ ਭੇਜਦੇ ਉਹ ਪੇਟੀ 'ਚ ਅਬਰਕ ਪਾ ਦਿੱਤਾ ਜਾਂਦਾ ਤੇ ਪਾਣੀ 'ਚ ਚਾਰ-ਪੰਜ ਰੰਗ ਮਿਲਾ ਕੇ ਸ਼ੀਸ਼ੀਆਂ ਭਰ ਦਿੱਤੀਆਂ ਜਾਂਦੀਆਂ ਤੇ ਬਾਹਰ ਲੇਬਲ ਲਗਾ ਦਿੱਤਾ ਜਾਂਦਾ। ਲੇਬਲ 'ਤੇ ਲਿਖਿਆ ਹੁੰਦਾ : ਮੇਡ ਇਨ ਯੂ.ਅੂਸ.ਏ@। ਇਸ ਠੱਗੀਠੋਰੀ ਤੋਂ ਸਾਨੂੰ ਬੱਚਿਆਂ ਨੂੰ ਕੋਫ਼ਤ ਹੁੰਦੀ, ਪਰ ਪਿਤਾ ਕਹਿੰਦਾ, ਇਹ ਨਵੀਂ ਤਰ੍ਹਾਂ ਦਾ ਕੰਮ ਹੈ। ਕਾਮਯਾਬ ਹੋਣ ਨੂੰ ਵਕਤ ਲੱਗੇਗਾ। ਜਿਸ ਦੁਕਾਨਦਾਰ ਨੇ ਆਰਡਰ ਦਿੱਤਾ ਹੁੰਦਾ ਉਹਨੂੰ ਵੀ ਇਸ ਮਾਲ ਬਾਰੇ ਯਕੀਨ ਨਾ ਹੁੰਦਾ। ਬਿਲਟੀਆਂ ਅਕਸਰ ਵਾਪਿਸ ਆ ਜਾਂਦੀਆਂ ਤੇ ਸਾਡੀ ਆਸ ਨਿਰਾਸ਼ਾ 'ਚ ਬਦਲ ਜਾਂਦੀ। ਮਾਂ ਕਹਿੰਦੀ: "ਇਹ ਕੁੱਤਾ ਕੰਮ ਮੇਰੇ ਤੋਂ ਨਹੀਂ ਹੁੰਦਾ। ਹਰ ਦਿਨ ਜੱਦੋਜਹਿਦ ਵਾਲਾ ਹੁੰਦਾ। ਜਦ ਮਾਇਕ ਤੌਰ 'ਤੇ ਜ਼ਿਆਦਾ ਆਤੁਰ ਹੁੰਦੇ ਤਾਂ ਮੇਰਾ ਖੇਡਣਾ ਬੰਦ ਹੋ ਜਾਂਦਾ। ਵੱਡੇ ਭਰਾ ਨੇ ਸਕੂਲ ਦੀ ਪੜ੍ਹਾਈ ਵਿਚਾਲੇ ਛੱਡ ਕੇ ਮੁਨਿਆਰੀ ਦੀ ਦੁਕਾਨ 'ਤੇ ਤੀਹ ਰੁਪਏ ਮਹੀਨੇ ਦੀ ਨੌਕਰੀ ਕਰ ਲਈ। ਮੈਂ ਪੰਜ ਛੇਅ ਸਾਲ ਦਾ ਸੀ, ਨਿੱਕਾ ਮੋਟਾ ਕੰਮ ਕਰਕੇ ਕੁਝ ਪੈਸੇ ਬਣਾਂਦਾ, ਮਾਂ ਨੂੰ ਦੇਂਦਾ। ਪੜ੍ਹਾਈ ਨਹੀਂ ਸੀ ਛੱਡਣਾ ਚਾਹੁੰਦਾ। ਮਾਂ ਦੀ ਜ਼ਿੱਦ ਸੀ ਮੈਂ ਨਿੱਕੀ ਮੋਟੀ ਨੌਕਰੀ ਕਰਾਂ। ਏਨੀ ਛੋਟੀ ਉਮਰ 'ਚ ਮੈਂ ਕੁਝ ਵੀ ਕਰਨ ਜੋਗਾ ਨਹੀਂ ਸੀ। ਗਿਆਰਾਂ ਬਾਰਾਂ ਸਾਲ ਦੀ ਉਮਰ ਵਿਚ ਦੋ ਤਿੰਨ ਵੇਰ ਸਕੂਲ ਛੱਡਣਾ ਪਿਆ। ਛੇਵੀਂ ਜਮਾਤ 'ਚ ਸੀ ਤਾਂ ਮੁਨਿਆਰਾਂ ਵਾਲੇ ਬਾਜ਼ਾਰ 'ਚ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਦੁਕਾਨ ਦੀ ਉਪਰਲੀ ਮੰਜ਼ਿਲ ਤੇ ਖੱਡੀਆਂ ਸਨ ਜਿੱਥੇ ਨਾਲੇ ਵਗੈਰਾ ਬੁਨੇ ਜਾਂਦੇ। ਖੱਡੀਆਂ ਦਾ ਦਿਨ ਭਰ ਸ਼ੋਰ ਮੇਰੇ ਕੰਨਾ ਨੂੰ ਖਾਂਦਾ। ਇਕ ਪਲ ਵੀ ਮੈਂ ਉੱਥੇ ਟਿਕਣਾ ਨਹੀਂ ਸੀ ਚਾਹੁੰਦਾ। ਮੇਰੇ ਲਈ ਉੱਥੇ ਦੋ ਦਿਨ ਕੱਢਣੇ ਮੁਸ਼ਕਿਲ ਹੋ ਗਏ। ਤੀਜੇ ਦਿਨ ਮੈਂ ਕਿਹਾ, ਮੈਂ ਇਸ ਕੰਮ ਤੇ ਨਹੀਂ ਜਾਣਾ। ਮੈਨੂੰ ਲੱਗਦਾ ਮੇਰਾ ਕੋਈ ਹਮਦਰਦ ਨਹੀਂ।

ਸਾਡੇ ਸਕੂਲ ਵਿਚ ਮਾਸਟਰ ਅਮਰ ਸਿੰਘ ਹੁੰਦਾ ਸੀ। ਉਹ ਸਾਨੂੰ ਸਿੱਖ ਧਰਮ ਪੜ੍ਹਾਂਦਾ ਸੀ। ਉਹਦੀ ਰਿਹਾਇਸ਼ ਸਕੂਲ 'ਚ ਹੀ ਸੀ। ਉਹਨੇ ਕਦੇ ਵਿਆਹ ਨਾ ਕਰਵਾਇਆ। ਉਹਨੂੰ ਪਤਾ ਸੀ ਕਿ ਮੈਂ ਸੰਕਟ 'ਚ ਰਹਿੰਦਾ ਹਾਂ, ਕਿ ਮੈਂ ਪੜ੍ਹਨਾ ਚਾਹੁੰਦਾ ਹਾਂ ਪਰ ਮਾਂ ਜ਼ਿੱਦ ਕਰਦੀ ਹੈ ਮੈਂ ਕੰਮ ਕਰਾਂ। ਮੈਂ ਸਕੂਲ ਨਾ ਜਾਂਦਾ ਤਾਂ ਉਹ ਅੰਦਾਜ਼ਾ ਲਗਾਂਦਾ ਕਿ ਮੈਨੂੰ ਸਕੂਲ ਤੋਂ ਉਠਾਣ ਦੀ ਤਰਕੀਬ ਸਫ਼ਲ ਹੋ ਗਈ ਹੈ। ਇਕ ਦਿਨ ਉਹ ਸਾਡੇ ਘਰ ਆ ਗਿਆ। ਮਾਂ ਨੂੰ ਕਹਿਣ ਲੱਗਾ: "ਏਨਾ ਲਾਇਕ ਮੁੰਡਾ ਤੁਹਾਡਾ, ਫ਼ੀਸ ਇਹਦੀ ਮੁਆਫ਼ ਹੈ, ਇਹਨੂੰ ਸਕੂਲ ਕਿਉਂ ਨਹੀਂ ਭੇਜਦੇ?@" ਉਹਨੇ ਵੀਹ ਰੁਪਏ ਦਿੱਤੇ ਕਿ ਘਰ ਵਚਿ ਕੰਮ ਆਉਣਗੇ। ਅੰਤ ਫੈਸਲਾ ਹੋਇਆ ਕਿ ਮੈਂ ਜੇ ਸਕੂਲ 'ਚ ਪੜ੍ਹਨਾ ਹੀ ਹੈ ਤਾਂ ਸਕੂਲ ਤੋਂ ਬਾਦ ਦੇ ਸਮੇਂ ਕੋਈ ਕੰਮ ਕਰਾਂ। ਜਿਹੜੀ ਮੈਂ ਨਿੱਕੀ ਜਿਹੀ ਦੁਕਾਨ ਗਲੀ ਦੇ ਬਾਹਰ ਬਣਾਈ ਹੋਈ ਸੀ ਉਹਦੇ 'ਚੋਂ ਜ਼ਿਆਦਾ ਕੁਝ ਪ੍ਰਾਪਤ ਨਹੀਂ ਸੀ ਹੁੰਦਾ। ਮਾਸੀ ਦਾ ਭਰਾ ਦਿਨ ਭਰ ਪਤੀਸੇ ਦੀ ਛਾਬੜੀ ਲਗਾਂਦਾ ਸੀ। ਉਹਨੇ ਮੈਨੂੰ ਕਿਹਾ ਸਕੂਲ ਤੋਂ ਬਾਦ ਤੂੰ ਵੀ ਛਾਬੜੀ ਲਗਾ ਲਿਆ ਕਰ। ਜਿਸ ਦਿਨ ਛੁੱਟੀ ਹੁੰਦੀ ਮੈਂ ਸਵੇਰੇ ਪਿੱਤਲ ਦੀ ਛਾਬੜੀ ਵਾਲੀ ਵੱਡੀ ਥਾਲੀ ਲੈਣੀ ਤੇ ਉਹਦੇ ਨਾਲ ਉਸ ਦੁਕਾਨ 'ਤੇ ਚਲੇ ਜਾਣਾ ਜਿੱਥੇ ਪਤੀਸਾ ਬਣਦਾ ਤੇ ਹੋਰ ਛਾਬੜੀ ਲਗਾਣ ਵਾਲੇ ਪਤੀਸਾ ਖ਼੍ਰੀਦਣ ਪੁੱਜੇ ਹੁੰਦੇ।

ਮੈਂ ਸਕੂਲ ਤੋਂ ਬਾਅਦ ਨਿੱਕੀ ਜਿਹੀ ਛਾਬੜੀ ਸਿਰ ਉੱਤੇ ਰੱਖੀ ਘੁੰਮਦਾ, ਪਤੀਸੇ ਦਾ ਹੋਕਾ ਦੇਂਦਾ। ਦੁਖੀ ਹੁੰਦਾ। ਜਮਾਤ ਦਾ ਮੋਨਿਟਰ, ਮੈਨੂੰ ਛਾਬੜੀ ਲਗਾਣ 'ਤੇ ਸ਼ਰਮ ਮਹਿਸੂਸ ਹੁੰਦੀ। ਮੈਂ ਘਰ ਤੋਂ ਦੂਰ ਉਨ੍ਹਾਂ ਗਲੀਆਂ ਬਾਜ਼ਾਰਾਂ 'ਚ ਜਾਂਦਾ ਜਿੱਥੇ ਪਹਿਚਾਣ ਵਾਲੇ ਕਿਸੇ ਮੁੰਡੇ ਦੇ ਹੋਣ ਦੀ ਸੰਭਾਵਨਾ ਨਾ ਹੁੰਦੀ। ਇਹ ਕੰਮ ਮੈਂ ਕੁਝ ਮਹੀਨੇ ਕੀਤਾ। ਪਤੀਸਾ ਵੇਚਣ ਤੋਂ ਪਹਿਲਾਂ ਮੈਂ ਟ੍ਰੇਅ 'ਚ ਪਾ ਕੇ ਖੋਏ ਦੇ ਖਿਡੌਣੇ ਵੇਚਦਾ ਰਿਹਾ। ਮਾਸੀ ਦੇ ਮੁੰਡੇ ਨੇ ਸਿਨੇਮੇ ਵਿਚ ਦੁਕਾਨ ਠੇਕੇ 'ਤੇ ਲੈ ਰੱਖੀ ਸੀ ਜਿਸ ਵਿਚ ਉਹ ਪੂੜੀਆਂ ਛੋਲੇ ਤੇ ਰਸਗੁੱਲੇ ਵੇਚਦਾ। ਮੈਂ ਟ੍ਰੇਅ ਵਿਚ ਪੂੜੀਆਂ ਛੋਲੇ ਤੇ ਰਸਗੁੱਲੇ ਰੱਖ ਕੇ ਫਿਲਮ ਦੇ 'ਹਾਫ ਟਾਈਮ' ਦੌਰਾਨ ਸਿਨੇਮਾ ਹਾਲ 'ਚ ਉੱਚੀ ਹੋਕਾ ਦੇਂਦਾ। ਰਾਤ ਸਾਢੇ ਬਾਰਾਂ ਵਜੇ ਅਖੀਰਲਾ ਸ਼ੋਅ ਖਤਮ ਹੁੰਦਾ। ਦਿਨ ਭਰ ਦੀ ਵਟਕ 'ਚੋਂ ਮੈਨੂੰ ਅੱਠ ਦਸ ਆਨੇ ਕਮਿਸ਼ਨ ਮਿਲਦੀ। ਮਾਂ ਉਡੀਕਦੀ। ਪੈਸੇ ਉਹਦੀ ਤਲੀ 'ਤੇ ਲਿਆ ਰੱਖਦਾ। ਸਵੇਰੇ ਉੱਠ ਕੇ ਸਕੂਲ ਚਲੇ *ਜਾਂਦਾ*/ਕਲਾਸ 'ਚ ਬੈਠਾ ਊਂਘਣ ਲੱਗਦਾ।

ਮੇਰੇ ਅੰਦਰ ਇਹ ਗੱਲ ਜਮ੍ਹਾਂ ਹੁੰਦੀ ਗਈ ਕਿ ਇਰਦ ਗਿਰਦ ਅਨਿਆਂ ਹੈ, ਮਾਰਧਾੜ ਹੈ। ਮੈਨੂੰ ਆਪਣੀ ਖਾਤਰ ਮਿਹਨਤ ਕਰਨੀ ਪੈਣੀ

ਹੈ, ਲੜਨਾ ਪੈਣਾ। ਇਹਦਾ ਫ਼ਾਇਦਾ ਬਾਅਦ ਵਿਚ ਹੋਇਆ। ਕਦੇ ਰਿਆਇਤ ਮੰਗਣ ਤੇ ਦਿਲ ਨਹੀਂ ਕੀਤਾ। ਕਦੇ ਅਸੁਰੱਖਿਅਤ ਮਹਿਸੂਸ ਨਹੀਂ ਕੀਤਾ। ਇਕੱਲਤਾ ਵਿਚ ਜ਼ਿੰਦਗੀ ਦਾ ਲੁਤਫ਼ ਲੈਣ ਦੀ ਜਾਚ ਆ ਗਈ। ਆਪਣੀ ਇਕੱਲਤਾ ਨਾਲ ਰਹਿਣ ਵਾਲਾ ਜ਼ਿੰਦਗੀ ਦੇ ਮੰਚ ਤੇ ਵਾਪਰ ਰਹੀਆਂ ਨੌਟੰਕੀਆਂ ਦਾ ਦਰਸ਼ਕ ਹੁੰਦਾ। ਉਹਦੀ ਸੋਚ ਨਿਡਰ ਹੁੰਦੀ ਹੈ। ਮੈਂ ਬਾਗ਼ੀ ਹੁੰਦਾ ਗਿਆ। ਮਾਂ ਨੂੰ ਗੁੱਸਾ ਮੇਰੇ ਬਾਪ 'ਤੇ ਸੀ। ਗੁੱਸਾ ਕੱਢਣ ਲਈ ਕੋਈ ਬਹਾਨਾ ਮਿਲ ਜਾਂਦਾ, ਠੁਕਾਈ ਮੇਰੀ ਹੁੰਦੀ। ਮਾਂ ਸਕੂਲ ਜਾ ਕੇ ਸ਼ਿਕਾਇਤ ਲਗਾਂਦੀ ਤਾਂ ਮਾਸਟਰ ਕਹਿੰਦਾ, "ਇਹ ਮੁੰਡਾ ਫਸਟ ਆਉਂਦਾ, ਜਮਾਤ ਦਾ ਮੋਨਿਟਰ ਹੈ। ਮਾਤਾ, ਕੀਹਦੀ ਸ਼ਿਕਾਇਤ ਕਰਦੀ ਐਂ?" ਮਾਂ ਨੇ ਮੇਰੇ ਤੋਂ ਤੰਗ ਆ ਕੇ ਐਲਾਨ ਕਰ ਦਿੱਤਾ, ਇਹਨੂੰ ਘਰ ਨਹੀਂ ਰੱਖਣਾ। ਮੇਰਾ ਬਾਪ ਉਦੋਂ ਮੁੰਬਈ ਵਿਚ ਰਹਿੰਦਾ ਸੀ। ਉੱਥੇ ਉਹਨੇ ਕੋਈ ਜਾਅਲੀ ਕੰਪਨੀ ਖੋਲ੍ਹ ਰੱਖੀ ਸੀ। ਉਹ ਘਰ ਆਇਆ ਤਾਂ ਮਾਂ ਮੇਰੇ ਬਾਰੇ ਕਹਿਣ ਲੱਗੀ, "ਇਹਨੂੰ ਵੀ ਨਾਲ ਲੈ ਜਾ; ਮੈਂ ਇਹਨੂੰ ਘਰ ਨਹੀਂ ਰੱਖਣਾ।" ਪਿਤਾ ਕਹਿੰਦਾ, "ਠੀਕ ਹੈ। ਮੁੰਬਈ ਵਿਚ ਗੁਰੂ ਨਾਨਕ ਖਾਲਸਾ ਸਕੂਲ ਹੈ ਕੋਲੀਵਾੜਾ ਵਿਚ। ਉੱਥੇ ਦਾਖਲ ਕਰਵਾ ਦਿਆਂਗਾ।" ਮੈਨੂੰ ਹੋਰ ਕੀ ਚਾਹੀਦਾ ਸੀ? ਮੈਂ ਆਪ ਘਰ ਦੀ ਤੰਗੀ+ਘੁਟਣ ਤੋਂ ਦੂਰ ਰਹਿਣਾ ਚਾਹੁੰਦਾ ਸੀ। ਵਾਹ, ਮੁੰਬਈ ਜਾਵਾਂਗਾ, ਉਸ ਸ਼ਹਿਰ ਜਿੱਥੇ *ਆਵਾਰਾ* ਫਿਲਮ ਵਾਲਾ ਰਾਜ ਕਪੂਰ ਰਹਿੰਦਾ ਹੈ, *ਸੰਗਰਾਮ* ਵਾਲਾ ਅਸ਼ੋਕ ਕੁਮਾਰ ਜਾਂ *ਦੀਦਾਰ* ਫਿਲਮ ਵਾਲਾ ਦਲੀਪ ਕੁਮਾਰ। ਇਹ ਫਿਲਮਾਂ ਅੰਮ੍ਰਿਤਸਰ ਵਿਚ ਲੱਗੀਆਂ ਹੋਈਆਂ ਸਨ। ਮੈਂ ਅੰਮ੍ਰਿਤਸਰ ਦੇ ਗੁਰੂ ਰਾਮ ਦਾਸ ਖਾਲਸਾ ਸਕੂਲ ਦੀ ਸਤਵੀਂ ਜਮਾਤ ਵਿਚ ਸੀ। ਸਕੂਲ ਵਿਚ ਬਿਨਾਂ ਕਿਸੇ ਨੂੰ ਦੱਸੇ ਪਿਤਾ ਨਾਲ ਮੁੰਬਈ ਜਾਣ ਲਈ ਤਿਆਰ ਹੋ ਗਿਆ।

***ਅੰਮ੍ਰਿਤਸਰ ਤੋਂ ਮੁੰਬਈ :***

**ਸਤੰਬਰ 1952** : ਦਿੱਲੀ ਤੋਂ ਡੇਹਰਾਦੂਨ ਐਕਸਪ੍ਰੈੱਸ ਰਾਤ ਨੂੰ ਚੱਲਦੀ ਹੈ, ਢਿਚੂੰ ਢਿਚੂੰ। ਪਿਛਲੀ ਰਾਤ ਅੰਮ੍ਰਿਤਸਰੋਂ ਫਰੰਟੀਅਰ ਮੇਲ 'ਚ ਬੈਠ ਸਵੇਰੇ ਪੁਰਾਣੀ ਦਿੱਲੀ ਸਟੇਸ਼ਨ ਉਤਰਦੇ ਹਾਂ। ਸ਼ਾਮ ਤੱਕ ਵਕਤ ਗੁਜ਼ਾਰਨਾ ਹੈ। ਪਿਤਾ ਤੇ ਮੈਂ ਨਾਸ਼ਤਾ ਖਾਣ ਲਾਜਪਤ ਰਾਏ ਮਾਰਕੀਟ ਲਈ ਤਿੰਨ ਪਹੀਆ ਸਕੂਟਰ 'ਤੇ ਬੈਠਦੇ ਹਾਂ। ਸਕੂਟਰ ਉੱਡਣ ਲੱਗਦਾ; ਮੈਂ ਸੋਚਦਾਂ ਇਹ ਕਮਾਲ ਦਾ ਰਿਕਸ਼ਾ ਹੈ, ਆਪੇ ਦੌੜਦਾ; ਚਾਲਕ ਨੂੰ ਜ਼ੋਰ ਵੀ ਨਹੀਂ ਲਗਾਣਾ ਪੈਂਦਾ। ਤਿੰਨ ਚਾਰ ਮਿੰਟ ਦੀ ਵਾਟ ਹੈ। ਪਿਤਾ ਸਕੂਟਰ ਚਾਲਕ ਦੇ ਹੱਥ 'ਚ ਚੁਵੰਨੀ ਥਮ੍ਹਾਂਦਾ ਹੈ। ਚਾਂਦਨੀ ਚੌਂਕ ਦੀ ਸਵੇਰ ਦੀ ਚਹਿਲ ਪਹਿਲ ਦੇਖ ਚਿੱਤ ਖ਼ੁਸ਼ ਹੁੰਦਾ ਹੈ। ਪਹਿਲੀ ਝਲਕ 'ਚ ਅੰਮ੍ਰਿਤਸਰ ਦੇ ਮੁਕਾਬਲੇ ਦਿੱਲੀ ਕਿਤੇ ਵੱਧ ਰੰਗ-ਬਿਰੰਗਾ ਸ਼ਹਿਰ ਦਿਖਾਈ ਦੇਂਦਾ ਹੈ। ਇਹ ਸੌਖੇ ਦਿਨਾਂ ਵਾਲਾ ਦਿੱਲੀ ਹੈ; ਆਬਾਦੀ 1947 ਤੋਂ ਪਹਿਲਾਂ ਛੇਅ ਲੱਖ ਸੀ, ਹੁਣ ਬਾਰਾਂ ਲੱਖ ਹੋ ਚੁੱਕੀ ਹੈ। ਸ਼ਹਿਰ ਦੀ ਪਹਿਲਾਂ ਵਾਲੀ ਆਬਾਦੀ ਜਿੰਨੇ ਪੰਜਾਬੀ ਭਾਈਬੰਦ ਲਹਿੰਦੇ ਪੰਜਾਬ ਤੋਂ ਏਥੇ ਆ ਵੱਸੇ ਹਨ। ਹੁਣ ਇਹ ਪੰਜਾਬੀ ਸ਼ਹਿਰ ਦਿਖਾਈ ਦੇਂਦਾ ਹੈ। ਸਟੇਸ਼ਨ ਤੋਂ ਥੋੜ੍ਹਾ ਦੂਰ, ਚਾਂਦਨੀ ਚੌਂਕ ਵਾਲੇ ਪਾਸੇ, ਲਾਜਪਤ ਰਾਏ ਮਾਰਕਿਟ ਖੋਖਿਆਂ ਦੀ ਬਣੀ ਹੋਈ ਹੈ; ਪਾਕਿਸਤਾਨ ਤੋਂ ਉੱਜੜ ਕੇ ਆਏ ਸ਼ਰਨਾਰਥੀਆਂ ਨੇ ਏਥੇ ਕੰਮ ਧੰਦਾ ਸ਼ੁਰੂ ਕੀਤਾ ਹੋਇਆ। ਚਾਂਦਨੀ ਚੌਂਕ ਵਾਲੇ ਬਾਜ਼ਾਰ ਵਿਚ ਪੁਰਾਣੀ ਛਕੜਾ ਕਿਸਮ ਦੀ ਟਰਾਮ ਚਲਦੀ ਦਿਖਦੀ ਹੈ। ਪੂੜੀਆਂ ਛੋਲੇ ਖਾ ਕੇ ਅਸੀਂ ਪੈਦਲ ਚਾਂਦਨੀ ਚੌਂਕ ਵਲ ਤੁਰ ਪੈਂਦੇ ਹਾਂ, ਸੀਸ ਗੰਜ ਅੱਗੋਂ ਲੰਘਦੇ ਫੁਹਾਰੇ ਵਾਲੇ ਪਾਸਿਓਂ ਲਾਇਬ੍ਰੇਰੀ ਦੇ ਨਾਲ ਵਾਲੇ ਖੁੱਲ੍ਹਾ ਮੈਦਾਨ ਪਾਰ ਕਰ ਸਟੇਸ਼ਨ ਦੇ ਮੁਸਾਫ਼ਿਰ ਖਾਨੇ ਆ ਪੁੱਜਦੇ ਹਾਂ ਜਿੱਥੇ ਵੱਡਾ ਭਰਾ ਸਮਾਨ ਕੋਲ ਬੈਠਾ ਉਡੀਕ ਕਰ ਰਿਹਾ ਹੈ।

ਮੁੰਬਈ ਪੁੱਜਣ ਤੋਂ ਪਹਿਲਾਂ ਚਲਦੀ ਗੱਡੀ 'ਚ ਪਿਤਾ ਕਹਿੰਦਾ: "ਮੁੰਬਈ 'ਚ ਜਿੱਥੇ ਮੇਰਾ ਟਿਕਾਣਾ ਉਸ ਜਗ੍ਹਾ ਦਾ ਨਾਂ ਕਾਂਦੀਵਲੀ ਹੈ। ਇਹ ਉਪ-ਨਗਰ, ਪਿੰਡਾਂ ਵਰਗਾ, ਅਸਲ ਮੁੰਬਈ ਤੋਂ ਕੋਈ ਪੰਦਰਾਂ ਮੀਲ ਉਰ੍ਹਾਂ। ਮੁੰਬਈ ਤਾਂ ਪੰਜਾਹ ਮੀਲਾਂ ਤੱਕ ਫੈਲਿਆ ਹੋਇਆ। ਬੋਰੀਵਲੀ ਉਪ-ਨਗਰ ਸਟੇਸ਼ਨ ਤੋਂ ਬਿਜਲੀ ਦੀ ਲੋਕਲ ਗੱਡੀ ਚਲਦੀ ਹੈ। ਇਹ ਵੀਹ ਸਟੇਸ਼ਨ ਗਾਹ ਕੇ ਚਰਚਗੇਟ ਪੁੱਜਦੀ ਹੈ, ਸਮੁੰਦਰ ਦੇ ਕਿਨਾਰੇ ਪੌਸ਼ ਰਿਹਾਇਸ਼ੀ ਇਲਾਕੇ ਹਨ। ਇਨ੍ਹਾਂ ਦੇ ਨਾਵਾਂ - ਚੌਪਾਟੀ, ਮਾਲਾਬਾਰ ਹਿੱਲ, ਮੈਰਿਨ ਡਰਾਈਵ - ਤੋਂ ਹੀ ਪੌਸ਼ ਹੋਣ ਦਾ ਪਤਾ ਚਲਦਾ ਹੈ। ਇਹ ਅਰਬ ਸਾਗਰ ਦੇ ਵਿਸ਼ਾਲ ਸਮੁੰਦਰ ਦੁਆਲੇ ਪਾਸਾਰਾ ਹੈ। ਬਾਂਦਰਾ ਸਟੇਸ਼ਨ ਤੋਂ ਬਾਦ ਅਸਲ ਮੁੰਬਈ ਸ਼ੁਰੂ ਹੁੰਦੀ ਹੈ। ਬਾਂਦਰਾ 'ਚ ਪਾਲੀ ਹਿੱਲ ਹੈ ਜਿੱਥੇ ਫਿਲਮੀ ਸਿਤਾਰਿਆਂ ਦੇ ਬੰਗਲੇ ਹਨ। ਰਾਜ ਕਪੂਰ ਦੂਜੇ ਪਾਸੇ ਚੈਂਬੂਰ 'ਚ ਰਹਿੰਦਾ ਹੈ। ਉੱਥੇ ਹੀ ਉਹਦਾ ਆਰ. ਕੇ. ਸਟੂਡੀਓ ਹੈ। ਦਾਦਰ ਤੋਂ ਮੁੰਬਈ ਦਾ ਅਸਲੀ ਰੂਪ ਦਿਖਾਈ ਦੇਣ ਲੱਗਦਾ ਹੈ। ਦਾਦਰ ਤੋਂ ਬਾਅਦ ਮੁੰਬਈ ਦਾ ਮਜ਼ਦੂਰਾਂ ਦਾ ਇਲਾਕਾ ਸ਼ੁਰੂ ਹੁੰਦਾ ਹੈ, ਜਿੱਥੇ ਕਾਫ਼ੀ ਗਿਣਤੀ ਵਿਚ ਕਪੜੇ ਦੀਆਂ ਮਿੱਲਾਂ ਹਨ। ਇਹ ਚੋਖਾ ਸੰਘਣਾ ਇਲਾਕਾ ਹੈ, ਭੀੜ ਭੜੱਕੇ ਵਾਲਾ। ਬਾਅਦ ਵਿਚ ਮਹਾਂ ਲਕਸ਼ਮੀ ਸਟੇਸ਼ਨ ਹੈ ਜਿੱਥੇ ਧੋਬੀ ਘਾਟ ਹੈ, ਨਾਲ ਹੀ ਰੇਸ ਕੋਰਸ ਹੈ ਲੋਕ ਹਰ ਐਤਵਾਰ ਘੋੜਿਆਂ ਰਾਹੀਂ ਜੂਆ ਖੇਡਦੇ ਹਨ। ਅੰਗਰੇਜ਼ਾਂ ਵੇਲੇ ਇਹ ਇਲਾਕਾ ਕੇਂਦਰੀ ਮੁੰਬਈ ਦੇ ਬਾਹਰ ਦਾ ਮੰਨਿਆ ਜਾਂਦਾ ਸੀ। ਚਮਕ ਦਮਕ ਵਾਲਾ ਮੁੰਬਈ ਤਾਂ ਚਰਨੀ ਰੋਡ ਦੇ ਨੇੜੇ ਮਾਲਾਬਾਰ ਹਿਲ ਤੋਂ ਸ਼ੁਰੂ ਹੁੰਦਾ ਹੈ। ਮੈਰਿਨ ਡਰਾਈਵ ਵੀ ਉੱਥੇ ਹੈ ਜਿੱਥੇ ਹੀਰੋਇਨ ਸੁਰੱਈਆ ਰਹਿੰਦੀ ਹੈ। ਮੁਰਾਰਜੀਭਾਈ ਡੇਸਾਈ ਦਾ ਘਰ ਵੀ ਏਥੇ ਹੀ ਹੈ।" ਇਨ੍ਹਾਂ ਗੱਲਾਂ ਦਾ ਪਤਾ ਮੈਨੂੰ ਹੌਲੇ ਹੌਲੇ ਲੱਗਦੇ ਜਾਣਾ ਹੈ।

ਪਿਤਾ ਸ਼ਹਿਰ ਦੇ ਚੱਪਾ ਚੱਪਾ ਤੋਂ ਜਾਣੂ ਹੈ। ਗੱਡੀ 'ਚ ਹੀ ਉਹਨੇ ਬੋਰੀਵਲੀ ਤੋਂ ਚਰਚਗੇਟ ਤੱਕ ਲੋਕਲ ਟਰੇਨ ਦੇ ਕੋਈ ਵੀਹ ਕੁ ਸਟੇਸ਼ਨਾਂ ਦੇ ਨਾਂ ਤਰਤੀਬਵਾਰ ਕਾਗ਼ਜ਼ 'ਤੇ ਲਿਖ ਦਿੱਤੇ ਹਨ। ਮੈਨੂੰ ਕਹਿੰਦਾ: "ਬੋਰੀਵਲੀ ਤੋਂ ਲੋਕਲ ਗੱਡੀ ਸ਼ੁਰੂ ਹੁੰਦੀ ਹੈ, ਬਾਦ 'ਚ ਕਾਂਦੀਵਲੀ ਆਉਂਦਾ ਹੈ, ਫਿਰ ਮਲਾਡ, ਗੋਰੇਗਾਓ, ਜੋਗੇਸ਼ਵਰੀ ਤੇ ਫਿਰ ਅੰਧੇਰੀ। ਤੂੰ ਯਾਦ ਕਰ ਲੈ ਹੁਣੇ; ਏਦਾਂ ਤੂੰ ਇਕੱਲਾ ਘੁੰਮਦਿਆਂ ਗੁੰਮੇਂਗਾ ਨਹੀਂ। ਚਰਚਗੇਟ ਤੋਂ ਬੋਰੀਵਲੀ ਲਈ ਚੱਲਣ ਵਾਲੀ ਗੱਡੀ ਫੜ ਕੇ ਮਲਾਡ ਸਟੇਸ਼ਨ ਦਾ ਧਿਆਨ ਰੱਖੀ, ਉਸ ਤੋਂ ਅਗਲਾ ਸਟੇਸ਼ਨ ਕਾਂਦੀਵਲੀ ਹੈ।"

ਮੁੰਬਈ ਪੁੱਜਣ ਤੱਕ ਮੈਂ ਸਾਰੇ ਸਟੇਸ਼ਨਾਂ ਦੀ ਤਰਤੀਬ ਨੂੰ ਰੱਟਾ ਲਗਾ ਚੁੱਕਾ ਹਾਂ।

ਗੱਡੀ ਸਵੇਰੇ ਸਾਢੇ ਪੰਜ ਵਜੇ ਬੋਰੀਵਲੀ ਰੁਕਦੀ ਹੈ; ਇਹ ਲੋਕਲ ਟਰੇਨ ਦਾ ਟਰਮੀਨਲ ਵੀ ਹੈ। ਪਿਤਾ ਕਹਿੰਦਾ, "ਅਸੀਂ ਏਥੇ ਹੀ ਉਤਰ ਜਾਂਦੇ ਹਾਂ, ਵਰਨਾ ਮੁੰਬਈ ਸੈਂਟਰਲ ਤੋਂ ਵਾਪਿਸ ਕਾਂਦੀਵਲੀ ਆਉਣਾ ਪੈਣਾ ਹੈ।"

ਮਿੰਟਾਂ 'ਚ ਅਸੀਂ ਉਤਰ ਗਏ ਹਾਂ। ਤੇ ਸਾਰਾ ਸਟੇਸ਼ਨ ਖਾਲੀ। ਹਵਾ ਫਰਾਟੇ ਮਾਰ ਰਹੀ ਹੈ; ਪਿਛਲੇ ਤਿੰਨ ਚਾਰ ਮਹੀਨੇ ਤੋਂ ਬਾਰਿਸ਼ ਦਾ

ਮੌਸਮ ਜਾਰੀ ਹੈ। ਹੁਣ ਸਤੰਬਰ ਅੱਧ ਹੈ, ਇਹ ਮੌਸਮ ਮੁੱਕਣ ਵਾਲਾ ਹੈ। ਫਿਰ ਵੀ ਆਕਾਸ਼ 'ਤੇ ਬਦਲ ਭਰੇ ਪਏ ਹਨ ਤੇ ਹਵਾ 'ਚ ਚੌਖੀ ਨਮ੍ਹੀਂ ਹੈ। ਪਿਤਾ ਕਹਿੰਦਾ : "ਏਥੋਂ ਲੋਕਲ ਗੱਡੀ 'ਚ ਬੈਠ ਪੰਜ ਮਿੰਟ 'ਚ ਕਾਂਦੀਵਲੀ ਪਹੁੰਚ ਜਾਵਾਂਗੇ।"

ਸਾਹਮਣੇ ਵਾਲੇ ਪਲੈਟਫਾਰਮ 'ਤੇ ਲੋਕਲ ਗੱਡੀ ਖੜੀ ਹੈ, ਖਾਲ੍ਹਮਖਾਲੀ। ਅੰਦਰ ਲਾਖੇ ਰੰਗ ਦੀਆਂ ਚਮਕ ਮਾਰਦੀਆਂ ਪਲਾਸਟਕੀ ਸੀਟਾਂ ਹੈਰਾਨ ਕਰਦੀਆਂ ਹਨ - ਏਨੀਆਂ ਸਾਫ਼ ਸੁਥਰੀਆਂ! ਪਿਤਾ: 'ਇਹ ਲੋਕਲ ਗੱਡੀ ਹੈ, ਕਿਸੇ ਸਟੇਸ਼ਨ 'ਤੇ ਦਸ ਸਕਿੰਟ ਤੋਂ ਵੱਧ ਨਹੀਂ ਖੜਦੀ। ਅਗਲਾ ਸਟੇਸ਼ਨ ਕਾਂਦੀਵਲੀ ਹੈ। ਫੁਰਤੀ ਨਾਲ ਉਤਰਨਾ ਪੈਣਾ।" ਕਾਂਦੀਵਲੀ ਗੱਡੀ ਰੁਕਦਿਆ ਮੈਂ ਬੁੜ੍ਹਕ ਕੇ ਬਾਹਰ ਸਟੇਸ਼ਨ 'ਤੇ ਜਾ ਖੜਦਾ ਹਾਂ। ਤੇਜ਼ੀ ਨਾਲ ਪਿਤਾ ਤੇ ਭਰਾ ਵੀ ਸਾਮਾਨ ਸਮੇਤ ਬਾਹਰ ਹਨ। ਹੁਣ ਸਭ ਸੁੱਖ ਹੈ। ਗੱਡੀ ਝੂਮ ਕਰਦੀ ਗ਼ਾਇਬ ਹੋ ਚੁੱਕੀ ਹੈ।

ਕਾਂਦੀਵਲੀ ਸਟੇਸ਼ਨ ਤੋਂ ਕੋਈ ਡੇਢ ਮੀਲ ਦੂਰ ਅੰਦਰਵਾਰ, ਜੂਨਾ (ਪੁਰਾਣਾ) ਕਾਂਦੀਵਲੀ ਹੈ ਜਿੱਥੇ ਬੰਗਲਿਆਂ ਵਰਗੇ ਘਰ ਹਨ। ਪਿਤਾ ਨੇ ਪੈਂਤੀ ਰੁਪਏ ਮਹੀਨੇ 'ਤੇ ਪਹਿਲੀ ਮੰਜ਼ਿਲ 'ਤੇ ਦੋ ਕਮਰੇ ਕਿਰਾਏ 'ਤੇ ਲੈ ਰੱਖੇ ਹਨ। ਇਕ ਕਮਰਾ ਅੱਗੋਂ ਕਿਸੇ ਨਵੇਂ ਵਿਆਹੇ ਸਿੱਖ ਨੌਜੁਆਨ ਨੂੰ ਦਿੱਤਾ ਹੋਇਆ ਜੋ ਰੇਅ ਰੋਡ 'ਚ ਕਿਸੇ ਫਰਨੀਚਰ ਕੰਪਨੀ 'ਚ ਮਿਸਤਰੀ ਹੈ। ਉਹਦੀ ਬੀਵੀ ਦਾ ਨਾਂ ਅੰਬੋ ਹੈ। ਕਮਰੇ ਦੇ ਬਾਹਰ ਵੱਡਾ ਵਰਾਂਡਾ ਹੈ। ਵਰਾਂਡੇ ਦੇ ਪਾਰ ਬਾਹਰ ਖੁੱਲਾ ਟੈਰਿਸ ਹੈ। ਮੈਂ ਟੈਰੇਸ 'ਤੇ ਖੜਾ ਬਾਹਰ ਦੂਰ ਤੱਕ ਹਰਿਆਵਲੀ ਨਜ਼ਾਰਾ ਦੇਖਦਾ ਹਾਂ ਤਾਂ ਪਿੱਛੋ ਪਿਤਾ ਕੋਲ ਆ ਕਹਿੰਦਾ: "ਉਹ ਦੇਖ ਸਾਹਮਣੇ ਨਦੀ ਹੈ, ਉੱਥੇ *'ਸ਼ਹਿਨਾਈ'* ਫ਼ਿਲਮ ਦੀ ਸ਼ੂਟਿੰਗ ਹੋਈ ਸੀ।" ਸਾਰੇ ਪਾਸੇ ਹਰਿਆਵਲ ਤੇ ਨਾਰੀਅਲ ਦੇ ਉੱਚੇ ਦਰਖਤ ਹਨ। ਅੰਮ੍ਰਿਤਸਰ ਦੇ ਭੀੜ–ਭੜੱਕੇ ਤੋਂ ਬਾਦ ਏਨੀ ਹਰਿਆਵਲ ਪਹਿਲੀ ਵੇਰ ਦੇਖੀ ਹੈ। ਇਹ ਮਹਾਰਾਸ਼ਟਰ ਦਾ ਪੇਂਡੂ ਇਲਾਕਾ ਹੈ, ਜਿੱਥੇ ਆਮ ਬੰਦੇ ਬਹੁਤ ਗਰੀਬ ਹਨ। ਬੰਗਲਾਨੁਮਾ ਘਰਾਂ 'ਚ ਕਾਫ਼ੀ ਘਰ ਇਸਾਈਆਂ ਦੇ ਹਨ। ਜਿਸ ਘਰ 'ਚ ਅਸੀਂ ਰਹਿੰਦੇ ਹਾਂ ਉਹ ਮਰਾਠੇ ਹਨ। ਘਰਾਂ 'ਚ ਕੰਮ ਕਰਨ ਵਾਲੀਆਂ ਆਇਆ ਘਾਹ–ਫੂਸ ਦੀ ਝੌਂਪੜੀਆਂ 'ਚ ਰਹਿੰਦੀਆਂ ਹਨ। ਏਨੀ ਬਾਰਸ਼ 'ਚ ਇਹ ਕਿਵੇਂ ਰਹਿੰਦੀਆਂ ਹੋਣਗੀਆਂ, ਮੈਂ ਹੈਰਾਨ ਹੁੰਦਾ ਹਾਂ। ਘਰ ਤੋਂ ਥੁੜ੍ਹੀ ਦੂਰੀ 'ਤੇ ਖੂਹ ਹੈ। ਕੁਝ ਵਿੱਥ 'ਤੇ ਤਿੰਨ ਚਾਰ ਦੁਕਾਨਾਂ ਹਨ ਜਿਵੇਂ ਪਿੰਡਾਂ 'ਚ ਹੋਇਆ ਕਰਦੀਆਂ ਹਨ। ਪੰਜ ਮਿੰਟ ਦੀ ਵਿੱਥ 'ਤੇ ਜਿੰਮ ਹੈ ਤੇ ਨਾਲ ਹੀ ਸਿਨੇਮਾ ਘਰ। ਫਿਲਮ ਚਲਦੀ ਹੈ ਤਾਂ ਓਪ੍ਰੇਟਰ ਰੂਮ 'ਚੋਂ ਡਾਇਲਾਗਾਂ ਦੀ ਆਵਾਜ਼ ਬਾਹਰ ਦੂਰ ਤੱਕ ਸੁਣਾਈ ਦੇਂਦੀ ਹੈ।

ਮੈਂ ਨਵੇਂ ਸੰਸਾਰ 'ਚ ਦਾਖਲ ਹੋ ਚੁੱਕਾ ਹਾਂ। ਪਿਛਾਂਹ ਦਾ ਸਭ ਕੁਝ ਵਿੱਸਰ ਚੁੱਕਾ ਹੈ। ਪਹਿਲੇ ਹੀ ਦਿਨ ਮੈਂ ਪਿਤਾ ਤੇ ਭਰਾ ਨਾਲ ਮੁੰਬਈ ਦੇ ਮੁੱਖ ਇਲਾਕੇ ਵਲ ਜਾਣ ਲਈ ਤਿਆਰ ਹੋ ਚੁੱਕਾ ਹਾਂ। ਉਮਰ ਬਾਰਾਂ ਸਾਲ ਤੋਂ ਘਟ ਹੋਣ ਕਰਕੇ ਮੈਂ ਚਾਰ ਆਨੇ ਦੀ ਅੱਧੀ ਟਿਕਟ ਲੈ ਚਰਚਗੇਟ ਤੱਕ ਜਾ ਸਕਦਾ ਹਾਂ। ਉੱਥੇ ਸਮੁੰਦਰ ਕਿਨਾਰੇ ਮੈਰਿਨ ਡਰਾਈਵ ਹੈ। ਪਿਤਾ ਦਸਦਾ ਕਿ ਉੱਥੇ ਕ੍ਰਿਸ਼ਣਾ ਨਾਂ ਦੀ ਬਿਲਡਿੰਗ ਦੇ ਗ੍ਰਾਊਂਡ ਫਲੋਰ 'ਤੇ ਫਿਲਮ ਸਟਾਰ ਸੁਰੱਈਆ ਰਹਿੰਦੀ ਹੈ।

ਕਾਂਦੀਵਲੀ ਤੋਂ ਅਗਲਾ ਸਟੇਸ਼ਨ ਮਲਾਡ ਹੈ; ਪਿਤਾ ਕਹਿੰਦਾ ਹੈ: "ਏਥੇ 'ਬੰਬੇ ਟਾਕੀਜ਼ ਸਟੂਡੀਓ' ਹੈ। ਬਚਨ ਸਿੰਘ ਕੈਮਰਾਮੈਨ ਮੇਰਾ ਜਾਣੂ ਹੈ। ਤੂੰ ਬੰਬੇ ਟਾਕੀਜ਼ 'ਚ ਸ਼ੂਟਿੰਗ ਦੇਖ ਸਕਦਾਂ।"

ਮਲਾਡ ਤੋਂ ਬਾਅਦ ਗੋਰੇਗਾਉਂ ਸਟੇਸ਼ਨ ਹੈ ਜਿੱਥੇ ਫਿਲਮਸਤਾਨ ਸਟੂਡੀਓ ਹੈ। ਗੱਡੀ ਸਟੇਸ਼ਨ 'ਜੋਗੇਸ਼ਵਰੀ' ਹੈ। ਗੱਡੀ ਚਲਦੀ ਹੈ ਤਾਂ ਹਜ਼ਾਰਾਂ ਮੱਝਾਂ ਬਹੁਤ ਦੂਰ ਤੱਕ ਫੈਲੇ ਸ਼ੈੱਡ ਵਿਚ ਪਾਲ ਬਣਾਈ ਦਿਖਾਈ ਦੇਂਦੀਆਂ ਹਨ। ਬੈਠਾ ਦਸਦਾ: "ਏਥੇ ਸਭ ਤੋਂ ਵੱਡੇ ਦੁੱਧ ਦੀ ਡੇਰੀ ਹੈ।" ਅਗਲਾ ਸਟੇਸ਼ਨ ਅੰਧੇਰੀ ਹੈ ਤੇ ਪਿਤਾ: "ਇਹ ਵੱਡਾ ਸਟੇਸ਼ਨ ਹੈ; ਲੋਕਲ ਗੱਡੀ ਏਥੋਂ ਵੀ ਚਲਦੀ ਹੈ। ਅੰਧੇਰੀ ਤੋਂ ਕੁਰਲਾ ਵਲ ਲੰਮੀ ਸੜਕ ਹੈ। ਕੁਰਲਾ ਸੈਂਟ੍ਰਲ ਰੇਲਵੇ ਦਾ ਵੱਡਾ ਸਟੇਸ਼ਨ ਹੈ। ਬਾਅਦ ਵਿਚ ਮੈਨੂੰ ਪਤਾ ਚਲਦਾ ਕਿ ਅੰਧੇਰੀ ਕੁਰਲਾ ਰੋਡ 'ਤੇ ਜਾਈਏ ਜਾਓ ਤਾਂ ਰਸਤੇ 'ਚ ਇਕ ਤੋਂ ਬਾਅਦ ਇਕ ਕੁਲ ਚਾਰ ਫ਼ਿਲਮੀ ਸਟੂਡੀਓ ਹਨ।

ਮੈਂ ਪਿਤਾ ਨੂੰ ਪੁੱਛਦਾਂ: "ਕੀ ਅਸੀਂ ਅੱਜ ਹੀ ਸ਼ੂਟਿੰਗ ਨਹੀਂ ਦੇਖ ਸਕਦੇ?"

ਪਿਤਾ ਕਹਿੰਦਾ: "ਤੂੰ ਹੁਣ ਏਹੋ ਕੰਮ ਕਰਨੇ ਆਂ। ਅੱਜ ਤੂੰ ਸਮੁੰਦਰ ਹੀ ਦੇਖ। ਚੌਪਾਟੀ, ਮੈਰਿਨ ਡਰਾਈਵ। ਫਿਰ ਬੋਰੀਬੰਦਰ ਜਾਵਾਂਗੇ, ਉੱਥੇ ਗੁਰਦੁਆਰਾ ਹੈ ਤੇ ਪੰਜਾਬੀ ਰੈਸਤੋਰਾਂ ਜਿੱਥੇ ਆਪਾਂ ਤੰਦੂਰੀ ਰੋਟੀ ਖਾਵਾਂਗੇ।"

ਅੱਧੇ ਘੰਟੇ ਬਾਦ ਗੱਡੀ ਚਰਨੀ ਰੋਡ ਸਟੇਸ਼ਨ ਪੁੱਜਦੀ ਹੈ ਤਾਂ ਇਕ ਪਾਸੇ ਅਚਾਨਕ ਸਮੁੰਦਰ ਦਿਖਾਈ ਦੇਂਦਾ ਹੈ। ਮੈਂ ਸੀਟ ਤੋਂ ਉਲ੍ਹਰ ਦੂਰ ਪਾਣੀਆਂ ਵਲ ਦੇਖਦਾ ਹਾਂ। ਪਹਿਲੀ ਵੇਰ ਸਮੁੰਦਰ ਨੂੰ ਦੇਖਣ ਦਾ ਮੌਕਾ ਮਿਲਿਆ ਹੈ। ਅਦਭੁਤ ਨਜ਼ਾਰਾ ਹੈ। ਮੈਂ ਖੁਸ਼ੀ 'ਚ ਕਿਲਕਾਰੀ ਮਾਰਦਾ ਹਾਂ। ਦੂਜੇ ਪਾਸੇ ਸਾਹਮਣੇ ਕੋਈ ਸਿਨੇਮਾ ਹੈ, ਜਿੱਥੇ ਰੌਕਸੀ ਲਿਖਿਆ ਹੋਇਆ। ਫ਼ਿਲਮ *'ਆਵਾਰਾ'* ਲੱਗੀ ਹੋਈ ਹੈ ਤੇ ਵੱਡੇ ਹੋਰਡਿੰਗ 'ਤੇ ਰਾਜ ਕਪੂਰ ਦੀ ਮੂਰਤ ਹੈ। ਮੈਂ ਟੱਪਣ ਲੱਗਦਾ ਹਾਂ।

•

ਮੁੰਬਈ ਵਿਚ ਪਤਾ ਨਹੀਂ ਲੱਗਦਾ ਪਿਤਾ ਕੰਮ ਕੀ ਕਰਦਾ। ਸ਼ਾਇਦ ਉਹਨੇ ਕੋਈ (ਜਾਅਲੀ) ਕੰਪਨੀ ਖੋਲ੍ਹ ਰੱਖੀ ਹੈ। ਇਸ ਕੰਪਨੀ ਲਈ ਆਰਡਰ ਲੈਣ ਸ਼ਹਿਰਾਂ 'ਚ ਘੁੰਮਦਾ ਹੈ ਤੇ ਆਰਡਰ ਦੇ ਨਾਲ ਕੁਝ ਅਡਵਾਂਸ ਰਕਮ ਉਗ੍ਰਾਹੁੰਦਾ ਹੈ। ਇਹੀ ਉਹਦੀ ਕਮਾਈ ਹੈ। ਨਾ ਉਹ ਉਸ ਪਾਰਟੀ ਨੂੰ ਮਾਲ ਭੇਜਦਾ ਹੈ, ਨਾ ਕੋਈ ਥਹੁ–ਪਤਾ ਦੇਂਦਾ ਹੈ। ਮੈਨੂੰ ਅਜਿਹੀ ਤਫ਼ਸੀਲ 'ਚ ਕੋਈ ਦਿਲਚਸਪੀ ਨਹੀਂ ਹੈ। ਅਚਾਨਕ ਇਸ ਕੰਪਨੀ ਵਾਲਾ ਕੰਮ ਠੱਪ ਹੋ ਜਾਂਦਾ ਹੈ। ਚੁੱਪ ਵਰਤ ਜਾਂਦੀ ਹੈ। ਬਹੁਤੀਆਂ ਗੱਲਾਂ ਦਾ ਪਤਾ ਸੰਕੇਤ ਮਾਤਰ ਬਾਦ 'ਚ ਲੱਗਦਾ ਹੈ।

ਕੁਝ ਦਿਨਾਂ ਬਾਅਦ ਪਿਤਾ ਦੇ ਵਿਹਲੇ ਰਹਿਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਉਹ ਹੱਥ 'ਚ ਛਤਰੀ ਫੜੀ ਮੈਨੂੰ ਨਾਲ ਲਈ ਮੁੰਬਈ ਦੇ ਦੱਖਣੀ ਚਮਕ ਦਮਕ ਵਾਲੇ ਫੋਰਟ ਏਰੀਆ ਲਈ ਨਿਕਲ ਤੁਰਦਾ ਹੈ। ਅਸੀਂ ਵਿਕਟੋਰੀਆ ਟਰਮੀਨਸ, ਜਿਸ ਨੂੰ ਲੋਕ ਬੋਰੀ ਬੰਦਰ ਕਹਿੰਦੇ ਹਨ, ਦੇ ਨਾਲ ਲੱਗਦੇ ਵੱਡੇ ਡਾਕਖਾਨੇ ਤੋਂ ਪਾਰ ਸੱਜੇ ਮੁੜਦੇ ਹਾਂ ਤਾਂ ਸਿੰਘ ਸਭਾ ਗੁਰਦੁਆਰੇ ਦੀ ਇਮਾਰਤ ਆਉਂਦੀ ਹੈ। ਇਹਦੇ ਹੇਠ ਸ਼ੇਰੇ ਪੰਜਾਬ ਰੈਸਤੋਰਾਂ ਹੈ, ਜਿੱਥੇ ਪੰਜਾਬੀ ਖਾਣਾ ਮਿਲਦਾ ਹੈ। ਰਤਾ ਕੁ ਖੱਬੇ ਸੜਕ ਪਾਰ ਕਰਕੇ ਪਟਿਆਲਾ ਰੈਸਤੋਰਾਂ ਹੈ ਜਿੱਥੇ ਅਸੀਂ ਤੰਦੂਰੀ ਰੋਟੀ ਤੇ ਦਾਲ ਨੂੰ ਪੋਲਸਨ ਮੱਖਣ ਦਾ ਤੜਕਾ ਲਗਵਾ ਕੇ ਖਾਂਦੇ ਹਾਂ।

ਮੇਰੇ ਦਿਨ ਇਕੱਲਿਆਂ ਲਟੋਰੀਆਂ ਮਾਰਨ ’ਚ ਬੀਤਣ ਲੱਗਦੇ ਹਨ। ਇਕ ਦਿਨ ਮਲਾਡ ਸਟੇਸ਼ਨ ’ਤੋਂ ਉਤਰ ਕੇ ‘ਬੰਬਈ ਟਾਕੀਜ਼’ ਸਟੂਡੀਓ ਵਲ ਹੋ ਤੁਰਦਾ ਹਾਂ। ਚੌਂਕੀਦਾਰ ਮੇਰੀ ਪਗੜੀ ਵਲ ਦੇਖ ਪੁੱਛਦਾ: “ਕਿਸ ਕੋ ਮਿਲਣਾ?” ਮੈਂ ਕਹਿਨਾਂ: “ਬਚਨ ਸਿੰਘ ਕੈਮਰਾਮੈਨ ਕੋ” ਤੇ ਅੰਦਰ ਲੰਘ ਜਾਨਾਂ। ਸਟੂਡੀਓ ਦੇ ਇਕ ਵੱਡੇ ਹਾਲ ਵਿਚ ਪੁਰਾਣਾ ਟੁੱਟਾ ਭੱਜਾ ਫਰਨੀਚਰ ਲੰਘ ਕੇ ਅੰਦਰ ਇਕ ਸੈੱਟ ਬਣਿਆ ਹੋਇਆ ਤੇ ਸ਼ੂਟਿੰਗ ਦੀ ਤਿਆਰੀ ਹੋ ਰਹੀ ਹੈ। ਇਕ ਕਮਰਾ ਹੈ, ਸੈੱਟੀ ’ਤੇ ਊਸ਼ਾ ਕਿਰਨ ਬੈਠੀ ਹੋਈ ਹੈ, ਗੋਦ ’ਚ ਬੱਚਾ ਹੈ। ਦੇਵ ਆਨੰਦ ਰਾਅ ਸਿਲਕ ਦਾ ਸਲੇਟੀ ਰੰਗ ਦਾ ਕੋਟ ਪਹਿਣੀ ਨਿਰਦੇਸ਼ਕ ਅਮੀਆ ਚਕ੍ਰਵਰਤੀ ਨਾਲ ਗੱਲਾਂ ਕਰ ਰਿਹਾ ਹੈ। ਮੈਂ ਪਿਛਾਂਹ ਜਿਹੇ ਖੜ ਜਾਂਦਾ ਹੈ, ਪੰਜ ਸਤ ਹੋਰ ਲੋਕ ਵੀ ਸ਼ੂਟਿੰਗ ਦੇਖਣ ਵਾਲੇ ਖੜੇ ਹਨ। ਲਾਈਟਮੈਨ ਰੋਸ਼ਨੀਆਂ ਸੈੱਟ ਕਰ ਰਹੇ ਹਨ; ਕੈਮਰਾਮੈਨ ਊਸ਼ਾ ਕਿਰਨ ’ਤੇ ਲੈਂਜ਼ ਫੋਕਸ ਕਰਦਿਆਂ ਇਕ ਅੱਖ ਬੰਦ ਕਰਦਾ ਤੇ ਦੂਜੀ ’ਚੋਂ ਸ਼ਾਟ ਦੀ ਬਣਤਰ ਦੇਖ ਰਿਹਾ ਹੈ। ਤਦ ਅਚਾਨਕ ਨਿਰਦੇਸ਼ਕ ਤਾੜੀ ਮਾਰਦਾ ‘ਰੈੱਡੀ’ ਕਹਿੰਦਾ ਹੈ ਤੇ ‘ਟੇਕ’ ਬੋਲਦਾ ਹੈ। ਕਲੈਪਰ ਬੁਆਏ ਬੋਰਡ ਅਗਾਂਹ ਕਰਦਾ ਹੈ ਜਿਸ ’ਤੇ ਸਫ਼ੇਦ ਚਾੱਕ ਨਾਲ ਫਿਲਮ ਦਾ ਨਾਂ *ਪਤਿਤਾ* ਲਿਖਿਆ ਹੋਇਆ। ਹੇਠ ਦ੍ਰਿਸ਼ ਨੰਬਰ ਲਿਖਿਆ। ਕੈਮਰੇ ਦੇ ਰੋਲ ਕਰਨ ਦੀ ਮੱਧਮ ਆਵਾਜ਼ ਨਾਲ ਦੇਵ ਆਨੰਦ ਦੂਜੇ ਪਾਸੇ ਤੋਂ ਕਮਰੇ ਅੰਦਰ ਦਾਖਲ ਹੁੰਦਾ ਗਰਦਨ ਟੇਢੀ ਕਰਦਿਆਂ ਊਸ਼ਾ ਕਿਰਨ ਨੂੰ ਪੁੱਛਦਾ ਹੈ: “ਯੇਹ ਬੱਚਾ ਕਿਸ ਕਾ ਹੈ?”

ਸ਼ੂਟਿੰਗ ਦੇਖਣ ਵਾਲੇ ਕਿਸੇ ਪ੍ਰਵਾਰ ਦੇ ਨਾਲ ਇਕ ਬੱਚੀ ਹੈ ਜੋ ਖੰਘਣ ਦੀ ਆਵਾਜ਼ ਕੱਢਦੀ ਹੈ, ਤਦ ਨਿਰਦੇਸ਼ਕ ਚਕਰਵਰਤੀ ਚਿਰਲਾ ਕੇ ਕਹਿੰਦਾ : “ਕੱਟ” ! ਬੱਚੀ ਵਲ ਮੂੰਹ ਕਰਦਿਆਂ ਕਹਿੰਦਾ: “ਆਊਟ, ਔਲ ਔਫ ਯੂ ਪਲੀਸ ਗੈੱਟ ਆਊਟ”। ਮੈਂ ਸਭਨਾਂ ਤੋਂ ਪਹਿਲਾਂ ਸੈੱਟ ਤੋਂ ਬਾਹਰ ਨਿਕਲ ਆਉਂਦਾ ਹਾਂ। ਤਦ ਅਚਾਨਕ ਦੂਸਰੇ ਕਿਸੇ ਸੈੱਟ ਅੰਦਰ ਸ਼ੂਟਿੰਗ ਹੁੰਦੀ ਦਿਖਦੀ ਹੈ। ਮੈਂ ਜਾ ਘੁਸਦਾ ਹਾਂ। ਵਾਹ, ਸਾਹਮਣੇ ਮਧੂਬਾਲਾ ਹੈ। ਇਹਦੀ ਫੋਟੋ ਮੈਂ ਪੋਸਟਰਾਂ ’ਤੇ ਦੇਖੀ ਹੋਈ ਹੈ। ਸ਼ੌਟ ਤਿਆਰ ਹੁੰਦਾ ਹੈ, ਸਾਹਮਣੇ ਰੇਲ ਦੇ ਡੱਬੇ ਦਾ ਦ੍ਰਿਸ਼ ਹੈ ਜਿਸ ਵਿਚ ਰੇਲ ਡੱਬੇ ਦਾ ਬਾਹਰਲਾ ਹਿੱਸਾ ਹੀ ਬਣਾਇਆ, ਬਾਕੀ ਪਿਛਾਂਹ ਖੋਲ ਹੈ। ਕਲੈਪਟ ਬੁਆਏ ਟੱਕ ਕਰਦਾ ਫੱਟੀ ਖੜਕਾਂਦਾ ਹੈ ਤਾਂ ਪਤਾ ਚਲਦਾ ਇਹ *‘ਰੇਲ ਕਾ ਡੱਬਾ’* ਫ਼ਿਲਮ ਦੀ ਸ਼ੂਟਿੰਗ ਹੋ ਰਹੀ ਹੈ। ਮੈਂ ਨਾਲ ਖੜੇ ਇਕ ਲਾਈਟਮੈਨ ਨੂੰ ਪੁੱਛਦਾ ਹਾਂ “ਇਹ ਹੀਰੋ ਕੌਣ ਹੈ?” ਉਹ ਕਹਿੰਦਾ: “ਨਯਾ ਹੈ, ਰਾਜ ਕਪੂਰ ਕਾ ਛੋਟਾ ਭਾਈ, ਸ਼ਮ੍ਹੀ ਕਪੂਰ।”

ਇਕ ਦਿਨ ਗੋਰੇਗਾਓਂ ਸਟੇਸ਼ਨ ’ਤੇ ਉਤਰ ਕੇ ਫਿਲਮਸਤਾਨ ਸਟੂਡੀਓ ਦਾ ਰਸਤਾ ਪੁੱਛਣ ਲੱਗਦਾ ਹਾਂ। ਸਟੂਡੀਓ ਦੇ ਬਾਹਰ ਚੌਂਕੀਦਾਰ ਪੁੱਛਦਾ: “ਅਰੇ ਉਹ ਸਰਦਾਰ, ਕਿਸ ਕੋ ਮਿਲਣਾ? ਮੈਂ ਬੰਬੇ ਟਾਕੀਜ਼ ਸਟੂਡੀਓ ਵਿਚ ਦਾਖਲ ਹੋਣ ਵਾਲਾ ਨੁਸਖ਼ਾ ਵਰਤਦਾ ਹਾਂ। ਚੌਂਕੀਦਾਰ ਨੂੰ ਕਹਿਨਾਂ : “ਮੈਂ: “ਬਚਨ ਸਿੰਘ ਕੈਮਰਾਮੈਨ ਕੋ” ਚੌਂਕੀਦਾਰ: “ਕੌਣ ਬਚਨ ਸਿੰਘ? ਯਹਾਂ ਕੋਈ ਨਹੀਂ ਹੈ ਬਚਨ ਸਿੰਘ ਕੈਮਰਾਮੈਨ।” ਮੈਂ: “ਅਰੇ ਤੂੰ ਬਚਨ ਸਿੰਘ ਕੋ ਨਹੀਂ ਜਾਣਤਾ, ਕੈਮਰਾਮੈਨ, ਮੇਰਾ ਅੰਕਲ ਹੈ।” ਦੂਜਾ ਚੌਂਕੀਦਾਰ: “ਅਰੇ ਜਾਣੇ ਦੋ ਨਾ, ਏਕ ਸਰਦਾਰ ਇਧਰ ਸੈੱਟ ਮੇਂ ਕਈ ਬਾਰ ਦੇਖਾ ਹੈ, ਵਹੀ ਹੋਗਾ ਬਚਨ ਸਿੰਘ।” ਅੰਦਰ ਦਾਖਲ ਹੋ ਕੇ ਇਕ ਸੈੱਟ ਅੰਦਰ ਮੈਂ ਦੇਖਦਾਂ, ਅਸ਼ੋਕ ਕੁਮਾਰ ਕਿਸੇ ਨਾਲ ਗੱਲਾਂ ਕਰ ਰਿਹਾ। ਅਜੇ ਸ਼ੌਟ ਤਿਆਰ ਨਹੀਂ ਹੈ। ਅਸ਼ੋਕ ਕੁਮਾਰ ਸਿਗਰੇਟ ਪੀਵੀ ਜਾ ਰਿਹਾ। ਕੁਝ ਦੇਰ ਬਾਰੇ ‘ਟੇਕ’ ਦੀ ਆਵਾਜ਼ ਨਾਲ ਸ਼ੂਟਿੰਗ ਸ਼ੁਰੂ ਹੁੰਦੀ ਹੈ ਤਾਂ ਪਤਾ ਚਲਦਾ *‘ਪਰੀਨੀਤਾ’* ਨਾਂ ਦੀ ਫ਼ਿਲਮ ਬਣ ਰਹੀ ਹੈ, ਜਿਸ ਵਿਚ ਮੀਨਾ ਕੁਮਾਰੀ ਹੀਰੋਇਨ ਹੈ। ਜਿਸ ਦ੍ਰਿਸ਼ ਦੀ ਸ਼ੂਟਿੰਗ ਹੋ ਰਹੀ ਹੈ ਉਸ ਵਿਚ ਅਸ਼ੋਕ ਕੁਮਾਰ ਇਕ ਛੋਟੀ ਕੁੜੀ ਨੂੰ ਚਾਹ ਲਈ ਆਵਾਜ਼ ਦੇਂਦਾ ਹੈ; ਉਹ ਆ ਕੇ ਕਹਿੰਦੀ ਹੈ, “ਚਾਏ, ਚਾਏ ਤੋਂ ਨਹੀਂ ਬਣ ਸਕਤੀ; ਦੂਧ ਬਿੱਲੀ ਪੀ ਗਈ।”

ਕਈ ਵੇਰ ਮੈਂ ਬਾਂਦਰਾ ਸਟੇਸ਼ਨ ਉੱਤਰ ਕੇ ਸੈਂਟ੍ਰਲ ਰੇਲਵੇ ਵਾਲੀ ਲੋਕਲ ਟ੍ਰੇਨ ’ਚ ਬੈਠ ਕਿੰਗਜ਼ ਸਰਕਲ ਸਟੇਸ਼ਨ ’ਤੇ ਉੱਤਰ ਜਾਂਦਾ ਹਾਂ। ਧੁਰ ਵਿਕਟੋਰੀਆ ਟਰਮੀਨਸ ਤੋਂ ਪਾਰ ਮਿਊਜ਼ਿਊਮ ਤੱਕ ਟਰਾਮ ਏਥੋਂ ਚਲਦੀ ਹੈ। ਮੈਂ ਡਬਲ ਡੈਕਰ ਟਰਾਮ ਦੀ ਅੱਧੀ ਟਿਕਟ ਲੈ ਕੇ ਟਰਾਮ ਰੂਟ ਦੇ ਸ਼ੁਰੂ ਹੋਣ ਤੋਂ ਅਖੀਰ ਤੱਕ ਸਫ਼ਰ ਕਰ ਸਕਦਾ ਹਾਂ। ਰਸਤੇ ’ਚ ਟਰਾਮ ਮੁੰਬਈ ਸ਼ਹਿਰ ਦੇ ਅੰਦਰਲੇ ਬਾਜ਼ਾਰਾਂ ’ਚੋਂ ਜਾਂਦੀ ਦੋ ਢਾਈ ਘੰਟੇ ’ਚ ਮਿਊਜ਼ਮ ਪੁੱਜਦੀ ਹੈ ਜਿੱਥੋਂ ਤਿੰਨ ਚਾਰ ਮਿੰਟ ’ਚ ਮੈਂ ਗੇਟਵੇਅ ਔਫ ਇੰਡੀਆ ਪੁੱਜਦਾ ਹਾਂ। ਉੱਥੇ ਪੱਥਰ ਦੇ ਥੰਮ੍ਹਲੇ ’ਤੇ ਬੈਠ ਦੂਰ ਸਮੁੰਦਰੀ ਜਹਾਜ਼ਾਂ ਨੂੰ ਲੰਗਰ ਲਗਾਈ ਦੇਖਦਾ ਹਾਂ। ਏਥੋ ਅੱਧਾ ਘੰਟਾ ਸੈਰ ਕਰਾਣ ਲਈ ਸਟੀਮਰ ਵੀ ਚਲਦੇ ਹਨ, ਐਲੀਫੈਂਟਾ ਕੇਵਜ਼ ਤੱਕ ਜਾਂਦੇ ਹਨ, ਫਿਰ ਵਾਪਿਸ ਮੁੜਦੇ ਹਨ : ਕਿਰਾਇਆ ਅੱਠ ਆਨੇ ਹੈ। ਜਾਂ ਬੇੜੀ ਰਾਹੀਂ ਦੋ ਕੁ ਮੀਲ ਦਾ ਗੇੜਾ ਮਾਰ ਸਕਦੇ ਹੋ, ਕਿਰਾਇਆ ਚਾਰ ਆਨੇ। ਸਮੁੰਦਰ ਵਲ ਮੂੰਹ ਕਰਦੀ ਤਾਜ ਹੋਟਲ ਦੀ ਵੱਡੀ ਸਾਰੀ ਇਮਾਰਤ ਹੈ ਜਿਸ ਬਾਰੇ ਪਿਤਾ ਕਹਿੰਦਾ, ਇਸ ਹੋਟਲ ਵਿਚ ਸੌ ਕਮਰੇ ਹਨ, ਅਖੇ “ਏਥੇ ਅੰਗਰੇਜ਼ ਆ ਕੇ ਰਹਿੰਦੇ ਹਨ ਜਾਂ ਫ਼ਿਲਮੀ ਸਿਤਾਰੇ ਅੱਯਾਸ਼ੀ ਕਰਦੇ ਹਨ।” ਮੇਰੀ ਦਿਲਚਸਪੀ ਇਹ ਦੇਖਣ ਦੀ ਕਿਤੇ ਵੱਧ ਹੈ ਕਿ ਸਿਨੇਮਾ ਘਰ ਕਿੱਥੇ ਹੈ ਤੇ ਉੱਥੇ ਕਿਹੜੀ ਫ਼ਿਲਮ ਲੱਗੀ ਹੋਈ ਹੈ। ਗੇਟਵੇਅ ਔਫ਼ ਇੰਡੀਆ ਤੋਂ ਪੈਦਲ ਤੁਰ ਕੇ ਮੈਂ ਚਰਚਗੇਟ ਵਾਲੇ ਪਾਸੇ ਵਲ ਚਲ ਪੈਂਦਾ ਹਾਂ, ਜਿੱਥੇ ਚੋਰਾਹੇ ’ਚ ‘ਇਰੋਸ’ ਸਿਨੇਮਾ ਹੈ। ਇਸ ਸਿਨੇਮਾ ਹਾਲ ਵਿਚ ਸਿਰਫ਼ ਅੰਗਰੇਜ਼ੀ ਫ਼ਿਲਮਾਂ ਦਿਖਾਈਆਂ ਜਾਂਦੀਆ ਹਨ। ਮਿਊਜ਼ਿਅਮ ਵਾਲੇ ਚੌਂਕ ’ਚ ਰੀਗਲ ਸਿਨੇਮਾ ਹੈ ਉੱਥੇ ਵੀ ਅੰਗਰੇਜ਼ੀ ਫ਼ਿਲਮਾਂ ਦਿਖਾਈਆਂ ਜਾਂਦੀਆਂ ਹਨ। ਸਮੁੰਦਰ ਨਾਲ ਲੱਗਦੇ ਇਸ ਸਾਰੇ ਇਲਾਕੇ ਨੂੰ ‘ਫੋਰਟ ਏਰੀਆ’ ਕਹਿੰਦੇ ਹਨ ਜਿੱਥੇ ਕਾਰਪੋਰੇਸ਼ਨਾਂ ਤੇ ਕੰਪਨੀਆਂ ਦੇ ਵੱਡੇ ਦਫ਼ਤਰ ਹਨ, ਛੇਅ-ਸਤ ਮੰਜ਼ਲੀਆਂ ਇਕੋ ਜਿਹੀ ਉੱਚਾਈ ਦੀਆਂ ਬਿਲਡਿੰਗਾਂ ਹਨ। ਇਹ ਮੁੰਬਈ ਦਾ ਪੌਸ਼ ਇਲਾਕਾ ਹੈ।

ਉਸ ਦਿਨ ਮੈਂ ਮੈਰਿਨ ਲਾਈਨਜ਼ ਸਟੇਸ਼ਨ ’ਤੇ ਉੱਤਰ ਕੇ ਮੈਟਰੋ ਸਿਨੇਮਾ ਵਲ ਆ ਜਾਂਦਾ ਹਾਂ; ਏਥੇ ਵੀ ਸਿਰਫ਼ ਬਦੇਸ਼ੀ ਫ਼ਿਲਮਾਂ ਦਿਖਾਈਆਂ ਜਾਂਦੀਆਂ ਹਨ। ਹੌਲੀਵੁੱਡ ਦੀ Quo Vadis ਫਿਲਮ ਲੱਗੀ ਹੋਈ ਹੈ। ਮੈਟ੍ਰੋ ਸਿਨੇਮਾ ਦੇ ਇਰਦ ਗਿਰਦ ਦਾ ਮਾਹੌਲ ਦਿਲਕਸ਼ ਹੈ। ਹਰ ਸਿਨੇਮਾ ਦੇ ਨੇੜੇ ਇਰਾਨੀ ਰੈਸਤੋਰਾਂ ਹਨ ਜਿੱਥੇ ਦਿਨ ਭਰ ਮਸਕਾ-ਬ੍ਰੈੱਡ, ਬਰਿਆਨੀ ਤੇ ਚਾਹ ਪ੍ਰਾਪਤ ਹੁੰਦੀ ਹੈ। ਹਰੇਕ ਇਰਾਨੀ ਰੈਸਤੋਰਾਂ ਦੀ ਅੰਦਰਲੀ ਬਣਤ ਖਾਸ ਤਰ੍ਹਾਂ ਦੀ ਹੈ, ਫਰਨੀਚਰ ਵੀ ਹਰੇਕ ਦਾ ਇਕੋ ਜਿਹਾ। ਲੋਕ ਤੇਜ਼ੀ ਨਾਲ ਚਾਹ ਪੀਂਦੇ ਹਨ, ਕੱਪ ’ਚ ਨਹੀਂ, ਪਲੇਟ ’ਚ ਪਾ ਕੇ ਗੜੱਚ ਅੰਦਰ। ਵਕਤ ਨਹੀਂ ਹੁੰਦਾ। ਖਾ ਪੀ ਕੇ ਬਾਹਰ ਨਿਕਲੋ ਤਾਂ ਕਾਊਂਟਰ ’ਤੇ ਬਿੱਲ ਅਦਾਇਗੀ ਦੀ ਸ਼ੈਲੀ ਵੀ ਕਾਹਲ ਵਾਲੀ ਹੈ। ਗ੍ਰਾਹਕ ਕਾਊਂਟਰ ਲਾਗੇ ਖੜਦਾ ਹੈ ਤਾਂ ਪਿੱਛੋਂ ਵੇਟਰ ਉੱਚੀ ਸਾਰੀ ਬੋਲਦਾ ਹੈ : ਏਕ ਰੁਪਿਆ ਤੀਨ ਆਨਾ। ਜੇ ਦੋ ਤਿੰਨ ਗ੍ਰਾਹਕ ਬਾਹਰ ਨਿਕਲ ਰਹੇ ਹਨ ਤਾਂ ਵੇਟਰ ਬੋਲੇਗਾ: ‘ਪਹਿਲਾ ਆਦਮੀ ਦਸ ਆਨਾ, ਦੂਸਰਾ ਲਾਲ ਕਮੀਜ਼ ਦੋ ਰੁਪਏ ਆਠ ਆਨਾ, ਬਾਦ

ਵਾਲਾ ਛੇਅ ਆਨਾ।'

ਮੈਂ ਮੈਟ੍ਰੋ ਸਿਨੇਮਾ ਦੀ ਵਿੰਡੋ–ਸ਼ੌਪਿੰਗ ਕਰਦਾ ਅਗਾਂਹ ਮੋੜ ਤੇ ਅੰਦਰ ਸੜਕ ਵਲ ਦੇਖਦਾ ਹਾਂ ਤਾਂ ਲਿਬਰਟੀ ਸਿਨੇਮਾ ਲਿਖਿਆ ਦਿਖਾਈ ਦੇਂਦਾ ਹੈ ਜਿੱਥੇ ਫ਼ਿਲਮ *'ਆਨ'* ਲੱਗੀ ਹੋਈ ਹੈ। ਇਹ ਫ਼ਿਲਮ ਮਹਿਬੂਬ ਖਾਨ ਨੇ ਬਣਾਈ ਹੈ ਤੇ ਇਸ ਦਾ ਹੀਰੋ ਦਲੀਪ ਕੁਮਾਰ ਹੈ। ਇਸ ਫ਼ਿਲਮ ਨੂੰ ਤਾਂ ਮੈਂ ਅੰਮ੍ਰਿਤਸਰ ਅਸ਼ੋਕ ਸਿਨੇਮਾ 'ਚ ਦੇਖਿਆ ਹੋਇਆ ਹੈ, ਪਰ ਮੁੰਬਈ ਦੇ ਲਿਬਰਟੀ ਸਿਨੇਮਾ 'ਚ ਬੈਠ ਕੇ ਦੇਖਣ ਦੀ ਜੋ ਖਿੱਚ ਹੈ ਉਹਦੇ ਬਾਰੇ ਮੈਂ ਕਈਆ ਤੋਂ ਸੁਣ ਚੁੱਕਾ ਹਾਂ। ਹੁਣ ਦੇ ਸ਼ੋਅ ਦੀ ਟਿਕਟ ਖਤਮ ਹੈ; ਮੈਂ ਅਗਲੇ ਦਿਨ ਲਈ ਡੇਢ ਰੁਪਏ ਵਾਲੀ ਟਿਕਟ ਦੀ ਅਡਵਾਂਸ ਟਿਕਟ ਖ੍ਰੀਦ ਲੈਂਦਾ ਹਾਂ।

ਦਿਨ ਬਿਨਾਂ ਮਕਸਦ ਦੇ ਗੁਜ਼ਰੀ ਜਾਂਦੇ ਹਨ। ਮੇਰੇ ਪਾਸ ਨਿਤ ਲਟੋਰੀਆਂ ਮਾਰਨ ਦੇ ਇਲਾਵਾ ਕੁਝ ਕਰਨ ਨੂੰ ਨਹੀਂ। ਬਾਰਾਂ ਸਾਲ ਦੀ ਉਮਰ 'ਚ ਕਰ ਕੀ ਸਕਦਾ ਹਾਂ? ਘੁੰਮਣ ਲਈ ਜੋ ਪੈਸੇ ਹਨ ਖਤਮ ਹੁੰਦੇ ਜਾ ਰਹੇ ਹਨ। ਮੈਂ ਮੁੰਬਈ ਕਿਸ ਇਰਾਦੇ ਨਾਲ ਰਹਿ ਰਿਹਾ ਹਾਂ, ਕਿਸੇ ਨੂੰ ਕੋਈ ਪਤਾ ਨਹੀਂ। ਸਕੂਲ ਤੋਂ ਟੁੱਟ ਕੇ ਮੈਂ ਪੜ੍ਹਨਾ ਬੰਦ ਕਰ ਦਿੱਤਾ ਹੈ। ਵੱਡੇ ਭਰਾ ਨੇ ਮਲਾਡ 'ਚ ਸ਼ਾਰਟਹੈਂਡ ਸਿੱਖਣੀ ਸ਼ੁਰੂ ਕੀਤੀ ਹੈ। ਪਿਤਾ ਆਪਣੇ ਟੂਅਰ 'ਤੇ ਨਿਕਲਿਆ ਹੋਇਆ ਹੈ।

ਛੇਅ ਹਫ਼ਤੇ ਗੁਜ਼ਰ ਚੁੱਕੇ ਹਨ। ਮੈਂ ਮੁੰਬਈ ਦੀਆ ਸੜਕਾਂ 'ਤੇ ਆਵਾਰਾ ਘੁੰਮਦਾ ਥੱਕ ਗਿਆ ਹਾਂ। ਫਿਲਮਾਂ ਬਾਰੇ ਝੱਸ ਜਿੰਨਾ ਪੂਰਾ ਹੋ ਸਕਦਾ ਸੀ ਹੋ ਚੁੱਕਾ ਹੈ। ਪਿਤਾ ਆਪਣਾ ਟੂਅਰ ਕਰਕੇ ਵਾਪਿਸ ਆ ਚੁੱਕਾ ਹੈ। ਜਾਪਦਾ ਹੈ ਉਹਨੂੰ ਇਸ ਵੇਰ ਜ਼ਿਆਦਾ ਕਮਾਈ ਨਹੀਂ ਹੋਈ। ਮੈਂ ਆਖਦਾ ਹਾਂ, "ਮੇਰਾ ਸਾਲ ਮਾਰਿਆ ਜਾਵੇਗਾ, ਮੈਨੂੰ ਏਥੇ ਕਿਸੇ ਸਕੂਲ 'ਚ ਦਾਖਲ ਕਰਵਾ ਦਿਓ।"

ਇਕ ਦਿਨ ਪਿਤਾ ਮੈਨੂੰ ਕੋਲੀਵਾੜਾ ਦੇ ਗੁਰੂ ਨਾਨਕ ਖਾਲਸਾ ਹਾਈ ਸਕੂਲ ਵਿਚ ਦਾਖਲ ਕਰਾਨ ਲੈ ਜਾਂਦਾ ਹੈ। ਸੱਤਵੀਂ 'ਚ ਦਾਖਲਾ ਮਿਲ ਜਾਂਦਾ ਹੈ ਤੇ ਮੈਂ ਸਕੂਲ ਜਾਣ ਲਈ ਤਿਆਰ ਹਾਂ। ਅਜੇ ਤਿੰਨ ਚਾਰ ਦਿਨ ਹੀ ਗੁਜ਼ਰਦੇ ਹਨ ਤਾਂ ਪਿਤਾ ਕਹਿੰਦਾ, "ਜੇ ਤੂੰ ਪੜ੍ਹਨਾ ਹੀ ਐ ਤਾਂ ਅੰਮ੍ਰਿਤਸਰ ਚਲਾ ਜਾ, ਉਸੇ ਸਕੂਲ ਵਿਚ।" ਵਿਚਲੀ ਗੱਲ ਇਹ ਹੈ ਕਿ ਪਿਤਾ ਕੋਲ ਪੈਸੇ ਮੁੱਕ ਚੁੱਕੇ ਹਨ। ਆਮਦਨ ਦਾ ਕੋਈ ਬੱਝਵਾਂ ਸਿਲਸਿਲਾ ਨਹੀਂ ਹੈ। ਸਕੂਲ ਦਾ ਮਤਲਬ ਹੈ ਪੱਕਾ ਟਿਕਾਣਾ, ਘਰ ਘਾਟ, ਖਾਣ ਪੀਣ, ਜੀਹਦਾ ਕੋਈ ਪ੍ਰਬੰਧ ਨਹੀਂ ਹੈ ਤੇ ਪਿਤਾ ਦੀ ਜੇਬ੍ਹ ਖਾਲੀ ਹੈ। ਜਿੰਨੇ ਉਹਦੇ ਕੋਲ ਪੈਸੇ ਹੁੰਦੇ ਹਨ ਉਨ੍ਹਾਂ ਨੂੰ ਤੁਰੰਤ ਖਤਮ ਕਰਨ ਦੀ ਮੁਹਿੰਮ ਵਿੱਢ ਲੈਂਦਾ ਹੈ। ਮੌਜ–ਮਸਤੀ ਵਿਚ ਰਹਿਣਾ ਚਾਹੁੰਦਾ ਹੈ। ਔਖੇ ਸੌਖੇ ਖਾਣ ਪੀਣ ਜੋਗੇ ਪੈਸਿਆਂ ਦਾ ਪ੍ਰਬੰਧ ਕਰੀ ਜਾਂਦਾ ਹੈ। ਦੋ ਮਹੀਨੇ ਪਹਿਲਾਂ ਵਾਲੀ ਅਮੀਰੀ ਗ਼ਾਇਬ ਹੋ ਚੁੱਕੀ ਹੈ। ਮੇਰੀ ਸਿਨੇਮਾਬਾਜ਼ੀ ਦੇ ਦਿਨ ਵੀ ਲੱਦ ਗਏ ਹਨ। ਲਟੋਰੀ ਠੁੱਸ ਹੋ ਚੁੱਕੀ ਹੈ। ਇਕ ਦਿਨ ਪਿਤਾ ਮੈਨੂੰ ਕਹਿੰਦਾ : "ਤੈਨੂੰ ਅੰਮ੍ਰਿਤਸਰ ਵਾਪਿਸ ਚਲੇ ਜਾਣਾ ਚਾਹੀਦਾ ਹੈ।"

ਰਾਤ ਸਾਢੇ ਨੌਂ ਵਜੇ ਵਾਲੀ ਫਰੰਟੀਅਰ ਮੇਲ 'ਤੇ ਮੈਨੂੰ ਉਤਲੀ ਸੌਣ ਵਾਲੀ ਸੀਟ 'ਤੇ ਬਿਠਾ ਦਿੱਤਾ ਜਾਂਦਾ ਹੈ। ਪਿਤਾ ਨੇ ਇਰਾਨੀ ਰੈਸਤੋਰਾਂ ਤੋਂ ਤਿੰਨ ਲੱਛੇਦਾਰ ਪਰੌਂਠੇ ਤੇ ਸਬਜ਼ੀ ਪੈਕ ਕਰਵਾ ਦਿੱਤੀ ਹੈ। ਮੁੰਬਈ ਸੈਂਟ੍ਰਲ ਤੋਂ ਗੱਡੀ ਤੁਰ ਪੈਂਦੀ ਹੈ, ਇਹਨੇ ਦੋ ਰਾਤਾਂ ਤੇ ਪੂਰਾ ਇਕ ਦਿਨ ਬਾਅਦ ਸਵੇਰੇ ਅੱਠ ਵਜੇ ਅੰਮ੍ਰਿਤਸਰ ਸਟੇਸ਼ਨ 'ਤੇ ਜਾ ਪੁੱਜਣਾ ਹੈ।

ਮਾਂ ਮੇਰੇ ਵਾਪਿਸ ਆਉਣ 'ਤੇ ਔਖੀ ਹੈ। (ਮੁੰਬਈ ਤੋਂ ਬਾਦ) ਅੰਮ੍ਰਿਤਸਰ ਦੇ ਘੜਮੱਸ 'ਚ ਮੇਰਾ ਆਪਣਾ ਜੀਣਾ ਮੁਹਾਲ ਹੈ। ਮੁੰਬਈ ਦੀ ਮਟਰ ਗਸ਼ਤੀ ਬਾਅਦ ਘਰ ਦਾ ਮਾਹੌਲ ਮੇਰੇ ਅੰਦਰ ਸਿਖਰ ਦੀ ਬੇਚੈਨੀ ਪੈਦਾ ਕਰਦਾ ਹੈ। ਸਕੂਲ ਵਿਚ ਦਾਖਲ ਹੋਣ ਦਾ ਕੋਈ ਜ਼ਰੀਆ ਨਹੀਂ ਹੈ। ਮੈਂ ਸਕੂਲ ਜਾਣ ਲਈ ਰੌਲਾ ਪਾਉਂਦਾ ਹਾਂ, ਮਾਂ ਦਿਨ ਰਾਤ ਗੜ੍ਹਕਦੀ ਹੈ: "ਸਕੂਲ ਜਾਣਾ ਤਾਂ ਪਿਓ ਕੋਲ ਜਾ।" ਘਰ ਵਿਚ ਆਮਦਨ ਦਾ ਸਿਲਸਿਲਾ ਨਾ ਹੋਵੇ, ਮਾਂਬਾਪ ਵਿਚਕਾਰ ਕੋਈ ਰਾਬਤਾ ਨਾ ਹੋਵੇ, ਸਭ ਕੁਝ ਰੋਲ ਘਚੋਲ ਬਣਨ ਲੱਗਦਾ ਹੈ।

ਕੁਝ ਦਿਨਾਂ ਬਾਅਦ ਮੈਂ ਮਾਂ ਨੂੰ ਕਹਿੰਦਾਂ, "ਜੇ ਸਕੂਲ ਮੈਨੂੰ ਨਹੀਂ ਭੇਜਣਾ ਤਾਂ ਮੈਨੂੰ ਵਾਪਿਸ ਮੁੰਬਈ ਭੇਜ ਦਿਉ। ਜੇ ਏਥੇ ਰਹਿਣਾ ਹੈ ਤਾਂ ਸਕੂਲ ਜਾਣਾ।"

ਮਾਂ ਕਹਿੰਦੀ ਹੈ, "ਜੇ ਸਕੂਲ ਜਾਣਾ ਤਾਂ ਪਿਓ ਕੰਜਰ ਕੋਲ ਜਾ ਕੇ ਰਹਿ, ਉਹੀ ਤੈਨੂੰ ਪੜ੍ਹਾਊ।" ਮਾਂ ਵੀਹ ਰੁਪਏ ਹੁਧਾਰ ਲੈਂਦੀ ਹੈ ਤੇ ਮੇਰੀ ਭੂਆ ਦੇ ਪੁਤਰ ਜੋਗਿੰਦਰ ਨੂੰ ਕਹਿੰਦੀ ਹੈ: "ਇਹਦੀ ਅੱਧੀ ਟਿਕਟ ਮੁੰਬਈ ਦੀ ਤੇਰਾਂ ਰੁਪਏ ਦਸ ਆਨੇ ਨੂੰ ਆਉਂਦੀ ਹੈ, ਪੰਜ ਰੁਪਏ ਏਹਨੂੰ ਦੇ ਦੇਈਂ, ਚੜ੍ਹਾ ਆ ਇਹਨੂੰ ਗੱਡੀ। ਆਉਂਦੀ ਵੇਰ ਤਾਰ ਭੇਜ ਦੇਈਂ ਕਿ ਸਟੇਸ਼ਨ ਤੋਂ ਲੈ ਲੈਣ।"

ਗੱਡੀ ਚਲਦੀ ਹੈ ਤਾਂ ਸੁੱਖ ਦਾ ਸਾਹ ਲੈਂਦਾ ਹਾਂ। ਬਾਰਾਂ ਸਾਲਾਂ ਦੀ ਉਮਰ ਵਿਚ ਮੇਰੇ ਲਈ ਇਕੱਲਾ ਅੰਮ੍ਰਿਤਸਰ–ਮੁੰਬਈ ਦਾ ਸਫ਼ਰ ਆਮ ਜਿਹੀ ਗੱਲ ਹੈ। ਤੀਜੇ ਦਿਨ ਸਵੇਰੇ ਮੁੰਬਈ ਪੁੱਜ ਜਾਂਦਾ ਹਾਂ। ਮੁੰਬਈ ਸੈਂਟਰਲ ਸਟੇਸ਼ਨ 'ਤੇ ਵੱਡਾ ਭਰਾ ਲੈਣ ਆਇਆ ਹੋਇਆ। ਪਿਤਾ ਕਦੇ ਕਾਂਦੀਵਲੀ ਵਾਲੇ ਘਰ ਵਿਚ ਰਹਿੰਦਾ, ਕਦੇ ਸ਼ਹਿਰ ਦੀ ਕਿਸੇ ਧਰਮਸਾਲਾ 'ਚ। ਮੁਫ਼ਤ ਰਹਿਣ ਵਾਲੀਆਂ ਥਾਵਾਂ ਦਾ ਉਹਨੂੰ ਪਤਾ ਹੈ। ਉਹ ਮੈਨੂੰ ਹਰ ਦਿਨ ਕਿਵੇਂ ਨਾ ਕਿਵੇਂ ਖਾਣ ਖਰਚੇ ਲਈ ਦੋ ਰੁਪਏ ਦੇਂਦਾ ਰਹਿੰਦਾ ਹੈ। ਮੈਂ ਕਦੇ ਸਮੁੰਦਰ ਦੇ ਕਿਨਾਰੇ, ਕਦੇ ਕਿਸੇ ਫ਼ਿਲਮੀ ਸਟੂਡੀਓ 'ਚ ਖਾਕ ਛਾਣਨ ਲੱਗਦਾ ਹਾਂ। ਕਦੇ ਬੋਰੀ ਬੰਦਰ ਦੇ ਗੁਰਦੁਆਰੇ ਚਲਾ ਜਾਂਦਾ ਹਾਂ। ਦੁਪਹਿਰ ਵੇਲੇ ਲੰਗਰ ਤੋਂ ਰੋਟੀ ਖਾਂਦਾ ਹਾਂ। ਗੁਰਦੁਆਰੇ ਦੀ ਦੂਜੀ ਮੰਜ਼ਿਲ 'ਤੇ ਬੈਠਾ ਮੈਂ ਹੇਠ ਦੌੜਦੀਆਂ ਕਾਰਾਂ ਦੇਖਦਾ ਹਾਂ। ਸ਼ਾਮ ਨੂੰ ਪਟਿਆਲਾ ਰੈਸਤੋਰਾਂ ਤੋਂ ਤਿੰਨ ਰੋਟੀਆਂ, ਢਾਈ ਆਨੇ ਦੇ ਮੱਖਣ ਦੀ ਨਿੱਕੀ ਟਿੱਕੀ, ਮੁਫ਼ਤ ਦਾਲ ਨੂੰ ਤੜਕਾ ਲਗਵਾ ਕੇ, ਸਾਢੇ ਛੇਅ ਆਨੇ ਦਾ ਬਿੱਲ ਅਦਾ ਕਰਦਾ ਕਾਂਦੀਵਲੀ ਪੁਜ ਜਾਂਦਾ ਹਾਂ।

ਮਹੀਨਾ ਗੁਜ਼ਰਦਾ ਹੈ ਤਾਂ ਮੈਂ ਸਕੂਲ 'ਚ ਦਾਖਲ ਹੋਣ ਦੀ ਜ਼ਿੱਦ ਕਰਦਾ ਹਾਂ। ਪਿਤਾ ਕੋਲ ਇਸ ਕੰਮ ਲਈ ਪੈਸੇ ਨਹੀਂ। ਉਹਦੇ ਕੋਲ ਆਪਣੇ ਖਰਚੇ ਲਈ ਵੀ ਪੈਸੇ ਨਹੀਂ। ਉਹ ਆਪਣਾ ਗੁਜ਼ਾਰਾ ਕਿਵੇਂ ਕਰਦਾ, ਮੈਨੂੰ ਦੋ ਰੁਪਏ ਦਿਨ ਦੇ ਕਿਵੇਂ ਦੇਂਦਾ, ਇਹ ਜਾਣਨ ਦੀ ਮੇਰੀ ਦਿਲਚਸਪੀ ਨਹੀਂ। ਮੈਂ ਕੋਲੀਵਾੜਾ ਵਾਲੇ ਗੁਰੂ ਨਾਨਕ ਖਾਲਸਾ ਸਕੂਲ ਵਿਚ ਦੋਬਾਰਾ ਦਾਖਲ ਹੋਣ ਦਾ ਆਖਦਾਂ ਤਾਂ ਉਹ ਗੱਲ ਨੂੰ ਗੋਲ ਕਰ ਦੇਂਦਾ : "ਤੈਨੂੰ ਫ਼ਿਲਮਾਂ ਦਾ ਸ਼ੌਂਕ ਹੈ, ਅੱਜ *ਬਹਾਰ* ਫ਼ਿਲਮ ਦਿਖਾਵਾਂਗਾ। ਇਹਦੇ ਵਿਚ ਮਦਰਾਸ ਦੀ ਨਵੀਂ ਹੀਰੋਇਨ

ਵਿਜਯੰਤੀਮਾਲਾ ਹੈ।" ਉਹ ਮੈਨੂੰ ਬਾਰਾਂ ਆਨੇ ਦੀ ਟਿਕਟ ਲੈ ਕੇ ਦੇਂਦਾ ਹੈ, ਕਹਿੰਦਾ ਹੈ ਫ਼ਿਲਮ ਤੋਂ ਬਾਦ ਘਰ ਪਹੁੰਚ ਜਾਈਂ। ਉਹ ਮੇਰੇ ਸਕੂਲ ਜਾਣ ਬਾਰੇ ਕੁਝ ਵੀ ਨਹੀਂ ਕਹਿੰਦਾ। ਉਹਨੂੰ ਆਪਣੇ ਬਾਰੇ ਵੀ ਨਹੀਂ ਪਤਾ ਉਹਦਾ ਸਮਾਂ ਕਿਵੇਂ ਗੁਜ਼ਰਨਾ ਹੈ।

ਇਕ ਦਿਨ ਮੈਂ ਅੱਭੜਵਾਹੇ ਸੁੱਤਾ ਉੱਠ ਕੇ ਰੋਣ ਲੱਗ ਪੈਂਦਾ ਹਾਂ ਕਿ ਮੇਰਾ ਸਾਲ ਅਜਾਈਂ ਚਲਾ ਜਾਵੇਗਾ, ਮੇਰੇ ਨਾਲ ਦੇ ਮੁੰਡੇ ਅੱਠਵੀਂ 'ਚ ਹੋ ਜਾਣਗੇ, ਕੁਝ ਦਿਨਾਂ ਬਾਦ ਸਾਲਾਨਾ ਇਮਤਿਹਾਨ ਸ਼ੁਰੂ ਹੋਣ ਵਾਲੇ ਹਨ।" ਮੈਂ ਰੋਈ ਜਾਂਦਾ ਹਾਂ ਤੇ ਬੋਲੀ ਜਾਂਦਾ ਹਾਂ।

•

ਪਿਤਾ ਨੇ ਮੈਨੂੰ ਅੰਮ੍ਰਿਤਸਰ ਜਾਣ ਲਈ ਮੁੰਬਈ ਐਕਸਪ੍ਰੈੱਸ ਦੀ ਟਿਕਟ ਲੈ ਦਿੱਤੀ ਹੈ। ਇਸ ਕੇਂਦਰੀ ਰੇਲਵੇ ਦੀ ਗੱਡੀ ਹੈ; ਇਹਦਾ ਰੂਟ ਵੱਖਰਾ ਹੈ। ਹਰ ਸਟੇਸ਼ਨ 'ਤੇ ਰੁੱਕਦੀ ਹੈ, ਤੀਹ ਘੰਟਿਆਂ ਬਾਦ ਨਵੀਂ ਦਿੱਲੀ ਸਟੇਸ਼ਨ 'ਤੇ ਪੁੱਜਦੀ ਹੈ। ਤੀਜੇ ਦਿਨ ਸਵੇਰੇ ਇਹ ਦੱਸ ਵਜੇ ਅੰਮ੍ਰਿਤਸਰ ਦੇ ਸਟੇਸ਼ਨ 'ਤੇ ਪੁੱਜਦੀ ਹੈ। ਮੈਂ ਰਿਕਸ਼ਾ ਲੈ ਕੇ ਘਰ ਪਹੁੰਚ ਜਾਂਦਾ ਹਾਂ। ਮਾਂ ਨੂੰ ਕਹਿੰਦਾ ਹਾਂ, "ਸਕੂਲ ਮੁੜ ਦਾਖਲੇ ਲਈ ਮੈਂ ਰੁਪਏ ਲਿਆਇਆਂ।" ਅਗਲੇ ਦਿਨ ਮਾਂ ਮੇਰੇ ਨਾਲ ਸਕੂਲ ਦੇ ਹੈੱਡਮਾਸਟਰ ਕੋਲ ਜਾ ਪੁੱਜਦੀ ਹੈ। ਹੈੱਡਮਾਸਟਰ ਮਾਹਣਾ ਸਿੰਘ ਇਕ ਮਾਸਟਰ ਨੂੰ ਬਲਾਂਦਾ ਜੋ ਮੈਨੂੰ ਚੰਗੀ ਤਰ੍ਹਾਂ ਜਾਣਦਾ ਹੈ। ਮਾਸਟਰ ਕਹਿੰਦਾ, "ਇਹ ਮੁੰਡਾ ਕਿੱਥੇ ਗਿਆ ਸੀ? ਇਹਦੀ ਪੜ੍ਹਾਈ ਦਾ ਮਾਤਾ ਜੀ ਸੱਤਿਆਨਾਸ ਕਿਉਂ ਕਰ ਰਹੇ ਹੋ? ਅੱਜ ਤੋਂ ਸਾਲਾਨਾ ਪੇਪਰ ਸ਼ੁਰੂ ਹਨ, ਹੋਰ ਅੱਧੇ ਘੰਟੇ ਨੂੰ। ਇਹਨੂੰ ਪਹਿਲਾਂ ਇਮਤਿਹਾਨ ਹਾਲ 'ਚ ਭੇਜੋ, ਉੱਨੀ ਦੇਰ ਮੈਂ ਇਹਦੇ ਮੁੜ ਦਾਖਲੇ ਦੀ ਕਾਰਵਾਈ ਪਾਉਂਦਾ ਹਾਂ।"

ਮੇਰੇ ਪਾਸ ਲਿਖਣ ਲਈ ਫਾਊਂਟਨ ਪੈੱਨ ਵੀ ਨਹੀਂ ਹੈ। ਮਾਸਟਰ ਆਪਣਾ ਪੈੱਨ ਮੈਨੂੰ ਦੇਂਦਾ, ਚਪੜਾਸੀ ਨੂੰ ਕਹਿੰਦਾ ਇਹਨੂੰ ਸੱਤਵੀਂ ਏ ਵਾਲੀ ਕਲਾਸ 'ਚ ਲੈ ਜਾ, ਪੇਪਰ ਸ਼ੁਰੂ ਹੋਣ ਵਾਲਾ ਹੈ। ਕਮਰੇ 'ਚ ਦਾਖਲ ਹੁੰਦਾ ਹਾਂ ਤਾਂ ਸਾਰੇ ਮੁੰਡੇ ਮੇਰੇ ਵਲ ਦੇਖਦੇ ਹੈਰਾਨ ਹੁੰਦੇ ਹਨ। ਮੈਂ ਇਕ ਨੂੰ ਪੁੱਛਦਾਂ, "ਅੱਜ ਕਿਹੜਾ ਪੇਪਰ ਹੈ?" ਜੁਆਬ ਮਿਲਦਾ: "ਹਿੰਦੀ ਦਾ, ਪਰਸੋਂ ਅੰਗਰੇਜ਼ੀ ਦਾ ਹੈ।"

ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਨਾਲ ਦੇ ਬੈਂਚ 'ਤੇ ਬੈਠਾ ਰਘਬੀਰ ਬੋਲਦਾ: "ਓਏ ਗੁੱਚੀ, ਤੂੰ ਮੁੰਬਈ ਐਕਟਰ ਬਣਨ ਗਿਆ ਸੀ?"

•••

ਟਕਰਾਓ ਨੇ ਮੇਰੇ ਅੰਦਰ ਦੀ ਸੂਖਮਤਾ ਨੂੰ ਲੂਸਣਾ ਸ਼ੁਰੂ ਕੀਤਾ। ਸਥਾਪਨਾ ਨਾਲ ਟਕਰਾਓ ਮੇਰੀ ਬਣਤ ਦੀਆਂ ਤੈਹਾਂ ਵਿਚ ਧੱਸ ਚੁੱਕਾ। ਇਹ ਮੇਰੇ 'ਹੋਣ' ਦੇ ਮਲਬੇ ਦਾ ਹਿੱਸਾ ਹੈ। ਅੱਜ ਦੇ ਫਾਸਲੇ ਤੋਂ ਮੈਂ ਇਸ ਮਲਬੇ ਵਿਚੋਂ ਜੋ ਪ੍ਰਾਪਤ ਹੋ ਸਕਦਾ ਉਹਨੂੰ ਲੱਭਣਾ ਹੈ। ਦੱਬੀਆਂ ਤੈਹਾਂ 'ਤੇ ਰੋਸ਼ਨੀ ਸੁੱਟਣੀ ਹੈ ਤੇ ਦੇਖਣਾ ਕੀ ਕੁਝ ਪਿਆ ਹੋਇਆ। ਸਤਹ ਹੇਠ ਜੋ ਜੀਵੰਤ ਅਣੂ ਹਨ, ਸ਼ਾਇਦ ਉਹਨਾਂ ਦਾ ਕੋਈ ਮੂੰਹ-ਮੱਥਾ ਤਿਆਰ ਹੋ ਸਕੇ। ਸਵੈ ਬਾਰੇ ਲਿਖਣ ਦਾ ਇਹੀ ਫ਼ਾਇਦਾ ਕਿ ਬੰਦਾ ਬੀਤ ਚੁੱਕੇ ਦੇ ਮਲਬੇ 'ਚੋਂ ਆਪਣੇ ਆਪ ਨੂੰ ਲੱਭਦਾ।

ਆਪਣੀ ਸ਼ਰਤ 'ਤੇ ਕਾਇਮ ਰਹਿਣ ਲਈ ਮੇਰੇ ਪਾਸ ਸਿਵਾਏ ਮਿਹਨਤ ਦੇ ਕੋਈ ਵਸੀਲਾ ਨਹੀਂ ਸੀ। ਮਿਹਨਤ ਨੂੰ ਅੰਤਹੀ ਤਾਕਤ ਦੀ ਖਾਤਰ ਵਰਤਣ ਦੀ ਮੇਰੇ ਅੰਦਰ ਜਾਗ ਲੱਗੀ। ਨਾਤਾਹੀਣਤਾ ਦੀ ਸਥਿਤੀ ਨੇ ਨਵੇਂ ਨਾਤੇ ਬਨਾਣ ਦੀ ਉਤਕੰਠਾ ਪੈਦਾ ਕੀਤੀ। ਇਸ 'ਚ ਹੀ ਮੇਰੀ ਗਤੀ ਸੀ। ਮੇਰੇ ਲਈ ਕਿਤਾਬਾਂ ਦਾ ਰਾਹ ਤਿਆਰ ਹੋਣ ਲੱਗਾ। ਕੋਈ ਮੇਰੇ ਬਾਰੇ ਕੀ ਸੋਚਦਾ ਹੈ ਇਹਦੀ ਪ੍ਰਵਾਹ ਨਾ ਰਹੀ। ਪਰ ਤਾਕਤੀ ਸੰਸਾਰ 'ਚ ਮੈਂ ਕਮਜ਼ੋਰ ਜ਼ੱਰਾ ਸੀ। ਟਕਰਾਓ ਦੇ ਆਲਮ 'ਚੋ ਆਪੇ ਨੂੰ ਬਚਾਣ ਲਈ ਜੁਗਤਾਂ ਦੀ ਤੋਟ ਸੀ।

ਅੱਜ ਕਿਸੇ ਬੱਚੇ ਨੂੰ ਦੁਕਾਨ 'ਤੇ ਕੰਮ ਕਰਦਾ ਦੇਖਦਾਂ ਤਾਂ ਲੱਗਦਾ ਉਹ ਮੈਂ ਹਾਂ। ਛੇਵੀਂ ਜਮਾਤ 'ਚ ਸੀ ਤਾਂ ਮਾਂ ਨੇ ਸਕੂਲੋਂ ਉਠਾ ਕੇ ਆਟਾ ਮੰਡੀ 'ਚ ਇਕ ਬਜਾਜ਼ੀ ਦੀ ਦੁਕਾਨ 'ਤੇ ਕੰਮ 'ਤੇ ਪਾ ਦਿੱਤਾ। ਜਮਾਤ ਦਾ ਮੋਨਿਟਰ, ਅੰਗਰੇਜ਼ੀ 'ਚ ਹਮੇਸ਼ਾਂ ਅੱਵਲ ਆਉਣ ਵਾਲਾ, ਮੇਰੇ ਅੰਦਰੋਂ ਕਹਿਰ ਉੱਠਣ ਲੱਗਾ। ਕੁਝ ਦਿਨ ਕੰਮ ਕੀਤਾ। ਕੁਝ ਦਿਨ ਉਸ ਦੁਕਾਨ 'ਤੇ ਜਾਣ ਬਾਦ ਮੈਂ ਬਗਾਵਤ ਕਰ ਦਿੱਤੀ। ਏਦਾਂ ਕਈ ਵੇਰ ਹੋਇਆ। ਕਿੰਨੀ ਵੇਰ ਮੇਰਾ ਸਕੂਲ ਤੋਂ ਨਾਂ ਕੱਟਿਆ ਗਿਆ, ਕੁਝ ਦਿਨ ਗੁਜ਼ਰਦੇ ਮੈਂ ਸਕੂਲ ਜਾਣ ਦੀ ਅੜੀ ਕਰਨ ਲੱਗਦਾ। ਸਕੂਲ ਦੇ ਮਾਸਟਰ ਕਹਿੰਦੇ, 'ਮਾਤਾ, ਤੇਰੀ ਮੱਤ ਨੂੰ ਕੀ ਹੋਇਆ, ਇਹਦੀ ਕੋਈ ਅਸੀਂ ਫੀਸ ਨਹੀਂ ਲੈਂਦੇ, ਏਨਾ ਹੁਸ਼ਿਆਰ ਮੁੰਡਾ।"

ਜਿਨ੍ਹਾਂ ਬੰਦਿਆਂ ਦੇ ਸਾਹ ਮੇਰੀ ਗਰਦਨ 'ਤੇ ਰੀਂਗਦੇ, ਉਨ੍ਹਾਂ ਤੋਂ ਦੂਰ ਰਹਿਣ ਦੀਆਂ ਤਰਕੀਬਾਂ ਇਜਾਦ ਕਰਨ ਲੱਗਾ। ਘਰ 'ਚ ਸਿਵਾਏ ਸੌਣ ਜਾਂ ਖਾਣ ਪੀਣ ਦੇ ਕੁਝ ਕਰਨ ਲਈ ਜਗ੍ਹਾ ਨਾ ਸੀ। ਜਿਸ ਗਲੀ 'ਚ ਘਰ ਉਹ ਵੱਧ ਭੀੜੀ। ਨਿੱਕੇ ਸ਼ਹਿਰਾਂ 'ਚ, ਜਾਂ ਨਿੱਕੇ ਪਿਛੋਕੜ ਵਾਲੇ ਘਰਾਂ 'ਚ, ਬੰਦੇ ਇਕ ਦੂਜੇ ਦੇ ਜ਼ਿਹਨਾਂ 'ਤੇ ਸੁਆਰ ਹੋ ਕੇ ਜਿਉਂਦੇ ਹਨ। ਫਾਸਲੇ ਤੋਂ ਤ੍ਰਹਿੰਦੇ ਹਨ। ਨਿਮਨ ਜਮਾਤ ਬੰਦੇ ਨੂੰ ਵੈਸੇ ਹੀ ਫਾਸਲਾ-ਪਸੰਦੀ ਨਾਗਵਾਰ ਹੁੰਦੀ ਹੈ। ਖਹਿਬਾਜ਼ੀ ਰਹਿਣ ਵਾਲਿਆਂ ਨੂੰ ਜੀਵੰਤ ਰੱਖਦੀ ਹੈ। ਮਾਂ ਖਹਿਬਾਜ਼ੀ 'ਚ ਮਾਹਿਰ ਹੋ ਚੁੱਕੀ ਸੀ, ਬੋਲਦੀ ਰਹਿੰਦੀ, ਨੁਕਸ ਕੱਢਦੀ ਰਹਿੰਦੀ। ਖੁਦ ਬੇਚੈਨ, ਦੂਜਿਆਂ ਨੂੰ ਬੇਚੈਨ ਕਰਦੀ। ਮੈਂ ਘਰੋਂ ਬਾਹਰ ਉੱਡਿਆ ਰਹਿੰਦਾ। ਗਰਮੀਆਂ ਹੁੰਦੀਆਂ ਤਾਂ ਬਾਗ, ਸਰਦੀਆਂ 'ਚ ਛੱਤ ਕੋਠੇ 'ਤੇ ਗੁੱਡੀਆਂ/ਪਤੰਗਾਂ 'ਚ ਦਿਨ ਗੁਜ਼ਰਦਾ, ਚਿੱਤ ਪ੍ਰਸੰਨ ਹੋਇਆ ਰਹਿੰਦਾ। ਆਕਾਸ਼ ਵਲ ਦੇਖਣ ਦਾ ਮੋਹ ਪੈਦਾ ਹੋ ਗਿਆ। ਬਾਗਾਂ 'ਚ ਦਿਨ ਗੁਜ਼ਾਰਣ ਦੀ ਆਦਤ ਪੱਕ ਗਈ। ਪਤੰਗਾਂ ਦੇ ਪੇਚੇ ਦੇਖਦਾ, ਹੁਲਾਸ ਪੈਦਾ ਹੁੰਦਾ। ਗਰਮੀ ਦੀਆਂ ਛੁੱਟੀਆਂ 'ਚ ਲੂਅ ਚਲਦੀ, ਗਲੀ 'ਚ ਘਰਾਂ ਦੇ ਥੜ੍ਹਿਆਂ 'ਤੇ ਬੈਠ ਕੇ ਤਾਸ਼ ਖੇਡਦੇ।

ਘਰ 'ਚ ਅਖਬਾਰ ਨਹੀਂ ਸੀ ਆਉਂਦੀ, ਨਾ ਰੇਡੀਓ ਸੀ, ਨਾ ਬਿਜਲੀ ਸੀ, ਨਾ ਪੱਖਾ। ਦੱਸਵੀਂ ਪਾਸ ਕਰਨ ਬਾਦ ਘਰ 'ਚ ਬਿਜਲੀ ਲੱਗੀ। ਗਲੀ ਦੇ ਕਿਸੇ ਘਰ 'ਚ ਬਿਜਲੀ ਨਹੀਂ ਸੀ। ਪੜ੍ਹਨ ਲਈ ਬਾਗ ਜਾਣਾ ਪੈਂਦਾ। ਮੈਟ੍ਰਿਕ ਵੇਲੇ ਹੀ ਅੱਧੀ ਰਾਤ ਤੱਕ ਖੰਭੇ ਦੀ ਰੋਸ਼ਨੀ ਹੇਠ ਪੜ੍ਹਦਾ ਰਹਿੰਦਾ। ਕੁਝ ਹੋਰ ਮੁੰਡੇ, ਜੋ ਦਿਨੇ ਬਾਗ 'ਚ ਪੜ੍ਹਦੇ, ਮੈਨੂੰ ਦੇਖ ਰਾਤ ਬਾਗ 'ਚ ਪੜ੍ਹਨ ਲੱਗੇ। ਅਸੀਂ ਪੜ੍ਹਦੇ ਪੜ੍ਹਦੇ ਉੱਥੇ ਲੋਈ ਲੈ ਕੇ ਸੌਂ ਜਾਂਦੇ। ਸਵੇਰੇ ਲੋਕ ਸੈਰ ਕਰਨ ਆਉਂਦੇ, ਸਾਨੂੰ ਸੁੱਤੇ ਦੇਖਦੇ। ਵ

(ਤਿਆਰ ਹੋ ਰਹੀ ਪੁਸਤਕ 'ਉਨ੍ਹਾਂ ਦਿਨਾਂ ਵਿਚ' ਵਿਚੋਂ)

E-mail : guru534@gmail.com • Mob : 98725-06926




# ਹੀਰ ਵਾਰਿਸ ਸ਼ਾਹ : ਕਾਵਿ ਕਲਾ ਤੇ ਵਿਚਾਰਧਾਰਾ

## ਤੇਜਵੰਤ ਸਿੰਘ ਗਿੱਲ



ਮੱਧਕਾਲ ਵਿਚ ਵੀ ਹੀਰ-ਰਾਂਝਾ ਦੀ ਪ੍ਰੇਮ-ਕਥਾ ਪੰਜਾਬੀ ਲੋਕਾਂ ਦੀ ਜ਼ਬਾਨ ਤੇ ਸੀ। ਸ਼ੇਖ ਫ਼ਰੀਦ ਦੇ ਸਲੋਕ ਅਤੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਇਸ ਵੱਲ ਕੋਈ ਸੰਕੇਤ ਨਹੀਂ। ਭਾਈ ਗੁਰਦਾਸ ਦੀ ਇਕ ਵਾਰ ਵਿਚ ਇਸ ਵਲ ਪ੍ਰਸੰਸਾਮਈ ਸੰਕੇਤ ਜ਼ਰੂਰ ਹੈ। "ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ" ਦੇ ਬੋਲ ਤੋਂ ਚੱਲ ਕੇ "ਯਾਰੜੇ ਦਾ ਸਾਨੂੰ ਸੱਥਰ ਚੰਗਾ/ਭੱਠ ਖੇੜਿਆਂ ਦਾ ਰਹਿਣਾ" ਨਾਲ ਸਿੱਖਰ ਨੂੰ ਪਹੁੰਚੀ ਰਚਨਾ ਵਿਚ, ਭਾਵੇਂ ਇਹ ਗੁਰੂ ਗੋਬਿੰਦ ਸਿੰਘ ਦੀ ਸੀ ਜਾਂ ਉਨ੍ਹਾਂ ਤੋਂ ਵਿੱਛੜੇ ਕਿਸੇ ਅਨਿਨ ਸਿੱਖ ਦੀ, ਹੀਰ-ਰਾਂਝਾ ਦੀ ਪ੍ਰੇਮ-ਕਥਾ ਨਾਲ ਆਦਰਯੋਗ ਨੂੰ ਸ਼ਰਧਾਯੋਗ ਸੰਕੇਤ ਹੋ ਜਾਂਦਾ ਹੈ।

ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਹੋ ਸਕਦਾ ਕਿ ਇਹ ਸੰਕੇਤ ਨਿਰੋਲ ਯਾਦ-ਸ਼ਕਤੀ ਦੀ ਦੇਣ ਸੀ। ਪੜ੍ਹਨ ਸ਼ਕਤੀ ਦਾ ਇਸ ਵਿਚ ਕੋਈ ਦਖ਼ਲ ਨਹੀਂ ਸੀ। 'ਹੀਰ-ਦਮੋਦਰ' ਉਸ ਵੇਲੇ ਤਕ ਜ਼ਰੂਰ ਲਿਖੀ ਜਾ ਚੁੱਕੀ ਹੋਵੇਗੀ ਪਰ ਇਸਦੀ ਇਸ ਸੰਕੇਤ ਨੂੰ ਕੋਈ ਪ੍ਰਬਲ ਦੇਣ ਨਹੀਂ ਸੀ। ਢਾਈ ਸੌ ਸਾਲ ਪਹਿਲਾਂ 'ਹੀਰ ਦਾ ਵਾਰਿਸ ਸ਼ਾਹ ਦੇ ਲਿਖੇ ਜਾਣ ਉਪਰੰਤ ਇਸਦੀ ਜੋ ਮਹਿਮਾ ਹੋਈ, ਉਹ ਵੀ ਅਖਾੜਿਆਂ ਅਤੇ ਮਹਿਫ਼ਲਾਂ ਵਿਚ ਇਸਦੇ ਸੁਣੇ ਜਾਣ ਦੀ ਬਦੌਲਤ ਸੀ। ਸੰਖੇਪ ਵਿਚ ਇਸ ਸ਼ਾਹਕਾਰ ਦੀ ਬੋਲੀ ਦੀ ਅਮੀਰੀ, ਬੰਦ ਘੜਣ ਵੀ ਮੁਹਾਰਤ ਆਦਿ ਦੀ ਗੱਲ ਹੋ ਜਾਂਦੀ ਸੀ ਪ੍ਰੰਤੂ ਇਸ ਦੀ ਮਿਕਦਾਰ ਆਟੇ ਵਿਚ ਲੂਣ ਬਰਾਬਰ ਸੀ।

ਇਹ ਤਾਂ 1947 ਦੀ ਵੰਡ ਤੋਂ ਮਗਰੋਂ ਹੀ ਸੀ ਕਿ ਦੋਨਾਂ ਪੰਜਾਬਾਂ ਵਿਚ 'ਹੀਰ ਵਾਰਿਸ ਸ਼ਾਹ' ਦੇ ਉਨ੍ਹਾਂ ਗੁਣਾਂ ਵੱਲ ਧਿਆਨ ਗਿਆ ਜਿਨ੍ਹਾਂ ਕਾਰਨ ਇਸ ਸ਼ਾਹਕਾਰ ਦੇ ਅਨੇਕ ਬੰਦ ਲੋਕਾਂ ਦੀ ਜ਼ਬਾਨ 'ਤੇ ਚੜ੍ਹੇ ਹੋਏ ਸਨ। ਇਸ ਰੁਚੀ ਦਾ ਬੀਜ ਬੋਣ ਵਿਚ ਅੰਮ੍ਰਿਤਾ ਪ੍ਰੀਤਮ ਦੇ

ਇਸ 'ਵੈਣ' ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ/ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ" ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੀਵਨ ਦਾ ਰਾਜਸੀ ਪੱਖ ਇਸਦੇ ਜਾਤੀ ਪੱਖ ਨਾਲੋਂ ਨਿੱਖੜਵਾਂ ਨਹੀਂ ਸੀ, ਇਹ ਇਸ ਵੈਣ ਦਾ ਸਾਰ ਸੀ। ਮੋਹਨ ਸਿੰਘ ਦੇ ਗੀਤ ਵਿਚ ਜਿਵੇਂ ਭਾਰਤ ਦੀ ਮੁੰਦਰੀ ਵਿਚ ਪੰਜਾਬ ਨੂੰ ਨਗ ਵਜੋਂ ਤਸਵੱਰ ਕੀਤਾ ਗਿਆ।' ਇਸ ਨੇ ਸਾਡੇ ਸਾਹਿਤਕ ਵਿਰਸੇ ਨੂੰ ਪਛਾਣਨ ਦਾ ਸਹਿਕ ਸਕੰਦੜਾ ਆਵਸ ਪ੍ਰਾਪਤ ਹੋਇਆ।

ਇਸ ਆਵੇਸ਼ ਨੂੰ ਭਰਪੂਰ ਪ੍ਰਾਪਤੀ ਵਿਚ ਢਾਲਣ ਲਈ ਹੀਰ-ਵਾਰਿਸ ਸ਼ਾਹ ਵਰਗੇ ਸ਼ਾਹਕਾਰ ਦੀ ਵਿਚਾਰਧਾਰਾ ਅਤੇ ਕਾਵਿ-ਕਲਾ ਨੂੰ ਇਕ ਦੂਜੇ ਦੇ ਜਟਿੱਲ ਪ੍ਰਸੰਗ ਵਿਚ ਟੋਹਣ ਨਾਲ ਹੀ ਗੱਲ ਨਹੀਂ ਸੀ ਬਣਦੀ। ਜਿਥੇ ਇਸਦੇ ਪ੍ਰਤੱਖ ਪੱਖਾਂ ਨੂੰ ਪਛਾਣਨ ਨਾਲ ਇਸ ਪ੍ਰਯੋਜਨ ਦਾ ਆਰੰਭ ਹੋ ਸਕਦਾ ਸੀ, ਉਥੇ ਇਸਦੇ ਅਪ੍ਰਤੱਖ ਪੱਖਾਂ ਨੂੰ ਖੋਜਣ ਤੋਂ ਬਿਨਾਂ ਕਿਸੇ ਨਤੀਜੇ ਤੇ ਨਹੀਂ ਸੀ ਪਹੁੰਚਿਆ ਜਾ ਸਕਦਾ। ਪੂਰਬੀ ਪੰਜਾਬ ਵਿਚ ਇਸ ਚੁਣੌਤੀ ਵਲ ਪੰਜਾਵਿਆਂ ਵਿਚ ਹੀ ਧਿਆਨ ਚਲਾ ਗਿਆ। ਪੰਜਾਬੀ ਬੋਲੀ ਅਤੇ ਸਾਹਿਤ ਦੀ ਉਚੇਰੀ ਪੱਧਰ ਤੇ ਪੜ੍ਹਾਈ ਆਰੰਭ ਹੋ ਗਈ। ਜਿਨ੍ਹਾਂ ਵਿਦਵਾਨਾਂ ਨੇ ਇਸ ਇਤਿਹਾਸਕ ਕਾਰਜ ਨੂੰ ਸਿਰੇ ਚਾੜ੍ਹਣ ਦਾ ਬੀੜਾ ਚੁੱਕਿਆ, ਉਨ੍ਹਾਂ ਵਿਚ ਕੁੱਝ ਇਕ ਨੇ ਤਾਂ ਇਸ ਵਿਚ ਬੇਅੰਤ ਗੌਰਵ ਮਹਿਸੂਸ ਕੀਤਾ। ਮਨ ਦੀ ਡੂੰਘਾਈ ਵਿਚ ਉਨ੍ਹਾਂ ਵਿਚੋਂ ਇਕ ਦੋ ਨੇ, ਜੋ ਸਿਰੜ ਨਾਲ ਪ੍ਰਤਿਭਾ ਦੇ ਵੀ ਸੁਆਮੀ ਸਨ, ਇਹ ਅਨੁਭਵ ਕੀਤਾ ਕਿ ਜੋ ਕਾਰਜ ਉਨ੍ਹਾਂ ਆਪਣੇ ਜਿੰਮੇ ਲਿਆ ਸੀ ਇਸਨੂੰ ਆਰੰਭਣ ਦਾ ਅਵਸਰ ਮਹਾਰਾਜਾ ਰਣਜੀਤ ਸਿੰਘ ਦੇ ਹਿੱਸੇ ਵੀ ਨਹੀਂ ਆਇਆ ।

ਪੱਛਮੀ ਪੰਜਾਬ ਵਿਚ ਇਸ ਪ੍ਰਕਾਰ ਦੇ ਗੌਰਵ ਦਾ ਅਭਾਵ ਸੀ। ਉਰਦੂ ਨੂੰ ਕੌਮੀ ਜ਼ਬਾਨ ਮੰਨ ਲਿਆ ਗਿਆ ਸੀ ਅਤੇ ਪੰਜਾਬੀ ਨੂੰ ਲੋਕਾਂ ਦੇ ਕਾਰ-ਵਿਹਾਰ, ਆਦਾਨ-ਪ੍ਰਦਾਨ ਅਤੇ ਬੋਲ-ਚਾਲ ਲਈ ਗ਼ਰੀਬੜੀ ਜਿਹੀ ਉਪਬੋਲੀ ਗਰਦਾਨ ਦਿੱਤਾ ਗਿਆ ਸੀ। ਇਹ ਅਜਿਹੀ ਬੇਹੁਰਮਤੀ ਸੀ ਜਿਸ ਨੂੰ ਸਭ ਵਲੋਂ ਸਦਾ ਲਈ ਸਹਿਣ ਨਹੀਂ ਸੀ ਕੀਤਾ ਜਾ ਸਕਦਾ। ਕੁੱਝ ਲੇਖਕਾਂ ਅਤੇ ਵਿਚਾਰਵਾਨਾਂ ਨੇ ਪੰਜਾਬੀ ਦੇ ਹੱਕ ਵਿਚ ਆਹ ਦਾ ਨਾਅਰਾ ਹੀ ਨਹੀਂ ਮਾਰਿਆ ਸਗੋਂ ਇਸਦੀ ਮਹਾਨਤਾ ਨੂੰ ਉਜਾਗਰ ਕਰਨ ਦਾ ਬੀੜ੍ਹਾ ਵੀ ਚੁੱਕਿਆ। ਉਨ੍ਹਾਂ ਵਿਚ ਸਭ ਤੋਂ ਸਨਮਾਣਯੋਗ ਨਾਮ ਜਨਾਬ ਨਜ਼ਮ ਹੁਸੈਨ ਸੱਯਦ ਦਾ ਹੈ ਜਿਸਨੇ ਪ੍ਰਤੱਖ ਅਤੇ ਅਪ੍ਰਤੱਖ ਵਿਰੋਧ ਦੇ ਬਾਵਜੂਦ ਪੰਜਾਬੀ ਸਾਹਿਤ ਦੇ ਗੌਰਵ ਨੂੰ ਪਛਾਣਨ ਅਤੇ ਉਭਾਰਣ ਦਾ ਕਾਰਜ ਨਿਰੰਤਰ ਜਾਰੀ ਰੱਖਿਆ ਹੈ। ਜਿਸ ਕਾਰਜ ਨੂੰ ਸਰਅੰਜ਼ਾਮ ਦੇਣ ਵਿਚ ਏਧਰਲੇ ਪੰਜਾਬੀ ਵਿਦਵਾਨਾਂ ਨੇ ਪ੍ਰੇਰਣਾ ਵਸ ਕਰਨ ਦਾ ਨਿਰਣਾ ਲਿਆ ਉਥੇ ਨਜ਼ਮ ਹੁਸੈਨ ਸੱਯਦ ਅਤੇ ਉਸਦੇ ਸਾਥੀਆਂ, ਸਿਖਿਆਰਥੀਆਂ ਅਤੇ ਵਿਦਿਆਰਥੀਣਾਂ ਨੇ ਖ਼ਤਰਾ ਜਾਣ ਕੇ ਵੀ ਇਸਨੂੰ ਅਰਪਿਤ ਹੋਣਾ ਲੋੜਿਆ। 'ਹੀਰ ਵਾਰਿਸ ਸ਼ਾਹ' ਉਨ੍ਹਾਂ ਲਈ ਮੁੱਖ ਵਿਸ਼ਾ ਹੋ ਨਿਬੜਿਆ।

ਹੀਰ ਵਾਰਿਸ ਸ਼ਾਹ ਦਾ ਵਿਚਾਰਧਾਰਾਈ ਅਧਿਐਨ ਇਕ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਮਸਲਾ ਹੈ। ਪੰਜਾਬੀ ਸਮੀਖਿਆ ਦਾ ਅਜੇ ਇਸ ਵੱਲ ਭਰਪੂਰ ਧਿਆਨ ਨਹੀਂ ਗਿਆ। ਕਾਰਨ ਇਸ ਦਾ ਇਹ ਹੈ ਕਿ ਜਿਥੇ ਵਿਚਾਰਧਾਰਾ ਦੀ ਆਪਣੀ ਪ੍ਰਕਿਰਤੀ ਬਹੁ-ਭਾਵੀ ਹੋ ਨਿੱਬੜੀ ਹੈ ਉਥੇ ਇਸਦੀ ਪ੍ਰਕਿਰਿਆ ਵੀ ਇਕਹਿਰੀ ਤੇ ਇਕਸਾਰ ਨਹੀਂ ਹੁੰਦੀ। ਨਤੀਜੇ ਵਜੋਂ ਅਜਿਹੇ ਮਸਲੇ ਦਾ ਅਧਿਐਨ ਸਿਧਾਂਤਕ ਪ੍ਰਚੰਡਤਾ ਦਾ ਹੀ ਨਹੀਂ ਸਗੋਂ ਵਿਧੀਮੂਲਕ ਪ੍ਰਬੀਨਤਾ ਦੀ ਵੀ ਮੰਗ ਕਰਦਾ ਹੈ। **ਹੀਰ ਵਾਰਿਸ ਸ਼ਾਹ** ਵਰਗੇ ਸ਼ਾਹਕਾਰ ਦੇ ਵਿਚਾਰਧਾਰਾਈ ਅਧਿਐਨ ਲਈ ਤਾਂ ਸਿੱਧਾਂਤਕ ਪ੍ਰਚੰਡਤਾ ਤੇ ਵਿਧੀਮੂਲਕ ਪ੍ਰਬੀਨਤਾ ਦੀ ਕੁਝ ਵਧੇਰੇ ਹੀ ਲੋੜ ਹੈ। ਜਿਥੋਂ ਤੱਕ ਇਸ ਵਿਚ ਨਿਹਿਤ ਵਿਚਾਰਧਾਰਾ ਦੀ ਦਸ਼ਾ ਦਾ ਸਵਾਲ ਹੈ ਇਹ ਰਵਾਇਤੀ ਦੇ ਨਾਲ ਪੜਤਾਲੀਆ ਤੇ ਨਿਰਮਾਣਕਾਰੀ ਵੀ ਹੈ। ਨਤੀਜੇ ਵਜੋਂ ਇਸ ਦੀ ਦਿਸ਼ਾ ਅਤੀਤਮੁਖੀ ਹੋ ਕੇ ਵਰਤਮਾਨ ਨੂੰ ਅੱਖੋਂ ਪਰੋਖੇ ਨਹੀਂ ਕਰਦੀ। ਕਈ ਵਾਰੀ ਤਾਂ ਇਸ ਤੋਂ ਭਵਿੱਖ ਦੀ ਪੇਸ਼ੀਨਗੋਈ ਵੀ ਹੋਣ ਲੱਗ ਪੈਂਦੀ ਹੈ। ਨਾਲ ਹੀ ਧਿਆਨ ਦੇਣ ਵਾਲੀ ਗੱਲ ਇਹ ਵੀ ਹੈ ਕਿ ਇਸ ਵਿਚਾਰਧਾਰਾ ਦੇ ਵਿਭਿੰਨ ਅੰਗਾਂ ਨੂੰ ਇਕ ਦੂਜੇ ਨਾਲੋਂ ਨਿਖੇੜ ਕੇ ਗ੍ਰਹਿਣ ਕਰਨਾ ਉਚਿਤ ਪ੍ਰਤੀਤ ਨਹੀਂ ਹੁੰਦਾ। ਉਹਨਾਂ ਵਿਚਕਾਰ ਟੱਕਰ ਤੇ ਟਕਰਾਉ ਬਰਾਬਰ ਕਾਇਮ ਹੈ ਜਿਸ ਨੂੰ ਦ੍ਰਿਸ਼ਟੀਗੋਚਰ ਕਰ ਕੇ ਹੀ **ਹੀਰ ਵਾਰਿਸ ਸ਼ਾਹ** ਵਿਚ ਨਿਹਿਤ ਵਿਚਾਰਧਾਰਾ ਨੂੰ ਵਡਿਆਇਆ ਜਾਂ ਛੁਟਿਆਇਆ ਜਾ ਸਕਦਾ ਹੈ।

ਪੰਜਾਬੀ ਸਮੀਖਿਆ ਦੇ ਖੇਤਰ ਵਿਚ ਇਸ ਸ਼ਾਹਕਾਰ ਵਿਚਲੀ ਵਿਚਾਰਧਾਰਾ ਦੀ ਪ੍ਰਕਿਰਤੀ ਤੇ ਪ੍ਰਕਿਰਿਆ ਬਾਰੇ ਕਈ ਪ੍ਰਕਾਰ ਦੀਆਂ ਧਾਰਨਾਵਾਂ ਪ੍ਰਸਤੁਤ ਹਨ। ਉਨ੍ਹਾਂ ਤੋਂ ਇਸ ਮਸਲੇ ਦਾ ਅੰਸ਼ਿਕ ਗਿਆਨ ਹੀ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਵਿਚਾਰਧਾਰਾ ਨੂੰ ਪੇਚੀਦਾ ਪ੍ਰਕਿਰਤੀ ਦੀ ਧਾਰਨੀ ਤੇ ਇਸ ਦੇ ਵਿਸ਼ਲੇਸ਼ਣ ਲਈ ਇਕਸਾਰ ਵਿਵੇਚਨ ਦੀ ਥਾਂ ਜਟਿਲ ਨਿਰਵੇਚਨ ਦੀ ਵਿਧੀ ਨੂੰ ਜ਼ਰੂਰੀ ਮੰਨਣ ਵਾਲੇ ਸੰਤ ਸਿੰਘ ਸੇਖੋਂ ਹੋਰਾਂ ਆਰੰਭ ਤੇ ਅੰਤ 'ਤੇ ਆਉਣ ਵਾਲੀ ਤਮਸੀਲ ਨੂੰ ਹੀ ਵਿਚਾਰਧਾਰਾਈ ਅਧਿਐਨ ਦਾ ਸਾਰ ਮੰਨ ਲਿਆ ਹੈ। ਸੇਖੋਂ ਸਾਹਿਬ ਅਨੁਸਾਰ ਕਿੱਸਾਕਾਰ ਦਾ "ਆਦਰਸ਼-ਆਚਰਣਕ" ਨਜ਼ਰੀਆ ਅਵੱਸ਼ ਹੀ ਇਸ ਤਮਸੀਲ ਵਿਚ ਪ੍ਰਸਤੁਤ ਹੈ ਲੇਕਿਨ ਹੀਰ ਵਾਰਿਸ ਸ਼ਾਹ ਦੀ ਵਡਿਆਈ ਇਸਦੇ ਵਿਸ਼ਾਲਤਰ ਅਰਥਾਂ ਵਿਚ "ਆਪਣੇ ਸਮੇਂ ਦੇ ਸਮਾਜਕ, ਇਤਿਹਾਸਕ ਤੇ ਆਤਮਕ ਜੀਵਨ ਦੀ ਪ੍ਰਤੀਨਿਧਤਾ ਕਰਨ ਦੀ ਯੋਗਤਾ" (ਪੰਨਾ 20) ਵਿਚ ਵਿਆਪਕ ਹੈ। ਜਿਥੇ ਸੇਖੋਂ ਸਾਹਿਬ ਦੀ ਧਾਰਨਾ ਵਿਚ ਆਦਰਸ਼ਕ-ਆਚਰਣਕ ਨਜ਼ਰੀਆ ਤੇ ਵਿਸ਼ਾਲਤਰ ਅਰਥਾਂ ਵਿਚ ਜੀਵਨ ਦੀ ਪ੍ਰਤੀਨਿਧਤਾ ਕਰਨ ਦੀ ਯੋਗਤਾ ਦੋ ਵਿਰੋਧੀ ਪ੍ਰਵਿਰਤੀਆਂ ਹਨ ਜਿਨ੍ਹਾਂ ਵਿਚ ਇਕ ਦਾ ਖੰਡਨ ਤੇ ਦੂਜੇ ਦਾ ਮੰਡਨ ਉੱਚਿਤ ਹੈ ਉਥੇ ਨਜ਼ਮ ਹੁਸੈਨ ਸੱਯਦ ਵਿਚ ਉਹ ਆਪਣਾ ਸਮੂਰਤ ਤੇ ਸਭਿਆਚਾਰਕ ਵਜੂਦ ਗੁਆ ਕੇ ਅਮੂਰਤ ਨਹੀਂ ਤਾਂ ਸੂਖ਼ਮ ਕੈਫੀਅਤ ਦਾ ਅਨਿੱਖੜਵਾਂ ਅੰਗ ਬਣਨਾ ਲੋੜਦੀਆਂ ਹਨ। ਭਾਸ਼ਾ ਦੀ ਥਾਂ ਜਿਸ ਵਿਚ ਧੁਨੀ, ਅਰਥ ਤੇ ਭਾਵ ਵਿਚਕਾਰ ਨਿਰੰਤਰ ਸੰਘਰਸ਼ ਚਲਦਾ ਹੈ ਇਹ ਉਸਨੂੰ ਰਾਗ ਵਿਚ ਢਲੀਆਂ ਪ੍ਰਤੀਤ ਹੁੰਦੀਆਂ ਹਨ। ਤਾਹੀਓਂ ਤਾਂ ਉਸ ਅਨੁਸਾਰ ਇਸ ਸ਼ਾਹਕਾਰ ਦਾ ਕਮਾਲ ਅਜਿਹੀ 'ਨਕਲ ਜਾਂ ਸਾਂਗ' ਨੂੰ ਸਾਕਾਰ ਕਰਨ ਵਿਚ ਹੈ ਜੋ "ਦੋ ਆਵਾਜ਼ਾਂ" ਨਾਲ ਭਰਪੂਰ ਹੈ, ਇਕ ਤਾਂ ਹੈ ਹਾਸੇ ਠੱਠੇ ਦੀ ਉੱਚੀ ਉਘੜਦੀ ਆਵਾਜ਼ ਜਿਹੜੀ ਸੁਣਨ ਵਾਲਿਆਂ ਨੂੰ ਇਕੋ ਵਾਰੀ ਫੜ ਕੇ ਹਲੂਣ ਦਿੰਦੀ ਹੈ ਤੇ ਦੂਜੀ ਦੁੱਖ ਵਾਲੀ ਸੋਚ ਦੀ ਆਵਾਜ਼ ਜਿਹੜੀ ਹੌਲੀ-ਹੌਲੀ ਪਰਛਾਵੇਂ ਵਾਂਗੂੰ ਬੰਦੇ ਦੇ ਅੰਦਰ ਢਲਦੀ ਜਾਂਦੀ ਹੈ।" (ਸੇਧਾਂ ਤੇ ਸਾਰਾਂ, ਪੰਨਾ-68)

ਜਿਥੇ ਡਾ. ਅਤਰ ਸਿੰਘ ਇਹਨਾਂ ਦੋ ਧਾਰਨਾਵਾਂ ਦੇ ਵਿਚ-ਵਿਚਾਲਿਉਂ ਲੰਘ ਕੇ ਆਪਣੀ ਵੱਖਰੀ ਗੱਲ ਕਹਿਣ ਦੇ ਯਤਨ ਵਿਚ ਸਨ ਉਥੇ ਡਾ. ਜੇ.ਐੱਸ. ਗਰੇਵਾਲ ਵੱਖਰੇ ਮੁਹਾਜ਼ ਤੋਂ ਆਪਣੀ ਧਾਰਨਾ ਪ੍ਰਸਤੁਤ ਕਰਦੇ ਜਾਪਦੇ ਹਨ। ਡਾ. ਅਤਰ ਸਿੰਘ ਅਨੁਸਾਰ ਵਾਰਿਸ ਸ਼ਾਹ ਧੁਰ ਅੰਦਰੋਂ "ਮਨੁੱਖ ਦੀ ਆਤਮ-ਪੂਰਤੀ ਲਈ ਨਿਹਕੇਵਲ ਸੁਤੰਤਰਤਾ ਦੀ ਤਾਂਘ ਅਤੇ ਉਸਦੀ ਭਾਈਚਾਰਕ ਸਾਂਝ ਦੀ ਬਿਰਤੀ ਨੂੰ ਦੋ ਇਕੋ ਜਿੱਡੀਆਂ ਬਲਵਾਨ ਤੇ ਕਈ ਹਾਲਤਾਂ ਵਿਚ ਪਰਸਪਰ ਵਿਰੋਧੀ ਸ਼ਕਤੀਆਂ ਦੇ ਰੂਪ ਵਿਚ ਚਿਤਵਦਾ ਹੈ।" (ਦ੍ਰਿਸ਼ਟੀਕੋਣ, ਪੰਨਾ 194) ਸੁਤੰਤਰਤਾ ਦੀ ਤਾਂਘ ਤੇ ਭਾਈਚਾਰਕ ਸਾਂਝ ਦੀ ਬਿਰਤੀ ਨੂੰ ਪਹਿਚਾਨਣ ਵਿਚ ਡਾ. ਸਾਹਿਬ ਸੇਖੋਂ ਸਾਹਿਬ ਦੇ ਅਨੁਕੂਲ ਸੋਚਦੇ ਹਨ ਲੇਕਿਨ ਉਹਨਾਂ ਦਾ ਨਿਰੰਤਰ ਵਰੋਧ ਚਿਤਵਣ ਵਿਚ ਉਹ ਸੇਖੋਂ ਸਾਹਿਬ ਦੇ ਪ੍ਰਤੀਕੂਲ ਚਲੇ ਜਾਂਦੇ ਹਨ। ਏਥੇ ਡਾ. ਅਤਰ ਸਿੰਘ ਦੇ ਵਿਚਾਰ ਦੀ ਅਨੁਕੂਲਤਾ ਨਜ਼ਮ ਹੁਸੈਨ ਸੱਯਦ ਦੀ ਧਾਰਨਾ ਨਾਲ ਜਾ ਬਣਦੀ ਹੈ ਪਰੰਤੂ ਰਚਨਾਤਮਕ ਸਫ਼ਲਤਾ ਦੀ ਥਾਂ ਕਿਰਤ ਨੂੰ ਅਸਫ਼ਲਤਾ ਦੀ ਭਾਗੀ ਦਰਸਾ ਕੇ ਉਹ ਸੱਯਦ ਸਾਹਿਬ ਵੱਲੋਂ ਪੇਸ਼ ਕਿੱਸਾਕਾਰ ਦੇ ਉੱਦਾਤਮਈ ਮੁਲੰਕਣ ਨਾਲੋਂ ਆਪਣੀ ਵਿੱਥ ਵੀ ਬਣਾ ਲੈਂਦੇ ਹਨ। ਆਪਣੇ ਨਿਵੇਕਲੇ ਤੇ ਨਿਖੇੜਵੇਂ ਪੇਪਰ 'ਵਾਰਿਸ ਦਾ ਸੰਸਾਰ' ਵਿਚ ਡਾ. ਜੇ.ਐੱਸ. ਗਰੇਵਾਲ ਧਰਮ, ਜਾਤ, ਖਿੱਤਾ ਤੇ ਕਾਲ ਆਦਿ ਵਿਵਿਧ ਸ੍ਰੋਤਾਂ ਨੂੰ ਕਿੱਸਾਕਾਰ ਦੀ ਵਿਚਾਰਧਾਰਾ ਨਾਲ ਜੋੜ ਕੇ ਦੇਖਣ ਲਈ ਉਤਸੁਕ ਹਨ। ਹਰੇਕ ਦੇ ਵਿਲੱਖਣ ਵਜੂਦ ਦੀ ਨਿਸ਼ਾਨਦੇਹੀ ਕਰ ਕੇ ਉਹ ਇਸ ਪਰਿਣਾਮ ਤੇ ਪਹੁੰਚਦੇ ਹਨ ਕਿ "ਵਾਰਿਸ ਸ਼ਾਹ ਨਿਰੰਤਰਤਾ ਦਾ ਹਾਮੀ ਸੀ ਲੇਕਿਨ ਪਰਿਵਰਤਨ ਨੂੰ ਵੀ ਅੱਖੋਂ ਪਰੋਖੇ ਨਹੀਂ ਕਰ ਸਕਦਾ ਸੀ।" (ਪੰਨਾ-4) ਇਸ ਪ੍ਰਕਾਰ ਹੀਰ ਵਾਰਿਸ ਸ਼ਾਹ ਨੂੰ ਅਨਿਉਕਤੀ ਅਨੁਸਾਰ ਢਾਲਣਾ ਉਸਦੀ ਤੀਬਰ ਕਾਮਨਾ ਸੀ। ਜੇ ਅਜਿਹਾ ਕਰਨ ਵਿਚ ਵਾਰਿਸ ਸ਼ਾਹ ਨੂੰ ਸਫ਼ਲਤਾ ਪ੍ਰਾਪਤ ਨਾ ਹੋਈ ਤਾਂ ਇਸ ਦਾ ਡਾ. ਸਾਹਿਬ ਦੇ ਸ਼ਬਦਾਂ ਵਿਚ ਕਦਾਚਿਤ ਭਾਵ ਇਹ ਨਹੀਂ ਕਿ ਉਸਨੂੰ "ਆਪਣੇ ਵਿਚਾਰਾਂ, ਵਿਸ਼ਵਾਸਾਂ, ਮਾਣਤਾਵਾਂ ਤੇ ਜਜ਼ਬਾਤਾਂ ਨਾਲ ਡੂੰਘਾ ਲਗਾਵ ਨਹੀਂ ਸੀ।" (ਪੰਨਾ-12) ਡਾ. ਸਾਹਿਬ ਦੀ ਇਸ ਧਾਰਨਾ ਨਾਲ ਕਿਸੇ ਮਤਭੇਦ ਦੀ ਗੁੰਜਾਇਸ਼ ਨਹੀਂ। ਗੁੰਜਾਇਸ਼ ਹੈ ਤਾਂ ਨਿਚੋੜ ਨਾਲ ਜਿਥੇ ਇਸ ਸ਼ਾਹਕਾਰ ਨੂੰ ਗਿਆਨ ਦੀ ਮਹਾਨ ਕਿਰਤ ਮੰਨਿਆ ਗਿਆ ਹੈ। ਕਾਰਨ ਇਸ ਮਤਭੇਦ ਦਾ ਇਹ ਹੈ ਕਿ ਵਿਵਿਧ ਸ੍ਰੋਤਾਂ ਤੋਂ ਆਉਣ ਵਾਲੇ ਵਿਚਾਰਧਾਰਾਈ ਸਰੋਕਾਰਾਂ ਤੇ ਉਹਨਾਂ ਵਿਚਲੇ ਟੱਕਰ ਤੇ ਟਕਰਾਉ ਕਾਰਨ **ਹੀਰ ਵਾਰਿਸ ਸ਼ਾਹ** ਅੰਤਿਮ ਰੂਪ ਵਿਚ ਲਟਕਦੀ ਰਚਨਾ ਬਣ ਜਾਂਦੀ ਹੈ। ਪਾਠਕ-ਜਗਤ ਨੂੰ ਲਟਕਾਉ ਦੀ ਅਵਸਥਾ ਵਿਚ ਛੱਡ ਦੇਣਾ ਇਸਦਾ ਨਿਸ਼ਚਤ ਲਕਸ਼ ਹੋ ਨਿੱਬੜਦਾ ਹੈ। ਦੂਜੇ ਲਫ਼ਜ਼ਾਂ ਵਿਚ ਚਿੰਤਨ-ਪ੍ਰੇਰਿਕ ਨਾਲੋਂ ਭਾਵ-ਉਤੇਜਕ ਲੱਗਣਾ ਇਸ ਸ਼ਾਹਕਾਰ ਲਈ ਵਧੇਰੇ ਸੁਭਾਵਕ ਪ੍ਰਤੀਤ ਹੁੰਦਾ ਹੈ।

— ੳ —

**ਹੀਰ ਵਾਰਿਸ ਸ਼ਾਹ** ਦੇ ਵਿਚਾਰਧਾਰਾਈ ਅਧਿਐਨ ਖ਼ਾਤਰ ਜਿਸ ਪਰਤ ਵਲ ਸਭ ਤੋਂ ਪਹਿਲਾਂ ਧਿਆਨ ਜਾਂਦਾ ਹੈ ਉਹ ਕੁਰਾਨ ਸ਼ਰੀਫ਼ ਵਿਚੋਂ ਲਈਆਂ ਆਇਤਾਂ ਹਨ ਜੋ ਇਸ ਸ਼ਾਹਕਾਰ ਵਿਚ ਬਹੁਤੀ ਥਾਈਂ ਭਾਗਸਮ ਰੂਪ ਵਿਚ ਵਰਤੀਆਂ ਗਈਆਂ ਹਨ। ਦਿਸ਼ਾ ਵਜੋਂ ਅਤੀਤਮੁਖੀ ਦੇ ਦਸ਼ਾ ਵਜੋਂ ਰਵਾਇਤੀ ਹੋਣ ਦੇ ਨਾਤੇ ਉਹ ਕਿੱਸਾਕਾਰ ਦੀ ਵਿਰਸਾ-ਵਿਰਾਸਤ, ਪਾਲਣਾ-ਪੋਸਣਾ ਤੇ ਸਿੱਖਿਆ-ਪ੍ਰਣਾਲੀ ਦੀ ਦੇਣ ਹਨ। ਅਜਿਹੀ ਵਿਚਾਰਧਾਰਾਈ ਪਰਤ ਵਿਗਾਸ ਦੇ ਭਾਗੀ ਪ੍ਰੰਤੂ ਅਨਿਸ਼ਚੇ ਦੇ ਧਾਰਨੀ ਵਿਚਾਰਾਂ ਨੂੰ ਨਿਸ਼ਚਿਤ ਤੇ ਮੁੰਜਮਿਦ ਵਿਕਲਪਾਂ ਵਿਚ ਢਾਲ ਲੈਂਦੀ ਹੈ। ਅਜਿਹੇ ਵਿਕਲਪ ਪੰਡਤਾਊਪੁਣੇ ਦਾ ਵਾਹਣ ਬਣ ਜਾਂਦੇ ਹਨ ਤੇ ਵਾਸਤਵਿਕਤਾ ਦੀ ਬੇਪਰਦਗੀ ਨਾਲੋਂ ਇਸਦੀ ਪਰਦਾਪੋਸ਼ੀ ਵਲ ਵਧੇਰੇ ਰੁਚਿਤ ਹੁੰਦੇ ਹਨ। ਅਜਿਹਾ ਹੋਣਾ ਕੁਦਰਤੀ ਹੈ ਕਿਉਂ ਜੋ ਰਵਾਇਤੀ ਭਾਵ ਜਗਤ, ਜਿਸਨੂੰ ਅਨੁਭਵ ਖੇਤਰ ਪਿੱਛੇ ਛੱਡ ਆਇਆ ਹੁੰਦਾ ਹੈ ਰਸਮਾਂ-ਰਿਵਾਜਾਂ, ਅਨੁਸ਼ਠਾਨਾਂ, ਧਰਮ-ਗ੍ਰੰਥਾਂ ਤੇ ਸਦਾਚਾਰਕ ਪ੍ਰਤੀਮਾਨਾਂ ਨਾਲ ਓਤ-ਪੋਤ ਹੋ ਜਾਂਦਾ ਹੈ। ਨਤੀਜੇ ਵਜੋਂ ਸੱਤਾ ਤੇ ਸੋਸ਼ਣ ਉਦਾਲੇ ਅਜਿਹਾ ਪ੍ਰਭ-ਮੰਡਲ ਪ੍ਰਕਾਸ਼ਮਾਨ ਹੋ ਜਾਂਦਾ ਹੈ ਜੋ ਇਹਨਾਂ ਨੂੰ ਵਰਦਾਨ ਸਿੱਧ ਕਰ ਦਿੰਦਾ ਹੈ। ਇਥੋਂ ਤਕ ਕਿ ਦੰਡ ਤੇ ਸਜ਼ਾ ਵੀ ਸਰਾਪ ਲੱਗਣੋਂ ਹਟ ਜਾਂਦੇ ਹਨ ਅਤੇ ਭਾਗਾਂ ਵਿਚ ਲਿਖੇ ਪ੍ਰਤੀਫਲ ਦਾ ਰੂਪ ਧਾਰ ਲੈਂਦੇ ਹਨ।

ਇਸ ਪ੍ਰਕਾਰ ਦੀ ਵਿਚਾਰਧਾਰਾਈ ਪਰਤ **ਹੀਰ ਵਾਰਿਸ ਸ਼ਾਹ** ਵਿਚ ਵੀ ਨਿਹਿਤ ਹੈ ਜੋ ਧਰਮ, ਜਾਤ, ਵਿਰਸਾ, ਵਿਰਾਸਤ, ਪਾਲਣਾ-ਪੋਸ਼ਣਾ ਤੇ ਸਿੱਖਿਆ ਪ੍ਰਣਾਲੀ ਸਦਕਾ ਕਿੱਸਾਕਾਰ ਦੇ ਭਾਵ-ਜਗਤ ਦਾ ਅਨਿੱਖੜਵਾਂ ਅੰਗ ਸੀ। ਇਸ ਦਾ ਸ੍ਰੋਤ ਕੁਰਾਨ ਸ਼ਰੀਫ਼ ਸੀ ਜਿਸ ਵਿਚੋਂ ਭਾਗਸਮ ਰੂਪ ਵਿਚ ਲਈਆਂ ਗਈਆਂ ਆਇਤਾਂ ਇਸ ਸ਼ਾਹਕਾਰ ਵਿਚ ਥਾਂ ਪੁਰ ਥਾਂ ਪ੍ਰਾਪਤ ਹਨ। ਆਪਣੀ ਉੱਦਤਤਾ ਨੂੰ ਦ੍ਰਿੜ੍ਹ ਕਰਾਉਣ ਦੇ ਮੰਤਵ ਨਾਲ ਆਰੰਭ ਵਿਚ ਜ਼ਫ਼ਰ, ਨਮਾਜ਼, ਰਿਜ਼ਕ, ਸ਼ਰ੍ਹਾ ਤੇ ਅਮਲ ਦੀ ਵਡਿਆਈ ਕੀਤੀ ਗਈ ਹੈ। ਇਸ ਨੂੰ ਉੱਚਿਤ ਠਹਿਰਾਉਣ ਲਈ "ਵੱਲ ਬਗਤ ਅਲਹੁ ਰਿਜ਼ ਲਾਇਬਾਦ" (ਪੰਨਾ-66) ਭਾਵ ਅੱਲ੍ਹਾ ਆਪਣੇ ਬੰਦਿਆਂ ਨੂੰ ਖੁੱਲ੍ਹਾ ਰਿਜ਼ਕ ਦਿੰਦਾ ਹੈ ਜਾਂ "ਦਮਾਮਿਨ ਦਾਅਬਤਲਿ ਫਿਲ ਅਰਜ/ਅਲਾਹਿ ਹਿਜ਼ਕੁਹਾ" (ਪੰਨਾ-66) ਭਾਵ ਜੋ ਇਸ ਧਰਤੀ ਉੱਤੇ ਸਾਹ ਲੈਂਦਾ ਹੈ ਉਸਦਾ ਰਿਜ਼ਕ ਅੱਲ੍ਹਾ ਉਪਰ ਹੈ ਆਦਿ ਨੂੰ ਸ਼ਾਬਦਿਕ ਰੂਪ ਵਿਚ ਇਸ ਸ਼ਾਹਕਾਰ ਦੇ ਪਾਠ ਦਾ ਭਾਗ ਬਣਾ ਲਿਆ ਗਿਆ ਹੈ। ਵਕਫ਼ਿਆਂ ਸਹਿਤ ਇਹ ਪ੍ਰਕਿਰਿਆ ਅੰਤ ਤੱਕ ਚਲਦੀ ਹੈ ਜਿਸਦੇ ਪ੍ਰਮਾਣ ਵਜੋਂ ਹੀਰ ਰਾਂਝਾ ਦੇ ਝੰਗ ਸਿਆਲੀ ਪਰਤਣ ਨੂੰ "ਕੁਲੋਸ਼ੈਇਨ ਰਾਜਊਨ" (ਪੰਨਾ-317) ਭਾਵ ਕੁੱਲ ਚੀਜ਼ਾਂ ਆਪਣੇ ਅਸਲੇ ਵਲ ਮੁੜਦੀਆਂ ਹਨ ਦੇ ਸੁਝਾਉ ਰਾਹੀਂ ਅਟੱਲ ਦਰਸਾਉਣ ਦਾ ਯਤਨ ਕੀਤਾ ਗਿਆ ਹੈ। "ਕੁਲੋ ਸ਼ੈਇਨ ਹਾਲਕੁਨ ਲਿਵਜਹੁ" (ਪੰਨਾ-322) ਤੇ ਆਈ ਆਇਤ ਤੋਂ ਰੱਬ ਦੀ ਜਾਤ ਤੋਂ ਬਿਨਾਂ ਹਰੇਕ ਵਸਤੂ ਦੇ ਫਾਨੀ ਹੋਣ ਕਾਰਨ ਹੀ ਰਾਂਝਾ ਦੀ ਮੌਤ ਨੂੰ ਵੀ ਸਹਿਣਯੋਗ ਜਾਨਣ ਦਾ ਸੰਦੇਸ਼ ਦਿੱਤਾ ਗਿਆ ਹੈ।

ਸੇਖੋਂ ਸਾਹਿਬ ਵੱਲੋਂ ਸੰਪਾਦਿਤ ਹੀਰ ਵਾਰਿਸ ਸ਼ਾਹ ਜੋ ਇਸ ਪੇਪਰ ਵਿਚ ਮੂਲ ਪਾਠ ਵਜੋਂ ਵਰਤੋਂ ਵਿਚ ਆਈ ਹੈ, ਇਹਨਾਂ ਭਾਗਸਮ ਰੂਪ ਵਿਚ ਆਈਆਂ ਆਇਤਾਂ ਦੀ ਗਿਣੀ ਤੀਹ ਦੇ ਕਰੀਬ ਦਰਸਾਂਦੀ ਹੈ। ਵਾਸਤਵ ਵਿਚ ਇਹ ਉਹ ਆਇਤਾਂ ਹਨ ਜੋ ਅਪਰੋਖ ਰੂਪ

## *ਹੀਰ* / ਜਸਵੰਤ ਸਿੰਘ ਕੰਵਲ



ਵਾਰਿਸ ਮੇਰਾ ਗੁਰੂ ਹੈ, ਇਕ ਤਰ੍ਹਾਂ ਨਾਲ। ਬੋਲ ਮੇਰਾ ਚੰਗਾ ਸੀ, 'ਹੀਰ' ਸਾਡੇ ਘਰ ਸੀ। ਪਹਿਲੀ ਉਮਰ 'ਚ ਮੈਂ ਹੀਰ ਪੜ੍ਹਦਾ ਸਾਂ। ਚਾਰ ਪੰਜ ਬੰਦੇ ਖੜ੍ਹੇ ਹੋ ਜਾਂਦੇ ਸੀ, ਮੈਨੂੰ ਲਗਨ ਲੱਗ ਗਈ। ਓਦੋਂ ਮੈਨੂੰ ਇਹ ਪਤਾ ਨਹੀਂ ਸੀ ਪਈ ਇਹ ਜੋ ਲਗਨ ਹੈ, ਤੁਰਦੀ ਤੁਰਦੀ ਬਹੁਤ 'ਗਾਂਹ ਤੁਰ ਜਾਊ।

ਪਹਿਲੀ ਕਵਿਤਾ ਮੈਂ ਗੁਰੂ ਨਾਨਕ 'ਤੇ ਲਿਖੀ। ਮਲਾਯਾ 'ਚ ਸਾਂ। ਮੈਨੂੰ ਅਲਜਬਰਾ ਨਹੀਂ ਸੀ ਆਉਂਦਾ, ਮੈਂ ਭੱਜ ਕੇ ਮਲਾਯਾ ਚਲੇ ਗਿਆ, ਬਾਰਾਂ ਰੁਪੈ ਟਿਕਟ ਸੀ ਲੁਧਿਆਣਿਓਂ ਹਵਾੜਾ ਦੀ...।

...ਤੇ ਪਹਿਲੀ ਕਵਿਤਾ ਮੈਂ ਗੁਰੂ ਨਾਨਕ 'ਤੇ ਜਿਹੜੀ ਲਿਖੀ, ਇਕ ਨਾਲ ਦੇ ਨੂੰ ਪੜ੍ਹਾਈ। ਉਸ ਬੰਦੇ ਨੇ ਮੇਰੀ ਕਵਿਤਾ ਪੜ੍ਹੀ, ਵੇਖਿਆ, ਆਂਹਦਾ, "ਤੂੰ ਮਾਤਰਾਂ ਗਿਣੀਆਂ ?" ਮੈਂ ਆਖਿਆ, "ਭਰਾਤਾ, ਮੈਨੂੰ ਕੀ ਪਤਾ ਮਾਤਰਾਂ ਦਾ।" ਉਸ ਦੇ ਕੋਲ ਪਿੰਗਲ ਸੀ। ਉਹਨੇ ਪਿੰਗਲ ਮੈਨੂੰ ਦੇ ਦਿੱਤਾ। ਤੇ ਆਖਿਆ—"ਮੈਂ ਵੀ ਬਥੇਰੀਆਂ ਟੱਕਰਾਂ ਮਾਰਦਾ ਰਿਹਾਂ...ਤੂੰ ਏਦੇ ਅਨੁਸਾਰ ਲਿਖ...।" ਮਲਾਯਾ 'ਚੋਂ ਮੈਂ ਖੱਟਿਆ ਕੁਝ ਨਹੀਂ, ਢਾਈ ਸਾਲ ਰਿਹਾ ਉਥੇ, ਪਰ ਲਗਨ ਨਾਲ ਲੈ ਆਇਆ। ਏਥੇ ਆ ਕੇ ਮੈਂ ਹਰ ਛੇਈਂ ਮਹੀਨੀਂ ਲਾਹੌਰੋਂ ਕਿਤਾਬਾਂ ਲੈ ਆਉਣੀਆਂ। ਲਿਖਣ ਵੀ ਲੱਗਾ। ਕਾਪੀ ਭਰ ਗਈ ਤੇ ਪਬਲਿਸ਼ਰ ਨੂੰ ਦਿੱਤੀ। ਉਹਨੇ ਕਿਤਾਬ ਛਾਪੀ...ਬਾਂਹੋਂ ਫੜ ਕੇ ਬਿਠਾ ਲਿਆ, ਕਹਿੰਦਾ—"ਤੇਰੀ ਵਾਰਤਕ ਚੰਗੀ ਹੈ, ਤੂੰ ਨਾਵਲ ਲਿਖਿਆ ਕਰ।" ਮੈਂ ਆਖਿਆ, "ਨਾਵਲ ਦਾ ਮੈਨੂੰ ਕੀ ਪਤਾ।" ਉਸ ਕਿਹਾ, "ਜਿਹਨੇ ਦੁਨੀਆ ਦਾ ਪਹਿਲਾ ਨਾਵਲ ਲਿਖਿਆ ਸੀ, ਉਹ ਵੀ ਤੇਰੇ ਵਰਗਾ ਹੀ ਸੀ...।"

ਮੈਂ ਦੋ ਵੇਰਾਂ ਵਾਰਿਸ ਦੇ ਪਿੰਡ ਗਿਆ। ਇਕ ਵੇਰਾ ਪਾਕਿਸਤਾਨ ਬਣਨ ਤੋਂ ਪਹਿਲਾਂ, ਜਦੋਂ ਉਸ ਦੀ ਕੋਈ ਯਾਦਗਾਰ ਨਹੀਂ ਸੀ। ਜਦੋਂ ਦੂਜੀ ਵੇਰ ਗਿਆ, ਓਦੋਂ ਉਸਰੀ ਹੋਈ ਸੀ। ਵਾਰਿਸ ਨਾਲ ਵੀ ਕਈ ਕੁਝ ਹੋਇਆ...ਉਹਨੇ ਕੁੱਟ ਵੀ ਖਾਧੀ...ਉਸ ਜ਼ਨਾਨੀ ਦਾ ਨਾਂ ਵੀ ਹੀਰ 'ਚ ਆਉਂਦਾ।...ਤੇ ਖ਼ਾਸ ਉਸ ਘਰ 'ਚ ਜਿਥੇ ਹੀਰ ਲਿਖੀ ਗਈ ਬਹੁਤੀ, ਓਥੇ ਮੈਂ ਦੋ ਵੇਰਾਂ ਗਿਆਂ।

ਪਰ ਵੇਖੋ 'ਹੀਰ' ਦੀ ਗੱਲ ਵੀ ਠੀਕ ਹੈ। ਤੁਹਾਨੂੰ ਮੁਬਾਰਕ, ਚੰਗਾ ਕੰਮ ਕਰ ਰਹੇ ਹੋ। ਪਰ ਪੰਜਾਬ ਤਾਂ ਉੱਜੜ ਰਿਹਾ...ਏਹਦੇ ਬਾਰੇ ਗੱਲ ਕਿਉਂ ਨਹੀਂ ਕੀਤੀ ਜਾਂਦੀ...।"

**(ਅਦਾਰਾ '23 ਮਾਰਚ' ਵੱਲੋਂ ਕਰਵਾਏ ਸੈਮੀਨਾਰ 'ਹੀਰ ਕਹਾਣੀ' [18 ਦਸੰਬਰ 2016, ਬਠਿੰਡਾ] ਵਿਖੇ ਦਿੱਤੇ ਭਾਸ਼ਣ 'ਚੋਂ)**

ਵਿਚ ਵਰਤੀਆਂ ਗਈਆਂ ਹਨ। ਜੇ ਇਹਨਾਂ ਨਾਲ ਪਰੋਖ ਰੂਪ ਵਿਚ ਉਕਤੀਆਂ, ਉਦਾਹਰਣਾਂ ਤੇ ਤੁਲਨਾਵਾਂ ਵਜੋਂ ਆਈਆਂ ਆਇਤਾਂ ਨੂੰ ਵੀ ਜੋੜ ਲਿਆ ਜਾਵੇ ਤਾਂ ਸਹਿਜੇ ਹੀ ਇਹਨਾਂ ਦੀ ਗਿਣਤੀ ਦੁੱਗਣੀ ਹੋ ਜਾਂਦੀ ਹੈ। ਪ੍ਰਤੱਖ ਹੀ ਆਪਣੇ ਸ਼ਾਹਕਾਰ ਨੂੰ ਕੁਝ ਨਾ ਕੁਝ ਹੱਦ ਤੱਕ ਕੁਰਾਨ ਸ਼ਰੀਫ਼ ਤੋਂ ਗ੍ਰਹਿਣ ਹੋਈ ਵਿਚਾਰਧਾਰਾਈ ਪਰਤ ਦਾ ਦਰਪਣ ਦਰਸਾਉਣਾ ਕਿੱਸਾਕਾਰ ਦਾ ਮੰਤਵ ਜ਼ਰੂਰ ਸੀ। ਬਾਵਜੂਦ ਇਸਦੇ ਇਸ ਮੰਤਵ ਦਾ ਸਰੋਕਾਰ ਵਿਚ ਕਾਇਆ ਕਲਪ ਨਾ ਹੋ ਸਕਿਆ। ਲੱਗਦਾ ਹੈ ਜਿਵੇਂ ਇਸ ਸ਼ਾਹਕਾਰ ਨੂੰ ਇਹ ਕਾਇਆ ਕਲਪ ਮੁਆਫ਼ਕ ਨਹੀਂ ਸੀ। ਇਸੇ ਕਾਰਨ ਇਹ ਆਇਤਾਂ ਅਜਿਹੀ ਲੜੀ ਦੇ ਰੂਪ ਵਿਚ ਪ੍ਰਾਪਤ ਹਨ ਜਿਨ੍ਹਾਂ ਦੀ ਕੋਈ ਵਿਕਾਸ-ਰੇਖਾ ਬਣਦੀ ਪ੍ਰਤੀਤ ਨਹੀਂ ਹੁੰਦੀ। ਦੂਜੇ ਉਹ ਕਾਰ ਵਿਹਾਰ ਵਿਚ ਸੇਧ ਦੇਣ ਤੱਕ ਹੀ ਸੀਮਤ ਜਾਪਦੀਆਂ ਹਨ ਜਿਸ ਕਾਰਨ ਅਨੁਭਵ ਖੇਤਰ ਤੇ ਭਾਵ-ਜਗਤ ਦਾ ਪ੍ਰਗਟਾਉ ਉਹਨਾਂ ਦੇ ਹਿੱਸੇ ਨਹੀਂ ਆਉਂਦਾ। ਇਸੇ ਕਾਰਨ ਨਾ ਸਰਵੱਤਰ ਪਾਠਕ-ਜਗਤ ਤੇ ਨਾ ਚਿੰਤਨ-ਪ੍ਰੇਰਿਕ ਦ੍ਰਿਸ਼ਟੀ ਲਈ ਉਹ ਸੁਹਜ-ਸੁਆਦ ਜਾਂ ਚਿੰਤਾ ਦਾ ਕਾਰਨ ਬਣਦੀਆਂ ਹਨ। ਇਕ ਪ੍ਰਕਾਰ ਦੀ ਨੀਰਸਤਾ ਹੈ ਜੋ ਉਹਨਾਂ ਉਦਾਲੇ ਫੈਲੀ ਰਹਿੰਦੀ ਹੈ।

ਹੀਰ ਵਾਰਿਸ ਸ਼ਾਹ ਵਿਚ ਇਸ ਵਿਚਾਰਧਾਰੀ ਪਰਤ ਦੇ ਨੀਰਸ ਰਹਿ ਜਾਣ ਦਾ ਕਾਰਣ ਇਸਦੇ ਪਾਠ ਤੋਂ ਹੀ ਉਜਾਗਰ ਹੋ ਜਾਂਦਾ ਹੈ। ਇਹ ਆਇਤਾਂ ਆਤਮਕ, ਅਧਿਆਤਮਕ ਤੇ ਸਦਾਚਾਰਕ ਸਿੱਖਿਆ ਪ੍ਰਦਾਨ ਕਰਨ ਦੇ ਨਾਲ ਉਸ ਉੱਥਲ-ਪੁੱਥਲ ਦੀ ਯਾਦ ਤਾਜ਼ਾ ਕਰ ਦਿੰਦੀਆਂ ਹਨ ਜੋ ਕੁਰਾਨ ਸ਼ਰੀਫ਼ ਦੀ ਦੇਖ ਰੇਖ ਹੇਠ ਪੰਜਾਬ ਦੀ ਧਰਤੀ ਤੇ ਮੁਸਲਮਾਨੀ ਧਰਮ ਦੀ ਸਥਾਪਤੀ ਦਾ ਅੰਗ ਬਣ ਗਈ ਸੀ। ਸੈਂਕੜੇ ਸਾਲ ਜਨ-ਜੀਵਨ ਨੂੰ ਪੇਸ਼ ਆਈ ਲੁੱਟ-ਖਸੁੱਟ, ਅੱਗਜ਼ਨੀ, ਮਾਰਧਾੜ ਤੇ ਕਤਲੇਆਮ ਨੂੰ ਇਸ ਸਥਾਪਨਾ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਇਸਦੇ ਬਾਵਜੂਦ ਜੇ ਪੰਜਾਬ ਵਿਚ ਇਸਲਾਮੀ ਧਰਤ ਪ੍ਰਵਾਨ ਚੜ੍ਹਿਆ ਤਾਂ ਸੱਤਾ, ਸੋਸ਼ਣ ਤੇ ਸਜ਼ਾ ਦੇ ਪਰਿਣਾਮ ਸਰੂਪ ਨਹੀਂ ਸੀ। ਇਹ ਸੀ ਸੂਫ਼ੀ ਮੱਤ ਦੀ ਪ੍ਰੇਰਣਾ ਸਦਕਾ ਜਿਸਦੇ ਪ੍ਰਥਮ ਪ੍ਰਵਕਤਾ ਸ਼ੇਖ਼ ਫ਼ਰੀਦ ਦੇ ਪੰਜਾਬ ਵਿਚ ਆ ਵਸੇਬਾ ਕਰਨ ਨੂੰ ਇਉਂ ਵਡਿਆਇਆ ਗਿਆ ਹੈ :

*ਸ਼ਕਰ-ਗੰਜ ਹੈ ਆਣ ਮਕਾਮ ਕੀਤਾ*
*ਦੁੱਖ ਦਰਦ ਪੰਜਾਬ ਦਾ ਦੂਰ ਹੈ ਜੀ।* (ਪੰਨਾ-30)

ਇਸ ਤਰ੍ਹਾਂ ਮਾਧਿਅਮ ਤਾਂ ਭਾਵੇਂ ਸੂਫ਼ੀ ਮੱਤ ਸੀ ਲੇਕਿਨ ਪੰਜਾਬ ਦੇ ਵਡੇਰੇ ਭਾਗ ਵਿਚ ਸਥਾਪਨਾ ਕੁਰਾਨ ਸ਼ਰੀਫ਼ ਦੀ ਦੇਖ ਰੇਖ ਹੇਠ ਮੁਸਲਮਾਨੀ ਧਰਮ ਦੀ ਹੀ ਹੋਈ ਸੀ। ਨਤੀਜੇ ਵਜੋਂ ਵਾਰਿਸ ਸ਼ਾਹ ਲਈ ਨੈਤਿਕ ਤੌਰ 'ਤੇ ਇਸਲਾਮੀ ਧਰਮ ਤੋਂ ਹੀ ਨਹੀਂ ਸਗੋਂ ਸੱਤਾ, ਸ਼ਾਸਨ, ਸੋਸ਼ਣ ਤੇ ਸਜ਼ਾ ਨਾਲ ਪ੍ਰਣਾਏ ਇਸਦੇ ਸੰਦਰਭ ਤੋਂ ਮੁਨਕਰ ਹੋਣਾ ਅਸੰਭਵ ਸੀ। ਇਸ ਵਿਚਾਰਧਾਰਾਈ ਅੜਿੱਚਣ ਨੂੰ ਪਾਰ

ਕਰਨ ਲਈ ਉਹ ਬਦਲਵੀਂ ਜੁਗਤ ਵਰਤ ਸਕਦਾ ਸੀ। ਇਸ ਬਦਲਵੀ ਜੁਗਤ ਕਾਰਨ ਹੀ ਉਹਨੂੰ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਤੇ ਦਲਾਂ ਦੀ ਲੁੱਟ-ਖਸੁੱਟ ਸ਼ਕਤੀ ਦੇ ਪ੍ਰਤੀਕ ਹੀ ਭਾਸਦੇ ਹਨ ਜਿਨ੍ਹਾਂ ਦੇ ਪਰਿਣਾਮ ਸਰੂਪ ਵਾਪਰੀ ਵਹਿਸ਼ਤ ਦੇ ਦਹਿਸ਼ਤ ਨਾਲੋਂ ਲਿੰਗਕ ਭੇਦ-ਭਾਵ, ਕਾਮੁਕ ਸੁਆਦ ਤੇ ਵਾਸ਼ਨੀ ਥਰਥਾਹਟ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਸ ਸੰਦਰਭ ਵਿਚ ਨਿਚਲੀਆਂ ਦੋ ਤੁਕਾਂ ਦਾ ਹਵਾਲਾ ਹੀ ਕਾਫ਼ੀ ਹੈ ਜਿਨ੍ਹਾਂ ਵਿਚ ਕ੍ਰਮਵਾਰ ਜੋਗੀ ਦੀ ਕੁੜੀਆਂ ਹੱਥੋਂ ਤੇ ਇਕ ਕੁੜੀ ਕੌਲਾਂ ਦੀ, ਜੋਗੀ ਹੱਥੋਂ ਮਾਰ-ਕੁਟਾਈ ਵੱਲ ਸੰਕੇਤ ਹੈ:

*ਵਾਰਸ ਸ਼ਾਹ ਜਿਉਂ ਦਲਾਂ ਪੰਜਾਬ ਲੁੱਟੀ*
*ਤਿਵੇਂ ਜੋਗੀ ਨੂੰ ਲੁੱਟਿਆ ਡਾਰੀਆਂ ਨੇ।* (ਪੰਨਾ-248)

*ਅਹਿਮਦ ਸ਼ਾਂਹ ਵਾਂਗੂੰ ਮੇਰੇ ਵੈਰ ਪੈ ਕੇ*
*ਪੁੱਟ ਹਿੰਦ ਦੇ ਚੱਕ ਦਾ ਤਾਲ ਕੀਤੋ।* (ਪੰਨਾ-249)

ਹੈਰਾਨੀ ਦੀ ਗੱਲ ਨਹੀਂ ਕਿ ਕੁਰਾਨ ਸ਼ਰੀਫ਼ ਵਿਚੋਂ ਲਈਆਂ ਗਈਆਂ ਆਇਤਾਂ ਵੱਲੋਂ ਵਰੋਸਾਈ ਵਿਚਾਰਧਾਰਾਈ ਪਰਤ ਸੁੰਗੜ ਕੇ ਰਹਿ ਜਾਂਦੀ ਹੈ। ਇਸ ਵੱਲ ਰੁਚਿਤ ਹੋਣ ਦੇ ਬਾਵਜੂਦ ਵਾਰਿਸ ਸ਼ਾਹ ਆਪਣੇ ਸ਼ਾਹਕਾਰ ਵਿਚ ਇਸਨੂੰ ਪ੍ਰਫੁੱਲਤ ਕਰਨ ਦਾ ਯਤਨ ਨਹੀਂ ਕਰਦਾ। ਜੇ ਕੋਈ ਯਤਨ ਕਰਦਾ ਵੀ ਹੈ ਤਾਂ ਇਹ ਇਸ ਤਰ੍ਹਾਂ ਦਾ ਸਰੋਕਾਰ ਨਹੀਂ ਬਣਦਾ ਜਿਸ ਨਾਲ ਉਸਦੀ ਸੁਚੇਤ ਤੇ ਅਚੇਤ ਸਮਰੱਥਾ ਦਾ ਪ੍ਰਣਾਇਆ ਜਾਣਾ ਲਾਜ਼ਮੀ ਬਣ ਜਾਂਦਾ ਹੋਵੇ।

— ਅ —

ਸੂਫ਼ੀ ਮੱਤ ਤੋਂ ਪ੍ਰੇਰਿਤ ਵਿਚਾਰਧਾਰਾ ਨਾਲ ਵੱਖਰੀ ਤਰ੍ਹਾਂ ਦੀਆਂ ਸੰਭਾਵਨਾਵਾਂ ਆ ਜੁੜਦੀਆਂ ਹਨ। ਯਾਰਾਂ ਦੀ ਫਰਮਾਇਸ਼ ਤੇ "ਕਿੱਸਾ ਅਜਬ ਬਹਾਰ" (ਪੰਨਾ 30) ਵਜੋਂ ਰਚਿਆ ਗਿਆ ਹੀਰ ਵਾਰਿਸ ਸ਼ਾਹ ਦਾ ਸ਼ਾਹਕਾਰ ਆਰੰਭ ਵਿਚ ਹੀ ਨਹੀਂ ਸਗੋਂ ਅੰਤ ਵਿਚ ਅਜਿਹੀ ਤਮਸੀਲ ਨੂੰ ਮੁੱਖ ਭੂਮੀ ਵਿਚ ਲੈ ਆਉਂਦਾ ਹੈ ਜਿਸ ਨਾਲ ਸੂਫ਼ੀ ਮੱਤ ਤੋਂ ਪ੍ਰੇਰਿਤ ਵਿਚਾਰਧਾਰਾ ਡੁੱਲ੍ਹ ਡੁੱਲ੍ਹ ਪੈਂਦੀ ਹੈ। ਇਸਦਾ ਆਰੰਭ 'ਹਮਦ' ਜਾਂ ਮਹਿਮਾ ਨਾਲ ਹੁੰਦਾ ਹੈ ਜੋ ਇਸ ਪ੍ਰਕਾਰ ਹੈ:

*ਅਵਲ ਹਮਦ ਖ਼ੁਦਾ ਦਾ ਵਿਰਦ ਕੀਜੇ*
*ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।*
*ਪਹਿਲਾਂ ਆਪ ਅਲਹ ਨੇ ਇਸ਼ਕ ਕੀਤਾ*
*ਤੇ ਮਸ਼ੂਕ ਹੈ ਰਬੀ ਰਸੂਲ ਮੀਆਂ।*
*ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ*
*ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।*
*ਖੁੱਲ੍ਹੇ ਤਿਨ੍ਹਾਂ ਦੇ ਬਾਬ ਕਲੂਬ ਅੰਦਰ*
*ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।* (ਪੰਨਾ-28)

ਇਹਨਾਂ ਸਤਰਾਂ ਵਿਚ ਇਸ਼ਕ ਜ਼ਿੰਦਗੀ ਦੇ ਹੀ ਨਹੀਂ ਸਗੋਂ ਕੁੱਲ ਕਾਇਨਾਤ ਦੇ ਮੂਲ ਵਜੋਂ ਉਭਰਦਾ ਚਿਤਵਿਆ ਗਿਆ ਹੈ। ਸੀਰ ਤੇ ਸਾਰ ਵਜੋਂ ਹੀ ਨਹੀਂ ਸਗੋਂ ਸੀਰਤ ਤੇ ਸੂਰਤ ਪੱਖੋਂ ਇਸ਼ਕ ਕੁਰਾਨ ਸ਼ਰੀਫ਼ ਵੱਲੋਂ ਅਨਿਵਾਰੀ ਠਹਿਰਾਈ ਸ਼ਰ੍ਹਾ ਤੇ ਸੱਤਾ ਦੇ ਵਿਰੁੱਧ ਭੁਗਤਦਾ ਹੈ ਜੋ ਸ਼ਾਸਣ, ਸੋਸ਼ਣ ਤੇ ਸਜ਼ਾ ਨਾਲ ਨਾਤਾ ਜੋੜਣ ਨੂੰ ਗ਼ੈਰ-ਕੁਦਰਤੀ ਤਸੱਵਰ ਨਹੀਂ ਕਰਦੀਆਂ ਸਨ। ਇਸ਼ਕ ਦੇ ਤਸੱਵਰ ਵਿਚ ਇਸ ਨਾਲੋਂ ਵਧੇਰੇ ਗ਼ੈਰ-ਕੁਦਰਤੀ ਗੱਲ ਕੋਈ ਹੋਰ ਨਹੀਂ ਹੋ ਸਕਦੀ ਸੀ ਕਿਉਂਕਿ ਜੋ ਸੱਚ, ਸੁੰਦਰਤਾ, ਸਹਿਜ ਤੇ ਨੇਕੀ ਜਿਵੇਂ ਆਸ਼ਿਕ ਮਸ਼ੂਕ ਦੇ ਪਰਸਪਰ ਸੰਬੰਧ ਵਿਚ ਰਚਦੇ-ਮਿਚਦੇ ਹਨ ਹੋਰ ਕਿਤੇ ਵੀ ਰਾਖਵੇਂ ਨਹੀਂ ਲੱਗਦੇ। ਇਸੇ ਕਾਰਨ ਤੇ ਸ਼ਾਇਦ ਜਾਤੀ ਜ਼ਿੰਦਗੀ ਵਿਚ ਸ਼ਰ੍ਹਾ ਜਾਂ ਸੱਤਾ ਹੱਥੋਂ ਕੁੰਠਾ ਅਨੁਭਵ ਕਰਨ ਕਰਕੇ ਇਸ ਸ਼ਾਹਕਾਰ ਦਾ ਕਰਤਾ ਇਸ਼ਕ ਦੀ ਮਹਿਮਾ ਵਿਚ ਤਰਕ ਦੀਆਂ ਸੀਮਾਵਾਂ ਪਾਰ ਕਰ ਜਾਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਉਹ ਇਸ਼ਕ ਨੂੰ ਅਲਾਹ ਜਾਂ ਰੱਬ ਜਿਸਨੂੰ ਸਰਬ-ਵਿਆਪਕ, ਸਰਬ-ਸ਼ਕਤੀਮਾਨ ਤੇ ਸਰਬ-ਗਿਆਨੀ ਮੰਨਿਆ ਗਿਆ ਹੈ ਨਾਲੋਂ ਪ੍ਰਥਮ ਤੇ ਉਚੇਰਾ ਦਰਸਾਉਣਾ ਸਵਾਬ ਦਾ ਕੰਮ ਸਮਝਦਾ ਹੈ।

ਇਸ ਸੰਦਰਭ ਵਿਚ ਜਿੰਨਾ ਉਹ ਤਰਕ ਦੀਆਂ ਸੀਮਾਵਾਂ ਤੋਂ ਪਾਰ ਜਾਂਦਾ ਹੈ ਉਤਨਾ ਜਨ-ਸਾਧਾਰਨ ਨੂੰ ਇਸ਼ਕ ਦਾ ਪਾਤਰ ਮਿਥਣ ਤੋਂ ਵੀ ਸੰਕੋਚ ਨਹੀਂ ਕਰਦਾ। ਇਸ ਦਾ ਪ੍ਰਮਾਣ ਹੀਰ ਵਾਰਿਸ ਸ਼ਾਹ ਦੇ ਅੰਤ ਤੋਂ ਮਿਲ ਜਾਂਦਾ ਹੈ ਜਿਥੇ ਇਸਦਾ ਖ਼ੁਲਾਸਾ ਕਲਮਬੰਦ ਕਰਦਾ ਹੋਇਆ ਉਹ ਇਸ ਪਰਿਣਾਮ ਤੇ ਪਹੁੰਚ ਜਾਂਦਾ ਹੈ:

*ਹੀਰ ਰੂਹ ਤੇ ਚਾਕ ਕਲਬੂਤ ਜਾਣੋਂ*
*ਬਾਲ ਨਾਥ ਇਹ ਪੀਰ ਬਣਾਇਆ ਈ।*

# *ਵਾਰਿਸ ਦੀ ਪ੍ਰੇਮਾਤਮਕਤਾ* / ਡਾ. ਗੁਰਭਗਤ ਸਿੰਘ



ਗੁਰਬਾਣੀ ਦਾ ਵਾਹਿਗੁਰੂ 'ਪ੍ਰੀਤਮ' ਹੈ ਅਤੇ ਇਹ ਇਸ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ। ਉਸ ਨਾਲ ਸਰਬ-ਕੇਂਦ੍ਰਿਤ 'ਆਸ਼ਕੀ' ਹੀ ਮੁਕਤ ਕਰਦੀ ਹੈ। ਜੇ ਉਸ ਨਾਲ ਪ੍ਰੇਮ ਖੇਲਣਾ ਹੈ ਤਾਂ ਤਲੀ ਉੱਤੇ ਸਿਰ ਧਰ ਕੇ ਆਉਣਾ ਪੈਂਦਾ ਹੈ। (ਸ੍ਰੀ ਗੁਰੂ ਗ੍ਰੰਥ ਸਾਹਿਬ, 1412)। ਇਹ ਬਿਨਾ ਦ੍ਵੈਤ 'ਆਸ਼ਕੀ' ਹੈ (ਉਹੀ, 474)। ਇਹ ਪਿਆਰੇ ਨਾਲ 'ਨੇਹੁ' ਹੈ। ਭਾਵੇਂ 'ਕੰਬਲੀ' ਭਿੱਜ ਜਾਏ ਅਤੇ ਧੂੰਆਂਧਾਰ ਮੀਂਹ ਵਰ੍ਹ ਰਿਹਾ ਹੋਵੇ ਤਾਂ ਵੀ ਮਿਲਣ ਦਾ ਵਾਇਦਾ ਪੂਰਾ ਕਰਨਾ ਹੁੰਦਾ ਹੈ (ਉਹੀ, 1379)।

ਚਿੰਨ੍ਹ ਦੀ ਇਹ ਪ੍ਰੇਮਾਤਮਕਤਾ ਜੋ ਕਰਿਟਿਕ ਵੀ ਹੋਵੇ ਅਤੇ ਹਾਂ-ਪੱਖੀ ਪੁਜ਼ੀਸ਼ਨ ਵੀ, ਪੰਜਾਬੀ ਸਾਹਿਤ ਦੀ ਨਿਰੰਤਰ ਅਤੇ ਪ੍ਰਤੀਨਿਧ ਪ੍ਰਾਪਤੀ ਹੈ। ਇਸ ਦੀ ਬਹੁਤ ਤੀਬਰ ਅਭਿਵਿਅਕਤੀ ਕਿੱਸਾ ਸਾਹਿਤ ਵਿਚ ਹੈ। ਵਾਰਿਸ ਸ਼ਾਹ ਦੀ ਹੀਰ ਇਸ ਪ੍ਰਾਪਤੀ ਦੀ ਸਭ ਤੋਂ ਵੱਡੀ ਅਤੇ ਬਲਵੰਤ ਉਦਾਹਰਨ ਹੈ। ਵਾਰਿਸ ਦੀ ਹੀਰ ਦੀਆਂ ਮੁੱਢਲੀਆਂ ਸਤਰਾਂ ਇਹ ਹਨ : *ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਜੈ...*

ਜਗਤ ਦਾ ਸਿਰਜਣਹਾਰ ਖ਼ੁਦਾ ਹੀ ਸਭ ਤੋਂ ਪਹਿਲਾ ਆਸ਼ਕ ਹੈ, ਨਬੀ ਰਸੂਲ (ਪੈਗ਼ੰਬਰ ਮੁਹੰਮਦ) ਉਸ ਦੀ ਮਾਸ਼ੂਕ ਹੈ। ਮਨੁੱਖ ਦੀ ਪੂਰੀ ਪ੍ਰਫੁੱਲਤਾ ਨਹੀਂ ਹੋ ਸਕਦੀ, ਖੇੜਾ ਨਹੀਂ ਆ ਸਕਦਾ ਜਦੋਂ ਤਕ ਉਸ ਨੇ ਇਸ਼ਕ ਨੂੰ ਆਪਣੇ ਜੀਵਨ ਦਾ ਧੁਰਾ ਨਾ ਬਣਾਇਆ ਹੋਵੇ। ਵਾਰਿਸ ਨੇ ਰੱਬ ਅਤੇ ਉਸ ਦੇ ਜਗਤ ਅਤੇ ਉਸ ਦੇ ਪੈਗ਼ੰਬਰ, ਸਭ ਨੂੰ ਇਸ਼ਕ ਜਾਂ ਪ੍ਰੇਮ, ਸ਼ਕਤੀ ਨਾਲ ਹੀ ਜੋੜਿਆ ਹੈ। ਸਮੁੱਚੀ, ਸਿਰਜਣਾ, ਸਿਰਜਣਹਾਰ ਅਤੇ ਜੀਵਾਂ ਦਾ ਪ੍ਰਧਾਨ ਸਿਗਨੀਫਾਈਡ ਇਸ਼ਕ ਹੀ ਹੈ ਅਤੇ ਉਨ੍ਹਾਂ ਦੀ ਪ੍ਰਧਾਨ ਪ੍ਰਕਿਰਿਆ ਅਤੇ ਉਸ ਦੇ ਅਹਿਲਕਾਰ ਵੀ ਉਸੇ ਮਾਡਲ ਦੇ ਦਮਨਕਾਰੀ ਅਧਿਕਾਰੀ ਹੋ ਗਏ। ਇਨ੍ਹਾਂ ਚਿੰਨ੍ਹਾਂ ਦੇ ਅਨੁਕਰਣ ਨਾਲ ਹੀ ਸਮਾਜ ਸੰਗਠਿਤ ਹੋਣ ਲੱਗੇ। ਅਵਚੇਤਨ ਵੀ ਦਾਮਨਿਤ ਹੋ ਗਿਆ। ਪ੍ਰੇਮਾਤਮਕ ਊਰਜਾ ਵੀ ਪਰਤੰਤ ਕਰ ਲਈ ਗਈ। ਇਸ ਦਾਮਨਿਤ ਸਥਿਤੀ ਵਿਚ ਅਵਚੇਤਨ ਦੀ ਨਿੱਜੀ ਲਾਮਬੰਦੀ ਵੀ ਜ਼ਰੂਰੀ ਹੋ ਗਈ।

ਵਾਰਿਸ ਦੀ *ਹੀਰ* ਅਤੇ ਉਸ ਦੇ ਬਿਰਤਾਂਤ ਨੂੰ ਵੀ ਇਸੇ ਪ੍ਰਸੰਗ ਵਿਚ ਸਮਝਣਾ ਚਾਹੀਦਾ ਹੈ। **ਵਾਰਿਸ ਦੀ ਪਰਮ ਪ੍ਰਾਪਤੀ ਉਸ ਦਾ ਪ੍ਰੇਮਾਤਮਕਤਾ ਦੀ ਅਗਨ ਨਾਲ ਲਬਰੇਜ਼ ਬਿਰਤਾਂਤ ਵੀ ਹੈ।** ਉਸ ਦੇ ਚਿੰਨ੍ਹਾਂ ਦੇ ਸਿਗਨੀਫਾਇਰ ਜਾਂ ਧੁਨੀ-ਪ੍ਰਬੰਧ, ਆਪਣੀ ਵਿਰੋਧੀ ਅਤੇ ਟਕਰਾਉ ਧੁਨੀ-ਲੜੀਆਂ ਵਿਚ ਬਣਾਏ ਹਰ ਖਿਣ ਬਣਦੇ ਭਾਵੁਕ ਜੋੜ ਹਨ। ਰੋਮਨ ਜਾਕਬਸਨ ਦੇ ਅਰਥਾਂ ਵਿਚ ਉਹ ਅਨੁਨਾਸਕ, ਸਖ਼ਤ, ਨਰਮ ਆਦਿ ਭਾਸ਼ਾਈ/ਧੁਨੀ ਵਿਸ਼ੇਸ਼ਤਾਵਾਂ (features) ਹਨ ਜਿਨ੍ਹਾਂ ਦੇ ਤਣਾਉ ਵਿਚੋਂ ਅਵਚੇਤਨ ਦੀ ਨਿੱਜੀ ਲਾਮਬੰਦੀ ਉੱਭਰਦੀ ਹੈ। ਜਿਵੇਂ ਉੱਪਰ ਦਿੱਤੀ ਟੂਕ ਵਿਚ ਜਦੋਂ ਹੀਰ ਕਹਿੰਦੀ ਹੈ "ਲੈ ਜਾਵੇ ਮੈਨੂੰ ਭੱਜਾਂ ਪਿੱਟੜੀ ਨੂੰ, ਕਈ ਗੈਬ ਦਾ ਸੂਲ ਕਿ ਤਾਪ ਆਵੇ" ਤਾਂ ਇਸ ਵਿਚ ਅਨੁਨਾਸਕ ਧੁਨੀਆਂ (ਮੈਨੂੰ, ਨੂੰ, ਭੱਜਾਂ) ਸਖ਼ਤ ਅਤੇ ਲੰਮੇਰੀਆਂ ਧੁਨੀਆਂ (ਪਿੱਟੜੀ, ਲੈ ਜਾਵੇ) ਨਾਲ ਟਕਰਾਉਂਦੀਆਂ ਹਨ। ਇਨ੍ਹਾਂ ਵਿਚ ਦੂਜਾ ਟਕਰਾਉ ਅਰਥਸ਼ਾਸਤਰੀ ਵੀ ਹੈ। "ਗੈਬ" ਪਰਾਭੌਤਿਕਤਾ ਅਤੇ ਦੈਵਿਤਾ ਸੁਝਾਉਂਦਾ ਹੈ ਪਰ ਇਹ "ਸੂਲ" ਅਤੇ "ਤਾਪ" ਦੇ ਪਦਾਰਥਕ ਅਰਥ-ਵਿਰੋਧ ਵਿਚ ਸਥਿਤ ਹੈ। ਹੀਰ ਦੀ ਪ੍ਰੇਮਾਤਮਕਤਾ ਇਨ੍ਹਾਂ ਵਿਰੋਧੀ ਭਾਸ਼ਾਈ ਵਿਸ਼ੇਸ਼ਤਾਵਾਂ ਅਤੇ ਧੁਨੀ ਤਣਾਵਾਂ ਵਿਚ ਅਭਿਵਿਅਕਤ ਹੁੰਦੀ ਹੈ। ਵ

---

*ਪੰਜ ਪੀਰ ਨੀ ਪੰਜ ਹਵਾਸ ਤੇਰੇ*
*ਜਿਨ੍ਹਾਂ ਥਾਪਨਾ ਤੁਧ ਨੂੰ ਲਾਇਆ ਈ।*

*ਅਦਲੀ ਰਾਜਾ ਨੇ ਨੇਕ ਆਮਾਲ ਤੇਰੇ*
*ਜਿਸ ਹੀਰ ਈਮਾਨ ਦਿਵਾਇਆ ਈ।*
*ਵਾਰਿਸ ਸ਼ਾਹ ਮੀਆਂ ਬੇੜਾ ਪਾਰ ਤੇਰਾ*
*ਕਲਮਾ ਪਾਕ ਜ਼ੁਬਾਨ ਤੇ ਆਇਆ ਈ।* (ਪੰਨਾ-326)

ਅੰਤਲੇ ਮਿਸਰੇ ਵਿਚ ਆਪਣੇ ਸ਼ਾਹਕਾਰ ਨੂੰ 'ਕਲਮਾ ਪਾਕ ਜ਼ੁਬਾਨ ਤੇ ਆਇਆ' ਗਰਦਾਨਣ ਤੋਂ ਪਹਿਲਾਂ ਕਿੱਸਾਕਾਰ ਪੰਜਾਂ ਪੀਰਾਂ ਦੀ ਪੰਜ ਹਵਾਸ, ਕੈਦੋ ਦੀ ਸ਼ੈਤਾਨ ਮਲਊਨ, ਅਯਾਲੀ ਦੀ ਮੁਨਕਰ ਨਕੀਰ, ਹੀਰ ਦੀਆਂ ਸਹੇਲੀਆਂ ਦੀ ਮਨ ਦੀ ਮੌਜ, ਵੰਝਲੀ ਦਾ ਹਵਸ ਦਾ ਰਾਗ ਤੇ ਤ੍ਰਿੰਞਣ ਦੀ ਬਦਅਮਲੀਆਂ ਵਜੋਂ ਨਿਸ਼ਾਨਦੇਹੀ ਕਰਦਾ ਹੈ। ਇਸ ਪ੍ਰਕਾਰ ਹੀਰ ਵਾਰਿਸ ਸ਼ਾਹ ਦੇ ਤਮਸੀਲੀ ਜਾਂ ਅਨਿਉਕਤੀਮਈ ਵਿਧਾ ਵਿਚ ਢਲ ਜਾਣ ਲਈ ਜ਼ਮੀਨ ਤਿਆਰ ਹੋ ਜਾਂਦੀ ਹੈ। ਇਸਦੀ ਮੁੱਖ ਭੂਮੀ ਵਿਚ ਪੇਸ਼ਕਾਰੀ ਤੋਂ ਪ੍ਰਤੱਖ ਹੈ ਕਿ ਕਰਤਾ ਦੀ ਇਸਨੂੰ ਆਪਣੀ ਸੂਫ਼ੀ ਮੱਤ ਨਾਲ ਲਗਾਵ ਦਰਸਾਉਣ ਵਾਲੀ ਵਿਚਾਰਧਾਰਾ ਦਾ ਮਾਧਿਅਮ ਬਣਾਉਣ ਦੀ ਪੂਰੀ ਉਤੇਜਨਾ ਹੈ। ਇਸ ਪੇਸ਼ਕਾਰੀ ਵਿਚ ਤੀਬਰਤਾ ਦੀ ਵੀ ਘਾਟ ਨਹੀਂ ਜਿਸ ਕਾਰਨ ਪਾਠਕ-ਜਗਤ ਦੀ ਸਰਵੱਤਰ ਦਿਲਚਸਪੀ ਤੇ ਚਿੰਤਨ-ਪ੍ਰੇਰਿਕ ਦ੍ਰਿਸ਼ਟੀ ਦੀ ਚਿੰਤਾ ਦਾ ਇਹ ਬਰਾਬਰ ਕਾਰਨ ਬਣੀ ਰਹਿੰਦੀ ਹੈ। ਇਸ ਸਭ ਕੁਝ ਦੇ ਬਾਵਜੂਦ ਹੀਰ ਵਾਰਿਸ ਸ਼ਾਹ ਅੰਸ਼ਕ ਰੂਪ ਵਿਚ ਹੀ ਤਮਸੀਲੀ ਜਾਂ ਅਨਿਉਕਤੀਮਈ ਬਣ ਕੇ ਸੂਫ਼ੀ ਮੱਤ ਤੋਂ ਪ੍ਰੇਰਿਤ ਵਿਚਾਰਧਾਰਾ ਦਾ ਮਾਧਿਅਮ ਬਣ ਸਕੀ ਹੈ।

ਇਹ ਕਹਿਣਾ ਵੀ ਉੱਚਿਤ ਨਹੀਂ ਹੋਵੇਗਾ ਕਿ ਕਰਤਾ ਦੀ ਸੂਫ਼ੀ ਮੱਤ ਤੋਂ ਪ੍ਰੇਰਿਤ ਵਿਚਾਰਧਾਰਾ ਤਮਸੀਲ ਤਕ ਹੀ ਸੀਮਤ ਹੈ। ਕਈ ਢੰਗਾਂ ਨਾਲ ਇਹ ਅੱਗੇ ਬਾਕੀ ਪਾਠ ਨੂੰ ਵੀ ਕਲਾਵੇ ਵਿਚ ਲੈਣਾ ਲੋੜਦੀ ਹੈ। ਅੰਤਰ ਕੇਵਲ ਇਹੋ ਬਣਦਾ ਹੈ ਕਿ ਜਿਉਂ ਜਿਉਂ ਇਸਦੇ ਰੰਗ ਭਾ ਮਾਰਨ ਲੱਗਦੇ ਹਨ ਤਿਉਂ-ਤਿਉਂ ਵਿਪਰੀਤ ਪ੍ਰਕਿਰਿਆ ਵੀ ਆਰੰਭ ਹੋ ਜਾਂਦੀ ਹੈ। ਸਹਿਜ ਭਾਵ ਵਿਚਰ ਰਹੀ ਜ਼ਿੰਦਗੀ ਦੀ ਸੂਰਤ ਤੇ ਇਸਦੇ ਸੀਰ ਨੇ ਇਸ ਵਿਚਾਰਧਾਰਾ ਦੀ ਰੰਗਤ ਗ੍ਰਹਿਣ ਕਰ ਕੇ ਸੀਰਤ ਤੇ ਮਾਰ ਵਲ ਇਸਦੀ ਪ੍ਰਕਿਰਿਆ ਨੂੰ ਮੋੜਿਆ ਹੀ ਹੁੰਦਾ ਹੈ ਕਿ ਕੋਈ ਅਸੁਖਾਵੀਂ ਜਾਂ ਹਟਵੀਂ ਘਟਨਾ ਆ ਵਾਪਰਦੀ ਹੈ। ਇਸਦੇ ਫਲਸਰੂਪ ਉਹ ਸਭ ਕੁਝ ਜੋ ਜ਼ਿੰਦਗੀ ਦੀ ਤਹਿ ਦੇ ਹੇਠਾਂ ਇਸ ਵਿਚਾਰਧਾਰਾ ਦੇ ਸੁਖਾਵੇਂ ਪ੍ਰਭਾਵ ਅਧੀਨ ਬੇਅਸਰ ਹੋਇਆ ਹੁੰਦਾ ਹੈ ਫੇਰ ਆਪਣੀ ਮਾਰ ਤੇ ਬੇਕਿਰਕ ਅਸਰ ਦਿਖਾਉਣ ਲੱਗ ਪੈਂਦਾ ਹੈ। ਨਤੀਜੇ ਵਜੋਂ ਸੁੱਖਾਂ ਲੱਦੇ ਆਸ਼ਕ ਮਸ਼ੂਕ ਦੇ ਸਿਰਾਂ ਤੇ ਦੁੱਖਾਂ ਦਾ ਪਹਾੜ ਆ ਨਾਜ਼ਲ ਹੁੰਦਾ ਹੈ। ਫੇਰ ਤਾਂ ਇਹ ਧਾਰਨਾ ਕਿ ਸੂਫ਼ੀ ਮੱਤ ਸਦਕਾ ਪੰਜਾਬ ਦਾ ਦੁੱਖ ਦਰਦ ਦੂਰ ਹੋ ਗਿਆ ਹੈ, ਭੁਲਾਵੇ ਤੋਂ ਵੱਧ ਕੁਝ ਨਹੀਂ ਰਹਿੰਦੀ। ਸੱਚੀ ਦੀ ਥਾਂ ਇਹ ਕੱਚੀ ਚੇਤਨਾ ਦਾ ਹੀ ਪ੍ਰਤੀਬਿੰਬ ਬਣ ਜਾਂਦੀ ਹੈ।

ਇਸ ਪ੍ਰਸੰਗ ਵਿਚ ਤਖ਼ਤ ਹਜ਼ਾਰੇ ਦੀ ਮਿਸਾਲ ਲਈ ਜਾ ਸਕਦੀ ਹੈ। ਇਸ ਵਿਚ 'ਛੈਲ ਗੱਭਰੂ ਮਸਤ ਅਲਬੇਲੜੇ' (ਪੰਨਾ-30) ਵਸਦੇ ਹਨ ਅਤੇ ਇਉਂ ਲੱਗਦਾ ਹੈ ਜਿਵੇਂ 'ਭਿਸ਼ਤ ਜ਼ਮੀਨ ਤੇ ਆਇਆ ਈ'। (ਪੰਨਾ-31) ਨਿਰਸੰਦੇਹ ਪੇਂਡੂ ਜੀਵਨ ਵਿਚਲਾ ਇਹ ਖੇੜਾ ਸੂਫ਼ੀ ਮੱਤ ਦੇ ਪ੍ਰਭਾਵ ਕਾਰਨ ਹੀ ਹੋਇਆ ਹੋਣਾ ਜੋ ਕਾਇਨਾਤ ਦੇ ਕਣ-ਕਣ ਵਿਚ ਇਸ਼ਕ ਨੂੰ ਵਿਚਰਦਾ ਤਸੱਵਰ ਕਰਦਾ ਸੀ। ਇਹ ਖੁਸ਼ਗਵਾਰ ਹਾਲਾਤ ਅਸੁਖਾਵੀਂ ਘਟਨਾ ਦੇ ਵਾਪਰਣ ਤੱਕ ਹੀ ਕਾਰਗਰ ਰਹਿੰਦੇ ਹਨ। ਫੇਰ ਇਸ ਅਸੁਖਾਵੀਂ ਘਟਨਾ ਦੇ ਵਾਪਰਨ ਲਈ ਬਹੁਤੀ ਦੇਰ ਵੀ ਦਰਕਾਰ ਨਹੀਂ, ਬਹੁਤ ਜਲਦੀ ਮੌਜੂ ਚੌਧਰੀ, ਪਾਂਧ ਵਾਲਾ 'ਵੱਡ-ਟੱਬਰਾ ਤੇ ਸ਼ਾਹੂਕਾਰ' ਜਿਸਦੀ 'ਭਾਈਆਂ ਵਿਚ ਪ੍ਰਤੀਤ' ਚਰੋਕਣੀ ਬਣੀ ਹੋਈ ਹੈ, ਦੇਹਾਂਤ ਪਾ ਜਾਂਦਾ ਹੈ। ਉਸਦੇ ਦੇਹਾਂਤ ਪਾਉਣ ਦੀ ਦੇਰ ਹੈ ਕਿ ਸਭ ਕੁਝ ਉਲਟ ਪੁਲਟ ਜਾਂਦਾ ਹੈ ਅਤੇ ਪਿੰਡ ਦੇ ਮੁੱਖ ਪਰਿਵਾਰ ਵਿਚ 'ਪਿਆਰ' ਜਿਸਨੂੰ ਸੂਫ਼ੀ ਮੱਤ ਦੀ ਜ਼ਰੂਰ ਹੀ ਪਾਹ ਲੱਗੀ ਹੋਈ ਹੈ 'ਗ਼ਰਜ਼' (ਪੰਨਾ-31) ਵਿਚ ਤਬਦੀਲ ਹੋ ਜਾਂਦਾ ਹੈ। ਭਾਈਚਾਰਾ ਸ਼ਰੀਕੇ ਦਾ ਰੂਪ ਧਾਰ ਲੈਂਦਾ ਹੈ, ਨਿਆਂ ਦੀ ਥਾਂ ਅਨਿਆਂ ਨੂੰ ਮਿਲ ਜਾਦੀ ਹੈ ਅਤੇ ਪਿਆਰ ਭਰੇ ਸੰਕੇਤਾਂ ਤੇ ਨਹੋਰਿਆਂ ਨਾਲ ਓਤਪੋਤ ਗੱਲਬਾਤ ਉਲਾਂਭਿਆ ਤੇ ਗਾਲੀਆਂ ਨਾਲ ਲੱਥ-ਪੱਥ ਹੋਏ ਜਮਘਟ ਵਿਚ ਤਬਦੀਲ ਹੋ ਜਾਂਦੀ ਹੈ।

ਭਾਵੇਂ ਸਹਿਜ ਭਾਵ ਨਾਲ ਚਲਦੀ ਜ਼ਿੰਦਗੀ ਤੇ ਵਾਰਿਸ ਸ਼ਾਹ ਨੂੰ ਸੂਫ਼ੀ ਮੱਤ ਤੋਂ ਪ੍ਰੇਰਿਤ ਵਿਚਾਰਧਾਰਾ ਦੀ ਡੂੰਘੀ ਛਾਪ ਮਹਿਸੂਸ ਹੁੰਦੀ ਹੈ ਪਰੰਤੂ ਦੋ ਥਾਵਾਂ ਹਨ ਜਿਨ੍ਹਾਂ ਨੂੰ ਇਸ ਤੋਂ ਕੋਰਾ ਦਰਸਾਉਣ ਵਿਚ ਉਸਨੂੰ ਕੋਈ ਸੰਕੋਚ ਨਹੀਂ। ਪਹਿਲੀ ਮਸੀਤ ਹੈ ਜਿਥੇ ਉਲਾਂਭਿਆਂ, ਫਿਟਕਾਰਾਂ, ਗਾਲ੍ਹੀਆਂ, ਡਰਾਵਿਆਂ ਤੇ ਸਜ਼ਾਵਾਂ ਦਾ ਪਾਰਾਵਾਰ ਹੈ। ਇਉਂ ਲੱਗਦਾ ਹੈ ਜਿਵੇਂ ਸੂਫ਼ੀ ਮੱਤ ਤੋਂ ਪ੍ਰੇਰਿਤ ਅਪਣੱਤ, ਰਵਾਦਾਰੀ ਤੇ ਸਾਂਝ ਮੁੱਲਾਂ ਨੂੰ ਛੂਹ ਕੇ ਵੀ ਨਹੀਂ ਗਈ। ਅਨੁਮਾਨ ਹੋ ਸਕਦਾ ਹੈ ਕਿ ਭਾਵੇਂ ਪੰਜਾਬ ਵਿਚ ਇਸਲਾਮੀ ਧਰਮ ਸੂਫ਼ੀ ਮੱਤ ਦੇ ਮਾਧਿਅਮ ਰਾਹੀਂ ਹੀ ਫੈਲਿਆ ਪਰੰਤੂ ਇਸ ਦੀਆਂ ਸੰਸਥਾਵਾਂ ਨੇ ਆਪਣੀ ਬੇਕਿਰਕੀ ਜਿਉਂ ਦੀ ਤਿਉਂ ਕਾਇਮ ਰੱਖੀ ਸੀ। ਦੂਜੀ ਬੇੜੀ ਵਾਲੀ ਘਟਨਾ ਹੈ ਜਿਥੇ ਰਾਂਝੇ ਨੂੰ ਝਨਾਂ ਪਾਰ ਕਰਨ ਲਈ ਮਲਾਹ ਤੇ ਤਰਲੇ ਕਰਨੇ ਪੈਂਦੇ ਹਨ। ਇਥੇ ਵੀ ਉਸ ਅਪਣੱਤ, ਰਵਾਦਾਰੀ ਤੇ ਸਾਂਝ ਦਾ ਮੁਕੰਮਲ ਅਭਾਵ ਹੈ ਜੋ ਸਹਿਜ ਭਾਵ ਚੱਲਦੀ ਜ਼ਿੰਦਗੀ ਵਿਚ ਸਮਾ ਚੁੱਕੀ ਸੀ। ਕਾਰਨ ਸ਼ਾਇਦ ਇਸਦਾ ਇਹ ਹੋਵੇ ਕਿ ਗ੍ਰਾਮੀਨ ਰਹਿਤਲ ਵਿਚ ਇਹ ਹੋਵੇ ਕਿ ਸ਼ਹਿਰੀ ਜੀਵਨ ਦਾ ਪ੍ਰਤੀਕ ਹੈ ਜੋ ਸੂਫ਼ੀ ਮੱਤ ਤੋਂ ਪ੍ਰੇਰਿਤ ਵਿਚਾਰਧਾਰਾ ਦੇ ਉਲਟ ਭੁਗਤਦੀ ਲੱਗਦੀ ਹੈ।

ਸੁਚੇਤ ਰੂਪ ਵਿਚ ਔਰਤ ਮਰਦ ਦਾ ਮੇਲ ਵੀ ਵਾਰਿਸ ਸ਼ਾਹ ਲਈ ਤਦ ਹੀ ਉੱਤਮ ਹੈ ਜੇ ਇਸ਼ਕ ਹਕੀਕੀ ਵਾਲੀ ਰੰਗਤ ਇਸ ਵਿਚ ਘਰ ਕਰ ਗਈ ਹੋਵੇ। ਇਸ ਲਈ ਦੋ ਸ਼ਰਤਾਂ ਅਨਿਵਾਰੀ ਹਨ। ਪਹਿਲੀ ਇਹ ਕਿ ਸ਼ਰ੍ਹਾ ਆਦਿ ਤੀਜੀ ਧਿਰ ਦੀ ਵਿਚੋਲਗੀ ਤੋਂ ਬਿਨਾਂ ਇਹ ਮੇਲ ਪਹਿਲੀ ਨਜ਼ਰੇ ਇਸ਼ਕ ਵਿਚ ਤਬਦੀਲ ਹੋ ਜਾਣਾ ਚਾਹੀਦਾ ਹੈ। ਦੂਜੇ ਇਸ਼ਕ ਮਜਾਜ਼ੀ ਹੋਣ ਦੇ ਬਾਵਜੂਦ ਇਸ ਨੂੰ ਇਸ਼ਕ ਹਕੀਕੀ ਦੇ ਕੁੱਲ ਪ੍ਰਤੀਮਾਨਾਂ 'ਤੇ ਪੂਰਾ ਉਤਰਨਾ ਜ਼ਰੂਰੀ ਹੈ। ਹੀਰ ਰਾਂਝਾ ਦੇ ਇਸ਼ਕ ਨੂੰ ਇਹਨਾਂ ਦੋ ਪ੍ਰਤੀਮਾਨਾਂ 'ਤੇ ਪੂਰਾ ਉੱਤਰਦਾ ਦਰਸਾਉਣ ਲਈ ਇਸ ਸ਼ਾਹਕਾਰ ਦਾ ਕਰਤਾ ਸੁਚੇਤ ਰੂਪ ਵਿਚ ਪ੍ਰਬਲ ਰਹਿੰਦਾ ਹੈ। ਮਿਸਾਲ ਦੇ ਤੌਰ 'ਤੇ ਜਿੰਨੀ ਦੇਰ ਰਾਂਝਾ ਹੀਰ ਦੀ "ਨਖ਼ਸਮੜੀ ਸੇਜ" 'ਤੇ ਘੂਕ ਸੁੱਤਾ ਪਿਆ ਹੈ ਉਹ ਉਸਨੂੰ ਜਿੰਨ ਭੂਤ ਜਾਂ ਮੁਰਦੇ ਦੀ ਨਿਆਈ ਲੱਗਦਾ ਹੈ :

*ਕੋਈ ਤਾਪ ਕਿ ਭੂਤ ਕਿ ਜਿੰਨ ਲੱਗਾ*
*ਇਕੇ ਡਾਇਣ ਕਿਸੇ ਭੁਖ ਲਿਆ ਹੈ ਵੇ।*
*ਵਾਰਿਸ ਸ਼ਾਹ ਨੂੰ ਜਿਉਂਦਾ ਘੂਕ ਸੁਤੋ*
*ਇਕੋ ਮੌਤ ਆਈ ਮਰ ਗਿਆ ਹੈ ਵੇ।* *(ਪੰਨਾ-50)*

ਇਸਦੇ ਉਲਟ ਜਦੋਂ ਰਾਂਝਾ ਅੱਖਾਂ ਖੋਲ੍ਹ ਕੇ ਦੇਖਦਾ ਹੈ ਤੇ ਵਾਸਨਾ ਨਾਲ ਡੁੱਲ੍ਹ-ਡੁੱਲ੍ਹ ਪੈਂਦੀ ਹੀਰ ਉਸਨੂੰ "ਇਸ਼ਕ ਬੋਲਦਾ ਨਢੀ ਦੇ ਥਾਓਂ ਥਾਈਂ" (ਪੰਨਾ-49) ਦਾ ਪ੍ਰਭਾਵ ਦਿੰਦੀ ਹੈ ਤਾਂ ਚਾਰ ਚਸ਼ਮ ਦੀ ਘਮਸਾਨ ਜੰਗ ਜ਼ਰੂਰੀ ਹੋ ਜਾਂਦੀ ਹੈ। ਹੀਰ ਲਈ ਵੀ "ਕੌਣ ਜ਼ਾਤ ਤੇ ਵਤਨ ਕੀ ਸਾਈਆਂ ਦਾ/ਅਤੇ ਜਦ ਦਾ ਕੌਣ ਸੁਦਾਉਨ ਏ" (ਪੰਨਾ 53) ਆਦਿ ਦੁਨੀਆਦਾਰੀ ਵਾਲੇ ਸਵਾਲ ਨਿਰਮੂਲ ਹੋ ਜਾਂਦੇ ਹਨ। ਸਹੇਲੀਆਂ ਦੇ ਸਭ ਚੋਜ ਭੁਲਾ ਕੇ ਉਹ ਇਸ ਤਰ੍ਹਾਂ ਦੇ ਫ਼ੈਸਲਾਕੁੰਨ ਕੌਲ 'ਤੇ ਉੱਤਰ ਆਉਂਦੀ ਹੈ :

*ਮੈਨੂੰ ਬਾਬਲੇ ਦੀ ਕਸਮ ਰਾਂਝਿਆ ਵੇ*
*ਮਰੇ ਮਾਉਂ ਜੇ ਤੁਧ ਥੀਂ ਮੁਖ ਮੋੜਾਂ।*
*ਤੇਰੇ ਬਾਝ ਤੁਆਮ ਹਰਾਮ ਮੈਨੂੰ*

# *ਹੀਰ ਵਾਰਿਸ ਸ਼ਾਹ* / ਮਹਿਮੂਦ ਅਵਾਣ



ਵਾਰਿਸ ਸ਼ਾਹ ਤੋਂ ਪਹਿਲਾਂ ਹੀਰ ਦੇ ਕਿੱਸੇ ਦੀ ਲਿਸ਼ਕ ਸ਼ਾਹ ਹੁਸੈਨ (1539-1597), ਭਾਈ ਗੁਰਦਾਸ (1551-1629), ਪੀਲੂ (1580-1675) ਤੇ ਹਾਫ਼ਿਜ਼ ਬਰਖ਼ੁਰਦਾਰ ਦੀਆਂ ਕਿਰਤਾਂ 'ਚ ਪੈਂਦੀ ਹੈ। ਪੰਜ ਦਰਿਆਵਾਂ ਦੀ ਇਸ ਧਰਤੀ ਦੀਆਂ ਸੱਭੇ ਜਾਤਾਂ ਤੇ ਧਰਮਾਂ ਨੂੰ ਇਕੋ ਮਾਲਾ 'ਚ ਪਰੋਣ ਵਾਲੀ ਸਭ ਤੋਂ ਸੁੱਚੀ ਲਿਖਤ ਹੀਰ ਵਾਰਿਸ ਸ਼ਾਹ ਹੈ।

ਹੀਰ ਦੇ ਕਿੱਸੇ ਦੀ ਮੁਸ਼ਤਰਕਾ ਮਲਕੀਅਤ, ਪੰਜਾਬੀਅਤ ਦੇ ਤਸੱਵਰ ਦਾ ਦੂਸਰਾ ਨਾਂ ਬਣ ਗਈ ਹੈ। ਜਲ੍ਹਿਆਂ ਵਾਲੇ ਬਾਗ ਦੇ ਕਾਂਡ ਵੇਲੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਡਾਇਰ ਨੂੰ ਮਾਰਨ ਵਾਲੇ ਸ਼ਹੀਦ ਊਧਮ ਸਿੰਘ ਨੇ ਲੰਡਨ ਦੀ ਅਦਾਲਤ 'ਚ ਸਹੁੰ ਖਾਣ ਲਈ ਕਿਸੇ ਧਰਮ ਗ੍ਰੰਥ ਦੀ ਥਾਂ ਹੀਰ ਮੁਕਬਲ ਨੂੰ ਤਰਜੀਹ ਦਿੱਤੀ। ਵਾਰਿਸ ਸ਼ਾਹ ਤੋਂ ਪਹਿਲਾਂ ਪੰਜਾਬੀ ਦੇ ਹੀਰ ਲਿਖਣ ਵਾਲਿਆਂ 'ਚ ਹਰੀਦਾਸ ਹਰੀਆ (ਕਰੀਬ 1525, ਬਾਬਲ ਦੇ ਰਾਜ ਵੇਲੇ), ਦਮੋਦਰ ਗੁਲਾਟੀ (1486-1586), ਅਹਿਮਦ ਗੁੱਜਰ (1682), ਚਿਰਾਗ਼ ਅਵਾਨ (1709), ਮਨਸਾ ਰਾਮ ਖ਼ੁਸ਼ਬੀ (1744 'ਚ) ਤੇ ਸ਼ਾਹ ਜਹਾਂ ਮਕਬਲ (1745 'ਚ) ਸ਼ਾਮਲ ਹਨ। ਕੋਈ ਵਿਦਵਾਨ ਇਹ ਦਾਅਵਾ ਨਹੀਂ ਕਰਦਾ ਕਿ ਉਸ ਨੇ ਵਾਰਿਸ ਸ਼ਾਹ ਦੇ ਆਪਣੇ ਹੱਥ ਨਾਲ ਲਿਖਿਆ ਕਿੱਸਾ ਲੱਭਿਆ ਹੈ। ਛਾਪੇਖਾਨੇ ਆਏ ਤਾਂ ਪਹਿਲਾਂ ਰੂਪ ਪਰੈਸ ਲਹੌਰ ਨੇ 1865 'ਚ ਇਹ ਕਿੱਸਾ ਛਾਪਿਆ। ਫਿਰ ਕਿੱਸੇ 'ਚ ਰਲੇ ਪੈਣੇ ਸ਼ੁਰੂ ਹੋ ਗਏ। ਮੀਆਂ ਹਿਦਾਯਤਉੱਲਾ ਨੇ 1885 'ਚ 1673 ਲਾਈਨਾਂ ਆਪਣੀਆਂ ਵਿਚ ਧਰ ਕੇ ਕਿੱਸੇ ਦਾ ਪ੍ਰਕਾਸ਼ਨ ਕੀਤਾ।

*ਤੁਧ ਬਾਝ ਨਾ ਨੈਣ ਨਾ ਅੰਗ ਜੋੜਾਂ।*
*ਖ਼ੁਆਜਾ ਖਿਜ਼ਰ ਤੇ ਬੈਠ ਕੇ ਰਤੀ ਤੋੜਾਂ।*
*ਥੀਵਾਂ ਸੂਰ ਜੇ ਪ੍ਰੀਤ ਦੀ ਰਤੀ ਤੋੜਾਂ।*
*ਕੁਹੜੀ ਹੋਇ ਕੇ ਨੈਣ ਪਰਾਣ ਜਾਵਣ*
*ਵਾਰਿਸ ਸ਼ਾਹ ਦੇ ਬਾਝ ਜੇ ਕੰਤ ਲੋੜਾਂ।* (ਪੰਨਾ-54)

ਸਵਾਲ ਪੈਦਾ ਹੁੰਦਾ ਹੈ ਕਿ ਇਸ ਤਰ੍ਹਾਂ ਦਾ ਇੰਤਹਾਅ ਨੂੰ ਪਹੁੰਚਿਆ ਇਸ਼ਕ ਜੋ ਆਸ਼ਕ ਮਸ਼ੂਕ ਨੂੰ ਇਕ ਦੂਜੇ ਤੇ ਕੁੱਲ ਖ਼ੁਸ਼ੀਆਂ ਨਿਛਾਵਰ ਕਰਨ ਲਈ ਉਤੇਜਿਤ ਕਰ ਦਿੰਦਾ ਹੈ, ਕਾਮ ਨੂੰ ਕੀ ਮਹੱਤਵ ਪ੍ਰਦਾਨ ਕਰਦਾ ਹੈ। ਸੁਚੇਤ ਰੂਪ ਵਿਚ ਹੀਰ ਵਾਰਸ ਸ਼ਾਹ ਦਾ ਕਰਤਾ ਸਮਾਜਕ ਪ੍ਰਵਾਨਗੀ ਤੋਂ ਪਹਿਲਾਂ ਕਾਮੁਕ ਤ੍ਰਿਪਤੀ ਦੀ ਮਨਾਹੀ ਦਾ ਦਾਅਵੇਦਾਰ ਪ੍ਰਤੀਤ ਹੁੰਦਾ ਹੈ। ਇਸੇ ਲਈ ਪਹਿਲੀ ਨਜ਼ਰੇ ਉਹਨਾਂ ਦੇ ਪ੍ਰੇਮ ਨੂੰ ਇਸਦੀ ਕੁੱਲ ਤੀਬਰਤਾ ਦੇ ਬਾਵਜੂਦ ਉਹ ਇਸ਼ਕ ਮਜਾਜ਼ੀ ਦੇ ਹਾਣ ਦਾ ਨਹੀਂ ਸਮਝਦਾ। ਸੁਭਾਵਕ ਹੀ ਪੰਜ ਪੀਰ ਆ ਬਹੁੜਦੇ ਹਨ ਜੋ ਪਰਵਰਦਗਾਰ ਵੱਲੋਂ ਰਾਂਝੇ ਨੂੰ ਹੀਰ ਦੀ ਬਖ਼ਸ਼ਿਸ਼ ਕਰ ਦਿੰਦੇ ਹਨ। ਅਗਲੀ ਫੇਰੀ 'ਤੇ ਉਹ ਦੋਨਾਂ ਨੂੰ ਇਸ ਪ੍ਰਕਾਰ ਦੀ ਨਸਹੀਤ ਵੀ ਕਰ ਜਾਂਦੇ ਹਨ:

*ਅੱਠ ਪਹਿਰ ਖ਼ੁਦਾ ਦੀ ਯਾਦ ਅੰਦਰ*
*ਤੁਸਾਂ ਜ਼ਿਕਰ ਤੇ ਖ਼ੈਰ ਕਮਾਵਣਾ ਈ।*
*ਵਾਰਿਸ ਸ਼ਾਹ ਪੰਜਾਂ ਪੀਰਾਂ ਹੁਕਮ ਕੀਤਾ*
*ਬੱਚਾ ਇਸ਼ਕ ਨੂੰ ਲਾਜ ਨਾ ਲਾਵਣਾ ਈ।* (ਪੰਨਾ-71)

ਅਚੇਤ ਪੱਧਰ 'ਤੇ ਕਰਤਾ ਨੂੰ ਇਹ ਸਿਧਾਂਤਕ ਧਾਰਨਾ ਪ੍ਰਵਾਨ ਹੋਵੇ, ਵਾਸਤਵ ਵਿਚ ਕਿੰਤੂ ਮੂਲਕ ਗੱਲ ਪ੍ਰਤੀਤ ਹੁੰਦੀ ਹੈ। ਕਾਰਨ ਇਹ ਨਹੀਂ ਕਿ ਹੀਰ ਰਾਂਝੇ ਵਿਚਕਾਰ ਕਾਮ-ਸੰਬੰਧ ਹੋਣ ਦਾ ਚਾਰੋਂ ਪਾਸੇ ਰੌਲਾ ਹੈ ਜੋ ਨਿਰਸੰਦੇਹ ਬਿਨਾਂ ਕਿਸੇ ਆਧਾਰ ਦੇ ਹੀ ਹੋ ਸਕਦਾ ਸੀ। ਚੂਚਕ ਦਾ ਇਹ ਇਤਰਾਜ਼ "ਅਸਾਂ ਸਾਹਨ ਨਾ ਰਖਿਆ ਏਹੁ ਨੱਢਾ/ਧੀਆਂ ਚਾਰਨਾ ਨਹੀਂ ਬਣਾਇਆ ਈ" (ਪੰਨਾ-66) ਲੋਕਾਂ ਦੇ ਰੌਲੇ-ਰੱਪੇ ਤੋਂ ਅਗਲੀ ਗੱਲ ਹੈ ਲੇਕਿਨ ਗੱਲ ਦੀ ਤੈਹ ਤਕ ਪਹੁੰਚਣ ਲਈ ਸ਼ਾਇਦ ਇਸਨੂੰ ਵੀ ਪ੍ਰਮਾਣ ਨਹੀਂ ਸਮਝਿਆ ਜਾ ਸਕਦਾ। ਇਸਦੀ ਕਨਸੋਅ ਜ਼ਰੂਰ ਚੂਚਕ ਦੇ ਉਸ ਜਵਾਬ ਤੋਂ ਮਿਲ ਜਾਂਦੀ ਹੈ ਜੋ ਉਹ ਰਾਂਝੇ ਦੇ ਭਰਾਵਾਂ ਨੂੰ ਭੇਜਦਾ ਹੈ:

*ਵਾਰਿਸ ਸ਼ਾਹ ਨਾ ਕਿਸੇ ਨੂੰ ਜਾਣਦਾ ਏ*
*ਪਾਸ ਹੀਰ ਦੇ ਰਾਤ ਦਿਨ ਹੁੰਦੜਾ ਏ।* (ਪੰਨਾ-88)

ਇਸੇ ਪ੍ਰਕਾਰ ਦੀ ਕਨਸੋਅ ਅਯਾਲੀ ਦੀ ਜੋ ਜੋਗੀ ਬਣੇ ਰਾਂਝੇ ਨਾਲ ਗੱਲਬਾਤ ਹੁੰਦੀ ਹੈ, ਤੋਂ ਮਿਲ ਜਾਂਦੀ ਹੈ।

*ਮਹੀ ਚੂਚਕੇ ਦੀਆਂ ਜਦੋਂ ਚਾਰਦਾ ਸੈਂ*
*ਜੱਟੀ ਮਾਣਦਾ ਸੈਂ ਵਿਚ ਬਾਰ ਦੇ ਜੀ।* *(ਪੰਨਾ-153)*

ਹੀਰ ਨੂੰ ਸਹਿਤੀ ਦਾ ਉਲਾਂਭਾ ਉਪਰੋਕਤ ਕਨਸੋਅ ਨੂੰ ਵੀ ਦ੍ਰਿੜ੍ਹ ਕਰਦਾ ਪ੍ਰਤੀਤ ਹੁੰਦਾ ਹੈ:

## ***ਇਕ ਬਹੁੰ ਵੱਡਾ ਇਲਮੀ ਕਾਰਨਾਮਾ*** / ਮੰਸ਼ਾ ਯਾਦ



'ਹੀਰ ਵਾਰਿਸ ਸ਼ਾਹ ਵਿਚ ਮਿਲਾਵਟੀ ਸ਼ਿਅਰਾਂ ਦਾ ਵੇਰਵਾ' ਜ਼ਾਹਿਦ ਇਕਬਾਲ ਹੋਰਾਂ ਦਾ ਬਹੁੰ ਵੱਡਾ ਇਲਮੀ ਕਾਰਨਾਮਾ ਏ। ਇਸ 'ਤੇ ਉਨ੍ਹਾਂ ਨੂੰ ਜਿੰਨੀ ਵੀ ਦਾਦ ਦਿੱਤੀ ਜਾਵੇ, ਥੋੜ੍ਹੀ ਏ।

ਪੰਜਾਬੀ ਜ਼ੁਬਾਨ ਤੇ ਅਦਬ ਉੱਤੇ ਜ਼ਾਹਿਦ ਇਕਬਾਲ ਹੋਰਾਂ ਦਾ ਇਹ ਅਹਿਸਾਨ ਹਮੇਸ਼ਾ ਯਾਦ ਰੱਖਿਆ ਜਾਣ ਵਾਲਾ ਏ, ਪਈ ਉਨ੍ਹਾਂ ਢੇਰ ਮਿਹਨਤ ਤੇ ਲਗਨ ਨਾਲ ਸਾਰੇ ਰਲੇ ਤੇ ਵਾਧੇ-ਘਾਟੇ ਵੱਖਰੇ ਕਰ ਦਿੱਤੇ। ਕਿਤਾਬ ਪੜ੍ਹਦਿਆਂ ਤੇ ਜ਼ਾਹਿਤ ਇਕਬਾਲ ਦੀ ਮਿਹਨਤ ਦਾ ਗਵੇੜ ਕਰਦਿਆਂ ਮੈਨੂੰ ਨਿੱਕੇ ਹੁੰਦਿਆਂ ਦਾ ਇਕ ਵਾਕਿਆ ਯਾਦ ਆਉਂਦਾ ਹੈ। ਲੰਬੜਾ ਦੇ ਘਰ ਚੋਰ ਲੁਕੇ। ਚੋਰ ਖਾਂਦੇ-ਪੀਂਦੇ ਜੱਟ ਤੇ ਲੰਬੜਦਾਰ ਦੇ ਸ਼ਰੀਕ ਸਨ। ਚੋਰੀ ਉਨ੍ਹਾਂ ਦੀ ਮਜਬੂਰੀ ਨਈਂ ਸ਼ੌਂਕ ਸੀ। ਮੁਹਿੰਮਜੋਈ ਸਮਝ ਲਓ। ਲੰਬੜਦਾਰ ਕਈ ਵਾਰ ਬਹੁਤ ਸਮਝਾਇਆ ਤੇ ਪੁਲਿਸ ਦੀ ਮਾਰ ਵੀ ਪਵਾਈ, ਪਰ ਉਹ ਚੋਰੀਆਂ ਡਾਕਿਆਂ ਤੋਂ ਬਾਜ਼ ਕੀ ਆਉਂਦੇ, ਉਲਟਾ ਉਹਦੇ ਵੈਰ ਪੈ ਗਏ। ਛੱਤ ਉੱਤੇ ਸੁੱਤੀ ਪਈ ਲੰਬੜਦਾਰਨੀ ਖੜਾਕ ਸੁਣ ਕੇ ਜਾਗੀ ਤੇ ਬੋਲੀ ਲੰਬੜਾ ਇੰਝ ਲੱਗਦਾ ਏ ਜਿਵੇਂ ਥੱਲੇ ਸਾਡੇ ਪਸਾਰ ਵਿਚ ਚੋਰ ਵੜੇ ਹੋਏ ਨੇ। ਲੰਬੜਦਾਰ ਆਖਿਆ—ਆਹੋ ਮੈਨੂੰ ਪਤਾ ਏ ਕੌਣ ਕੌਣ ਏਂ। ਉਹ ਬੋਲੀ ਪਤਾ ਈ ਤੇ ਚੁੱਪ ਕਿਉਂ ਏ। ਲੰਬੜਦਾਰ ਆਖਿਆ—ਤੂੰ ਵੀ ਚੁੱਪ ਕਰਕੇ ਸੌਂ ਜਾ, ਆਪਣੀ ਬਰਾਦਰੀ ਦੇ ਈ ਨੇ। ਹੁਣ ਵਾਹੀ ਬੀਜੀ ਦੀ ਥਾਂ ਉਨ੍ਹਾਂ ਵਿਚਾਰਿਆਂ ਦੀ ਗੁਜ਼ਰਾਨ ਦਾ ਇਹੋ ਜ਼ਰੀਆ ਏ। ਚੋਰਾਂ ਵਿਚੋਂ ਇਕ ਕੈੜ ਰੱਖਣ ਲਈ ਪੌੜੀਆਂ ਵਿਚਕਾਰ ਲੁਕਿਆ ਹੋਇਆ ਸੀ। ਉਸ ਸਾਰੀ ਗੱਲ ਸੁਣੀ ਤੇ ਥੱਲੇ ਲਹਿ ਕੇ ਆਪਣੇ ਨਾਲ ਦਿਆਂ ਨੂੰ ਦੱਸੀ। ਉਨ੍ਹਾਂ ਆਖਿਆ—ਇਹ ਤੇ ਭੈੜਾ ਹੋਇਆ ਏ। ਜੇ ਲੰਬੜ ਨੂੰ ਲਾਧ ਹੋ ਗਈ ਏ, ਇਹ ਤੇ ਸਾਰੀ ਉਮਰ ਦਾ ਮੇਹਣਾ ਬਣ ਜਾਏਗਾ। ਉਨ੍ਹਾਂ ਭੜੋਲਿਆਂ, ਮੱਟੀਆਂ ਤੇ ਘੜਿਆਂ ਵਿਚੋਂ ਸਾਰੀਆਂ ਜਿਨਸਾਂ (ਗੱਲਾਂ) ਕੱਢ ਕੇ ਪਸਾਰ ਵਿਚਕਾਰ ਢੇਰ ਲਾ ਦਿੱਤਾ ਤੇ ਪੈਸਾ-ਟਕਾ ਤੇ ਟੂੰਬ-ਟੱਲਾ ਬੋਹਲ ਦੀ ਟੀਸੀ 'ਤੇ ਰੱਖ ਕੇ ਖ਼ਾਲੀ ਹੱਥ ਨਿਕਲ ਗਏ। ਇਸ ਪਿੱਛੋਂ ਪਿੰਡ ਦੀਆਂ ਸਾਰੀਆਂ ਕਾਮੀਆਂ ਜ਼ਨਾਨੀਆਂ ਕਈ ਹਫ਼ਤੇ, ਛੱਜ, ਛਾਨਣੇ ਤੇ ਛਾਨਣੀਆਂ ਲੈ ਕੇ ਕਣਕ, ਜੌਂ, ਚੌਲ, ਮੁੰਜੀ, ਛੋਲੇ, ਮਕਈ, ਬਾਜਰਾ ਤੇ ਮੋਠ ਵੱਖਰੇ ਕਰਦੀਆਂ ਰਹੀਆਂ। ਮੈਂ ਸੋਚਦਾਂ ਜੇ ਉਹ ਸਾਰਾ ਕੰਮ ਇਕੱਲੀ ਲੰਬੜਦਾਰਨੀ ਨੂੰ ਕਰਨਾ ਪੈਂਦਾ ਤਾਂ ਵੀ ਹੀਰ ਵਾਰਿਸ ਸ਼ਾਹ ਵਿਚ ਰਲੇ ਦਾ ਨਖੇੜਾ ਕਰਨ ਨਾਲੋਂ ਤਾਂ ਸੌਖਾ ਈ ਸੀ ਕਿਉਂ ਹੀਰ ਵਿਚ ਇਹ ਰਲਾ ਕਈ ਸਦੀਆਂ ਤੋਂ ਹੁੰਦਾ ਆਇਆ ਤੇ ਇਕੱਲੇ ਜ਼ਾਹਿਦ ਇਕਬਾਲ ਨੂੰ ਛਾਣ-ਫਟਕ ਕਰਨੀ ਪਈ।

ਮਿਲਾਵਟ ਕਰਨ ਵਾਲੇ ਸ਼ਾਇਰਾਂ ਦੇ ਕਲਾਮ ਨੂੰ ਇਕ ਥਾਵੇਂ ਵੇਖ ਪੜ੍ਹ ਕੇ ਵਾਰਿਸ ਸ਼ਾਹ ਦੀ ਗੋਦੜੀ ਨੂੰ ਟਾਕੀਆਂ ਲਾਉਣ ਵਾਲੀਆਂ, ਵਾਰਿਸ ਸ਼ਾਹ ਦੇ ਪਾਟੇ ਸ਼ਾਲ ਦਾ ਲੰਗਾਰ ਰਫੂ ਕਰਨ ਵਾਲਿਆਂ ਤੇ ਵਾਰਿਸ ਸ਼ਾਹ ਦੀਆਂ ਗ਼ਲਤੀਆਂ ਦੂਰ ਕਰਨ ਵਾਲਿਆਂ

*ਆਪ ਚਾਕ ਹੰਢਾਇਕੇ ਛੱਡ ਆਇਓਂ*
*ਹੁਣ ਖ਼ਲਕ ਨੂੰ ਪਈ ਵਿਡੂਹਨੀ ਹੈਂ।* (ਪੰਨਾ 225)

ਇਸ ਸਭ ਕੁਝ ਦੇ ਹੁੰਦਿਆਂ ਵੀ, ਰਾਂਝੇ ਦਾ ਹੀਰ ਨੂੰ ਲਿਖਿਆ ਜਵਾਬ ਇਸ ਕਨਸੋਅ ਨੂੰ ਕਲਪਿਤ ਨਹੀਂ ਰਹਿਣ ਦਿੰਦਾ :

*ਸਾਡੀ ਜਾਤ ਸਫਾਤ ਬਰਬਾਦ ਕਰ ਕੇ, ਲੜ ਖੇੜਿਆਂ ਦੇ ਨਾਲ ਜੋੜ ਗਏ।*
*ਆਪ ਹੱਸ ਕੇ ਸਾਹੁਰਾ ਮੱਲਿਆ ਜੇ, ਸਾਡੇ ਰੂਪ ਦਾ ਨਸ਼ਾ ਨਚੋੜ ਗਏ।* (ਪੰਨਾ 131)

ਨਤੀਜੇ ਵਜੋਂ ਇਹ ਕਨਸੋਅ ਪਰਿਕਲਪਨਾ ਵਿਚ ਢਲ ਜਾਂਦੀ ਹੈ ਜਿਸ ਉੱਤੇ ਹੀਰ ਵੱਲੋਂ ਸਹਿਤੀ ਨੂੰ ਕੀਤੀ ਬੇਨਤੀ ਨਾਲ ਤਾਂ ਮਾਣੋ ਵਾਸਤਵਿਕਤਾ ਦੀ ਮੁਹਰ ਹੀ ਲੱਗ ਜਾਂਦੀ ਹੈ :

*ਮੇਰਾ ਯਾਦ ਆਇਆ ਚੱਲ ਵੇਖ ਆਈਏ / ਪਈ ਮਾਰਦੀ ਸੈਂ ਨਿੱਤ ਬੋਲੀਆਂ ਨੀ।*
*ਜਿਸ ਜਾਤ ਸਫ਼ਾਤ ਚੁਧਰਾਈ ਛੱਡੀ / ਮੇਰੇ ਵਾਸਤੇ ਚਾਰੀਆਂ ਖੋਲੀਆਂ ਨੀ।*
*ਜਿਹੜਾ ਮੁੱਢ ਕਦੀਮ ਦਾ ਯਾਰ ਮੇਰਾ / ਜਿਸ ਮੀਢੀਆਂ ਕੁਆਰ ਦੀਆਂ ਖੋਲੀਆਂ ਨੀ।*
*ਵਾਰਿਸ ਸ਼ਾਹ ਗੁਮਾਨ ਦੇ ਨਾਲ ਬੈਠਾ / ਨਹੀਂ ਬੋਲਦਾ, ਮਾਰਦਾ ਬੋਲੀਆਂ ਨੀ।* (ਪੰਨਾ 225)

ਜਿਸ ਸ਼ਿੱਦਤ ਤੇ ਤੀਬਰਤਾ ਦੀ ਇਹਨਾਂ ਕਥਨਾਂ ਤੋਂ ਪ੍ਰਤੀਤੀ ਹੁੰਦੀ ਹੈ ਉਸ ਤੋਂ ਤਾਂ ਇਉਂ ਜਾਪਦਾ ਹੈ ਜਿਵੇਂ ਹੀਰ ਵਾਰਿਸ ਸ਼ਾਹ ਦੇ ਕਰਤਾ ਲਈ ਭਾਵੇਂ ਸਿੱਧਾਂਤਕ ਰੂਪ ਵਿਚ ਕਾਮ-ਸੰਬੰਧ ਅਣਉੱਚਿਤ ਹੋਵੇ ਉਸਦੀ ਸੂਫ਼ੀ ਮੱਤ ਤੋਂ ਪ੍ਰੇਰਿਤ ਵਿਚਾਰਧਾਰਾ ਨੂੰ ਇਹ ਇਸ਼ਕ ਹਕੀਕੀ ਤੇ ਇਸ਼ਕ ਮਜਾਜ਼ੀ ਤੇ ਪ੍ਰਤੀਕੂਲ ਜਾਪਿਆ ਹੋਵੇ, ਪਰੰਤੂ ਉਸਦਾ ਅਚੇਤ ਇਸਦੀ ਵਾਸਤਵਿਕਤਾ ਤੋਂ ਮੁੰਨਕਰ ਨਹੀਂ ਸੀ। ਸੁਚੇਤ ਰੂਪ ਵਿਚ ਸਿੱਧਾਂਤ ਨੂੰ ਨਕਾਰਕੇ ਅਨੁਭਵ ਨੂੰ ਅਚੇਤ ਰੂਪ ਵਿਚ ਸਵੀਕਾਰਦਾ ਉਹ ਚਿਹਨ ਹੈ ਜੋ ਵਾਰਿਸ ਸ਼ਾਹ ਦੇ ਅੰਤਹਕਰਣ ਵਿਚ ਧੁਰ ਉੱਤਰ ਗਈ ਚਿਹਨਤਾ ਦਾ ਪ੍ਰਮਾਣ ਦਿੰਦਾ ਹੈ। ਇਸਦੇ ਫਲਸਰੂਪ ਇਸ ਸ਼ਾਹਕਾਰ ਦਾ ਕਰਤਾ ਉਹਨਾਂ ਤਬਦੀਲੀਆਂ ਤੋਂ ਵੀ ਵਿਚਾਰਧਾਰਾਈ ਪ੍ਰਭਾਵ ਕਬੂਲ ਕਰਨ ਤੋਂ ਗੁਰੇਜ ਨਹੀਂ ਕਰਦਾ ਜੋ ਉਸਦੇ ਧਰਮ, ਜਾਤ, ਅਨੁਭਵ-ਖੇਤਰ ਤੇ ਭਾਵ-ਜਗਤ ਦੇ ਵਿਰੁੱਧ ਜਾਂਦੀਆਂ ਹਨ। ਨਤੀਜੇ ਵਜੋਂ ਹੀਰ ਵਾਰਿਸ ਸ਼ਾਹ ਵਧੇਰੇ ਲਟਕਾਊ ਵਾਲੀ ਰਚਨਾ ਹੋ ਨਿੱਬੜਦੀ ਹੈ ਅਤੇ ਇਸਦਾ ਭਾਵ-ਉਤੇਜਿਕ ਪੱਖ ਇਸਦੇ ਚਿੰਤਨ-ਪ੍ਰੇਰਿਕ ਪੱਖ ਨਾਲੋਂ ਅੱਗੇ ਲੰਘ ਜਾਂਦਾ ਹੈ।

ਬਾਰੇ ਮੇਰੀ ਇਹ ਖ਼ੁਸ਼ਫ਼ਹਿਮੀ ਦੂਰ ਹੋ ਗਈ ਏ ਪਈ ਉਨ੍ਹਾਂ ਆਪਣੇ ਪੱਲਿਓਂ ਸ਼ਿਅਰਾਂ ਦਾ ਹਿੱਸਾ ਪਾ ਕੇ ਅਸਲ ਵਾਰਿਸ ਸ਼ਾਹ ਨੂੰ ਖ਼ਰਾਜੇ ਅਕੀਦਤ ਪੇਸ਼ ਕੀਤਾ ਸੀ ਜਾਂ ਉਹ ਬੜੇ ਗੁਣੀ ਸ਼ਾਇਰ ਸਨ। ਸਗੋਂ ਮੇਰਾ ਇਹ ਤਾਅਸਰ ਪੁਖ਼ਤਾ ਹੋ ਗਿਆ ਏ ਪਈ ਆਪਣੇ ਵੱਲੋਂ ਸ਼ਿਅਰ ਘੜ-ਘੜ ਕੇ ਵਾਰਿਸ ਸ਼ਾਹ ਦੇ ਖਾਤੇ ਵਿਚ ਪਾਉਣ ਵਾਲੇ ਸਾਰੇ ਸ਼ਾਇਰ ਸ਼ਿਅਰਾਂ ਦੇ ਮਿਸਤਰੀ ਤੇ ਨਾ ਸ਼ਾਇਰ ਸਨ। ਵੱਡੇ ਤੇ ਨਿੱਕੇ ਸ਼ਾਇਰ ਵਿਚ ਇਹੋ ਫ਼ਰਕ ਹੁੰਦਾ ਏ। ਇਹ ਤਖ਼ਲੀਕਕਾਰ ਹੁੰਦਾ ਏ, ਦੂਜਾ ਨਈਂ ਹੁੰਦਾ। ਤਖ਼ਲੀਕੀ ਸ਼ਾਇਰ ਦੇ ਕਲਾਮ ਵਿਚ ਰਸ, ਤਾਸੀਰ ਤੇ ਬਰਕਤ ਹੁੰਦੀ ਏ। ਗ਼ੈਰ ਤਖ਼ਲੀਕੀ ਸ਼ਾਇਰ ਦਾ ਕਲਾਮ ਬੇਤਾਸੀਰਾ, ਬੇਰਸੀਆ ਤੇ ਬੇਬਰਕਤਾ ਹੁੰਦਾ ਏ। ਨਾ ਸ਼ਾਇਰ ਬਹੁੰ ਪੜ੍ਹਿਆ ਲਿਖਿਆ ਤੇ ਆਲਮ ਫ਼ਾਜ਼ਿਲ ਵੀ ਹੋ ਸਕਦਾ ਏ, ਉਰੂਜ਼ੀਆ, ਲੁਗ਼ਾਤੀਆ, ਰਗਾਇਮਰੀਆਂ ਤੇ ਲਫ਼ਜ਼ਾਂ ਦਾ ਬਾਦਸ਼ਾਹ, ਕਈ-ਕਈ ਜ਼ੁਬਾਨਾਂ ਦਾ ਉਸਤਾਦ, ਉਹ ਸ਼ਿਅਰ ਘੜਨ ਦੀ ਫੈਕਟਰੀ ਹੋ ਸਕਦਾ ਏ। ਉਹ ਚਾਹਵੇ ਤੇ ਬੇਨੁਕਤਾ ਜਾਂ ਨੁਤਾਦਾਰ ਲਫ਼ਜ਼ਾਂ ਵਿਚ ਸ਼ਾਇਰੀ ਕਰ ਸਕਦਾ ਏ। ਰਦੀਫ਼ਾਂ ਦੇ ਬੋਹਲ ਤੇ ਕਾਫ਼ੀਆਂ ਦੇ ਖਲਵਾੜੇ ਲਾ ਸਕਦਾ ਏ।

ਹਯਾਤੀ ਤੇ ਪੰਜਾਬ ਦੀ ਰਹਿਤਲ ਬਾਰੇ ਵਾਰਿਸ ਸ਼ਾਹ ਦੀ ਇਕ ਆਪਣੀ ਸੋਚ ਤੇ ਫ਼ਿਕਰ ਸੀ। ਹੀਰ ਨੂੰ ਉਨ੍ਹਾਂ ਆਪਣੀ ਇਸ ਫ਼ਿਕਰ ਤੇ ਆਪਣੇ ਵਿਚਾਰਾਂ ਦੇ ਇਜ਼ਹਾਰ ਦਾ ਜ਼ਰੀਆ ਬਣਾਇਆ। ਬਕੌਲ ਅਲੀ ਅਬਾਸ ਜਲਾਲਪੁਰੀ ਹੀਰ ਇਕ ਬਾਗ਼ੀਆਨਾ ਕਿਰਦਾਰ ਸੀ। ਆਪਣੇ ਇਸ ਕਿਰਦਾਰ ਪਾਰੋਂ ਉਹ ਪੰਜਾਬ ਦੀ ਅੰਟਾਗੋਨੀ ਸੀ ਪਰ ਫ਼ਿਕਰ ਤੇ ਸੋਚ ਤੋਂ ਵਾਂਝੇ ਹੋਏ ਨਾਸ਼ਾਇਰਾਂ, 'ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ, ਮੈਨੂੰ ਲੈ ਚੱਲੇ ਬਾਬਲਾ ਲੈ ਚੱਲੇ ਵੇ' ਜਿਹੇ ਹਾੜੇ ਪਾਂਦੇ ਸ਼ਿਅਰਾਂ ਨਾਲ ਹੀਰ ਨੂੰ ਇਕ ਆਮ, ਕਮਜ਼ੋਰ ਤੇ ਰਵਾਇਤੀ ਕੁੜੀ ਬਣਾ ਦਿੱਤੀ। ਇਸੇ ਤਰ੍ਹਾਂ ਵਾਰਿਸ ਸ਼ਾਹ ਦੇ ਸੁਬਕ, ਰਵਾਂ ਤੇ ਰਸ ਭਰੇ ਮਿਸਰਿਆਂ ਨੂੰ ਆਪਣੇ ਵੱਲੋਂ ਬਿਹਤਰ ਬਣਾਉਣ ਦੀ ਕੋਸ਼ਿਸ਼ ਵਿਚ ਸਾਰਾ ਬਰਬਾਦ ਕਰਦੇ ਰਹੇ। ਦੋ-ਇਕ ਮਿਸਾਲਾਂ ਵੇਖੋ, ਵਾਰਿਸ ਸ਼ਾਹ ਕਹਿੰਦੇ ਨੇ—

*ਵਾਰਿਸ ਸ਼ਾਹ ਨਾ ਇਸ ਤੋਂ ਨਫਾਅ ਕੋਈ, ਜਿਹੜਾ ਰੁੱਸ ਆਇਆ ਨਾਲ ਭਾਈਆਂ ਦੇ*

*ਦੋਸਤ ਸੋਈ ਜੋ ਬਿਪਤ ਵਿਚ ਭੀੜ ਕੱਟੇ, ਯਾਰ ਸੋਈ ਜੋ ਜਾਨ ਕੁਰਬਾਨ ਹੋਵੇ।*

ਇਕ ਹੋਰ ਸਵਾਲ, ਪਈ ਜਿਹੜੇ ਲੋਕਾਂ ਰਲੇ ਦੀਆਂ ਹੀਰਾਂ ਉੱਤੇ ਤਹਿਕੀਕ ਕਰਕੇ ਡਿਗਰੀਆਂ ਲੈ ਲਈਆਂ ਉਨ੍ਹਾਂ ਦਾ ਕੀ ਕਰਨਾ ਚਾਹੀਦਾ ਏ। ਮੇਰਾ ਖ਼ਿਆਲ ਏ ਕੁਝ ਹੋਰ ਹੋਵੇ ਨਾ ਹੋਵੇ ਪਰ ਇਸ ਅਜ਼ੀਮ ਕੰਮ ਉੱਤੇ ਜ਼ਾਹਿਦ ਇਕਬਾਲ ਨੂੰ ਜ਼ਰੂਰ ਪੀਐੱਚ.ਡੀ. ਦੀ ਡਿਗਰੀ ਮਿਲਣੀ ਚਾਹੀਦਾ ਏ।

**ਜੁੱਗ ਜੁੱਗ ਜੀਵੇ ਪਾਕਿਸਤਾਨ ਤੇ ਵੱਸੇ ਹੱਸੇ ਹਿੰਦੁਸਤਾਨ**

**ਤੇ ਸਾਨੂੰ ਪੰਜਾਬੀਆਂ ਨੂੰ ਜੁੱਗਾਂ ਤੀਕਰ ਜੋੜਦੀ ਰਵ੍ਹੇ ਹੀਰ ਦੀ ਦਾਸਤਾਨ।** ❂

---

ਅੰਤਹਕਰਣ ਵਿਚ ਧੁਰ ਉੱਤਰ ਗਈ ਚਿਹਨਤਾ, ਇਸ ਸ਼ਾਹਕਾਰ ਦੇ ਕਰਤਾ ਨੂੰ ਪੰਜਾਬੀ ਜੀਵਨ ਵਿਚ ਫੈਸਲਾਕੁੰਨ ਸਥਾਨ ਦੀ ਅਭਿਲਾਖੀ ਸਿੱਖ ਕੌਮ ਦੇ ਵਿਚਾਰਧਾਰਾਈ ਮੁਲੰਕਣ ਵਲ ਵੀ ਰੁਚਿਤ ਕਰਦੀ ਹੈ। ਗੁਰਮਤਿ ਵਿਚੋਂ ਲਈ ਸ਼ਬਦਾਵਲੀ ਇਸ ਗੱਲ ਦਾ ਸੰਕੇਤ ਹੈ ਕਿ ਵਾਰਿਸ ਸ਼ਾਹ ਨੂੰ ਇਹਨਾਂ ਦੀਆਂ ਧੁਨੀਆਂ ਸਮੇਤ ਅਰਥਾਂ ਤੇ ਭਾਵਾਂ ਤੋਂ ਪ੍ਰੇਰਣਾ ਲੈਣ ਵਾਲੇ ਸਿੱਖਾਂ ਦੇ ਵਿਲੱਖਣ ਵਜੂਦ ਦਾ ਅਹਿਸਾਸ ਸੀ। ਇਹ ਵੱਖਰੀ ਗੱਲ ਹੈ ਕਿ ਉਹਨਾਂ ਦੀ ਵੱਖਰਤਾ ਦਾ ਉਹ ਦਾਅਵੇਦਾਰ ਨਹੀਂ ਸੀ। ਇਸੇ ਕਾਰਨ ਸ਼ਬਦ, ਸੰਗਤ, ਮਤਾ, ਸੇਵਕ, ਗੁਰਮਤਾ, ਭੁਜੰਗੀ ਤੇ ਪਿਰਮ ਪਿਆਲਾ ਆਦਿ ਸ਼ਬਦ ਮੂਲ ਪੰਜਾਬੀ ਦਾ ਭਾਗ ਬਣ ਕੇ ਤੇ ਲੋੜੀਂਦੇ ਕਾਵਿਕ ਅੰਦਾਜ਼ ਵਿਚ ਢਲ ਕੇ ਇਸ ਸ਼ਾਹਕਾਰ ਵਿਚ ਨਿਰਸੰਕੋਚ ਵਰਤੇ ਗਏ ਹਨ। ਜਿਥੋਂ ਤੱਕ ਸਿੱਖਾਂ ਦੀ ਵੱਧਦੀ ਫੁੱਲਦੀ ਕਾਮਨਾ ਦਾ ਸਵਾਲ ਹੈ, ਇਸ ਦੇ ਕਰਤਾ ਨੂੰ ਇਹ ਹੰਕਾਰ ਨਿਆਈ ਲੱਗਦਾ ਹੈ ਜਿਸ ਤੇ ਉਸਨੂੰ ਲੋਹੜੇ ਦਾ ਰੋਸ ਹੈ। ਉਸ ਨੂੰ ਜਾਪਦਾ ਹੈ ਕਿ ਦਲਾਂ ਵਿਚ ਸੰਗਠਿਤ ਸਿੱਖ, ਰਾਜ ਨੂੰ ਢਾਹੁਣ ਤੇ ਤੁਲੇ ਹੋਏ ਹਨ- ਉਸ ਰਾਜ ਨੂੰ ਜਿਸ ਵਿਚ ਸੂਫ਼ੀ ਮੱਤ ਦੇ ਮਾਧਿਅਮ ਰਾਹੀਂ ਇਸਲਾਮੀ ਧਰਮ ਦੀ ਸਥਾਪਨਾ ਸੰਭਵ ਹੋ ਸਕੀ ਸੀ। ਭਾਵੇਂ ਨਿਚਲੀਆਂ ਸਤਰਾਂ ਵਿਚ ਵਿਨਾਸ਼ ਦੇ ਮਾਧਿਅਮ ਆਮ ਤੌਰ ਤੇ ਜੱਟਾਂ ਨੂੰ ਗਰਦਾਨਿਆ ਗਿਆ ਹੈ ਲੇਕਿਨ ਸਿੱਖਾਂ ਤੇ ਇਹ ਵਿਸ਼ੇਸ਼ ਤੌਰ ਤੇ ਢੁੱਕੇ ਜਾਪਦੇ ਹਨ :

*ਪਿਆ ਦੇਸ ਦੇ ਵਿਚ ਹੈ ਬਹੁਤ ਰੌਲਾ / ਹਰ ਕਿਸੇ ਦੇ ਹੱਥ ਤਲਵਾਰ ਹੋਈ।*

*ਜਦੋਂ ਦੇਸ ਦੇ ਜੱਟ ਤਿਆਰ ਹੋਏ / ਘਰੋ ਘਰੀ ਨਵੀਂ ਸਰਕਾਰ ਹੋਈ।*

*ਅਸ਼ਰਾਫ ਖ਼ਰਾਬ ਕਮੀਨ ਕਾਜ਼ੀ / ਜ਼ਿਮੀਂਦਾਰ ਨੂੰ ਵੱਡੀ ਬਹਾਰ ਹੋਈ।*

*ਚੋਰ ਚੌਧਰੀ, ਯਾਰਨੀ ਪਾਕ ਦਾਮਨ / ਭੂਤ ਮੰਡਲੀ ਇਕ ਦੋ ਚਾਰ ਹੋਈ।*

*ਵਾਰਿਸ ਜਿਨ੍ਹਾਂ ਨੇ ਆਖਿਆ ਪਾਕ ਕਲਮਾ / ਬੇੜੀ ਤਿਨ੍ਹਾਂ ਦੀ ਆਕਬਤ ਪਾਰ ਹੋਈ* (ਪੰਨੇ 323-24)

ਇਹ ਸਿੱਖ-ਕਾਮਨਾ ਜਿਸ ਦਾ ਉਪਰੋਕਤ ਸਤਰਾਂ ਵਿਚ ਐਨਾ ਖੰਡਨ ਦਰਜ਼ ਹੈ, ਸਿੱਖ-ਅੰਤਕਰਣ ਦਾ ਨਿੰਦਣਯੋਗ ਪੱਖ ਹੈ। ਇਸਦਾ ਸਲਾਹੁਣਯੋਗ ਪੱਖ ਅਣਖ ਤੇ ਆਬਰੂ ਦੀ ਸੁਰੱਖਿਆ ਦਾ ਜ਼ਾਮਨ ਹੈ ਜਿਸਦੀ ਗੂੰਜ ਵੀ ਵਿਭਿੰਨ ਥਾਵਾਂ ਤੇ ਸੁਣਨ ਨੂੰ ਮਿਲਦੀ ਹੈ। ਮਿਸਾਲ ਦੇ ਤੌਰ ਤੇ ਜੇ 'ਬਾਬਰ ਬਾਣੀ' ਵਿਚ ਗੁਰੂ ਨਾਨਕ 'ਜੇ ਸਕਤਾ ਸਕਤੇ ਕੋ ਮਾਰੇ ਤਾ ਮਨ ਰੋਸ ਨ ਹੋਈ' ਦੇ ਉਚਾਰ ਰਾਹੀਂ ਨਿਹੱਥਿਆਂ ਦੀ ਧਿਰ ਬਣਦੇ ਹਨ ਤਾਂ ਗੁਰੂ ਸਾਹਿਬ ਵਾਲੀ ਗੰਭੀਰ ਸੁਰ ਵਿਚ ਤਾਂ ਨਹੀਂ, ਲੇਕਿਨ ਇਸੇ ਭਾਵਨਾ ਨੂੰ ਪੇਸ਼ ਕਰਨ ਲਈ ਹੀਰ ਇਹ ਕਹਿ ਕੇ ਸਹਿਤੀ ਨੂੰ ਰਾਂਝੇ ਨਾਲੋਂ ਲੜਨ ਤੋਂ ਵਰਜਦੀ ਹੈ :

*ਲੜੀਏ ਆਪ ਬਰਾਬਰੀ ਨਾਲ ਕੁੜੀਏ*
*ਸੋਟੇ ਪਕੜ ਯਤੀਮਾਂ ਤੇ ਆਉਣਾ ਕੀ ?* (ਪੰਨਾ 235)

ਇਸੇ ਪ੍ਰਕਾਰ ਫੇਰ ਗੁਰੂ ਨਾਨਕ ਦੇਵ ਦਾ ਨਾਰੀ ਜਾਤ ਦੇ ਹੱਕ ਵਿਚ ਕਥਨ ਹੈ :

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।*
*ਭੰਡਿ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੇ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ ॥*

ਇਸਦੇ ਤੁਲ ਲੇਕਿਨ ਘੱਟ ਗੰਭੀਰ ਸੁਰ ਵਿਚ ਸਹਿਤੀ ਦਾ ਜੋਗੀ ਨੂੰ ਇਹ ਮੇਹਣਾ ਹੈ, ਘੱਟੋ ਘੱਟ ਜਿਸਦਾ ਉਸ ਕੋਲ ਕੋਈ ਤੱਸਲੀਬਖ਼ਸ਼ ਜਵਾਬ ਨਹੀਂ :

*ਰੰਨਾਂ ਬਾਝ ਕੀਕੂੰ ਦੱਸ ਜੰਮੀਓਂ ਤੂੰ / ਹੋਰ ਜੱਗ ਜਹਾਨ ਬਣਾਇਆ ਏ ।*
*ਕੀਤਾ ਆਪਣੇ ਨੂਰ ਥੀਂ ਨੂਰ ਪੈਦਾ / ਓਹ ਵੀ ਤ੍ਰੀਮਤਾਂ ਬਾਝ ਨਾ ਆਇਆ ਏ ।* (ਪੰਨਾ 188)

ਹੀਰ ਵਾਰਿਸ ਸ਼ਾਹ ਵਿਚ ਜੱਟ-ਜਾਤੀ ਦੀ ਕਠੋਰ ’ਤੇ ਬੇਕਿਰਕ ਆਲੋਚਨਾ ਕੀਤੀ ਗਈ ਹੈ। ਜੇ ਪੁਸ਼ਤ ਨੂੰ ਇਸਦਾ ਆਧਾਰ ਬਣਾ ਕੇ ਜਾਇਜ਼ਾ ਲਿਆ ਜਾਵੇ ਤਾਂ ਕਰਤਾ ਬਜ਼ੁਰਗਾਂ ਵੱਲ ਉਦਾਰਚਿੱਤ ਜ਼ਰੂਰ ਹੈ ਪਰੰਤੂ ਉਸ ਸੀਮਾ ਤਕ ਹੀ ਜੋ ਕਿਸੇ ਸਲਾਹੁਣਾ ਦਾ ਕਾਰਨ ਨਹੀਂ ਬਣਦਾ। ਮਿਸਾਲ ਵਜੋਂ ਰਾਂਝੇ ਦੇ ਬਾਪ ਮੌਜੂ ਚੌਧਰੀ ਨੂੰ ਲਿਆ ਜਾ ਸਕਦਾ ਹੈ ਜੋ “ਵੱਡਾ-ਟੱਬਰਾ’ ਹੀ ਨਹੀਂ ਸਗੋਂ ‘ਭਾਈਆਂ ਵਿਚ ਪ੍ਰਤੀਤ” (ਪੰਨਾ 31) ਦਾ ਮਾਲਿਕ ਹੈ। ਭਾਵੇਂ ਅਪਰੋਖ ਰੂਪ ਵਿਚ ਉਸਦਾ ਕਾਰਵਿਹਾਰ ਪਾਰਦਰਸ਼ੀ ਹੈ ਪਰ ਧੀਦੋ ਨਾਲ ਕੁਝ ਵਧੇਰੇ ਹੀ ਲਾਡ ਲਡਾ ਕੇ ਉਹ ਉਸਦੇ ਭਰਾਵਾਂ ਤੇ ਭਾਬੀਆਂ ਲਈ ਪਰੋਖ ਰੂਪ ਵਿਚ ਸ਼ਿਕਾਇਤ ਦਾ ਅਵਸਰ ਪੈਦਾ ਕਰ ਦਿੰਦਾ ਹੈ। ਇਸੇ ਤਰ੍ਹਾਂ ਹੀਰ ਦਾ ਬਾਪ ਚੂਚਕ ਰੋਅਬ ਤੇ ਠਾਠ ਵਾਲਾ ਇਨਸਾਨ ਹੈ ਅਤੇ ਜਿਥੋਂ ਤੱਕ ਹੋ ਸਕੇ ਆਪਣੀ ਇਹ ਦਿੱਖ ਗੁਆਉਣੀ ਨਹੀਂ ਚਾਹੁੰਦਾ। ਇਸੇ ਲਈ ਰਾਂਝੇ ਦਾ “ਤੌਰ ਬੁਰਾ” (ਪੰਨਾ 65) ਪਾ ਕੇ ਉਹ ਭਲੇਮਾਨਸ ਪਰ ਰੋਹਬ ਵਾਲੇ ਬਜ਼ੁਰਗ ਵਾਂਗ ਉਸਨੂੰ ਚਲੇ ਜਾਣ ਲਈ ਕਹਿ ਦਿੰਦਾ ਹੈ। ਜਦੋਂ ਉਸਨੂੰ ਹੀਰ ਦੇ ਇਸ਼ਕ ਦੀ ਖ਼ਬਰ ਹੁੰਦੀ ਹੈ ਤਾਂ ਪਹਿਲਾਂ ਤਾਂ ਉਸ ਦਾ ਇਸ ਨੂੰ ਦਰਗੁਜ਼ਰ ਕਰਨ ਦਾ ਮਨ ਹੈ ਪਰ ਫੇਰ ਕਠੋਰ ਰਵਈਏ ’ਤੇ ਉਤਰ ਆਉਂਦਾ ਹੈ। ਪਹਿਲਾਂ ਤਾਂ ਜਿਵੇਂ ਉਸਦੀ ਗਾਲ੍ਹ ਹੀਰ ਦੀ ਮਾਂ ਰਾਹੀਂ ਨਸ਼ਰ ਹੁੰਦੀ ਹੈ ਕਿ ‘ਵਾਰਿਸ ਸ਼ਾਹ ਮੀਆਂ ਏਸ ਛੋਹਰੀ ਦਾ/ਜੀ ਹੋਇਆ ਹੈ ਲਿੰਗ ਕੁਟਾਵਣੇ ਦਾ’ (ਪੰਨਾ 64) ਉਹ ਆਪਣੀ ਬੇਟੀ ਦਾ ਲਿੰਗ ਨਕਾਰਾ ਕਰਨ ਦਾ ਸੋਚਦਾ ਹੈ। ਫੇਰ ਉਸਨੂੰ ਪਛਤਾਵਾ ਹੈ ਕਿ ਜਨਮ ਵੇਲੇ ਹੀ ਉਸਦਾ ਕਤਲ ਕਿਉਂ ਨਾ ਕਰ ਦਿੱਤਾ ਗਿਆ ਜਿਵੇਂ ਕਿ ਪੇਂਡੂ ਰਹਿਤਲ ਵਿਚ ਇਸਦਾ ਆਮ ਰਿਵਾਜ ਸੀ। ਅੰਤ ਨੂੰ “ਕਿਤੇ ਨਢੀ ਦਾ ਚਾਇ ਵਿਆਹ ਕੀਚੈ” (ਪੰਨਾ 87) ਦਾ ਢੰਗ ਹੈ ਜੋ ਕੁੱਲ ਬਦਨਾਮੀ ਤੋਂ ਰਾਹਤ ਪਾਉਣ ਲਈ ਉਸਨੂੰ ਕਾਰਗਰ ਪ੍ਰਤੀਤ ਹੁੰਦਾ ਹੈ। ਦੇਖਣ ਨੂੰ ਸੈਦੇ ਦਾ ਬਾਪ ਵੀ ਉਦਾਰਚਿੱਤ ਹੈ ਲੇਕਿਨ ਚੂਚਕ ਦੀ ਕਠੋਰਤਾ ਦੇ ਉਲਟ ਕਾਇਰਤਾ ਹੈ ਜੋ ਉਸਦੇ ਅੰਦਰਲੇ ਨੂੰ ਪਰਿਭਾਸ਼ਤ ਕਰਦੀ ਹੈ। ਤਿੰਨਾਂ ਵਿਚ ਵਡੇਰੀ ਸਾਂਝ ਇਹ ਹੈ ਕਿ ਉਹਨਾਂ ਦੀ ਦ੍ਰਿਸ਼ਟੀਗਤ ਸਮਰੱਥਾ, ਸ੍ਰਵਣਗਤ ਸਮਰੱਥਾ ਦੀ ਗ਼ੁਲਾਮ ਹੈ। ਅਵੱਲ ਤਾਂ ਉਹ ਦੇਖਣ ਭਾਵ ਵਿਚਾਰਣ, ਚੀਰ ਫਾੜ ਕਰਨ, ਨਿਵੇਕਲਾ ਸੋਚਣ ਦੀ ਜਹਿਮਤ ਹੀ ਨਹੀਂ ਉਠਾਂਦੇ। ਜੇ ਥੋੜ੍ਹੀ ਬਹੁਤ ਉਠਾਂਦੇ ਹਨ ਤਾਂ ਦੇਖਣ ਨੂੰ ਸੁਣਨ ਦੇ ਅਧੀਨ ਕਰ ਰੱਖਦੇ ਹਨ। ਉਹਨਾਂ ਨੂੰ ਉਹੋ ਕੁਝ ਦਿਸਦਾ ਹੈ ਜੋ ਪਹਿਲਾਂ ਸੁਣਾਈ ਦਿੰਦਾ ਹੈ।

ਉਹਨਾਂ ਦੇ ਉਲਟ ਜੱਟ-ਜਾਤੀ ਦਾ ਨੌਜਵਾਨ ਤਬਕਾ ਹੈ ਜਿਸਨੂੰ ਸਰਲਕ੍ਰਿਤ ਰੂਪ ਵਿਚ ਹੀ ਚਿਤਰਿਆ ਗਿਆ ਹੈ। ਦੇਖਣ ਨੂੰ ਜੱਟ ਨੌਜਵਾਨ ਸੁਹਣੇ ਸੁਨੱਖੇ ਹਨ, ਭੰਗੜੇ ਪਾਉਂਦੇ ਤੇ ਵੰਝਲੀ ਵਜਾਉਂਦੇ ਹਨ। ਕਹਿਣ ਤੋਂ ਭਾਵ ਇਹ ਹੈ ਕਿ ਜਦੋਂ ਤੱਕ ਉਹਨਾਂ ਦਾ ਔਰਤ ਨਾਲ ਵਾਹ ਨਹੀਂ ਉਹ ਇਸ ਪ੍ਰਕਾਰ ਦੇ ਮੌਜ-ਮਤੀਏ ਹਨ। ਔਰਤ ਨਾਲ ਵਾਹ ਪੈਣ ਉਪਰੰਤ ਉਹਨਾਂ ਦੀ ਮਨੋ-ਗੁੰਥੀ ਬੱਝਦੀ ਹੈ, ਜੇਕਰ ਵਿਚ ਅੜਿੱਚਣ ਨਾ ਪਵੇ ਤਾਂ ਆਪ ਸਹੀਆਂ ਦੁਸ਼ਵਾਰੀਆਂ ਤੇ ਔਰਤ ਦੀਆਂ ਕੁਰਬਾਨੀਆਂ ਦੇ ਬਾਵਜੂਦ ਨਹੀਂ ਖੁੱਲ੍ਹਦੀ। ਇਸ ਮਨੋ-ਗੁੰਥੀ ਦਾ ਬੀਜ ਰੂਪ ਸ਼ੰਕਾ ਹੈ ਜਿਸ ਵਸ ਔਰਤ ਦੇ ਵਿਸ਼ਵਾਸ ਹੀ ਨਹੀਂ ਸਗੋਂ ਆਪਣੇ ਆਪ ਤੇ ਆਤਮ-ਵਿਸ਼ਵਾਸ ਦੀ ਘਾਟ ਉਹਨਾਂ ਵਿਚ ਬਰਾਬਰ ਬਣੀ ਰਹਿੰਦੀ ਹੈ। ਆਤਮ ਵਿਸ਼ਾਵਸ ਦੀ ਇਸ ਘਾਟ ਕਾਰਨ ਹੀ ਹੈ ਕਿ ਰਾਂਝੇ ਨੂੰ ਡਰ ਬਣਿਆ ਰਹਿੰਦਾ ਹੈ ਕਿ ਹੀਰ ਨੇ ਉਸ ਨਾਲ ਵਫ਼ਾ ਨਹੀਂ ਨਿਭਾਉਣੀ। ਭਾਵੇਂ ਪੰਜਾਂ ਪੀਰਾਂ ਦੀ ਬਖ਼ਸ਼ਿਸ ਹੈ, ਕਾਜ਼ੀ ਦਾ ਸਿਰ ਧੜ ਦੀ ਬਾਜ਼ੀ ਲਗਾ ਕੇ ਉਹ ਵਿਰੋਧ ਕਰਦੀ ਹੈ, ਸਹੁਰੀਂ ਜਾ ਕੇ ਆਪਣੇ ਪ੍ਰੇਮੀ ਦੀ ਯਾਦ ਵਿਚ ਤਰਲੋਮੱਛੀ ਹੁੰਦੀ ਹੈ ਅਤੇ ਅਨੇਕ ਔਕੜਾਂ ਪਾਰ ਕਰਕੇ ਉਸ ਨਾਲ ਬਿਖੜੇ ਪੈਂਡੇ ਤੇ ਨਿਕਲ ਤੁਰਦੀ ਹੈ ਪਰੰਤੂ ਰਾਂਝੇ ਦਾ ਵਿਸ਼ਵਾਸ ਜਿੱਤਣ ਵਿਚ ਸ਼ਾਇਦ ਉਹ ਫੇਰ ਵੀ ਸਫ਼ਲ ਨਹੀਂ ਹੁੰਦੀ। ਇਹ ਤੱਥ ਦਾ ਉਸਨੂੰ ਅਹਿਸਾਸ ਹੀ ਨਹੀਂ ਕਿ ਜਿੱਥੇ ਝੰਗ ਸਿਆਲ “ਇਸ਼ਕ ਬੋਲਦਾ ਨੱਢੀ ਦੇ ਥਾਓਂ ਥਾਈਂ” (ਪੰਨਾ 49) ਉਸ ਲਈ ਨਸ਼ਿਆਉਲਾ ਤੇ ਵਾਸ਼ਨੀ ਪੱਖ ਹੀ ਹੀਰ ਦੇ ਵਜੂਦ ਨੂੰ ਪਰਿਭਾਸ਼ਿਤ ਕਰਦਾ ਸੀ ਉਹ ‘ਜਾਹ ਦੇਖ ਮਸ਼ੂਕ ਦੇ ਨੈਣ ਖ਼ੂਨੀ/ਤੈਨੂੰ ਨਿੱਤ ਉਲਾਂਭੜਾ ਜੱਗ ਦਾ ਈ” (ਪੰਨਾ 158) ਰਾਹੀਂ ਹੁਣ ਉਸ ਦੀਆਂ ਪੀੜਤ ਤੇ ਜ਼ਖ਼ਮੀ ਪਲਕਾਂ ਤਕ ਸਿਮਟ ਕੇ ਰਹਿ ਗਿਆ ਹੈ।

ਇਸ ਦੁਫਾੜ ਨੂੰ ਕੁੱਲ ਜਾਤੀ ਦੇ ਵਿਰੁੱਧ ਭੁਗਤਾਉਂਦਾ ਇਸ ਸ਼ਾਹਕਾਰ ਦਾ ਕਰਤਾ ਜੱਟ ਮਰਦਾਂ ਤੇ ਔਰਤਾਂ ਨੂੰ ਹਰੇਕ ਘਾਟ, ਕੁਤਾਹੀ, ਜੁਰਮ ਤੇ ਪਾਪ ਦਾ ਭਾਗੀ ਬਣਾ ਦਿੰਦਾ ਹੈ। ਧੀਆਂ ਮਾਰਨ ਤੋਂ ਲੱਗ ਕੇ, ਉਹਨਾਂ ਨੂੰ ਦੋ-ਦੋ ਥਾਂ ਵਿਆਹੁਣ ਤੱਕ, ਠੱਗੀਆਂ ਮਾਰਨ, ਬੇਈਮਾਨੀਆਂ ਕਰਨ ਤੱਕ ਦਾ ਕਿਹੜਾ ਇਲਜ਼ਾਮ ਨਹੀਂ ਜੋ ਉਹ ਜੱਟ-ਜਾਤੀ ਤੇ ਨਹੀਂ ਥੋਪਦਾ। ਪਰ ਜਿਵੇਂ ਕਿ ਨਿਆਂ ਦਾ ਤਕਾਜ਼ਾ

## *ਹੀਰ ਵਾਰਿਸ ਸ਼ਾਹ ਦੀ ਵਿਲੱਖਣਤਾ* / ਕੁਲਬੀਰ ਸਿੰਘ ਕਾਂਗ



ਹੀਰ ਵਾਰਿਸ ਸ਼ਾਹ ਦੀ ਵਿਲੱਖਣਤਾ ਦਾ ਦੂਜਾ ਵੱਡਾ ਕਾਰਨ ਉਸ ਦੀ ਆਮ ਲੋਕਾਂ ਦੀ ਬੋਲੀ ਕਿਹਾ ਜਾਂਦਾ ਹੈ ਜੋ ਉਸ ਨੇ ਕਿੱਸੇ ਵਿਚ ਵਰਤੀ। ਪੰਜਾਬੀ ਭਾਸ਼ਾ ਉਸ ਸਮੇਂ ਨਵੀਂ ਕਰਵਟ ਲੈ ਰਹੀ ਸੀ—ਗੁਰਮਤ ਦੇ ਡੂੰਘੇ ਪ੍ਰਭਾਵ ਨੇ ਪੰਜਾਬੀ ਜ਼ਬਾਨ ਉੱਤੇ ਬ੍ਰਿਜ ਭਾਸ਼ਾ ਅਥਵਾ ਸਾਧ ਭਾਸ਼ਾ ਦੀ ਖਾਟ ਖੜ੍ਹੀ ਕਰ ਰੱਖੀ ਸੀ, ਉਹ ਵੀ ਇਕ ਸਮੇਂ ਦੀ ਲੋੜ ਸੀ ਕਿਉਂਕਿ ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਫ਼ਾਰਸੀ-ਅਰਬੀ ਦੇ ਵੱਧ ਰਹੇ ਸਾਮਰਾਜ ਵਿਰੁੱਧ ਜੋ ਵਿਦਰੋਹ ਕੀਤਾ ਸੀ, ਉਸ ਦਾ ਪਰਿਣਾਮ ਇਹੀ ਭਾਸ਼ਾ ਸੀ—ਪਰ ਗੁਰੂ ਅਰਜਨ ਕਾਲ ਵਿਚ ਹੀ ਭਾਈ ਗੁਰਦਾਸ ਨੇ ਪੰਜਾਬ ਵਿਚ ਵਿਗਸ ਰਹੇ ਕੇਂਦਰੀ ਇਲਾਕੇ (ਅੰਮ੍ਰਿਤਸਰ, ਗੁਰਦਾਸਪੁਰ, ਸਿਆਲਕੋਟ ਤੇ ਲਹੌਰ) ਦੀ ਭਾਸ਼ਾ ਨੂੰ ਆਪਣਾ ਮਾਧਿਅਮ ਬਣਾ ਲਿਆ ਸੀ—ਉਸ ਦੇ ਸਮਕਾਲੀ ਸ਼ਾਹ ਹੁਸੈਨ ਨੇ ਇਕ ਅਲਾਹੀ ਲੋਕ-ਰੰਗ ਬੰਨ੍ਹਿਆ ਅਤੇ ਸਾਡੀ ਭਾਸ਼ਾ ਵਿਚ ਲੋਕ-ਭਾਸ਼ਾ ਦੀ ਜੋ ਲਹਿਰ ਉੱਠੀ, ਵਾਰਿਸ ਉਸ ਦਾ ਸਿਖ਼ਰ ਸੀ। ਉਦੋਂ ਤਕ ਫ਼ਾਰਸੀ ਮੁਹਾਵਰਾ ਵੀ ਪੰਜਾਬੀ ਲੋਕਾਂ ਦੇ ਸਭਿਆਚਾਰ ਦਾ ਅੰਗ ਬਣ ਚੁੱਕਾ ਸੀ। ਅੱਜ ਦੇ ਪਾਠਕਾਂ ਨੂੰ (ਸ਼ਾਇਦ) ਵਾਰਿਸ ਦੁਆਰਾ ਵਰਤੇ ਡੂੰਘੇ ਫ਼ਾਰਸੀ ਸ਼ਬਦ ਅਖਰਨ, ਪਰ ਉਦੋਂ ਇਹੋ ਭਾਸ਼ਾ ਪੰਜਾਬੀ ਦੀ ਆਮ ਬੋਲ-ਚਾਲ ਦੀ ਬੋਲੀ ਸੀ, ਇਸੇ ਕਾਰਨ ਉਸ ਨੂੰ ਅਸੀਂ ਠੇਠ ਕੇਂਦਰੀ ਪੰਜਾਬੀ ਬੋਲੀ ਦਾ ਸ਼ਾਹ ਸਵਾਰ ਆਖ ਸਕਦੇ ਹਾਂ। ਨਵੀਂ ਹਿੰਦੀ-ਸੰਸਕ੍ਰਿਤ ਪ੍ਰਭਾਵੀ ਪੀੜ੍ਹੀ ਲਈ ਭਾਵੇਂ ਕੁਝ ਕੁ ਔਖਾ ਜਾਪਦਾ ਹੋਵੇ ਪਰ ਪੰਜਾਬੀ ਦੀ ਆਤਮਾ ਨੂੰ ਸਮਝਣ ਵਾਲੇ ਲੋਕ-ਵਾਰਿਸ ਦੀ ਇਸ ਮਹਾਨ ਦੇ ਆਭਾਰੀ ਹਨ। ਸਭ ਤੋਂ ਵੱਡਾ ਕ੍ਰਾਂਤੀਕਾਰੀ ਕਾਰਜ ਵਾਰਿਸ ਨੇ ਇਹ ਕੀਤਾ ਕਿ ਭਗਤਾਂ ਤੇ ਸੂਫ਼ੀਆਂ ਨੇ ਮਨੁੱਖ ਪਤਨੀ ਅਤੇ ਪਰਮਾਤਮਾ ਨੂੰ ਅਪਹੁੰਚ ਪਤੀ ਦੇ ਬਿੰਬ ਨੂੰ ਉਜਾਗਰ ਕੀਤਾ ਸੀ। ਮਨੁੱਖ ਰੂਪੀ ਪਤਨੀ ਰੱਬ ਰੂਪੀ ਖਾਵੰਦ ਲਈ ਸਹਿਕ ਰਹੀ ਸੀ। **ਪਰ ਵਾਰਿਸ (ਤੇ ਹੋਰ ਕਿੱਸਾਕਾਰਾਂ) ਨੇ 'ਹੀਰ' ਆਦਰਸ਼ ਮੰਨ ਕੇ ਰਾਂਝੇ ਦੀ ਉਸ ਲਈ ਤੜਪ ਨੂੰ ਪੇਸ਼ ਕਰਕੇ ਔਰਤ ਨੂੰ ਖ਼ੁਦਾ ਬਣਾ ਦਿੱਤਾ। ਵਿਚਾਰ ਦਾ ਇਹ ਵਿਕਾਸ-ਕ੍ਰਮ ਵਾਰਿਸ ਦੁਆਰਾ ਸਿਖ਼ਰ 'ਤੇ ਪੁੱਜਾ ਹੈ।** ਵ

---

ਹੋਣਾ ਚਾਹੀਦਾ ਸੀ ਇਸ ਜੱਟ-ਜਾਤੀ ਦੀ ਦੁਰ-ਕਾਮਨਾ ਦੇ ਅਹਿਸਾਸ ਵਿਚ ਵਾਰਿਸ ਸ਼ਾਹ ਦਾ ਇਸਦੇ ਅੰਤਹਕਰਣ ਬਾਬਤ ਵੱਖਰਾ ਤਸੱਵਰ ਬਣਦਾ ਚਲਿਆ ਜਾਂਦਾ ਹੈ। ਇਸ ਅਨੁਸਾਰ ਧਰਤੀ ਦੀ ਨੇੜਤਾ, ਸੁਭਾਵਕਤਾ ਤੇ ਸਹਿਣਸ਼ੀਲਤਾ ਕਾਰਨ ਇਸ ਜਾਤੀ ਦਾ ਅੰਤਹਕਰਣ ਜਿਵੇਂ ਕਿ ਇਹ ਔਰਤ ਦੀ ਮਾਨਸਿਕਤਾ ਵਿਚ ਪ੍ਰਫੁੱਲਤ ਹੁੰਦਾ ਹੈ, ਮਾਨਵੀ ਸਰੋਕਾਰ, ਫ਼ਿਕਰ, ਚਿੰਤਾ ਤੇ ਚਿੰਤਨ ਦਾ ਸਿਖ਼ਰ ਵੀ ਬਣ ਜਾਂਦਾ ਹੈ। ਹੀਰ ਵੱਲੋਂ ਬੋਲੀਆਂ ਇਹ ਤੁਕਾਂ ਇਸਦੀ ਉੱਤਮ ਮਿਸਾਲ ਹਨ:

*ਹਾਇ ਹਾਇ ਮੁੱਠੀ ਉਹਦੀ ਗੱਲ ਸੁਣ ਕੇ / ਮੈਂ ਤਾਂ ਨਿਘੜਾ ਬੋੜ ਹੋ ਗਈ ਜੇ ਨੀ।*
*ਭਾਵੇਂ ਭੁੱਖੜਾ ਰਾਹ ਵਿਚ ਰਹੇ ਢੱਠਾ / ਕਿਸੇ ਖ਼ਬਰ ਨਾ ਉਸਦੀ ਲਈ ਜੇ ਨੀ।*
*ਜੈਂਹਦਾ ਚੰਦ ਪੁੱਤਰ ਸੁਆਹ ਲਾਇ ਬੈਠਾ / ਦਿੱਤਾ ਰੱਬ ਦਾ ਮਾਓਂ ਸਹਿ ਗਈ ਜੇ ਨੀ।*
*ਜਿਸਦੇ ਸੋਹਣੇ ਯਾਰ ਦੇ ਕੰਨ ਪਾਟੇ / ਉਹ ਤਾਂ ਨਢੜੀ ਚੌੜ ਹੋ ਗਈ ਜੇ ਨੀ।*
*ਨਾਹੀਂ ਰੱਬ ਦੇ ਗ਼ਜ਼ਬ ਥੀਂ ਲੋਕ ਡਰਦਾ / ਮੱਥੇ ਲੇਖ ਦੀ ਰੇਖ ਵਹਿ ਗਈ ਜੇ ਨੀ।*
*ਵਾਰਿਸ ਸ਼ਾਹ ਫਿਰਦਾ ਦੁੱਖਾਂ ਨਾਲ ਭਰਿਆ / ਖ਼ਲਕਤ ਮਗਰ ਕਿਉਂ ਉਸਦੇ ਪਈ ਜੇ ਨੀ ?* (ਪੰਨਾ 163-164)

ਸੰਤ ਸਿੰਘ ਸੇਖੋਂ ਦੇ ਲਫ਼ਜ਼ਾਂ ਵਿਚ 'ਇਹਨਾਂ ਜਹੇ ਅਨੇਕਾਂ ਹੀ ਬੰਦਾਂ ਵਿਚ ਉਹ ਸਿਆਣਪ, ਭਾਵੁਕਤਾ, ਵੈਰਾਗ, ਜੋਸ਼ ਤੇ ਆਦਰਸ਼ਕਤਾ ਭਰੀ ਹੋਈ ਹੈ ਕਿ ਸ਼ਲਾਘਾ ਲਾਚਾਰ ਹੋ ਕੇ ਰਹਿ ਜਾਦੀ ਹੈ।' (ਪੰਨਾ 26) ਇਹਨਾਂ ਵਾਂਗ ਹੀ ਨਿਚਲੇ ਕੁਝ ਬੰਦ ਹਨ ਜੋ ਡਾ. ਜੀਤ ਸਿੰਘ ਸੀਤਲ ਵੱਲੋਂ ਸੰਪਾਦਿਤ ਹੀਰ ਵਾਰਿਸ ਸ਼ਾਹ ਵਿਚ ਪ੍ਰਾਪਤ ਹਨ ਪਰ ਪਤਾ ਨਹੀਂ ਕਿਉਂ ਸੇਖੋਂ ਸਾਹਿਬ ਵਾਲੀ ਸੰਪਾਦਨਾ ਵਿਚੋਂ ਰਹਿ ਗਏ ਹਨ:

*ਮੁੱਠੀ ਮੁੱਠੀ ਮੈਨੂੰ ਕੋਈ ਅਸਰ ਹੋਇਆ / ਅੱਜ ਕੰਮ ਤੇ ਜੀਓ ਨਾ ਲੱਗਦਾ ਈ।*
*ਤੇਵਰ ਲਾਲ ਅੱਜ ਮੈਨੂੰ ਖੇੜਿਆਂ ਦਾ / ਜਿਵੇਂ ਲੱਗੇ ਅਲੰਬੜਾ ਅੱਗ ਦਾ ਈ।*
*ਖੁਲ੍ਹ ਖੁਲ੍ਹ ਜਾਂਦੇ ਬੰਦ ਚੋਲੜੀ ਦੇ / ਅੱਜ ਗਲ ਮੈਂਡੇ ਕੋਈ ਲੱਗਦਾ ਈ।*
*ਘਰ ਬਾਰ ਵਿਚੋਂ ਡਰ ਆਂਵਦਾ ਏ / ਜਿਵੇਂ ਕਿਸੇ ਤਤਾਰ ਜਾਂ ਅੱਗ ਦਾ ਈ।*
*ਵਾਰਿਸ ਸ਼ਾਹ ਬੁਲਾਉ ਨਾ ਮੂਲ ਮੈਨੂੰ / ਸਾਨੂੰ ਭਲਾ ਨਹੀਂ ਕੋਈ ਲੱਗਦਾ ਈ।* *(ਪੰਨਾ 212)*

ਜਿਥੇ ਪਹਿਲਿਆਂ ਸਤਰਾਂ ਵਿਚ ਮਨ ਦਾ ਝਰੋਖਾ ਹੀਰ ਦੀ ਕੁੱਲ ਮਾਨਵਤਾ ਪ੍ਰਗਟ ਕਰਦਾ ਹੈ ਉਥੇ ਦੇਹੀ ਦਾ ਝਰੋਖਾ ਹੈ ਜੋ ਇਹਨਾਂ ਸਤਰਾਂ ਵਿਚ ਕਾਰਗਰ ਸਿੱਧ ਹੋਇਆ ਹੈ। ਕੁੱਲ ਮਿਲਾ ਕੇ ਵਾਰਿਸ ਸ਼ਾਹ ਦੀ ਟੇਕ ਅਜਿਹੀ ਮਾਨਵੀ ਵਿਚਾਰਧਾਰਾ ਤੇ ਆ ਬਣਦੀ ਹੈ ਜੋ ਕੁਰਾਨ ਸ਼ਰੀਫ਼ ਤੇ ਸੂਫ਼ੀ ਮੱਤ ਆਦਿ ਵੱਲੋਂ ਪ੍ਰੇਰਿਤ ਵਿਚਾਰਧਾਰਾਈ ਪਰਤਾਂ ਤੋਂ ਕਿਤੇ ਭਰਪੂਰ ਉਪਜਾਊ ਤੇ ਪ੍ਰਫੁੱਲਤ ਹੈ। ਜੇ ਹੀਰ ਵਾਰਿਸ ਸ਼ਾਹ ਵਿਚ ਇਸ ਲਈ ਵਿਸ਼ੇਸ਼ ਤੌਰ 'ਤੇ ਦੁਖਾਂਤ ਲਾਜ਼ਮੀ ਹੈ ਤਾਂ ਭਾਵ ਇਸਦਾ ਇਹੋ ਬਣਦਾ ਹੈ ਕਿ ਜੀਵਨ ਤੇ ਰਹਿਤਲ ਵਿਚ ਸਰਵੱਤਰ ਕੋਈ ਘਾਟ ਹੈ ਜੋ ਇਸਦੇ ਦਿਸਹੱਦਿਆਂ ਨਾਲ ਪ੍ਰਣਾਇਆ ਅਨੁਭਵ-ਖੇਤਰ ਤੇ ਭਾਵ-ਜਗਤ ਸਦੀਵੀ ਨਹੀਂ ਬਣਦਾ। ਵ




# ਸਮਕਾਲ ਵਿਚ ਵਾਰਿਸ ਅਤੇ ਬੁੱਲ੍ਹੇ ਦੇ ਪੁਨਰਪਾਠ ਦੀ ਜ਼ਰੂਰਤ ਕਿਉਂ ?

## *ਵਿਨੋਦ ਸ਼ਾਹੀ*

ਹਿੰਦੋਸਤਾਨ ਵਿਚ ਸੂਫ਼ੀ ਸਾਹਿਤ 13ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤੱਕ ਵਿਕਾਸ ਕਰਦਾ ਹੈ। ਇਸ ਉਪਰੰਤ ਇਹ ਲਗਭਗ ਅਲੋਪ ਹੋ ਜਾਂਦਾ ਹੈ। ਹਾਲਾਂਕਿ ਲੋਕਾਂ ਦੇ ਸਾਂਝੇ ਚਿੱਤ ਵਿਚ ਸੂਫ਼ੀ ਕਲਾਮ ਬਦਸਤੂਰ ਗਹਿਰਾਈ ਨਾਲ ਛਾਇਆ ਰਹਿੰਦਾ ਹੈ ਕਿ ਜਿਵੇਂ ਇਹ ਇਕੱਲਾ ਅਜਿਹਾ ਕਲਾਮ ਹੋਵੇ, ਜੋ ਲੋਕ-ਹਿਰਦੇ ਦੇ ਇੰਨਾ ਕਰੀਬ ਹੈ, 'ਦਿਲ ਦੀ ਜ਼ੁਬਾਨ' ਦੀ ਤਰ੍ਹਾਂ। ਇਸ ਦਾ ਇਕ ਹੋਰ ਰੂਪ ਵੀ ਹੈ ਜੋ 18ਵੀਂ ਸਦੀ ਤੋਂ ਬਾਅਦ ਵੀ ਭਾਰਤੀ ਸਭਿਆਚਾਰ ਦੀ ਨੁਮਾਇੰਦਗੀ ਕਰਦਾ ਹੈ। ਇਸ ਨੂੰ ਅਸੀਂ ਸੱਚੀ ਧਰਮ-ਨਿਰਪੱਖਤਾ ਦੀ ਤਰ੍ਹਾਂ ਵੇਖ ਸਕਦੇ ਹਾਂ, ਜੋ ਹਿੰਦੂ ਦੇ ਹਿੰਦ ਤੇ ਮੁਸਲਮਾਨ ਦੇ ਮੁਸਲਮਾਨ ਹੋਣ ਦੀ ਹਰ ਕੋਸ਼ਿਸ਼ ਦੇ ਖਿਲਾਫ਼ ਖੜੀ ਰਹਿੰਦੀ ਹੈ ਅਤੇ ਇਸ ਦੇ ਵਿਕਲਪ ਦੇ ਤੌਰ ਤੇ 'ਮੁਹੱਬਤ ਜਾਂ ਦਿਨ ਦੇ ਗ਼ਜ਼ਲਾਂ' ਦੀ ਭਾਵ-ਧਾਰਾ ਦੇ ਰੂਪ ਵਿਚ 19ਵੀਂ ਅਤੇ 20ਵੀਂ ਸਦੀ ਦੀ ਉਰਦੂ ਸ਼ਾਇਰੀ ਦਾ ਪ੍ਰਮੁੱਖ ਸੂਰ ਬਣ ਕੇ ਉੱਭਰਦੀ ਹੈ। ਇਸ ਨੂੰ ਅਸੀਂ ਆਪਣੇ ਪੂਰੇ ਦੱਖਣ-ਏਸ਼ੀਆਈ ਸਾਹਿਤ ਦਾ ਦੁਖਾਂਤ ਕਹਿ ਸਕਦੇ ਹਾਂ ਕਿ ਇਨ੍ਹਾਂ ਦੋ ਸਕੀਮਾਂ ਵਿਚ ਜੋ ਆਧੁਨਿਕਤਾ ਦਾ ਪ੍ਰਤੀਨਿਧਤਵ ਕਰਦੀਆਂ ਹਨ—ਸੂਫ਼ੀ ਸ਼ਾਇਰੀ ਲਗਾਤਾਰ ਪਤਨ ਵੱਲ ਧੱਕੀ ਚਲੀ ਗਈ ਪ੍ਰਤੀਤ ਹੁੰਦੀ ਹੈ-ਬੁੱਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਦੇ ਨਾਲ ਸੂਫ਼ੀ ਸ਼ਾਇਰੀ ਨੇ ਜੋ ਉਚਾਈ ਹਾਸਿਲ ਕੀਤੀ ਸੀ, ਉਸ ਦਾ ਇਸ ਤੋਂ ਬਾਅਦ ਬਸ ਇਕ ਪ੍ਰਛਾਵਾਂ ਜਿਹਾ ਹੀ ਡੋਲਦਾ ਨਜ਼ਰ ਆਉਂਦਾ ਹੈ। ਨਤੀਜਨ ਸਾਡਾ ਇਹ ਪੂਰਾ ਪ੍ਰਦੇਸ ਲਗਾਤਾਰ ਸੰਪਦਾਇਕਰਣ ਦਾ ਸ਼ਿਕਾਰ ਹੁੰਦਾ ਜਾਂਦਾ ਹੈ ਅਤੇ ਬਸਤੀਵਾਦ ਦੇ ਪੈਰ ਜਮਾਉਣ ਉਪਰੰਤ ਇਹ ਸੰਪਦਾਇਕਤਾ ਇੰਨੀ ਜ਼ਹਿਰਲੀ ਅਤੇ ਵੱਖਵਾਦੀ ਹੋ ਜਾਂਦੀ ਹੈ ਕਿ ਅਸੀਂ ਅਨੇਕਾਂ ਮੁਲਕਾਂ ਵਿਚ ਵੰਡੇ ਜਾਣ ਤੋਂ ਇਲਾਵਾ ਹੋਰ ਕੁਝ ਕਰਨ ਲਾਇਕ ਨਹੀਂ ਰਹਿ ਜਾਂਦੇ।

ਸਾਡੇ ਇਸ ਦੱਖਣ ਏਸ਼ਆਈ ਖਿੱਤੇ ਦੇ ਪ੍ਰਛਾਵੇਂ ਦੇ ਕਾਰਣ ਕੀ ਸਨ, ਇਸ ਬਾਰੇ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਜੇਕਰ ਇਸ ਵਖਰੇਵੇਂ ਦਾ ਸਰੂਪ ਸਭਿਆਚਾਰਕ ਹੈ, ਤਾਂ ਸਾਨੂੰ ਇਸ ਗੱਲ ਤੇ ਜ਼ਰੂਰ ਕੇਂਦ੍ਰਿਤ ਹੋਣਾ ਚਾਹੀਦਾ ਹੈ ਕਿ ਇਸ ਚੇਤਨਾ ਦੇ ਆਪਣੇ ਤੌਰ 'ਤੇ ਕਮਜ਼ੋਰ ਹੋਣ ਦੇ ਕਾਰਨ ਕਿਧਰੇ ਇਸ ਦੇ ਆਪਣੇ ਅੰਦਰ ਵੀ ਮੌਜੂਦ ਤਾਂ ਨਹੀਂ ਸਨ। ਸਮਾਜਿਕ, ਰਾਜਨੀਤਕ ਜਾਂ ਆਰਥਿਕ ਕਾਰਨਾਂ ਦੀ ਤਲਾਸ਼ ਆਧੁਨਿਕ ਕਾਲ ਦੇ ਬੌਧਿਕ ਕਾਰਜਾਂ ਦਾ ਕੇਂਦਰੀ ਰੁਝਾਨ ਬਣ ਗਈ ਹੈ, ਸਮਝਿਆ ਜਾਣ ਲੱਗ ਪਿਆ ਹੈ ਕਿ ਭੌਤਿਕ ਤਬਦੀਲੀਆਂ ਹੀ ਸਭਿਆਚਾਰਕ ਤਬਦੀਲੀਆਂ ਦਾ ਕਾਰਨ ਹੁੰਦੀਆਂ ਹਨ। ਸੂਫ਼ੀ ਚਿੰਤਨਧਾਰਾ ਅਤੇ ਉਸ ਦੀ ਸ਼ਾਇਰੀ ਦੇ ਪ੍ਰਭਾਵ ਅੱਜ ਤੱਕ ਕਾਇਮ ਰਹਿ ਜਾਣ ਦੀ ਜੋ ਹਕੀਕਤ ਸਾਡੇ ਸਾਹਮਣੇ ਮੌਜੂਦ ਹੈ, ਉਸ ਦਾ ਕੁੱਲ ਮਤਲਬ ਇੰਨਾ ਹੀ ਹੈ ਕਿ ਇਸ ਭਾਵਧਾਰਾ ਨੂੰ ਸਿਆਸੀ ਯੋਜਨਾਵਾਂ ਦੇ ਵੰਡਵਾਦੀ ਏਜੰਡੇ ਨੇ ਗੌਣ ਬਣਾਉਣ ਦੀ ਕੋਸ਼ਿਸ਼ ਕਰ ਕੇ, ਲੋਕਾਂ ਨੂੰ 'ਪਹਿਚਾਣ ਦੇ ਸੰਕਟ' ਵਿਚ ਧੱਕ ਦਿੱਤਾ ਗਿਆ ਹੈ। ਸਿੱਟੇ ਵਜੋਂ ਸੂਫ਼ੀਆਂ ਦੀ ਆਪਸੀ ਮਿਲਵਰਤਨ ਦੀ ਜੀਵਨ-ਸ਼ੈਲੀ ਅਤੇ ਧਰਮ-ਨਿਰਪੇਖ ਨਜ਼ਰੀਆ ਪਿਛੋਕੜ ਵਿਚ ਜਾ ਖਲੋਤੇ ਹਨ। ਜੋ ਹੋਇਆ ਉਸ ਦੇ ਮਾੜੇ ਨਤੀਜੇ ਅਸੀਂ ਅੱਜ ਤੱਕ ਭੁਗਤ ਰਹੇ ਹਾਂ ਅਤੇ ਜੇਕਰ ਅਸੀਂ ਮੁੜ ਕਿਸੇ ਆਪਸਦਾਰੀ

ਵਾਲੇ ਮਨੁੱਖੀ ਵਿਕਲਪ ਦੀ ਤਲਾਸ਼ ਵਿਚ ਜਾ ਪਵੇਗਾ, ਗੱਲ ਜਿਥੇ ਰੁਕੀ ਸੀ—ਯਾਨੀ ਬੁੱਲ੍ਹੇ ਤੇ ਵਾਰਿਸ ਤੱਕ ਆ ਕੇ—ਉਥੋਂ ਹੀ ਸਾਨੂੰ ਇਕ ਨਵੀਂ ਸ਼ੁਰੂਆਤ ਮੁੜ ਕਰਨੀ ਹੀ ਪਵੇਗੀ।

ਸੂਫ਼ੀਆਂ ਨੂੰ ਇਤਿਹਾਸ ਦੇ ਪਿਛੋਕੜ ਵਿਚ ਧੱਕ ਦਿੱਤੇ ਜਾਣ ਦੀ ਘਟਨਾਂ ਸਿਰਫ਼ ਸਾਡੇ ਦੱਖਣ ਏਸ਼ੀਆਈ ਖਿੱਤੇ ਵਿਚ ਹੀ ਨਹੀਂ ਘਟੀ, ਇਸ ਨੂੰ ਅਸੀਂ ਪੂਰੇ ਵਿਸ਼ਵ ਦੇ ਪ੍ਰਸੰਗ ਵਿਚ ਹੋ ਰਹੀਆਂ ਘਟਨਾਵਾਂ ਦੀ ਇਕ ਕੜੀ ਦੀ ਤਰ੍ਹਾਂ ਵੇਖ ਸਕਦੇ ਹਾਂ।

ਭਾਰਤ ਵਿਚ ਕਾਦਰੀ ਚਿਸ਼ਤੀਆਂ ਕਿਸਮ ਦਾ ਜਿਹੜਾ ਸੂਫ਼ੀਵਾਦ 13ਵੀਂ ਸਦੀ ਵਿਚ ਬਰਾਸਤੇ ਅਫ਼ਗਾਨਿਸਤਾਨ ਸਿੰਧ ਦਾਖਿਲ ਹੋਇਆ, ਉਹ ਬਾਕੀ ਸਾਰੇ ਸੂਫ਼ੀਵਾਦੀ ਸਿਲਸਿਲਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਉਦਾਰ, ਕਿਤੇ ਜ਼ਿਆਦਾ ਧਰਮ-ਨਿਰਲੇਪ, ਕਿਤੇ ਜ਼ਿਆਦਾ ਵਿਗਿਆਨਕ ਅਤੇ ਕਿਤੇ ਜ਼ਿਆਦਾ ਮਨੁੱਖੀ ਸਰੋਕਾਰਾਂ ਵਾਲਾ ਕਿਹਾ ਜਾ ਸਕਦਾ ਹੈ। ਇਸਲਾਮ ਦੇ ਉਭਾਰ ਕਾਲ ਦੌਰਾਨ ਰਾਬਿਆ ਜਾਂ ਮਨਸੂਰ ਅਲ ਹੱਲਾਜ਼ ਵਰਗੇ ਸੂਫ਼ੀ ਪ੍ਰਗਟ ਹੋਵੇ, ਜਿਨ੍ਹਾਂ ਨੇ ਕਲਾਸਿਕ ਇਸਲਾਮ ਵਿਚ ਮੁੱਢਲੇ ਇਨਕਲਾਬੀ ਸਵਾਲਾਂ ਨੂੰ ਰਹੱਸਵਾਦੀ ਅੰਦਾਜ਼ ਵਿਚ ਅਭਿਵਿਅਕਤੀ ਦਿੱਤੀ। ਇਨ੍ਹਾਂ ਦੀ ਸ਼ੈਲੀ ਰੂਪਕਾਤਮਿਕ ਸੀ। ਜਿਸ ਨੇ ਇਸਲਾਮ ਦੇ ਮੂਲਵਾਦੀ ਪਾਠਾਂ ਨੂੰ ਚੁਣੌਤੀ ਦੇ ਦਿੱਤੀ ਸੀ। ਮਨਸੂਰ 10ਵੀਂ ਸਦੀ ਵਿਚ ਭਾਰਤ ਵੱਲ ਦੀ ਆਇਆ ਸੀ ਅਤੇ ਉਸ ਦੀਆਂ ਵੇਦਾਂਤਕ ਕਿਸਮ ਦੀਆਂ ਉਕਤਾਂ ਇਸਲਾਮ ਦੇ ਮੂਲਵਾਦੀ ਪਾਠ ਲਈ ਇਕ ਇਨਕਲਾਬੀ ਕਿਸਮ ਦੇ ਵਿਰੋਧ ਨੂੰ ਦਰਜ ਕਰਨ ਤੱਕ ਚਲੀਆਂ ਗਈਆਂ ਸਨ। ਨਤੀਜਨ ਉਸ ਦੀ ਸ਼ਹਾਦਤ ਸਾਹਮਣੇ ਆਈ। ਇਸ ਉਪਰੰਤ, ਇਸਲਾਮ ਵਿਚ ਵੀ ਇਕ ਨਵਜਾਗਰਣ ਦਾ ਦੌਰ ਸਾਹਮਣੇ ਆਉਂਦਾ ਹੈ। ਕੁਝ ਲੋਕ ਉਸ ਨੂੰ ਯੂਰਪ ਦੇ 13ਵੀਂ ਸਦੀ ਦੇ ਪੁਨਰ ਜਾਗਰਣ ਦੇ ਸਹਿ-ਸਮਾਂਤਰ ਪ੍ਰਗਟ ਹੋਣ ਵਾਲਾ ਪਰਿਵਰਤਨ ਮੰਨਦੇ ਹਨ। ਸੂਫ਼ੀਆਂ ਸੰਦਰਭ ਵਿਚ ਇਸ ਨੂੰ ਨਵੇਂ ਰਾਹਾਂ ਦੀ ਨਿਸ਼ਾਨਦੇਹੀ ਕਿਹਾ ਜਾ ਸਕਦਾ ਹੈ। ਉਹ ਬ੍ਰਹਿਮੰਡ ਨਾਲ ਇਨਸਾਨ ਦੇ ਰਿਸ਼ਤੇ ਦੀ ਫ਼ਲਸਫਾਨਾ ਵਿਆਖਿਆ ਕਰਨ ਵਿਚ ਕਾਮਯਾਬ ਹੋਇਆ। ਉਮਰ ਖਯਾਮ ਅਤੇ ਅਲ ਗ਼ੁਜ਼ਾਲੀ ਵਰਗੇ ਸੂਫ਼ੀ ਦੀ ਉਸ ਦੌਰ ਵਿਚ ਗਣਿਤ, ਭੌਤਿਕ ਵਿਗਿਆਨ ਅਤੇ ਗ੍ਰਹਿ-ਵਿਗਿਆਨ ਨਾਲ ਜੁੜ ਕੇ ਇਕ ਨਵੇਂ ਅਤੇ ਵੱਖਰੇ ਇਸਲਾਮ ਨੂੰ ਜਨਮ ਦੇ ਰਹੇ ਸਨ। ਪਰ ਰੂੜੀਵਾਦੀ ਅਤੇ ਮੂਲਵਾਦੀ ਇਸਲਾਮ ਨੂੰ ਇਹ ਨਾਗਵਾਰ ਗੁਜ਼ਰ ਰਿਹਾ ਸੀ। ਸੂਫ਼ੀਆਂ ਦਾ ਸੰਗੀਤ, ਨ੍ਰਿਤ ਦਾ ਇਸਤੇਮਾਲ ਅਤੇ ਕੁਰਾਨ ਦੀ ਰੂਪਕਾਤਮਿਕ ਵਿਆਖਿਆ ਸ਼ਰੀਅਤ ਦੇ ਰੂੜੀਵਾਦੀ ਹਾਮੀਆਂ ਲਈ ਇਸਲਾਮ-ਵਿਰੋਧੀ ਚੀਜ਼ ਸੀ। ਸੂਫ਼ੀਆਂ ’ਤੇ ਵੱਧਦੇ ਦਬਾਅ ਕਾਰਨ ਉਸ ਦੌਰ ਦੇ ਜ਼ਿਆਦਾਤਰ ਸੂਫ਼ੀਆਂ ਨੇ ਬਰਮਾ, ਅਫ਼ਗਾਨਿਸਤਾਨ, ਭਾਰਤ ਵੱਲ ਰੁਖ ਕਰਨਾ ਬਿਹਤਰ ਸਮਝਿਆ। ਇਸ ਤਰ੍ਹਾਂ ਇਰਾਨ, ਤੁਰਕੀ, ਮਿਸਰ, ਸਊਦੀ, ਇਰਾਕ ਅਤੇ ਇੰਡੋਨਸ਼ੀਆ ਵਿਚ ਆਪਣੀਆਂ ਜੜ੍ਹਾਂ ਜਮਾਉਣ ਉਪਰੰਤ ਚਿਸ਼ਤੀ ਅਤੇ ਸ਼ੇਖ਼ ਫ਼ਰੀਦ ਵਰਗੇ ਸੂਫ਼ੀਆਂ ਦਾ ਇਸ ਵਿਰਾਸਤ ਨੂੰ ਸਾਂਭ ਕੇ ਭਾਰਤ ’ਚ ਲਾਉਣਾ ਖ਼ਾਸ ਅਰਥ ਰੱਖਦਾ ਹੈ। ਭਾਰਤ ਵਿਚ ਕਾਦਰੀ ਚਿਸ਼ਤੀ ਲਗਾਤਾਰ ਆਪਣੇ ਮਨੁੱਖੀ ਸਰੋਕਾਰਾਂ ਨਾਲ ਕੰਮ ਕਰਦੇ ਹੋਏ ਭਾਰਤ ਨੂੰ ਇਕ ਨਵੇਂ ਸਭਿਆਚਾਰ ਤੱਕ ਲੈ ਜਾਣ ਦਾ ਅਧਾਰ ਬਣ ਰਹੇ ਸਨ। ਇਥੇ ਬ੍ਰਹਮਵਾਦ ਦੀਆਂ ਜਕੜਬੰਦੀਆਂ ਨੂੰ ਤੋੜਨ ਦੀ ਕੋਸ਼ਿਸ਼ ਕਰਨ ਵਾਲੇ ਸਿੱਧ-ਨਾਥ-ਯੋਗੀ-ਨਿਰਗੁਣੀਏ ਪਹਿਲਾਂ ਹੀ ਇਸ ਦਿਸ਼ਾ ਵੱਲ ਅੱਗੇ ਵੱਧ ਰਹੇ ਸਨ। ਸੂਫ਼ੀਆਂ ਨੇ ਭਾਰਤ ਵਿਚ ਇਨ੍ਹਾਂ ਦੇ ਨਾਲ ਗਹਿਰੇ ਰਿਸ਼ਤੇ ਬਣਾਏ। ਪੰਜਾਬ ਵਿਚ, ਉਤਰ-ਕਾਲੀਨ ਸਭਿਆਚਾਰਕ ਇਤਿਹਾਸ ਨਿਰਗੁਣੀਏ ਸੰਤਾਂ ਤੋਂ ਸਿੱਖ ਗੁਰੂਆਂ ਤੱਕ ਵਿਕਾਸ ਕਰਦਾ ਹੈ। ਸੂਫ਼ੀਆਂ ਦੇ ਰਿਸ਼ਤੇ ਇਨ੍ਹਾਂ ਨਾਲ ਵੀ ਬਾਦਸਤੂਰ ਬਣੇ ਰਹੇ।

ਜੇਕਰ ਅਸੀਂ ਭਾਰਤ ਦੇ ਨਵੇਂ ਸਭਿਅਚਾਰ ਦੀ ਕੋਈ ਗੱਲ ਸੋਚਣੀ ਹੋਵੇ ਤਾਂ ਉਹ ਇਹ ਲੋਕ-ਪੱਖੀ ਸਭਿਆਚਾਰ ਭਾਈਚਾਰਾ ਹੈ। ਜੋ ਇਕ ਦੂਜੇ ਦਾ ਪੂਰਕ ਬਣ ਕੇ ਭਾਰਤ ਨੂੰ ਇਕ  ਨਵੇਂ ਭਾਰਤ ਦੀ ਤਰ੍ਹਾਂ ਸਿਰਜਦਾ ਹੈ। ਉਸ ਨੂੰ ਨਵੀਂ ਜ਼ੁਬਾਨ ਦਿੰਦਾ ਹੈ। ਇਕ ਨਵੀਂ ਧਰਮ-ਨਿਰਪੇਖ ਮਨੁੱਖੀ ਚੇਤਨਾ ਪ੍ਰਦਾਨ ਕਰਦਾ ਹੈ ਅਤੇ ਲੋਕਾਂ ਦੇ ਭਾਈਚਾਰੇ ਨੂੰ ਗਹਿਰਾਉਂਦਾ ਹੋਇਆ ਇਕ ਨਵੇਂ ਭਾਰਤ ਦੀ ਪਰੀਕਲਪਨਾ ਕਰਦਾ ਹੈ। ਇਹ ਇਕ ਪਾਸੇ ਬ੍ਰਹਮਵਾਦ ਦੀ ਜਕੜਵੰਦੀ ਤੋਂ ਮੁਕਤੀ ਦਿੰਦਾ ਹੈ ਅਤੇ ਦੂਜੇ ਪਾਸੇ ਨਵੇਂ ਸ਼ਾਸ਼ਕਾਂ ਦੇ ਇਸਲਾਮੀਕਰਨ ਦੇ ਏਜੰਡੇ ਨੂੰ ਵੀ ਨਕੇਲ ਪਾਉਂਦਾ ਹੈ। ਨਤੀਜਨ ਅਸੀਂ ਉਸ ਮਹਾਨ ਸ਼ਾਇਰੀ ਦੇ ਰੂਬਰੂ ਹੁੰਦੇ ਹਾਂ ਤਾਂ ਜੋ ਇਥੇ ਬੁੱਲੇ ਸ਼ਾਹ ਅਤੇ ਵਾਰਸ ਸ਼ਾਹ ਦੇ ਰੂਪ ਵਿਚ ਸਾਡੇ ਸਾਹਮਣੇ ਆਈ। ਭਾਰਤ ਵਿਚ ਇਹ 18ਵੀਂ ਸਦੀ ਤੱਕ ਵਿਕਾਸ ਕਰਨ ਵਾਲੀ ਚੇਤਨਾ ਦੇ ਰੂਪ ਵਿਚ ਸਾਡੀ ਹਮਕਦਮ ਹੁੰਦੀ ਹੈ। ਜੋ ਮੱਧ ਏਸ਼ੀਆ ਦੇ ਸਹਿ-ਸਮਾਂਤਰ ਭਾਰਤ ਵਿਚ ਵੀ ਪੈਰ ਜਮਾਉਣ ਵਾਲੇ ਬਸਤੀਵਾਦ ਦੇ ਅਸਰ ਹੇਠ ਵਖਰੇਵੇਂ ਦਾ ਸ਼ਕਾਰ ਹੋ ਜਾਂਦੀ ਹੈ। ਮੱਧ ਏਸ਼ੀਆਈ ਦਾ ਸੂਫ਼ੀਵਾਦ ਇਸ ਦੌਰ ਵਿਚ ਨਵੇਂ ਸੂਫ਼ੀਵਾਦ ਦਾ ਰੂਪ ਲੈ ਲੈਂਦਾ ਹੈ ਜੋ ਸ਼ਰੀਅਤ ਦੇ ਰੁਝਾਨ ਵੀ ਸ਼ਾਮਿਲ ਹੋ ਜਾਂਦੇ ਹਨ। ਇਹ ਕਲਾਸਿਕ ਇਸਲਾਮ ਹੈ। ਬਸਤੀਵਾਦ ਦੇ ਸਭਿਆਚਾਰਕ ਹਮਲੇ ਵਜੋਂ ਜੋ ਭੌਤਿਕਵਾਦ ਸਾਹਮਣੇ ਆਉਂਦਾ ਹੈ ਅਤੇ ਜੋ ਲਗਭਗ ਪੂਰੀ ਤੀਜੀ ਦੁਨੀਆਂ ਵਿਚ ਭੌਤਿਕ ਸੰਸਥਾਪਕਾਂ ਦੇ ਦੋਹਣ-ਸ਼ੋਸ਼ਣ ਦਾ ਆਧਾਰ ਬਣਦਾ ਹੈ। ਉਸ ਦੇ ਖਿਲਾਫ਼ ਇਹ ਨਵਾਂ ਇਸਲਾਮੀਕਰਣ ਇਕ ਤਰ੍ਹਾਂ ਦਾ ‘ਡਿਫੈਂਸ ਮੈਕੇਨਿਜ਼ਮ’ ਹੈ—ਜੋ ਸਭਿਆਚਾਰਕ ਰੂਪ ਵਿਚ ਸਾਹਮਣੇ ਆਉਂਦਾ ਹੈ।

ਭਾਰਤ ਵਿਚ ‘ਨਵੇਂ ਸੂਫ਼ੀਵਾਦ’ ਦੇ ਪ੍ਰਗਟ ਹੋਣ ਦੇ ਹਾਲਾਤ ਨਹੀਂ ਬਣੇ ਪਰ ਇਥੇ ਉਦਗਰ ਸੂਫ਼ੀਵਾਦ ਨੇ ਕਦੇ ਵੀ ਆਪਣੀ ਜ਼ਮੀਨ ਪੂਰੀ ਤਰ੍ਹਾਂ ਛੱਡੀ ਨਹੀਂ। ਲੋਕ ਚੇਤਨਾ ਵਿਚ ਉਹ ਅਜੇ ਤੱਕ ਕਾਇਮ ਹੈ ਅਤੇ ਉਹ ਤੀਜੀ ਦੁਨੀਆਂ ਦੇ ਇਕ ਨਵੇਂ ਸਭਿਆਚਾਰਕ ਪੁਨਰ-ਗਠਨ ਦਾ ਅੱਜ ਵੀ ਆਧਾਰ ਪ੍ਰਤੀਤ ਹੁੰਦਾ ਹੈ। ਅੱਤਵਾਦ ਅਤੇ ਗ਼ੈਰ-ਮਨੁੱਖੀ ਸਰੋਕਾਰਾਂ ਦੇ ਵਿਸਥਾਰ ਵਿਕਸਿਤ ਕਰਨ ਦਾ ਸ਼ਾਇਦ ਇਹੋ ਸਹੀ ਸਮਾਂ ਹੈ। ਮੈਂ ਇਸੇ ਮੰਤਵ ਨੂੰ ਸਾਹਮਣੇ ਰੱਖ ਕੇ ਬੁੱਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਦਾ ਪੁਨਰ-ਪਾਠ ਕੀਤਾ ਹੈ—ਜੋ ਹਿੰਦੀ ਪਾਠਕਾਂ ਦੇ ਸਾਹਮਣੇ ਪ੍ਰਕਾਸ਼ਿਤ ਰੂਪ ਵਿਚ ਆ ਚੁੱਕਾ ਹੈ।



# ਬਲਵੰਤ ਗਾਰਗੀ

## ਦਰਸ਼ਨ ਸਿੰਘ

ਮੇਰੇ ਬਾਈਸਕੋਪ ਦੇ ਖੋਪਿਆਂ 'ਚੋਂ ਦਿੱਸਣ ਵਾਲੀ ਪਹਿਲੀ ਤਸਵੀਰ ਜਿਸ ਬੰਦੇ ਦੀ ਏ, ਉਹ ਕੱਦ ਦਾ ਮਧਰਾ ਏ। ਉਹਦੀ ਟੋਟਣੀ, 'ਤੇ ਵਾਲ ਕੋਈ-ਕੋਈ ਏ। ਉਹਦੇ ਨਾਲ ਇਕ ਵੱਡੀ ਸਾਰੀ ਕਾਰ ਖੜੀ ਏ ਤੇ ਇਕ ਨੌਜਵਾਨ ਔਰਤ, ਜਿਹਦੀ ਸੂਤੀ ਧੋਤੀ ਤੇ ਖੁੱਲ੍ਹੇ ਵਾਲ ਹਵਾ ਵਿਚ ਲਹਿਰਾ ਰਹੇ ਨੇ। ਇਹ ਵੇ ਨਾਟਕਕਾਰ ਬਲਵੰਤ ਗਾਰਗੀ...

ਬਲਵੰਤ ਗਾਰਗੀ ਉਸ ਸਮੇਂ ਦੀ ਇਕ ਅਨੋਖੀ ਸ਼ਖ਼ਸੀਅਤ ਹੁੰਦਾ ਸੀ। ਉਹ ਥੋੜ੍ਹਾ-ਬਹੁਤ ਵੰਡਾਰੇ ਤੋਂ ਪਹਿਲਾਂ ਵੀ ਮਸ਼ਹੂਰ ਸੀ। ਉਹਦਾ ਨਾਟਕ 'ਲੋਹਾ ਕੁੱਟ' ਛਪ ਤੇ ਖੇਡਿਆ ਜਾ ਚੁੱਕਾ ਸੀ। ਦਿੱਲੀ ਆ ਕੇ ਉਹਨੇ ਨਾਟਕ 'ਬਿਸਵੇਦਾਰ' ਲਿਖਿਆ ਸੀ, ਜਿਹੜਾ ਦਿੱਲੀ ਦੇ 'ਇਪਟਾ' ਨੇ ਖੇਡਿਆ ਸੀ। ਨਾਟਕ ਦਾ ਵਿਸ਼ਾ ਪੈਪਸੂ (ਪਟਿਆਲੇ ਤੇ ਹੋਰ ਨਾਲ ਲਗਦੀਆਂ ਰਿਆਸਤਾਂ ਦਾ ਇਲਾਕਾ) ਦਾ ਮੁਜ਼ਾਰਾ-ਘੋਲ ਸੀ। ਨਾਟਕ ਵਿਚ ਨੌਜਵਾਨ ਮੁਜ਼ਾਰਾ-ਆਗੂ ਜੀਤੇ ਦੀ ਮਾਂ ਦਾ ਰੋਲ ਅਚਲਾ ਸਚਦੇਵ ਨੇ ਕੀਤਾ ਸੀ। ਇਸ ਪਿੱਛੋਂ ਬਲਵੰਤ ਨੇ ਇਕ ਹੋਰ ਨਾਟਕ 'ਕਣਕ ਦੀ ਬੱਲੀ' ਲਿਖਿਆ। ਉਹ ਵੀ ਉਨ੍ਹੀਂ ਹੀ ਦਿਨੀਂ 'ਚ ਖੇਡਿਆ ਗਿਆ।

ਉਦੋਂ ਪੰਜਾਬੀ ਵਿਚ ਨਵੀਂ ਕਿਸਮ ਦਾ ਨਾਟਕ ਘੱਟ ਹੀ ਲਿਖਿਆ ਜਾਂਦਾ ਸੀ। ਬਾਕਾਇਦਾ ਨਾਟਕਕਾਰ ਜਾਂ ਹਰਚਰਨ ਸਿੰਘ ਸੀ, ਜਾਂ ਬਲਵੰਤ ਗਾਰਗੀ ਥੋੜ੍ਹਾ-ਬਹੁਤ ਹੰਭਲਾ ਅੰਮ੍ਰਿਤਸਰ ਦਾ ਗੁਰਚਰਨ ਸਿੰਘ ਜਸੂਜਾ ਵੀ ਮਾਰ ਰਿਹਾ ਸੀ।

ਗਾਰਗੀ ਉਸ ਵੇਲੇ ਵੀ ਆਪਣੇ ਆਪ ਨੂੰ ਪਹੁੰਚਿਆ ਹੋਇਆ ਕਲਾਕਾਰ ਸਮਝਦਾ ਸੀ। ਹਮੇਸ਼ਾ ਹੀ ਸ਼ੈਕਸਪੀਅਰ, ਚੇਖੋਵ ਤੇ ਇਬਸਨ ਦੀਆਂ ਗੱਲਾਂ ਕਰਦਾ ਰਹਿੰਦਾ ਸੀ। ਸੰਕੇਤਕ ਜਿਹੇ ਢੰਗ ਨਾਲ, ਅਧ-ਕਹੇ ਅੰਦਾਜ਼ 'ਚ, ਉਹ ਆਪਣੇ ਆਪ ਨੂੰ ਉਨ੍ਹਾਂ ਦੀ ਪਿਰਤ ਦਾ ਨਾਟਕਕਾਰ ਬਣਾ ਕੇ ਪੇਸ਼ ਕਰਦਾ ਸੀ। ਇਹ ਉਹਦੀ ਸ਼ੈਲੀ ਦਾ ਹਿੱਸਾ ਸੀ। ਉਹਦੇ ਲਈ ਸਫ਼ਲ, ਪ੍ਰਸਿੱਧ, ਮੰਨੇ-ਪਰਮੰਨੇ, ਸਰਕਾਰ-ਦਰਬਾਰੇ ਅਹਿਮ ਲੋਕ ਹੀ ਕੋਈ ਮਾਅਨੇ ਰੱਖਦੇ ਸਨ। ਪਰ ਉਸ ਸਮੇਂ ਉਹਦੇ ਪਾਠਕ ਤੇ ਵਾਚਕ, ਉਹਦੇ ਸੰਗੀ-ਸਾਥੀ ਤੇ ਉਹਦੇ ਸਾਥੀ-ਲੇਖਕ ਉਹਦੇ ਇਸ ਮੂਕ ਜਾਂ ਅਧ-ਕੀਤੇ ਦਾਅਵੇ ਨੂੰ ਨਹੀਂ ਸਨ ਮੰਨਦੇ। ਵਾਚਕਾਂ ਦਾ ਪ੍ਰਤੀਕਰਮ ਤਾਂ ਪੇਸ਼ਕਾਰੀ ਉੱਤੇ ਨਿਰਭਰ ਕਰਦਾ ਸੀ। ਪੇਸ਼ਕਾਰੀ ਚੰਗੀ ਹੋਈ ਤਾਂ ਨਾਟਕ ਚੰਗਾ। ਤੇ ਜੇ ਚੰਗੀ ਨਾ ਹੋਈ ਤਾਂ ਨਾਟਕ ਮੰਦਾ। ਆਮ ਸੂਝਵਾਨ ਤੇ ਸਾਥੀ ਲੇਖਕ ਗਾਰਗੀ ਨੂੰ ਛੁਟਿਆਂਦੇ ਸਨ। ਸਮਝਦੇ ਸਨ, ਗਾਰਗੀ ਉੱਜੜੇ ਪਿੰਡ ਦਾ ਭੜੋਲਾ ਮਹਿਲ ਸੀ। ਹੋਰ ਕੋਈ ਨਾਟਕ ਨੂੰ ਹੱਥ ਨਹੀਂ ਸੀ ਪਾਉਂਦਾ। ਏਸ ਲਈ ਗਾਰਗੀ ਪ੍ਰਧਾਨ ਬਣਿਆ ਫਿਰਦਾ ਸੀ।

ਗਾਰਗੀ ਦੀਆਂ ਹਵਾਵਾਂ ਵੇਖ ਸਾਡਾ ਦੋਸਤ ਦੇਵ ਰਾਜ ਚਾਨਣਾ ਉਹਨੂੰ ਬਲਵੰਤ ਗਾਰਗੀ ਨਹੀਂ ਗੁਲਵੰਤ ਬਾਰਗੀ ਸੱਦਦਾ ਸੀ। ਇਹ ਵੀ ਕਿਹਾ ਕਰਦਾ ਸੀ, ਗਾਰਗੀ, ਗਾਰਗੀ ਨਹੀਂ ਗਰਗ ਏ। ਭਾਵੇਂ ਏਸ ਗੱਲ ਦਾ ਗਾਰਗੀ ਦੀ ਲੇਖਣੀ ਜਾਂ ਉਹਦੀ ਪੱਧਰ ਨਾਲ ਕੋਈ ਸੰਬੰਧ ਨਹੀਂ ਸੀ, ਫੇਰ ਵੀ ਲੋਕ ਸੁਣ ਕੇ ਲੁਤਫ਼ ਲੈਂਦੇ ਸਨ।

ਇਸ ਸਭ ਕੁਝ ਦੇ ਬਾਵਜੂਦ ਵੀ ਗਾਰਗੀ ਆਪਣੇ ਆਪ ਨੂੰ ਉੱਚ-ਕੋਟੀ ਦਾ ਨਾਟਕਕਾਰ ਮੰਨ ਕੇ ਚਲਦਾ ਸੀ ਤੇ ਹਰ ਕਿਸਮ ਦੀ ਛੁਟਿਆਵੀਂ ਚੁੱਪ, ਚਰਚਾ ਤੇ ਟਿੱਪਣੀ ਨੂੰ ਮੁਸਕਰਾ ਕੇ ਰੱਦ ਕਰ ਦੇਂਦਾ ਸੀ। ਅਜਿਹਾ ਕੁਝ ਸੁਣ ਉਹਦੀਆਂ ਪਹਿਲੋਂ ਹੀ ਘੱਟ-ਖੁੱਲ੍ਹੀਆਂ ਅੱਖਾਂ ਕੁਝ ਹੋਰ ਮੀਟੀਆਂ ਜਾਂਦੀਆਂ, ਉਹ ਖਸਿਆਣਾ ਜਿਹਾ ਹਾਸਾ ਹੱਸਦਾ ਤੇ ਕਹਿਣ ਵਾਲੇ ਦਾ ਹੱਥ ਘੁੱਟ ਲੈਂਦਾ, ਰਤਾ ਕੁ ਸਿਰ ਘੁਮਾਂਦਾ ਤੇ ਉਹਦੇ ਮੱਥੇ 'ਤੇ ਟੱਕ ਲਾਂਦਾ, ਤੇ ਇੰਜ ਮੁਸਕਰਾਂਦਾ ਜਿਵੇਂ ਸਮਝਾ ਰਿਹਾ ਹੋਵੇ, "ਤੁਸੀਂ ਫ਼ਿਕਰ ਨਾ ਕਰੋ। ਮੈਂ ਜ਼ਰਾ ਸਵੱਖਤੇ ਆ ਗਿਆ ਹਾਂ। ਮੈਨੂੰ ਕੁਝ ਹੋਰ ਲਿਖ ਲੈਣ ਦਿਉ। ਕੁਝ ਹੋਰ ਖੇਡ ਲੈਣ ਦਿਉ। ਫੇਰ ਤੁਸੀਂ ਵੀ ਮੰਨ ਜਾਉਗੇ। ਵੈਸੇ ਵੀ ਸਾਡੀ ਜ਼ੁਬਾਨ 'ਚ ਚੰਗੇ ਨਾਟਕ ਨੂੰ ਸਮਝਣ ਵਾਲੇ ਬਹੁਤੇ ਹੈ ਹੀ ਨਹੀਂ। ਅਸੀਂ ਅਜੇ ਤਕ ਭੰਡ ਤੇ ਨਕਲੀਏ ਹੀ ਪੈਦਾ ਕੀਤੇ ਨੇ...।"

ਗਾਰਗੀ ਉਨ੍ਹੀਂ ਦਿਨੀਂ ਕਰਜ਼ਨ ਰੋਡ (ਹੁਣ ਕਸਤੂਰਬਾ ਗਾਂਧੀ ਰੋਡ) 'ਤੇ ਰਹਿੰਦਾ ਸੀ। ਉਹਦੀ ਉਥੇ ਕੋਈ ਕੋਠੀ ਨਹੀਂ ਸੀ। ਉਹ ਤਾਂ ਕਨਾਟ ਪਲੇਸ ਵੱਲੋਂ ਪਹਿਲੀ ਪੈਂਦੀ ਇਕ ਕੋਠੀ ਦੇ ਪਿਛਵਾੜੇ, ਇਕ ਛੋਟੇ ਜਿਹੇ, ਨਿਮਾਣੇ ਜਿਹੇ, ਆਊਟ-ਹਾਊਸ ਜਾਂ ਕੁਆਰਟਰ ਵਿਚ ਕਿਰਾਏ 'ਤੇ ਰਹਿੰਦਾ ਸੀ। ਉਹਦਾ ਰਸਤਾ ਵੀ ਪਿਛਲੀ ਗਲੀ ਤੋਂ ਸੀ।

ਏਸ ਘਰ ਦਾ ਸਭ ਕੁਝ ਛੋਟਾ-ਛੋਟਾ ਸੀ। ਛੋਟੇ-ਛੋਟੇ ਦੋ ਕਮਰੇ ਸਨ। ਉਨ੍ਹਾਂ ਅੱਗੇ ਛੋਟਾ ਜਿਹਾ, ਅੱਗੋਂ ਕੱਜਿਆ, ਮਹਿਰਾਬੀ ਜਿਹਾ, ਵਰਾਂਡਾ ਸੀ। ਵਰਾਂਡੇ ਦੇ ਨਾਲ ਹੀ ਛੋਟੀ ਜਿਹੀ ਰਸੋਈ ਸੀ ਤੇ ਨਾਲ ਉਸੇ ਹੀ ਪੈਮਾਨੇ ਦਾ ਛੋਟਾ ਜਿਹਾ ਗੁਸਲਖ਼ਾਨਾ। ਇਸ ਸਭ ਕੁਝ ਦੇ ਅੱਗੇ ਇਕ ਛੋਟਾ ਜਿਹਾ ਵਿਹੜਾ ਸੀ ਤੇ ਵਿਹੜੇ ਵਿਚ ਇਕ ਛੋਟਾ ਜਿਹਾ ਬੂਟਾ ਸੀ, ਜਿਸ ਉੱਤੇ ਛੋਟੇ-ਛੋਟੇ ਕਾਸ਼ਨੀ ਫੁੱਲ ਲਗਦੇ ਸਨ।

> "ਗਾਰਗੀ ਦੇ ਘਰ ਦਾ ਬੂਹਾ ਪ੍ਰਮੁੱਖ ਸਾਹਿਤਕਾਰਾਂ ਤੇ ਸਾਹਿਤ ਤੇ ਸਭਿਆਚਾਰ ਦੀ ਦੁਨੀਆਂ ਦੇ ਜਣੇ-ਖਣੇ ਲਈ ਖੁੱਲ੍ਹਿਆ ਰਿਹਾ। ਭਾਵੇਂ ਉਹ ਫ਼ੈਜ਼ ਅਹਿਮਦ ਫ਼ੈਜ਼ ਹੁੰਦਾ ਤੇ ਭਾਵੇਂ ਮੇਰੇ ਵਰਗਾ ਕੋਈ ਸਾਹਿਤ ਦੇ ਵਿਸ਼ਾਲ ਪਿੜ ਦੀ ਵੱਟ 'ਤੇ ਤੁਰਦਾ ਕੋਈ ਸਿਖਾਂਦਰੂ। ਉਥੇ ਨਿੱਤ ਮੇਲਾ ਲੱਗਾ ਰਹਿੰਦਾ। ਇਕ ਕਮਰੇ ਵਿਚ ਕੋਈ ਕਿਸੇ ਨਾਲ ਰਾਜ਼ੋ-ਨਿਆਜ਼ ਦੀਆਂ ਗੱਲਾਂ ਕਰ ਰਿਹਾ ਹੁੰਦਾ। ਦੂਜੇ ਕਮਰੇ 'ਚ ਲਿਖਣ-ਪੜ੍ਹਨ ਦਾ ਆਹਰ ਹੋ ਰਿਹਾ ਹੁੰਦਾ। ਵਰਾਂਡੇ 'ਚ ਸਿਆਸਤ ਦੀਆਂ ਗੁੰਝਲਾਂ ਖੋਲ੍ਹੀਆਂ ਜਾ ਰਹੀਆਂ ਹੁੰਦੀਆਂ। ਵਿਹੜੇ 'ਚ 'ਇਪਟਾ' ਦੀ ਰੀਹਰਸਲ ਹੋ ਰਹੀ ਹੁੰਦੀ ਜਾਂ ਕਿਸੇ ਸਭਾ ਦਾ ਇਕੱਠ ਹੋ ਰਿਹਾ ਹੁੰਦਾ। ਉਹਦਾ ਨੌਕਰ ਕਿਸ਼ੋਰੀ ਲਾਲ ਏਧਰ-ਓਧਰ ਭੱਜ ਰਿਹਾ ਹੁੰਦਾ। ਸਭ ਨੂੰ ਚਾਹ ਮਿਲਦੀ ਰਹਿੰਦੀ। ਜਿਹਨੇ ਢਿੱਡ ਭਰਨਾ ਹੁੰਦਾ, ਉਹ ਬਾਹਰੋਂ ਢਾਬੇ ਤੋਂ ਦਾਲ-ਰੋਟੀ ਫੜ ਲਿਆਉਂਦਾ। ਹਰ ਕਿਸੇ ਲਈ ਆਪਣੇ ਘਰ ਵਾਲੀ ਗੱਲ ਸੀ।"

ਘਰ ਇਕੋ-ਮੰਜ਼ਲਾ ਸੀ, ਗਿੱਠਾ ਜਿਹਾ। ਉਪਰ ਛੱਤ 'ਤੇ ਜਾਣ ਲਈ ਪਰਸਾਂਗ ਰੱਖਣਾ ਪੈਂਦਾ ਸੀ। ਬਾਹਰ ਬੂਹੇ ਦੀ ਨਾਲ ਵਾਲੀ ਕੰਧ 'ਤੇ ਲੱਕੜੀ ਦੀ ਮੋਟੀ-ਮੋਟੀ ਉੱਕਰੀ ਗਣੇਸ਼ ਦੀ ਇਕ ਮੂਰਤੀ ਠੁਕੀ ਹੁੰਦੀ ਸੀ।

ਗਾਰਗੀ ਦਾ ਘਰ ਭਾਵੇਂ ਛੋਟਾ ਸੀ, ਭਾਵੇਂ ਉਹਦਾ ਬੋਝਾ ਵੀ ਛੋਟਾ ਸੀ, ਪਰ ਦਿਲ ਉਹਦਾ ਵੱਡਾ ਸੀ। ਉਹਦਾ ਇਹ ਨਿਮਾਣਾ ਜਿਹਾ ਘਰ ਭਾਗੀਂ-ਭਰਿਆ ਸੀ। ਇਹਨੇ ਏਨੀਆਂ ਰੌਣਕਾਂ ਵੇਖੀਆਂ, ਜਿੰਨੀਆਂ ਵੱਡੀਆਂ-ਵੱਡੀਆਂ ਹਵੇਲੀਆਂ ਨੂੰ ਵੀ ਨਸੀਬ ਨਹੀਂ ਹੋਈਆਂ ਹੋਣੀਆਂ।

ਗਾਰਗੀ ਦੇ ਘਰ ਦਾ ਬੂਹਾ ਪ੍ਰਮੁੱਖ ਸਾਹਿਤਕਾਰਾਂ ਤੇ ਸਾਹਿਤ ਤੇ ਸਭਿਆਚਾਰ ਦੀ ਦੁਨੀਆਂ ਦੇ ਜਣੇ-ਖਣੇ ਲਈ ਖੁੱਲ੍ਹਿਆ ਰਿਹਾ। ਭਾਵੇਂ ਉਹ ਫ਼ੈਜ਼ ਅਹਿਮਦ ਫ਼ੈਜ਼ ਹੁੰਦਾ ਤੇ ਭਾਵੇਂ ਮੇਰੇ ਵਰਗਾ ਕੋਈ ਸਾਹਿਤ ਦੇ ਵਿਸ਼ਾਲ ਪਿੜ ਦੀ ਵੱਟ 'ਤੇ ਤੁਰਦਾ ਕੋਈ ਸਿਖਾਂਦਰੂ। ਉਥੇ ਨਿੱਤ ਮੇਲਾ ਲੱਗਾ ਰਹਿੰਦਾ। ਇਕ ਕਮਰੇ ਵਿਚ ਕੋਈ ਕਿਸੇ ਨਾਲ ਰਾਜ਼ੋ-ਨਿਆਜ਼ ਦੀਆਂ ਗੱਲਾਂ ਕਰ ਰਿਹਾ ਹੁੰਦਾ। ਦੂਜੇ ਕਮਰੇ 'ਚ ਲਿਖਣ-ਪੜ੍ਹਨ ਦਾ ਆਹਰ ਹੋ ਰਿਹਾ ਹੁੰਦਾ। ਵਰਾਂਡੇ 'ਚ ਸਿਆਸਤ ਦੀਆਂ ਗੁੰਝਲਾਂ ਖੋਲ੍ਹੀਆਂ ਜਾ ਰਹੀਆਂ ਹੁੰਦੀਆਂ। ਵਿਹੜੇ 'ਚ 'ਇਪਟਾ' ਦੀ ਰੀਹਰਸਲ ਹੋ ਰਹੀ ਹੁੰਦੀ ਜਾਂ ਕਿਸੇ ਸਭਾ ਦਾ ਇਕੱਠ ਹੋ ਰਿਹਾ ਹੁੰਦਾ। ਉਹਦਾ ਨੌਕਰ ਕਿਸ਼ੋਰੀ ਲਾਲ ਏਧਰ-ਓਧਰ ਭੱਜ ਰਿਹਾ ਹੁੰਦਾ। ਸਭ ਨੂੰ ਚਾਹ ਮਿਲਦੀ ਰਹਿੰਦੀ। ਜਿਹਨੇ ਢਿੱਡ ਭਰਨਾ ਹੁੰਦਾ, ਉਹ ਬਾਹਰੋਂ ਢਾਬੇ ਤੋਂ ਦਾਲ-ਰੋਟੀ ਫੜ ਲਿਆਉਂਦਾ। ਹਰ ਕਿਸੇ ਲਈ ਆਪਣੇ ਘਰ ਵਾਲੀ ਗੱਲ ਸੀ।

ਰੌਲਾ ਪਿਆ ਹੁੰਦਾ। ਠਹਾਕੇ ਵੱਜ ਰਹੇ ਹੁੰਦੇ। ਝੇਡਾਂ ਹੋ ਰਹੀਆਂ ਹੁੰਦੀਆਂ। ਹਰ ਕੋਈ ਮਸਤ ਹੁੰਦਾ। ਏਸ ਭੀੜ ਵਿਚ ਵੀ ਜੇ ਕਿਸੇ ਨੂੰ ਇਕੱਲ ਚਾਹੀਦੀ ਹੁੰਦੀ, ਮਿਲ ਜਾਂਦੀ। ਬਹੁਤੀ ਵਾਰੀ ਗਾਰਗੀ ਆਪ ਘਰ ਨਾ ਹੁੰਦਾ।

ਉਨ੍ਹੀਂ ਹੀ ਦਿਨੀਂ ਗਾਗਰੀ ਨੇ ਇਕ ਮਾਸਿਕ ਪੱਤਰ 'ਸਵੇਰਾ' ਵੀ ਕੱਢਿਆ। ਹਰ ਮਹੀਨੇ ਇਸ ਪਰਚੇ ਦੀ ਵਲ੍ਹੇਟਾ-ਵਲ੍ਹੇਟੀ ਤੇ ਉਹਦੇ ਉੱਤੇ ਸਿਰਨਾਵਿਆਂ ਤੇ ਡਾਕ-ਟਿਕਟਾਂ ਦੀ ਚੇਪਾ-ਚਾਪੀ ਵੀ ਏਸੇ ਹੀ ਵਿਹੜੇ ਵਿਚ ਹੁੰਦੀ। ਇਹ ਕੰਮ ਗਾਰਗੀ ਦੀ ਭੈਣ ਦੇਵਕੀ ਤੇ ਉਹਦੇ ਭਣਵੱਈਏ ਗੋਪਾਲ ਦੇ ਜ਼ਿੰਮੇ ਹੁੰਦਾ। ਆਇਆ-ਗਿਆ ਵੀ ਸੇਵਾ-ਭਾਵ ਨਾਲ ਹੱਥ ਵਟਾਉਂਦਾ।

'ਸਵੇਰਾ' ਬੜਾ ਚੰਗਾ ਪਰਚਾ ਸੀ। ਉਸ ਵਿਚ ਪੰਜਾਬੀ ਲੇਖਕਾਂ ਤੋਂ ਛੁੱਟ ਕ੍ਰਿਸ਼ਨ ਚੰਦਰ ਤੇ ਰਾਜਿੰਦਰ ਸਿੰਘ ਬੇਦੀ ਜਿਹੇ ਉਰਦੂ ਲੇਖਕ ਵੀ ਛਪਦੇ ਸਨ। ਇਹ ਪਹਾੜ ਗੰਜ ਦੇ ਇਕ ਛੋਟੇ ਜਿਹੇ ਛਾਪੇਖਾਨੇ ਵਿਚ ਛਪਦਾ ਸੀ। ਪਰ ਮੰਦੇ ਭਾਗੀਂ, 'ਸਵੇਰਾ' ਨੂੰ ਕਿਸੇ ਰਿਸ਼ੀ-ਮੁਨੀ ਤੋਂ ਲੰਮੀ ਵਰੇਸ ਦਾ ਵਰਦਾਨ ਨਹੀਂ ਸੀ ਮਿਲਿਆ ਹੋਇਆ। ਉਹ ਦੋ-ਚਾਰ ਮਹੀਨਿਆਂ ਦੀ ਕੱਚੀ ਉਮਰੇ ਹੀ ਚਲਾ ਗਿਆ। ਸਿਰਫ਼ ਰੀਝ ਤੇ ਸ਼ੌਕ ਤੇ ਦਮ 'ਤੇ ਪਰਚਾ ਚਲਾਣਾ ਮੁਸ਼ਕਲ ਸੀ।

ਮੈਨੂੰ ਯਾਦ ਏ, ਅਸੀਂ ਇਕ ਚਾਨਣੀ ਰਾਤ ਨੂੰ ਏਸੇ ਘਰ ਦੇ ਕਾਸ਼ਨੀ ਫੁੱਲਾਂ ਵਾਲੇ ਵਿਹੜੇ 'ਚ ਪਰਸਾਂਗ ਰੱਖ ਕੇ ਕੋਠੇ 'ਤੇ ਚੜ੍ਹੇ ਸਾਂ ਤੇ ਉਥੇ ਗਾਣੇ ਦੀ ਮਹਿਫ਼ਲ ਲਾਹੀ ਸੀ। ਪਰਸਾਂਗ ਝੂਲ ਰਿਹਾ ਸੀ ਤੇ ਅਸੀਂ ਬੜੀ ਮੁਸ਼ਕਲ ਨਾਲ ਉੱਪਰ ਪਹੁੰਚੇ ਸਾਂ। ਸਾਡੀ ਏਸ ਮਹਿਫ਼ਲ 'ਚ ਸੁਰਿੰਦਰ ਕੌਰ ਨੇ ਗਾਇਆ ਸੀ। ਦੁਆਲੇ ਚੁੱਪ-ਚਾਂ ਸੀ। ਉੱਪਰ ਅਸਮਾਨੀਂ ਪੂਰਾ ਚੰਨ ਸੀ। ਤਰਲ ਚਾਂਦੀ ਦੇ ਬੇ-ਆਵਾਜ਼ ਝਰਨੇ ਝਰ ਰਹੇ ਸਨ। ਤੇ ਪੰਜਾਬ ਦੀ ਕੋਇਲ ਕੂਕ ਰਹੀ ਸੀ। ਉਹਦੀ ਸੋਜ਼-ਭਰੀ, ਸੁੱਚੀ ਲੌਕਿਕ ਹੇਕ ਨਾਲ-ਦੀਆਂ ਗਲੀਆਂ 'ਚੋਂ ਹੁੰਦੀ ਜਨਪਥ ਤਕ ਪਹੁੰਚ ਰਹੀ ਸੀ।

ਗਾਰਗੀ ਦਾ ਇਹ ਘਰ ਇਕ ਤਰ੍ਹਾਂ ਦੀ ਸਰਾਂ ਜਾਂ ਮੁਸਾਫ਼ਰਖ਼ਾਨਾ ਸੀ। ਏਥੇ ਹਰ ਸਮੇਂ ਕਿਸੇ-ਨਾ-ਕਿਸੇ ਛੋਟੀ-ਵੱਡੀ ਹਸਤੀ ਦਾ ਕਾਫ਼ਲਾ ਉਤਰਿਆ ਰਹਿੰਦਾ। ਕੋਈ ਇਕ-ਅੱਧ ਦਿਨ ਲਈ ਆਉਂਦਾ, ਦਿੱਲੀ 'ਚ ਆਪਣਾ ਛੋਟਾ-ਮੋਟਾ ਕੰਮ ਕਰਨ ਲਈ। ਕੋਈ ਘਰੋਂ ਲੜ ਕੇ ਆਉਂਦਾ, ਤੇ ਜਿੰਨਾ ਚਿਰ ਮੰਨੇਵਾਂ ਜਾਂ ਰਾਜ਼ੀਨਾਮਾ ਨਾ ਹੋ ਜਾਂਦਾ, ਏਥੇ ਹੀ ਟਿਕਿਆ ਰਹਿੰਦਾ। ਕੋਈ ਕਿਸੇ ਮਹਿਬੂਬ ਤੋਂ ਰੁੱਸ ਕੇ ਆਉਂਦਾ ਤੇ ਉਡੀਕਦਾ, ਕੋਈ ਆਵੇ ਤੇ ਤਰਲਾ-ਮਿੰਨਤ ਕਰਕੇ ਉਹਨੂੰ ਵਾਪਸ ਲੈ ਜਾਵੇ। ਕੋਈ ਆਪਣੇ ਸਿਆਸੀ ਗੁਪਤਵਾਸ ਜਾਂ ਜਲਾਵਤਨੀ ਦਾ ਸਮਾਂ ਲੰਘਾਉਣ ਆਉਂਦਾ। ਕੋਈ ਇਹਨੂੰ ਆਪਣੇ ਅਗਲੇ, ਚੰਗੇਰੇ, ਵਧੇਰੇ ਸਫ਼ਲ, ਸਫ਼ਰ ਲਈ ਪਹਿਲਾ ਪੜਾਅ ਸਮਝ ਕੇ ਪਿਆ ਹੁੰਦਾ।

ਜਿਨ੍ਹਾਂ ਲੋਕਾਂ ਨੇ ਏਸ ਠਾਹਰ ਦੇ ਨਿੱਘ, ਮੋਕਲਤ, ਬੇ-ਤਕੱਲਫ਼ੀ ਤੇ ਅਪਣੱਤ ਦਾ ਮਜ਼ਾ ਲਿਆ, ਉਨ੍ਹਾਂ 'ਚ ਸ਼ਾਮਲ ਸਨ, ਕੌਮਾਂਤਰੀ ਸ਼ੁਹਰਤ ਵਾਲਾ ਕਵੀ ਪਾਬਲੋ ਨਰੂਦਾ, ਸਰਦਾਰ ਜਾਅਫ਼ਰੀ, ਅੰਮ੍ਰਿਤਾ ਪ੍ਰੀਤਮ, ਨਵਤੇਜ, ਸੁਰਿੰਦਰ ਕੌਰ, ਪੱਤਰ-ਪ੍ਰੇਰਕ ਤਾਰਾ ਚੰਦ ਗੁਪਤਾ ਤੇ ਅਚਲਾ ਸਚਦੇਵ। ਏਥੇ ਨਾਵਲਕਾਰ ਈਲੀਆ ਕਾਜ਼ਾਨ ਤੇ ਉਹਦੀ ਵਹੁਟੀ ਬਾਰਬਰਾ ਵੀ ਆਏ, ਜਿਹਨੇ ਫ਼ਿਲਮ 'ਚ ਮੈਰਲਿਨ ਮੁਨਰੋ ਦਾ ਪਾਰਟ ਅਦਾ ਕੀਤਾ ਸੀ। ਏਥੇ ਹੀ ਅਮਰ ਫ਼ਿਲਮਕਾਰ ਆਇਜ਼ਨਸਟੇਨ ਦੀ ਮਾਸ਼ੂਕਾ ਮੇਰੀ ਸਟੇਨ ਸੱਤਿਆਜੀਤ ਰੇਅ ਬਾਰੇ ਆਪਣੀ ਕਿਤਾਬ ਲਿਖਦੀ ਰਹੀ। ਏਥੇ ਹੀ ਪਾਕਿਸਤਾਨੀ ਲੋਕ-ਗਾਇਕਾ ਰੇਸ਼ਮਾ ਤੇ ਉਹਦੇ ਖ਼ਾਵੰਦ ਹਾਜ਼ੀ ਸਾਹਿਬ ਤੇ ਪੁੱਤਰ ਸਾਵਨ ਖ਼ਾਨ ਨੇ ਕਿਆਮ ਕੀਤਾ।

ਏਥੇ ਹੀ ਅਚਲਾ ਸਚਦੇਵ ਦਾ ਥੁੜ-ਚਿਰਾ ਵਾਸ ਮੇਰੇ 'ਤੇ ਬੜੇ ਹੀ ਨਾਟਕੀ-ਢੰਗ ਨਾਲ ਪ੍ਰਗਟ ਹੋਇਆ। ਇਕ ਦਿਨ ਦੁਪਹਿਰ ਵੇਲੇ, ਮੈਂ ਕਿਸੇ ਐਵੇਂ-ਜਿਹੇ ਕੰਮ ਲਈ ਗਾਰਗੀ ਦੇ ਏਸੇ ਘਰ ਪਹੁੰਚਿਆ। ਵਿਹੜਾ ਸੁੰਨਾ ਸੀ। ਸੱਭੋ ਮੁਸਾਫ਼ਰ ਕਿਤੇ ਨਿਕਲੇ ਹੋਏ ਸਨ। ਕਿਸ਼ੋਰੀ ਲਾਲ ਵੀ ਗ਼ਾਇਬ ਸੀ। ਸਾਹਮਣਾ, ਖੱਬੇ ਹੱਥ ਵਾਲਾ ਕਮਰਾ ਖ਼ਾਲੀ ਸੀ। ਸੱਜੇ ਹੱਥ ਵਾਲੇ ਕਮਰੇ 'ਚ ਕੋਈ ਕਾਲੇ ਜੁੱਲੇ 'ਚ ਮੂੰਹ-ਸਿਰ ਲਪੇਟ ਸੁੱਤਾ ਪਿਆ ਸੀ। ਮੈਂ ਸਮਝਿਆ, ਗਾਰਗੀ ਏ ਤੇ ਬੂਹੇ 'ਤੇ ਜ਼ੋਰ ਨਾਲ ਖੜਾਕ ਕੀਤਾ। ਸੁੱਤਾ ਪਿਆ ਬੰਦਾ ਤ੍ਰੱਭਕ ਪਿਆ ਤੇ ਉਹਨੇ ਮੂੰਹ ਤੋਂ ਜੁੱਲਾ ਲਾਹਿਆ। ਵੇਖ ਕੇ ਮੈਂ ਠਿਠਕ ਗਿਆ। ਇਕ ਬੜਾ ਹੀ ਸੁਹਣਾ, ਗੋਰਾ ਚਿੱਟਾ ਮੁੱਖ, ਖੁੱਲ੍ਹੇ ਕੇਸਾਂ ਦੇ ਹਾਲੇ ਵਿਚੋਂ ਮੇਰੇ ਵੱਲ ਝਾਕ ਰਿਹਾ ਸੀ। ਸ਼ਾਹ-ਕਾਲੀ ਬਦਲੀ 'ਚੋਂ ਨਿਕਲੇ ਹੋਏ ਚੰਨ ਦਾ ਦ੍ਰਿਸ਼ ਸੀ। ਇਹ ਮੁੱਖ ਅਚਲਾ ਸਚਦੇਵ ਦਾ ਸੀ। ਉਹ ਹਿੰਦੀ ਫ਼ਿਲਮਾਂ 'ਚ ਕਿਸਮਤ-ਅਜ਼ਮਾਈ ਲਈ ਘਰੋਂ ਨਿਕਲੀ ਹੋਈ ਸੀ ਤੇ ਮੁੰਬਈ ਜਾਣ ਲਈ ਦਿੱਲੀ 'ਚ ਪੜਾਅ ਕਰ ਰਹੀ ਸੀ। ਉਸ ਸਮੇਂ ਉਹ ਗਾਰਗੀ ਦੇ ਦੋਸਤ ਗਿਆਨ ਸਚਦੇਵ ਦੀ ਪਤਨੀ ਹੁੰਦੀ ਸੀ।

ਭਾਵੇਂ ਹੁਣ ਇਹ ਭਾਗੀ ਭਰਿਆ ਘਰ ਢਹਿ ਗਿਆ ਏ, ਤੇ ਉਥੇ ਇਕ ਬਹੁ-ਮੰਜ਼ਲਾ ਵਪਾਰਕ ਇਮਾਰਤ ਖੜੀ ਹੋ ਗਈ ਏ, ਉੱਜੜਨਾ ਏਸ ਘਰ ਦੀ ਤਕਦੀਰ ਨਹੀਂ ਸੀ ਹੁੰਦੀ। ਉਹਦੇ ਲੇਖੇ ਤਾਂ ਸਦਾ ਵੱਸਿਆ-ਰਹਿਣਾ ਲਿਖਿਆ ਰਹਿੰਦਾ ਸੀ। ਉਨ੍ਹੀਂ ਦਿਨੀਂ ਜਦੋਂ ਗਾਰਗੀ ਦਿੱਲੀਓਂ ਬਾਹਰ ਜਾਂਦਾ, ਚਾਬੀ ਬਾਹਰ ਢਾਬੇ ਵਾਲੇ ਕੋਲ ਛੱਡ ਜਾਂਦਾ। ਜੋ ਵੀ ਆਉਂਦਾ, ਚਾਬੀ ਲੇ ਕੇ ਅੰਦਰ ਵੜ ਜਾਂਦਾ। ਇਕ ਵਾਰੀ

ਉਥੇ ਕੋਈ ਪੰਸਾਰੀ ਆਣ ਵੜਿਆ। ਉਹਨੇ ਗਾਰਗੀ ਦਾ ਸਾਰਾ ਸਾਮਾਨ ਹੂੰਝ ਕੇ ਇਕ ਲੱਕੜੀ ਦੀ ਸੰਦੂਕ ਵਿਚ ਬੰਦ ਕਰ ਦਿੱਤਾ ਤੇ ਘਰ ਸਾਂਭ ਲਿਆ। ਸੰਦੂਕ 'ਚ ਸਿਉਂਕ ਲੱਗ ਗਈ।

ਇਕ ਵਾਰੀ ਉਹ ਤਿੰਨ ਵਰ੍ਹੇ ਯੋਰਪ 'ਚ ਲਾ ਕੇ ਆਇਆ। ਘਰ ਪਿੱਛੋਂ ਵੀ ਘੁੱਗ ਵੱਸਿਆ ਰਿਹਾ।

ਇਕ ਵਾਰੀ ਉਹ ਆਇਆ ਤੇ ਉਸ ਵੇਖਿਆ, ਉਥੇ ਹਬੀਬ ਤਨਵੀਰ ਦੇ ਆਦਿਵਾਸੀ ਥੀਏਟਰ ਨੇ ਡੇਰਾ ਲਾਇਆ ਹੋਇਆ ਸੀ।

ਗਾਰਗੀ ਕੱਦ ਦਾ ਮਧਰਾ ਸੀ। ਸਰੀਰ ਉਹਦਾ ਗਠਿਆ ਸੀ ਤੇ ਮੂੰਹ ਪੀਡਾ। ਪਥਰੀਲੀ ਜਿਹੀ ਦਿੱਖ ਸੀ ਉਹਦੀ। ਨੈਣ-ਨਕਸ ਸਾਧਾਰਨ ਸਨ। ਮੋਟੇ ਬੁੱਲ੍ਹ, ਕੁਝ-ਕੁਝ ਲਟਕੇ ਹੋਏ। ਵੱਡੇ-ਵੱਡੇ ਕੰਨ। ਚੌੜਾ ਮੱਥਾ। ਵਾਲ ਪਿੱਛੇ ਹਟੇ ਹੋਏ। ਮੋਟੇ ਹੱਡਲ ਹੱਥ। ਸਾਰਾ ਕੁਝ ਖਰ੍ਹਾ-ਖਰ੍ਹਾ ਸੀ। ਬਸ ਉਹਦੇ ਬੁੱਲ੍ਹਾਂ ਉੱਤੇ ਇਕ ਖਚਰੀ, ਕਦੀ ਹੈਰਾਨ-ਹੈਰਾਨ ਜਿਹੀ, ਮੁਸਕਰਾਹਟ ਹੀ ਹੁੰਦੀ ਸੀ, ਜਿਹੜੀ ਉਹਦੀ ਸ਼ਖ਼ਸੀਅਤ ਨੂੰ ਕੁਝ-ਕੁਝ ਮੁਲਾਇਮ ਕਰਦੀ ਸੀ।

ਗਾਰਗੀ ਗੱਲ ਲਮਕਾ-ਲਮਕਾ ਕੇ ਕਰਦਾ ਸੀ। ਇਕ-ਇਕ ਲਫ਼ਜ਼ ਨੂੰ ਇੰਜ ਘੋਟ-ਘੋਟ ਕੇ, ਪਰਖ-ਪੁੰਨ ਕੇ ਬੋਲਦਾ ਸੀ, ਜਿਵੇਂ ਮੋਤੀ ਝਾੜ ਰਿਹਾ ਹੋਵੇ। ਕਈ ਵਾਰੀ ਸੁਣਨ ਵਾਲਾ ਉਹਦੀ ਮਾਲ-ਗੱਡੀ ਦੀ ਰਫ਼ਤਾਰ ਵੇਖ ਕਾਹਲਾ ਪੈ ਜਾਂਦਾ ਤੇ ਅੱਧੀ ਗੱਲ ਹੀ ਸੁਣਾ, ਹੱਥ ਛੁਡਾ, ਵਿਦਿਆ ਹੋ ਜਾਂਦਾ।

ਪਰ ਫੇਰ ਵੀ ਗਾਰਗੀ ਕੋਲ ਜ਼ਰੂਰ ਹੀ ਕੋਈ ਗਿੱਦੜ-ਸਿੰਙੀ ਸੀ, ਜਿਹੜੀ ਬਠਿੰਡੇ ਦੇ ਕਿਸੇ ਪੀਰ-ਫ਼ਕੀਰ ਨੇ ਕਿਸੇ ਵੇਲੇ ਤਰੁੱਠ ਕੇ ਉਹਨੂੰ ਦਿੱਤੀ ਹੋਈ ਸੀ। ਉਹ ਆਪਣੀ ਅਜਿਹੀ ਸ਼ਕਲ ਨਾਲ ਵੀ ਸੁਹਣੀਆਂ-ਸੁਹਣੀਆਂ ਔਰਤਾਂ ਨੂੰ ਮੋਹ ਲੈਂਦਾ ਸੀ। ਉਸ ਜ਼ਮਾਨੇ ਵਿਚ ਵੀ ਉਹ ਹਰ ਵੇਲੇ ਕਿਸੇ-ਨਾ-ਕਿਸੇ ਆਜ਼ਾਦ ਖ਼ਿਆਲ ਸੁਹਣੀ ਔਰਤ ਨੂੰ ਨਾਲ ਲਈ ਫਿਰਦਾ ਸੀ। ਦੋਸਤ-ਯਾਰ ਸਾਰੇ ਵੇਖ-ਵੇਖ ਹੈਰਾਨ ਹੁੰਦੇ ਸਨ ਤੇ ਕਿਆਫ਼ੇ ਆਉਂਦੇ ਸਨ, ਗਾਰਗੀ ਔਰਤਾਂ ਨੂੰ ਰਾਸ ਕਿਵੇਂ ਕਰ ਲੈਂਦੈ। ਕੋਈ ਕਹਿੰਦਾ, ਪੂਰਾ ਵਿਛ ਜਾਂਦੈ। ਕੋਈ ਕਹਿੰਦਾ, ਰੱਜ ਕੇ ਚਾਪਲੂਸੀ ਕਰਦੈ। ਕੋਈ ਕਹਿੰਦੈ, ਉਨ੍ਹਾਂ ਦੇ ਦਿਲੀਂ ਤਰਸ ਪੈਦਾ ਕਰਦੈ, ਆਪਣੇ ਰੋਣੇ ਰੋਂਦਾ ਰਹਿੰਦੈ। ਕੋਈ ਕਹਿੰਦਾ, ਪੈਸੇ ਰੋੜ੍ਹਦੈ।

ਪੈਸੇ ਰੋੜ੍ਹਨ ਵਾਲੀ ਗੱਲ ਤਾਂ ਬਿਲਕੁਲ ਗ਼ਲਤ ਸੀ। ਪੈਸੇ ਉਹਦੇ ਕੋਲ ਹੁੰਦੇ ਹੀ ਨਹੀਂ ਸਨ। ਉਹ ਸਦਾ ਥੁੜਿਆ ਰਹਿੰਦਾ ਸੀ। ਇਕ ਤਰ੍ਹਾਂ ਨਾਲ, ਉਹ ਆਪਣੇ ਲਈ ਛੋਟਾ-ਮੋਟਾ ਸਹਿਕਾਰੀ ਬੈਂਕ ਖੋਲ੍ਹੀ ਰਖਦਾ ਸੀ। ਪਹਿਲੋਂ ਉਧਾਰ ਲੈਂਦਾ ਸੀ। ਫੇਰ ਉਸ ਉਧਾਰ ਨੂੰ ਲਾਹੁਣ ਲਈ ਉਧਾਰ ਲੈਂਦਾ ਸੀ। ਤੇ ਫੇਰ ਉਸ ਉਧਾਰ ਨੂੰ ਲਾਹੁਣ ਲਈ ਉਧਾਰ ਲੈਂਦਾ ਸੀ। ਉਹਦੇ ਉਧਾਰ-ਦਰ-ਉਧਾਰ ਦਾ ਅਜਿਹਾ ਗੇੜ ਬਣਾਇਆ ਹੋਇਆ ਸੀ, ਜੋ ਉਹਨੂੰ ਜੇਬ 'ਚ ਥੋੜ੍ਹਾ-ਬਹੁਤ ਰੱਖ ਸਕਣ ਦੇ ਜੋਗ ਬਣਾਈ ਰੱਖਦਾ ਸੀ।

ਉਦੋਂ ਲਿਖਣ-ਲਿਖਾਣ ਦੀ ਕੋਈ ਆਮਦਨ ਤਾਂ ਹੁੰਦੀ ਨਹੀਂ ਸੀ। ਨਾ ਫ਼ਿਲਮਾਂ ਹੁੰਦੀਆਂ ਸਨ, ਨਾ ਟੀ.ਵੀ. ਸੀਰੀਅਲ। ਨਾ ਹੀ ਅਜੇ ਪਰੇਦਸਾਂ ਵਿਚ ਉਹਦੇ ਨਾਟਕ ਖੇਡੇ ਜਾਂਦੇ ਸਨ ਤੇ ਨਾ ਹੀ ਉਹਨੂੰ ਉਥੇ ਭਾਰਤੀ ਨਾਟ-ਕਲਾ ਉੱਤੇ ਲੈਕਚਰ ਦੇਣ ਲਈ ਸੱਦਿਆ ਜਾਂਦਾ ਸੀ। ਥੋੜ੍ਹੀ-ਬਹੁਤੀ ਨਕਦੀ ਰੇਡੀਓ ਤੋਂ ਮਿਲ ਜਾਂਦੀ ਸੀ ਤੇ ਜਾਂ ਕਦੀ-ਕਦੀ ਕੁਝ ਪੈਸੇ ਬਠਿੰਡਿਓਂ ਭਰਾ ਤੋਂ ਪਹੁੰਚ ਜਾਂਦੇ ਸਨ। ਜੇ ਕਦੀ ਡਾਢੀ ਤੋਟ ਆਉਂਦੀ, ਤਾਂ ਘਰੋਂ ਨਾਲ ਦੀ ਮੋਟਰ-ਵਰਕਸ਼ਾਪ ਦਾ ਮਾਲਕ ਟੰਡਨ ਬਹੁੜ ਪੈਂਦਾ।

ਇਸ ਫੱਕੜ ਹਾਲਤ ਵਿਚ ਵੀ ਗਾਰਗੀ ਨੇ ਵੱਡੀ ਸਾਰੀ ਛਕੜਾ ਕਾਰ ਰੱਖੀ ਹੁੰਦੀ ਸੀ, ਜਿਹੜੀ ਉਹਦੇ ਘਰ ਦੇ ਬਾਹਰ ਖੁੱਲ੍ਹੀ ਖੜ੍ਹੀ ਰਹਿੰਦੀ ਸੀ। ਉਹ ਬੜਾ ਪੈਟਰੋਲ ਫੂਕਦੀ ਸੀ। ਤੇ ਪੈਟਰੋਲ ਲਈ ਪੈਸੇ ਚਾਹੀਦੇ ਹੁੰਦੇ ਸਨ। ਉਨ੍ਹੀਂ ਦਿਨੀਂ ਗਾਰਗੀ ਦੀ ਏਸ ਛਕੜਾ ਕਾਰ ਤੇ ਉਧਾਰ ਦੀ ਵਿਧੀ ਬਾਰੇ ਇਕ ਲਤੀਫ਼ਾ ਮਸ਼ਹੂਰ ਹੁੰਦਾ ਸੀ :

"ਗਾਰਗੀ ਨੂੰ ਕਿਸੇ ਨੇ ਪੁੱਛਿਆ, 'ਕਿਥੇ ਗਿਆ ਸੈਂ ? ਕਿੰਨੇ ਚਿਰ ਤੋਂ ਤੈਨੂੰ ਲੱਭ ਰਿਹਾਂ...।"

ਗਾਰਗੀ ਨੇ ਜਵਾਬ ਦਿੱਤਾ, 'ਤਿੰਨ ਰੁਪਏ ਚਾਹੀਦੇ ਸਨ। ਸਵੇਰੇ-ਸਵੇਰੇ ਕਾਰ ਦੁੜਾ ਚਾਰ-ਪੰਜ ਘਰੀਂ ਗਿਆਂ, ਸਿਵਿਲ ਲਾਈਨ ਤਕ। ਪੰਜ ਰੁਪਏ ਦਾ ਪੈਟਰੋਲ ਖ਼ਰਚ ਹੋ ਗਿਐ। ਮਿਲੇ ਢਾਈ ਰੁਪਏ ਨੇ...।"

ਏਸ ਮੁਥਾਜੀ ਦੇ ਸਮੇਂ ਦੀਆਂ ਤੇ ਬਾਅਦ ਵਾਲੇ ਕਦਰੇ ਖ਼ੁਸ਼ਹਾਲੀ ਦੇ ਸਮੇਂ ਦੀਆਂ ਆਪਣੀਆਂ ਸੁਹਣੀਆਂ ਔਰਤਾਂ ਬਾਰੇ ਗਾਰਗੀ ਨੇ ਆਪਣੀਆਂ ਕਿਤਾਬਾਂ 'ਚ ਲਿਖਿਆ ਏ। ਤੇ ਏਸ ਤਰ੍ਹਾਂ ਲਿਖਿਆ ਏ ਕਿ ਪੜ੍ਹਨ ਵਾਲਾ ਚਸਕੇ ਲਾ ਸਕੇ ਤੇ ਬੁੱਲ੍ਹਾਂ 'ਤੇ ਜੀਭ ਫੇਰ ਸਕੇ। ਕਿਸੇ ਵੀ ਔਰਤ ਦਾ ਅਸਲ ਨਾਂ-ਪਤਾ ਵੀ ਨਹੀਂ ਲੁਕਾਇਆ। ਬਿਲਕੁਲ ਸੱਭ ਦੀ ਸ਼ਰਨ ਲਈ ਸੂ। ਗਾਰਗੀ ਨੇ ਆਪਣਾ ਇਹ ਯੁੱਧਿਸ਼ਟਰੀ ਗੁਣ ਡਾਢੇ ਸੁਚੇਤ ਢੰਗ ਨਾਲ ਵਿਕਸਤ ਕੀਤਾ ਏ। ਉਹ ਹਮੇਸ਼ਾ ਹੀ ਕਹਿੰਦਾ, ਲੇਖਕ ਜੋ ਕੁਝ ਵੀ ਲਿਖੇ, ਰੋਚਕ ਲਿਖੇ। ਸੁਆਦਲਾ ਲਿਖੇ। ਜ਼ਰੂਰੀ ਨਹੀਂ, ਉਹ ਸੱਚ ਹੋਵੇ। ਉਹਨੂੰ ਰੋਚਕਤਾ ਤੇ ਸੱਚਾਈ ਵਿਚ ਵਿਰੋਧਤਾਈ ਦਿਸਦੀ ਸੀ। ਰੋਚਕਤਾ ਨਾਲ ਆਪਣੀ ਇਹ ਡੂੰਘੀ ਵਚਨ-ਬੱਧਤਾ ਬਾਅਦ 'ਚ ਉਹਨੇ ਆਪਣੀ ਜੀਵਨੀ 'ਚ ਦਰਸਾਈ ਏ।

ਉਹਨੇ ਆਪਣੀ ਕਿਤਾਬ 'ਕਾਸ਼ਨੀ ਵਿਹੜਾ' ਵਿਚ ਦਾਅਵਾ ਕੀਤਾ ਏ ਕਿ ਜਜ਼ਬਿਆਂ ਤੇ ਘਟਨਾਵਾਂ ਦੀ ਹਕੀਕਤ ਉਹ ਹੈ, "ਜੋ ਮੈਂ ਆਪਣੇ ਦ੍ਰਿਸ਼ਟੀਕੋਣ ਤੋਂ ਵੇਖ ਰਿਹਾ ਹਾਂ...ਹਕੀਕਤ ਉਹ ਥਮ੍ਹਲਾ ਹੈ, ਜੋ ਹਨ੍ਹੇਰੇ ਤੇ ਚਾਨਣ ਦੀ ਲੁਕਣ-ਮੀਟੀ ਖੇਡ ਰਿਹਾ ਹੈ।"

ਲਿਖਤ ਦੇ ਟੀਚਿਆਂ ਬਾਰੇ ਉਹਦੀਆਂ ਆਪਣੇ ਦੋਸਤ ਅਗਾਂਹ-ਵਧੂ ਲੇਖਕਾਂ ਨਾਲ ਵੀ ਬਹਿਸਾ ਚਲਦੀਆਂ ਰਹਿੰਦੀਆਂ। ਉਹ ਉਨ੍ਹਾਂ ਦੇ ਨਾਲ ਵੀ ਸੀ ਤੇ ਨਹੀਂ ਵੀ ਸੀ। ਉਹ ਅਗਾਂਹ-ਵਧੂ ਤੇ ਪਿਛਾਂਹ-ਖਿੱਚੂ ਦੇ ਚੱਕਰ ਵਿਚ ਨਹੀਂ ਸੀ ਪੈਂਦਾ। ਨਾ ਹੀ ਉਹ ਮੰਨਦਾ ਸੀ ਕਿ ਲਿਖਣ ਵਾਲਾ ਸਦਾ ਕਿਸਾਨ-ਮਜ਼ਦੂਰ ਲਹਿਰ ਨੂੰ ਹੀ ਸਮਰੱਪਤ ਰਹੇ। ਉਹ ਸਮਝਦਾ ਸੀ, ਲਿਖਣ ਵਾਲਾ ਜੋ ਵੀ ਲਿਖੇ, ਉਹ ਜਿਊਂਦਾ ਹੋਵੇ, ਜਿਊਣ ਜੋਗ ਹੋਵੇ, ਜਿਉਂਦਾ ਰਹੇ ਤੇ ਲੋਕਾਂ ਨੂੰ ਪੜ੍ਹੇ ਤੇ ਮਾਣੇ ਜਾਣ ਦੀ ਖ਼ੁਸ਼ੀ ਦੇਂਦਾ ਰਹੇ। ਲਿਖਤ ਘੜੀ-ਪਲ ਦੀ ਨਿਸ਼ਠਾ ਹੀ ਨਾ

ਹੋਵੇ। ਉਹ ਆਦਤ ਮੁਤਾਬਿਕ ਵੱਡੀਆਂ-ਵੱਡੀਆਂ ਮਿਸਾਲਾਂ ਹੀ ਦੇਂਦਾ ਸੀ। ਉਹ ਕਿਹਾ ਕਰਦਾ ਸੀ ਚਿਤਰਕਾਰ ਵਾਨ ਗਾਗ ਦਾ ਚਿਤਰ 'ਸੂਰਜਮੁਖੀ ਦਾ ਫੁੱਲ' ਜਾਂ 'ਜੁੱਤੀਆਂ ਦਾ ਜੋੜਾ' ਸਦਾ ਜਿਊਂਦੇ ਰਹਿਣ ਵਾਲੇ ਚਿਤਰ ਨੇ। ਉਨ੍ਹਾਂ 'ਚ ਕਿਰਤੀ ਜਾਂ ਸ਼੍ਰੇਣੀ-ਘੋਲ ਦਾ ਅੰਸ਼ ਨਹੀਂ। ਉਨ੍ਹਾਂ 'ਚ ਕਲਾਕਾਰ ਦੀ ਅਨੂਠੀ ਰਚਨਾ ਦਾ ਜਾਦੂ ਏ।

ਉਹ ਫੇਰ ਪਿਕਾਸੋ ਦਾ ਨਾਂ ਲਿਆ ਕਰਦਾ ਸੀ। ਕਿਹਾ ਕਰਦਾ ਸੀ, ਪਿਕਾਸੋ ਨੇ ਜਿਹੜੀ ਅਮਨ ਦੀ ਘੁੱਗੀ ਵਾਹ ਸੀ, ਉਹ ਅਸਲ 'ਚ ਕਬੂਤਰ ਸੀ। ਪਰ ਫੇਰ ਵੀ ਲੋਕ ਉਹਨੂੰ ਘੁੱਗੀ ਹੀ ਮੰਨਦੇ ਨੇ। ਏਹ ਕਰਕੇ ਕਿ ਪਿਕਾਸੋ ਨੇ ਕਬੂਤਰ ਨੂੰ ਘੁੱਗੀ ਕਹਿ ਦਿੱਤਾ। ਸਾਰਾ ਕਮਾਲ ਪਿਕਾਸੋ ਦੀ ਜਾਦੂ-ਛੁਹ ਦਾ ਏ। ਤੇ ਇਹ ਜਾਦੂ-ਛੁਹ ਹੀ ਹਕੀਕਤ ਏ।

ਪਰ ਸੁਲਝੇ ਹੋਏ ਅਗਾਂਹ-ਵਧੂ ਲੇਖਕ ਤੇ ਬੁੱਧੀਮਾਨ ਏਨੇ ਤੰਗ-ਨਜ਼ਰ ਨਹੀਂ ਸਨ। ਉਹ ਕਲਾਕਾਰ ਦੀ ਇਸ 'ਜਾਦੂ-ਛੁਹ' ਨੂੰ ਮੰਨਦੇ ਸਨ। ਉਹ ਸਿਰਫ਼ ਇਹ ਹੀ ਚਾਹੁੰਦੇ ਸਨ ਕਿ ਇਹ ਜਾਦੂ-ਛੋਹ ਲੋਕ-ਹਿਤ ਦੇ ਲੇਖੇ ਲੱਗੇ। ਕਲਾਮਈ ਢੰਗ ਨਾਲ। ਤੇ ਉਹ ਲੂਈ ਆਰਾਗੋ ਤੇ ਪਾਬਲੋ ਨਰੂਦਾ ਦੀਆਂ ਮਿਸਾਲਾਂ ਦੇਂਦੇ ਸਨ। ਉਹ ਕਹਿੰਦੇ ਸਨ ਕਿ ਪਿਕਾਸੋ ਵੀ ਤਾਂ ਉਨ੍ਹਾਂ ਦਾ ਸੰਗੀ ਏ। ਉਹਨੇ ਅਮਨ ਦੀ ਘੁੱਗੀ ਸੰਸਾਰ-ਅਮਨ ਲਹਿਰ ਲਈ ਹੀ ਵਾਹੀ ਏ। ਅਸਲ ਵਿਚ ਉਹ ਗਾਰਗੀ ਨੂੰ ਦੋ-ਮੂੰਹਾਂ ਸਮਝਦੇ ਸਨ। ਮੌਕਾ-ਪ੍ਰੱਸਤ। ਦੋ-ਦੋ ਬੇੜੀਆਂ ਵਿਚ ਪੈਰ ਰੱਖਣ ਵਾਲਾ। ਉਹ ਪਤਾ ਨਹੀਂ ਕਿਉਂ, ਅਗਾਂਹ-ਵਧੂਆਂ ਵਿਚ ਵੀ ਤੇ ਸਰਕਾਰੇ-ਦਰਬਾਰੇ ਵੀ, ਦੋਵਾਂ ਥਾਈਂ ਪਰਵਾਨ ਹੋਣਾ ਚਾਹੁੰਦਾ ਸੀ। ਉਨ੍ਹੀਂ ਵਕਤੀਂ, ਇਹ ਕੰਮ ਔਖਾ ਸੀ। ਪਰ ਗਾਰਗੀ ਸਫ਼ਲ ਰਿਹਾ।

ਗਾਰਗੀ ਕਾਫ਼ੀ ਹਾਊਸ ਨਾਲ ਜਿਵੇਂ ਪਰਨਾਇਆ ਹੁੰਦਾ ਸੀ। ਉਹ ਹਰ ਰੋਜ਼ ਉਥੇ ਜ਼ਰੂਰ ਪਹੁੰਚਦਾ। ਘੰਟਿਆਂ-ਬੱਧੀ ਕਾਫ਼ੀ ਚੁਸਕਦਾ ਤੇ ਦੋਸਤਾਂ-ਯਾਰਾਂ ਨਾਲ ਏਧਰ-ਓਧਰ ਦੀਆਂ ਮਾਰਦਾ ਰਹਿੰਦਾ। ਉਹ ਅਕਸਰ ਕਿਹਾ ਕਰਦਾ ਸੀ ਕਿ ਲੇਖਕ ਨੂੰ ਕਾਫ਼ੀ ਹਾਊਸ 'ਚ ਬਹਿ ਕੇ ਲਿਖਣਾ ਚਾਹੀਦਾ ਏ। ਉਹ ਇਸ ਸਿਲਸਿਲੇ 'ਚ ਕੁਝ ਫ਼ਰਾਂਸੀਸੀ ਲੇਖਕਾਂ ਦੀ ਮਿਸਾਲ ਦੇਂਦਾ। ਪਰ ਗਾਰਗੀ ਨੇ ਆਪ ਨਾ ਤਾਂ ਕਾਫ਼ੀ ਹਾਊਸ 'ਚ ਲਿਖਿਆ ਸੀ ਤੇ ਨਾ ਹੀ ਘਰ ਵਿਚ। ਉਹ ਲਿਖਦਾ ਨਹੀਂ ਸੀ, ਲਿਖਵਾਉਂਦਾ ਸੀ। ਉਹ ਸਾਡਾ ਬੁਲਾਰਾ ਲੇਖਕ ਸੀ। ਗਾਰਗੀ ਨੂੰ ਗੁਰਮੁਖੀ ਲਿਖਣੀ ਨਹੀਂ ਸੀ ਆਉਂਦੀ, ਜਾਂ ਉਹ ਇਹਨੂੰ ਲਿਖਣ ਤੋਂ ਸੰਕੋਚ ਕਰਦਾ ਸੀ। ਉਹਨੇ ਆਪਣੀ ਪਹਿਲੀ ਕਿਤਾਬ ਫ਼ਾਰਸੀ ਅੱਖਰਾਂ 'ਚ ਲਿਖੀ ਤੇ ਫੇਰ ਗੁਰਮੁਖੀ ਅੱਖਰਾਂ 'ਚ ਪਰਤਵਾਈ। ਉਸ ਤੋਂ ਬਾਅਦ ਉਹਨੇ ਸਾਰਾ ਕੁਝ ਬੋਲ ਕੇ ਹੀ ਲਿਖਵਾਇਆ। ਪਹਿਲੀ ਛੱਡ, ਉਹਦੀਆਂ ਸਾਰੀਆਂ ਕਿਤਾਬਾਂ ਇਸ ਕਿਰਿਆ ਦੀ ਉਪਜ ਨੇ।

ਉਹਦੀਆਂ ਬਹੁਤੀਆਂ ਕਿਤਾਬਾਂ, ਪਹਿਲੋਂ ਕਈ ਸਾਲ ਭਾਈ ਮਰਦਾਨੇ ਜਾਂ ਬਾਲੇ ਵਾਂਗ ਸਦਾ ਸੰਗ ਰਹਿਣ ਵਾਲੇ ਤੇ ਹੁਣ ਕੈਨੇਡਾ ਜਾ ਵੱਸੇ, ਕ੍ਰਿਸ਼ਨਜੀਤ ਨੇ ਲਿਖੀਆਂ। ਗਾਰਗੀ ਨੇ ਬਾਅਦ 'ਚ ਜੋ ਕੁਝ ਅੰਗ੍ਰੇਜ਼ੀ ਵਿਚ ਵੀ ਲਿਖਿਆ, ਉਹ ਵੀ ਕਿਸੇ ਸਟੈਨੋ-ਟਾਈਪਿਸਟ ਤੋਂ ਹੀ ਲਿਖਵਾਇਆ।

ਬੁਲਾਰਾ ਲੇਖਕ ਹੋਣਾ ਸੌਖਾ ਕੰਮ ਨਹੀਂ। ਇਸ ਲਈ ਉਹਨੂੰ ਆਮ ਤੋਂ ਜ਼ਿਆਦਾ ਇਕਾਗਰਤਾ ਚਾਹੀਦੀ ਸੀ। ਆਪਣੇ ਰਚਨਾਮਈ ਵਸੀਲਿਆਂ 'ਤੇ ਵਧੇਰੇ ਕਾਰਗਰ ਕੰਟਰੋਲ ਚਾਹੀਦਾ ਸੀ। ਕੱਟਾ-ਵੱਢੀ ਵੀ ਬਹੁਤੀ ਕਰਨੀ ਪੈਂਦੀ ਸੀ। ਫੇਰ ਵੀ ਗਾਰਗੀ ਦੀ ਉਪਜ ਕਿਸੇ ਸੋਚ ਕੇ ਹੱਥੀਂ ਲਿਖਣ ਵਾਲੇ ਲੇਖਕ ਤੋਂ ਘੱਟ ਨਹੀਂ। ਉਹਨੇ ਆਪਣੀ ਕੋਈ ਤੀਹ ਵਰ੍ਹਿਆਂ ਦੀ ਲਿਖਣਹਾਰ ਜ਼ਿੰਦਗੀ 'ਚ ਦਸਾਂ-ਬਾਰਾਂ ਬਹੁ-ਅੰਗੀ ਨਾਟਕ ਲਿਖੇ। ਤਿੰਨ ਸੰਗ੍ਰਹਿ ਇਕਾਂਗੀ ਨਾਟਕਾਂ ਦੇ ਲਿਖੇ। ਇਕ ਨਾਵਲ 'ਕੱਕਾ ਰੇਤਾ' ਲਿਖਿਆ। ਤਿੰਨ ਕਹਾਣੀ-ਸੰਗ੍ਰਹਿ, ਇਕ ਯਾਤਰਾ-ਸੰਗ੍ਰਹਿ 'ਰੰਗ-ਮੰਚ' ਤੇ 'ਲੋਕ-ਨਾਟਕ' ਦੇ ਨਾਂ ਦੀਆਂ ਕਿਤਾਬਾਂ, ਦੋ ਆਤਮ-ਕਥਾਵਾਂ ਤੇ ਪੰਜ ਸੰਗ੍ਰਹਿ ਰੇਖਾ-ਚਿਤਰਾਂ ਦੇ ਲਿਖੇ।

ਆਪਣੇ 'ਰੋਚਕਤਾ-ਵਿਰੁੱਧ-ਸੱਚਾਈ' ਦੇ ਸਿੱਧਾਂਤ ਕਾਰਨ ਉਹਨੇ ਰੇਖਾ-ਚਿਤਰ ਨੂੰ ਵੀ ਕਲਾਸਕੀ ਤਰਜ਼ ਦੀ ਕਹਾਣੀ ਸਮਝਿਆ। ਉਹਦੇ ਅੰਤ ਵਿਚ ਵੀ ਡਰਾਮਾ ਜ਼ਰੂਰ ਹੋਣਾ ਚਾਹੀਦੈ। ਕੋਈ ਅਜਿਹਾ ਪਲਸੇਟਾ ਵੱਜਣਾ ਚਾਹੀਦੈ, ਜਾਂ ਅਜਿਹੀ ਮਰੋੜੀ ਦਿੱਤੀ ਜਾਣੀ ਚਾਹੀਦੀ ਏ ਕਿ ਪਾਠਕ ਚੌਂਕ ਪਵੇ। ਇਸ ਲਈ ਜੇ ਸੱਚਾਈ ਨੂੰ ਕੁਝ ਬਦਲਣਾ ਵੀ ਪਵੇ ਤਾਂ ਜਾਇਜ਼ ਏ। ਪਾਠਕ ਨੇ ਸੱਚਾਈ ਸਿਰ ਮਾਰਨੀ ਏ। ਉਹਨੂੰ ਪੜ੍ਹ ਕੇ ਸੁਆਦ ਆਉਣਾ ਚਾਹੀਦੈ।

ਗਾਰਗੀ ਦੀ ਲਿਖਤੀ ਜਾਂ ਲਿਖਵਾਈ ਜ਼ਬਾਨ ਕਰਾਰੀ ਏ। ਦੰਦਿਆਂ ਵਾਲੀ ਏ। ਚੁੱਭਣ ਵਾਲੀ ਏ। ਉਹਦਾ ਭੰਡਾਰ ਬਹੁਤਾ ਵੱਡਾ ਨਹੀਂ। ਉਹ ਕੇਂਦਰੀ ਜ਼ਬਾਨ ਨਹੀਂ ਲਿਖਦਾ। ਉਹ ਉਰਦੂ, ਫ਼ਾਰਸੀ ਤੇ ਸੰਸਕ੍ਰਿਤ ਤਕ ਵਰਤ ਲੈਂਦਾ ਏ। ਜ਼ਬਾਨ ਨੂੰ ਉਹ ਲਗਾਤਾਰ ਘੜੀ ਜਾਂਦਾ ਏ। ਉਹਦੇ ਹੱਥ 'ਚ ਹਥੌੜਾ ਏ ਤੇ ਤੇਸੀ। ਹਰ ਲਫ਼ਜ਼ ਨੂੰ ਉਹ ਛਿੱਲ-ਛਿਲਾ ਕੇ, ਥੋੜ੍ਹਾ-ਬਹੁਤ ਠੋਕ ਕੇ, ਆਪਣੇ ਮਤਲਬ ਬਣਾ ਲੈਂਦਾ ਏ। ਉਹ ਖੁਰਦਰਾ, ਪੇਂਡੂ ਲਗਦਾ ਏ, ਪਰ ਲੌਕਿਕ ਨਹੀਂ। ਕਦੀ-ਕਦੀ ਇਹ ਜ਼ਰੂਰ ਮਹਿਸੂਸ ਹੁੰਦਾ ਏ ਕਿ ਜ਼ਬਾਨ ਲਈ ਉਹਦੇ ਹੱਥ ਵਿਚ ਇਕ ਛੋਟੀ ਜਿਹੀ ਰੰਦੀ ਵੀ ਹੋਣੀ ਚਾਹਦੀ ਸੀ।

ਗਾਰਗੀ ਦੇ ਘਰ ਨੂੰ ਸਰਾਂ ਬਣਾ ਕੇ ਰੱਖਣ, ਪੈਸਿਓਂ ਥੁੜੇ ਰਹਿਣ ਤੇ ਵਕਤੀ ਅਹੁਰ ਲਈ ਪੰਜ ਰੁਪਏ ਖ਼ਰਚ ਕੇ ਢਾਈ ਰੁਪਏ ਉਧਾਰ ਲੈਣ, ਤੇ ਸਾਹਿਤ ਦੇ ਖੇਤਰ 'ਚ ਰੋਚਕਤਾ ਨੂੰ ਜਿਤਾਣ ਲਈ ਸੱਚਾਈ ਨੂੰ ਫਾਡੀ ਬਣਾਉਣ ਦੀ ਰੁਚੀ ਉਦੋਂ ਤਕ ਕਾਇਮ ਰਹੀ ਏ, ਜਦੋਂ ਤਕ ਉਹ ਬੀਮਾਰ ਹੋ ਕੇ, ਆਪਣੀ ਯਾਦਾਸ਼ਤ ਨੂੰ ਕਮਜ਼ੋਰ ਕਰਕੇ, ਬੰਬਈ ਆਪਣੇ ਪੁੱਤਰ ਕੋਲ ਨਹੀਂ ਚਲਾ ਗਿਆ। ਗਾਰਗੀ ਦੀਆਂ ਇਹ ਰੁਚੀਆਂ ਮੈਂ ਕਰੂੰਬਲ ਰੂਪ 'ਚ ਤੱਕੀਆਂ ਸਨ। ਪਰ ਉਸ ਵੇਲੇ ਵੀ ਉਹਦੇ ਇਨ੍ਹਾਂ ਬੂਟਿਆਂ ਦੀਆਂ ਜੜ੍ਹਾਂ ਕਾਫ਼ੀ ਡੂੰਘੀਆਂ ਸਨ।

• • •

# *ਪੰਜਾਬੀ ਸੂਬੇ ਮਸਲੇ ਵੇਲੇ*
# *ਬਲਵੰਤ ਗਾਰਗੀ ਦੀ ਪੰਜਾਬੀਆਂ ਨੂੰ ਚਿੱਠੀ*

ਪੰਜਾਬੀ ਸੂਬਾ ਲਹਿਰ ਵੇਲੇ ਬਲਵੰਤ ਗਾਰਗੀ ਸੀਟਲ 'ਚ ਸੀ ਤਾਂ ਉਸ ਨੇ ਪੰਜਾਬੀ ਸੂਬਾ ਵਿਰੋਧੀ ਅੰਦੋਲਨ ਬਾਰੇ ਸੁਣ ਪੜ੍ਹ ਕੇ ਇਕ ਚਿੱਠੀ **5 ਮਈ 1966 ਦੇ ਖ਼ਾਲਸਾ ਸਮਾਚਾਰ** ਦੇ ਅੰਕ ਵਿਚ ਲਿਖੀ, ਜਿਸ ਦੇ ਚੋਵਵੇਂ ਅੰਸ਼ ਪੇਸ਼ ਹਨ।

## *"ਦੂਰਬੀਨ ਰਾਹੀਂ ਪੰਜਾਬੀ ਸੂਬਾ"*

ਮੈਂ ਧਰਤੀ ਤੇ ਬਿਲਕੁਲ ਦੂਸਰੇ ਸਿਰੇ ਉੱਤੇ ਹਾਂ। ਪੰਜਾਬ ਤੋਂ 12 ਹਜ਼ਾਰ ਮੀਲ ਦੂਰ ਸੀਟਲ, ਜੋ ਸਤ ਪਹਾੜਾਂ ਅਤੇ ਸੱਤ ਝੀਲਾਂ ਵਾਲਾ ਸ਼ਹਿਰ ਹੈ, ਵਿਖੇ ਅਮਰੀਕਨਾਂ ਨੂੰ ਭਾਰਤੀ ਰੰਗਮੰਚ ਬਾਰੇ ਪੜ੍ਹਾ ਰਿਹਾ ਹੈ ਅਤੇ ਪੰਜਾਬੀ ਸਭਿਅਤਾ ਅਤੇ ਭਾਸ਼ਾ ਦੀ ਇਕ ਕਲਾਸ ਲੈਂਦਾ ਹਾਂ। ਮੈਂ ਜਿੰਨਾ ਆਪਣੇ ਘਰ ਤੋਂ ਦੂਰ ਹਾਂ, ਓਨਾ ਹੀ ਆਪਣੇ ਆਪ ਨੂੰ ਨੇੜੇ ਪ੍ਰਤੀਤ ਕਰ ਰਿਹਾ ਹਾਂ। ਇਹ ਅਹਿਸਾਸ ਘਰ ਵਿਚ ਪਏ ਰਹਿਣ ਵਾਲਾ ਸੁਆਦਲਾ ਰੰਗ ਹੈ, ਇਕ ਝੂਠਾ ਇੰਦਰਜਾਲ ਹੈ, ਜਿਵੇਂ ਸੋਗ ਗ੍ਰਸਤ ਇਕ ਇਸਤਰੀ ਕਾਲੇ ਕੱਪੜੇ ਪਹਿਨ ਲੈਂਦੀ ਹੈ ਤੇ ਜਾਣਦੀ ਹੁੰਦੀ ਹੈ ਕਿ ਉਹ ਕਿੰਨੀ ਖ਼ੂਬਸੂਰਤ ਦਿਖਾਈ ਦੇ ਰਹੀ ਹੈ। ਮੈਂ ਵੀ ਇਸੇ ਘਰ ਪਏ ਰਹਿਣ ਵਾਲੇ ਰੋਗ ਨਾਲ ਮੋਹਿਆ ਅਤੇ ਰਹੱਸ ਦੇ ਚੱਕਰ ਵਿਚ ਫਸਿਆ ਪਿਆ ਹਾਂ। ਮੈਂ ਆਪਣੇ ਦੇਸ ਵਾਸੀਆਂ ਵਿਚ ਖੇਹ ਖਰਾਬੇ, ਗਰਮਾ ਗਰਮ ਤਕਰੀਰਾਂ ਤੇ ਸਿਆਸੀ ਅਤੇ ਸਮਾਜੀ ਪ੍ਰੇਸ਼ਾਨੀਆਂ ਦੇਖ ਨਹੀਂ ਸਕਿਆ। ਮੈਂ ਖੁੱਲ੍ਹੀਆਂ ਖੁੱਲੀਆਂ ਅਤੇ ਚੌੜੀਆਂ ਸੜਕਾਂ ਉੱਤੇ ਹਵਾ ਨਾਲ ਗੱਲਾਂ ਕਰਨ ਵਾਲੀਆਂ ਛੱਤ ਤੋਂ ਖੁੱਲ੍ਹੀਆਂ ਕਾਰਾਂ ਵਿਚ ਸਫ਼ਰ ਕਰਦਾ ਹਾਂ, ਪਰ ਮੈਂ ਆਪਣੀ ਨੀਂਦ ਵਿਚ ਬਲਦਾਂ ਨਾਲ ਜੁਪੇ ਹੋਏ ਗੱਡਿਆਂ ਦੇ ਸੁਪਨੇ ਲੈਂਦਾ ਰਹਿੰਦਾ ਹਾਂ। ਮੈਂ ਮੁਰਗੀ ਦੇ ਛੋਟੇ ਛੋਟੇ ਟੁਕੜੇ ਫਰਾਂਸੀਸੀ ਢੰਗ ਨਾਲ ਤਲੇ ਖਾਂਦਾ ਹਾਂ, ਪਰ ਪੰਜਾਬੀ ਸਾਗ ਅਤੇ ਤੰਦੂਰੀ ਪਰਾਉਂਠਿਆਂ ਲਈ ਤੜਪਦਾ ਹਾਂ। ਖਾਣੇ ਵਕਤ ਮੈਂ ਵੱਖਰੀ ਕਿਸਮ ਦਾ ਕੋਟ ਪਾ ਕੇ ਬਹਿੰਦਾ ਹਾਂ, ਪਰ ਚਾਹੁੰਦਾ ਹਾਂ ਕਿ ਮੈਂ ਚੌਂਕੜੀ ਮਾਰ ਕੇ ਅਰਾਮ ਨਾਲ ਭੁੰਞੇ ਬੈਠਾਂ। ਇਸ ਦੋਗਲੀ ਜ਼ਿੰਦਗੀ ਨੇ ਮੇਰੇ ਮਨ ਵਿਚ ਗੜਬੜ ਮਚਾ ਦਿੱਤੀ ਹੋਈ ਹੈ ਅਤੇ ਮੈਂ ਆਤਮਿਕ ਤੌਰ 'ਤੇ ਆਪਣੇ ਆਪ ਨੂੰ ਮਾਯੂਸ ਤੇ ਸੁੰਗੜਵੇਂ ਵਿਚ ਵੇਖਦਾ ਹਾਂ।

"ਫ਼ਿਰਕੂ ਹਿੰਦੂਆਂ ਨੇ ਪੰਜਾਬੀ ਨੂੰ ਅਪਣਾਇਆ ਨਹੀਂ ਅਤੇ ਬੋਲੀ ਦੇ ਆਧਾਰ ਉੱਤੇ ਸੂਬੇ ਦੀ ਨਿੰਦਾ ਕੀਤੀ। ਉਹ ਉਸ ਸ਼ਕਤੀਸ਼ਾਲੀ ਸਭਿਆਚਾਰ ਤੋਂ ਮੁਨਕਰ ਹੋ ਗਏ, ਜਿਸ ਦਾ ਕਿ ਉਹ ਇਕ ਅਟੁੱਟ ਅੰਗ ਹਨ। ਉਨ੍ਹਾਂ ਨੇ ਆਪਣੇ ਪਿਆਰ ਨੂੰ ਗਲਤ ਰਾਹ ਉੱਤੇ ਪਾ ਦਿੱਤਾ ਹੈ, ਕਿਉਂਕਿ ਹਿੰਦੀ, ਰਾਸ਼ਟਰੀ ਭਾਸ਼ਾ ਹੋਣ ਦੇ ਨਾਤੇ ਸਾਰੇ ਲੋਕਾਂ ਨੇ ਸਿੱਖਣੀ ਹੀ ਹੈ।"

## *ਪੰਜਾਬ ਵਿਚ ਹਿੰਸਾ*

"ਮੇਰਾ ਮਨ ਹਮੇਸ਼ਾ ਦੇਸ਼ ਦੀਆਂ ਖ਼ਬਰਾਂ ਲਈ ਉਤਾਵਲਾ ਰਹਿੰਦਾ ਹੈ। ਨਿਊਯਾਰਕ ਵਿਚ ਬਲੈਕ ਆਊਟ ਹੋ ਜਾਵੇ, ਕੋਈ ਜੈਮਨੀ ਰਾਕਟ ਛੱਡਿਆ ਜਾਵੇ ਜਾਂ ਸੀਟਲ ਵਿਚ ਕੋਈ ਹੋਰ ਵੱਡੀਆਂ ਵੱਡੀਆਂ ਸੜਕਾਂ ਬਣਾਉਣ ਦੀ ਯੋਜਨਾ ਹੋਵੇ, ਐਸੀਆਂ ਖ਼ਬਰਾਂ ਮੇਰੇ ਦਿਲ ਤੇ ਕੋਈ ਅਸਰ ਨਹੀਂ ਕਰਦੀਆਂ, ਪਰ ਦੇਸ਼ ਦੀ ਨਿੱਕੀ ਤੋਂ ਨਿੱਕੀ ਖ਼ਬਰ ਜਿਵੇਂ ਕਿ 'ਲੁਧਿਆਣੇ ਵਿਚ ਮਿਲਾਵਟ ਵਾਲਾ ਦੁੱਧ ਵੇਚਣ ਉੱਤੇ ਇਕ ਹਲਵਾਈ ਗ੍ਰਿਫ਼ਤਾਰ' ਜਾਂ 'ਪਟਿਆਲਾ ਵਿਖੇ ਇਕ ਕੁਰਪਟ ਅਧਿਕਾਰੀ ਨੂੰ ਨੌਕਰੀ ਤੋਂ ਜੁਆਬ' ਜਾਂ 'ਅੰਮ੍ਰਿਤਸਰ ਦੇ ਕਿਸੇ ਪਿੰਡ ਵਿਚੋਂ ਇਕ ਲੜਕੀ ਦਾ ਉਧਾਲਾ' ਆਦਿ ਖ਼ਬਰਾਂ ਸੁਣ ਕੇ ਦਿਲ ਦੁਖੀ ਹੁੰਦਾ ਹੈ। ਇਹੋ ਜਿਹੀਆਂ ਖ਼ਬਰਾਂ ਮੈਂ ਦੋਸਤਾਂ ਦੀਅ ਚਿੱਠੀਆਂ ਅਤੇ ਭਾਰਤੀ ਅਖ਼ਬਾਰਾਂ ਵਿਚੋਂ ਪੜ੍ਹ ਲੈਂਦਾ ਹਾਂ।

'ਕੁਝ ਚਿਰ ਹੋਇਆ' ਮੈਂ ਪੰਜਾਬੀ ਸੂਬੇ ਦੀ ਸਥਾਪਤੀ ਉੱਤੇ ਪੰਜਾਬ ਵਿਚ ਹੋਈਆਂ ਹਿੰਸਕ ਕਾਰਵਾਈਆਂ ਬਾਰੇ ਪੜ੍ਹਿਆ। ਮੈਂ ਇਹ ਜਾਣ ਕੇ ਹੱਕਾ ਬੱਕਾ ਰਹਿ ਗਿਆ, ਮੇਰੇ ਦਿਲ ਨੂੰ ਬੜੀ ਸੱਟ ਲੱਗੀ ਅਤੇ ਮੈਂ ਆਪਣੇ ਆਪ ਨੂੰ ਇਕੱਲ ਵਿਚ ਅਨੁਭਵ ਕਰਨ ਲੱਗ ਪਿਆ ਤੇ ਇਸ ਮਾਮਲੇ ਉੱਤੇ ਕੁਝ ਕਹਿਣਾ ਮੈਨੂੰ ਸਖ਼ਤ ਪੀੜਤ ਕਰਨ ਲੱਗਾ। ਇਸ ਵਕਤ ਲਿਖਾਰੀਆਂ ਨੇ ਇਸ ਮਾਮਲੇ ਬਾਰੇ ਜੋ ਕੁਝ ਕਿਹਾ ਯਾ ਲਿਖਿਆ, ਇਸ ਮਾਮਲੇ ਨੂੰ ਸਿਆਸੀ ਹੇਠ ਧਰਮੀਆਂ ਦੇ ਹੱਥਾਂ ਵਿਚ ਵਿਗੜਨ ਨਹੀਂ ਦਿੱਤਾ।

"ਫ਼ਿਰਕੂ ਹਿੰਦੂਆਂ ਨੇ ਪੰਜਾਬੀ ਨੂੰ ਅਪਣਾਇਆ ਨਹੀਂ ਅਤੇ ਬੋਲੀ ਦੇ ਆਧਾਰ ਉੱਤੇ ਸੂਬੇ ਦੀ ਨਿੰਦਾ ਕੀਤੀ। ਉਹ ਉਸ ਸ਼ਕਤੀਸ਼ਾਲੀ ਸਭਿਆਚਾਰ ਤੋਂ ਮੁਨਕਰ ਹੋ ਗਏ, ਜਿਸ ਦਾ ਕਿ ਉਹ ਇਕ ਅਟੁੱਟ ਅੰਗ ਹਨ। ਉਨ੍ਹਾਂ ਨੇ ਆਪਣੇ ਪਿਆਰ ਨੂੰ ਗਲਤ ਰਾਹ ਉੱਤੇ ਪਾ ਦਿੱਤਾ ਹੈ, ਕਿਉਂਕਿ ਹਿੰਦੀ, ਰਾਸ਼ਟਰੀ ਭਾਸ਼ਾ ਹੋਣ ਦੇ ਨਾਤੇ ਸਾਰੇ ਲੋਕਾਂ ਨੇ ਸਿੱਖਣੀ ਹੀ ਹੈ। ਉਹ ਪੰਜਾਬੀ ਦੀ ਸਖ਼ਤ ਵਿਰੋਧਤਾ ਕਰਕੇ ਪੰਜਾਬੀ ਨੂੰ ਨਿਰੋਲ ਸਿੱਖਾਂ ਦੀ ਜ਼ਬਾਨ ਦੱਸ ਰਹੇ ਹਨ ਤੇ ਇਸ ਤਰ੍ਹਾਂ ਸਿੱਖਾਂ ਬਾਰੇ ਫ਼ਿਰਕੂ ਤਣਾਓ ਪੈਦਾ ਕਰ ਰਹੇ ਹਨ, ਜਿਸ ਦਾ ਪ੍ਰਤੀਕਰਮ ਜ਼ਰੂਰੀ ਹੈ। ਐਸੇ ਕਰਤੱਵਾਂ ਦੀ ਨਿੰਦਾ ਕਰਨੀ ਚਾਹੀਏ। ਪੰਜਾਬੀ ਸੂਬਾ ਕੇਵਲ ਸਿੱਖਾਂ ਜਾਂ ਅਕਾਲੀਆਂ ਦਾ ਨਹੀਂ ਸਗੋਂ ਸਾਰੇ ਪੰਜਾਬੀਆਂ



# ਦਰਸ਼ਨ ਸਿੰਘ ਦੀ ਅਲਵਿਦਾ

ਆਓ ਆਪਣੇ ਬਾਬੇ ਨੂੰ ਯਾਦ ਕਰੀਏ

ਦਰਸ਼ਨ ਜੀ ਦੀ ਮੌਤ ਦੀ ਖ਼ਬਰ ਵੇਖ ਕੇ ਦੁੱਖ ਜ਼ਰੂਰ ਹੋਇਆ, ਪਰ ਇਕ ਸੁਖੀ ਜਿਹਾ ਦੁੱਖ। ਉਨ੍ਹਾਂ ਨਾਲ ਮੇਰੀ ਇਕੋ ਇਕ ਮੁਲਾਕਾਤ ਵੈਨਕੂਵਰ (ਕੈਨੇਡਾ) ਵਿਚ ਹੋਈ। ਅਸੀਂ ਦੋਨੋਂ ਉਥੇ 2015 ਦਾ 'ਢਾਹਨ ਇੰਟਰਨੈਸ਼ਨਲ ਪੰਜਾਬੀ' ਐਵਾਰਡ ਲੈਣ ਗਏ ਸੀ। ਹੱਥ ਮਿਲਾਉਂਦੇ ਹੀ ਅਸੀਂ ਇਕ ਦੂਜੇ ਨਾਲ ਗੱਲੀਂ ਲੱਗੇ ਕਿ ਸਾਡੇ ਹੋਸਟ, ਭੈਣ ਜੀ (ਹਰਿੰਦਰ ਕੌਰ), ਜੋ ਸਾਨੂੰ ਮਿਲਵਾਉਣ ਲੱਗੇ ਸੀ, ਚੁੱਪ ਹੋ ਕੇ ਖ਼ੁਸ਼ ਹੁੰਦੇ ਰਹੇ। ਉਹ 19 ਸਾਲ ਦੇ ਸੀ ਜਦੋਂ 1947 ਵਿਚ ਇਧਰਲੇ ਪੰਜਾਬ ਵਿਚ ਓਧਰ ਗਏ, ਪਰ ਉਹ ਕੁਝ ਵੀ ਭੁੱਲੇ ਨਾ—ਲਹੌਰ, ਸ਼ੇਖੂਪੁਰਾ, ਗੁਜਰਾਂਵਾਲਾ, ਸਾਂਗਲਾ ਹਿਲ, ਲਾਇਲਪੁਰ, ਸਰਗੋਧਾ ਆਦਿ। ਸਾਰੇ ਰਾਹ ਤੇ ਸਾਰੇ ਲੋਕ ਸਭ ਕੁਝ ਯਾਦ। ਮੈਨੂੰ ਪੁੱਛਦੇ ਗਏ ਤੇ ਦੱਸਦੇ ਗਏ। ਮਜੀਦ ਨਿਜ਼ਾਮੀ (ਸੰਪਾਦਕ ਨਵਾਂ-ਏ-ਵਕਤ) ਅਤੇ ਸਰਤਾਜ ਅਜੀਜ (ਵਿਦੇਸ਼ ਮੰਤਰੀ) ਉਨ੍ਹਾਂ ਦੇ ਕਰੀਬੀ ਦੋਸਤ ਸਨ। ਜਦੋਂ ਉਹ ਪਾਕਿਸਤਾਨ ਆਏ ਇਹੋ ਹੀ ਉਨ੍ਹਾਂ ਦੇ ਹੋਸਟ ਬਣੇ।

70 ਸਾਲ ਦੀ ਉਮਰ ਵਿਚ ਉਹ ਲਿਖਣ ਲੱਗੇ ਤੇ ਲਿਖਦੇ ਹੀ ਗਏ। ਉਨ੍ਹਾਂ ਪਹਿਲਾਂ ਦੁਨੀਆ ਦਾ, ਖ਼ਾਸ ਕਰ ਰੂਸੀ ਲਿਟਰੇਚਰ ਪੜ੍ਹਿਆ ਤੇ ਸਮਝਿਆ।

ਅਸੀਂ ਇਕੋ ਹੋਟਲ ਵਿਚ ਇਕੱਠੇ ਰਹੇ, ਨਾਲ ਨਾਲ ਕਮਰੇ ਸੀ। ਜਦੋਂ ਦਿਲ ਕਰਨਾ ਮੇਰੇ ਕਮਰੇ ਵਿਚ ਆ ਜਾਂਦੇ। ਇਕ ਦਿਨ ਸਵੇਰੇ ਇੰਟਰਕਾੱਮ 'ਤੇ ਗੱਲ ਹੋਈ, ਮੈਂ ਪੁੱਛਿਆ—ਬੋਰ ਹੋ ਰਹੇ, ਮੈਨੂੰ ਤੁਹਾਨੂੰ ਮਿਲਣ ਆ ਜਾਵਾਂ ?" "ਨਹੀਂ ਨਹੀਂ, ਸਿੱਖ ਤਿਆਰ ਨਾ ਹੋਵੇ ਤਾਂ ਉਹ ਮਿਲਣ ਵਾਲਾ ਨਹੀਂ ਹੁੰਦਾ।" ਉਹ ਵੀ ਹੱਸ ਪਏ ਤੇ ਮੈਂ ਵੀ। ਬੁੱਢੇ ਜ਼ਰੂਰ ਸਨ ਪਰ ਉਨ੍ਹਾਂ ਵਿਚ ਜ਼ਿੰਦਗੀ ਭਰਪੂਰ, ਵਾਹਵਾ ਸੁਖੀ ਤੇ ਸ਼ਾਂਤ ਲੱਗਦੇ, ਕੋਈ ਭੁੱਖ ਨਾ ਲਾਲਚ। ਅੰਦਰੋਂ ਰੱਜੇ ਤੇ ਰਾਜੀ ਖ਼ੁਸ਼ੀ। ਸਾਨੂੰ ਸਾਡੇ ਹੋਸਟ ਗੁਰਦੁਆਰੇ ਲੈ ਗਏ ਪਰ ਉਹ ਬਾਹਰ ਹੀ ਖਲੋਤੇ ਰਹੇ, ਮੈਂ ਤੇ ਉਨ੍ਹਾਂ ਦੀ ਪਤਨੀ ਅੰਦਰ ਗਏ। ਮੈਂ ਵੀ ਉਨ੍ਹਾਂ ਕਰਕੇ ਜਲਦੀ ਨਿਕਲ ਆਇਆ ਤੇ ਉਹ ਮੈਨੂੰ ਕਹਿਣ ਲੱਗੇ...(ਮੈਂ ਨਹੀਂ ਕਹਿ ਸਕਦਾ ਜੋ ਉਹ ਸਵਰਗਵਾਸੀ ਕਹਿ ਗਏ)। ਕੋਈ ਡਰ ਨਾ, ਉਹ 100 ਪ੍ਰਤੀਸ਼ਤ ਨਾਸਤਕ ਸੀ। ਵਿਦਾਈ ਵੇਲੇ ਮਿਲਦਿਆਂ ਕਿਹਾ, "ਫਿਰ ਕਦੀ ਮੁਲਾਕਾਤ ਹੋਵੇਗੀ ਜੀ!" "ਕਿੱਥੇ ?" ਹੱਸਦੇ ਹੋਏ ਚਲੇ ਗਏ। ਉਸ ਚਾਰ-ਪੰਜ ਦਿਨ ਦੇ ਸਾਥ ਨੂੰ ਅਸੀਂ ਯਾਦ ਰੱਖਿਆ। ਈ-ਮੇਲ 'ਤੇ ਰਾਬਤਾ ਰਿਹਾ ਤੇ ਮੈਨੂੰ 'ਸਮਕਾਲੀ ਸਾਹਿਤ' ਲਗਾਤਾਰ ਭੇਜਦੇ ਰਹੇ ਤੇ ਫਿਰ ਪੁੱਛ ਕੇ ਪੱਕਾ ਵੀ ਕਰਦੇ ਕਿ ਮੈਨੂੰ ਮਿਲ ਗਿਆ।

ਆਖ਼ਰੀ ਈ-ਮੇਲ ਤਿੰਨ-ਚਾਰ ਮਹੀਨੇ ਪਹਿਲਾਂ, ਉਹ ਜਦੋਂ ਉਨ੍ਹਾਂ ਦੀ ਲਿਖਤ 'ਮੇਰੇ ਭਾਈਆ ਜੀ' ਮੈਨੂੰ ਅਮਰਜੀਤ ਚੰਦਨ ਹੁਰਾਂ ਭੇਜੀ। ਮੈਂ ਕੀ ਸੋਗ ਸਤਰਾਂ ਲਿਖਾਂ, ਸੁਖੀ ਜਿਹਾ ਦੁਖ।

ਪੁਰਾਣੇ ਵੇਲੇ ਜੋ ਬਾਬੇ ਭਰਿਆ ਮੇਲਾ ਛੱਡ ਕੇ ਜਾਂਦੇ, ਖਾ-ਹੰਢਾ ਤੇ ਦੋਹਤਰ-ਪੋਤਰ ਵੇਖ ਕੇ ਚਲਾਣਾ ਕਰਦੇ, ਪਿਛਲੇ ਰਲ ਕੇ ਮਿੱਠੇ ਚੌਲ ਖਾਂਦੇ ਬਾਬੇ ਨੂੰ ਯਾਦ ਕਰਦੇ, ਉਹੀ ਸਿਫ਼ਤ ਵਿਚ ਉਹਦੀਆਂ ਗੱਲਾਂ ਕਰਦੇ।

ਇੰਜ ਆਪਣੇ ਬਾਬੇ ਨੂੰ ਵੱਡਾ ਕਰਦੇ।



*ਨੈਨ ਸੁਖ* (ਖ਼ਾਲਿਦ ਮਹਿਮੂਦ, ਲਹੌਰ)

---

ਦਾ ਹੈ ਤੇ ਇਹ ਪੰਜਾਬੀਆਂ ਦੀ ਇਕ ਲੰਮੀ ਜਦੋ-ਜਹਿਦ ਪਿੱਛੇ ਪ੍ਰਾਪਤ ਹੋ ਰਿਹਾ ਹੈ।"

"ਪੰਜਾਬੀ ਸੂਬਾ ਇਸ਼ ਕਰਕੇ ਨਹੀਂ ਬਣਾਇਆ ਗਿਆ ਕਿ ਹਿੰਦੂ ਸਿੱਖਾਂ ਵਿਚਕਾਰ ਕੋਈ ਵਖਰੇਵੇਂ ਹਨ, ਸਗੋਂ ਇਸ ਕਰਕੇ ਕਿ ਇਥੇ ਵੱਸਦੀਆਂ ਵੱਖਰੀਆਂ ਵੱਖਰੀਆਂ ਸ਼੍ਰੇਣੀਆਂ ਦਾ ਸਭਿਆਚਾਰਕ ਵਿਰਸਾ ਇਕੋ ਹੈ। ਜੇ ਅੱਜ ਅਸੀਂ ਸੂਬੇ ਦੇ ਸੁਆਲ ਨੂੰ ਮਜ਼ਬੀ ਰੰਗਤ ਦੇ ਕੇ ਹਿੰਦੂ ਸਿੱਖਾਂ ਦੇ ਵੱਖਰੇਵਿਆਂ ਉੱਤੇ ਜ਼ੋਰ ਦੇਈ ਜਾਵਾਂਗੇ ਤਾਂ ਇਹ ਝਗੜੇ ਕਦੇ ਮੁੱਕਣਗੇ ਹੀ ਨਹੀਂ। ਫਿਰਕੂ ਪ੍ਰਚਾਰ ਕਰਨ ਨਾਲ ਕਈ ਫ਼ਿਰਕੂ ਸੂਬਿਆਂ ਦੀ ਸਥਾਪਤੀ ਲਈ ਰੌਲਾ ਪੈਣ ਲੱਗ ਪਵੇਗਾ। ਹਾਲੇ ਤੱਕ ਸਾਡੇ ਵਿਚ ਕੌਮੀ ਏਕਤਾ ਦਾ ਪੂਰੀ ਤਰ੍ਹਾਂ ਅਹਿਸਾਸ ਨਹੀਂ ਆਇਆ। ਅਸੀਂ ਭਾਰਤ ਨੂੰ ਇਕ ਕੌਮ ਦੱਸਣ ਦੀਆਂ ਫੜਾਂ ਜ਼ਰੂਰ ਮਾਰਦੇ ਹਾਂ, ਪਰ ਸ਼ੋਰ ਹੈ ਕਿ ਸਾਡੇ ਉੱਤੇ ਜਾਤੀ ਭੇਦ ਭਾਵਾਂ ਦਾ ਭੂਤ ਸਵਾਰ ਰਹਿੰਦਾ ਹੈ।

"ਪੰਜਾਬ ਸੂਬਾ ਸਕੂਲਰ ਹੋਣਾ ਚਾਹੀਦਾ ਹੈ, ਪਰ ਇਸ ਨੂੰ ਸੈਕੂਲਰ ਬਣਾਉਣਾ ਬਹੁਤ ਕਰਕੇ ਪੰਜਾਬ ਦੇ ਹਿੰਦੂ ਉੱਤੇ ਨਿਰਭਰ ਕਰਦਾ ਹੈ। ਉਨ੍ਹਾਂ ਨੂੰ ਇਸ ਸੂਬੇ ਦਾ ਸਵਾਗਤ ਕਰਨਾ ਚਾਹੀਦਾ ਹੈ ਅਤੇ ਲੀਡਰਾਂ ਦੀਆਂ ਫਿਰਕੂ ਤੇ ਸਿਆਸੀ ਚਾਲਾਂ ਵਿਚ ਨਹੀਂ ਫਸਣਾ ਚਾਹੀਦਾ। ਸਿੱਖ ਅਤੇ ਹਿੰਦੂਆਂ ਦੋਹਾਂ ਨੂੰ ਬੋਲੀ ਦੇ ਆਧਾਰ ਉੱਤੇ ਪੰਜਾਬੀ ਸੂਬੇ ਦੀ ਸਥਾਪਤੀ ਨੂੰ ਜੀ ਆਇਆਂ ਕਹਿਣਾ ਚਾਹੀਦਾ ਹੈ, ਕਿਉਂਕਿ ਇਹ ਧਰਮ ਨਹੀਂ, ਸਗੋਂ ਸਿਰਫ਼ ਭਾਸ਼ਾ ਹੀ ਹੁੰਦੀ ਹੈ, ਜੋ ਵੱਖੋ-ਵੱਖ ਸ਼੍ਰੇਣੀਆਂ ਨੂੰ ਇਕ ਦੂਜੇ ਨਾਲ ਜੋੜੀ ਰੱਖਦਾ ਹੈ।

"ਪੰਜਾਬੀ ਬੋਲੀ ਇਕ ਬਿਰਧ ਮਾਤਾ ਵਾਂਗ ਹੈ ਜਿਸ ਦੇ ਦੋ ਲੜਕੇ ਹਨ। ਵੱਡਾ ਲੜਕਾ ਮਾਂ ਨੂੰ ਮਾਂ ਕਹਿਣ ਤੋਂ ਮੁਨਕਰ ਹੋ ਗਿਆ ਹੈ ਅਤੇ ਛੋਟਾ ਲੜਕਾ ਮਾਂ ਨੂੰ ਮਾਂ ਕਹਿੰਦਾ ਹੈ।" ਵ

ਕਵਿਤਾਵਾਂ

# ਇਰਫ਼ਾਨ ਮਲਿਕ

1.

ਮੈਂ ਤੇਰਾ ਘਰ ਆਪਣੇ ਘਰ ਵਿਚ ਲੱਭਣਾ ਵਾਂ
ਮੇਰੇ ਅਪਣੇ ਪਿੰਡੇ ਤੋਂ
ਮੇਰੀ ਜਲਾਵਤਨੀ ਦੇ ਮੁੱਕਣ ਦੀ ਕੋਈ ਆਸ ਨਹੀਂ
ਕੈਸੀ ਖ਼ਬਰ ਹੈ
ਮਿਲਾਪ ਦੀ ਬੇਕਬਰੀ
ਕੈਸੀ ਕਹਿਰ ਹੈ
ਜੁਦਾਈ ਦੀ ਗ਼ੈਰਹਾਜ਼ਰੀ
ਹੱਥਲ ਤਾਂਘਾਂ ਨਿੱਸਲ ਬੈਠੀਆਂ

2.

ਅੱਜ ਵੀ ਉਸ ਚਿੱਠੀ ਦਾ ਜਵਾਬ ਨਹੀਂ ਆਇਆ
ਜਿਹੜੀ ਮੈਂ ਅਜੇ ਭੇਜੀ ਨਹੀਂ

ਹੋਣੀ ਦੇ ਬੂਹੇ 'ਤੇ ਖ਼ੂੰਖਾਰ ਕੁੱਤਾ ਬੱਝਾ ਏ
ਤੁਰਪ ਦਾ ਪੱਤਾ ਮਫ਼ਰੂਰ ਕਰਾਰ ਦਿੱਤਾ ਗਿਆ ਏ

ਬੋਲੀ ਨੇ ਤੇ ਕਿਸੇ ਦਾ ਦਾਨ ਨਹੀਂ ਦੇਣਾ
ਹਰ ਸ਼ਬਦ ਆਪਣੀ ਕਿਸਮਤ ਨਾਲ ਲੈ ਕੇ ਆਂਦਾ ਏ

ਲਿਖਾਰੀ ਬੱਸ ਅੱਧੀ ਕਿਤਾਬ ਹੀ ਲਿਖ ਸਕਦਾ ਏ
ਬਾਕੀ ਦੀ ਅੱਧੀ ਕਿਤਾਬ ਪੜ੍ਹਨਹਾਰ ਲਿਖਦਾ ਏ

ਜੇ ਤੂੰ ਇਸ ਕਬੱਤ ਨੂੰ ਪੜ੍ਹੇਂ ਤੇ ਮੇਰੇ ਬਾਰੇ ਸੋਚੀਂ[1]
ਤੇ ਉਨ੍ਹਾਂ ਸ਼ਬਦਾਂ ਬਾਰੇ ਵੀ ਜਿਹੜੇ ਮੈਂ ਨਹੀਂ ਲਿਖੇ

3.

ਜਿਉਂਦਿਆਂ ਦੇ ਕੋਲ ਕੀ ਏ ਸਿਵਾਏ ਜ਼ਿੰਦਗੀ ਦੇ ?
ਮੌਜ ਤੇ ਕਾਵਾਂ ਦੀ ਏ
ਜਿਥੇ ਚਾਹਿਆ ਵਿੱਠ ਕਰ ਦਿੱਤੀ
ਯਾਂ ਨਾ ਵੀ ਕੀਤੀ

ਖ਼ਿਆਲ ਤੇ ਘਾਬਰ ਜਾਂਦੇ ਨੇ
ਜਿਉਂਦੇ ਮੋਇਆਂ ਦੀ ਵੰਡ ਜੁ ਕਰਨੀ ਪੈਂਦੀ ਏ

ਕੁਝ ਤੇਰੇ ਕੁਝ ਮੇਰੇ
ਜਿਹੜੇ ਬਾਕੀ ਬਚੇ ਉਨ੍ਹਾਂ ਦਾ ਭਾਨ ਭਨਾ ਲਿਆ

ਜਗਰਾਤੇ ਦੀ ਪੀਂਘ ਦੇ ਹੂਟਿਆਂ ਨਾਲ ਤੇ
ਪਛਤਾਵੇ ਦੀ ਟੱਲੀ ਹੀ ਵੱਜਦੀ ਏ
ਸਵੇਰ ਨਹੀਂ ਹੁੰਦੀ

4.

ਜਿਊਂਦਿਆਂ ਰਹਿ ਸਕਣ ਦਾ ਇਜਾਜ਼ਤਨਾਮਾ ਆਇਆ ਹੈ
ਬੱਦਲਾਂ ਦੀ ਗਰਜ, ਬਿਜਲੀ ਦੀ ਕੜਕ ਤੇ ਇਲਹਾਮੀ ਦਾਅਵਾ ਨਾਲ ਨਹੀਂ
ਸਗੋਂ ਕਿਸੇ ਦੀ ਅੱਖ ਦੀ ਹਲਕੀ ਮੁਸਕਾਨ ਕੋਲੋਂ
ਸੌੜੀ ਪੈ ਗਈ ਧਰਤੀ ਨੇ ਆਪਣੇ ਪਰ ਫਿਰ ਖੋਲ੍ਹ ਦਿੱਤੇ ਨੇ
ਡੁੱਬਣ ਵਾਲੇ ਦੀਆਂ ਅੱਖਾਂ ਦਾ ਉਨੀਂਦਰਾ
ਪਾਣੀ ਵਿਚ ਘੁਲਣਾ ਸ਼ੁਰੂ ਹੋ ਗਿਆ ਏ
ਹਵਾ ਵਿਚ ਵਾਅਦਾ ਏ
ਜਿਹੜਾ ਕਿਸੇ ਨੇ ਵੀ ਨਹੀਂ ਕੀਤਾ

ਚੁੱਪ ਦੀ ਡੱਬ
ਵਿਚ ਲੁਕਿਆ ਸੁਪਨਾ
ਕੱਲਾ ਰਹਿ ਜਾਂਦਾ ਏ
ਹਨੇਰੇ ਦੇ ਪੈਰ
ਸਿਵਾਏ ਮੁਹੱਬਤ ਕਰਦੀ ਹੋਈ ਔਰਤ ਦੇ
ਕੌਣ ਵੇਖ ਸਕਦਾ ਏ ?

ਉਹਦੇ ਬਦਨ ਦੀਆਂ ਤਹਿਵਾਂ
ਕਾਗ਼ਜ਼ੀ ਪੱਖੇ ਵਾਂਗੂੰ ਨਹੀਂ ਖੁੱਲ੍ਹਦੀਆਂ
ਉਹ ਇੰਜ ਉਹਦੇ ਬਦਨ ਵਿਚ ਘੁਲ ਜਾਂਦੀਆਂ ਨੇ
ਜਿਵੇਂ ਠਿਠਰੀ ਸਵੇਰ ਦੀ ਧੁੰਦ
ਨਵੇਂ ਸੂਰਜ ਦੀਆਂ ਰਿਸ਼ਮਾਂ ਵਿਚ ਘੁਲ ਜਾਂਦੀ ਏ

5.

ਯਾਦ ਨੇ ਉਹ ਹੱਥ
ਤੇ ਅਪਣੇ ਦਿਲ ਦੀ ਧੜਕਣ
ਤੇ ਫਰਸ਼ 'ਤੇ ਸੁੱਥਣ
ਡਿੱਗਣ ਦੀ 'ਵਾਜ

ਯਾਦ ਹੈ ਬੁੱਲ੍ਹਾਂ ਦੀ ਬੇਸਬਰੀ
ਪਿੰਡਿਆਂ ਦਾ ਆਪਣਾ ਭਾਰ
ਆਪੇ ਨਾ ਚੁੱਕ ਸਕਣ ਦੀ
ਬੇਹਿਮਤੀ

ਯਾਦ ਨੇ ਅੱਖਾਂ ਵੀ
ਜਿਨ੍ਹਾਂ ਉਨ੍ਹਾਂ ਕੁਝ ਘੜੀਆਂ ਲਈ
ਹੋਣਾ ਬੰਦ ਕਰ ਦਿੱਤਾ ਸੀ

ਯਾਦ ਏ

ਵਗਦੀ ਵਾਅ ਤੇ ਤ੍ਰਿਖੇ ਦਰਿਆ ਦੀ ਵੈਹਣੀ
ਗਰਮ ਗਰਮ ਪੂਰਾਂ ਵਿਚੋਂ
ਵਗਦੇ ਪਰਸੀਨੇ ਅੰਦਰ ਲੁਕੀ ਸੀਤ ਦੀ

ਯਾਦ ਏ
ਰੋਣਹਾਕੇ ਹਾਸੇ ਦੀ
ਬੇਵਸਾਹੀ
ਤੇ ਬਦਨ ਵਿਚ ਲੁਕੀ ਚਲਾਕੀ ਦੀ

ਯਾਦ ਏ
ਧੱਮੀ ਵੇਲੇ
ਤੇ ਸੂਰਜ ਦੇ ਨਿਕਲਣ ਦੀ
ਆਪ ਦਾ ਪੂਰੇ ਕਪੜਿਆਂ ਵਿਚ
ਮਾਲ ਰੋਡ 'ਤੇ ਟੁਰਨ ਦੀ
ਜਿਵੇਂ ਸਾਰੀ ਦੁਨੀਆ
ਸਾਰੀ ਖ਼ਲਕਤ
ਉਸ ਵੇਲੇ ਸਾਡੇ ਹੀ ਸਾਹਵਾਂ ਨਾਲ ਜੀ ਰਹੀ ਹੋਵੇ

ਯਾਦ ਏ
ਹਜੇ ਵੀ ਤੇਰੀਆਂ ਛਾਤੀਆਂ
ਮੇਰੇ ਲੂੰ ਕੰਡਿਆਂ ਵਿਚ ਲੁਕਣਮੀਟੀ ਖੇਡ ਰਹੀਆਂ ਨੇ
ਹਾਲਾਂ ਤੈਨੂੰ ਗਿਆਂ
ਪੰਜ ਮਿੰਟ ਤੇ ਅਣਗਿਣਤ ਸਦੀਆਂ
ਬੀਤ ਚੁੱਕੀਆਂ ਨੇ
ਤੇਰੇ ਮੇਰੇ ਸਾਥ ਦੀ ਬਾਸ ਨਾਲ
ਮੇਰੇ ਕਮਰੇ ਦੀ ਹਵਾ ਹਾਲੀ ਤਾਈਂ
ਫ਼ਰਸ਼ 'ਤੇ ਮਧੋਲੀ ਡਿੱਗੀ ਪਈ ਏ

ਮੈਂ ਹਜੇ ਵੀ ਬਿਸਤਰੇ ਵਿਚ
ਦੋ ਸਿਰਹਾਨਿਆਂ ਨਾਲ ਟੇਕ ਲਾ ਕੇ
ਅੱਧ-ਨੰਗਾ ਅੱਧ-ਲੰਮਾ ਪਿਆ ਆਂ
ਤੇ ਮੈਨੂੰ ਸਾਹ ਲੈਣ ਲਈ
ਜਿਉਂਦਿਆਂ ਰਹਿਣ ਲਈ
ਬਾਰ-ਬਾਰ ਅਪਣਾ ਮੂੰਹ ਖੋਲ੍ਹਣਾ ਪੈ ਰਿਹਾ ਏ

6.

ਮੈਂ ਉਹਦੇ ਲਹੂ ਭਰੀ ਚੱਡੀ
ਅੱਧ-ਧੋਤੇ ਅੱਧ-ਗਿੱਲੇ ਕੱਪੜਿਆਂ ਵਿਚ ਲੱਭੀ ਏ
ਉਹ ਹੁਣ ਔਰਤ ਬਣ ਚੁੱਕੀ ਏ
ਇਸ ਤੋਂ ਵੀ ਪਹਿਲੇ ਕਿ ਉਹ ਸਮਝ ਸਕੇ
ਕੱਪੜੇ ਧੋਣ ਆਲੀ ਮਸ਼ੀਨ ਨੂੰ
ਠੀਕ ਤਰ੍ਹਾਂ ਚਲਾਣ ਦਾ ਢੰਗ ਆਣਾ ਕਿਉਂ ਜ਼ਰੂਰੀ ਏ

ਅੱਜ ਸਵੇਰੇ ਹੀ ਉਹ ਮੇਰੇ ਨਾਲ ਕਿੰਨਾ ਲੜੀ ਸੀ
ਉਹਦੀ ਨੱਕ ਦੀ ਐਨ ਨੋਕ ਉੱਪਰ
ਫਿੰਸੀ ਨਿਕਲ ਆਈ ਏ, ਬੜੀ ਇਹਮਕਾਨਾ ਲਗਦੀ ਏ

ਪਰ ਉਹ ਵੀ ਤੇ ਕੋਈ ਮੌਕਾ ਨਹੀਂ ਛੱਡਦੀ
ਮੁਝ ਬੇਧਿਆਨੇ 'ਤੇ
ਪਿੱਛੋਂ ਸ਼ੜਾਪਾ ਮਾਰ ਕੇ ਡਿੱਗਣ ਦਾ

ਇਹ ਨਹੀਂ ਪਈ ਮੇਰਾ ਜੁੱਸਾ ਉਹਦਾ ਭਾਰ ਸਹਾਰਣ ਜੋਗਾ ਨਹੀਂ ਰਿਹਾ
ਬਸ ਇਹ ਕਿ ਉਹ ਜੋ ਵੀ ਮੇਰੇ ਲਈ ਹੈ
ਉਸ ਤੋਂ ਵੱਧ ਹੋ ਚੁੱਕੀ ਹੈ
ਪਰ ਹਜੇ ਉਹਨੂੰ ਇਸ ਗੱਲ ਦਾ ਪੱਕ ਨਹੀਂ ਹੋਇਆ
ਤੇ ਅਪਣੀ ਬੇਵਸਾਹੀ ਦਾ ਵੀ ਉਹਨੂੰ ਪਤਾ ਨਹੀਂ

## 7.

ਉਦੋਂ, ਜਦੋਂ ਮੇਰਾ ਬਦਨ ਹਜੇ ਮੇਰੇ ਕੋਲ ਹੀ ਸੀ
ਮੈਂ ਤੇਰੇ ਨਾਲ ਪਾਗਲਾਂ ਦੀ ਤਰ੍ਹਾਂ ਇਸ਼ਕ ਕਰਦਾ ਸਾਂ
ਉਦੋਂ, ਜਦੋਂ ਮੇਰੇ ਮੂੰਹ 'ਤੇ ਬੰਬਾਂ ਦੇ ਧਮਾਕਿਆਂ ਨਾਲ
ਧਰਤੀ 'ਤੇ ਪੈ ਜਾਣ ਵਾਲੇ ਕੋਝੇ
ਅੰਨ੍ਹੇ ਟੋਇਆਂ ਦੀ ਥਾਂ 'ਤੇ
ਦੋ ਅੱਖਾਂ ਹੁੰਦੀਆਂ ਸਨ
ਮੈਂ ਹਰ ਰੋਜ਼ ਸੁਪਨਿਆਂ ਵਿਚ
ਤੇਰੇ ਨਾਲ ਸੌਣਾ ਸਾਂ

ਉਸ ਉਦੋਂ
ਜੋ ਕਿ ਹੁਣ ਵੀ ਏ
ਮੈਂ ਵਾਕਈ ਪਾਗਲਾਂ ਦੀ ਤਰ੍ਹਾਂ
ਤੇਰੇ ਨਾਲ ਇਸ਼ਕ ਕਰਦਾ ਸਾਂ
ਉਦੋਂ ਜਦੋਂ ਮੈਂ ਹਜੇ ਪਾਗਲ ਨਹੀਂ ਸਾਂ

## 8.

ਪੀੜ ਦੀ ਬੇਅੰਤੀ
ਕਿੱਲੀ 'ਤੇ ਭਲਕੇ ਲਈ
ਕੱਢੇ ਜੋੜੇ ਵਾਂਗੂੰ ਟੰਗੀ ਏ

ਝੀਤ ਵਿਚੋਂ ਆ ਰਹੀ ਧੁੱਪ ਦੀ ਚਾਨਣੀ ਗੋਲ ਬਾਂਹ
ਆਲ ਦੁਆਲੇ ਦੇ ਹਨੇਰੇ ਨੂੰ ਹੋਰ ਵੀ ਗੂੜ੍ਹਾ ਕਰ ਰਹੀ ਏ

ਉਹਦਾ ਧੜ ਨੰਗਾ ਹੈ

ਹਨੇਰੇ ਦੇ ਭਾਰ ਨੇ
ਮੰਜੇ ਉੱਤੇ ਉਹਦੇ ਜੁੱਸੇ ਦੇ ਪੱਥਰ ਨੂੰ ਬੰਨ੍ਹ ਰੱਖਿਆ ਏ

ਧਰਤੀ ਦੀ ਸ਼ਕਤੀ ਮਰ ਚੁੱਕੀ ਏ
ਸਿਗਰਟੀ ਧੂੰਏਂ ਦੇ ਬੱਦਲ ਵਿਚ
ਲੱਤਾਂ ਬਾਹਵਾਂ ਦਾ ਗੁੰਝਲ
ਲੋਹਾ ਹੋਏ ਕੱਪੜਿਆਂ ਵਿਚ ਵੜਦਾ
ਹੌਲੀ-ਹੌਲੀ ਸਿੱਧਾ ਹੋ ਰਿਹਾ ਏ

ਦੂੰਹਾਂ ਵਿਚੋਂ ਇਕ ਨੂੰ ਇਥੋਂ ਜਾਣਾ ਪਏਗਾ
ਛੇਤੀ ਨਾਲ ਖੁੱਲ੍ਹ ਕੇ ਬੰਦ ਹੋਏ ਬੂਹੇ ਵਿਚੋਂ
ਚਾਨਣ ਦਾ ਘੜਮੱਸ ਲੂ ਦੇ ਬੁੱਲ੍ਹੇ ਵਾਂਗਰ ਅੰਦਰ ਵੜ ਕੇ
ਕਮਰੇ ਦੇ ਹਨੇਰੇ ਨੂੰ ਹੋਰ ਈ ਗੂੜ੍ਹਾ ਕਰ ਗਿਆ ਏ
ਉਹ ਹਜੇ ਵੀ ਨੰਗੀ ਏ

9.

"ਗੁਰੂ ਆਖਦਾ ਬੱਚਾ ਜੀ ਮਲਖ ਜਾਓ"
(*ਪੂਰਨ ਭਗਤ*, ਕਾਦਰਯਾਰ)

ਮੈਂ ਅਪਣੀ ਮਾਂ ਨੂੰ ਕਈ ਵਾਰ ਛੱਡਿਆ ਏ

ਪਹਿਲੀ ਵਾਰ ਉਦੋਂ
ਜਦ ਮੈਂ ਉਹਦੇ ਬਦਨ ਵਿਚੋਂ ਨਿਕਲਿਆ ਸਾਂ
ਤੇ ਉਹ ਰੋਈ ਸੀ
ਪੀੜ, ਪਸੀਨੇ ਤੇ ਖ਼ੁਸ਼ੀ ਨਾਲ

ਦੂਜੀ ਵਾਰ ਉਦੋਂ
ਜਦ ਉਹਨੇ ਮੈਨੂੰ
ਇਕ ਕੁੜੀ ਨਾਲ ਮਾਲ ਰੋਡ 'ਤੇ ਤੱਕਿਆ ਸੀ
ਉਹਦੀ ਤੱਕਣੀ ਵਿਚ ਸ਼ੱਕ ਤੇ ਬੇਵਸਾਹੀ ਸੀ

ਅਖ਼ੀਰਲੀ ਵਾਰ ਉਦੋਂ
ਜਦ ਮੈਂ ਉਹਦਾ ਘਰ ਤੇ ਉਹਦੇ ਦੇਸ ਵੀ ਛੱਡ ਦਿੱਤਾ
ਉਸ ਦਿਨ ਉਹ ਗੁੰਮ-ਸੁੰਮ ਰਹੀ

ਤੇ ਕਈ ਦਿਨਾਂ ਬਾਅਦ ਹੀ ਰੋ ਸਕੀ
ਤੇ ਅਜੇ ਵੀ ਮੇਰੀ ਯਾਦ ਉਹਦੀਆਂ ਅੱਖਾਂ
ਵਿਚ ਹੰਝੂ ਲੈ ਆਉਂਦੀ ਏ

ਪਰ ਮੇਰੇ ਜਾ ਚੁੱਕੇ ਕੋਲ ਮੁੜ ਪਰਤਣ ਲਈ
ਕੁਝ ਵੀ ਨਹੀਂ ਬਚਿਆ
ਇਸ ਮਜਬੂਰੀ ਦੀ ਸ਼ਰਮ ਮਿਟਾਣ ਲਈ
ਇਹ ਕਵਿਤਾਵਾਂ ਲਿਖ-ਲਿਖ ਵਾਪਸ ਭੇਜ ਛੱਡਣਾਂ
ਜਿਹੜੀਆਂ ਮੇਰੀ ਮਾਂ ਨੂੰ ਉੱਕਾ ਈ ਸਮਝ ਨਹੀਂ ਆਂਦੀਆਂ
ਪਰ ਉਹ ਇਨ੍ਹਾਂ ਨੂੰ ਲਾਮ 'ਤੇ ਗਏ ਪੁੱਤਰ ਦੀਆਂ
ਮੋਰਚੇ ਤੋਂ ਭੇਜੀਆਂ ਚਿੱਠੀਆਂ ਵਾਂਗੂੰ
ਅਪਣੀ ਛਾਤੀ ਨਾਲ ਲਾਈ ਫਿਰਦੀ ਏ
ਜਿਵੇਂ ਉਹਨੂੰ ਧੜਕਾ ਹੋਵੇ
ਕਿ ਖ਼ੌਰੇ ਇਹ ਮੇਰੀ ਉਹਨੂੰ ਭੇਜੀ
ਅਖ਼ੀਰਲੀ ਚਿੱਠੀ ਹੋਵੇ



ਅਮਰੀਕਾ ਰਹਿੰਦਾ ਅੰਦਰੂਨ ਸ਼ਹਿਰ ਲਹੌਰ ਦਾ ਜੰਮਪਲ ਇਰਫ਼ਾਨ ਮਲਿਕ ਕਹਾਣੀਕਾਰ, ਸੁਲੇਖ ਤਰਜਮਾਕਾਰ ਤੇ ਥੇਟਰ ਡਾਇਰੈਕਟਰ ਵੀ ਏ। ਇਹਦੀਆਂ ਕਿਤਾਬਾਂ : ਵਿਚ ਜਗਰਾਤੇ ਸੁੱਤੀ ਤਾਂਘ (ਸ਼ਾਇਰੀ), ਨੂਨ ਗ਼ੁਨਾ (ਸ਼ਾਇਰੀ), ਵੱਧਦਾ ਹੋਇਆ ਘੇਰਾ (ਸਵੀਡਿਸ਼ ਸ਼ਾਇਰੀ ਯੋਸਤਾ ਫ਼ਰੀ ਬੇਰੀ ਦੀ ਸ਼ਾਇਰੀ ਦਾ ਤਰਜਮਾ)। ਆਉਣ ਵਾਲੀ ਕਿਤਾਬ : ਡੂੰਘੇ ਗੀਤ (ਲੋਰਕਾ ਦੀ ਸ਼ਾਇਰੀ ਦਾ ਪੰਜਾਬੀ ਤਰਜਮਾ)।

ਕਵਿਤਾਵਾਂ

## ਵਨੀਤਾ

ਵਨੀਤਾ ਪੰਜਾਬੀ ਦੀ ਪ੍ਰਤੀਨਿਧ ਕਵਿਤਰੀ ਹੈ। ਉਸ ਨੇ ਕਵਿਤਾ ਰਚਣ ਦੇ ਨਾਲ-ਨਾਲ ਆਲੋਚਨਾ ਦੇ ਖੇਤਰ ਵਿਚ ਨਾਮਣਾ ਖੱਟਿਆ। ਸਾਹਿਤ ਅਕਾਦਮੀ ਵਿਜੇਤਾ ਇਸ ਕਵਿਤਰੀ ਦਾ ਆਪਣੀ ਇਸ ਲੰਮੀ ਕਵਿਤਾ ਬਾਰੇ ਕਹਿਣਾ ਹੈ:

ਦ੍ਰੋਪਦੀ ਦਾ ਕਿਰਦਾਰ ਪਿਛਲੇ ਲਗਪਗ ਦਸਾਂ ਵੀਹਾਂ ਸਾਲਾਂ ਤੋਂ ਮੇਰੇ ਨਾਲ ਸੰਵਾਦ ਰਚਾ ਰਿਹਾ ਹੈ। ਅੱਧੀ ਦੁਨੀਆ ਹੀ ਨਹੀਂ, ਸਗੋਂ ਧਰਤੀ ਦੀ ਕੁਲ ਲੋਕਾਈ ਦੀ ਜਨਨੀ ਕਾਰਨ ਪੂਰੀ ਦੁਨੀਆ ਔਰਤ ਦੇ ਇਰਦ ਗਿਰਦ ਘੁੰਮਦੀ ਹੈ। ਇਸ ਤੋਂ ਇਲਾਵਾ ਦ੍ਰੋਪਦੀ ਇਕ ਬੜਾ ਹੀ essential ਪਾਤਰ ਹੈ ਜੋ ਅਜ਼ਲਾਂ ਤੋਂ, ਮਿਥਿਹਾਸ ਤੋਂ ਇਤਿਹਾਸ ਦੇ ਬਦਲਦੇ ਸਫ਼ਿਆਂ 'ਤੇ ਕਿੰਨੇ ਹੀ ਰੂਪਾਂ ਵਿਚ ਵਿਚਰ ਰਿਹਾ ਹੈ। ਸਤਜੁਗ, ਤ੍ਰੇਤਾ, ਦੁਆਪਰ ਤੇ ਕਲਜੁਗ ਤੋਂ ਅਜੋਕੇ ਸਮਿਆਂ ਤਕ 'ਉਸ' ਰਾਹੀਂ ਸਭਿਆਚਾਰਕ, ਕੁਲਵੰਤੀ, ਸਮਾਜਕ, ਆਰਥਕ, ਰਾਜਨੀਤਕ, ਧਾਰਮਿਕ, ਪਰਿਵਾਰਕ, ਮਨੋਵਿਗਿਆਨਕ ਅਤੇ ਜੈਂਡਰ ਵਜੋਂ ਦ੍ਰੋਪਦੀ ਦੇ ਬਚਪਨ ਤੋਂ ਫੈਲਦੇ ਚਿਹਨਿਕ ਕਈ ਸਵਾਲੀਆ ਨਿਸ਼ਾਨ ਉਠਾਉਂਦੇ ਹਨ।

ਮਹਾਂਭਾਰਤ ਪੜ੍ਹਦਿਆਂ-ਪੜ੍ਹਦਿਆਂ ਹੀ ਕਿੰਨੇ ਸਵਾਲ ਪਰਵਾਜ਼ ਭਰਦੇ ਰਹੇ। ਸੰਨ 2000 ਵਿਚ ਹੀ ਮੇਰੀ ਪੁਸਤਕ 'ਨਾਰੀਵਾਦ ਤੇ ਸਾਹਿਤ' ਛਪੀ। ਉਸ ਦੌਰਾਨ ਮਹਾਭਾਰਤ ਪੜ੍ਹੀ, ਹੁਣ ਤਕ ਦ੍ਰੋਪਦੀ ਨਾਲ ਸੰਬੰਧਿਤ ਹੋਰ ਕਿੰਨਾ ਹੀ ਸਾਹਿਤ ਪੜ੍ਹਦਿਆਂ ਕਿੰਨੇ ਹੀ ਇਸ ਲੰਮੀ ਕਵਿਤਾ 'ਚ ਪਰਿਵਰਤਨ ਆ ਚੁੱਕੇ ਹਨ। ਕਦੇ ਕੋਈ ਪੱਖ ਭਾਰੂ ਹੋ ਜਾਂਦਾ ਹੈ, ਕਦੇ ਕੋਈ। ਇਸ ਨੂੰ ਮੈਂ ਸਿਲਸਿਲੇਵਾਰ ਨਹੀਂ ਲਿਖ ਰਹੀ। ਇਸ ਦੀ ਤਰਤੀਬ ਖ਼ਿਆਲਾਂ ਵਰਗੀ ਬੇਤਰਤੀਬ ਹੈ। ਜਿਸ ਵਿਚੋਂ ਦ੍ਰੋਪਦੀ ਪਾਂਡਵਾਂ ਸੰਗ 'ਮਹਾਭਾਰਤ' ਵਾਪਰਨ ਉਪਰੰਤ ਜਦੋਂ ਪਰਬਤ 'ਤੇ ਚੜ੍ਹਾਈ ਚੜ੍ਹਦੀ ਜਾ ਰਹੀ ਹੈ ਤੇ ਉਸ ਦਾ ਪੈਰ ਤਿਲਕ ਜਾਂਦਾ ਹੈ। ਜਿਵੇਂ ਹੀ ਪੈਰ ਤਿਲਕਦਿਆਂ ਉਹ ਹੇਠਾਂ ਨੂੰ ਤਿਲਕਦੀ ਰਿੜਦੀ ਠੇਡੇ ਖਾਂਦੀ ਡਿੱਗ ਰਹੀ ਹੈ ਤੇ ਨਾਲ ਕਿੰਨੇ ਹੀ ਪਹਾੜ ਤੋਂ ਮਿੱਟੀ ਦੇ ਕਣ ਉਸ ਨਾਲ ਕਿਰ ਰਹੇ ਹਨ। ਇਹ ਉਨ੍ਹਾਂ ਮਿੱਟੀ ਕਣਾਂ ਦੀ ਗਾਥਾ ਹੈ ਜੋ 'ਦ੍ਰੋਪਦੀ' ਜਿਸ ਨੂੰ ਮੈਂ essential ਕਿਹਾ ਹੈ। ਉਸ ਨਾਲ ਉਹ 'ਮਿੱਟੀ ਕਣ' ਸਮਸਤ ਨਾਰੀ ਹੋਂਦ ਦੀ ਵੇਦਨਾ ਕਹਿ ਰਹੇ ਹਨ। ਇਸ ਲੰਮੀ ਕਵਿਤਾ ਦੇ ਕੁਝ ਅੰਸ਼ ਜੋ ਮੈਂ ਅਜੇ ਸਿਰਜਣ ਜਾ ਰਹੀ ਹਾਂ ਉਨ੍ਹਾਂ ਵਿਚੋਂ 'ਦੋ ਅੰਸ਼' ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੀ ਹਾਂ। ਅਜੇ ਇਹ ਪਹਿਲਾ ਡਰਾਫ਼ ਹੈ, ਕਿਵੇਂ ਦੀ ਤੋਰ ਲਵੇਗਾ ਜਾਂ ਬਦਲੇਗਾ ਅਜੇ ਇਹ ਕਹਿਣਾ ਮੁਸ਼ਕਿਲ ਹੈ। ਫਿਰ ਵੀ ਇਕ-ਦੋ ਅੰਸ਼ ਆਪ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ।



### • *ਤੁਸੀਂ ਮੇਰੇ ਬਾਰੇ ਕੀ ਜਾਣਦੇ ਹੋ...?*

ਕਿੰਨਾ ਅਜੀਬ ਹੈ ਮਨੁੱਖ ਦਾ ਮਨ
ਅੱਜ ਸਭ ਕੁਝ ਗੁਆ ਕੇ, ਲੁਟਾ ਕੇ
ਗੱਲਾਂ ਕਰਾਂ ਮਨ ਹੀ ਮਨ

ਜੋ ਪਾਣਾ ਚਾਹਿਆ ਵਰਜਿਤ ਹੋਇਆ
ਅਣਚਾਹਿਆ ਜੀਵਨ ਜੀਣਾ ਹੋਇਆ
ਸੁਖਾਵੀਆਂ ਯਾਦਾਂ ਭੁਲੇਵਾ ਹੋਇਆ
ਜੋ ਵਾਪਰਿਆ ਤਨ 'ਤੇ ਭਖਦਾ ਕੋਲਾ ਹੋਇਆ

ਹਾਲ ਪੁੱਛਦੇ ਹੋ ਤਾਂ ਸੁਣ ਸਖੇ!

ਕੀ ਆਖਾਂ ਪਿਤਾ ਨੂੰ ?
ਕੀ ਆਖਾਂ ਤੈਨੂੰ ??
ਕੀ ਸਮਝਾਵਾਂ ਦਿਲ ਨੂੰ ???

ਹੋਂਦ ਮੇਰੀ ਜੰਮਦਿਆਂ ਹੀ
ਅਣਹੋਂਦੀ ਰਹਿ ਗਈ
ਪੰਚਾਲ ਰਾਜ ਕੰਨਿਆ
ਯੱਗਸੇਨ ਯੱਗਦੇਵੀ
ਤਾਤ ਤੇ ਮਾਤ ਮੇਰੇ
ਵੀਰ ਮੇਰਾ ਸ਼ਮਸ਼ੀਰ
ਦੁਸ਼ਟ ਦਮਨ
ਕਵਚ ਕੁੰਤਲ ਧਾਰੀ ਵੀਰ ਯੋਧਾ
ਅਗਨ ਤੋਂ ਜੰਮੇ
ਰਿਸ਼ੀ ਮੇਰੇ ਜੰਮਣ 'ਤੇ ਹੱ ਆਖਿਆ—
ਇਹ ਸ਼ਿਆਮ ਰੰਗੀ 'ਕ੍ਰਿਸ਼ਨਾ'
ਕ੍ਰਿਸ਼ਨਾ

ਰਿਸ਼ੀ ਦਾ ਧਰਿਆ ਨਾਂ 'ਕ੍ਰਿਸ਼ਨਾ'
ਪਿਤਾ ਨੂੰ ਭਾਇਆ
ਹੌਲੀ ਹੌਲੀ ਮਨ ਹੀ ਮਨ ਫੁਸਫਸਾਇਆ
ਹੇ ਕ੍ਰਿਸ਼ਨ !
ਕ੍ਰਿਸ਼ਨ ਅਰਪਾਂਗਾ ਤੈਨੂੰ
ਤੈਨੂੰ ਅਰਪਣ ਕਰ ਨਿਸ਼ਚਿੰਤ ਸੌਵਾਂਗਾ

ਦ੍ਰੋਣ, ਜਿਸ ਕਦੇ ਕੀਤਾ ਮੇਰਾ ਅਪਮਾਨ
ਉਸ ਜ਼ਿੱਲਤ ਨੂੰ ਤਦੇ ਭੁੱਲ ਪਾਵਾਂਗਾ
ਜਿਸ ਮੇਰਾ ਅੱਧਰਾਜ ਹੈ ਖੋਹਿਆ
ਹੇ ਕ੍ਰਿਸ਼ਨ ! ਰੱਬ ਰੂਪ ਮੇਰੇ
ਤੈਨੂੰ ਕ੍ਰਿਸ਼ਨਾ ਆਪਣੀ ਸੌਂਪ
ਤਦ ਹੀ ਸੁਖ ਦਾ ਸਾਹ ਪਾਵਾਂਗਾ
ਅਪਮਾਨ ਆਪਣੇ ਦਾ ਬਦਲਾ ਚੁਕਾਵਾਂਗਾ

ਮਿਥਿਹਾਸ-ਇਤਿਹਾਸ ਅਜ਼ਲਾਂ ਤੋਂ
ਅੱਧਾ ਅਧੂਰੀ
ਚੱਪਾ ਚੁਰਾ
ਪਿਤਾ ਮੇਰੇ ਦਾ ਸੱਚ ਅਧੂਰਾ
ਉਸ ਨੇ ਇਹ ਪਰ ਗੱਲ ਨਾ ਦੱਸੀ
ਬਚਪਨ ਵਿਚ ਜਦ ਦ੍ਰੋਣ ਪਿਤਾ ਕੋਲ
ਮਦਦ ਲਈ ਸੀ ਆਇਆ
ਪਿਤਾ ਦੀ ਹਉਮੈ (ਅਰਪਨ ਸੀ ਕੀਤਾ) ਉਸ ਕੀਤਾ ਤਿੱਤਰ
ਆਖ ਇਹ ਕਿ—
ਹੋਵੇ ਭਿਕਸ਼ੂ ਬ੍ਰਾਹਮਣ
ਤੇ ਰਾਜਾ ਦਾ ਮਿੱਤਰ ?!

ਦ੍ਰੋਣ ਕਦੇ ਅਪਮਾਨ ਨਾ ਭੁੱਲਿਆ
ਵਿਉਂਤ ਬਣਾ ਇਕ ਕਿੱਸਾ ਘੜਿਆ

ਕੌਰ ਸਭਾ ਦ੍ਰੋਣ ਪਾਂਡੂਆਂ ਦਾ ਗੁਰੂ ਸੀ ਹੋਇਆ
ਅਸਤਰ ਸ਼ਾਸਤਰ ਵਿਦਿਆ ਦੇ ਕੇ
ਦੱਖਣਾਂ ਵੇਲੇ ਅਰਜੁਨ
ਉਸ ਹੁਕਮ ਇਹ ਦਿੱਤਾ
ਬਹੁਪਦ ਨੂੰ ਬੰਨ੍ਹ ਕੋਲ ਲਿਆਵੋ
ਦਿੱਤੀ ਸਿੱਖਿਆ ਦਾ ਕਰਮ ਚੁਕਾਵੋ
ਮੇਰੇ ਹੋਏ ਅਪਮਾਨ ਦਾ ਬਦਲਾ ਚੁਕਾਵੋ

ਅਰਜੁਨ ਧਰੁਪਦ ਨੂੰ ਬੰਨ੍ਹ ਲਿਆਇਆ
ਦੱਖਣਾ ਦੇਣ ਦਾ ਕੌਲ ਸੀ
ਹਾਰਿਆ ਰਾਜਾ
ਜਿੱਤਿਆ ਦ੍ਰੋਣ
ਮਿਲਿਆ ਉਤਰੀ ਗੰਗਾ ਘਾਟ
ਨਾਲੇ ਉਤਰੀ ਪੌਣ

ਪਿਤਾ ਇਹ ਜ਼ਿੱਲਤ ਹੋਣੀ ਸਵੀਕਾਰ ਕਰ ਲਈ
ਧੀ ਨੂੰ ਮੋਹਰਾ ਬਣਾ ਕੇ

ਦਾਅ 'ਤੇ ਧਰ ਲਈ

ਸਿੱਖਿਆ 'ਚ ਸਿਆਸਤ
ਸਿਆਸਤ ਵਿਚ ਸਿੱਖਿਆ
ਕਦੇ ਅੱਪੜੇ ਦਿਖਿਆ
ਕਦੇ ਦੱਖਣਾ ਦੀ ਵਿਦਿਆ
ਹਰ ਪੈੜ ਸਿਆਸਤ ਸੱਤਾ
ਕਦੇ ਸੱਤਾ ਲਈ ਸਿਆਸਤ
ਕਦੇ ਸਿਆਸਤ ਵਿਚ ਸੱਤਾ

ਵਚਨਬੱਧ ਹੋਣੀ ਸੀ ਮੇਰੀ
ਆਗਿਆਕਾਰੀ ਧੀ ਜੁ ਹੋਈ
ਪਿਤਾ ਪਿਆਰੇ ਦਿੱਤੀ ਸਿੱਖਿਆ
ਕਰੀਂ ਧੀਏ ਪਿਤਰੀ ਧਰਮ ਦੀ ਰੱਖਿਆ
ਮਨ ਵਿਚ ਉਸ ਦੇ ਇਹ ਪ੍ਰਤੀਗਿਆ
ਕਰੇ ਕੌਰਵਾਂ ਦਾ ਵਿਨਾਸ਼
ਇਹ ਮੈਂ ਰੱਖਦਾ ਤੈਥੋਂ ਆਸ

ਮੈਂ ਵੀ ਹੋਣਹਾਰ ਸਾਂ ਪੁੱਤਰੀ
ਪਿਤਾ ਨੂੰ ਦਿੱਤਾ ਧਰਵਾਸ
ਕਿਸੇ ਵੀ ਹੀਲੇ ਪ੍ਰੀਤਮ ਪਿਤਾ ਜੀ
ਪੂਰੀ ਕਰਾਂਗੀ ਤੁਹਾਡੀ ਆਸ
ਮੰਗੀ ਸ਼ਕਤੀ ਤੇ ਧਰਵਾਸ
ਇਹੀ ਬਣ ਗਏ ਵਿਦਿਆ ਪਾਠ

## • *ਮੇਰਾ ਕਸੂਰ ?*

ਕੌਰ ਸਭਾ 'ਚ ਕਸੂਰ ਮੇਰਾ ਬਸ ਇੰਨਾ
ਕਿ ਨਹੀਂ ਮੰਗੀ ਭਿਖ ਅਬਲਾ ਨਾਰੀ ਬਣ
ਨਾ ਪਾਂਡੂਆਂ ਤੋਂ
ਨਾ ਕੁਰੂਆਂ ਤੋਂ
ਨਾ ਗੁਰੂਆਂ ਤੋਂ

ਬੋਲੀ ਸੀ ਸਭਾ 'ਚ ਮੇਰੀ ਚੇਤਨ
ਮੇਰੀ ਵੇਦਨਾ
ਆਬਰੂ ਲਈ, ਵਜੂਦ ਲਈ, ਹੱਕ ਲਈ, ਸੱਚ ਲਈ
ਨਹੀਂ ਚਾਹੁੰਦੀ ਸਾਂ ਮੱਥੇ ਟੇਕਣਾ
ਆਪਣੀ ਹੋਂਦ ਨੂੰ ਮੇਟਣਾ

ਐਪਰ
ਸੱਤਾ ਨੂੰ ਨਾਖ਼ੁਸ਼ਗਵਾਰ ਗੁਜ਼ਰਿਆ
ਵਹਿਸ਼ੀ ਬਣਾ ਸੀ
ਹਾਰੇ ਪਾਂਡੂ ਦਾਸ ਬਣੇ ਬੇਬਸ ਖੜ੍ਹੇ
ਪੰਜ-ਪੰਜ ਪਤੀਆਂ ਦੀ ਰਾਣੀ
ਸਾਰੇ ਹੀ ਲਾਚਾਰ ਬੜੇ
ਜਿੱਤੀ ਧਿਰ ਸ਼ਰੀਕਿਆਂ ਦੀ
ਰੂਹ ਛਲਣੀ ਤਾਹਨਿਆਂ ਨਾਲ ਕਰੇ

ਵੇਖ-ਵੇਖ ਆਪਣਿਆਂ ਦੀ ਅਜਿਹੀ ਅਪਣੱਤ
ਅੰਦਰੋਂ ਉੱਠਣ ਅੱਗ ਦੀਆਂ ਲਾਟਾਂ

ਸਭਾ ਮਾਰੀ ਦਾ ਪੁਰਸ਼ੱਤਵ ਮੋਇਆ
ਵੇਖ ਰਹੀ ਸਾਂ ਆਪਣੀ ਨਗਨਤਾ ਤੋਂ ਵੱਧ
ਸੱਤਾ ਦੀ ਨੰਗ
ਆਪਣੇ ਸ਼ਰੀਕਿਆਂ ਵੱਡਿਆਂ ਬਜ਼ੁਰਗਾਂ ਦਾ ਨੰਗ
ਗੁਰੂਆਂ ਪਿਓ ਪਤੀਆਂ ਦੇ ਫ਼ਰਜ਼ਾਂ ਦਾ ਨੰਗ
ਸੱਤਾ ਦਾ ਨੰਗ
ਕਿਰਦਾਰਾਂ ਦਾ ਨੰਗ
ਚਿਤਾਵਾਂ ਦਾ ਨੰਗ
ਪਰਿਭਾਸ਼ਾਵਾਂ ਦਾ ਨੰਗ
ਸਾਰੇ ਪਾਸੀਂ ਨੰਗ ਹੀ ਨੰਗ

ਲੜੀ ਮੈਂ ਆਪਣੀ ਚੇਤਨਾ ਸੰਗ
ਹਿੰਮਤ ਸੰਗ, ਬਲ ਸੰਗ
ਅਕ੍ਰੋਸ਼ ਸੰਗ, ਨਿਆਂ ਸੰਗ
ਉਚਾਰੇ ਅਗਨ ਸ਼ਬਦ
ਕ੍ਰੋਧ ਸੰਗ

ਪਾਈ ਕਿੰਨੀ ਹਾਲ ਦੁਹਾਈ
ਕੋਈ ਤਦਬੀਰ ਐਪਰ ਕੰਮ ਨਾ ਆਈ
ਅੱਤ ਬਣੀ ਜਦ
ਮੈਂ ਮੇਰੀ ਅਮੈਂ ਹੋਈ 'ਤੇਰੇ ਅੱਗੇ
ਰੁਦਨ ਕਰੇ
ਅਰਜ਼ ਕਰੇ, ਨੀਰ ਭਰੇ
ਸਮਾਂ ਮੇਰੇ ਅੰਦਰ ਹੀ ਮਰੇ
ਨਾ ਸਮਝਿਆ ਜਾਣਿਆ ਮਹਿਸੂਸਿਆ

ਮੈਂ ਤਾਂ ਨਗਨ ਹੋ ਕੇ ਵੀ ਅਨੰਗ ਸਾਂ
ਨਗਨ ਤਾਂ ਰਤਨ ਜੜਿਆ ਦਰਬਾਰ ਸੀ
ਇਥੋਂ ਦਾ ਹਰ ਨਰ ਨਾਰ ਸੀ
ਇਹ ਕਿਹੜੀ ਮੇਰੀ ਕੋਈ ਅੰਤਮ ਵਾਰ ਸੀ
ਮਿਲਿਆ ਮੁੜ ਮੇਰੇ ਪਤੀਆਂ ਸੰਗ
ਬਾਰਾਂ ਜਮ੍ਹਾਂ ਇਕ ਦਾ ਬਨਵਾਸ ਸੀ
ਜਦੋਂ ਆਈ ਮੇਰੇ ਪਿਤਾ ਦਰੁਪਧ ਨੂੰ ਜਾਗ ਸੀ

ਚਾਹਿਆ ਧੀ ਨੂੰ ਉਸ ਆਪਣੇ ਨਾਲ ਲਿਜਾਣਾ
ਕੀ ਪਹਿਲਾਂ ਉਹ ਮੇਰੀ ਦਸ਼ਾ ਤੋਂ ਅਨਜਾਣ ਸੀ ?
ਨਹੀਂ ਲਿੱਤਾ ਕਰਜ਼ਾ
ਆਪਣੇ ਬਾਪ ਦੇ ਅਹਿਸਾਨ ਦਾ
ਮਨ ਹੀ ਮਨ ਫਿਟਕਾਰ ਕੇ ਹਰ ਕਹਿਕਸ਼ਾਂ
ਹੰਢਾਉਣ ਟੁਰ ਪਈ ਸੀ ਅਗਲੀਆਂ ਮੈਂ ਮੁਸ਼ਕਲਾਂ
ਮੇਰੇ ਦੁੱਖਾਂ ਦਾ
ਨਾ ਕੋ ਅੰਤ ਸੀ ਨਾ ਆਗਾਜ਼ ਸੀ
ਹਰ ਹਾਲ ਦੁੱਖ ਤਸੀਹੇ ਹੀ ਬਸ ਇਲਮ ਸੀ ਵ

ਕਵਿਤਾਵਾਂ

# ਨੀਰੂ ਅਸੀਮ

## • *ਨਹੀਂ ਪਤਾ*

ਯੋਗ ਵਸ਼ਿਸ਼ਠ ਵਿਚ ਗੁਰੂ ਵਸ਼ਿਸ਼ਠ ਕਹਿੰਦੇ ਨੇ
ਅਣੂਆਂ ਪਰਮਾਣੂਆਂ ਵਿਚਲੇ ਖ਼ਾਲੀ ਥਾਵਾਂ ਵਿਚ ਅਨੰਤ ਸੰਸਾਰ ਲੁਕੇ ਹੋਏ ਨੇ

ਕਿਸੇ ਲੁਕੇ ਸੰਸਾਰ ਵਿਚੋਂ ਮੇਰੀ ਦ੍ਰਿਸ਼ਟੀ ਨੂੰ ਰੂਪਮਾਨ ਹੋਇਆ ਕੋਈ ਨਜ਼ਾਰਾ
ਮੈਨੂੰ ਭਰਮਾ ਰਿਹੈ
ਮੇਰਾ ਮਨ ਕਿਸ ਵੱਸ ਹੈ
ਮੈਨੂੰ ਕੁਝ ਗਿਆਨ ਨਹੀਂ

ਇਸ ਘੜੀ ਮੈਂ ਉੱਭਲਚਿੱਤੀ ਮਹਿਸੂਸ ਕਰ ਰਹੀ ਹਾਂ
ਪਰੇਸ਼ਾਨੀ ਮੈਨੂੰ ਖਿਝ ਚੜ੍ਹਾ ਰਹੀ ਹੈ
ਮੇਰਾ ਕਿਤੇ ਵਸ ਨਹੀਂ ਚੱਲ ਰਿਹਾ

ਇਹ ਕੌਣ ਹੈ
ਕਿਸ ਦਾ ਮੇਰੇ ’ਤੇ ਵੱਸ ਚੱਲਦਾ ਰਹਿੰਦੈ
ਅਨੇਕਾਂ ਮੂਰਤਾਂ ਅਮੂਰਤ ਸੰਸਾਰ ਮੇਰੇ ਅੰਦਰ ਲੁਕੇ ਹੋਏ ਨੇ

## • *ਆਲੂ ਗੋਭੀ ਦੀ ਸਬਜ਼ੀ*

ਉਨ੍ਹੰਜਵੇਂ ’ਚ ਵੀ
ਆਲੂ ਗੋਭੀ ਦੀ ਸਬਜ਼ੀ ਬਣਾਉਂਦਿਆਂ
ਓਵੇਂ ਹੀ ਖਪ ਜਾਂਦੀ ਹਾਂ
ਜਿਵੇਂ ਵੀਹਵਿਆਂ ਤੀਹਵਿਆਂ ’ਚ ਉਲਝਦੀ ਸੀ

ਕਦੇ ਜ਼ਿਆਦਾ ਗਲ ਗਈ
ਕਦੇ ਖੜ੍ਹੀ ਰਹਿ ਗਈ
ਖਾਣ ਵਾਲੇ ਲੱਖ
ਸੁਆਦ ਸੁਆਦ ਕਹਿਣ
ਮੇਰਾ ਅੰਦਰ ਖੌਂਜ੍ਹਲਦਾ ਹੀ ਹੈ

ਆਲੂ ਗੋਭੀ ਕੱਟਦਿਆਂ ਬੇਚੈਨੀ ਹੁੰਦੀ ਹੈ
ਟੁਕੜਿਆਂ ਦੀ ਕਾਟ ਪਸੰਦ ਨਹੀਂ ਆਉਂਦੀ
ਗੋਭੀ ਦੇ ਫੁੱਲ ਤਾਂ
ਕਦੇ ਇਕਸਾਰ ਨਹੀਂ ਨਿਬੜਦੇ
ਕੋਈ ਹੋਰ ਤਰੀਕਾ
ਕੋਈ ਹੋਰ ਸਵਾਦ
ਕੋਈ ਹੋਰ ਤਾਸੀਰ
ਮੇਰੇ ਜ਼ਿਹਨ ’ਚ ਤੁਰਦੀ ਹੈ ਸਮਾਨਾਂਤਰ

### • *ਜੇ...*

ਹਿਫ਼ਾਜ਼ਤ ਦੇ ਜੇ ਪਾਣੀ
ਹੁਬਹੁਬਾ ਕੇ
ਰੋੜ੍ਹ ਨਾ ਬਣਦੇ
ਮੈਂ ਡੁੱਬ ਕੇ ਇੰਝ ਨਾ ਮਰਦੀ
ਕਈ ਤੂਫ਼ਾਨ ਝੱਲ ਜਾਂਦੀ...

ਜੇ ਮੈਨੂੰ ਇਲਮ ਹੋ ਜਾਂਦਾ
ਕਿ ਅਗਲਾ ਪਲ ਹੈ ਮਰਨੇ ਦਾ
ਮੈਂ ਇਸ ਇਕ ਪਲ 'ਚੋਂ
ਮੁੜ ਕੇ ਜਨਮ ਲੈਂਦੀ
ਅਮਰ ਹੋ ਜਾਂਦੀ...

ਜੇ ਕਿਧਰੇ ਦੱਸ ਜਾਂਦਾ ਤੂੰ
ਕਿ ਤੂੰ ਤਾਂ ਇਕ ਧੋਖਾ ਹੈਂ
ਮੈਂ ਤੈਨੂੰ ਤਾਂਘਦੀ ਨਾ ਫੇਰ
ਮੈਂ ਬਸ ਪਿਆਰ ਹੀ ਕਰਦੀ...

ਜੇ ਮੈਥੋਂ
ਬਿਫਰੀਆਂ ਰਮਜ਼ਾਂ ਦਾ ਝੱਲ
ਇਹ ਵੱਲ ਹੋ ਜਾਂਦਾ
ਤਾਂ ਮੈਂ ਝੁਕਦੀ
ਨਮਨ ਕਰਦੀ
ਤੇ ਮੈਂ ਤੈਨੂੰ ਖ਼ੁਦਾ ਕਰਦੀ...

ਜੇ ਸੁੱਚੇ ਪਾਣੀਆਂ ਨੂੰ
ਮੋਹਰਿਆਂ ਦਾ ਜਾਗ ਨਾ ਲੱਗਦਾ
ਤਾਂ ਸਿਲ ਹੋਵਣ ਤੋਂ ਪਹਿਲੋਂ-ਪਹਿਲ
ਸਾਗਰ ਸਾਰੇ ਤਰ ਜਾਂਦੀ...

ਜੇ ਤੂੰ ਰਹਿਮਤ ਦਾ ਬਣ ਕੇ
ਨਾ ਭੁਲੇਖਾ ਰਾਹ ਵਿਚ ਆਉਂਦਾ
ਤਾਂ ਮੈਂ ਕੁਦਰਤ ਦੀ
ਹਰ ਹੋਣੀ 'ਚ
ਆਪੋ ਆਪ ਰਲ ਜਾਂਦੀ...

ਇਹ ਕੀ ਸੰਸਾ ਹੈ
ਕਿ ਤੈਥੋਂ ਖ਼ੁਦਾ ਹੋਇਆ ਨਹੀਂ ਜਾਂਦਾ
ਇਹ ਕੀ ਨੁਕਤਾ ਹੈ
ਕਿ ਮੈਥੋਂ ਫ਼ਨਾ ਹੋਇਆ ਨਹੀਂ ਜਾਂਦਾ



ਨੀਰੂ ਅਸੀਮ ਦਾ ਲਿਖਣ ਅੰਦਾਜ਼ ਹੀ ਉਸ ਨੂੰ ਬਾਕੀ ਕਵਿਤਰੀਆਂ ਨਾਲੋਂ ਨਿਖੇੜਦਾ ਹੈ। ਕਵਿਤਾ ਲਿਖਣ ਦੇ ਮੁੱਢਲੇ ਸਾਲਾਂ ਵਿਚ ਹੀ ਉਸ ਨੇ ਆਪਣੀ ਵੱਖਰੀ ਥਾਂ ਸਿਰਜੀ, ਜਿਸ ਉੱਪਰ ਉਹ ਅੱਜ ਵੀ ਖਲੋਤੀ ਹੈ। ਭਾਰਤ ਤੋਂ ਕੈਨੇਡਾ ਜਾ ਕੇ ਵੱਸ ਚੁੱਕੀ ਨੀਰੂ ਅਸੀਮ ਦੀਆਂ ਕਵਿਤਾਵਾਂ ਵਿਚ ਮਨ ਦੇ ਵਲਵਲਿਆਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

# ਸਵਰਾਜਬੀਰ ਦੀ ਨਾਟਕਲਾ : ਵਿਚਾਰ ਤੇ ਪ੍ਰਭਾਵ

*ਤੇਜਵੰਤ ਸਿੰਘ ਗਿੱਲ*




ਸਵਰਾਜਬੀਰ ਵੇਦਨਾ ਸੰਵੇਦਨਾ ਨਾਲ ਲੈਸ ਦਿਲ ਦਿਮਾਗ਼ ਵਾਲਾ ਬੰਦਾ ਹੈ। ਕੀ, ਕਦੋਂ, ਕਿੱਥੇ, ਕਿਵੇਂ ਤੇ ਕਿਉਂ ਦੇ ਪ੍ਰਸ਼ਨ ਉਸ ਨੂੰ ਬਹਿਬਲ ਕਰੀ ਰੱਖਦੇ ਹਨ। ਜੀਣ ਥੀਣ ਦਾ ਇਹ ਮੁੱਢੋਂ ਹੀ ਆਧਾਰ ਰਹੇ ਹਨ। ਖ਼ੁਦ ਇਨ੍ਹਾਂ ਦੀ ਪ੍ਰਕਿਰਤੀ ਨੂੰ ਜਾਣ ਲੈਣਾ ਹੀ ਉਸ ਨੂੰ ਸਭ ਕੁਝ ਪ੍ਰਤੀਤ ਨਹੀਂ ਹੁੰਦਾ। ਹੋਰਾਂ ਨੂੰ ਇਸ ਦੀ ਪ੍ਰਕਿਰਿਆ ਦਾ ਅਹਿਸਾਸ ਕਰਵਾਣਾ ਵਧੇਰੇ ਜ਼ਰੂਰੀ ਲੱਗਦਾ ਹੈ। ਡਾਕਟਰੀ ਦੀ ਪੜ੍ਹਾਈ ਦੇ ਨਾਲ ਕਵਿਤਾ ਪੜ੍ਹਨ ਅਤੇ ਲਿਖਣ ਵਿਚ ਰੁਝਾਣ ਬਣਾਈ ਰੱਖਣਾ ਉਸ ਦੀ ਦੁਵੱਲੀ ਜਗਿਆਸਾ ਦਾ ਜਿਉਂਦਾ ਜਾਗਦਾ ਪ੍ਰਮਾਣ ਹੈ। ਜਿਵੇਂ ਨਾਟਕਲਾ ਨੂੰ ਉਸ ਨੇ ਸਭ ਕੁਝ ਸੌਂਪ ਦਿੱਤਾ ਹੈ। ਉਸ ਤੋਂ ਇਹ ਕਿਆਸ ਅਟੱਲ, ਸੱਚ ਜਾਪਣ ਲੱਗ ਪਿਆ ਹੈ। ਪੁਲਿਸ ਦੀ ਮੁਲਾਜ਼ਮਤ, ਉਹ ਵੀ ਮੁਕੰਮਲ ਤਨਦੇਹੀ ਨਾਲ ਨਿਭਾਈ, ਜੋ ਉਸ ਦੀ ਦੁਵੱਲੀ ਜਗਿਆਸਾ ਦੇ ਰਾਹ ਵਿਚ ਕੋਈ ਰੋੜਾ ਨਹੀਂ ਬਣ ਸਕੀ ਤਾਂ ਉਪਰੋਕਤ ਸੱਚ ਵਿਚ ਕਿਸੇ ਕੱਦ ਦੀ ਗੁੰਜਾਇਸ਼ ਸੰਭਵ ਨਹੀਂ ਲੱਗਦੀ। ਇਸ ਦੇ ਸੰਭਾਵੀ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਨੀਝ ਨਾਲ ਵੇਖਿਆ ਜਾਵੇ ਤਾਂ ਡਾਕਟਰੀ ਦੀ ਪੜ੍ਹਾਈ ਅਤੇ ਉੱਚ ਕੋਟੀ ਵਾਲੀ ਪੁਲਿਸ ਦੀ ਮੁਲਾਜ਼ਮਤ ਸਵਾਜਬੀਰ ਦੀ ਨਾਟਕਲਾ ਲਈ ਲਾਭਦਾਇਕ ਹੀ ਸਿੱਧ ਹੋਈਆਂ ਹਨ। ਸਿਧਾਂਤਕ ਤੌਰ 'ਤੇ ਡਾਕਟਰੀ ਦੀ ਪੜ੍ਹਾਈ ਜੀਵ ਜੰਤੂ ਦੇ ਤਨ ਬਦਨ ਨੂੰ ਉਪਰੋਕਤ ਪ੍ਰਸ਼ਨਾਂ ਦਾ ਰਣਖੇਤਰ ਜਾਣ ਕੇ ਹੀ ਪ੍ਰਬਲ ਹੋ ਸਕਦੀ ਹੈ। ਤਨ ਬਦਨ ਨੂੰ ਕਿਸ ਰੋਗ ਤੋਂ ਪੀੜਾ ਪਹੁੰਚੀ ਹੈ, ਇਸ ਦਾ ਉਦਭਵ ਕਿੱਥੋਂ ਹੋਇਆ ਅਤੇ ਆਰੰਭ ਦਾ ਰੂਪ ਧਾਰ ਇਹ ਕਿਵੇਂ ਮਾਰੂ ਸਿੱਧ ਹੋ ਰਹੀ ਹੈ, ਇਸ ਦੀ ਨਿਸ਼ਾਨਦੇਹੀ ਕਰਨਾ ਹੀ ਡਾਕਟਰੀ ਪੇਸ਼ੇ ਦੀ ਬੁਨਿਆਦ ਹੈ। ਸਵਰਾਜਬੀਰ ਦਾ ਮੀਰੀ ਗੁਣ ਇਹ ਹੈ ਕਿ ਡਾਕਟਰੀ ਦੀ ਪੜ੍ਹਾਈ ਉਪਰੰਤ ਇਸ ਦੇ ਪੇਸ਼ੇ ਨਾਲ ਜੁੜੇ ਬੁਨਿਆਦੀ ਸਰੋਕਾਰਾਂ ਨੂੰ ਕਾਵਿ-ਕਲਾ ਪਰ ਕਿਤੇ ਵਧੇਰੇ ਸੁੱਘੜਤਾ ਨਾਲ ਨਾਟ-ਕਲਾ ਦੇ ਖੇਤਰ ਵਿਚ ਲੈ ਆਇਆ ਹੈ।

ਪੁਲਿਸ ਦੀ ਮੁਲਾਜ਼ਮਤ ਵੀ ਉਸ ਦੀ ਨਾਟਕਲਾ ਲਈ ਸਵੱਲੀ ਸਿੱਧ ਹੋਈ ਹੈ। ਸਮਾਜੀ ਜੀਵਨ ਇਸ ਦਾ ਤਨ ਬਦਨ ਹੈ ਜਿਸ ਵਿਚਲੇ ਮਾਰੂ ਹਾਨੀਕਾਰਕ ਅਤੇ ਢਾਹੂ ਰੁਝਾਨਾਂ ਤੇ ਹਰਕਤਾਂ ਤੋਂ ਇਸ ਨੂੰ ਸੁਰਖਰੂ ਰੱਖਣਾ ਪੁਲਿਸ ਦੀ ਮੁਲਾਜ਼ਮਤ ਦਾ ਸਾਰ ਮੰਨਿਆ ਜਾ ਸਕਦਾ ਹੈ। ਅਮਲੀ ਤੌਰ 'ਤੇ ਤਾਂ ਕਾਵਿ ਕਲਾ ਇਨ੍ਹਾਂ ਦੀ ਪ੍ਰਕਿਰਿਆ ਨੂੰ ਔਝੜੇ ਰਾਹੀਂ ਪੈਣ ਤੋਂ ਰੋਕਣਾ ਹੀ ਇਸ ਪੇਸ਼ੇ ਦਾ ਪ੍ਰਧਾਨ ਸਰੋਕਾਰ ਹੋ ਨਿਬੜਿਆ ਹੈ ਪਰ ਸਿਧਾਂਤਕ ਤੌਰ 'ਤੇ ਇਨ੍ਹਾਂ ਦੀ ਪ੍ਰਕਿਰਤੀ ਨੂੰ ਜਾਨਣਾ ਵੀ ਘੱਟ ਜ਼ਰੂਰੀ ਨਹੀਂ। ਵਾਸਤਵ ਵਿਚ ਇਸ ਪੇਸ਼ੇ ਦਾ ਇਹ ਪੱਖ ਹੈ ਜੋ ਪ੍ਰਧਾਨ ਰੂਪ ਵਿਚ ਸਵਰਾਜਬੀਰ ਦੀ ਨਾਟਕਲਾ ਲਈ ਸਹਾਈ ਸਿੱਧ ਹੋਇਆ ਹੈ।

ਇਹ ਦੋਨੋਂ ਸੰਜਮ ਸਵਰਾਜਬੀਰ ਦੀ ਨਾਟਕਲਾ ਲਈ ਜਕੜਬੰਦ ਵੀ ਹੋ ਸਕਦੇ ਸਨ ਜੇ ਦੋ ਤਿੰਨ ਤਰ੍ਹਾਂ ਦੇ ਨਿਰਣੇ ਉਸ ਨੂੰ ਨਸੀਬ ਨਾ ਹੁੰਦੇ। ਪਹਿਲਾ ਸੀ ਵਾਸਤਵ ਨੂੰ ਕਿਸੇ ਬੋਧ ਤੇ ਸਿਧਾਂਤ ਅਨੁਸਾਰ ਪਰਖਣਾ, ਪੜਚੋਲਣਾ ਜਿਸ ਦਾ ਆਧਾਰ ਪਾਸਾਰ ਮਾਰਕਸੀ ਸਿਧਾਤ ਹੈ। ਜੀਵਨ ਦੇ ਹਰੇਕ ਪੱਖ ਦੀ ਸਾਰ ਲੈਣ ਲਈ ਮਾਰਕਸੀ ਸਿਧਾਂਤ ਕੁਲ ਵਰਤਾਰੇ ਨੂੰ ਪਦਾਰਥਕ ਮੰਨਦਾ ਹੈ ਜਿਸ ਵਿਚੋਂ ਜੇ ਕਾਲਪਨਿਕ ਕਨਸੋਆਂ ਉੱਠਦੀਆਂ ਹਨ ਤਾਂ ਉਨ੍ਹਾਂ ਦਾ ਕਾਰਨ ਵੀ ਪਦਾਰਥਕ ਵਰਤਾਰੇ ਵਿਚ ਲੁਕਿਆ ਛੁਪਿਆ ਹੁੰਦਾ ਹੈ। ਉਨ੍ਹਾਂ ਨੂੰ ਪਾਰਗਾਮੀ ਮੰਨ ਕੇ ਅੰਤਰ ਮਗਨ ਹੋਣਾ ਵਰਤਾਰੇ ਵਿਚ ਭਾਰੂ ਹੋ ਚੁੱਕੀਆਂ ਤਾਕਤਾਂ ਦੀ ਸੱਤਾ ਨੂੰ ਸੱਚ ਮੰਨਣ ਦੇ ਤੁਲ ਹੈ ਜੋ ਨਿਚਲੇ ਪੱਧਰਾਂ 'ਤੇ ਵਿਚਰਦੀ ਲੋਕਾਈ ਨੂੰ ਸਾਸ਼ਣ ਵਿਚ ਰੱਖਣ ਦੀ ਲੋੜ ਨੂੰ ਦ੍ਰਿੜ੍ਹ ਕਰਦਾ ਹੈ ਤਾਂ ਜੋ ਸਾਸ਼ਣ ਨੂੰ ਕੋਈ ਜਰਬ ਨਾ ਪਹੁੰਚੇ, ਸਜ਼ਾ ਦੀ ਲੋੜ ਬਣ ਜਾਂਦੀ ਹੈ ਜਿਸ ਨੂੰ ਅਟੱਲ ਮੰਨਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਇਸ ਸਭ ਕੁਝ ਨੂੰ ਕਲਾਵੇ ਵਿਚ ਲੈਂਦਾ ਹੈ ਉਸ ਦਾ ਨਾਟਕ 'ਕ੍ਰਿਸ਼ਨ' ਜਿਸ ਨੂੰ ਸਵਰਾਜਬੀਰ ਦਾ ਸ਼ਾਹਕਾਰ ਮੰਨ ਲੈਣ ਵਿਚ ਕੋਈ ਉਜਰ ਨਹੀਂ ਹੋ ਸਕਦਾ।

ਇਹ ਪਦਾਰਥਵਾਦੀ ਬੋਧ ਜੋ ਇਤਿਹਾਸਕ ਗਤੀ, ਦਵੰਦ, ਸੱਤਾ, ਸਾਸ਼ਣ, ਸਜ਼ਾ ਆਦਿ ਨੂੰ ਬੁਨਿਆਦੀ ਇਕਾਈਆਂ ਮੰਨਦਾ ਹੈ, ਸੁਚੇਤ ਨਹੀਂ ਤਾਂ ਅਚੇਤ ਜ਼ਾਬਤੇ ਦਾ ਮੁਹਤਾਜ ਬਣ ਕੇ ਸਹਿਕ ਸਕੰਦੜੇ, ਹੱਡ-ਭੰਨਵੀਂ, ਕਿਰਤ ਕਾਰਜ ਰਾਹੀਂ ਮੌਲਿਕ ਰੂਪ ਗ੍ਰਹਿਣ

ਕਰਦੇ ਜੀਵਨ ਅਨੁਭਵ ਨੂੰ ਸੀਮਾਗ੍ਰਸਤ ਵੀ ਕਰ ਸਕਦਾ ਹੈ। ਫਲਸਰੂਪ ਨਾਟਕੀ ਕਾਰਜ ਨੂੰ ਸਾਕਾਰ ਕਰਦੀ ਸ਼ੈਲੀ, ਇਸ ਦੇ ਭਿੰਨ ਪੱਖਾਂ ਨੂੰ ਮਿਥਦੀਆਂ ਜੁਗਤਾਂ ਬੰਧੇਜ ਵਿਚ ਬੱਝੀਆਂ ਹੋਣ ਦਾ ਅੰਦੇਸ਼ਾ ਉਪਜਾ ਸਕਦੀਆਂ ਹਨ। ਨਿਰਸੰਦੇਹ ਇਹ ਪੱਖ ਹੈ ਜੋ ਭਾਰਤੀ ਨਾਟਕਲਾ ਵਿਚਲੀਆਂ ਸਮੂਹ ਗਾਨ ਆਦਿ ਜਹੀਆਂ ਜੁਗਤਾਂ ਨਾਲ ਸਵਰਾਜਬੀਰ ਨੇ ਇਕ ਪੜਾਅ 'ਤੇ ਵਧਰੇ ਹੀ ਲਗਾਵ ਪਾਲ ਰੱਖਿਆ ਸੀ, ਇਸ ਅੰਦੇਸ਼ੇ ਦੀ ਅਲਾਮਤ ਬਣਦੀਆਂ ਸਨ। ਸੁਭਾਗੀ ਗੱਲ ਇਹ ਹੈ ਕਿ ਪਿਛਲੇ ਸਾਲਾਂ ਵਿਚ ਉਸ ਨੇ ਪੱਛਮੀ ਨਾਟ, ਖ਼ਾਸ ਕਰਕੇ ਜਿਵੇਂ ਇਸ ਨੇ ਇਬਸਨ, ਬਰੈਖ਼ਤ, ਸਾਰਤਰ ਅਤੇ ਹੋਰ ਸਮਕਾਲੀ ਨਾਟਕਕਾਰਾਂ ਵਿਚ ਨਵੀਨ ਵਿਧਾ ਸ਼ੈਲੀ ਅਤੇ ਵਿਧੀ ਨੂੰ ਪਰਵਾਨ ਚਾੜ੍ਹਿਆ ਹੈ, ਉਸ ਦਾ ਸਵਰਾਜਬੀਰ ਨੇ ਨਿੱਠ ਕੇ ਅਧਿਐਨ ਕੀਤਾ ਹੈ। ਅਧਿਐਨ ਹੀ ਕਿਉਂ, ਉਨ੍ਹਾਂ ਦੇ ਸੁਵੱਲੇ ਪੱਖਾਂ - ਆਪਣੀ ਨਾਟਕਲਾ ਵਿਚ ਸਮੋਣ ਦਾ ਸਮਰੱਥ ਯਤਨ ਕੀਤਾ ਹੈ।

ਉਸ ਦੀ ਬਹੁਪਰਤੀ ਸਿਰੜ ਦਾ ਨਤੀਜਾ ਹੀ ਹੈ ਕਿ ਪੁਰਾਤਨ ਮਿੱਥਾਂ ਦੀ ਸਿਰਜਣਾ ਵਿਸਿਰਜਣਾ ਤਕ ਹੀ ਉਸ ਨੇ ਆਪਣੀ ਨਾਟਕਲਾ ਨੂੰ ਸੀਮਤ ਨਹੀਂ ਕੀਤਾ। ਇਤਿਹਾਸਕ ਬਿਰਤਾਂਤਾਂ, ਸਮਾਜਕ ਪ੍ਰਕਰਣਾਂ, ਅਜੋਕੀਆਂ ਘਟਨਾਵਾਂ, ਵਹਿਮਾਂ, ਮਾਨਤਾਵਾਂ ਅਤੇ ਅਟਕਲਾਂ ਨੂੰ ਵੀ ਸਾਮੱਗਰੀ ਵਜੋਂ ਵਰਤਿਆ ਹੈ। ਇਹ ਸਭ ਕੁਝ ਐਨੀ ਗਤੀ ਨਾਲ ਹੋ ਰਿਹਾ ਹੈ ਕਿ ਖਰੜੇ ਰੰਗਮੰਚ 'ਤੇ ਪੇਸ਼ ਕੀਤੇ ਜਾਣ ਦੀ ਤੀਬਰ ਉਡੀਕ ਕਰਦੇ ਰਹਿੰਦੇ ਹਨ। ਰੰਗਮੰਚ 'ਤੇ ਸਫਲਤਾ ਸਹਿਤ ਪੇਸ਼ ਹੋਣ ਉਪਰੰਤ ਜਿਸ ਖ਼ਾਤਰ ਕਈ ਤਰ੍ਹਾਂ ਦੀਆਂ ਤਬਦੀਲੀਆਂ ਅਤੇ ਸੁਧਾਈਆਂ ਦਰਕਾਰ ਹਨ ਉਨ੍ਹਾਂ ਨੂੰ ਕਿਤਾਬੀ ਰੂਪ ਵਿਚ ਛਪਣ ਲਈ ਹੋਰ ਉਡੀਕ ਕਰਨੀ ਪੈਂਦੀ ਹੈ। ਇਨ੍ਹਾਂ ਦੋਨਾਂ ਵਕਫ਼ਿਆਂ ਦੌਰਾਨ ਉਹ ਪੜਚੋਲਕਾਰਾਂ ਅਤੇ ਪਰਖਕਾਰਾਂ ਦੇ ਸੁਝਾਵਾਂ ਅਤੇ ਪ੍ਰਭਾਵਾਂ ਦੀ ਤੀਬਰ ਉਡੀਕ ਕਰਦਾ ਹੈ। ਮੁੱਲਵਾਨ ਸੁਝਾਵਾਂ ਅਤੇ ਪ੍ਰਭਾਵਾਂ ਨੂੰ ਗੌਲਣ, ਯੋਗ ਹੱਟ ਤਕ ਖਰੜਿਆਂ ਵਿਚ ਸਮੋਣ ਨੂੰ ਸਵਰਾਜਬੀਰ ਨੇ ਅਟੱਲ ਨੇਮ ਬਣਾ ਰੱਖਿਆ ਹੈ।

'ਕ੍ਰਿਸ਼ਨ' ਨਾਟਕ ਦੇ ਲਿਖੇ ਜਾਣ, ਰੰਗਮੰਚ 'ਤੇ ਪੇਸ਼ ਹੋਣ ਉਪਰੰਤ ਕਿਤਾਬੀ ਰੂਪ ਵਿਚ ਛਪਣ ਤੋਂ ਚੱਲ ਕੇ ਹੁਣ ਤਕ ਮੈਨੂੰ ਪੜਚੋਲ ਅਤੇ ਪਰਖ ਦਾ ਅਧਿਕਾਰ ਮਿਲਿਆ ਹੋਇਆ ਹੈ। ਇਸ ਵਿਚ ਲਿਹਾਜ ਨੂੰ ਯੋਗ ਨਹੀਂ ਸਮਝਿਆ ਜਾਂਦਾ ਬਲਕਿ ਬੇਲਿਹਾਜ ਪਰ ਸਾਰਥਕ ਸੁਝਾਅ ਦਾ ਮੁੱਲ ਪਾਇਆ ਜਾਂਦਾ ਹੈ। ਏਥੇ ਮੇਰਾ ਇਹ ਕਹਿਣ ਨੂੰ ਦਿਲ ਕਰਦਾ ਹੈ ਕਿ ਇਸ ਪ੍ਰਕਾਰ ਦੀ ਤਬੀਅਤ ਅਤੇ ਤਰਬੀਅਤ ਨੂੰ ਆਪਣੇ ਲਈ ਗੁਣਕਾਰੀ ਸਮਝਣਾ ਸਵਰਾਜਬੀਰ ਨੇ ਬਰਤੋਲਤ ਬਰੈਖ਼ਤ ਦੀ ਨਾਟਕਲਾ ਤੋਂ ਗ੍ਰਹਿਣ ਕੀਤਾ ਜਾਪਦਾ ਹੈ। ਪੰਜਾਬੀ ਨਾਟਕਲਾ ਲਈ ਇਹ ਸ਼ੁਭ ਸ਼ਗਨ ਹੈ। ਭਾਰਤੀ ਸਾਹਿਤ ਅਕਾਦਮੀ ਨੇ ਇਸ ਦੇ ਮਹੱਤਵ ਨੂੰ ਪਛਾਨਣ ਵਿਚ ਜੋ ਪਹਿਲ ਕੀਤੀ ਹੈ ਉਸ ਦੀ ਸਲਾਹੁਣਾ ਕਰਨੀ ਉਚਿਤ ਹੈ। 'ਮੱਸਿਆ ਦੀ ਰਾਤ' ਨਾਮੀਂ ਸਵਰਾਜਬੀਰ ਦੇ ਨਾਟਕ ਨੂੰ ਇਸ ਉੱਚਤਮ ਅਦਾਰੇ ਵੱਲੋਂ ਜੋ ਇਸ ਵਾਰ ਦਾ ਸਾਹਿਤਕ ਪੁਰਸਕਾਰ ਮਿਲਿਆ ਹੈ, ਇਹ ਇਸ ਤੱਥ ਸੱਚ ਦਾ ਸਜੀਵ ਪ੍ਰਮਾਣ ਹੈ। ❂

# ਸਾਹਿਤ ਅਕਾਦਮੀ ਇਨਾਮ ਜੇਤੂ ਨਾਟਕ 'ਮੱਸਿਆ ਦੀ ਰਾਤ'

## *ਹਰਜੋਧ ਸਿੰਘ*

ਸਵਰਾਜਬੀਰ ਪੰਜਾਬੀ ਸਾਹਿਤ ਜਗਤ ਦੇਵ ਕਵਿਤਾ ਅਤੇ ਨਾਟਕ ਖੇਤਰ ਵਿਚ ਮੁੱਲਵਾਨ ਹਸਤਾਖ਼ਰ ਹੋਣ ਤੋਂ ਇਲਾਵਾ ਇੱਕ ਪ੍ਰਬੁੱਧ ਕਾਲਮਨਵੀਸ ਕੁਸ਼ਲ ਪ੍ਰਬੰਧਕੀ ਅਫ਼ਸਰ ਅਤੇ ਪੰਜਾਬੀ ਸਭਿਆਚਾਰ ਦੀ ਪ੍ਰਤੀਨਿਧਤਾ ਕਰਦਾ ਫ਼ਕੀਰੀ ਮਿਜ਼ਾਜ ਵਾਲਾ ਪੰਜਾਬੀ ਮਨੁੱਖ ਵੀ ਹੈ। ਸਵਰਾਜਬੀਰ ਦਾ ਅਕਸ ਇੱਕ ਮਿਹਨਤੀ ਅਤੇ ਇਮਾਨਦਾਰ ਪੁਲਿਸ ਅਫ਼ਸਰ ਹੋਣ ਤੋਂ ਇਲਾਵਾ ਸਾਹਿਤਕ ਖੇਤਰ ਵਿੱਚ ਇੱਕ ਪ੍ਰਬੁੱਧ ਚਿੰਤਕ ਵਾਲਾ ਉਭਰਦਾ ਹੈ। ਸੁਭਾਅ ਪੱਖੋਂ ਅਫ਼ਸਰੀ ਘਮੰਡ ਦੀ ਬਜਾਏ ਉਹ ਫ਼ਕੀਰੀ ਮਿਜ਼ਾਜ ਦਾ ਧਾਰਨੀ ਹੈ। ਫ਼ਕੀਰੀ ਮਿਜ਼ਾਜ ਕਰਕੇ ਹੀ ਉਸ ਦੀਆਂ ਰਚਨਾਵਾਂ ਵਿੱਚ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਬਾਰ-ਬਾਰ ਆਉਂਦਾ ਹੈ। ਸਵਰਾਜਬੀਰ ਅਹੁਦਿਆਂ ਦੇ ਗਰੂਰ ਤੋਂ ਪਰੇ ਅਗਾਂਹਵਧੂ ਸੋਚ ਨੂੰ ਪਰਣਾਇਆ ਖੂਬਸੂਰਤ ਇਨਸਾਨ ਹੈ, ਜਿਹੜਾ ਦੋਸਤੀਆਂ ਦੇ ਸਫ਼ਰ ਦੀ ਤਰਜ਼ਮਾਨੀ ਕਰਦਾ ਹੈ। ਸਵਰਾਜਬੀਰ ਪੰਜਾਬੀ ਕਾਵਿ ਜਗਤ ਵਿੱਚ 'ਆਪਣੀ ਆਪਣੀ ਰਾਤ' (1985) ਅਤੇ ਪੰਜਾਬੀ ਨਾਟ-ਸੰਸਾਰ ਵਿੱਚ 'ਧਰਮ ਗੁਰੂ' (1999) ਰਾਹੀਂ ਆਪਣੀ ਸ਼ਖ਼ਸੀਅਤ ਦੀ ਵਿਲੱਖਣਤਾ ਦੇ ਦਰਸ਼ਨ ਕਰਵਾਉਂਦਾ ਹੈ। ਧਰਮ ਗੁਰੂ ਤੋਂ ਇਲਾਵਾ ਉਸ ਨੇ ਕ੍ਰਿਸ਼ਨ, ਮੇਦਨੀ, ਸ਼ਾਇਰੀ, ਕੱਲਰ, ਮੱਸਿਆ ਦੀ ਰਾਤ, ਤਸਵੀਰਾਂ, ਹੱਕ ਆਦਿ ਨਾਟਕਾਂ ਦੀ ਸਿਰਜਨਾ ਨਾਲ ਪੰਜਾਬੀ ਸਾਹਿਤ ਜਗਤ ਦੀ ਝੋਲੀ ਭਰੀ ਹੈ।ਇਹਲਾਂ ਤੋਂ ਇਲਾਵਾ ਉਸ ਦੇ ਅਗਨੀ ਕੁੰਡ, ਲਾਰੇ ਉਰਫ ਜਨ ਦਾ ਮੀਤ, ਯਾਤਰਾ, ਹੀਰਾ ਮੰਡੀ, ਕੱਚੀ ਗੜ੍ਹੀ, ਤੇਰੀ

ਧਰਤੀ ਤੇਰੇ ਲੋਕ ਅਣਪ੍ਰਕਾਸ਼ਿਤ ਨਾਟਕ ਹਨ। ਇਹਨਾਂ ਸਾਹਿਤਕ ਕਿਰਤਾਂ ਦਾ ਕੇਂਦਰੀ ਬਿੰਦੂ 'ਸੰਘਰਸ਼' ਹੈ। ਇਹ ਸੰਘਰਸ਼ ਮਾਨਸਿਕ, ਸਮਾਜਕ, ਆਰਥਿਕ, ਸਭਿਆਚਾਰਕ ਆਦਿ ਕਿਸੇ ਰੂਪ ਵਿੱਚ ਹੋ ਸਕਦਾ ਹੈ। ਉਸ ਦੇ ਨਾਟਕ ਇਤਿਹਾਸ-ਮਿਥਿਹਾਸ ਦੀ ਧਰਾਤਲ 'ਤੇ ਖੜ੍ਹ ਕੇ ਵਰਤਮਾਨ ਵਿਸ਼ਿਆ ਨਾਲ ਸੰਵਾਦ ਦੀ ਉਲੰਘਣਾ ਕਰਨ ਲਈ ਯਤਨਸ਼ੀਲ ਹਨ। ਪਿਤਰਕੀ ਮੁੱਲ ਪ੍ਰਬੰਧ ਦੀਆਂ ਸੀਮਾਵਾਂ ਯਥਾਰਥ ਅਤੇ ਇੱਛਤ ਯਥਾਰਥ ਦਾ ਸੰਘਰਸ਼ ਹੀ ਸਵਰਾਜਬੀਰ ਦੀਆਂ ਸਾਹਿਤਕ ਕਿਰਤਾਂ ਦਾ ਹਾਸਲ ਹੋ ਨਿਬੜਦਾ ਹੈ। ਸਵਰਾਜਬੀਰ 'ਸੰਘਰਸ਼' ਨੂੰ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਸਮਝਦਾ ਹੈ। ਉਸ ਦੇ ਅਨੁਸਾਰ ਲੋਕਾਂ ਨੂੰ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਸੰਘਰਸ਼ ਪੰਜਾਬੀ ਸਭਿਆਚਾਰ ਦਾ ਪ੍ਰੇਰਕ ਚਿੰਨ੍ਹ ਹੈ। ਸੰਘਰਸ਼ ਨੂੰ ਹਮੇਸ਼ਾਂ ਹੀ ਸਟੇਟ ਮਾਡਲ ਦੇ ਰੂਪ ਵਿੱਚ ਨਹੀਂ ਦੇਖਣਾ ਚਾਹੀਦਾ, ਇਸ ਦੇ ਹੋਰ ਕਈ ਅਦ੍ਰਿਸ਼ ਰੂਪ ਵੀ ਹੋ ਸਕਦੇ ਹਨ।

ਸਵਰਾਜਬੀਰ ਦੇ ਨਾਟਕ ਇਤਿਹਾਸ ਮਿਥਿਹਾਸ ਦੀ ਪੁਨਰ-ਸਿਰਜਣਾ ਕਰਦੇ ਹੋਏ ਭਾਰਤੀ ਬ੍ਰਾਹਮਣਵਾਦ ਦੇ ਜਟਿਲ ਪਸਾਰਾਂ ਨੂੰ ਉਧੇੜਦਿਆਂ ਸੰਘਰਸ਼ਮਈ ਕਿਰਦਾਰਾਂ ਨੂੰ ਪਾਠਕਾਂ ਅਤੇ ਦਰਸ਼ਕਾਂ ਦੇ ਸਨਮੁੱਖ ਪੇਸ਼ ਕਰਦਾ ਹੈ। ਇਹ ਸੰਘਰਸ਼ਮਈ ਪੰਜਾਬੀ ਕਿਰਦਾਰ ਬ੍ਰਾਹਮਣੀ ਸਾਮਰਾਜ ਅਤੇ ਜਾਗੀਰਦਾਰੀ ਮੁੱਲ-ਪ੍ਰਬੰਧ ਨੂੰ ਸਿਰਫ਼ ਦੁਰਕਾਰਦੇ ਹੀ ਨਹੀਂ ਸਗੋਂ ਉਸ ਨੂੰ ਉਘਾੜਦੇ ਵੀ ਨਜ਼ਰ ਆਉਂਦੇ ਹਨ। ਸਵਰਾਜਬੀਰ ਦੇ ਨਾਟਕ ਮਿਥਿਹਾਸ ਅਤੇ ਇਤਿਹਾਸ ਦੇ ਸੰਕਟਾਂ ਨਾਲ ਜੂਝਦੇ ਅਜੋਕੇ ਮਨੁੱਖ ਨੂੰ ਉਸਦੇ ਗੌਰਵਮਈ ਵਿਰਸੇ ਅਤੇ ਇਤਿਹਾਸ ਰਾਹੀਂ ਪ੍ਰੇਰਨਾ ਦੇਣ ਦਾ ਯਤਨ ਕਰਦੇ ਹਨ ਕਿ ਉਹਨਾਂ ਦੀਆਂ ਮਰੀਆਂ ਹੋਈਆਂ ਪੀੜ੍ਹੀਆਂ ਦੀ ਫੌਲਾਦੀ ਸ਼ਕਤੀ ਉਹਨਾਂ ਦੇ ਹੌਸਲੇ ਅਤੇ ਸੰਘਰਸ਼ ਸਨ। ਹਾਸ਼ੀਆਗ੍ਰਸਤ, ਸ਼ੋਸ਼ਿਤ, ਅਣਗੌਲੇ ਵਰਗਾਂ ਅਤੇ ਸੰਘਰਸ਼ਮਈ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਨਾਟਕਾਂ ਦੀ ਰਚਨਾ ਕਾਰਨ ਸਵਰਾਜਬੀਰ ਬੌਧਿਕ ਰੰਗਣ ਦੇ ਨਾਲ-ਨਾਲ ਸਮਾਜਿਕ ਸਰੋਕਾਰਾਂ ਅਤੇ ਸਭਿਆਚਾਰਕ ਮੁੱਲ-ਪ੍ਰਬੰਧ ਪ੍ਰਤੀ ਸੁਚੇਤ ਰਹਿਣ ਵਾਲਾ ਪ੍ਰਬੁੱਧ ਨਾਟਕਕਾਰ ਹੈ ਜਿਸ ਦੀ ਨਾਟ ਰਚਨਾ ਦੀ ਪਿੱਠਭੂਮੀ ਵਿੱਚ ਮਿਥਿਹਾਸ ਰੂਪਾਂਤਰਨ ਗ੍ਰਹਿਣ ਕਰਦਾ ਹੈ। ਉਸ ਦੇ ਜ਼ਿਆਦਾਤਰ ਨਾਟਕ ਇਤਿਹਾਸ, ਮਿਥਿਹਾਸ ਅਤੇ ਕਾਲਪਨਿਕਤਾ ਦਾ ਰਲਿਆ ਮਿਲਿਆ ਬਿਰਤਾਂਤਕ ਵੇਰਵਾ ਹੁੰਦੇ ਹਨ। ਇਸ ਤੋਂ ਇਲਾਵਾ ਉਸ ਦੇ ਨਾਟਕਾਂ ਵਿੱਚ ਕਾਵਿਕ-ਅੰਸ਼, ਲੋਕਧਾਰਾਈ ਵੇਰਵੇ ਜਿਵੇਂ ਲੋਕ-ਬੋਲੀਆਂ, ਸ਼ਬਦਾਵਲੀ, ਲੋਕਧਾਰਾਈ ਪ੍ਰਤੀਕ ਅਤੇ ਲੋਕ ਵਸਤੂ ਸਮੱਗਰੀ ਆਦਿ ਦੀ ਵਰਤੋਂ ਕੀਤੀ ਗਈ ਹੁੰਦੀ ਜੋ ਕਿ ਉਸ ਦੇ ਵਿਸ਼ਾਲ ਗਿਆਨ ਦੀ ਸ਼ਾਹਦੀ ਹੀ ਨਹੀਂ ਭਰਦੀ ਸਗੋਂ ਨਾਟ-ਵਸਤੂ ਨੂੰ ਅੱਗੇ ਤੋਰਨ ਦੇ ਨਾਲ-ਨਾਲ ਭਾਵੁਕ ਸਥਿਤੀਆਂ ਦੀ ਸਿਰਜਣਾ ਵੀ ਕਰਦੀ ਹੈ।

ਸਵਰਾਜਬੀਰ ਦਾ ਸਾਹਿਤ ਅਕਾਦਮੀ ਇਨਾਮ ਜੇਤੂ ਨਾਟਕ 'ਮੱਸਿਆ ਦੀ ਰਾਤ' ਸਾਡੇ ਸਮਾਜ ਦੀ ਪੀੜ੍ਹੀਆਂ ਤੋਂ ਚੱਲੀ ਆ ਰਹੀ ਅਤੇ ਅਜੋਕੇ ਸਮੇਂ ਵਿੱਚ ਵਿਕਰਾਲਤਾ ਦਾ ਰੂਪ ਧਾਰ ਚੁੱਕੀ ਪੁੱਤਰ ਪ੍ਰਾਪਤੀ ਦੀ ਲਾਲਸਾ ਨੂੰ ਕੇਂਦਰ ਬਿੰਦੂ ਵਿਚ ਰਖਦਾ ਹੈ। ਇਸ ਨਾਟਕ ਵਿਚ ਸਵਰਾਜਬੀਰ ਨੇ ਔਰਤ ਦੀ ਤਰਸਯੋਗ ਸਥਿਤੀ ਨੂੰ ਅਧਾਰ ਬਣਾਇਆ ਹੈ, ਜਿਸਨੂੰ ਪਿਛਲੀਆਂ ਕਈ ਸਦੀਆਂ ਤੋਂ ਸਮਾਜਕ ਸੰਰਚਨਾ ਦੀ ਜਟਿਲ ਪ੍ਰਕਿਰਿਆ ਵਿਚੋਂ ਲੰਘਣਾ ਪੈਂਦਾ ਹੈ। ਇਹ ਨਾਟਕ ਚੰਨੋ ਨਾਂ ਦੇ ਪਾਤਰ ਨੂੰ ਕੇਂਦਰ ਵਿੱਚ ਰਖਦਾ ਹੈ। ਚੰਨੋ ਅਖੌਤੀ ਸਮਾਜਕ ਵਿਧੀ ਵਿਧਾਨ ਅਨੁਸਾਰ ਪੁੱਤਰ ਪ੍ਰਾਪਤੀ ਦੀ ਲਾਲਸਾ ਰਖਦੀ ਹੈ। ਚੰਨੋ ਦਾ ਪਾਤਰ ਪੰਜਾਬੀ ਸਮਾਜ ਦੀ ਮਾਨਸਿਕ ਤੌਰ 'ਤੇ ਪ੍ਰਤੀਨਿਧਤਾ ਕਰਦਾ ਅਜਿਹਾ ਪਾਤਰ ਹੈ ਜਿਸ ਵਿੱਚ ਔਰਤ ਦੁਆਰਾ ਪੁੱਤਰ ਦੇ ਜੰਮਣ 'ਤੇ ਹੀ ਉਸ ਦੀ ਸਮਾਜ ਵਿੱਚ ਸਵੀਕ੍ਰਿਤੀ ਹੁੰਦੀ ਹੈ। ਚੰਨੋ ਦੀ ਅਜਿਹੀ ਹਾਲਤ ਇੱਕ ਪੀੜ੍ਹੀ ਦੀ ਨਹੀਂ ਸਗੋਂ ਇਹ ਸਦੀਆਂ ਤੋਂ ਤੁਰਿਆ ਆ ਰਿਹਾ ਵਰਤਾਰਾ ਹੈ, ਜਿਸ ਦਾ ਪ੍ਰਗਟਾਵਾ ਨਾਟਕ ਵਿੱਚ ਚੰਨੋ ਦੀ ਸੱਸ ਆਪਣੇ ਸ਼ਬਦਾਂ ਵਿੱਚ ਕਰਦੀ ਹੈ। ਅਜਿਹੇ ਸਮੇਂ ਵਿੱਚ ਔਰਤ ਦੀ ਸੋਚ ਤਾਰਕਿਕ ਪਹੁੰਚ ਅਪਣਾਉਣ ਦੀ ਥਾਂ ਜਾਦੂ-ਟੂਣੇ ਅਤੇ ਵਹਿਮਾਂ-ਭਰਮਾਂ ਵਿੱਚ ਗ੍ਰਸਤ ਹੋ ਜਾਂਦੀ ਹੈ। ਅਜਿਹੇ ਸਮਾਜਕ ਨੇਮਾਂ/ਪਰਪੰਚਾਂ ਵਿਚੋਂ ਲੰਘਦੀ ਚੰਨੋ ਕਿਸੇ ਮਰਦ ਬੱਚੇ ਦੀ ਬਲੀ ਦਿੰਦੀ ਹੈ ਅਤੇ ਆਪ ਉਸ ਦੇ ਖ਼ੂਨ ਨਾਲ ਨਹਾਉਂਦੀ ਹੈ।ਨਾਟਕ ਦੇ ਅੰਤ ਵਿੱਚ ਮਾਨਸਿਕ ਉਲਝਣਾਂ ਦੀ ਸ਼ਿਕਾਰ ਹੋਈ ਤਣਾਉਗ੍ਰਸਤ ਹੋ ਜਾਂਦੀ ਹੈ।

ਭਾਰਤੀ ਸਮਾਜ ਵਿੱਚ ਯੋਗਮਤ, ਮਨੂੰ ਸਮ੍ਰਿਤੀ ਅਤੇ ਬ੍ਰਾਹਮਣਵਾਦ ਨੇ ਨਾਰੀ ਦੇਹ ਨੂੰ ਹਾਸ਼ੀਆਗਤ ਕਰ ਦਿੱਤਾ। ਇਹਨਾਂ ਨੇ ਅਤੇ ਮਰਦ ਪ੍ਰਧਾਨ ਸਮਾਜ ਦੁਆਰਾ ਨਿਰਮਿਤ ਸਮਾਜਕ ਸੰਸਥਾਵਾਂ ਨੇ ਪਿਤਰਕੀ ਸਿਸਟਮ ਨੂੰ ਪਹਿਲ ਦਿੱਤੀ ਅਤੇ ਨਾਰੀ ਦੇਹ ਨੂੰ ਦਬਾਉਣ ਦਾ ਕਾਰਜ ਕੀਤਾ। ਭਾਰਤੀ ਸਮਾਜ ਵਿੱਚ ਪੁੱਤਰ ਦੀ ਲਾਲਸਾ ਨੇ ਔਰਤ ਦੀਆਂ ਸ਼ਕਤੀਆਂ ਨੂੰ ਮਹੱਤਵਹੀਣ ਕਰ ਦਿੱਤਾ ਹੈ। ਘਰ ਵਿੱਚ ਪੁੱਤਰ ਨਾ ਹੋਣ ਦੀ ਸੂਰਤ ਵਿਚ ਔਰਤ ਨੂੰ ਚੇਤਨ ਅਤੇ ਅਵਚੇਤਨ ਤੌਰ 'ਤੇ ਦੋਸ਼ੀ ਠਹਿਰਾ ਦਿੱਤਾ ਜਾਂਦਾ ਹੈ। ਜਿਵੇਂ ਕਿ 'ਮੱਸਿਆ ਦੀ ਰਾਤ' ਨਾਟਕ ਦੀ ਮੁਖ ਪਾਤਰ ਚੰਨੋ। ਪੁੱਤਰ ਨਾ ਹੋਣ ਦੀ ਸੂਰਤ ਵਿਚ ਚੰਨੋ ਲਈ ਸਮਾਜ ਵਿਚ ਕੋਈ ਥਾਂ ਨਹੀਂ ਹੈ। ਉਸਨੂੰ ਆਪਣੀ ਲਾਲਸਾ ਮਿਟਾਉਣ ਲਈ ਬਲੀ ਦੇ ਰਸਤੇ ਵਿੱਚੋਂ ਲੰਘਣਾ ਪੈਂਦਾ ਹੈ। ਇਸ ਕਰਕੇ ਉਹ ਮਰਦ ਬੱਚੇ ਦੀ ਬਲੀ ਦਿੰਦੀ ਹੈ। ਇੱਥੇ ਚੰਨੋ ਸ਼ਾਇਰੀ ਨਾਟਕ ਦੀ ਪੀਰੋ ਪ੍ਰੇਮਣ ਦੀ ਤਰ੍ਹਾਂ ਜਾਗੀਰਦਾਰੀ ਅਤੇ ਪਿਤਰਕੀ ਸੰਰਚਨਾਵਾਂ ਦੁਆਰਾ ਨਿਰਮਿਤ ਇਸ ਧਾਰਨਾ ਦਾ ਵਿਰੋਧ ਨਹੀਂ ਕਰਦੀ, ਜਿਸ ਵਿੱਚ ਨਾਰੀ ਨੂੰ ਕਿਵੇਂ ਪੁੱਤਰ ਪੈਦਾ ਕਰਨ ਵਾਲੀ ਏਜੰਸੀ, ਉਪਭੋਗ ਦੀ ਕਿਰਿਆ ਨਾਲ ਜੋੜਿਆ ਜਾਂਦਾ ਰਿਹਾ ਹੈ। ਚੰਨੋ ਨਾ ਹੀ ਨਾਰੀ ਦੇਹ ਬਾਰੇ ਇਸ ਰੇਖਕੀ ਅਤੇ ਇਕਾਂਗੀ ਸਮਝ ਨੂੰ ਮਿਟਾਉਂਦੀ ਹੈ ਅਤੇ ਨਾ ਹੀ ਉਹ ਆਪਣੀ (ਔਰਤ ਦੀ) ਬਹੁ-ਪੱਖੀ ਸਮਰੱਥਾ ਨੂੰ ਪ੍ਰਗਟਾਉਣ ਦਾ ਕੋਈ ਵਿਸ਼ੇਸ਼ ਉਪਰਾਲਾ ਕਰਦੀ ਹੈ। ਕਿਉਂਕਿ ਚੰਨੋ ਦੀਆਂ ਮਾਨਸਿਕਤਾ ਉੱਪਰ ਪਿਤਰਕੀ ਸੰਸਥਾਵਾਂ ਦੁਆਰਾ ਨਿਰਮਿਤ ਇਹ ਧਾਰਨਾ ਹਾਵੀ ਹੋ ਚੁੱਕੀ ਹੈ ਕਿ ਔਰਤ ਕੇਵਲ ਮਰਦ ਦੀ ਹਉਮੈ ਦੀ ਪੂਰਤੀ ਹਿੱਤ ਕੇਵਲ ਭੋਗਣਯੋਗ ਵਸਤੂ ਅਤੇ ਮਰਦ ਦੀ ਕੁੱਲ ਨੂੰ ਅੱਗੇ ਤੋਰਨ ਵਾਲੀ ਇੱਕ ਏਜੰਸੀ ਹੈ। ਚੰਨੋ ਦੀ ਪ੍ਰਕਿਰਤਕ ਸ਼ਕਤੀਆਂ ਲਿੰਗ ਕੇਂਦਰਿਤ ਪ੍ਰਬੰਧ ਹੇਠਾਂ ਦੱਬ ਕੇ ਰਹਿ ਜਾਂਦੀਆਂ ਹਨ।

ਸਾਹਿਤ ਪੁਰਸਕਾਰ




# ਗੁੱਝੀਆਂ ਰਮਜ਼ਾਂ ਦੀ ਪੇਸ਼ਕਾਰੀ ਮੱਸਿਆ ਦੀ ਰਾਤ

*ਜਤਿੰਦਰ ਸਿੰਘ*

ਪੰਜਾਬੀ ਨਾਟ ਪਰੰਪਰਾ ਵਿਚ ਸਵਰਾਜਬੀਰ ਦੀ ਵਿਸ਼ੇਸ਼ ਥਾਂ ਹੈ। ਬੌਧਿਕ ਪ੍ਰਤਿਭਾ ਤੇ ਵਿਲੱਖਣ ਨਾਟ ਸ਼ੈਲੀ ਉਸਦੇ ਮੁਖ ਗੁਣ ਹਨ। ਉਸ ਦੇ ਸਾਹਿਤਕ ਸਫ਼ਰ ਦਾ ਆਗਾਜ਼ ਕਵਿਤਾ ਨਾਲ ਹੋਇਆ। ਕਵਿਤਾ ਦੇ ਨਾਲ-ਨਾਲ ਅੱਸੀਵੇਂ ਦਹਾਕੇ ਵਿਚ ਕੁਝ ਲੇਖ ਪ੍ਰਤੀਲੜੀ ਵਿਚ “ਤੇਰੀ ਧਰਤੀ ਤੇਰੇ ਲੋਕ” ਸਿਰਲੇਖ ਹੇਠ ਪ੍ਰਕਾਸ਼ਿਤ ਹੋਏ। ਉਸ ਸਮੇਂ ਦੇ ਪੰਜਾਬ ਦੇ ਕਾਲੇ ਦਿਨਾਂ ਦੀ ਵਿੱਥਿਆ ਨੂੰ ਉਹ ਬਿਆਨ ਕਰਦੇ ਹਨ। ਸਵਰਾਜਬੀਰ ਵਿਚਾਰਧਾਰਕ ਤੌਰ ’ਤੇ ਪ੍ਰਤਿਬੱਧ ਸਾਹਿਤਕਾਰ ਤੇ ਚਿੰਤਕ ਹੈ। ਉਸਦੇ ਨਾਟਕਾਂ ਨੇ ਪੰਜਾਬੀ ਨਾਟ ਸਾਹਿਤ ਨੂੰ ਗਹਿਰਾਈ ਬਖ਼ਸ਼ੀ ਹੈ।

ਮੱਸਿਆ ਦੀ ਰਾਤ ਨਾਟਕਕਾਰ ਸਵਰਾਜਬੀਰ ਦਾ ਛੇਵਾਂ ਪ੍ਰਕਾਸ਼ਿਤ ਨਾਟਕ ਹੈ। ਉਸ ਦੇ ਨਾਟਕਾਂ ਵਿਚ ਸਭ ਤੋਂ ਵੱਧ ਵਾਰ ਰੰਗਮੰਚ ’ਤੇ ਪੇਸ਼ ਕੀਤਾ ਗਿਆ ਹੈ ਭਾਵੇਂ ਸਾਹਿਤ ਆਲੋਚਕਾਂ ਵਲੋਂ ਇਸ ਨਾਟਕ ਨੂੰ ਉਸ ਦੇ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਨਾਟਕਾਂ ਦੀ ਤੁਲਨਾ ਘੱਟ ਸਲਾਹਿਆ ਗਿਆ ਹੈ। ਨਾਟਕਕਾਰ ਵਿਅੰਗਮਈ ਸੁਰ ਵਿਚ ਆਲੋਚਕਾਂ ਵਲੋਂ ਇਸ ਵਿਸ਼ੇ ਨੂੰ ਦਕੀਆਨੂਸੀ ਮੰਨਣ ਦੀ ਗੱਲ ਕਰਦਾ ਹੈ। *ਮੱਸਿਆ ਦੀ ਰਾਤ* ਸਿਰਲੇਖ ਨੂੰ ਮੈਟਾਫ਼ਰ ਦੇ ਤੌਰ ’ਤੇ ਵਰਤਦਾ ਹੋਇਆ, ਉਹ ਪੰਜਾਬੀ ਦੀ ਅਜੋਕੀ ਸਥਿਤੀ ਵਿਚ ਸਾਰੀਆਂ ਸਮੱਸਿਆਵਾਂ ਵਿਚ ਉਲਝੀ ਅਵਸਥਾ ਨੂੰ ਪੇਸ਼ ਕਰਦਾ ਹੈ। ਨਾਟਕ ਵਿਚ ਮਰਦ ਬੱਚੇ ਦੀ ਵਧ ਰਹੀ ਲਾਲਸਾ ਨੂੰ ਬੜੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਸਮੱਸਿਆ ਦਾ ਸ਼ਿਕਾਰ ਪੰਜਾਬ ਨਹੀਂ ਸਗੋਂ ਪੂਰਾ ਹਿੰਦੋਸਤਾਨ ਹੈ।ਇਸ ਸਮੱਸਿਆ ਨੂੰ ਸਮਾਜ ਵਿਚਲੇ ਵਧ ਰਹੇ ਅਪਰਾਧਾਂ ਦੀ ਜੜ੍ਹ ਸਮਝਿਆ ਜਾ ਸਕਦਾ ਹੈ। ਵੇਖਣ ਨੂੰ ਇਹ ਬਹੁਤ ਛੋਟੀ ਸਮੱਸਿਆ ਅੱਖੋਂ ਪਰੋਖੇ ਕਰਨ ਵਾਲੀ ਲੱਗਦੀ ਹੈ ਪਰ ਆਪਣੇ ਵਿਸਤਾਰ ਰੂਪ ਇਹ ਬਹੁਤ ਭਿਆਨਕ ਤੇ ਵਿਕਰਾਲ ਨਤੀਜੇ ਸਾਮਹਣੇ ਲਿਆਉਂਦੀ ਹੈ। ਨਿਜ਼ਾਮ ਵਿਚ ਦਿਨ ਬ ਦਿਨ ਵਧ ਰਹੀਆਂ ਬਲਾਤਕਾਰ ਵਰਗੀਆਂ ਘਟਨਾਵਾਂ ਇਸੇ ਗੱਲ ਦਾ ਨਤੀਜਾ ਹੈ ਅਤੇ ਵਧ ਰਹੇ ਸਮਲਿੰਗੀ ਸੰਬੰਧਾਂ ਨੂੰ ਇਸ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਸਭ ਸਮੱਸਿਆਵਾਂ ਤੇ ਉਲਝਣਾਂ ਦਾ ਮੂਲ ਕਾਰਨ ਲਿੰਗ ਅਨੁਪਾਤ ਵਿਚ ਆ ਰਹੀ ਗਿਰਾਵਟ ਹੈ। ਇਸ ਭਿਆਨਕ ਸਮੱਸਿਆ ਨੂੰ ਬੜੇ ਸੁਚੇਤ ਰੂਪ ਵਿਚ ਨਜਿੱਠਣ ਲਈ ਨਾਟਕ ਵਿਚ ਸੰਕੇਤ ਹੀ ਨਹੀਂ ਸਗੋਂ ਉਸ ਦੇ ਨਤੀਜਿਆਂ ਤੋਂ ਵੀ ਵਾਕਿਫ਼ ਕਰਵਾਇਆ ਹੈ।

ਨਾਟਕ ਦੀ ਭੂਮਿਕਾ ਵਿਚ ਸਮਾਜ ਵਿਗਿਆਨੀ ਨਵਸ਼ਰਨ ਨੇ ਬਾਖ਼ੂਬੀ ਉਨ੍ਹਾਂ ਅੰਕੜਿਆਂ ਤੋਂ ਜਾਣੂ ਕਰਵਾਇਆ ਹੈ। ਜਿਸ ਅਨੁਸਾਰ ਪ੍ਰਤੀ ਮਰਦ, ਬੱਚਿਆਂ ਪਿੱਛੇ ਹਿੰਦੋਸਤਾਨ ਵਿਚ 914 ਤੇ ਪੰਜਾਬ ਵਿਚ 846 ਕੁੜੀਆਂ ਦੀ ਗਿਣਤੀ ਹੈ। ਲਿੰਗ ਅਨੁਪਾਤ ਵਿਚ ਦਿਨ ਬ ਦਿਨ ਵਧ ਰਹੇ ਵਿਗਾੜ ਕਰਕੇ ਪੰਜਾਬ ਦੀ ਸਥਿਤੀ ਨਿਘਾਰ ਵੱਲ ਜਾ ਰਹੀ ਹੈ। ਨਾਟਕ ਦਾ ਵਸਤੂ ਧਰਾਤਲ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਤੇ ਗੁਰਦਾਸਪੁਰ ਦਾ ਹੈ। ਜਿਥੇ ਸਮੁੱਚੇ ਪੰਜਾਬ ਨਾਲੋਂ ਲਿੰਗ ਅਨੁਪਾਤ ਦੀ ਸਥਿਤੀ ਇਨ੍ਹਾਂ ਜ਼ਿਲ੍ਹਿਆਂ ਵਿਚ ਘੱਟ ਸੰਤੋਖਜਨਕ ਹੈ। ਪੰਜਾਬ ਦੇ ਬਾਕੀ ਜ਼ਿਲ੍ਹਿਆਂ ਨਾਲੋਂ 0-6 ਸਾਲ ਦੀਆਂ ਕੁੜੀਆਂ ਦੀ ਗਿਣਤੀ ਪ੍ਰਤੀ 1000 ਮੁੰਡਿਆਂ ਦੇ ਪਿੱਛੇ 824 ਹੈ ਜਦ ਕਿ ਸਮੁੱਚੇ ਪੰਜਾਬ ਵਿਚ ਇਹ ਗਿਣਤੀ 846 ਹੈ।

ਇਨ੍ਹਾਂ ਅੰਕੜਿਆਂ ਤੋਂ ਸਹਿਜੇ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਇਸ ਇਲਾਕੇ ਦੇ ਪਿੰਡਾਂ ਵਿਚ ਕਿਸ ਤਰ੍ਹਾਂ ਦੀ ਸਥਿਤੀ ਪੈਦਾ ਹੋ ਗਈ ਹੋਵੇਗੀ, ਜਿਸ ਵਿਚ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਨਾਲੋਂ ਕੁੜੀਆਂ ਦੀ ਗਿਣਤੀ ਸਭ ਤੋਂ ਘੱਟ ਹੈ। ਨਾਟਕਕਾਰ ਦਾ ਪੰਜਾਬ ਵਿਚ ਘੱਟ ਰਹੀ ਕੁੜੀਆਂ ਦੀ ਗਿਣਤੀ ਤੋਂ ਚਿੰਤਤ ਹੋਣਾ ਸੁਭਾਵਿਕ ਹੈ। ਭਾਵੇਂ ਪੰਜਾਬ ਦੇ ਬੁੱਧੀਜੀਵੀਆਂ ਨੂੰ ਇਹ ਵਿਸ਼ਾ ਦਕੀਆਨੂਸੀ ਹੀ ਕਿਉਂ

ਨਾ ਲੱਗ ਰਿਹਾ ਹੋਵੇ।

ਨਾਟਕ ਵਿਚਲੀ ਨਾਇਕਾ ਚੰਨੋ ਪਿਛਾਂਹ ਖਿੱਚੂ ਪੇਂਡੂ ਕਿਸਾਨੀ ਪ੍ਰਬੰਧ ਦੀਆਂ ਕੀਮਤਾਂ ਦੀ ਗੁੰਝਲਾਂ ਵਿਚ ਖੋਈ ਨਜ਼ਰ ਆਉਂਦੀ ਹੈ। ਮਰਦ ਪੁੱਤਰ ਦੀ ਲਾਲਸਾ ਉਸ ਨੂੰ ਕਤਲ ਕਰਨ ਲਈ ਮਜ਼ਬੂਰ ਕਰ ਦਿੰਦੀ ਹੈ। ਨਾਟਕਕਾਰ ਨੂੰ ਇਹ ਸਮੱਸਿਆ ਬੜੀ ਗੰਭੀਰ ਲੱਗਣ ਕਾਰਨ ਉਹ ਇਸ ਦੀ ਪੇਸ਼ਕਾਰੀ ਨਿੱਠ ਕੇ ਕਰਦਾ ਹੈ। ਇਸ ਦੀ ਗੁੰਝਲ ਨੂੰ ਖੋਲ੍ਹਣ ਲਈ ਉਹ ਪੂਰਾ ਗੰਭੀਰ ਹੈ ਪਰ ਇਹ ਹੈ ਕਿ ਇੰਨੀ ਗੁੰਝਲਦਾਰ ਕਿ ਸੁਚੇਤ ਰੂਪ ਵਿਚ ਇਸਦੀ ਥਾਹ ਪਾਉਣ ਤੋਂ ਬਿਨਾਂ ਉਸਦਾ ਗੁਜ਼ਾਰਾ ਨਹੀਂ। ਇਸ ਸਮੱਸਿਆ ਦੇ ਸਮਾਧਾਨ ਵੱਲ ਵੱਧਣ ਦਾ ਯਤਨ ਕਰਦਾ ਹੋਇਆ, ਉਹ ਰਵਾਇਤੀ ਕੀਮਤਾਂ ਦੀ ਜਕੜ ਵਿਚ ਦਾਖ਼ਲ ਹੋਣ ਤੋਂ ਵੀ ਨਹੀਂ ਝਿਜਕਦਾ।

ਨਾਟਕ ਦੀ ਨਾਇਕਾ ਪਹਿਲਾਂ ਆਪਣੇ ਗਰਭਪਾਤ ਦਾ ਖਾਵਿਦ ਸਾਹਮਣੇ ਵਿਰੋਧ ਕਰਦੀ ਹੈ ਪਰ ਅਚਾਨਕ ਦੇਵੀ ਦੇ ਸੰਪਰਕ ਵਿਚ ਆਉਣ ਉਪਰੰਤ, ਉਹ ਜਨਣਸ਼ੀਲ ਤੋਂ ਵਿਨਾਸ਼ਕਾਰੀ ਰੂਪ ਧਾਰਨ ਕਰ ਲੈਂਦੀ ਹੈ। ਇਸ ਤਰ੍ਹਾਂ ਕਰਦੀ ਉਹ ਮਾਸੂਮ ਬੱਚੇ ਦਾ ਕਤਲ ਕਰ ਦਿੰਦੀ ਹੈ। ਇਹ ਧਾਰਨਾ ਕਿ ਸੰਵੇਦਨਸ਼ੀਲ ਔਰਤ ਜੋ ਪਹਿਲਾਂ ਕੁਦਰਤੀ ਵਰਤਾਰੇ ਦੇ ਉਲਟ ਨਹੀਂ ਜਾਣਾ ਚਾਹੁੰਦੀ ਉਹ ਬਾਅਦ ਵਿਚ ਉਨ੍ਹਾਂ ਹੀ ਦਾਇਰਿਆਂ ਨੂੰ ਤੋੜਨ ਤੋਂ ਮੁਨਕਰ ਨਹੀਂ ਕੁਦਰਤੀ ਬਣ ਜਾਂਦੀ। ਵਾਸਤਵਿਕ ਚੰਨੋ ਉੱਪਰ ਮਾਨਸਿਕ ਦਬਾਅ ਹੀ ਏਨਾਂ ਪ੍ਰਬਲ ਹੋ ਜਾਂਦਾ ਹੈ ਕਿ ਹੋਸ਼ ਹਵਾਸ ਉਹ ਖੋ ਬੈਠਦੀ ਹੈ। ਇਸ ਦਾ ਜ਼ਿਕਰ ਨਾਟਕਕਾਰ ਇਸ ਰੂਪ ਵਿਚ ਪੇਸ਼ ਕਰਦਾ ਹੈ :

ਜਾਗੀਰ ਸਿੰਘ : ਨਹੀਂ ! ਨਹੀਂ ਮਾਸੂਮ ਬਾਲਕ ਦਾ ਖ਼ੂਨ। ਮੈਥੋਂ ਨਹੀਂ ਇਹ ਹੋਣਾ

ਚੰਨੋ : ਏਹ ਤੇ ਤੈਨੂੰ ਕਰਨਾ ਹੀ ਪੈਣਾ ਏ !

ਜਾਗੀਰ ਸਿੰਘ : ਨਹੀਂ, ਮੈਥੋਂ ਨਈਓ ਇਹ ਹੋਣਾ।

ਚੰਨੋ : ਨਹੀਂ। ਇਹ ਤੇ ਤੈਨੂੰ ਕਰਨਾ ਈ ਪੈਣਾ ਏ।

ਜਾਗੀਰ ਸਿੰਘ : ਪਾਗਲ ਨਾ ਬਣ ! ਲੋਕਾਂ ਨੇ ਸਾਨੂੰ ਪੱਥਰ ਮਾਰ-ਮਾਰ ਸੁੱਕਣਾ ਏ। ਜਦ ਪੁੱਛਣਗੇ ਕਿੱਥੇ ਗਿਆ ਏ ਤਾਂ ਕੀ ਜਵਾਬ ਦਿਆਂਗੇ।[1] **(ਮੱਸਿਆ ਦੀ ਰਾਤ, ਪੰਨਾ-70)**

ਨਾਟਕਕਾਰ ਇਸ ਭਿਆਨਕ ਸਮੱਸਿਆ ਨੂੰ ਦੂਰ ਕਰਨ ਲਈ ਜੋ ਦ੍ਰਿਸ਼ਟੀ ਅਪਣਾਉਂਦਾ ਹੈ ਉਹ ਸਮੱਸਿਆ ਨੂੰ ਸੁਲਝਾਣ ਦੇ ਨਾਲ-ਨਾਲ ਉਲਝਾਣ ਵੱਲ ਜਾਂਦੇ ਨਜ਼ਰ ਆਉਂਦੀ ਹੈ। ਦਰਅਸਲ ਨਿਜ਼ਾਮ ਵਿਚ ਵਧ ਰਹੀ ਮਰਦ ਬੱਚੇ ਦੀ ਲਾਲਸਾ ਲੋਕ ਮੂਲ ਤੋਂ ਟੁੱਟ ਕੇ ਫਿਰ ਰਿਵਾਇਤੀ ਕੀਮਤਾਂ ਨਾਲ ਜੁੜ ਰਹੇ ਹਨ। ਜਿਸ ਨਾਲ ਉਲਝਣ ਵੱਧਦੀ ਜਾਂਦੀ। ਨੈਤਿਕਤਾ (Moralty) ਨਾਲੋਂ ਲੋਕਾਚਾਰ (Folkways) ਉਸ ਦੇ ਮਨ 'ਤੇ ਭਾਰੂ ਹੋ ਜਾਂਦਾ ਹੈ। ਨਾਟਕ ਦੀ ਨਾਇਕ ਚੰਨੋ ਅੰਧਵਿਸ਼ਵਾਸ ਦੀ ਜਕੜਣ ਵਿਚ ਜਕੜੀ ਹੋਈ ਮਾਤਾ ਦੇ ਕਹਿਣ ਉੱਪਰ ਮੰਗਤੀ ਦੇ ਮੁੰਡੇ ਦੀ ਬਲੀ ਦਿੰਦੀ ਹੈ। ਇਹ ਉਸ ਦੇ ਆਪਣੇ ਪੁੱਤਰ ਦੀ ਪ੍ਰਾਪਤੀ ਲਈ, ਮਰਦ ਪ੍ਰਧਾਨ ਸਮਾਜ ਦੀਆਂ ਸਥਾਪਤ ਕੀਮਤਾਂ ਦੀ ਉਪਜਦਾ ਨਤੀਜਾ ਹੈ। ਉਸ ਦਾ ਦਿਮਾਗ਼ ਬੁਖ਼ਲਾ ਜਾਂਦਾ ਹੈ। ਉਸ ਦੀ ਮੁੰਡੇ ਦੀ ਪ੍ਰਾਪਤੀ ਦੀ ਇੱਛਾ ਨਾਲ ਅੰਧ ਵਿਸ਼ਵਾਸ਼, ਜਾਦੂ ਟੂਣੇ ਤੇ ਕਰਮ ਕਾਂਡ ਭਾਰੂ ਹੋ ਜਾਂਦੇ ਹਨ। ਮੁੰਡੇ ਦੀ ਲਾਲਸਾ ਐਨੀ ਪ੍ਰਬਲ ਹੋ ਜਾਂਦੀ ਹੈ ਕਿ ਚੰਨੋ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੀ ਹੈ ਨਤੀਜਾ ਭਾਵੇਂ ਜੋ ਮਰਜ਼ੀ ਹੋਵੇ !

ਚੰਨੋ : ਨੀ ਪੁੱਤ ਲੈਣ ਵਾਸਤੈ ਤਾਂ ਮੈਂ ਨਰਕ 'ਚ ਜਾਣ ਨੂੰ ਵੀ ਤਿਆਰ ਆਂ।[2]

*(ਉਹੀ, ਪੰਨਾ-37)*

ਇਹ ਅਜੋਕੇ ਸਮਾਜ ਦੀ ਵਿਡੰਭਨਾ ਹੈ ਭਾਵੇਂ ਤਕਨਾਲੋਜੀ ਤੇ ਵਿਗਿਆਨ ਦੇ ਪਾਸਾਰ ਨਾਲ ਸਮਾਜ ਤਰੱਕੀ ਵੱਲ ਵਧ ਰਿਹਾ ਨਜ਼ਰ ਆਉਂਦਾ ਹੋਵੇ। ਵਾਸਤਵ ਵਿਚ ਪਿਛਾਂਹ ਖਿੱਚੂ ਕੀਮਤਾਂ ਵੱਲ ਮੋੜਾ ਪੈ ਰਿਹਾ ਹੈ। ਮਤਲਬ ਜਾਦੂ (Magic) ਵਿਗਿਆਨ 'ਤੇ ਹਾਵੀ ਹੋ ਰਿਹਾ ਹੈ ਜੋ ਮਨੁੱਖ ਨੂੰ ਸਮੇਂ ਤੋਂ ਪਹਿਲਾਂ ਮਨ ਇੱਛਤ ਫ਼ਲ ਦੀ ਪ੍ਰਾਪਤੀ ਕਰਵਾਉਂਦਾ ਵਿਖਾਈ ਦਿੰਦਾ ਹੈ। ਇਸ ਕਰਕੇ ਮਨੁੱਖ ਨੂੰ ਇੱਛਤ ਤੇ ਸ੍ਵੈ-ਕੇਂਦਰਿਤ ਹੋ ਜਾਂਦਾ ਹੈ। ਵਿਗਿਆਨ ਦਾ ਰਸਤਾ ਜਾਦੂ ਤੋਂ ਬਿਲਕੁਲ ਵਿਪਰੀਤ ਹੈ। ਨਾਟਕਕਾਰ ਨੇ ਵਿਗਿਆਨ ਤੇ ਜਾਦੂ ਦੇ ਵਿਰੋਧੀ ਸੰਬੰਧਾਂ ਦੀਆਂ ਗੁੰਝਲਾਂ ਨੂੰ ਪੇਸ਼ ਕਰਨ ਵਲ ਰੁਝਾਨ ਜ਼ਰੂਰ ਵਿਖਾਇਆ ਹੈ। ਇਹ ਵੱਖਰੀ ਗੱਲ ਹੈ ਕਿ ਉਸਦਾ ਇਹ ਯਤਨ ਅਗਰਗਾਮੀ ਦਿਸ਼ਾ ਵਿਚ ਅੱਗੇ ਵਧਣ ਵਿਚ ਢਿੱਲ ਕਰ ਜਾਂਦਾ ਹੈ। ਦੂਸਰੇ ਪੱਖ ਵਿਚ ਇਹ ਬੜੀ ਸਮਝਣ ਤੇ ਵਿਚਾਰਣਯੋਗ ਗੱਲ ਹੈ ਕਿ ਮਰਦ ਬੱਚੇ ਦੀ ਲਾਲਸਾ ਵੱਸ ਬਲੀ ਵੀ ਮੁੰਡੇ ਦੀ ਦਿੱਤੀ ਜਾਂਦੀ ਹੈ। ਹਿੰਦੋਸਤਾਨੀ ਨਿਜ਼ਾਮ ਵਿਚ ਜੇਕਰ ਕੋਈ ਜੀਵ ਜੰਤੂ ਦੀ ਸ੍ਵੈ-ਇੱਛਤ ਫ਼ਲ ਦੀ ਪ੍ਰਾਪਤੀ ਲਈ ਬਲੀ ਦੇਣੀ ਹੋਵੇ ਤਾਂ ਉਹ ਵੀ ਨਰ ਦੀ ਦਿੱਤੀ ਜਾਂਦੀ ਹੈ।

ਠੀਕ ਇਸੇ ਤਰ੍ਹਾਂ ਅੰਗਰੇਜ਼ੀ ਨਾਟਕਕਾਰ ਦਾਤਾਨੀ (Dattani) ਵਲੋਂ ਲਿਖੇ ਗਏ ਨਾਟਕ ਤਾਰਾ (Tara) ਵਿਚ ਕੁਝ ਅਜਿਹੀ ਸਮੱਸਿਆ ਨੂੰ ਚਿਤਰਿਆ ਗਿਆ ਹੈ। ਇਸ ਨਾਟਕ ਵਿਚ ਜੌੜੇ ਬੱਚਿਆਂ ਵਿਚ ਜਿਨ੍ਹਾਂ ਦਾ ਆਪਸੀ ਸਰੀਰ ਜੁੜਿਆ ਹੋਇਆ ਹੈ, ਕੁੜੀ ਨਾਲੋਂ ਮੁੰਡੇ ਦੀ ਦੇਖਭਾਲ ਨੂੰ ਜ਼ਿਆਦਾ ਤਰਜੀਹ ਦਿੱਤੀ ਗਈ ਹੈ। ਇਸ ਨਾਟਕ ਵਿਚ ਜਨਮ ਤੋਂ ਦੋ ਬੱਚਿਆਂ (ਭੈਣ-ਭਰਾ) ਦਾ ਸਰੀਰ ਆਪਸ ਵਿਚ ਜੁੜਿਆ ਹੋਇਆ ਹੈ। ਦੋਨਾਂ ਬੱਚਿਆਂ ਦੇ ਸਰੀਰ ਆਪਸ ਵਿਚ ਜੁੜੇ ਹੋਣ ਉਪਰੰਤ ਮਾਪੇ ਸਿਰਫ਼ ਮੁੰਡੇ ਦੇ ਸਰੀਰ ਨੂੰ ਬਚਾਉਣ ਲਈ ਉਪਰਾਲਾ ਕਰਦੇ ਹਨ ਜਦ ਕਿ ਕੁੜੀ ਨੂੰ ਉਹ ਅਣਦੇਖਿਆ ਛੱਡ ਦਿੰਦੇ ਹਨ ਭਾਵੇਂ ਕਿ ਉਸ ਸਰੀਰ ਵਿਚ ਕੁੜੀ ਵਾਲਾ ਹਿੱਸਾ ਬੌਧਿਕ ਸਮਰੱਥਾ ਵਾਲਾ ਹੈ। ਮਾਪੇ ਮੁੰਡੇ ਨੂੰ ਬਚਾਉਣ ਖ਼ਾਤਰ, ਕੁੜੀ ਅਪਾਹਜ ਹੋ ਕੇ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੀ ਹੈ। ਸਵਰਾਜਬੀਰ ਪੰਜਾਬੀ ਸਾਹਿਤ ਦਾ ਪ੍ਰਤੀਨਿਧ ਨਾਟਕਕਾਰ ਹੈ ਅਤੇ ਦਾਤਾਨੀ ਦੱਖਣੀ ਭਾਰਤ ਦਾ ਦੋਨਾਂ ਵਿਚ ਗੁੰਝਲ ਸਮਾਨ ਹੈ ਪਰੰਤੂ ਇਕ ਵਿਚ ਇਹ ਉਲਝੀ ਅਤੇ ਦੂਜੇ ਵਿਚ ਸੁਲਝੀ ਲਗਦੀ ਹੈ, ਮਰਦ ਬੱਚੇ ਦੀ ਵਧ ਰਹੀ ਲਾਲਸਾ ਹਿੰਦੋਸਤਾਨ ਨਿਜ਼ਾਮ ਨੂੰ ਕਿਸ ਮੋੜ

’ਤੇ ਲਿਆ ਕੇ ਖੜ੍ਹਾ ਕਰ ਸਕਦੀ ਹੈ। ਇਸ ਦੀ ਮੂੰਹ ਬੋਲਦੀ ਤਸਵੀਰ **ਮਾਤਰਭੂਮੀ** ਫ਼ਿਲਮ ਵਿਚ ਵੀ ਵੇਖ ਸਕਦੇ ਹਾਂ। ਮਾਤਰਭੂਮੀ ਫ਼ਿਲਮ ਵਿਚ ਭਰੂਣ ਹੱਤਿਆ ਕਾਰਨ ਸਮਾਜ ਵਿਚ ਆਏ ਵਿਗਾੜ ਅਤੇ ਉਹ ਕਿਸ ਤਰ੍ਹਾਂ ਹਿੰਸਾਤਮਕ ਰੂਪ ਧਾਰਨ ਕਰ ਜਾਂਦਾ ਹੈ। ਨਿਰਦੇਸ਼ਕ ਮੁਨੀਸ਼ ਝਾਅ ਨੇ ਕੈਮਰੇ ਦੀ ਮਦਦ ਨਾਲ ਬਾਖ਼ੂਬੀ ਦਰਸ਼ਕਾਂ ਨੂੰ ਜਾਣੂ ਕਰਵਾਇਆ ਹੈ। ਇਸ ਫ਼ਿਲਮ ਵਿਚ ਭਰੂਣ ਹੱਤਿਆ ਦੇ ਮਾਰੂ ਪ੍ਰਭਾਵ ਕਰਕੇ 50 ਸਾਲਾਂ ਬਾਅਦ ਜੋ ਸਮਾਜਕ ਸਥਿਤੀ ਕੁੜੀਆਂ ਦੀ ਘਾਟ ਹੋਣ ਕਰਕੇ ਵਿਆਹ ਤੋਂ ਲਾਚਾਰ ਹੋ ਜਾਂਦੀ ਹੈ। ਪੰਜ ਮੁੰਡਿਆਂ ਦਾ ਇਕ ਕੁੜੀ ਨਾਲ ਵਿਆਹ ਹੁੰਦਾ ਹੈ। ਨਾਰੀ ਦੀ ਘਾਟ ਕਰਕੇ ਨਿਜ਼ਾਮ ਵਿਚ ਜੋ ਹਿੰਸਾਤਮਕ ਸਥਿਤੀ ਹੋ ਜਾਂਦੀ ਹੈ ਉਸ ਦੇ ਕਰੂਰ ਰੂਪ ਦੀ ਤਸਵੀਰ ਦੋਨਾਂ ਨਾਟਕਾਂ ਤੇ ਫ਼ਿਲਮ ਵਿਚ ਪੇਸ਼ ਹੈ। ਇਸ ਨਾਟਕ ਵਿਚ ਚੰਨੋ ਹੱਥ ਵਿਚ ਦਾਤਾਰ ਫੜੀ ਨਜ਼ਰ ਆਉਂਦੀ ਹੈ। ਉਸ ਦੇ ਹੱਥ ਵਚ ਫੜਿਆ ਦਾਤਰ ਇਸ ਗੱਲ ਦਾ ਪ੍ਰਤੀਕ ਏ ਕਿ (ਚੰਨੋ) ਉਹ ਦਾਤਰ ਨੂੰ ਜਨਮ ਦੇ ਰਹੀ ਹੈ। ਦਾਤਰ ਮੰਚ ਉੱਤੇ ਲਿਸ਼ਕ ਰਿਹਾ ਹੈ। ਦਾਤਰ ਪੰਜਾਬ ਦੇ ਹੱਥ ਵਿਚ ਫੜਿਆ ਹੋਇਆ ਹੈ।[3] (**ਉਹੀ, ਪੰਨਾ**-89)

ਨਾਟਕਕਾਰ ਜਿਸ ਤਰ੍ਹਾਂ ਵਿਸ਼ੇ ਦੇ ਸੰਬੰਧ ਵਿਚ ਗੁੰਝਲ ਤੋਂ ਉਲਝਣ ਵਿਚ ਦਾਖ਼ਲ ਹੁੰਦਾ ਆਉਂਦਾ ਹੈ। ਉਹ ਉਸ ਦੀ ਨਾਟ ਬੋਲੀ ਵਿਚ ਵੀ ਰੂਪਮਾਨ ਹੈ। ਜਿਵੇਂ ਪੁੱਤਰ-ਪੁੱਤ, ਤੀਮੀਂ-ਤ੍ਰੀਮਤ, ਰੱਬ ਵਾਹਿਗੁਰੂ, ਉਲਝਣ-ਗੁੰਝਲ, ਵੇਖ-ਦੇਖ, ਪੋਤੀ-ਪੋਤਰੀ, ਮੜ੍ਹੀ-ਮਸਾਣੀ, ਸੱਚਾ ਪਾਤਸ਼ਾਹ, ਸ਼ਿਵ-ਸ਼ਿਵਾ, ਦੇਵ (ਮਾਤਾ)-ਦੱਸਣ (ਡਾਕਟਰ) ਕਲਯੋਗਣ-ਬਿਰਧ ਮਾਂ ਆਦਿ ਸਮਾਨ ਰੂਪ ਵਿਚ ਵਰਤੇ ਨਜ਼ਰ ਆਉਂਦੇ ਹਨ।

ਮੇਰੀ ਕੁੱਖ ਵਿਚ ਕੀ ਮੈਂ, ਕੌਣ ਦੱਸ ਸਕਦੈ ?... ਨਹੀਂ ਨਹੀਂ ਦੱਸਣਾ; ਕੀਹਨੈ ਐ ? ਤੈਨੂੰ ਮੈਨੂੰ ਤੇ ਪਤਾ ਐ... ਮੇਰੇ ਪੇਟ ’ਚ ਮੇਰਾ ਪੁੱਤਰ ਪਲ ਰਿਹਾ ਐ... ਮੈਨੂੰ ਉਸ ਦੀ ਆਹਟ ਸੁਣਾਈ ਦਿੰਦੀ ਏ। (ਢਿੱਡ ’ਤੇ ਹੱਥ ਫੇਰਦੀ ਹੋਈ ਤੇ ਉਹਨੂੰ ਦੋਹਾਂ ਹੱਥਾਂ ਨਾਲ ਘੁੱਟਦੀ ਹੋਈ) ਉਹਦੇ ਪੈਰਾਂ ਦੀਆਂ ਠੋਕਰਾਂ ਤੋਂ ਪਤਾ ਲਗਦੈ ! ਅੱਗੇ ਦੋ ਕੁੜੀਆਂ ਜੰਮੀਆਂ ਨੇ, ਉਦੋਂ ਤਾਂ ਏਦਾਂ ਨਈਂ ਸੀ ਲੱਗਦਾ ! ਇਹ ਗੱਲ ਪੱਕੀ ਏ...ਇਹ ਤਾਂ ਮੁੰਡਾ ਈ ਏ ! ਮੇਰਾ ਪੁੱਤਰ ਏ ਮੇਰੇ ਪੇਟ ਵਿਚ ! ਤੇ ਮੈਂ...ਮੈਂ ਤੇ ਅਜੇ ਕਈ ਪੁੱਤ ਜੰਮਣੇ ਨੇ ! ਮੇਰੇ ਪੁੱਤ...ਮੇਰੇ ਚੰਦ...ਹਾਂ, ਉਹ ਮੇਰੀ ਦੇਹ ’ਚ ਸੁੱਤੇ ਨੇ...ਮੇਰੀ ਦੇਹ ਇਹ ਸੁੱਤੇ ਨੇ...ਮੇਰੀ ਦੇਹ ਵਿਚ ਸੁੱਤੇ ਨੇ ਤੇ ਮੈਂ ਉਹ ਜੰਮਣੇ ਨੇ...ਮੇਰੇ ਪੁੱਤ ਮੇਰੇ ਚੰਦ !‌[4] (**ਉਹੀ, ਪੰਨਾ**-24)

ਸਭ ਕੁਝ ਦੇ ਹੁੰਦਿਆਂ ਸੁੰਦਿਆਂ ਸਵਰਾਜਬੀਰ ਨੇ ਇਸ ਨਾਟਕ ਦੀ ਖ਼ਾਸ ਵਿਸ਼ੇਸ਼ਤਾ ਤੋਂ ਜਾਣੂ ਹੋਣਾ ਜ਼ਰੂਰੀ ਹੈ। ਲੋਕਗੀਤਾਂ ਦੇ ਰੂਪਾਂਤਰਨ ਦੀ ਬਦੌਲਤ ਉਹ ਅਜਿਹੀ ਔਰਤ ਦੀਆਂ ਭਾਵਨਾਵਾਂ ਨੂੰ ਅਭਿਵਿਅਕਤ ਕਰਨ ਲਈ ਲੋਕ ਗੀਤਾਂ ਦੀ ਧੁਨ ਨੂੰ ਕਾਇਮ ਰੱਖਦਾ ਹੈ :

> **ਮੰਗਤੀ** : ਪੁੱਤਰ ਮਿਠੜੇ ਮੇਵੇ / ਰੱਬ ਸਭ ਨੂੰ ਦੇਵੇ
> ਪੁੱਤਰਾਂ ਤੋਂ ਵੱਡੀਆਂ / ਪੁੱਤਰਾਂ ਦੀਆਂ ਤਾਵਾਂ
> ਨੀ ਮੈਂ ਸਦਕੇ ਜਾਵਾਂ / ਨੀ ਮੈਂ ਸਦਕੇ ਜਾਵਾਂ।[5] (**ਉਹੀ, ਪੰਨਾ**-60)

ਲੋਕ ਮਨ ਦੀ ਅਭਿਵਿਅਕਤੀ ਵੱਲ ਇਹ ਨਿੱਗਰ ਕਦਮ ਹੈ। ਇਸ ਨਾਟਕ ਵਿਚ ਲੋਕ ਵਿਸ਼ਵਾਸ ਰਾਹੀਂ ਗੁਰਬਾਣੀ ਦਾ ਰੂਪਾਂਤਰਨ ਹੁੰਦਾ ਵੀ ਨਜ਼ਰ ਆਉਂਦਾ ਹੈ। ਗੁਰੂ ਨਾਨਕ ਸਾਹਿਬ ਦਾ ਸ਼ਬਦ “ਅਰਬਦ ਨਰਬਦ ਧੰਧੂਕਾਰਾ” ਵਿਚ ਜਿਸ ਤਰ੍ਹਾਂ ਅਕਾਲ ਪੁਰਖ ਦੀ ਉਸਤਤ ਹੈ। ਨਾਟਕ ਵਿਚਲੀ ਦੇਵੀ ਮਾਤਾ ਵੀ ਉਸੇ ਤਰ੍ਹਾਂ ਦੇ ਸ਼ਬਦ ਉਚਾਰਦੀ ਹੈ :

> **ਮਾਤਾ** : ਜਦ ਇਸ ਧਰਤੀ ’ਤੇ ਕੁਝ ਨਹੀਂ ਸੀ...ਹਰ ਪਾਸੇ ਨ੍ਹੇਰਾ ਸੀ ਨ੍ਹੇਰਾ ਘੁੱਪ ਹਨ੍ਹੇਰਾ...ਨਾ “ਅੱਗ ਨਾ ਪਾਣੀ....ਨਾ ਪਸ਼ੂ ਨਾ...ਪੰਛੀ....ਨਾ ਵਣ....ਤ੍ਰਿਣ ਨਾ... ਬੰਦਾ, ਨਾ ਬੰਦੇ, ਨਾ ਬੰਦੇ ਦੀ ਜਾਤ...ਸਿਰਫ਼ ਮੈਂ ਸਾਂ ਮੈਂ ਆਦਿ...[6] (**ਉਹੀ, ਪੰਨਾ**-53)

ਗੁਰਬਾਣੀ ਜੋ ਲੋਕਾਂ ਨੂੰ ਵਹਿਮਾਂ-ਭਰਮਾਂ, ਕਰਮ ਕਾਂਡਾਂ ਤੋਂ ਮੁਕਤ ਕਰਕੇ ਸੱਚੇ ਮਾਰਗ ਦੇ ਚੱਲਣ ਦੀ ਦਿਸ਼ਾ ਦਿੰਦੀ ਹੈ, ਲੋਕ ਉਸੇ ਰਸਤੇ ਤੋਂ ਭਟਕ ਕੇ ਅੰਧ ਵਿਸ਼ਵਾਸ ਵੱਲ ਜਾ ਰਹੇ ਹਨ। ਨਾਟਕ ਵਿਚ ਇਹ ਪਰਤ ਸੁੱਤੇ ਸਿੱਧ ਹੀ ਉਭਰ ਆਉਂਦੀ ਹੈ।

ਨਿਸ਼ਚੇ ਹੀ ਕਿਹਾ ਜਾ ਸਕਦਾ ਹੈ ਕਿ ਜੇ ਬੰਦਾ ਕੁਦਰਤ ਦੇ ਸੰਤੁਲਨ ਨਾਲ ਇਸੇ ਤਰ੍ਹਾਂ ਛੇੜ-ਛਾੜ ਕਰਦਾ ਰਿਹਾ ਤਾਂ ਇਸ ਦੇ ਮੰਦ ਸਿੱਟੇ ਅਗਲੀਆਂ ਪੀੜ੍ਹੀਆਂ ਨੂੰ ਭੁਗਤਣੇ ਪੈਣਗੇ। ਲੋੜ ਇਸ ਗੱਲ ਦੀ ਹੈ ਕਿ ਅਜੋਕੇ ਸਮਾਜ ਵਿਚ ਬਰਾਬਰ ਦੇ ਅਧਿਕਾਰ ਦਿੱਤੇ ਜਾਣ ਤਾਂ ਕਿ ਭਰੂਣ ਕੁਖ ’ਚ ਸੁਰੱਖਿਅਤ ਰਹੇ। ਜੇਕਰ ਸਮਾਜ ਵਿਚ ਔਰਤ ਸੁਰੱਖਿਅਤ ਰਹੇਗੀ ਤਾਂ ਕੁੱਖ ਵਿਚ ਵੀ ਮਾਦਾ ਭਰੂਣ ਦਾ ਸੁਰੱਖਿਅਤ ਰਹਿਣਾ ਨਿਸ਼ਚਿਤ ਹੈ।

## *ਪੁਸਤਕ ਸੂਚੀ*


- ਸਵਰਾਜਬੀਰ, ਮੱਸਿਆ ਦੀ ਰਾਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013
- Mahesh Dattani, Tara, Penguin Books, 2000.
- Prof Paramjit Kaur@ Punjab Economy : Performance and Prospects, Regal Publication, New Delhi, 2013.
- Bronislaw Malinowshi, Magic, Science and Religion and Other Essays., Free Press, Gleuce illinos 1948.

ਉਰਦੂ ਕਵਿਤਾਵਾਂ

# ਵਹੀਦਾ

## *ਢੂੰਢਤਾ ਹੈ ਜ਼ਮਾਨਾ*

ਢੂੰਡਤਾ ਰਹਿ ਗਯਾ ਮੁਝੇ ਜ਼ਮਾਨਾ
ਮੇਰੀ ਇਸ ਲਿਬਾਸ ਕੀ ਚਮਕ ਮੇਂ
ਮੇਰੇ ਇਸ ਕਦਮ ਕੀ ਤਾਕਤ ਮੇਂ
ਮੇਰੀ ਇਸ ਸਾਂਸ ਕੀ ਗਰਮਾਹਟ ਮੇਂ

ਚਿਹਰੇ ਕੀ ਝੁਰੜੀਓਂ ਮੇਂ
ਜ਼ੁਲਫ਼ ਕੀ ਘਟਾਓਂ ਮੇਂ
ਬਿਆਨੇ-ਤਕਰੀਰ ਮੇਂ
ਮੇਰੀ ਇਸ ਬੜਤੀ ਬਿਮਾਰੀਓਂ ਕੀ ਲੜਾਈ ਮੇਂ

ਲੇਕਿਨ ਜਿਸੇ ਮੈਂ
ਰੂਹ ਕੀ ਗਹਿਰਾਈਓਂ ਮੇਂ
ਬੇਸ਼ਕੀਮਤੀ ਆਂਸੂਓਂ ਕੇ ਮੋਤੀਓਂ ਮੇਂ ਪਿਰੋਕਰ
ਹਿਫ਼ਾਜ਼ਤ ਸੇ ਸਜਾ ਰੱਖਾ ਹੈ
ਉਸੇ ਕਯਾ ਦੇਖ ਪਾਏਗਾ ਜ਼ਮਾਨਾ
ਮੇਰੀ ਰੂਹ ਕੇ ਚਿਹਰੇ ਕੇ ਦਾਗ਼
ਮੇਰੀ ਖ਼੍ਵਾਹਿਸ਼ੋਂ ਕੇ ਟੂਟੇ ਹੁਏ ਜ਼ਰਾਬਖ਼ਤਰ
ਮੇਰੇ ਜਿਸਮ ਸੇ ਬਹਤਾ ਹੂਆ, ਮੇਰੀ ਰੂਹ ਕਾ ਮਵਾਦ
ਇਸੇ ਕਯਾ ਦੇਖੇਗਾ ਜ਼ਮਾਨਾ

## *ਰਹਿਮਤੇ-ਆਂਸੂ*

ਆਂਸੂ ਹੈ ਏਕ ਖ਼ੁਦਾਈ ਨਿਯਾਮਤ
ਯੇਹ ਹੈ ਕੋਈ ਨਿਸ਼ਾਨੇ-ਇਨਸਾਨੀ ਯਕੀਂ
ਜਰੀਆ-ਏ-ਇਨਸਾਨੀ-ਜਜ਼ਬਾਤ



ਜੈਸੇ ਜ਼ਖ਼ਮੋਂ ਕੇ ਇਵਜ਼ ਮੇਂ ਮਿਲੇ ਸਰੂਰੇ-ਸੁਖ਼ਨ
ਏਹਸਾਸ ਲੀਏ ਉਮੜਤਾ ਕੋਈ ਪਾਕ ਝਰਨਾ
ਬੇਕਰਾਰੀ ਕੀ ਦਹਿਸ਼ਤ ਕੋ ਮਿਲ ਜਾਏ, ਜੈਸੇ ਮਰਹਮੇ-ਕਰਾਰੇ-ਚੈਨ
ਹਰ ਖਲਸ਼-ਏ-ਦਿਲ ਕੋ ਮਿਟਾਨੇ ਕੇ ਲੀਏ
ਖ਼ੁਦਾ ਮੇਰੇ
ਮੇਰਾ ਆਂਸੂਓਂ ਕਾ ਖ਼ਜ਼ਾਨਾ ਫੇਰ ਭਰ ਦੋ ਵ

ਕਵਿਤਾ

## ਅਮਰਜੀਤ ਕਸਕ



### *ਬਚਿੱਤਰ*

ਯਖ ਜੰਮੀਆਂ ਵਾਦੀਆਂ ਨੂੰ
ਜਗਾਉਂਦਾ ਜਾਂਦਾ ਗਰਮ ਖ਼ੂਨ ਨਾਲ
ਬਦਲ ਦਿੰਦਾ ਰੁਖ ਝੱਖੜਾਂ ਦਾ

ਸਿੱਧ ਪੱਧਰੀ ਜਹੀ ਜ਼ਿੰਦਗੀ ਵੀ
ਕੋਈ ਜ਼ਿੰਦਗੀ ਹੁੰਦੀ ਭਲਾ

ਜ਼ਿੰਦਗੀ
ਬਣੀਆਂ ਰਾਹਾਂ 'ਤੇ ਤੁਰਨਾ ਦਾ ਨਾਂ ਨਹੀਂ

ਵੱਖਰਾ ਹੀ ਆਨੰਦ
ਗੋਲਿਆਂ ਦੀ
ਗੜਗੜਾਹਟ ਵਿਚ ਵੀ ਸੌਂ ਲੈਣ ਦਾ

ਜੰਗਲੀ ਪਲਾਹ 'ਚੋਂ ਦੀ
ਛਣ ਛਣ ਪੈਂਦੀ ਚਾਨਣੀ
ਬਿਜਲੀ ਕੌਂਧ ਗਈ ਵਜੂਦ 'ਚ
ਬੜੀ ਵਿਸਮਾਦੀ
ਇਹ ਕਾਤਰ ਕਾਤਰ ਚਾਣਨੀ

ਸੋਚਿਆ
ਜੇ ਪੂਰਾ ਚੰਨ ਹਿੱਸੇ ਨਾ ਆਵੇ
ਕੀ ਫੇਰ ਨਕਾਰ ਦਿੱਤੀਆਂ ਜਾਣ
ਚਾਨਣ ਦੀਆਂ ਕਾਤਰਾਂ

ਜ਼ਿੰਦਗੀ ਵਿਚ
ਜਿਊਣ ਜੋਗੇ ਤਾਂ
ਕੁਝ ਪੀ ਪਲ ਹੁੰਦੇ ਨੇ

ਮੈਂ ਜੀਵਿਆ ਤੇਰੇ ਨਾਲ

# 'ਕਿਤਨੇ ਪਾਕਿਸਤਾਨ' ਵਿਚ ਧਾਰਮਿਕ ਪਛਾਣਾਂ ਦਾ ਜਾਦੂ

## ਨਾਵਲਕਾਰ ਕਮਲੇਸ਼ਵਰ ਨਾਲ *ਅਲੋਕ ਭੱਲਾ* ਦੀ ਗੁਫ਼ਤਗੂ

ਪੇਸ਼ਕਾਰ : *ਹਰਭਜਨ ਸਿੰਘ ਹੁੰਦਲ*

? ਕਮਲੇਸ਼ਵਰ ਜੀ, ਤੁਸਾਂ ਪਿੱਛੇ ਜਿਹੇ, ਮਹਾਂ ਕਾਵਿਕ ਪੱਧਰ ਦਾ ਵੱਡਾ ਨਾਵਲ "ਕਿਤਨੇ ਪਾਕਿਸਤਾਨ" ਦੇਸ਼ ਦੀ ਵੰਡ ਬਾਰੇ ਪ੍ਰਕਾਸ਼ਿਤ ਕੀਤਾ ਹੈ। ਇਸ ਤੋਂ ਪਹਿਲਾਂ ਤੁਸਾਂ ਇਕ ਕਹਾਣੀ "ਹੋਰ ਕਿੰਨੇ ਪਾਕਿਸਤਾਨ" ਇਸੇ ਹੀ ਸਿਰਲੇਖ ਵਾਲੀ ਪ੍ਰਕਾਸ਼ਿਤ ਕੀਤੀ ਸੀ, ਜਿਸ ਨੇ ਕਾਫ਼ੀ ਹਿਲਜੁਲ ਪੈਦਾ ਕੀਤੀ ਸੀ ਤੇ ਨਾਲ ਹੀ ਇਕ ਛੋਟਾ ਨਾਵਲ, 'ਲੌਟਤੇ ਹੁਏ ਮੁਸਫ਼ਿਰ" ਵੀ ਛਾਪਿਆ ਸੀ।

ਬਦਕਿਸਮਤੀ ਨਾਲ, ਵਰਤਮਾਨ ਸਮੇਂ ਦੇ ਰਾਜਸੀ ਅਤੇ ਸਮਾਜਿਕ ਹਾਲਤ, ਸਾਡੀ ਹੁਣ ਦੀ ਮੀਟਿੰਗ ਸਮੇਂ, ਉਨ੍ਹਾਂ ਸਥਿਤੀਆਂ ਨਾਲੋਂ ਬੁਨਿਆਦੀ ਤੌਰ 'ਤੇ ਵੱਖਰੇ ਹਨ, ਜਿਨ੍ਹਾਂ ਸਮੇਂ ਮੈਂ ਕ੍ਰਿਸ਼ਨਾ ਸੋਬਤੀ ਇੰਤਜ਼ਾਰ ਹੁਸੈਨ, ਭੀਸ਼ਮ ਸਾਹਨੀ, ਕ੍ਰਿਸ਼ਨਾ ਬਲਦੇਵ ਵੈਦ ਅਤੇ ਹੋਰਨਾ ਨਾਲ ਵਾਰਤਾਲਾਪ ਕੀਤੀ ਸੀ। ਉਹ ਵਾਰਤਾਲਾਪ ਗੁਜਰਾਤ ਦੇ ਖ਼ੂਨ-ਖਰਾਬੇ ਤੋਂ ਪਹਿਲਾਂ ਕੀਤੀ ਗਈ ਸੀ। ਬੀਤੇ ਸਮੇਂ ਵਿਚ ਵੱਖ-ਵੱਖ ਧਾਰਮਿਕ ਬਰਾਦਰੀਆਂ ਦਰਮਿਆਨ ਖਿਚਾਅ ਦੇ ਹੋਰ ਸਮੇਂ ਸਨ ਅਤੇ ਹੋਰ ਅਤਿਆਚਾਰ ਹੋਏ ਸਨ, ਜਿਨ੍ਹਾਂ ਨੇ ਸਾਨੂੰ ਸ਼ਰਮਿੰਦਗੀ ਦਵਾਈ ਸੀ। ਬਾਬਰੀ ਮਸਜਿਦ ਦਾ ਢਾਹਿਆ ਜਾਣਾ ਅਤੇ ਕਸ਼ਮੀਰੀ ਪੰਡਤਾਂ ਦਾ ਆਪਣੀਆਂ ਵਿਰਾਸਤੀ ਜ਼ਮੀਨਾਂ ਤੋਂ ਜ਼ਬਰਦਸਤੀ ਉਠਾਇਆ ਜਾਣਾ, ਪੰਜਾਬ ਅਤੇ ਦਿੱਲੀ ਵਿਚ ਸਿੱਖਾਂ ਦਾ ਕਤਲ, ਅਤੇ ਹੋਰ ਵਹਿਸ਼ੀ ਹਰਕਤਾਂ ਤੇ ਤਰਕਹੀਣ ਕਾਰਿਆਂ ਨੇ ਸਾਨੂੰ ਇਖ਼ਲਾਕੀ ਅਤੇ ਰਾਜਸੀ ਤੌਰ ਤੇ ਬਦਨਾਮ ਅਤੇ ਗਰੀਬ ਬਣਾ ਦਿੱਤਾ ਹੈ।

ਐਪਰ, ਅਤਿ ਬੁਰੇ ਦਿਨਾਂ ਵਿਚ ਵੀ, ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਪ੍ਰਤੀਰੋਣ (Redistance) ਸੰਭਵ ਸੀ ਅਤੇ ਅਸੀਂ ਇਕ ਦੂਜੇ ਨਾਲ ਰਹਿਣ ਦੇ ਢੰਗ-ਤਰੀਕੇ ਲੱਭ ਸਕਦੇ ਸੀ। ਮੈਂ ਆਸ ਕਰਦਾ ਹਾਂ ਕਿ ਸਾਡੀ ਮਾਨਸਿਕ ਸ਼ਕਤੀ ਦੀ ਅਸਫ਼ਲਤਾ ਵਕਤੀ ਹੈ। ਹਾਲ ਹੀ ਵਿਚ ਹੋਏ ਕਤਲ ਕਰਨ ਵਾਲਿਆਂ ਤੇ ਜ਼ਿੰਮੇਵਾਰਾਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ। ਇਸ ਸਮੇਂ ਮੈਨੂੰ ਪ੍ਰਤੀਤ ਹੈ ਕਿ ਸਾਡੀਆਂ ਆਤਮਾਵਾਂ ਪੱਥਰ ਹੋ ਗਈਆਂ ਹਨ।

ਮੈਂ ਤਕਸੀਮ (Partition) ਬਾਰੇ ਕਾਫ਼ੀ ਇਤਿਹਾਸਕ ਤੇ ਗਾਲਪਨਿਕ ਲਿਖਤਾਂ, ਪੜ੍ਹੀਆਂ ਹਨ ਅਤੇ ਧਾਰਮਿਕ ਲੀਹਾਂ ਉੱਤੇ ਭਾਰਤ ਨੂੰ ਵੰਡਣ ਬਾਰੇ ਤਰਕਸ਼ੀਲ ਕਾਰਨ ਲੱਭ ਲੈਣ ਦੀ ਉਮੀਦ ਰੱਖਦਾ ਹਾਂ। ਨਿਰਸੰਦੇਹ, ਮੈਂ ਇਹ ਖ਼ਤਰਾ ਮੁੱਲ ਲੈਣ ਲਈ ਵੀ ਤਿਆਰ ਹਾਂ ਕਿ ਉਪ ਮਹਾਂ-ਦੀਪ ਦੇ ਸਭਿਅਤਕ ਇਤਿਹਾਸ ਵਿਚ, ਦੇਸ਼ ਦੀ ਵੰਡ-ਬੇਹੂਦਾ ਸੀ। ਮੈਨੂੰ ਅਜਿਹੇ ਕਾਫ਼ੀ ਕਾਰਨ ਨਹੀਂ ਲੱਭੇ, ਜਿਹੜੇ ਇਹ ਸੁਝਾਅ ਦੇਣ ਵਾਲੇ ਹੋਣ ਕਿ ਸਾਧਾਰਨ ਹਿੰਦੂ ਅਤੇ ਮੁਸਲਮਾਨ ਇਕ ਦੂਜੇ ਨੂੰ ਘ੍ਰਿਣਾ ਕਰਦੇ ਸਨ। ਇਹ ਕਾਰਨ ਹੀ ਤਕਸੀਮ ਦੀ ਮੰਗ ਨੂੰ ਠੀਕ ਸਿੱਧ ਕਰ ਸਕਦੇ ਹਨ।

ਤੁਹਾਡਾ ਨਾਵਲ ਕਈ ਢੰਗਾਂ ਨਾਲ ਮੇਰੇ ਸ਼ੰਕਿਆਂ ਪ੍ਰਤੀ ਸੁਝਾਅ ਦਿੰਦਾ ਹੈ। ਤੁਸੀਂ ਭਾਰਤੀ ਉੱਪ-ਮਹਾਂਦੀਪ ਦੇ ਇਤਿਹਾਸ ਨੂੰ ਦੱਸਵੀਂ ਸਦੀ ਤੋਂ ਇਸਲਾਮ ਦੇ ਆਉਣ ਤੋਂ ਲੱਗ ਕੇ ਬੰਗਲਾ ਦੇਸ਼ ਦੇ ਬਣਨ ਤੀਕ ਦੇ ਇਤਿਹਾਸ ਦਾ ਵੇਰਵਾ ਦਿੰਦਾ ਹੈ ਤੇ ਦੱਸਦਾ ਹੈ ਕਿ ਇਤਿਹਾਸ ਦੇ ਕਿਸੇ ਵੀ ਪੜਾਅ ਉੱਤੇ ਇਸ ਧਰਤੀ ਉੱਤੇ ਵੱਸਣ ਵਾਲੇ ਵੱਖ ਵੱਖ ਧਰਮਾਂ ਦੀਆਂ ਬਹਾਦਰੀਆਂ ਵਿਚਕਾਰ ਕੋਈ ਵੱਡੀ ਬੇਭਰੋਸਗੀ ਨਹੀਂ ਸੀ।

ਤੁਸੀਂ ਉਨ੍ਹਾਂ ਸਾਲਾਂ ਵਿਚ ਰਹੇ ਹੋ, ਜਦੋਂ ਦੇਸ਼ ਦੀ ਵੰਡ ਹੋਈ। ਤੁਸੀਂ ਬਹੁਤ ਸਾਰੇ ਉਨ੍ਹਾਂ ਲੋਕਾਂ ਨੂੰ ਜਾਣਦੇ ਹੋ ਜਿਨ੍ਹਾਂ ਨੇ ਵਹਿਸ਼ਤ ਅਤੇ ਤਕਲੀਫ਼ਾਂ ਝੱਲੀਆਂ ਹਨ। ਤੁਸੀਂ ਵੰਡ ਦੇ ਸਿੱਟੇ ਵਜੋਂ ਜਾਤੀ ਨੁਕਸਾਨ ਵੀ ਝੱਲਿਆ ਹੈ। ਸੰਭਵ ਹੈ, ਤੁਸੀਂ ਮੈਨੂੰ ਆਪਣੇ ਤਜ਼ਰਬੇ ਦੱਸਣਾ ਚਾਹੋ, ਜਿਨ੍ਹਾਂ ਕਾਰਨ, ਵੰਡ ਬਾਰੇ ਤੁਸਾਂ ਤਿੰਨ ਵੱਡੀਆਂ ਲਿਖਤਾਂ ਲਿਖੀਆਂ।

* ਪਹਿਲੀ ਗੱਲ ਜੇ ਮੈਂ ਦੱਸਣੀ ਚਾਹਾਂਗਾ ਕਿ ਇਤਿਹਾਸਕਾਰ ਅਤੇ ਰਾਜਨੀਤਕ ਵਿਗਿਆਨੀ ਕਿਸੇ ਖ਼ਾਸ ਇਤਿਹਾਸਕ ਕਾਲ ਹਨ ਕਿ ਮੁਸਲਮ ਲੀਗ 1906 ਵਿਚ ਕਾਇਮ ਹੋਈ ਸੀ ਅਤੇ ਵੱਖਵਾਦ ਦੇ ਬੀਜ ਉਸ ਸਮੇਂ ਬੀਜੇ ਗਏ ਸਨ। ਇਤਿਹਾਸਕਕਾਰ ਇਹ ਭੁੱਲ ਜਾਂਦੇ ਹਨ ਕਿ ਕਿਸੇ ਦੱਸੇ ਅੰਤ ਵੱਲ ਇਕ ਰੇਖਾ-ਬੱਧ ਵਿਕਾਸ ਹੁੰਦਾ ਹੈ। ਇਤਿਹਾਸਕਾਰ ਦੀ ਪਹੁੰਚ ਸਰਕਾਰੀ ਦਸਤਾਵੇਜ਼ਾਂ ਤੱਕ ਹੁੰਦੀ ਹੈ ਤੇ ਹੋਰ ਕਿਸੇ ਸੋਮਿਆਂ ਤੀਕ ਨਹੀਂ ਹੁੰਦੀ। ਇਸ ਤਰ੍ਹਾਂ ਕਿਸੇ ਦਿੱਤੇ ਗਏ ਵਿਸ਼ੇਸ਼ ਕਾਲ ਦਾ ਇਤਿਹਾਸ ਸਦਾ ਹੀ ਦੁਬਾਰਾ ਲਿਖਿਆ ਜਾ ਸਕਦਾ ਹੈ। ਪਰ ਨਾਵਲ ਦੁਬਾਰਾ ਨਹੀਂ ਲਿਖਿਆ ਜਾ ਸਕਦਾ। ਇਸ ਨੂੰ ਸੋਧਿਆ ਵੀ ਨਹੀਂ ਜਾ ਸਕਦਾ। ਜਿਸ ਜ਼ਮੀਨ ਉੱਤੇ ਨਾਵਲਕਾਰ ਦੀ ਲਿਖਤ ਖਲੋਤੀ ਹੁੰਦੀ ਹੈ। ਉਹ, ਧਰਤੀ ਹੁੰਦੀ ਹੈ, ਜਿਸ ਨੂੰ ਤੁਸੀਂ ਸਭਿਅਤਾ ਆਖਦੇ ਹੋ, ਜਿਸ ਨੂੰ ਜੀਵਨ-ਢੰਗ ਸਮਾਜਿਕ ਅਥਵਾ ਪਰਸਪਰ ਪ੍ਰਭਾਵ, ਜਜ਼ਬਾਤੀ ਰਲੇਵੇਂ ਤੇ ਨਿੱਤ ਦੀਆਂ ਸਰਗਰਮੀਆਂ ਆਦਿ ਆਖਦੇ ਹਾਂ। ਇਕ ਨਾਵਲਕਾਰ ਵਜੋਂ ਮੈਂ ਸੰਖੇਪ ਵਿਚ ਇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਹ ਸੁਝਾਅ ਦੇਣ ਦੀ ਵੀ ਕੋਸ਼ਿਸ਼ ਕੀਤੀ ਹੈ ਕਿ ਭਾਵੇਂ ਉਪ ਮਹਾਂਦੀਪ ਨੂੰ ਦੋ ਕੌਮਾਂ ਵਿਚ ਵੰਡਣ ਦੀ ਕੋਈ ਉੱਚਤਤਾ ਹੋਵੇ ਵੀ ਪਰ ਸੰਵੇਦਨਸ਼ੀਲ ਲੋਕਾਂ ਦੀਆਂ ਜ਼ਿੰਮੇਵਾਰੀਆਂ ਰਾਜਸੀ ਵੰਡ ਦੇ ਦੋਹੀਂ ਪਾਸੇ ਡੂੰਘੇ ਪ੍ਰਛਾਵੇਂ ਨਾਲ ਭਰੀਆਂ ਪਈਆਂ ਹਨ।

? ਤੁਹਾਡਾ ਨਾਵਲ ਬਹੁਤ ਸਾਰੀ ਸਾਮੱਗਰੀ ਇਤਿਹਾਸਕ ਸੋਮਿਆਂ ਕੋਲੋਂ ਪ੍ਰਾਪਤ ਕਰਦਾ ਹੈ। ਨਿਰਸੰਦੇਹ, ਬਾਵਜੂਦ ਇਸ ਦੇ ਰੂਪ ਦੇ, ਇਹ ਨਾਵਲ ਵਕਤ ਦੇ ਬਦਲਾਵ ਦੀ ਮਨ-ਤਾਜ (Montage) ਹੈ। ਵਾਰਤਾਲਾਪੀ ਟੋਟੇ ਜੋ ਵੱਖੇ-ਵੱਖਰੇ ਇਤਿਹਾਸਕ ਸਮਿਆਂ ਤੋਂ ਇਕੱਠੇ ਕੀਤੇ ਗਏ ਹਨ ਅਤੇ ਇਹ ਯਥਾਰਥਕ ਜਾਂ ਗਲਪੀ ਸ਼ਕਲਾਂ ਹਨ, ਜੋ ਬਿਰਤਾਂਤ ਵਿਚ ਅੰਦਰ ਜਾਂ ਬਾਹਰ ਉਡਾਰੀ ਮਾਰਦੇ ਹਨ ਅਤੇ ਜੋ ਸਮੇਂ-ਸਮੇਂ ਉਨ੍ਹਾਂ ਸਮਿਆਂ ਤੋਂ ਵੱਖਰੇ ਹੁੰਦੇ ਹਨ, ਜੋ ਆਪਣੇ ਇਤਿਹਾਸਕ ਕਰਮ ਤੋਂ ਵੱਖਰੇ ਹੁੰਦੇ ਹਨ। ਇਹ ਇਕ ਰੇਖਾ-ਬੱਧ ਇਤਿਹਾਸ ਦੀ ਉਸਾਰੀ ਕਰਦੇ ਹਨ ਅਤੇ ਸਾਡੇ ਭੂਤ-ਕਾਲ ਦੇ ਵਿਸ਼ੇਸ਼ ਦਿਨਾਂ ਦੀ ਨਿਸ਼ਾਨਦੇਹੀ ਕਰਦੇ ਹਨ, ਜਦੋਂ ਇਕ ਦੂਜੇ ਦੇ ਸਭਿਅਤਕ ਵਿਹਾਰ ਨਾਲੋਂ ਤਿੱਖੀ ਤਰ੍ਹਾਂ ਟੁੱਟੇ ਸਨ—ਇਕ ਛਿਣ ਜੋ ਸਾਡੀਆਂ ਧਾਰਨਾਵਾਂ ਤੋਂ ਟੁੱਟਦੇ ਹਨ।

ਤੁਸੀਂ ਦਲੀਲ ਦਿੰਦੇ ਹੋ ਕਿ ਔਰੰਗਜ਼ੇਬ ਤੋਂ ਪਿੱਛੋਂ ਸਾਡੀ ਰਾਜਸੀ ਅਤੇ ਸਭਿਆਚਾਰਕ ਜ਼ਿੰਦਗੀ ਵਿਚ ਇਕ ਨਵੀਂ ਤਰ੍ਹਾਂ ਦਾ ਸ਼ੰਕਾ ਦਾਖਲ ਹੋ ਗਿਆ ਸੀ। ਜਿਸ ਦੇ ਸਦਕਾ ਦੇਸ਼ ਦੀ ਵੰਡ ਹੋ ਗਈ। ਔਰੰਗਜ਼ੇਬ ਖੁਦ ਆਪਣੇ ਵਲੋਂ ਇਕ ਗਵਾਹ ਅਤੇ ਨਾਵਲ ਵਿਚ ਇਕ ਬੁਲਾਰੇ ਵਜੋਂ ਪੇਸ਼ ਹੁੰਦਾ ਹੈ। ਉਹ ਇਕ ਸੁੰਦਰ ਵਾਦ-ਵਿਵਾਦ ਸਦਕਾ ਪਿੱਛੋਂ ਆਏ ਇਤਿਹਾਸਕਾਰਾਂ, ਸਿਬਲੀ ਨੋ-ਮੈਨੀ ਅਤੇ ਮੁਹੰਮਦ ਹਬੀਬ ਨਾਲ ਉਲਝਦਾ ਹੈ। ਜਿਹੜੇ ਉਸ ਦੇ ਰਾਜ ਨੂੰ ਜਾਂ ਠੀਕ ਸਿੱਧ ਕਰਦੇ ਹਨ, ਜਾਂ ਉਸ ਦੀ ਨਿੰਦਿਆ ਕਰਦੇ ਹਨ। ਨੋ-ਮੈਨੀ ਉਸ ਨੂੰ ਆਪਣੇ ਵਿਸ਼ਵਾਸ ਦੇ ਆਖਰੀ ਸਮਰਥਕ ਵਜੋਂ ਵੇਖਦਾ ਹੈ। ਐਪਰ ਹਬੀਬ ਇਕ ਧਰਮ ਨਿਰਪੱਖ ਇਤਿਹਾਸਕਾਰ ਹੈ, ਜਿਸ ਨੂੰ ਮਾੜੀ-ਕਿਸਮਤ, ਭੁਲਾ ਦਿੱਤਾ ਗਿਆ ਹੈ। ਸੰਭਵ ਹੈ ਕਿ ਮੈਂ ਕਿਤਾਬ ਦੇ ਉਲਟੇ ਅਰਥ ਕਰ ਰਿਹਾ ਹੋਵਾਂ, ਐਪਰ ਨਾਵਲ ਇਹ ਸੁਝਾਅ ਦਿੰਦਾ ਪ੍ਰਤੀਤ ਹੁੰਦਾ ਹੈ, ਕਿ ਦੇਸ਼-ਵੰਡ ਦੇ ਕੁਝ ਕਾਰਨ ਸਨ। ਜਿਨ੍ਹਾਂ ਨੂੰ ਬੀਤੇ ਇਤਿਹਾਸ ਵਿਚੋਂ ਲੱਭਿਆ ਜਾ ਸਕਦਾ ਹੈ।

ਤੁਹਾਡੀਆਂ ਪਹਿਲੀਆਂ ਕਹਾਣੀਆਂ ਦੇ ਪਾਤਰ ਪਾਕਿਸਤਾਨ ਦੀ ਮੰਗ ਸੁਣ ਕੇ ਬਿਲਕੁਲ ਬੌਂਦਲ ਗਏ ਪ੍ਰਤੀਤ ਹੁੰਦੇ ਹਨ ਅਤੇ ਜਦੋਂ ਪਾਕਿਸਤਾਨ ਅੰਤਮ ਤੌਰ 'ਤੇ ਸਥਾਪਿਤ ਹੋ ਜਾਂਦਾ ਹੈ ਤਾਂ ਉਹ ਦੁੱਖ ਉਨ੍ਹਾਂ ਉੱਤੇ ਭਾਰੂ ਹੋ ਜਾਂਦਾ ਹੈ।

* ਮੈਂ ਔਰੰਗਜ਼ੇਬ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਵੇਂ ਕਿ ਇਤਿਹਾਸਕਾਰ ਨਹੀਂ ਕਰਦਾ, ਸਗੋਂ ਇਕ ਨਾਵਲਕਾਰ ਸਥਿਤੀ ਨੂੰ ਖੋਜਣਾ ਚਾਹੁੰਦਾ ਹੋਵੇ। ਇਤਿਹਾਸਕਾਰ ਜਾਣੀਆਂ-ਪਛਾਣੀਆਂ ਘਟਨਾਵਾਂ ਨਾਲ ਸੰਬੰਧਿਤ ਹੁੰਦੇ ਹਨ, ਜੋ ਔਰੰਗਜ਼ੇਬ ਦਾ ਜੀਵਨ ਢਾਲਦੇ ਹਨ। ਪਰ ਉਨ੍ਹਾਂ ਦੇ ਬਿਰਤਾਂਤ ਵਿਚ ਅੰਦਰਲਾ ਉਬਾਲ ਗੁਆਚ ਜਾਂਦਾ ਹੈ। ਉਹ ਆਪਣੇ ਬੰਧੇਜ ਦੀ ਪ੍ਰਕਿਰਤੀ ਸਦਕਾ ਹੀ ਉਹ ਕੁਝ ਨਹੀਂ ਦੱਸ ਸਕਦੇ, ਜੋ ਕੁਝ ਉਸ ਦੀ ਇਕੱਲਤਾ ਵਿਚ ਉਸ ਨੂੰ ਤੰਗ ਪ੍ਰੇਸ਼ਾਨ ਕਰ ਰਿਹਾ ਸੀ। ਉਨ੍ਹਾਂ ਕੋਲ ਉਹ ਆਜ਼ਾਦੀ ਨਹੀਂ, ਜਿਸ ਨਾਲ ਉਸ ਦੀ ਆਤਮਾ ਦੀਆਂ ਅੰਦਰਲੀਆਂ ਬਹਿਸਾਂ ਨੂੰ ਪੇਸ਼ ਕਰ ਸਕਣ। ਤੁਹਾਨੂੰ ਉਹ ਸਿਲਸਿਲਾ ਚੇਤੇ ਹੋਣਾ ਹੈ, ਜਦੋਂ ਉਹ ਨਾਵਲ ਵਿਚ, ਜਹਾਨ ਆਰਾ ਨੂੰ ਪੁੱਛਦਾ ਹੈ ਕਿ ਕੀ ਹੋਵੇਗਾ ਜੇ ਉਹ ਸ਼ਰੀਅਤ ਦੇ ਕਾਨੂੰਨਾਂ ਅਨੁਸਾਰ ਤੇ ਉਨ੍ਹਾਂ ਦੇ ਆਧਾਰ ਉੱਤੇ ਫ਼ੈਸਲੇ ਲਵੇ। ਉਸ ਨੂੰ ਸੰਭਾਵਿਤ ਸਿੱਟੇ ਪ੍ਰੇਸ਼ਾਨ ਕਰਦੇ ਹਨ। ਇਤਿਹਾਸਕਾਰ ਅਜਿਹੀ ਖੁੱਲ੍ਹ ਨਹੀਂ ਲੈ ਸਕਦੇ। ਉਨ੍ਹਾਂ ਨੂੰ ਪੜਤਾਲ ਕਰਨ ਯੋਗ ਤੱਥ ਤੇ ਘਟਨਾਵਾਂ ਦੇ ਆਧਾਰ ਉੱਤੇ ਚੱਲਣਾ ਪੈਂਦਾ ਹੈ।

ਮੈਂ ਕਿਆਸ ਕਰਦਾ ਹਾਂ ਕਿ ਔਰੰਗਜ਼ੇਬ ਵਿਰਸੇ ਵਿਚ ਮਿਲੇ ਇਤਿਹਾਸ ਦੀਆਂ ਗੁੰਝਲਾਂ ਦਾ ਸ਼ਿਕਾਰ ਸੀ ਮਿਸਾਲ ਵਜੋਂ, ਮੈਂ ਉਹ ਸ਼ਿੱਦਤ-ਭਰੀ ਬਹਿਸ ਨੂੰ ਪੇਸ਼ ਕਰਨ ਦੀ ਕੋਸ਼ਿਸ ਕੀਤੀ ਹੈ ਜੋ ਉਸ ਦੇ ਅੰਦਰ ਆਪਣੇ ਆਪ ਨਾਲ ਚੱਲ ਰਹੀ ਸੀ, ਕਿ ਬਾਬਰ ਨੇ ਕੀ ਪ੍ਰਾਪਤ ਕੀਤਾ ਸੀ ਅਤੇ ਅਕਬਰ ਨੇ ਇਸਲਾਮ ਦੀ ਸ਼ੁੱਧਤਾ ਲਈ ਕੀ ਕੰਮ ਕੀਤਾ ਜਾਂ ਫਿਰ ਦਾਰਾ ਸ਼ਿਕੋਹ ਦੇ ਸਹਿਣਸ਼ੀਲ ਵਤੀਰੇ ਨੇ ਮੁਗ਼ਲ ਸਲਤਨਤ ਲਈ, ਦੂਸਰੇ ਧਰਮਾਂ ਪ੍ਰਤੀ ਸਹਿਣਸ਼ੀਲਤਾ—ਭਰੇ ਵਤੀਰੇ ਨੇ ਕੀ ਲਾਭ ਪਹੁੰਚਾਇਆ।

ਮੈਂ ਉਹ ਅੰਦਰਲੀਆਂ ਪ੍ਰੇਸ਼ਾਨੀਆਂ ਦੀ ਖੋਜ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਭਾਰਤ ਦੇ ਬੀਤੇ ਇਤਿਹਾਸ ਵਿਚਲੇ ਧਾਰਮਿਕ ਝਗੜਿਆਂ ਬਾਰੇ ਰੌਸ਼ਨੀ ਪਾਈ ਜਾ ਸਕੇ। ਨਾਲ ਹੀ ਮੈਂ ਅਜਿਹੀਆਂ ਸਭਿਆਚਾਰਕ ਅਤੇ ਧਾਰਮਿਕ ਜੰਗਾਂ, ਜਿਨ੍ਹਾਂ ਨੇ ਹੋਰ ਸਭਿਆਤਾਵਾਂ ਨੂੰ ਦੁਫੇੜ ਕਰ ਦਿੱਤਾ ਬਾਰੇ ਚਾਨਣਾ ਪਾਇਆ ਹੈ। ਔਰੰਗਜ਼ੇਬ ਦੀਆਂ, ਚਿੰਤਾਂਵਾਂ ਨੂੰ ਅਜਿਹੇ ਹੋਰ ਵੰਨ-




ਸੁਵੰਨੇ ਉਬਾਲਾਂ ਦੇ ਬਰਾਬਰ ਰੱਖ ਕੇ ਵੇਖਿਆ ਹੈ। ਜੋ ਸਾਮੇਰੀਅਨ, ਮਿਸਰ, ਯੂਨਾਨੀ ਅਤੇ ਰੋਮਨ ਇਤਿਹਾਸ ਅਤੇ ਮਿੱਥਾਂ ਨਾਲ ਵਾਪਰਿਆ ਸੀ। ਮੈਂ ਅਨੁਭਵ ਕਰਦਾ ਹਾਂ ਕਿ ਇਤਿਹਾਸਕ ਹਕੀਕਤਾਂ ਬਾਹਰਲੀਆਂ ਅਤੇ ਅੰਦਰਲੀਆਂ ਘਟਨਾਵਾਂ ਦਾ ਗੁੰਝਲਦਾਰ ਮਿਸ਼ਰਣ ਹੁੰਦਾ ਹੈ ਅਤੇ ਜਿੰਨ੍ਹਾਂ ਨੂੰ ਫ਼ੈਸਲੇ ਕਰਨ ਲਈ ਕਿਹਾ ਜਾਂਦਾ ਹੈ, ਇਹ ਉਨ੍ਹਾਂ ਦੇ ਦੁੱਖਾਂ ਅਤੇ ਈਰਖਾਵਾਂ ਦਾ ਨਤੀਜਾ ਹੁੰਦਾ ਹੈ।

? ਕੀ ਤੁਸੀਂ ਦੱਸੋਗੇ ਕਿ ਇਹ ਗੱਲ ਜਨਾਹ ਬਾਰੇ ਵੀ ਸੱਚੀ ਹੈ ?

* ਨਾਵਲ ਵਿਚ ਇਕ ਦ੍ਰਿਸ਼ ਹੈ, ਜਿਸ ਵਿਚ ਮੈਂ ਕਲਪਣਾ ਕਰਦਾ ਹਾਂ ਕਿ ਜਦੋਂ ਜਿੱਨਾਹ ਅਤੇ ਉਸ ਦੀ ਭੈਣ ਫਾਤਿਮਾ ਦੇ ਲਾਗੇ ਸਰਕਾਰੀ ਕਾਗਜ਼ਾਂ ਦਾ ਇਕ ਬੰਡਲ ਪਿਆ ਹੋਇਆ ਸੀ। ਫਾਤਿਮਾ ਉਤੇਜਿਤ ਹੋਈ ਉਸ ਨੂੰ ਆਖਦੀ ਹੈ, "ਵੇਖੋ, ਸਮੁੰਦਰ ਦੀਆਂ ਲਹਿਰਾਂ ਵੀ ਤੁਹਾਡੇ ਸਵਾਗਤ ਲਈ ਉੱਛਲ ਰਹੀਆਂ ਹਨ !" ਜਿੱਨਾਹ ਉਦਾਸੀ ਵਿਚ ਚੁੱਪ ਰਹਿੰਦਾ ਹੈ। ਮੈਂ ਕਲਪਨਾ ਕਰਦ ਹਾਂ ਕਿ ਉਹ ਬੰਬਈ ਛੱਡਣ ਤੋਂ ਪਹਿਲਾਂ ਆਪਣੀ ਪਤਨੀ 'ਰੂਟੀ' ਦੀ ਕਬਰ ਉੱਤੇ ਜ਼ਰੂਰ ਗਿਆ ਹੋਵੇਗਾ। ਜਿਹੜੀ ਗੱਲ ਮੈਂ ਵਿਖਾਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਜਿੱਨਾਹ ਨੂੰ ਮੁਸਲਿਮ ਲੀਗ ਦੀ ਰਾਜਨੀਤੀ ਦੇ ਸਿੱਟਿਆਂ ਬਾਰੇ ਭਰੋਸਾ ਨਹੀਂ ਸੀ ਤੇ ਨਾ ਹੀ ਆਪਣੇ ਕੀਤੇ ਕੰਮਾਂ ਦੇ ਠੀਕ ਹੋਣ ਬਾਰੇ। ਨਹੀਂ ਤੇ ਉਸ ਨੇ ਇਸ ਗੱਲ ਉੱਤੇ ਕਿਉਂ ਜ਼ੋਰ ਦਿੱਤਾ ਕਿ ਉਸ ਦਾ ਬੰਬਈ ਵਿਚਲਾ ਘਰ ਸ਼ਰਨਾਰਥੀ ਜਾਇਦਾਦ ਵਜੋਂ ਵੇਚਿਆ ਨਾ ਜਾਵੇ। ਜਿੱਨਾਹ ਲਈ ਵੱਖਰੀ ਇਸਲਾਮੀ ਸਟੇਟ ਇਕ ਰਾਜਸੀ ਮੁਆਮਲੇ ਵਰਗੀ ਮਜ਼ਬੂਰੀ ਸੀ। ਉਹ ਬਸਤੀਵਾਦੀ ਸਟੇਟ ਅਧੀਨ ਮੁਸਲਮਾਨਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣਾ ਚਾਹੁੰਦਾ ਸੀ ਅਤੇ ਸਾਰੇ ਭਾਰਤੀਆਂ ਦੀ ਖੁਸ਼ਹਾਲੀ ਦੀ ਥਾਂ ਇਕ ਬਰਾਦਰੀ ਦੇ ਮਸਲੇ ਹੱਲ ਕਰਨਾ ਚਾਹੁੰਦਾ ਸੀ। ਇਹ ਕੰਮ ਕਰਨ ਲਈ ਉਸ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਕਾਂਗਰਸੀ ਹਾਕਮਾਂ ਨਾਲੋਂ ਵਧੇਰੇ ਭਰੋਸੇਯੋਗ ਅਤੇ ਵਿਸ਼ਵਾਸ ਯੋਗ ਸੀ। ਇਸ ਦੀ ਥਾਂ ਉਸ ਨੂੰ ਚਾਹੀਦਾ ਸੀ ਕਿ ਉਹ ਆਪਣੀ ਆਤਮਾ ਦਾ ਸਾਹਮਣਾ ਕਰਦਾ ਅਤੇ ਆਪਣੀ ਜ਼ਮੀਰ ਦੇ ਅਨੁਸਾਰ ਕੰਮ ਕਰਦਾ।

? ਕੀ ਤੁਸੀਂ ਇਸ ਦਾ ਹੋਰ ਵਿਸਥਾਰ ਦੇ ਸਕਦੇ ਹੋ ?

* ਅੰਤਿਮ ਗੱਲਬਾਤ ਵੇਲੇ, ਮਾਊਂਟਬੇਟਨ ਨੇ ਜਿੱਨਾਹ ਨੂੰ ਦੱਸਿਆ ਕਿ ਨਹਿਰੂ, ਪਟੇਲ ਅਤੇ ਕਿਰਪਲਾਨੀ ਭਾਰਤ ਦੀ ਵੰਡ ਬਾਰੇ ਸਹਿਮਤ ਹੋਣ ਦਾ ਫ਼ੈਸਲਾ ਕਰ ਚੁੱਕੇ ਹਨ। ਉਸ ਨੇ ਜਿੱਨਾਹ ਨੂੰ ਦੱਸਿਆ ਕਿ ਪਾਕਿਸਤਾਨ ਉਸ ਨੂੰ ਥਾਲੀ ਵਿਚ ਪਰੋਸ ਕੇ ਦਿੱਤਾ ਜਾ ਰਿਹਾ ਹੈ। ਉਸ ਨੇ ਅਗਲੇ ਦਿਨ ਹੀ ਮੀਟਿੰਗ ਵਿਚ ਕੇਵਲ ਇੰਨਾ ਹੀ ਕਰਨਾ ਹੈ ਕਿ ਦੇਸ਼ ਦੀ ਤਕਸੀਮ ਦੀ ਤਜਵੀਜ਼ ਪ੍ਰਤੀ, ਹੁੰਗਾਰੇ ਵਜੋਂ ਆਪਣਾ ਸਿਰ ਹੀ ਹਿਲਾਉਣਾ ਹੈ। ਇਸ ਬਾਰੇ ਜਿੱਨਾਹ ਦਾ ਪ੍ਰਤੀਕਰਮ ਦਿਲਚਸਪ ਸੀ। ਉਸ ਨੇ ਮਾਊਂਟਬੇਟਨ ਨੂੰ ਦੱਸਿਆ ਕਿ ਉਸ ਨੇ ਆਪਣੇ ਪਾਰਟੀ ਦੇ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨਾ ਹੈ, ਸਾਨੂੰ ਪਤਾ ਹੈ ਕਿ ਮਾਊਂਟਬੇਟਨ ਨੇ ਵਿਅੰਗ ਨਾਲ ਉਸ ਨੂੰ ਪੁੱਛਿਆ, "ਕਿਹੜੀ ਪਾਰਟੀ ਹੈ ? ਮਿਸਟਰ ਜਿੱਨਾਹ, ਤੁਹਾਡਾ ਇਸ ਤੋਂ ਕੀ ਭਾਵ ਹੈ। ਤੁਸੀਂ ਹੀ ਪਾਰਅੀ ਹੋ।" ਸਾਨੂੰ ਕੱਲ ਦੀ ਮੀਟਿੰਗ ਵਿਚ ਦੱਸ ਦਿਓ ਕਿ ਤੁਸੀਂ ਪਾਕਿਸਤਾਨ ਲੈਣਾ ਚਾਹੁੰਦੇ ਹਾਂ ਜਾਂ ਨਹੀਂ।" ਇੰਝ ਜਾਪਦਾ ਹੈ ਕਿ ਜਿੱਨਾਹ ਸੋਚਵਾਨ ਹੋ ਗਿਆ। ਉਸ ਨੇ ਉੱਤਰ ਵਿਚ ਕੁਝ ਨਾ ਕਿਹਾ। ਮਾਊਂਟਬੇਟਨ ਠੀਕ

ਸੀ। ਜਿੱਨਾਹ ਹੀ ਮੁਸਲਿਮ ਲੀਗ ਸੀ। ਇਹ ਗੱਲ ਦਿਲਚਸਪੀ ਵਾਲੀ ਹੈ ਕਿ ਉਸ ਮੀਟਿੰਗ ਦੀ ਕਾਰਵਾਈ ਰੀਕਾਰਡ ਵਿਚ ਨਹੀਂ ਕਿ ਕੀ ਜਿੱਨਾਹ ਨੇ ਦੇਸ਼-ਵੰਡ ਨੂੰ ਪ੍ਰਵਾਨ ਕੀਤਾ ਸੀ ਜਾਂ ਨਹੀਂ। ਕਾਰਵਾਈ ਵਿਚ ਕੇਵਲ ਇੰਨਾ ਹੀ ਲਿਖਿਆ ਹੈ ਕਿ ਉਸ ਨੇ ਸਿਰ ਹਿਲਾਇਆ ਅਤੇ ਬਾਕੀ ਗੱਲ ਮਾਊਂਟਬੇਟਨ ਉੱਤੇ ਛੱਡ ਦਿੱਤੀ ਕਿ ਉਹ ਇਸ ਸੰਕੇਤ ਤੋਂ ਅਨੁਮਾਨ ਲਾ ਲਵੇ ਕਿ ਕੀ ਉਸ ਨੂੰ ਇਹ ਤਜ਼ਵੀਜ਼ ਪ੍ਰਵਾਨ ਹੈ ਕਿ ਨਹੀਂ ਅਤੇ ਉਸ ਨੂੰ ਕੋਈ ਇਤਰਾਜ਼ ਨਹੀਂ, ਕਿਉਂਕਿ ਇਹ ਤਜ਼ਵੀਜ਼, ਉਸ ਦੀ ਸੋਚ ਹੋਈ ਤਜ਼ਵੀਜ਼ ਨਾਲੋਂ ਬਿਲੁਕਲ ਵੱਖਰੀ ਸੀ।

? ਕੀ ਤੁਸੀਂ ਸੁਝਾਅ ਦੇ ਰਹੇ ਹੋ ਕਿ ਅਖੀਰ ਤੀਕ ਜਿੱਨਾਹ ਪਾਕਿਸਤਾਨ ਨੂੰ ਇਕ ਵੱਖਰੀ ਕੌਮ ਵਜੋਂ ਨਹੀਂ ਸੀ ਚਾਹੁੰਦਾ ? ਜਿੱਨਾਹ ਦੀ ਜੀਵਨੀ ਵਿਚ ਸਟੈਨੇਲ ਵਾਲਪਰਟ (Stanley Wolport) ਦੇ ਕੀਤੇ ਦਾਅਵਿਆਂ ਵਿਚੋਂ ਇਕ ਇਹ ਹੈ।

* ਨਹੀਂ ਮੈਂ ਜੋ ਸੁਝਾਅ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਜਿੱਨਾਹ ਦੁਬਿਧਾ ਵਿਚ ਸੀ। ਉਸ ਨੂੰ ਯਕੀਨ ਨਹੀਂ ਸੀ ਕਿ ਉਸ ਦਾ ਅਗਲਾ ਕਦਮ ਕੀ ਹੋਵੇਗਾ। ਇਕ ਕਥਨ ਹੈ ਕਿ ਕੋਈ ਆਦਮੀ ਸ਼ੇਰ ਦੀ ਸਵਾਰੀ ਤਾਂ ਕਰ ਸਕਦਾ ਹੈ, ਪਰ ਉਸ ਲਈ ਥੱਲੇ ਉਤਰਨਾ ਮੁਸ਼ਕਿਲ ਹੁੰਦਾ ਹੈ। ਮੇਰਾ ਖ਼ਿਆਲ ਹੈ ਕਿ ਜਿੱਨਾਹ ਦੀ ਇਹੀ ਹਾਲਤ ਸੀ। ਨਹੀਂ ਤੇ ਵਿਧਾਨ-ਘੜਨੀ ਅਸੈਂਬਲੀ ਵਿਚ 14 ਅਗਸਤ 1947 ਨੂੰ ਉਖੁਸ ਨੇ ਇਹ ਕਿਉਂ ਆਖਣਾ ਸੀ ਕਿ ਉਹ ਪਾਕਿਸਤਾਨ ਨੂੰ ਇਕ ਧਰਮ-ਨਿਰਪੱਖ ਸਟੇਟ ਚਾਹੁੰਦਾ ਹੈ ? ਇਹ ਤੱਥ, ਪਾਕਿਸਤਾਨ ਦੇ ਸਰਕਾਰੀ ਇਤਿਹਾਸਾਂ ਵਿਚ ਦਰਜ ਨਹੀਂ ਹੈ। ਜੇ ਉਹ ਧਰਮ ਨਿਰਪੱਖ ਕੌਮ ਚਾਹੁੰਦਾ ਸੀ, ਤਾਂ ਉਸ ਨੇ ਪਾਕਿਸਤਾਨ ਦੀ ਸਥਾਪਨਾ ਦੀ ਮੰਗ ਕਿਉਂ ਕਰਨੀ ਸੀ ?

? ਇਹ ਨਿਰੰਸਦੇਹ ਦੇਸ਼ ਦੀ ਵੰਡ ਦੀ ਕਹਾਣੀ ਦਾ ਇਕ ਵਚਿੱਤਰ ਪੱਖ ਹੈ। ਜਿਥੋਂ ਤੀਕ ਮੇਰਾ ਸੰਬੰਧ ਹੈ, ਉਸ ਨਾਲ ਜੋ ਕੁਝ ਇਹਿਾਸਕਾਰ ਆਇਸ਼ਾ ਜਲਾਲ ਨੇ ਆਪਣੀ ਜਿੱਨਾਹ ਵਾਲੀ ਕਿਤਾਬ ਵਿਚ ਲਿਖਿਆ ਹੈ, ਉਸ ਵਿਚ ਆਬਯਾਰਥਕ ਅਤੇ ਊਲ-ਜਲੂਲ ਦਾ ਵਾਧਾ ਹੋ ਗਿਆ ਹੈ। ਭਾਵੇਂ ਉਸ ਲਈ ਜਿੱਨਾਹ ਇਕ ਨਾਇਕ ਹੈ ਅਤੇ ਉਹ ਦਾਅ ਪੇਚਕ ਤੌਰ ’ਤੇ ਬੜਾ ਰੌਸ਼ਨ-ਦਿਮਾਗ ਆਗੂ ਹੈ। ਇਕ ਪਾਠਕ ਹੁਣ ਉਸ ਦੀ ਕਿਤਾਬ ਨੂੰ ਇਸ ਤੱਥ ਬਾਰੇ ਤਰੋੜ (Decoustruct) ਮਰੋੜ ਸਕਦਾ ਹੈ ਤੇ ਇਹ ਵਿਖਾ ਸਕਦਾ ਹੈ ਕਿ ਉਹ ਕਿੰਨੀ ਸਵੈ-ਵਿਰੋਧੀ ਹੈ।

ਇਸੇ ਪ੍ਰਸੰਗ ਵਿਚ ਮੈਨੂੰ ਇਹ ਸਵਾਲ ਪੁੱਛਣ ਦੀ ਇਜਾਜ਼ਤ ਦਿਓ ਕਿ ਤੁਹਾਡੇ ਨਾਵਲ ਵਿਚ ਜਿੱਨਾਹ ਦਾ ਬਰਤਾਨੀਆ ਨਾਲ ਕੀ ਵਿਹਾਰ ਸੀ ? ਤੁਸੀਂ ਸੁਝਾਅ ਰਹੇ ਹੋ ਕਿ ਜਿੱਨਾਹ ਅਤੇ ਬਰਤਾਨੀਆਂ ਵਿਚਕਾਰ ਕੋਈ ਗੁਪਤ ਸਮਝਦਾਰੀ ਸੀ। ਅਸੀਂ ਇਸ ਗੱਲ ਬਾਰੇ ਬੜਾ ਘੱਟ ਜਾਣਦੇ ਹਾਂ ਕਿ 1930 ਅਤੇ 1933 ਵਿਚਕਾਰ ਜਿੱਨਾਹ ਕੀ ਕਰਵਾ ਰਿਹਾ ਸੀ। ਜਦੋਂ ਉਹ ਇੰਗਲੈਂਡ ਵਿਚ ਰਾਸ਼ਟਰੀ ਰਾਜਨੀਤੀ ਤੋਂ ਖੁਦ ਸਹੇੜਿਆ ਦੇਸ਼-ਨਿਕਾਲਾ ਭੋਗ ਰਿਹਾ ਸੀ। ਨਾਵਲ ਵਿਚ ਇਸ ਸਵੈ-ਜੀਵਨ ਮੂਲਕ ਜਿਕਰ (ਸ਼ਤਡਜਠਤ) ਨੂੰ ਪੂਰਨ ਲਈ ਇਹ ਅਨੁਮਾਨ ਲਾਉਂਦੇ ਹੋ ਕਿ ਜਿੱਨਾਹ ਨੂੰ ਆਪਣੇ ਸਾਮਰਾਜੀ ਮਨੋਰਥ ਪੂਰੇ ਕਰਨ ਲਈ ਬਰਤਾਨਵੀ ਰਾਜਨੀਤੀਵਾਨਾਂ ਨੇ ਵਰਤਿਆ ਸੀ। ਕੀ ਤੁਹਾਡੇ ਕੋਲ ਇਸ ਦਾ ਕੋਈ ਸਬੂਤ ਹੈ ?

* ਜਦੋਂ ਮੈਂ ਜਿੱਨਾਹ ਵਾਲੇ ਭਾਗਾਂ ਬਾਰੇ ਸੋਚ ਰਿਹਾ ਸੀ ਤਾਂ ਮੈਂ ਹੈਰਾਨ ਹੁੰਦਾ ਸੀ ਕਿ ਕਿਉਂ ਬੜਾ ਲਾਹੇਵੰਦਾ ਪੇਸ਼ਾ ਛੱਡ ਦਿੱਤਾ ਤੇ ਲੰਡਨ ਵਿਚ ਗੁੰਮਨਾਮੀ ਦਾ ਰਾਹ ਫੜਿਆ। ਮੈਂ ਉਨ੍ਹਾਂ ਦਿਨਾਂ ਵਿਚ ਕੋਈ ਵਿਸਥਾਰ ਪੂਰਬਕ ਵੇਰਵਾ ਪ੍ਰਾਪਤ ਨਾ ਕਰ ਸਕਿਆ। ਜਦੋਂ ਮੈਂ ਲੰਡਨ ਗਿਆ ਤਾਂ ਮੈਂ ਕੁਝ ਖੋਜ-ਪੜਤਾਲ ਕੀਤੀ। ਮੈਂ ਇਹ ਤਲਾਸ਼ ਕਰਨ ਦੀ ਕੋਸ਼ਿਸ਼ ਕੀਤੀ ਕਿ ਉਸ ਨੇ ਉਨ੍ਹਾਂ ਦਿਨਾਂ ਵਿਚ ਕੀ ਕੰਮ ਕੀਤਾ। ਕੀ ਉਹ ਨਿੱਸਲ ਹੋ ਕੇ (Hibeenate) ਬੈਠ ਰਿਹਾ? ਉਸ ਨੇ ਕਾਨੂੰਨੀ ਕੋਈ ਕੰਮ ਨਾ ਕੀਤਾ, ਨਾ ਹੀ ਉਸ ਨੇ ਪ੍ਰਗਟ ਤੌਰ ’ਤੇ ਕੋਈ ਰਾਜਸੀ ਸਰਗਰਮੀ ਕੀਤੀ।

? ਯਕੀਨੀ ਤੌਰ ’ਤੇ ਉਹ ਚੁੱਪਚਾਪ ਰਹਿਣ ਵਾਲਾ ਬੰਦਾ ਨਹੀਂ ਸੀ ਤੇ ਨਾ ਨਿੱਸਲ ਹੋ ਕੇ ਬੈਠਾ ਰਿਹਾ।

* ਨਹੀਂ। ਉਹ ਬੜਾ ਸਰਗਰਮ ਵਿਅਕਤੀ ਸੀ। ਮੈਨੂੰ ਪਤਾ ਲੱਗ ਕਿ ਬਰਤਾਨੀਆ ਦੇ ਰੂੜੀਵਾਦੀ ਰਾਜਨੀਤੀਵਾਨਾਂ ਨਾਲ ਉਹ ਬਕਾਇਦਾ ਮੀਟਿੰਗਾਂ ਕਰਵਾ ਰਿਹਾ ਸੀ। ਚੇਤੇ ਰਹੇ ਕਿ ਜਿੱਨਾਹ ਨੇ ਰਹਿਮਤ ਦੀ ਪਾਕਿਸਤਾਨ ਬਾਰੇ ਤਜ਼ਵੀਜ਼ਾਂ ਨੂੰ ਫਜ਼ੂਲ ਕਹਿ ਕੇ ਰੱਦ ਕਰ ਦਿੱਤਾ ਸੀ। ਐਪਰ ਠੀਕ ਉਸ ਦੇ ਲੰਡਨ ਰਹਿਣ ਦੇ ਸਾਲਾਂ ਵਿਚ ਹੀ ਜਿੱਨਾਹ ਨੇ ਰਹਿਮਤ ਅਲੀ ਦੀਆਂ ਤਜਵੀਜ਼ਾਂ ਨੂੰ ਫ਼ਜ਼ੂਲ ਕਹਿਣ ਬਾਅਦ ਉਨ੍ਹਾਂ ਵਿਚ ਦਿਲਚਸਪੀ ਜੀਵੰਤ ਕਰ ਲਈ ਸੀ। ਉਨ੍ਹਾਂ ਹੀ ਸਾਲਾਂ ਵਿਚ, ਰਵਾਇਤੀ ਰਾਜਨੀਤੀਵਾਨਾਂ ਨੇ ਇੰਗਲੈਂਡ ਵਿਚ ਰਹਿਮਤ ਅਲੀ ਦਾ ਪਾਕਿਸਤਾਨ ਬਾਰੇ ਪੈਂਫਲਿਟ ਲੱਭ ਲਿਆ ਸੀ ਤੇ ਉਸ ਦਾ ਅਧਿਐਨ ਕਰਕੇ, ਉਸ ਨੂੰ ਠੀਕ ਸਿੱਧ ਕਰਨਾ ਸ਼ੁਰੂ ਕਰ ਦਿੱਤਾ ਸੀ। ਮੇਰੇ ਕੋਲ ਉਹ ਸਾਰੇ ਵੇਰਵੇ ਨਹੀਂ ਹਨ ਜੋ ਜਿੱਨਾਹ ਨੂੰ ਪਾਕਿਸਤਾਨ ਦੇ ਖ਼ਿਆਲ ਵਿਚ ਦੁਬਾਰਾ ਦਿਲਚਸਪੀ ਦਾ ਕਾਰਨ ਬਣੇ ਅਤੇ ਸਾਮਰਾਜੀ ਤੇ ਰਵਾਇਤੀ ਸਿਆਸਤਦਾਨਾਂ ਦੀ ਦਿਲਚਸਪੀ ਦਾ ਵੀ। ਉਹ ਹੁਣ ਪ੍ਰਾਪਤ ਨਹੀਂ ਹੋ ਸਕਦੇ। ਐਪਰ ਅਸੀਂ ਉਨ੍ਹਾਂ ਰਾਜਨੀਤੀਵਾਨਾਂ ਦੇ ਨਾਂ ਜਾਣਦੇ ਹਾਂ। ਜਿਨ੍ਹਾਂ ਨਾਲ ਉਨ੍ਹਾਂ ਦਾ ਭਾਈਚਾਰਾ ਸੀ ਤੇ ਜਿੰਨ੍ਹਾਂ ਨੂੰ ਮਿਲਦੇ ਹੁੰਦੇ ਸਨ। ਉਹ ਉਸ ਦੇ ਗਾਹਕ (Client) ਜਾਂ ਕਾਨੂੰਨੀ ਸਹਿਕਰਮੀ ਨਹੀਂ ਸਨ। ਉਹ ਰਾਜਨੀਤੀਵਾਨ ਸਨ। ਜਦੋਂ ਮੈਂ ਇਸ ਬਾਰੇ ਸੋਚਿਆ ਤਾਂ ਮੈਂ ਹੈਰਾਨ ਹੋਇਆ ਕਿ ਕੀ ਪਾਕਿਸਤਾਨ ਦਾ ਵਿਚਾਰ ਉਨ੍ਹਾਂ ਪਾਰਟੀਆਂ ਅਤੇ ਭੋਜਨ-ਮਿਲਣੀਆਂ ਵਿਚ ਦੁਬਾਰਾ ਸੁੱਝਿਆ ਸੀ।

ਨਾਵਲ ਵਿਚ ਮੈਂ ਅਨੁਮਾਨ ਲਾਉਂਦਾ ਹਾਂ ਕਿ ਕੀ ਪਾਕਿਸਤਾਨ ਦੇ ਮੁੱਦੇ ਨੂੰ ਜਿੱਨਾਹ ਦੀ ਸਹਾਇਤਾ ਨਾਲ ਉਠਾਉਖ਼ਣਾ ਕੀ ਕਾਂਗਰਸ ਦੀ ਆਜ਼ਾਦੀ ਦੀ ਮੰਗ ਨੂੰ, ਅਸਫ਼ਲ ਕਰਨ ਦੀ ਜਾਣ ਬੁੱਝ ਕੇ ਕੀਤੀ ਸਾਜਿਸ਼ ਸੀ। ਕੀ ਇਨ੍ਹਾਂ ਪਾਰਟੀਆਂ ਵਿਚ ਪਾਕਿਸਤਾਨ ਦਾ ਮੁੱਦਾ ਜਾਣ ਬੁੱਝ ਕੇ ਉਭਾਰਿਆ ਗਿਆ ਸੀ ? ਇਹ ਹੈਰਾਨੀ ਦੀ ਗੱਲ ਹੈ ਕਿ ਲੰਡਨ ਵਿਚਲੇ ਬਿਤਾਏ ਸਮੇਂ

ਬਾਰੇ ਕੋਈ ਨੋਟ ਕਿਤੇ ਦਰਜ ਨਹੀਂ ਹਨ। ਉਸ ਦੀਆਂ ਡਾਇਰੀਆਂ ਵਿਚ ਹੀ ਕੋਈ ਜ਼ਿਕਰ ਆਉਂਦਾ ਹੈ। ਗੱਲ ਹੈਰਾਨੀਜਨਕ ਹੈ। ਆਖਰਕਾਰ ਜਿੱਨਾਹ ਬੜਾ ਉਤਸ਼ਾਹੀ ਤੇ ਜ਼ਿੰਦਾ ਦਿਲ ਆਦਮੀ ਸੀ। ਉਸ ਨੇ ਉਨ੍ਹਾਂ ਸਾਲਾਂ ਵਿਚ ਇੰਗਲੈਂਡ ਵਿਚ ਕੀ ਕੰਮਾ ਕੀਤਾ ਸੀ ?

? ਮੈਨੂੰ ਉਸ ਦੀ ਜੀਵਨੀ ਵਿਚਲੇ ਕੁਝ ਟੁਕੜੇ ਯਾਦ ਆਉਂਦੇ ਹਨ, ਜੋ ਉਸ ਨੇ ਉਨ੍ਹਾਂ ਸਾਲਾਂ ਵਿਚ ਲੰਡਨ ਵਿਚ ਲਿਖੇ। ਉਸ ਦੀ ਛੋਟੀ ਜਿਹੀ ਕਾਨੂੰਨੀ ਪ੍ਰੈਕਟਿਸ ਸੀ। ਉਹ ਆਪਣੇ ਦੁਆਰਕਾ ਦਾਸ ਵਰਗੇ ਪੁਰਾਣੇ ਮਿੱਤਰਾਂ ਦੇ ਵੀ ਬੜਾ ਨੇੜੇ ਸੀ। ਆਪਣੇ ਧਰਮ ਨਿਰਪੱਖ ਝੁਕਾਵਾਂ ਨੂੰ ਕਾਇਮ ਰੱਖਦੇ ਹੋਏ ਅਸੀਂ ਜਾਣਦੇ ਹਾਂ ਕਿ ਉਸ ਨੇ ਫੇਬੀਅਨ ਸੋਸਾਇਟੀ ਦੀ ਮੈਂਬਰੀ ਉਸ ਆਸ ਨਾਲ ਲਈ ਸੀ ਕਿ ਇੰਗਲੈਂਡ ਵਿਚ ਪਾਰਲੀਮੈਂਟ ਦੀ ਚੋਣ ਲੜਨਗੇ। ਜਦੋਂ ਉਹ ਇਹ ਨਾਮਜ਼ਦਗੀ ਪ੍ਰਾਪਤ ਕਰਨ ਵਿਚ ਅਸਫ਼ਲ ਰਿਹਾ ਤਾਂ ਉਸ ਨੇ ਕਨਜ਼ਰਵੇਟਿਵ ਪਾਰਟੀ ਨੂੰ ਕਿਸੇ ਹਲਕੇ ਲਈ ਪ੍ਰਵਾਨਗੀ ਦੇਣ ਲਈ ਕੋਸ਼ਿਸ਼ ਕੀਤੀ। ਉਹ ਨਿਰਾਸ਼ ਹੋ ਗਿਆ ਕਿ ਉਹ ਬਰਤਾਨਵੀ ਪਾਰਲੀਮੈਂਟ ਦੀ ਸੀਟ ਨਾ ਲੜ ਸਕਿਆ।

ਉਹ ਵਿਸ਼ੇਸ਼ ਤੌਰ ਤੇ 1932 ਵਿਚ ਰਹਿਮਤ ਅਲੀ ਦੇ ਕਿਤਾਬਚੇ, "ਹੁਣ ਜਾਂ ਕਦੇ ਵੀ ਨਹੀਂ', 'ਅਸੀਂ ਜਿਊਂਦੇ ਰਹਿਣਾ ਹੈ ਜਾਂ ਸਦਾ ਲਈ ਖਤਮ ਹੋ ਜਾਣਾ ਹੈ" ਤੋਂ ਪ੍ਰਭਾਵਿਤ ਨਹੀਂ ਸੀ। ਅਸਲ ਵਿਚ ਜਿੱਨਾਹ ਨੇ ਰਹਿਮਤ ਅਲੀ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ ਸੀ। ਪਾਕਿਸਤਾਨ ਦੀ ਤਜਵੀਜ਼ ਜਿਵੇਂ ਕਿ ਤੁਸੀਂ ਠੀਕ ਆਖਦੇ ਹੋ, ਕਨਜ਼ਰਵੇਟਿਵ ਪਾਰਟੀ ਦੇ ਰਾਜਨੀਤੀਵਾਨ ਸਰ ਮਾਈਕਲ ਉਡਵਾਇਰ, ਜੋ ਜਲ੍ਹਿਆਂ ਵਾਲੇ ਬਾਗ ਦੀ ਪ੍ਰਸਿੱਧਤਾ ਵਾਲਾ ਸੀ, ਵੀ ਸਮਰਥਨ ਕਰਦੇ ਸਨ। ਅਸਲ ਵਿਚ ਸਟਾਨਲੇ ਵੋਲਪਰਟ ਦਾ ਅਨੁਮਾਨ ਹੈ ਕਿ ਪਾਕਿਸਤਾਨ ਦੀ ਮੰਗ, ਉਡਵਾਇਰ ਵਰਗੇ ਰਾਜਨੀਤੀਵਾਨਾਂ ਦੀ ਉਕਸਾਹਟ ਨਾਲ ਹੀ ਦੁਬਾਰਾ ਉਭਾਰੀ ਗਈ ਹੋਵੇ।

ਕੀ ਤੁਸੀਂ ਸੁਝਾਅ ਦੇ ਰਹੇ ਹੋ ਕਿ ਜਿੱਨਾਹ ਬਸਤੀਵਾਦੀ ਰਾਜ ਪ੍ਰਬੰਧ ਦੇ ਬਰਤਾਨੀਆਂ ਵਾਲੇ ਜਾਲ ਵਿਚ ਫਸ ਗਿਆ ਸੀ ? ਤੁਸੀਂ ਆਪਣੇ ਨਾਵਲ ਵਿਚ ਇਹ ਸੰਕਤੇ ਦੇਣਾ ਚਾਹੁੰਦੇ ਹੋ। ਤੁਹਾਡੇ ਅਨੁਸਾਰ ਜਿੱਨਾਹ ਦੀ ਪਾਕਿਸਤਾਨ ਬਾਰੇ ਮੰਗ ਦਾ ਆਜ਼ਾਦ ਭਾਰਤ ਵਿਚ ਮੁਸਲਮਾਨਾਂ ਉੱਤੇ ਅਤਿਆਚਾਰ ਨਾਲ ਕੋਈ ਸੰਬੰਧ ਨਹੀਂ। ਕੀ ਤੁਸੀਂ ਕਹੋਗੇ ਕਿ ਜਿੱਨਾਹ ਨੂੰ ਤਾਕਤ ਦਾ ਲੋੜ ਆ ਗਿਆ ਸੀ ਤੇ ਉਹ ਮੁਸਲਿਮ-ਲੀਗ ਦੀ ਅਗਵਾਈ ਕਰਨ ਆਪਣੇ ਚੰਗੇਰੇ ਜਜ਼ਬਿਆਂ ਅਤੇ ਵਿਸ਼ਵਾਸ਼ਾਂ ਦੇ ਵਿਰੁੱਧ ਭਾਰਤ ਪਰਤਿਆ ਸੀ।

* ਹਾਂ ਮੈਂ ਸੋਚਦਾ ਹਾਂ ਕਿ ਉਹ ਤਾਕਤ ਦੀ ਸੰਭਾਵਨਾ ਦੇ ਲਾਲਚ ਵਿਚ ਆ ਗਿਆ ਸੀ ਅਤੇ ਬਰਤਾਨੀਆਂ ਵਲੋਂ ਭਾਰਤ ਨੂੰ ਵੰਡਣ ਦੀ ਸਾਜਿਸ਼ ਸੀ। ਚੇਤੇ ਰੱਖੋ ਕਿ ਗਵਰਨਰ-ਜਨਰਲ ਵਜੋਂ ਲਾਰਡ ਵੇਵਿਲ ਦੀ ਥਾਂ ਮਾਊਂਟਬੇਟਨ ਨੂੰ ਭੇਜਿਆ ਗਿਆ ਸੀ। ਮਾਊਂਟਬੇਟਨ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ, ਉਹ ਚਰਚਲ ਨੂੰ ਮਿਲਿਆ ਸੀ ਅਤੇ ਯਕੀਨੀ ਤੌਰ 'ਤੇ ਉਸ ਨੂੰ ਦੇਸ਼ ਨੂੰ ਵੰਡਣ ਲਈ ਹਦਾਇਤ ਕੀਤੀ ਗਈ ਸੀ।

? ਨਾਵਲ ਵਿਚ ਤੁਸੀਂ ਸੁਝਾਅ ਦਿੱਤਾ ਸੀ ਕਿ ਬਰਤਾਨੀਆ ਭਾਰਤ ਨੂੰ ਧਾਰਮਿਕ ਲੀਹਾਂ ਉੱਤੇ ਵੰਡਣ ਲਈ 1857 ਦਾ ਬਦਲਾ ਲੈਣਾ ਚਾਹੁੰਦਾ ਸੀ।

* ਹਾਂ, ਮੈਨੂੰ ਯਕੀਨ ਹੈ। ਅਸਲ ਵਿਚ ਨਾਵਲ ਦੇ ਇਸ ਨੁਕਤੇ ਤੇ ਭਗਤ ਸਿੰਘ ਦੀ ਆਤਮਾ ਪ੍ਰਗਟ ਹੁੰਦੀ ਹੈ ਅਤੇ ਮਾਊਂਟਬੇਟਨ ਨੂੰ ਦੱਸਦੀ ਹੈ ਕਿ ਭਾਰਤ ਨੂੰ ਵੰਡਣਾ ਬਰਤਾਨੀਆ ਦੀ ਸਾਜਿਸ਼ ਸੀ ਅਤੇ ਉਹ ਉਸ ਸਭਿਆਚਾਰ ਤੋਂ ਬਦਲਾ ਲੈਣਾ ਚਾਹੁੰਦਾ ਸੀ। ਜਿਸ ਨੇ 1857 ਦੇ ਛੇਤੀ ਬਾਅਦ ਉਹ ਮੁਸਲਮਾਨਾਂ ਉੱਤੇ ਜ਼ਬਰ ਕਰਨਾ ਚਾਹੁੰਦੇ ਸਨ। ਮਗਰੋਂ ਜਦੋਂ ਉਹ ਮੁਸਲਮਾਨ ਬਾਗੀਆਂ ਨੂੰ ਸ਼ਾਂਤ ਕਰਨ ਵਿਚ ਸਫ਼ਲ ਹੋ ਗਏ ਤਾਂ ਉਨ੍ਹਾਂ ਅਨੁਭਵ ਕੀਤਾ ਕਿ ਜੇ ਉਨ੍ਹਾਂ ਨੂੰ ਭਾਰਤ ਵਿਚ ਆਪਣੀ ਤਾਕਤ ਨੂੰ ਕਾਇਮ ਰੱਖਣਾ ਹੈ, ਤਾਂ ਯੁੱਧ-ਨੀਤੀ ਵਜੋਂ ਇਹ ਗੱਲ ਲਾਹੇਵੰਦ ਹੋਵੇਗੀ ਕਿ ਧਾਰਮਿਕ ਬਰਾਦਰੀਆਂ ਨੂੰ ਵੰਡੀ ਰੱਖਿਆ ਜਾਵੇ ਤੇ ਇਕ ਦੂਸਰੇ ਪ੍ਰਤੀ ਸ਼ੱਕੀ ਬਣਾਇਆ ਜਾਵੇ। ਉਹ ਸਪੱਸ਼ਟ ਭਾਂਤ ਉਪ-ਮਹਾਂਦੀਪ ਉੱਤੇ ਆਪਣੀ ਪਕੜ ਨੂੰ ਢਿੱਲਾ ਨਹੀਂ ਸੀ ਕਰਨਾ ਚਾਹੁੰਦੇ।

? ਉਹ ਕਿਉਂ ਕਰਦੇ ? ਆਖਰ ਭਾਰਤ ਇਕ ਲਾਹੇਵੰਦ ਮਾਮਲਾ ਸੀ।

* ਸੱਚ ਹੈ। ਐਪਰ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੰਤ ਉੱਤੇ, ਵਿਸ਼ਵ ਦੀ ਸਫ਼ਲ ਬਦਲਣੀ ਸ਼ੁਰੂ ਹੋ ਗਈ। ਇਹ ਗੱਲ ਬਰਤਾਨੀਆਂ ਨੂੰ ਸਪੱਸ਼ਟ ਹੋ ਗਈ ਹੋਵੇਗੀ ਕਿ ਉਹ ਬਹੁਤੀ ਦੇਰ ਤੀਕ ਭਾਰਤ ਉੱਤੇ ਆਪਣੀ ਪਕੜ ਕਾਇਮ ਨਹੀਂ ਸੀ ਰੱਖ ਸਕਦੇ। ਨਾਲ ਹੀ ਭਾਰਤ ਵਿਚ ਤਿਲਕ, ਗੋਖਲੇ, ਗਾਂਧੀ ਅਤੇ ਭਗਤ ਸਿੰਘ ਆਦਿ ਵਲੋਂ ਤਕੜਾ ਵਿਰੋਧ ਪ੍ਰਗਟ ਕੀਤਾ ਜਾ ਰਿਹਾ ਸੀ। ਮੈਂ ਸਮਝਦਾ ਹਾਂ ਕਿ ਬਰਤਾਨੀਆਂ ਨੇ ਸਮਝ ਲਿਆ ਹੋਵੇਗਾ ਕਿ ਸਲਤਨਤ ਆਖਰਕਾਰ ਉਨ੍ਹਾਂ ਦੇ ਹੱਥਾਂ ਵਿਚੋਂ ਖਿਸਕਦੀ ਜਾ ਰਹੀ ਸੀ। ਉਨ੍ਹਾਂ ਦੀ ਰੀੜ ਦੀ ਹੱਡੀ ਦੋਵਾਂ ਜੰਗਾਂ ਵਿਚ ਟੁੱਟ ਗਈ ਸੀ। ਸੋ ਪ੍ਰਗਟ ਤੌਰ 'ਤੇ ਉਹ ਭਾਵੇਂ ਜਾਣਾ ਨਹੀਂ ਸੀ ਚਾਹੁੰਦੇ, ਐਪਰ ਹੁਣ ਉਹ ਆਪਣੀ ਸਲਤਨਤ (empire) ਨੂੰ ਕਾਇਕਮ ਨਹੀਂ ਸੀ ਰੱਖ ਸਕਦੇ। ਉਹ ਨਿਰਾਸ਼ ਵੀ ਸਨ ਅਤੇ ਜ਼ਿੱਦੀ ਵੀ। ਇਸ ਅਜੀਬ ਸਥਿਤੀ ਵਿਚ ਉਨ੍ਹਾਂ ਦੇ ਸਾਮਰਾਜੀ ਆਪੇ ਨੇ ਭਾਰਤ ਨੂੰ ਤਬਾਹ ਤੇ ਬਰਬਾਦ ਕਰਨ ਦਾ ਫ਼ੈਸਲਾ ਕੀਤਾ ਹੈ। ਖੁਰਲੀ ਵਾਲੇ ਕੁੱਤੇ ਵਾਂਗ, ਉਹ ਜੋ ਉਹ ਆਪ ਨਹੀਂ ਸੀ ਰੱਖ ਸਕਦੇ, ਉਹ ਭਾਰਤੀ ਵੀ ਕਿਉਂ ਲੈਣ। ਐਪਰ ਉਨ੍ਹਾਂ ਨੇ ਬਾਹਰੀ ਵਤੀਰਾ ਐਟੀਕੇਟ (ਵਿਹਾਰ) ਅਤੇ ਸਿਸਟਾਚਾਰ ਬਣਾਈ ਰੱਖਿਆ।

? ਬਰਤਾਨੀਆ ਨੇ ਹਮੇਸ਼ਾ ਹੀ ਫਰਜ਼, ਸਭਿਆਚਾਰ ਅਤੇ ਕਾਨੂੰਨ ਦੇ ਪਰਦੇ ਹੇਠ ਦੂਸਰਿਆਂ ਦੀ ਲੁੱਟ-ਖਸੁੱਟ ਕੀਤੀ ਹੈ।

* ਹਾਂ, ਐਪਰ ਸਭਿਆਚਾਰਕ ਕਪਟ ਦੇ ਲਾਭ ਵੀ ਹੁੰਦੇ ਹਨ।

? ਜਿਵੇਂ ਤੁਸੀਂ ਆਪਣੇ ਨਾਵਲ ਵਿਚ ਰਾਏ ਦਿੱਤੀ ਹੈ, ਜੇ ਜਿੱਨਾਹ ਬਰਤਾਨੀਆਂ ਦੇ ਹੱਥਾਂ ਵਿਚ ਇਕ ਕਠਪੁਤਲੀ ਸੀ ਤੇ ਜੇ ਉਸ ਨੇ ਅਸਲ ਵਿਚ, ਤਾਕਤ ਦੀ ਪ੍ਰਾਪਤੀ ਖਾਤਰ ਆਪਣੀ ਜ਼ਮੀਰ ਨੂੰ ਵੇਚ ਦਿੱਤਾ ਸੀ, ਤਾਂ ਫਿਰ ਜਿਹੜਾ ਦੋ ਕੌਮਾਂ ਦਾ ਸਿਧਾਂਤ ਉਸ ਨੇ ਉਸਰਿਆ ਸੀ, ਉਹ ਕੇਵਲ ਫ਼ਜ਼ੂਲ ਨਹੀਂ ਸੀ। ਉਹ ਜ਼ਹਿਰ-ਭਰਿਆਦ ਵੀ ਸੀ। ਨਿਰਸੰਦੇਹ, ਤੁਹਾਡੇ ਬਿਰਤਾਂਤ ਵਿਚ ਮਾਊਂਟਬੇਟਨ ਵਾਂਗ ਜਿੱਨਾਹ ਵੀ ਬੁਰਾਈ ਦਾ ਰੂਪ ਧਾਰ ਲੈਂਦਾ ਹੈ। ਤੁਹਾਡਾ ਜਿੱਨਾਹ, ਉਸ ਤੇ ਬੁਨਿਆਦੀ ਤੌਰ 'ਤੇ ਵੱਖਰਾ ਹੈ। ਜੋ ਸਰੋਜਨੀ ਨੈਡੋ ਦਾ ਬਿੰਬ ਹੈ, ਜਿਸ ਵਿਚ ਉਸ ਨੂੰ ਜਿੱਨਾਹ ਨੂੰ ਬੇਹੱਦ ਛਬੀਲਾ, ਸੁੰਦਰ ਤੇ ਚਿੰਤਨ-ਪੂਰਨ ਦੱਸਿਆ ਹੈ ਤੇ ਬਹੁਤ ਹੀ ਦਾਨਿਸ਼ਮੰਦ ਵੀ। ਉਹ ਇਸ ਦੀ ਥਾਂ ਕੇਵਲ ਯੁੱਧ-ਨੀਤੀ ਕਹੀ ਸੀ। ਆਇਸ਼ਾ ਜਲਾਲ ਅਤੇ ਹੋਰ ਦੂਸਰਿਆਂ ਨੇ ਉਸ ਨੂੰ ਬੜਾ ਚਾਤੁਰ ਯੁੱਧ-ਨੀਤਕ ਵਜੋਂ ਪੇਸ਼ ਕੀਤਾ ਹੈ। ਐਪਰ ਉਨ੍ਹਾਂ ਨੇ ਇਹ ਵੀ ਦੱਸਿਆ ਹੈ ਕਿ ਉਹ ਬੜਾ ਤਰਕਸ਼ੀਲ ਸੀ, ਜੋ ਮੁਸਲਮਾਨਾਂ ਦੀ ਜ਼ਮੀਰ ਦੀ ਪ੍ਰਤੀਨਿਧਤਾ ਕਰਨ ਵਾਲਾ ਬਣ ਗਿਆ ਅਤੇ ਉਹ ਉਨ੍ਹਾਂ ਦਾ ਸਭ ਤੋਂ ਯੋਗ ਬੁਲਾਰਾ ਸੀ। ਜਿੱਨਾਹ ਦਾ ਇਕ ਹੋਰ ਦਿਲ ਖਿੱਚਵਾਂ ਬਿੰਬ ਹੈ, ਜੋ ਪੈਟਰਿਕ ਫਰੈਂਚ ਨੇ ਹਾਲ ਹੀ ਵਿਚ ਉਸਾਰਿਆ ਹੈ। ਤੁਹਾਡਾ ਜਿੱਨਾਹ, ਐਪਰ ਵਧੇਰੇ ਨੀਚ ਵਿਅਕਤੀ ਹੈ। ਸ਼ਾਇਦ ਤੁਸੀਂ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ। ਜੋ ਜਿੱਨਾਹ ਉੱਤੇ ਬਣੀ ਇਨ੍ਹਾਂ ਹੀ ਦਿਨਾਂ ਵਿਚ ਫ਼ਿਲਮ ਜੀਵਨੀ ਜਿਸ ਵਿਚ ਭ੍ਰਿਸ਼ਟਾਚਾਰ ਲੀ ਨੇ ਰੋਲ ਕੀਤਾ ਹੈ, ਐਕਟਰ, ਜੋ ਖੌਫ਼ ਦੀਆਂ ਫ਼ਿਲਮਾਂ ਵਿਚ, ਆਪਣੀ ਵਧੇਰੇ ਅਤਿਆਚਾਰੀ ਅਦਾਕਾਰੀ ਪ੍ਰਸਿੱਧ ਹੈ।

* ਤੁਸੀਂ ਠੀਕ ਆਖਦੇ ਹੋ। ਮੈਂ ਜਿੱਨਾਹ ਨੂੰ ਵਧੇਰੇ ਖਿੱਚ-ਪਾਊ ਵਿਅਕਤੀ ਵਜੋਂ ਨਹੀਂ ਵੇਖਿਆ। ਮੈਂ ਘਸੇ ਪਿਟੇ ਵਾਕਾਂ ਮਗਰ ਨਹੀਂ ਜਾਂਦਾ, ਐਪਰ ਮੈਂ ਨਹੀਂ ਮੰਨਦਾ ਕਿ ਉਸ ਵਿਚ ਇਸਲਾਮ ਰੰਗਤ ਸੀ। ਨਿਰਸੰਦੇਹ ਉਹ ਇਕ ਆਧੁਨਿਕ, ਧਰਮ-ਨਿਰਪੱਖ ਤੇ ਤਰਕਸ਼ੀਲ ਸੁਭਾਅ ਦਾ ਵਿਅਕਤੀ ਸੀ। ਪਰ ਧਾਰਮਿਕ ਵਿਚਾਰਾਂ ਵਾਲਾ ਨਹੀਂ ਸੀ। ਉਸ ਦੀ ਸ਼ੇਰਵਾਨੀ ਵੀ ਰਾਜਸੀ ਮੰਤਵਾਂ ਲਈ, ਬਦਲੇ ਕੱਪੜਿਆਂ ਤੋਂ ਵੱਧ ਕੁਝ ਨਹੀਂ ਸੀ।

? ਕੀ ਇਸ ਦੇ ਇਹ ਅਰਥ ਹਨ ਕਿ ਉਹ ਜ਼ਮੀਰ-ਵਿਹੂਣਾ ਵਿਅਕਤੀ ਸੀ ?

* ਨਹੀਂ। ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਆਪਣੀ ਜ਼ਮੀਰ ਵੇਚਣ ਲਈ ਤਿਆਰ ਰਹਿੰਦਾ ਸੀ। ਉਹ ਆਦਮੀ ਸੀ ਜਿਸ ਨੇ ਬੰਬਈ ਵਿਚ ਉਸ ਮੀਟਿੰਗ ਦੀ ਪ੍ਰਧਾਨਗੀ ਕੀਤ ਸੀ ਜਿਸ ਵਿਚ ਗਾਂਧੀ ਨੂੰ ਦੱਖਣੀ ਅਫ਼ਰੀਕਾ ਤੋਂ ਵਾਪਸ ਭਾਰਤ ਪਰਤਣ ਵੇਲੇ ਸਵਾਗਤ ਕੀਤਾ ਸੀ। ਉਹ ਗੋਖਲੇ ਦਾ ਬੜਾ ਨੇੜਲਾ ਸਾਥੀ ਸੀ। ਮੈਨੂੰ ਪਤਾ ਨਹੀਂ ਕਿ ਉਸ ਨੇ ਕਿਉਂ ਪਿੱਛੋਂ ਜਾ ਕੇ ਕਾਂਗਰਸ ਨਾਲੋਂ ਆਪਣੇ ਸੰਬੰਧ ਤੋੜ ਲਏ ਸਨ। ਐਪਰ, ਮੈਂ ਕੋਈ ਇਤਿਹਾਸਕਾਰ ਨਹੀਂ ਹਾਂ ਅਤੇ ਮੈਂ ਨਿੱਕਿਆਂ ਵੇਰਵਿਆਂ ਵਿਚ ਦਿਲਚਸਪੀ ਨਹੀਂ ਰੱਖਦਾ। ਮੈਂ ਉਸ ਦੀ ਜੀਵਨੀ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ। ਮੈਂ ਇਸ ਗੱਲ ਵਿਚ ਵੱਧ ਦਿਲਚਸਪੀ ਰੱਖਦਾ ਹਾਂ ਕਿ ਇਹ ਗੱਲ ਸਮਝਣ ਦੀ ਕੋਸ਼ਿਸ਼ ਕਰਾਂ ਕਿ ਉਸ ਦੀ ਆਤਮਾ ਵਿਚ ਕੀ ਵਾਪਰ ਰਿਹਾ ਹੈ। ਮੈਂ ਜਾਣਦਾ ਹਾਂ ਕਿ ਕਿਸੇ ਪਾਤਰ ਦੀ ਅੰਦਰਲੀ ਦਸ਼ਾ ਬਾਰੇ ਗੱਲਾਂ ਕਰਨੀਆਂ ਵੀ ਘਸੇ-ਪਿਟੇ ਸ਼ਬਦ ਵਰਤਣੇ ਹਨ ਤੇ ਇਹ ਹੈ ਵੀ ਘਸੇ-ਪਿਟੇ ਸ਼ਬਣ ਹੀ। ਜਿੱਨਾਹ ਬਾਰੇ ਭਾਗ ਨੂੰ ਲਿਖਣ ਤੋਂ ਪਹਿਲਾਂ, ਮੈਂ ਉਸ ਦੀਆਂ ਬਹੁਤ ਸਾਰੀਆਂ ਤਸਵੀਰਾਂ ਨੂੰ ਗਹੁ ਨਾਲ ਤੱਕਿਆ ਹੈ। ਮੈਂ ਉਨ੍ਹਾਂ ਤਬਦੀਲੀਆਂ ਨੂੰ ਗਹੁ ਨਾਲ ਵੇਖਿਆ ਜੋ ਵੱਡੀ ਉਮਰ ਦੇ ਹੋ ਜਾਣ ਉੱਤੇ ਉਸ ਨੇ ਵਰਤੀਆਂ ਸਨ। ਮੈਂ ਉਸ ਦੀਆਂ ਅੱਖਾਂ ਵਿਚਲੇ ਚੰਗਿਆੜੇ ਨੂੰ ਵੇਖਣ ਦੀ ਕੋਸ਼ਿਸ਼ ਕੀਤੀ। ਇਹ ਸਮਝਣ ਲਈ ਕਿ ਉਸ ਦੀ ਤੱਕਣੀ ਵਿਚ ਉਹ ਤਬਦੀਲੀ ਵੇਖ ਸਕਾਂ ਕਿ ਉਹ ਕਿਵੇਂ ਸੋਚ ਰਿਹਾ ਸੀ। ਇਹ ਗੱਲ ਮੈਨੂੰ ਸਪੱਸ਼ਟ ਹੋ ਗਈ ਕਿ ਜਿੱਨਾਹ ਸਾਦਾ ਆਦਮੀ ਨਹੀਂ ਸੀ। ਉਹ ਬਹੁਤ ਹੱਦ ਤੀਕ ਇਕ ਗੁੰਝਲਦਾਰ ਆਦਮੀ ਸੀ। ਪਰ ਵੁਸ ਵਿਚ ਸਭ ਤੋਂ ਜ਼ਰੂਰੀ ਗੱਲ, ਉਸ ਦੀ ਹਉਮੈ ਸੀ। ਉਹ ਸਿਰ ਤੋਂ ਪੈਰਾਂ ਤੀਕ ਹਉਮੈਂ ਵਾਦੀ ਸੀ। ਉਹ ਭੂਪਵਾਦੀ ਸਰਕਾਰ ਵਰਗਾ ਸੀ। ਉਹ ਇਕ ਫ਼ੈਸਲਾ ਕਰਦਾ ਸੀ—ਇਕ ਲਫ਼ਜ਼ ਆਖਦਾ ਤੇ ਉਸ ਨੂੰ ਸਿੱਧ ਕਰਨ ਲਈ ਢੰਗ ਤਰੀਕੇ ਸੋਚਦਾ ਸੀ। ਉਹ ਇਸ ਗੱਲ ਤੇ ਮਾਣ ਕਰਦਾ ਸੀ ਕਿ ਉਹ ਆਖੀ ਹੋਣ ਗੱਲ ਨੂੰ ਵਾਪਸ ਨਹੀਂ ਸੀ ਲੈਂਦਾ। ਉਸ ਬਾਰੇ ਇਹ ਪੱਕੀ ਗੱਲ ਸੀ ਕਿ ਉਹ ਇੰਝ ਕਦੇ ਵੀ ਨਹੀਂ ਕਰਦਾ ਸੀ। ਉਹ ਫ਼ੈਸਲੇ ਬਦਲਦਾ ਨਹੀਂ ਸੀ। ਉਹ ਚੇਤੇ ਰੱਖੋ ਕਿ ਉਹ ਬੁੱਧੀਮਾਨ ਵਕੀਲ ਵੀ ਸੀ। ਇਸ ਬਾਰੇ ਕੋਈ ਸ਼ੱਕ ਨਹੀਂ ਸੀ। ਇਸ ਨਹੀ ਉਹ ਚੰਗੇ ਵਕੀਲ ਵਾਂਗ ਫ਼ੈਸਲਾ ਕਰਦਾ ਸੀ ਤੇ ਫਿਰ ਉਸ ਫ਼ੈਸਲੇ ਨੂੰ ਠੀਕ ਸਿੱਧ ਕਰਨ ਲਈ ਦਲੀਲਾਂ ਲੱਭਦਾ ਸੀ।

ਐਪਰ ਜਿੱਨਾਹ ਆਧੁਨਿਕ ਵਾਦੀ ਤੇ ਮਨੁੱਖਵਾਦੀ ਵੀ ਸੀ ਕਦੇ ਕਦੇ ਇੰਝ ਵੀ ਹੁੰਦਾ ਕਿ ਉਸ ਦੀਆਂ ਇਹ ਤਿੰਨੇ ਵਿਸ਼ੇਸ਼ਤਾਈਆਂ ਆਪੇ ਵਿਚ ਟਕਰਾ ਜਾਂਦੀਆਂ ਸਨ। ਜਦ ਮੈਂ ਉਸ ਬਾਰੇ ਸੋਚਦਾ ਸੀ ਤਾਂ ਇੰਝ ਪ੍ਰਤੀਤ ਹੁੰਦਾ ਕਿ ਕਈ ਵਾਰ ਜਿੱਨਾਹ ਉਨ੍ਹਾਂ ਫ਼ੈਸਲਿਆਂ ਤੋਂ ਦੁਖੀ ਹੁੰਦਾ, ਜੋ ਉਸ ਨੇ ਖ਼ੁਦ ਹੀ ਕੀਤੇ ਹੁੰਦੇ ਹਨ। ਐਪਰ ਅੰਤਿਮ ਤੌਰ 'ਤੇ ਹਉਮੈਵਾਦੀ ਜਿੱਨਾਹ ਆਪਣੇ ਅੰਦਰਲੇ ਮਨੁੱਖ ਤੇ ਆਧੁਨਿਕ ਪੱਖਾਂ ਨੂੰ ਖ਼ੁਦ ਹੀ ਹਰਾ ਦਿੰਦਾ ਸੀ। ਮੈਂ ਕਲਪਨਾ ਕਰਦਾ ਹਾਂ ਕਿ ਪਾਕਿਸਤਾਨ ਪ੍ਰਾਪਤ ਕਰਕੇ ਉਸ ਨੇ ਆਪਣੇ ਆਪ ਨੂੰ ਇਕ ਹਾਰੇ ਹੋਏ ਵਿਅਕਤੀ ਵਾਂਗ ਵੇਖਿਆ ਸੀ।

? ਕੀ ਤੁਸੀਂ ਸੁਝਾਅ ਦੇ ਰਹੇ ਹੋ, ਜਿਵੇਂ ਕਿ ਤੁਸੀਂ ਨਾਵਲ ਵਿਚ ਵੀ ਕਰਦੇ ਹੋ ਕਿ ਉਸ ਦੀ ਆਤਮਾ ਉਸ ਉੱਤੇ ਭਾਰੂ ਹੋ ਗਈ ਸੀ, ਜਦੋਂ ਪਾਕਿਸਤਾਨ ਦੀ ਉਸ ਦੀ ਮੰਗ ਪੂਰੀ ਹੋ ਗਈ ਸੀ।

* ਹਾਂ ਠੀਕ ਹੈ।

? ਵੰਡ ਤੋਂ ਪਹਿਲਾਂ ਅਤੇ ਪਿੱਛੋਂ, ਪੰਜਾਬ, ਬਿਹਾਰ ਅਤੇ ਬੰਗਲਾ ਨੂੰ ਫਿਰਕੂ ਹਿੰਸਾ ਨੇ ਤਬਾਹ ਕਰ ਦਿੱਤ ਸੀ। ਮੰਡੀਆਂ ਸਾੜ ਦਿੱਤੀਆਂ ਗਈਆਂ। ਘਰ ਤਬਾਹ ਕਰ ਦਿੱਤੇ ਗਏ ਤੇ ਲੋਕਾਂ ਨੂੰ ਪ੍ਰਵਾਸ ਲਈ ਮਜਬੂਰ ਕੀਤਾ ਗਿਆ। ਉਹ ਕਤਲੇਆਮ ਅਤੇ ਪ੍ਰਵਾਸ ਤੋਂ ਦੁਖੀ ਸਨ। ਐਪਰ ਜਿੰਨਾਹ ਜਜ਼ਬਾਤੀ ਤੌਰ 'ਤੇ ਲੋਕਾਂ ਨੂੰ ਸੰਜਮ ਵਰਤਣ ਲਈ ਅਪੀਲ ਕਰਦਾ ਵਿਖਾਲੀ ਨਹੀਂ ਦਿੱਤਾ। ਨਿਰਸੰਦੇਹ ਉਸ ਨੇ ਕੁਝ ਰਸਮੀ ਬਿਆਨ ਕਤਲਾਂ ਦੇ ਵਿਰੁੱਧ ਕੀਤੇ ਸਨ। ਕੀ ਤੁਹਾਡੀ ਖੋਜ ਵਿ ਵੀ ਕੋਈ ਅਜਿਹੀ ਅਪੀਲ ਨਜ਼ਰੀਂ ਪਈ ਸੀ ?

* ਨਹੀਂ, ਮੈਂ ਨਹੀਂ ਵੇਖੀ। ਪਰ ਜਿੱਨਾਹ ਜਜ਼ਬਾਤੀ ਤੌਰ 'ਤੇ ਕੋਈ ਚੰਚਲ ਬੰਦਾ ਨਹੀਂ ਸੀ। ਅਸਲ ਵਿਚ, ਮੈਨੂੰ ਸ਼ੱਕ ਹੈ ਕਿ ਰੂਟੀ ਨਾਲ ਕੁਝ ਸਾਲ ਬਤੀਤ ਕਰਨ ਤੋਂ ਬਾਅਦ, ਜਿਸ ਨਾਲ ਉਸ ਨੇ ਜਜ਼ਬਾਤੀ ਤੌਰ 'ਤੇ ਕੁਝ ਸੰਤੁਸ਼ਟ ਸਾਲ ਬਤੀਤ ਕੀਤੇ ਸਨ—ਉਸ ਦੇ ਵਧੀਆ ਸਾਲ ਹੋਰ ਕੋਈ ਅਜਿਹੇ ਸਾਲ ਨਹੀਂ, ਜਦੋਂ ਉਹ ਖੁਸ਼ ਰਿਹਾ ਹੋਵੇ।

? ਕਿਉਂਕਿ ਤੁਸੀਂ ਨਾਵਲ ਵਿਚ ਕਾਫੀ ਸਮਾਂ ਲਾਇਆ ਹੈ, ਕੀ ਤੁਸੀਂ ਸੋਚਦੇ ਹੋ ਕਿ ਔਰੰਗਜ਼ੇਬ ਦੇ ਇਕ ਪ੍ਰੇਸ਼ਾਂਨ ਵਿਅਕਤੀ ਵਜੋਂ ਆਪਣੇ ਜੀਵਨ ਦੇ ਅੰਤ ਤੀਕ 'ਤੇ ਜਿੰਨਾਹ ਦੇ ਇਕ ਦੁਖੀ ਆਦਕੀ ਦੇ ਨਾਂ 'ਤੇ ਜੋ ਕੁਝ ਉਸ ਨੇ ਕੀਤਾ, ਉਸ ਵਿਚ ਕੋਈ ਸਮਾਨਜਨਕ ਰਿਸ਼ਤਾ ਬਣਦਾ ਹੈ ?

* ਨਹੀਂ। ਉਨ੍ਹਾਂ ਇਤਿਹਾਸਕ ਸਮਿਆਂ ਵਿਚ, ਜਿਨ੍ਹਾਂ ਵਿਚ ਉਹ ਹੋਏ, ਵਿਚਕਾਰ ਵੱਡਾ ਅੰਤਰ ਹੈ। ਉਨ੍ਹਾਂ ਦਾ ਟਾਕਰਾ ਨਹੀਂ ਹੋ ਸਕਦਾ। ਜਿੱਨਾਹ ਉਨ੍ਹਾਂ ਹੀ ਸੰਸਥਾਵਾਂ ਵਿਚੋਂ ਉਭਰਿਆ ਜਿਨ੍ਹਾਂ ਵਿਚੋਂ ਗਾਂਧੀ ਤੇ ਨਹਿਰੂ ਵਿਕਸਤ ਹੋਏ। ਉਨ੍ਹਾਂ ਦੋਹਾਂ ਵਾਗ, ਉਹ ਵੀ ਉਨ੍ਹਾਂ ਵਾਂਗ ਇਕ ਜਨਵਾਦੀ (democrat) ਸੀ। ਦੂਸਰੇ ਪਾਸੇ ਔਰੰਗਜ਼ੇਬ ਸੋਚਦਾ ਸੀ ਕਿ ਉਸ ਕੋਲ ਸ਼ਹਿਨਸ਼ਾਹੀ ਅਧਿਕਾਰ ਸੀ ਤੇ ਉਹ ਜੋ ਚਾਹੇ ਕਰ ਸਕਦਾ ਸੀ। ਉਹ ਹਮੇਸ਼ਾ ਹੀ ਦ੍ਰਿੜ ਸੀ ਕਿ ਉਹ ਜੋ ਮਰਜ਼ੀ ਲੈ ਸਕਦਾ ਸੀ ਤੇ ਆਪਣੀਆਂ ਕਾਰਵਾਈਆਂ ਨੂੰ ਠੀਕ ਸਿੱਧ ਕਰ ਸਕਦਾ ਸੀ।

? ਐਪਰ ਤੁਸੀਂ ਜਿੱਨਾਹ ਬਾਰੇ ਵੀ ਇਹੀ ਗੱਲ ਕਹੀ ਹੈ।

* ਔਰੰਗਜ਼ੇਬ ਜੋ ਵੀ ਕਰਦਾ ਸੀ, ਉਸ ਨੂੰ ਠੀਕ ਸਿੱਧ ਕਰਨ ਲਈ ਮੌਲਵੀਆਂ ਵੱਲ ਝਾਕਦਾ ਸੀ ਇਥੋਂ ਤੀਕ ਕਿ ਕਤਲ ਬਾਰੇ ਵੀ। ਉਹ ਉਨ੍ਹਾਂ ਕੋਲੋਂ ਸਹਾਇਤਾ ਲੈਂਦਾ ਸੀ ਜਿੱਨਾਹ ਨੂੰ ਅਜਿਹੀ ਭਾਂਤ ਦੀ ਸਹਾਇਤਾ ਨਹੀਂ ਸੀ ਮਿਲ ਸਕਦੀ। ਪਰ ਮੈਂ ਨਹੀਂ ਸੋਚਦਾ ਕਿ ਜਿੱਨਾਹ ਨੂੰ ਕਦੇ ਸਹੀ ਪਛਤਾਵਾ ਉਨ੍ਹਾਂ ਲੋਕਾਂ ਬਾਰੇ ਕਰਨਾ ਪਿਆ ਹੋਵੇ, ਜੋ ਵੰਡ ਵੇਲੇ ਮਾਰੇ ਗਏ ਸਨ। ਕਿਸੇ ਤਰ੍ਹਾਂ ਦਾ ਵੀ ਨਹੀਂ।

? ਮੈਨੂੰ ਇਹ ਗੱਲ ਪ੍ਰਵਾਨ ਕਰਨੀ ਪਵੇਗੀ ਕਿ ਕੈਪਬੈੱਲ ਜੌਹਨਸਨ ਦੀ ਪੁਸਤਕ **ਮਿਸ਼ਨ ਵਿਦ ਮਾਊਂਟਬੇਟਨ** ਮੈਨੂੰ ਪੜ੍ਹ ਕੇ ਸਦਮਾ ਪਹੁੰਚਾ ਸੀ ਕਿ ਜਿੱਨਾਹ ਨੇ ਵੇਰਵੇ ਨਾਲ ਉਸ ਨੂੰ ਉਹ ਰਿਪੋਰਟਾਂ ਦੱਸੀਆਂ ਸਨ ਕਿ ਨੌਖਾਲੀ ਵਿਚ ਹਿੰਦੂਆਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਬਿਲਕੁਲ ਝੂਠੀਆਂ ਸਨ। ਇਹ ਉਸ ਵੇਲੇ ਦੀ ਗੱਲ ਹੈ, ਜਦੋਂ ਗਾਂਧੀ ਨੌਖਾਲੀ ਅਤੇ ਬਿਹਾਰ ਵਿਚ ਫ਼ਿਰਕੂ ਟੱਕਰਾਂ ਨੂੰ ਰੋਕਣ ਲਈ ਘੁੰਮ ਫਿਰ ਰਿਹਾ ਸੀ।

ਮੈਂ ਤੁਹਾਨੂੰ ਔਰੰਗਜ਼ੇਬ ਬਾਰੇ ਪੁੱਛਿਆ ਸੀ, ਕਿਉਂਕਿ ਤੁਸੀਂ ਦੇਸ਼-ਵੰਡ ਬਾਰੇ ਉਸ ਦੀ ਵੰਸਾਵਲੀ (genealogy) ਲੱਭਣ ਬਾਰੇ ਕਾਫ਼ੀ ਸਾਰਾ ਸਮਾਂ ਲਾਉਂਦੇ ਹੋ। ਅਸਲ ਵਿਚ ਤੁਸੀਂ ਆਪਣੇ ਨਾਵਲ ਵਿਚ ਔਰੰਗਜ਼ੇਬ ਦੇ ਪਾਕਿਸਤਾਨ ਬਾਰੇ ਕਾਫ਼ੀ ਵਾਰ ਗੱਲ ਕਰਦੇ ਹੋ। ਭਾਵੇਂ ਕਈ ਵਾਰ ਤੁਸੀਂ ਇਹ ਮੁਹਾਵਰਾ ਸ਼ੀਆ ਤੇ ਸੁੰਨੀਆਂ ਵਿਚਲੇ ਪਾੜੇ ਨੂੰ ਵਰਨਣ ਕਰਨ ਲਈ ਵਰਤਦੇ ਹੋ।

* ਮੈਂ ਇਹ ਸੁਝਾਅ ਦੇਣਾ ਚਾਹੁੰਦਾ ਸੀ ਕਿ ਔਰੰਗਜ਼ੇਬ ਦੇ ਸਮੇਂ ਵਿਚ ਭਾਰਤ ਦੀਆਂ ਸਰਹੱਦਾਂ ਘੱਟ ਜਾਂ ਵੱਧ ਮੁਕੰਮਲ ਹੋ ਚੁੱਕੀਆਂ ਸਨ। ਉਸ ਨੂੰ ਜੋ ਸਲਤਨਤ ਵਿਰਸੇ ਵਿਚ ਮਿਲੀ ਸੀ ਉਸ ਵਿਚ ਭਾਸ਼ਾਵਾਂ, ਧਰਮਾਂ ਤੇ ਸਭਿਆਚਾਰਾਂ ਦੀਆਂ ਸਰਹੱਦਾਂ ਦੀ ਕਾਫ਼ੀ ਹੱਦ ਤੀਕ ਸਪੱਸ਼ਟ ਨਿਸ਼ਾਨਦੇਹੀ ਹੋ ਚੁੱਕੀ ਸੀ। ਔਰੰਗਜ਼ੇਬ ਹਿੰਦੂ ਪ੍ਰਜਾ ਦੇ ਟਾਕਰੇ ਉੱਤੇ ਆਪਣੇ ਮੁਸਲਮਾਨ ਸਾਥੀਆਂ ਪ੍ਰਤੀ ਕਈ ਗੁਣਾਂ ਨਿਰਦਈ ਸੀ। ਪਰ ਉਹ ਇਸਲਾਮਿਕ ਸਭਿਅਤਾ ਨੂੰ ਪੱਕੇ ਪੈਰੀਂ ਕਰਨ ਦੀ ਥਾਂ ਮੁਸਲਿਮ ਸਭਿਅਤਾ ਵਧੇਰੇ ਚਿੰਤਤ ਸੀ।

? ਕੀ ਇਹੀ ਕਾਰਨ ਹੈ ਕਿ ਨਾਵਲ ਵਿਚ ਤੁਸੀਂ ਔਰੰਗਜ਼ੇਬ ਦੇ ਰਾਜ ਦੇ ਖਾਸੇ ਬਾਰੇ ਇਕ ਜਜ਼ਬਾਤੀ ਬਹਿਸ ਨੂੰ ਦੁਹਰਾਉਂਦੇ ਹੋ, ਜੋ ਇਕ ਮਾਰਕਸਵਾਦੀ ਅਤੇ ਮਨੁੱਖਵਾਦੀ ਇਤਿਹਾਸਕਾਰ ਮੁਹੰਮਦ ਹਬੀਬ ਅਤੇ ਰਾਜਸੀ ਚਿੰਤਕ ਸ਼ਿਬਲੀ ਰੂਮਾਨੀ, ਵਿਚਕਾਰ ਹੁੰਦੀ ਹੈ ਤੇ ਇਸ ਵਿਚ ਅਸਲ ਵਿਚ ਨੋਮਾਨੀ ਔਰੰਗਜ਼ੇਬ ਦੇ ਰਾਜ ਨੂੰ ਇਹ ਕਹਿ ਕੇ ਸਮਰਥਨ ਦਿੰਦਾ ਹੈ ਕਿ ਔਰੰਗਜ਼ੇਬ ਦੇ ਰਾਜਕਾਲ ਨਾਲੋਂ ਜਹਾਂਗੀਰ ਦੇ ਰਾਜ ਵਿਚ ਵੱਧ ਹਿੰਦੂਆਂ ਨੂੰ ਕਤਲ ਕੀਤਆ ਸੀ।

* ਹਾਂ ਐਪਰ ਔਰੰਗਜ਼ੇਬ ਬੁਨਿਆਦੀ ਪ੍ਰਸ਼ਨ ਸੀ, ਕੱਟੜ ਦੇਸ਼ ਪ੍ਰੇਮੀ (Fundamentalist and chauvinist)।

? ਕੀ ਇਹੀ ਕਾਰਨ ਹੈ ਕਿ ਸ਼ਿਬਲੀ ਨੋਮਾਨੀ ਨਾਵਲ ਵਿਚ ਇਸ ਦਾ ਸਮਰਥਨ ਕਰਦੇ ਹਨ—ਉਸ ਨੂੰ ਤੀਮੂਰ ਖਾਨਦਾਨ ਨੂੰ ਹਿੰਦੂ ਕਰਨ ਦੇ ਖਤਰੇ ਵਿਰੁੱਧ ਉਸ ਦੇ ਵਿਸ਼ਵਾਸ ਦੀ ਹਿਮਾਇਤ ਕਰਦੇ ਹਨ ?

* ਹਾਂ ਨੋਮਾਨੀ ਵੱਡਾ ਬੁੱਧੀਜੀਵੀ ਸੀ ਅਤੇ ਮੈਂ ਉਸ ਦੀ ਵਿਦਵਤਾ ਉਸ ਦੀ ਈਮਾਨਦਾਰੀ ਤੋਂ ਬਹੁਤ ਹੈਰਾਨ ਹੋਇਆ ਸੀ। ਐਪਰ ਮੈਂ ਉਸ ਦੇ ਔਰੰਗਜ਼ੇਬ ਦੇ ਕੀਤੇ ਸਮਰਥਨ ਨੂੰ ਠੀਕ ਨਹੀਂ ਸਮਝਦਾ। ਉਸ ਦੀ ਈਮਾਨਦਾਰੀ ਅਤੇ ਸੁੱਘੜਤਾ ਦੇ

ਬਾਵਜੂਦ, ਉਹ ਔਰੰਗਜ਼ੇਬ ਦੀ ਇੱਛਾ ਅਤੇ ਉਸ ਦੇ ਮਨੋਰਥਾਂ ਨੂੰ ਵੇਖ ਨਾ ਸਕਿਆ। ਉਸ ਨੇ ਔਰੰਗਜ਼ੇਬ ਨੂੰ ਕੇਵਲ ਇਕ ਮੁਸਲਮਾਨ ਵਜੋਂ ਹੀ ਵੇਖਿਆ। ਐਪਰ ਉਹ ਇਹ ਨਹੀਂ ਵੇਖ ਸਕਿਆ ਕਿ ਉਸ ਨੇ ਇਸਲਾਮ ਨੂੰ ਆਪਣੀ ਸਟੇਟ ਦੀਆਂ ਜ਼ਰੂਰਤਾਂ ਲਈ ਵਰਤਿਆ। ਉਹ ਔਰੰਗਜ਼ੇਬ ਵਰਗੇ ਮਨੁੱਖ ਦਾ ਮਾਨਸਿਕਤਾ ਨੂੰ ਸਮਝ ਨਾ ਸਕਿਆ। ਇਸ ਦੇ ਉਲਟ ਮੁਹੰਮਦ ਹਬੀਬ, ਜੋ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਇਤਿਹਾਸ ਦਾ ਪ੍ਰਸਿੱਧ ਪ੍ਰੋਫ਼ੈਸਰ ਸੀ, ਜਿਥੇ ਨੋਮਾਨੀ ਵੀ ਪੜ੍ਹਾਇਆ ਕਰਦਾ ਸੀ, ਨੇ ਇਕ ਇਤਿਹਾਸਕਾਰ ਵਜੋਂ ਇਹ ਗੱਲ ਪਛਾਣ ਲਈ ਸੀ ਕਿ ਉਸ ਨੂੰ ਸਟੇਟ ਦੇ ਕਾਨੂੰਨਾਂ ਅਤੇ ਧਰਮ ਦੇ ਕਾਨੂੰਨਾਂ ਵਿਚ ਅੰਤਰ ਕਰਨਾ ਹੈ।

ਮੈਂ ਇਹ ਵੀ ਅਨੁਭਵ ਕਰਦਾ ਹਾਂ ਕਿ ਭਾਰਤੀ ਇਸਲਾਮ ਅਤੇ ਕੱਟੜਪੰਥੀ ਇਸਲਾਮ ਦੋ ਵੱਖੋ-ਵੱਖ ਚੀਜ਼ਾਂ ਹਨ ਜਾਂ ਸਨ। ਔਰੰਗਜ਼ੇਬ ਦੇ ਸਮੇਂ ਤੀਕ, ਭਾਰਤ ਵਿਚ ਅਮੀਰ ਸੂਫ਼ੀ ਪਰੰਪਰਾ ਸੀ, ਜਿਸ ਨੇ ਹਿੰਦੂਆਂ ਤੇ ਸਿੱਖਾਂ ਦੇ ਵਿਹਾਰ ਦੇ ਬਹੁਤ ਸਾਰੇ ਪੱਖ ਅਪਨਾ ਲਏ ਹੋਏ ਸਨ। ਕੱਟੜਪੰਥੀ ਇਸਲਾਮ ਨੇ ਕਦੇ ਵੀ ਸੂਫ਼ੀਆਂ ਨੂੰ ਪ੍ਰਵਾਨ ਨਹੀਂ ਕੀਤਾ।

? ਨਾਵਲ ਵਿਚ ਦਾਰਾ ਸ਼ਿਕੋਹ ਭਾਰਤੀ ਸੂਫ਼ੀ ਪਰੰਪਰਾ ਦੀ ਸੁੰਦਰ ਉਦਾਹਰਣ ਵਜੋਂ ਪੇਸ਼ ਹੈ।

* ਨਿਸ਼ਚੇ ਹੀ। ਦਾਰਾ ਇਕ ਤੀਖਣ ਮੁਸਲਮਾਨ ਸੀ। ਪਰ ਉਸ ਨੂੰ ਹਿੰਦੂ-ਧਰਮ ਦੀ ਇਲਲਾਮ ਦੇ ਨਾਲ-ਨਾਲ ਸਹਿ ਹੋਂਦ ਤੋਂ ਕੋਈ ਮੁਸ਼ਕਿਲ ਨਹੀਂ ਸੀ। ਉਸ ਨੇ ਤਾਂ ਇਸਲਾਮ ਤੇ ਹਿੰਦੂ-ਧਰਮ ਦੇ ਮਿਸ਼ਰਣ ਦੀ ਕੋਸ਼ਿਸ਼ ਵੀ ਕੀਤੀ ਸੀ। ਇਨ੍ਹਾਂ ਅਰਥਾਂ ਵਿਚ, ਮੈਂ ਕਹਾਂਗਾ ਕਿ ਉਹ ਭਾਰਤੀ ਸੰਵੇਦਨਸ਼ੀਲ ਸਭਿਅਤਾ ਦਾ ਸੱਚਾ ਪ੍ਰਤੀਨਿਧ ਸੀ, ਜੋ ਸਦੀਆਂ ਤੋਂ ਪ੍ਰਚੱਲਤ ਸੀ। ਵਰਤਮਾਨ ਹਿੰਦੂਵਾਦੀ, ਇਸਲਾਮ ਨੂੰ ਆਪਣੇ ਵਿਚ ਮਿਲਾਉਣੇ ਚਾਹੁੰਦੇ ਹਨ। ਇਹ ਗੱਲ ਨਾ ਸੰਭਵ ਹੈ, ਨਾ ਲੋੜੀਂਦੀ। ਇਸਲਾਮ ਨੂੰ ਇਕ ਅਦੁੱਤੀ ਧਰਮ ਵਜੋਂ ਸਭਿਆਚਾਰ ਵਿਚ ਵਿਚਰਨਾ ਚਾਹੀਦਾ ਹੈ। ਪੂਰਬ ਵੱਲ ਤੱਕੋ, ਰਾਮ ਇਕ ਖ਼ੁਦਾ ਵਾਂਗ ਪੂਜਿਆ ਜਾਂਦਾ ਹੈ, ਪਰ ਉਹ ਬੰਗਾਲ ਵਿਚ ਇਸ ਤਰ੍ਹਾਂ ਨਹੀਂ ਜਾਣਿਆ ਜਾਂਦਾ ਸੋ ਕੀ ਜਾਵੇ ? ਬੰਗਾਲੀ ਅਜੇ ਵੀ ਹਿੰਦੂ ਹਨ। ਭਾਰਤੀ ਸਭਿਅਤਾ ਨੇ ਧਰਮਾਂ, ਫ਼ਿਰਕਿਆਂ, ਵਿਚਾਰਾਂ ਅਤੇ ਰਸਮਾਂ ਦੀ ਸਹਿ-ਹੋਂਦ ਨੂੰ ਉਤਸ਼ਾਹਿਤ ਕੀਤਾ ਹੈ।

? ਪਾਕਿਸਤਾਨੀ ਇਤਿਹਾਸਕਾਰ ਆਈ.ਐਚ. ਕੁਰੈਸ਼ੀ ਵਰਗੇ ਤੁਹਾਡੇ ਨਾਲ ਬਿਲਕੁਲ ਸਹਿਮਤ ਨਹੀਂ ਹੋਣਗੇ। ਉਹ ਸੈਮੂਅਲ ਹਰਟਿੰਗਟਨ ਦੇ ਸਿਧਾਂਤ ਬਾਰੇ ਪਹਿਲਾਂ ਹੀ ਸੰਕੇਤ ਦਿੰਦੇ ਹੋਏ, ਸਦਾ ਹੀ ਉਹ ਮੰਨਦੇ ਹਨ ਕਿ ਮੁਸਲਮਾਨਾਂ ਅਤੇ ਹਿੰਦੂਆਂ ਵਿਚ ਇਸਲਾਮ ਦੇ ਇਥੇ ਆਉਣ ਦੀ ਘੜੀ ਤੋਂ ਹੀ ਟਕਰਾ ਰਿਹਾ ਹੈ। ਉਨ੍ਹਾਂ ਦੀ ਕਦੇ ਵੀ ਸਹਿ-ਹੋਂਦ ਨਹੀਂ ਰਹੀ। ਇਹੋ ਹੀ ਕਾਰਨ ਹੈ ਕਿ ਪਾਕਿਸਤਾਨ ਦਾ ਬਣਨਾ ਇਤਿਹਾਸਕ ਤੌਰ ’ਤੇ ਆਵੱਸ਼ਕ ਸੀ। ਮੈਂ ਇਥੇ ਆਪਣੇ ਸੇਂਟ ਸਟੀਫ਼ਨ ਕਾਲਜ ਵੇਲੇ ਦੇ ਪੁਰਾਣੇ ਸਹਿਕਰਮੀ ਦਾ ਜ਼ਿਕਰ ਕਰਨਾ ਚਾਹਾਂਗਾ, ਜਿਥੇ ਕੁਰੈਸ਼ੀ ਸਾਹਿਬ ਨੇ ਕਈ ਸਾਲ ਪੜ੍ਹਾਇਆ ਸੀ। ਉਸ ਦੇ ਨਾ ਤੇ ਉਸ ਦੇ ਪਾਕਿਸਤਾਨ ਚਲੇ ਜਾਣ ਤੋਂ ਬਾਅਦ ਵੀ ਕਈ ਸਾਲ ਇਕ ਪੁਰਸਕਾਰ ਚਾਲੂ ਰੱਖਿਆ ਸੀ।

* ਮੈਂ ਜਾਤੀ ਤੌਰ ’ਤੇ ਸੋਚਦਾ ਹਾਂ ਕਿ ਕੁਰੈਸ਼ੀ ਸਾਹਿਬ ਤੇ ਹੋਰਨਾਂ ਦਾ ਉਹ ਸਿਧਾਂਤ ਊਟ-ਪਟਾਂਗ ਹੈ। ਨਾਵਲ ਵਿਚ ਇਕ ਥਾਂ ਉੱਤੇ ਮੈਂ ਇਕ ਪਾਰਤ ਪੇਸ਼ ਕੀਤਾ ਹੈ। ਉਹ ਸਮਾਂ (time) ਹੈ ਉਹ ਦੱਸਣ ਦਾ ਯਤਨ ਕਰਦਾ ਹੈ ਕਿ ਸਾਲ ਬੀਤਣ ਬਾਅਦ ਵੰਡ ਦੀ ਇਹ ਚੇਤਨਾ ਜ਼ਿਆਦਾ ਜ਼ੋਰ ਪਕੜ ਗਈ ਸੀ। ਐਪਰ ਕੁਰੈਸ਼ੀ, ਸਿਬਾਲੀ ਵਾਂਗ, ਇਹ ਭੁੱਲ ਗਿਆ ਕਿ ਜਦੋਂ ਹੀ ਇਸਲਾਮ ਨੇ ਭਾਰਤ ਦੀਆਂ ਸਰਹੱਦਾਂ ਪਾਰ ਕੀਤੀਆਂ ਤਾਂ ਇਹ ਤਬਦੀਲ ਹੋ ਗਿਆ। ਇਸ ਨੇ ਨਵੀਂ ਥਾਂ, ਜਿਥੇ ਇਹ ਪਹੁੰਚਿਆ, ਉਥੋਂ ਦੇ ਸਭਿਆਚਾਰ ਦੀਆਂ ਕਈ ਵਿਸ਼ੇਸ਼ਤਾਈਆਂ ਗ੍ਰਹਿਣ ਕਰ ਲਈਆਂ। ਇਸੇ ਤਰ੍ਹਾਂ ਦੀ ਭਾਰਤ ਦੇ ਧਰਮਾਂ ਦੀ ਪ੍ਰਕਿਰਤੀ ਅਤੇ ਖਾਸਾ ਬਦਲ ਗਿਆ, ਜਿਵੇਂ ਜਿਵੇਂ ਉਹ ਇਸਲਾਮ ਦੇ ਸੰਪਰਕ ਵਿਚ ਆਏ।

ਦਾਰਾ ਸ਼ਿਕੋਹ ਇਸ ਗੱਲ ਨੂੰ ਸਮਝਦਾ ਸੀ। ਉਸ ਦੀ ਆਤਮਾ ਡੂੰਘੀ ਤਰ੍ਹਾਂ ਭਾਰਤੀ ਸੀ। ਉਹ ਪਰੰਪਰਾਗਤ ਮੁਸਲਿਮ ਸੀ। ਪਰ ਇਸਲਾਮ ਸਥਾਨਕ (Indigenous) ਇਸਲਾਮ ਸੀ। ਉਹ ਭਾਰਤੀ ਸਭਿਅਤਾ ਦੀ ਉਪਜ ਸੀ। ਜੇ ਮਿਸ਼ਰਨ (Sythesis) ਉਸ ਨੇ ਚਾਹਿਆ। (ਅਕਬਰ ਵਾਂਗ) ਉਸ ਦੀ ਪ੍ਰੇਰਨਾ ਉਸ ਨੂੰ ਭਾਰਤੀ ਸਭਿਆਚਾਰ ਦੇ ਅਟੁੱਟ ਭਾਗ ਵਜੋਂ ਕੁਦਰਤੀ ਰੂਪ ਵਿਚ ਮਿਲੀ ਸੀ।

ਮੈਨੂੰ ਸ਼ੱਕ ਹੈ ਕਿ ਮੁਸਲਮ ਲੀਗ ਦੇ ਸਮਰਥਕ ਰਾਜਨੀਤੀ ਵਾਲੇ ਲੋਕ ਅਨੁਭਵ ਕਰਦੇ ਹਨ ਕਿ ਉਹ ਸਭਿਆਚਾਰਕ ਪੱਖੋਂ ਹਿੰਦੂਆਂ ਨਾਲੋਂ ਬਿਹਤਰ ਹਨ। ਉਨ੍ਹਾਂ ਵਿਚ ਉਸ ਸਲਤਨਤ (Emoire) ਦੇ ਖੁੱਸਣ ਦਾ ਇਕ ਝੂਠਾ ਹੰਕਾਰ ਸੀ। ਜਦੋਂ ਬਰਤਾਨੀਆ ਦੇਸ਼ ਛੱਡ ਰਿਹਾ ਸੀ, ਤਾਂ ਮੁਸਲਕ ਲੀਗ ਦੇ ਕਈ ਲੋਕ ਸੋਚਦੇ ਸੀ ਕਿ ਉਹ ਰਾਜ ਨੂੰ ਬਰਤਾਨੀਆ ਕੋਲੋਂ ਵਾਪਸ ਲੈ ਲੈਣਗੇ, ਜਿਹੜਾ ਉਨ੍ਹਾਂ ਕੋਲੋਂ ਖੋਹਿਆ ਗਿਆ ਸੀ।

? ਮੁਹੰਮਦ ਹਬੀਬ ਨਾਲ ਦਾਰਾ ਸ਼ਿਕੋਹ ਦੀ ਬਹਿਸ ਵਿਚ ਤੁਸੀਂ ਲਿਖਿਆ ਹੈ ਕਿ ਸ਼ਿਬਲੀ ਨੋਮਾਨੀ ਹਿੰਦੂਆਂ ਦੇ ਵਿਰੁੱਧ ਜ਼ਹਿਰ ਉੱਗਲ ਰਿਹਾ ਸੀ।

* ਪਰ ਮੈਂ ਇਹ ਗੱਲ ਵੀ ਉਭਾਰੀ ਹੈ ਕਿ ਹਿੰਦੂ ਵੀ ਆਪਣੀ ਵੱਖਰੀ ਤੇ ਬਿਹਤਰ ਪਛਾਣ ਬਾਰੇ ਝੂਠੀ ਸੋਚ ਦਾ ਸ਼ਿਕਾਰ ਸਨ। ਉਹ ਅਨੁਭਵ ਕਰਦੇ ਹਨ ਕਿ ਉਨ੍ਹਾ ਦੀ ਵੱਖਰੀ ਤੇ ਬਿਹਤਰ ਪਛਾਣ ਹੈ। ਉਹ ਸੋਚਦੇ ਸਨ ਕਿ ਬਰਤਾਨਵੀ ਸਰਕਾਰ ਨੇ ਉਨ੍ਹਾਂ ਕੋਲੋਂ ਹਿੰਦੂ ਸਲਤਨਤ ਖੋਹ ਲਈ ਸੀ ਜੋ ਮਰਹੱਟਿਆਂ ਨੇ ਬਣਾਈ ਸੀ। ਫਿਰ ਵੀ ਜਿਹੜੇ ਲੋਕ ਪਾਕਿਸਤਾਨ ਪ੍ਰਵਾਸ ਕਰ ਗਏ ਉਹ ਮੁੱਖ ਤੌਰ ’ਤੇ ਹਿੰਦੂਆਂ ਨਾਲੋਂ ਉਚੇਰੇ ਹਨ। ਮੈਂ ਉਨ੍ਹਾਂ ਨੂੰ “ਐਂਗਲੋ-ਮੁਸਲਮਾਨ” ਸਮਝਦਾ ਹਾਂ।

? ਐਂਗੋਲੋ ਮੁਸਲਮਾਨ ਉਤਰੀ ਭਾਰਤ ਦੇ ਐਂਗਲੋ ਇੰਡੀਅਨ ਵਰਗੇ ਹਨ। ਭਾਵੇਂ ਉਹ ਈਸਾਈਆਂ ਵਰਗੇ ਤਾਂ ਅੰਗਰੇਜ਼ ਨਹੀਂ

ਹਨ, ਐਪਰ ਉਹ ਇਹ ਮੰਨਣ ਲਈ ਤਿਆਰ ਨਹੀਂ ਹਨ ਕਿ ਉਹ ਪਹਿਲਾਂ ਭਾਰਤੀ ਹਨ। ਐਂਗਲੋ-ਇੰਡੀਅਨ ਲੋਕ ਅੰਗਰੇਜ਼ਾਂ ਦੇ ਜਾਣ ਪਿੱਛੋਂ ਭਾਰਤ ਵਿਚ ਠਹਿਰੇ। ਉਹ ਬਹੁ-ਗਿਣਤੀ ਵਿਚ ਆਸਟ੍ਰੇਲੀਆ ਅਤੇ ਕੈਨੇਡਾ ਨੂੰ ਪ੍ਰਵਾਸ ਕਰ ਗਏ ਸਨ। ਉਨ੍ਹਾਂ ਨੂੰ ਸਭਿਅਕ ਤੌਰ 'ਤੇ ਕੋਈ ਮੁਸ਼ਕਿਲਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਭਾਵੇਂ ਉਨ੍ਹਾਂ ਦੇ ਇਥੇ ਵੀ ਗਿਰਜੇ ਸਨ ਅਤੇ ਉਨ੍ਹਾਂ ਨੂੰ ਹੋਰਨਾਂ ਵਾਂਗ ਪੂਰੀ ਤਰ੍ਹਾਂ ਆਜ਼ਾਦੀ ਸੀ, ਪਰ ਸਮਾਜਿਕ ਤੌਰ ਤੇ ਉਨ੍ਹਾਂ ਨੇ ਉਪਰਾਮਤਾ ਅਨੁਭਵ ਕੀਤੀ। ਉਨ੍ਹਾਂ ਦਾ ਸੰਬੰਧ ਵਿਹਲੀ ਸ਼੍ਰੇਣੀ ਨਾਲ ਸੀ ਅਤੇ ਉਨ੍ਹਾਂ ਇਸ ਕਾਰਨ ਉਪਰਾਮਤਾ ਅਨੁਭਵ ਕੀਤੀ ਕਿਉਂਕਿ ਉਨ੍ਹਾਂ ਦਰਜਾ (status) ਖੁੱਸ ਗਿਆ ਸੀ। ਉਨ੍ਹਾਂ ਨੇ ਆਪਣੇ ਨੂੰ, ਬਾਕੀ ਸੋਸਾਇਟੀ ਨਾਲੋਂ ਵੱਖਰੇ ਪ੍ਰਿਜ਼ਮ (Prism) ਰਾਹੀਂ ਵੇਖਿਆ ਸੀ।

* ਇਹੀ ਹਾਲ ਬਹੁਤ ਸਾਰੇ ਮੁਸਲਮ ਲੀਗ ਦੇ ਸਮਰਥਕਾਂ ਦਾ ਸੀ ਐਪਰ ਪਾਕਿਸਤਾਨ ਹਿਜ਼ਰਤ ਕਰਨ ਬਾਅਦ, ਉਨ੍ਹਾਂ ਅਨੁਭਵ ਕੀਤਾ ਕਿ ਸਾਰੇ ਫ਼ੀਊਡਲ ਜਾਗਰੀਦਾਰਾਂ ਨੇ ਉਨ੍ਹਾਂ ਨੂੰ ਜੀ-ਆਇਆਂ ਨਹੀਂ ਕਿਹਾ ਸੀ। ਉਹ ਸੋਚਦੇ ਸਨ ਕਿ ਉਹ ਮੁਹਾਜ਼ਰ ਸਨ। ਕਲਪਨਾ ਕਰਕੇ ਵੇਖੋ ਕਿ ਇਸ ਦਾ ਮਨੁੱਖੀ ਭਾਵੁਕਤਾ ਵਿਚ ਕੀ ਅਰਥ ਬਣਦਾ ਹੈ। ਇਹ ਹੈ ਜੋ ਨਾਵਲਕਾਰ ਕਰਦਾ ਹੈ। ਜਿਸ ਛਿਣ ਇਹ ਕਰਦਾ ਹੈ ਤਾਂ ਉਹ ਅਨੁਭਵ ਕਰਦਾ ਹੈ ਕਿ ਜਿਹੜੇ ਲੋਕ ਪਾਕਿਸਤਾਨ ਵਿਚ ਸਨ, ਉਨ੍ਹਾਂ ਜੇ ਇਸ ਨੂੰ ਪ੍ਰਾਪਤ ਕਰਨ ਵਿਚ ਸਫ਼ਲ ਹੋਣਾ ਹੈ।

? ਜਦ ਲੋਕ ਪਾਕਿਸਤਾਨ ਨੂੰ ਹਿਜ਼ਰਤ ਕਰ ਗਏ ਤਾਂ ਉਹ ਪਾਕਿਸਤਾਨੀ ਸ਼ਹਿਰੀ ਬਣ ਗਏ। ਐਪਰ ਜਿੰਨੇ ਨਾਵਲਕਾਰਾਂ ਨਾਲ ਮੈਂ ਗੱਲਬਾਤ ਕੀਤੀ ਹੈ, ਉਨ੍ਹਾਂ ਨੇ ਇਸੇ ਹੀ ਕਿਸਮ ਦਾ ਪ੍ਰਸ਼ਨ ਪੁੱਛਿਆ ਹੈ। ਪ੍ਰਵਾਸ ਕਰਨ ਤੋਂ ਪਿੱਛੋਂ ਤੇ ਰਾਜਸੀ ਨਾਗਰਿਕਤਾ ਪ੍ਰਾਪਤ ਕਰਨ ਪਿੱਛੋਂ, ਤੁਹਾਡੇ ਸਾਰੇ ਸੁਪਨੇ ਮਿੱਥ ਅਤੇ ਉਸ ਘਰ ਦੀਆਂ ਯਾਦਾਂ, ਜੋ ਤੁਸੀਂ ਪਿੱਛੇ ਛੱਡ ਆਏ ਹੋ, ਜਿਥੋਂ ਤੁਸੀਂ ਅਸਲ ਵਿਚ ਆਏ ਸੀ। ਹੁਣ ਤੁਸੀਂ ਕਿਸ ਦੇਸ਼ ਨਾਲ ਸੰਬੰਧ ਰੱਖਦੇ ਹੋ ? ਤੁਸੀਂ ਕਿਥੋਂ ਦੇ ਨਾਗਰਿਕ ਹੋ ?

* ਅਸਲ ਵਿਚ ਪਾਕਿਸਤਾਨ ਕਿਸੇ ਬੰਦੇ ਦੀ ਧਰਤੀ ਨਹੀਂ। ਇਹ ਕਿਸੇ ਦੀ ਮਲਕੀਅਤ ਨਹੀਂ, ਸਿਵਾਏ ਉਨ੍ਹਾਂ ਤੋਂ, ਜੋ ਸਦੀਆਂ ਤੋਂ ਇਥੇ ਰਹਿ ਰਹੇ ਹਨ। ਇਹ ਅਸਚਰਜ ਗੱਲ ਹੈ, ਪਰ ਉਹ ਆਪਣੇ ਆਪ ਨੂੰ ਪਾਕਿਸਤਾਨ ਵਾਂਗ ਨਹੀਂ ਵੇਖ ਰਹੇ। ਇਸ ਦੀ ਥਾਂ ਉਹ ਆਪਣੇ ਆਪ ਨੂੰ ਸਿੰਧੀ, ਬਲੋਚੀ, ਪਖ਼ਤੂਨ ਜਾਂ ਪੰਜਾਬੀਆਂ ਵਾਂਗੂੰ ਵੇਖ ਰਹੇ ਹਨ। ਉਹ ਉਸ ਵਕਤ ਹੀ ਪਾਕਿਸਤਾਨੀ ਹੁੰਦੇ ਹਨ, ਜਦੋਂ ਉਹ ਬਾਹਰ ਦਾ ਸਫ਼ਰ ਕਰਦੇ ਹਨ।

? ਇੰਤਜ਼ਾਰ ਹੁਸੈਨ ਦਾ ਵਿਸ਼ਵਾਸ ਹੈ ਕਿ ਪਾਕਿਸਤਾਨ ਦੀ ਸਾਹਿਤਕ ਵਿਰਾਸਤ ਅਬੂ ਫਜ਼ਲ ਅਤੇ ਗ਼ਾਲਿਬ ਦੀ ਬਣਾਈ ਹੋਈ ਹੈ। ਇਸ ਵਿਚ ਜਾਤਕ ਕਥਾਵਾਂ, ਕਥਾ-ਸ਼ਰਤ-ਸਾਗਰ, ਮਹਾਂਭਾਰਤ ਅਤੇ ਰਾਮਾਇਣ ਸ਼ਾਮਿਲ ਹੋਣੀਆਂ ਚਾਹੀਦੀਆਂ ਸਨ। ਇਕ ਪਾਕਿਸਤਾਨੀ ਲੇਖਕ ਵਜੋਂ ਉਹ ਆਪਣੇ ਆਪ ਨੂੰ ਬੜੀ ਅਮੀਰ ਤੇ ਰਲ-ਗੱਡ ਵਿਰਾਸਤ ਦਾ ਵਾਰਸ ਸਮਝਦਾ ਹੈ। ਤੁਸੀਂ ਇਸਲਾਮੀ ਪਛਾਣ ਅਤੇ ਹਿੰਦੂ ਪਛਾਣ ਦੇ ਸੰਕੇਤ ਨੂੰ ਕਿਵੇਂ ਪ੍ਰੀਭਾਸ਼ਤ ਕਰੋਗੇ ?

* ਜੇ ਮੈਂ ਅਜੋਕੇ ਪ੍ਰਸੰਗ ਵਿਚ ਪਛਾਣ ਦੇ ਪ੍ਰਸ਼ਨ ਨੂੰ ਲੱਭਣਾ ਹੈ, ਤਾਂ ਮੈਂ ਕਹਾਂਗਾ ਉਹ ਦੇਸ਼, ਉਸ ਦਾ ਮੈਂ ਨਾਗਿਰਕ ਹਾਂ। ਇਹ ਦੇਸ਼ ਹੋਰ ਕਈ ਵਿਸ਼ਾਲ ਸਭਿਆਚਾਰਾਂ, ਆਪਸੀ ਪ੍ਰਭਾਵਾਂ ਦੇ ਨਤੀਜੇ ਵਜੋਂ ਹੋਂਦ ਵਿਚ ਆਇਆ ਹੈ। ਮੈਂ ਇਕ ਭਾਰਤੀ ਹੋ ਸਕਦਾ ਹਾਂ, ਪਰ ਮੈਂ ਕੱਟੜ ਦੇਸ਼-ਪ੍ਰੇਮੀ (chauvinist) ਨਹੀਂ ਹੋ ਸਕਦਾ, ਜਿਵੇਂ ਕਿ ਸਾਡੇ ਵਰਤਮਾਨ ਰਾਜ-ਨੀਤੀਵਾਨ ਚਾਹੁੰਦੇ ਹਨ ਕਿ ਅਸੀਂ ਬਣ ਜਾਈਏ। ਮੈਂ ਨਹੀਂ ਕਹਿ ਸਕਦਾ ਕਿ ਕਥਾ ਸਾਗਰ, ਰਾਮਾਇਣ ਜਾਂ ਰਾਜ-ਤਰੰਗਣੀ ਮੇਰੀ ਵਿਰਾਸਤ ਦਾ ਅੰਗ ਹਨ। ਇਸ ਦੀ ਥਾਂ, ਮੈਂ ਸਮੁੱਚੀ ਗੁੰਝਲਦਾਰ ਵਿਰਾਸਤ ਦਾ ਵਾਰਸ ਹਾਂ। ਮੈਂ ਇੰਤਜ਼ਾਰ ਹੁਸੈਨ ਦੀ ਸਾਡੇ ਸਭਿਆਚਾਰ ਦੀ ਜਿਸ ਵਿਚ ਹਿੰਦੂ, ਮੁਸਲਮ, ਬੋਧੀ ਅਤੇ ਕ੍ਰਿਸ਼ਚੀਅਨ ਹੋਂਦ ਦੇ ਢੰਗ ਘੁਲੇ-ਮਿਲੇ ਹਨ, ਦੀ ਕਦਰ ਕਰਦਾ ਹਾਂ।

ਇਨ੍ਹਾਂ ਹੀ ਦਿਨਾਂ ਵਿਚ ਜਦੋਂ ਮੈਂ ਅਲੀਗੜ੍ਹ ਵਿਚ ਕੁਝ ਲੈਕਚਰ ਦੇ ਰਿਹਾ ਸੀ, ਤਾਂ ਮੈਨੂੰ ਇਕ ਕਰਾਚੀ ਦਾ ਪਾਕਿਸਤਾਨੀ ਮਿਲਿਆ, ਜੋ ਇਥੇ ਖੋਜ ਕਰ ਰਿਹਾ ਸੀ। ਖਾਣੇ ਵੇਲੇ ਅਸੀਂ ਦੋਵੇਂ ਹਰ ਰੋਜ਼ ਮਿਲਿਆ ਕਰਦੇ ਸੀ। ਮੈਂ ਉਸ ਨੂੰ ਆਮ ਜਿਹੇ ਸਵਾਲ ਪੁੱਛਦਾ ਸੀ। "ਤੁਹਾਨੂੰ ਇਥੇ ਰਹਿਣਾ ਕਿਵੇਂ ਜਿਹਾ ਲੱਗਦਾ ਹੈ ?" ਉਸ ਨੇ ਕਿਹਾ, "ਪਾਕਿਸਤਾਨ ਮੇਰਾ ਦੇਸ਼ ਹੈ, ਭਾਰਤ ਮੇਰਾ ਵਤਨ ਹੈ, ਮੇਰੀ ਮਾਤ-ਭੂਮੀ" ਇਕ ਪਾਕਿਸਤਾਨ ਲਈ ਇੰਝ ਆਖਣਾ ਬੜਾ ਮਹੱਤਵਪੂਰਨ ਸੀ।

? ਮੈਂ ਇਥੇ ਇਸ ਗੱਲ ਦਾ ਵਾਅਦਾ ਕਰਾਂ ਕਿ ਅਜਿਹੇ ਹੀ ਬਿਆਨ ਮੈਨੂੰ ਉਨ੍ਹਾਂ ਲੇਖਕਾਂ ਵਲੋਂ ਪ੍ਰਗਟ ਕੀਤੇ ਮਿਲੇ, ਜਿੰਨ੍ਹਾਂ ਨਾਲ ਮੈਂ ਗੱਲਾਂ ਕੀਤੀਆਂ। ਭੀਸ਼ਮ ਸਾਹਨੀ ਲਈ, ਪਿਸ਼ਾਵਰ ਉਸ ਦਾ ਵਤਨ ਸੀ। ਕ੍ਰਿਸ਼ਨਾ ਸੋਬਤੀ ਲਈ, ਪੱਛਮੀ ਪੰਜਾਬ ਦਾ ਗੁਜਰਾਤ ਉਸ ਦਾ ਵਤਨ, ਅੱਜ ਤੀਕ ਵੀ ਹੈ, ਭਾਵੇਂ ਦੋਵੇਂ ਹੀ ਕਈ ਦਹਾਕਿਆਂ ਤੋਂ ਦਿੱਲੀ ਰਹਿ ਰਹੇ ਸਨ।

* ਨਿਸ਼ਚੇ ਹੀ। ਇਸੇ ਕਾਰਨ ਮੇਰੇ ਨਾਵਲ "ਕਿਤਨੇ ਪਾਕਿਸਤਾਨ" ਵਿਚ ਇਕ ਔਰਤ ਹੈ, ਜੋ ਮੁਲਤਾਨ ਤੋਂ ਪ੍ਰਵਾਸ ਕਰਕੇ ਆਈ ਹੈ। ਜਦੋਂ ਵੀ ਕਦੇ ਭਾਰਤ ਅਤੇ ਪਾਕਿਸਤਾਨ ਵਿਚ, ਜੰਗ ਦੀ ਖ਼ਬਰ ਆਉਂਦੀ ਹੈ ਤਾਂ ਉਸ ਦੀ ਪਹਿਲੀ ਚਿੰਤਾ ਮੁਲਤਾਨ ਹੁੰਦੀ ਹੈ। ਇਕ ਥਾਂ ਜਿਥੇ ਉਹ ਜੰਮੀ ਸੀ ਤੇ ਜਿਸ ਨੂੰ ਅਜੇ ਵੀ ਉਹ ਆਪਣਾ ਘਰ ਸਮਝਦੀ ਹੈ। ਲੋਕੀਂ ਉਸ ਨੂੰ ਦੱਸਦੇ ਨੇ ਕਿ ਉਸ ਦਾ ਮੁਲਤਾਨ ਨਾਲ ਕੋਈ ਵਾਹ-ਵਾਸਤਾ ਨਹੀਂ। ਪਰ ਉਹ ਇਸੇ ਖ਼ਿਆਲ ਨਾਲ ਡਰ ਜਾਂਦੀ ਹੈ ਕਿ ਕਿਤੇ ਉਥੇ ਬੰਬਾਰੀ ਨਾ ਹੋ ਜਾਵੇ। ਉਹ ਉਸ ਦਰਗਾਹ ਦੀ ਚਿੰਤਾ ਕਰਦੀ ਹੈ। ਜਿਥੇ ਉਹ ਜਾਂਦੀ ਹੁੰਦੀ ਸੀ। ਉਹ ਉਸਦ ਦੀ ਸੁਰੱਖਿਆ ਲਈ ਅਰਦਾਸ ਕਰਦੀ ਹੈ। ਉਹ ਉਸ ਮੁਹੱਲੇ ਬਾਰੇ ਜਾਨਣਾ ਚਾਹੁੰਦੀ ਹੈ, ਜਿਸ ਵਿਚ ਉਹ ਰਹਿੰਦੀ ਹੁੰਦੀ ਸੀ।

ਇਸ ਦਾ ਕਾਰਨ ਇਹ ਹੈ ਕਿ ਉਸ ਥਾਂ ਨਾਲ ਆਪਣੇ ਆਪ ਨੂੰ ਕੱਟੇ ਜਾਣਾ ਮੁਸ਼ਕਿਲ ਹੈ, ਜਿਥੇ ਉਸ ਦੀਆਂ ਜੜ੍ਹਾਂ ਸਨ। ਵੱਡੇ ਰੁੱਖ ਪੁੱਟੇ ਜਾ ਸਕਦੇ ਹਨ, ਪਰ ਸਭਿਅਚਾਰ ਦਾ ਰੁੱਖ ਆਸਾਨੀ ਨਾਲ ਨਹੀਂ ਪੁੱਟਿਆ ਜਾ ਸਕਦਾ।

? ਕੀ ਇਹੋ ਕਾਰਨ ਹੈ ਕਿ ਤੁਸੀਂ "ਰਾਹੀ ਮਸੂਮਰਜ਼" ਦੇ ਨਾਵਲ "ਆਧਾ ਗਾਓਂ" ਦੀ ਗੱਲ ਕਰਦੇ ਹੋ ? ਤੇ ਤੁਸੀਂ ਉਸ ਵਿਚੋਂ ਕਿਸੇ ਖ਼ਾਸ ਹਿੱਸੇ ਦਾ ਹਵਾਲਾ ਦਿੰਦੇ ਹੋ। "ਤਾਨੂੰ ਮੀਆਂ' ਉਨ੍ਹਾਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਬੜੀ ਤਿੱਖੀ ਬਹਿਸ ਵਿਚ ਉਲਝਦਾ ਹੈ, ਜਿਹੜੇ ਗੰਗੋਲੀ ਵਿਚਲੀ ਮੁਸਲਿਮ ਵੱਸੋਂ ਨੂੰ ਮੁਸਲਿਮਲੀਗ ਦੀ ਹਿਮਾਇਤ ਕਰਨ ਲਈ ਆਖਦੇ ਹਨ। ਤਾਨੂੰ ਜਿੱਨਾਹ ਦਾ ਮਖੌਲ ਉਡਾਉਂਦਾ ਹੈ ਤੇ ਉਨ੍ਹਾਂ ਸਾਰੇ ਹੀ ਲੋਕਾਂ ਦਾ, ਜਿਹੜੇ ਪਾਕਿਸਤਾਨ ਜਾਣ ਦੀ ਪਹੁੰਚ ਰੱਖਦੇ ਹਨ ਤੇ ਉਥੇ ਆਪਣੇ ਘਰ ਉਸਾਰਨਾ ਚਾਹੁੰਦੇ ਹਨ। ਦੱਸੇ ਪੈਰੇ ਵਿਚ ਤਾਨੂੰ ਕਹਿੰਦਾ ਹੈ ਕਿ ਜਿੱਨਾਹ ਅਤੇ ਉਸ ਦੇ ਸਮਰਥਕ ਆਪਣੇ ਵੱਡ-ਵਡੇਰਿਆਂ ਦੀਆਂ ਕਬਰਾਂ ਪੁੱਟ ਕੇ ਤੇ ਉਨ੍ਹਾਂ ਨੂੰ ਪਾਕਿਸਤਾਨ ਲਿਜਾਣ ਦੀ ਸੋਚਦੇ ਹਨ 'ਤਾਨੂੰ ਵਿਦਿਆਰਥੀਆਂ ਨੂੰ ਦੱਸਦਾ ਹੈ ਕਿ ਉਸ ਦੀ ਕਰਬਲਾ ਗੰਗੋਲੀ ਵਿਚ ਹੀ ਹੈ।

* ਇਹ ਨਾਵਲ ਵਿਚ ਮਹੱਤਵਪੂਰਨ ਪੈਰਾ ਹੈ। ਤਾਨੂੰ ਅਲੀਗੜ੍ਹ ਦੇ ਵਿਦਿਆਰਥੀਆਂ ਨੂੰ ਦੱਸਦਾ ਹੈ ਕਿ ਜਦੋਂ ਉਹ ਦੂਸਰੇ ਵਿਸ਼ਵ ਯੁੱਧ ਸਮੇਂ ਇਟਲੀ ਦੇ ਮੋਰਚੇ ਉੱਤੇ ਲੜ ਰਿਹਾ ਸੀ ਤੇ ਸੋਚਦਾ ਸੀ ਕਿ ਉਹ ਉਥੇ ਮਰ ਵੀ ਸਕਦਾ ਹੈ ਤਾਂ ਉਸ ਦੀ ਸਭ ਤੋਂ ਪਿਆਰੀ ਇੱਛਾ ਦ੍ਰਿਸ਼ਟੀ ਇਹ ਸੀ ਕਿ ਗੰਗੋਲੀ ਦੇ ਗੰਨੇ ਦੇ ਖੇਤ ਹੋਣ। ਨਿਰਸੰਦੇਹ ਉਹ ਉਸ ਛਿਣ ਅੱਲ੍ਹਾ ਨੂੰ ਵੀ ਯਾਦ ਕਰਦਾ ਸੀ, ਐਪਰ ਮੱਕੇ ਨੂੰ, ਨਹੀਂ ਗੰਗੋਲੀ ਨੂੰ ਚੇਤੇ ਕਰਦਾ ਸੀ। ਵਿਦਿਆਰਥੀ ਉਸ ਦੀ ਨਾਸਤਿਕਤਾ ਨੂੰ ਸੁਣ ਹੈਰਾਨ ਹੋਏ ਸਨ। ਐਪਰ ਉਹ ਇਸ ਗੱਲ ਨੂੰ ਕਹਿਣ ਦੀ ਜਿੱਦ ਕਰਦਾ ਹੈ ਕਿ ਜਿਵੇਂ ਅੱਲ੍ਹਾ ਮੀਆਂ ਮੱਕੇ ਨੂੰ ਪਿਆਰ ਕਰਦਾ ਹੈ, ਕਿਉਂਕਿ ਇਹ ਉਸ ਦਾ ਘਰ ਹੈ। ਉਸ ਦਾ ਕਾਹਬਾ ਉਸ ਦਾ ਗੰਗੋਲੀ ਵਾਲਾ ਘਰ ਹੈ। ਉਹ ਗੰਗੋਲੀ ਦੀ ਮਿੱਟੀ ਨੂੰ ਆਪਣੇ ਆਪੇ ਦਾ ਭਾਗ ਸਮਝਦਾ ਹੈ। ਉਸ ਦਾ ਦੁੱਖ ਉਸ ਮਿੱਟੀ ਤੋਂ ਵਿਛੁੰਨੇ ਜਾਣ ਨੂੰ ਚੇਤੇ ਕਰ ਕੇ ਉਤਪੰਨ ਹੁੰਦਾ ਹੈ। ਇਸ ਲਈ ਉਹ ਪ੍ਰਾਚੀਨ ਸਭਿਅਤਾ ਦਾ ਪਿਆਰ-ਭਰਿਆ ਤੇ ਡੂੰਘੀ ਤਰ੍ਹਾਂ ਹਿੱਸਾ ਸਮਝਦਾ ਹੈ।

ਲੋਕਾਂ ਲਈ ਉਸ ਧਰਤੀ ਬਾਰੇ ਸੋਚਣਾ ਜ਼ਰੂਰੀ ਹੈ, ਜਿਸ ਨਾਲ ਉਨ੍ਹਾਂ ਦਾ ਸੰਬੰਧ ਹੈ। ਉਹ ਸਭਿਅਤਾ ਨਾਲ ਜਿਸ ਦਾ ਉਹ ਭਾਗ ਹਨ। ਕੇਵਲ ਇਕ ਕਾਲਪਨਿਕ ਲੇਖਕ ਹੀ ਉਸ ਦੁੱਖ ਨੂੰ ਅਨੁਭਵ ਕਰ ਸਕਦਾ ਹੈ, ਜੋ ਆਪਣੀ ਭੋਇੰ ਤੋਂ ਪੁੱਟਿਆ ਜਾ ਰਿਹਾ ਹੋਵੇ ਜਾਂ ਆਪਣੀ ਸਭਿਅਤਾ ਤੋਂ ਕੱਟਿਆ ਜਾ ਰਿਹਾ ਹੋਵੇ, ਮੈਂ ਨਹੀਂ ਸੋਚਣਾ ਕਿ ਕੋਈ ਇਤਿਹਾਸਕਾਰ ਇਸ ਤਜ਼ਰਬੇ ਨੂੰ ਸਮਝ ਸਕਦਾ ਹੋਵੇ। ਕੇਵਲ ਕ੍ਰਿਸ਼ਨਾ ਸੋਬਤੀ ਜਾਂ ਭੀਸ਼ਮ ਸਾਹਨੀ ਹੀ ਸਮਝ ਸਕਦਾ ਹੈ।

? ਕੀ ਇਸੇ ਕਾਰਨ ਹੀ ਕੋਈ ਵੱਡਾ ਭਾਰਤੀ ਜਾਂ ਪਾਕਿਸਤਾਨੀ ਲੇਖਕ ਤੁਹਾਡੇ ਨਾਵਲ ਵਿਚ ਇਤਿਹਾਸਕਾਰਾਂ ਨਾਲ ਬਹਿਸ ਵਿਚ ਭਾਗ ਲੈਣ ਲਈ ਅੰਦਰ ਬਾਹਰ ਜਾਂਦੇ ਹਨ ?

* ਹਾਂ, ਇਸੇ ਕਾਰਨ ਹੀ।

? ਅਸਲ ਵਿਚ ਉਹ ਛਿਣ ਬੜਾ ਮਜ਼ਾਕ ਵਾਲਾ ਹੈ, ਜਦੋਂ ਬਹਿਸ ਦੌਰਾਨ ਇਹ ਮੁੱਦਾ ਆਇਆ ਕਿ ਕੀ ਭਾਰਤ ਵਿਚ ਕਦੇ ਧਾਰਮਿਕ ਜੰਗਾਂ ਹੋਈਆਂ ਸਨ। ਤੁਸੀਂ ਕ੍ਰਿਸ਼ਨਾ ਸੋਬਤੀ ਨੂੰ ਇਹ ਕਹਿੰਦੇ ਸੁਣਦੇ ਹੋ, "ਸਾਬਾਸ਼"! ਤੇ ਦੂਸਰੇ ਛਿਣ, "ਸ਼ਰਮ, ਸ਼ਰਮ" ਕਹਿੰਦੇ ਸੁਣਦੇ ਹੋ। ਮੈਂ ਉਸ ਨੂੰ ਅਜਿਹਾ ਕਰਦੇ ਕਲਪਣਾ ਕਰ ਸਕਦਾ ਹਾਂ। ਅਸਲ ਵਿਚ ਉਹ ਇਸ ਦਾਅਵੇ ਦਾ ਸਮਰਥਨ ਕਰਦੀ ਹੈ ਕਿ ਭਾਰਤ ਵਿਚ ਕਦੇ ਵੀ ਹਿੰਦੂ ਰਾਸ਼ਟਰ ਨਹੀਂ ਸੀ ਤੇ ਨਾ ਹੀ ਕਦੇ ਕੋਈ ਧਾਰਮਿਕ ਜੰਗਾਂ ਵੇਖੀਆਂ ਗਈਆਂ ਹਲ। ਇਹ ਦਲੀਲ ਸ਼ਿਬਲੀ ਨੋਮਾਨੀ ਦੀ ਉਸ ਕੋਸ਼ਿਸ਼ ਦੇ ਵਿਰੁੱਧ ਹੈ ਕਿ ਔਰੰਗਜ਼ੇਬ ਇਸ ਨਾਮ ਦਾ ਰੱਖਿਅਕ ਸੀ ਤੇ ਦਾਰਾ ਸ਼ਿਕੋਹ ਇਕ ਨਾਸਤਿਕ ਸੀ।

* ਮੈਂ ਇਨ੍ਹਾਂ ਸਾਰੇ ਲੇਖਕਾਂ ਅਤੇ ਇਤਿਹਾਸਕਾਰਾਂ ਨੂੰ ਨਾਵਲ ਵਿਚ ਗਵਾਹੀਆਂ ਵਜੋਂ ਪੇਸ਼ ਕੀਤਾ ਹੈ ਕਿਉਂਕਿ ਉਹ ਮੇਰੇ ਸਮਾਜਿਕ ਮਾਹੌਲ ਦਾ ਅੰਗ ਹਨ। ਮੈਂ ਉਨ੍ਹਾਂ ਨੂੰ ਆਪਣੇ ਸਮੇਂ ਦੀ ਵੱਡੀ ਬਹਿਸ ਦੇ ਖਿਆਲ ਵਜੋਂ ਪੇਸ਼ ਕੀਤਾ ਹੈ, ਜਿਸ ਵਿਚ ਮੈਂ ਉਨ੍ਹਾਂ ਨਾਲ ਫਸਿਆ ਹੋਇਆ ਸੀ। ਨਾਵਲ ਵਿਚ ਉਨ੍ਹਾਂ ਦਖ਼ਲ, ਮੇਰੀਆਂ ਉਨ੍ਹਾਂ ਯਾਦਾਂ ਕਾਰਨ ਹੈ ਜੋ ਉਨ੍ਹਾਂ ਦੇ ਬਿਆਨਾਂ ਜਾਂ ਸੰਕੇਤਾਂ ਉੱਤੇ ਆਧਾਰਿਤ ਹਨ।

? ਇਕ ਜਗ੍ਹਾ ਉੱਤੇ ਤੁਸੀਂ ਦਾਅਵਾ ਕਰਦੇ ਹੋ ਕਿ ਪਾਕਿਸਤਾਨ ਬੰਦਿਆਂ ਦੇ ਦਿਲਾਂ ਤੇ ਮਨਾਂ ਵਿਚ ਸਦੀਆਂ ਪਹਿਲਾਂ ਹੀ ਬਣ ਗਿਆ ਸੀ। ਤੁਸੀਂ ਬਾਰ-ਬਾਰ ਕਹਿੰਦੇ ਹੋ ਕਿ "ਪਾਕਿਸਤਾਨ ਘ੍ਰਿਣਾ ਦਾ ਨਾਮ ਹੈ" ਕਿਉਂ ?

* ਮੇਰੇ ਲਈ ਪਾਕਿਸਤਾਨ ਇਕ ਰੂਪਕ ਅਲੰਕਾਰ (Metaphor) ਹੈ। ਸਰਹੱਦ ਉੱਤੇ ਹਾਲ ਹੀ ਵਿਚ ਸੈਨਿਕ ਸਰਗਰਮੀ ਤੋਂ ਪਹਿਲਾਂ, ਮੈਂ ਭਾਰਤ ਦੀ ਯਾਤਰਾ ਉੱਤੇ ਆਏ ਦੋ ਪਾਕਿਸਤਾਨੀ ਲੇਖਕਾਂ ਨੂੰ ਮਿਲਿਆ ਸੀ। ਉਨ੍ਹਾਂ ਨੇ ਆਪਣੇ ਨਾਲ ਲਿਜਾਣ ਲਈ, "ਕਿਤਨੇ ਪਾਕਿਸਤਾਨ" ਦੀਆਂ ਕਾਪੀਆਂ ਖਰੀਦੀਆਂ ਸਨ। ਮੈਂ ਉਨ੍ਹਾਂ ਨੂੰ ਦੱਸਿਆ ਸੀ ਕਿ ਉਹ ਕਸਟਮ ਅਧਿਕਾਰੀਆਂ ਵਲੋਂ ਔਕੜ ਅਨੁਭਵ ਕਰਨਗੇ। ਉਨ੍ਹਾਂ ਦੱਸਿਆ ਕਿ ਉਹ ਟਾਈਟਲ ਉਤਾਰ ਦੇਣਗੇ ਤੇ ਕਿਸੇ ਨਾ ਕਿਸੇ ਤਰ੍ਹਾਂ ਕਾਪੀਆਂ ਸਮੱਗਲ ਕਰਕੇ ਆਪ ਲੈ ਜਾਣਗੇ। ਇਹ ਪੁਸਤਕ ਕਦੇ ਵੀ ਇਸ ਟਾਈਟਲ ਅਧੀਨ ਪਾਕਿਸਤਾਨ ਵਿਚ ਨਹੀਂ ਛਪ ਸਕੇਗੀ। ਇਸ ਲਈ ਮੈਂ ਉਨ੍ਹਾਂ ਨੂੰ ਸੁਝਾਅ ਦਿੱਤਾ ਸੀ ਕਿ ਉਹ ਟਾਈਟਲ ਬਦਲ ਦੇਣ ਦੇ ਇਸ ਦਾ ਨਾ "ਕਿਤਨਾ ਹਿੰਦੁਸਤਾਨ" ਰੱਖ ਲੈਣ। ਜਿਸ ਗੱਲ ਬਾਰੇ ਮੈਂ ਬੋਲ ਰਿਹਾ ਸੀ, ਉਹ ਤਰਕਹੀਣਤਾ ਸੀ, ਜੋ ਲੋਕਾਂ ਨੂੰ ਪਾੜਦੀ ਹੈ।

? ਤੁਹਾਡੇ ਦੋਵੇਂ ਬਿਆਨ ਕਿ "ਪਾਕਿਸਤਾਨ ਘ੍ਰਿਣਾ ਦਾ ਨਾਮ ਹੈ" ਅਤੇ ਕਿ "ਪਾਕਿਸਤਾਨ ਸਦੀਆਂ ਪਹਿਲਾਂ ਲੋਕਾਂ ਦੇ ਮਨਾਂ

ਅਤੇ ਦਿਲਾਂ ਵਿਚ ਬਣਾਇਆ ਗਿਆ ਸੀ।" ਹਾਲੀ ਵੀ ਇਨ੍ਹਾਂ ਦੇ ਨਿਰੀਖਣ ਦੀ ਲੋੜ ਹੈ। ਉਹ ਮੈਨੂੰ ਇਹ ਸੁਝਾਅ ਦਿੰਦੇ ਹਨ ਕਿ ਸਭਿਅਤਕ ਇਕਸੁਰਤਾ ਦੇ ਬਾਵਜੂਦ ਇਸ ਵਿਚਲੀ ਗੰਭੀਰਤਾ, ਅਸਹਿਨਸ਼ੀਲਤਾ ਤੇ ਵੱਖ-ਵੱਖ, ਧਾਰਮਿਕ ਗਰੁੱਪਾਂ ਵਿਚਕਾਰ ਬੇਵਿਸ਼ਵਾਸੀ ਫਿਰ ਵੀ ਬਾਹਰ ਆ ਜਾਂਦੀ ਹੈ ਅਤੇ ਇਹ ਸਭਿਆਚਾਰ ਦੀ ਹੋਂਦ ਲਈ ਖਤਰਾ ਬਣ ਜਾਂਦੀ ਹੈ।

* ਹਾਂ, ਮੈਂ ਇਹ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਭਾਵੇਂ ਭਾਰਤੀ ਸਮਾਜ ਮਿਸ਼ਰਮਤ ਖਾਸੇ ਦਾ ਹੈ, ਫਿਰ ਵੀ ਇਸ ਵਿਚ ਸਭਿਆਚਾਰਕ ਤ੍ਰੇੜਾਂ, ਪਾੜੇ ਹਨ। ਭਾਰਤ ਦੀ ਮਿਸ਼ਰਤ ਹੋਂਦ ਇਕ ਆਦਰਸ਼ ਸੀ। ਐਪਰ ਕਦੇ ਵੀ ਯਥਾਰਥ ਵਿਚ ਅਨੁਵਾਦ ਨਹੀਂ ਕੀਤੇ ਜਾ ਸਕਦੇ। ਮਨੁੱਖੀ ਮਨ, ਮਨੁੱਖੀ ਫਿਤਰਤ ਵਿਚ ਔਗੁਣ ਹੁੰਦੇ ਹਨ। ਅਸੀਂ ਆਦਰਸ਼ਕ ਜੀਵ ਨਹੀਂ ਹਾਂ ਅਤੇ ਮਨੁੱਖੀ ਮਨ ਨੂੰ ਕਦੇ ਵੀ ਖ਼ਾਸ ਢੰਗ ਨਾਲ ਕੰਮ ਕਰਨ ਲਈ ਮਜ਼ਬੂਰ ਨਹੀਂ ਕਰ ਸਕਦਾ। ਪਰ ਇਹ ਤੱਥ ਕਿ ਅਸੀਂ ਕਦੇ ਵੀ ਆਪਣੇ ਆਦਰਸ਼ਕ ਬਿੰਬ ਦੇ ਅਨੁਸਾਰ ਨਹੀਂ ਜੀ ਸਕੇ ਪਰ ਮਿਸ਼ਰਤ (Composite) ਸਭਿਆਚਾਰ ਇਸ ਆਦਰਸ਼ ਨੂੰ ਰੱਦ ਨਹੀਂ ਕਰਦਾ। ਇਸੇ ਕਾਰਨ ਮੈਂ ਕਹਿੰਦਾ ਹਾਂ ਕਿ "ਪਾਕਿਸਤਾਨ ਨਫ਼ਰਤ ਦਾ ਨਾਂ ਹੈ।" ਜੋ ਘ੍ਰਿਣਾ ਸ਼ਬਦ ਮੈਂ ਬੋਲਦਾ ਹਾਂ ਇਹ ਪਾਕਿਸਤਾਨ ਦੇ ਸੁਫ਼ਨੇ ਤੋਂ ਸਦੀਆਂ ਪਹਿਲਾਂ, ਸੰਭਵ ਹੈ ਕਿਸੇ ਹੋਰਸ ਨਾਂ ਨਾਲ ਸੱਦਿਆ ਜਾਂਦਾ ਰਿਹਾ ਹੋਵੇ। ਅਸਲ ਵਿਚ, ਜੇ ਤੁਹਾਨੂੰ ਯਾਦ ਹੋਵੇ, ਮੈਂ ਇਸ ਘ੍ਰਿਣਾ ਦੇ ਇਤਿਹਾਸ ਨੂੰ ਸੁਮੇਰੀਅਨ ਨਾਇਕ ਗਿਲ ਗਾਮੇਸ਼ (Gilgamesh) ਤੋਂ ਲੱਗ ਕੇ ਬਾਬਰੀ ਮਸਜਿਦ ਦੇ ਢਾਹੁਣ ਤੀਕ ਲੈ ਆਉਂਦਾ ਹਾਂ। ਮੈਂ ਇਹ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਮਨੁੱਖੀ ਕਬੀਲਿਆਂ ਨੇ ਆਪਣੀਆਂ ਸੰਕੀਰਣ ਪਛਾਣਾਂ ਨੂੰ ਤਕੜਿਆਂ ਕਰਨ ਲਈ ਦੂਸਰੇ ਕਬੀਲਿਆਂ ਪ੍ਰਤੀ ਘ੍ਰਿਣਾ ਵਿਖਾਈ ਹੈ। ਨਿਰਸੰਦੇਹ, ਉਨ੍ਹਾਂ ਨੂੰ ਜਿਊਂਦੇ ਰਹਿਣ ਲਈ ਹੋਰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਜਿਵੇਂ ਖੁਰਾਕ ਪਾਣੀ ਤੇ ਧਰਤੀ ਦੀ ਮੁਸ਼ਕਿਲ।

ਪਰ ਮੈਂ ਸੋਚਦਾ ਹਾਂ ਕਿ ਮਨੁੱਖ ਫ਼ਿਤਰਤ ਅਜਿਹੀ ਹੈ ਕਿ ਸਾਡੇ ਵਿਚੋਂ ਹਰ ਇਕ ਆਪਣੇ ਆਪ ਨੂੰ ਵੱਖਰਾ ਅਤੇ ਦੂਸਰਿਆਂ ਨਾਲੋਂ ਚੰਗੇਰਾ ਚਾਹੁੰਦਾ ਹੈ। ਇਹ ਸਾਡੇ ਵਿਚ ਤਕੜਾ ਮਨੋਭਾਵ ਹੈ। ਅਸੀਂ ਦੂਸਰੇ ਨੂੰ ਘ੍ਰਿਣਾ ਜਾਂ ਨਫ਼ਰਤ ਨਾ ਵੀ ਕਰਦੇ ਹੋਈਏ, ਪਰ ਅਵੱਸ਼ ਹੀ ਅਸੀਂ ਦੂਸਰਿਆਂ ਦੇ ਟਾਕਰੇ ਉੱਤੇ ਆਪਣੇ ਲਾਭਾਂ ਨੂੰ ਵਧਾਉਣਾ ਚਾਹੁੰਦੇ ਹਾਂ।

? ਫਿਰ ਵੀ ਇਹ ਗੱਲ 1947 ਦੀ ਨਸਲਕੁਸ਼ੀ ਦੀ ਵਿਆਖਿਆ ਨਹੀਂ ਕਰ ਸਕਦੀ। ਜੋ ਕੁਝ ਤੁਸਾਂ ਅੱਜ ਆਖਿਆ ਹੈ ਜਾਂ ਜੋ ਤੁਸਾਂ ਵੰਡ ਬਾਰੇ ਆਪਣੇ ਨਾਵਲਾਂ ਵਿਚ ਲਿਖਿਆ ਹੈ, ਇਹ ਉਸ ਨਸਲਕੁਸ਼ੀ ਦੀ ਵਿਆਖਿਆ ਨਹੀਂ ਕਰਦਾ। ਮੈਂ ਇਕ ਬਰਾਦਰੀ ਦੇ ਮੈਂਬਰਾਂ ਦਾ ਦੂਸਰੀ ਬਰਾਦਰੀ ਦੇ ਮੈਂਬਰਾਂ ਨੂੰ ਇਹ ਆਖਣਾ ਸਮਝ ਸਕਦਾ ਹਾਂ ਕਿ "ਅਸੀਂ ਹੁਣ ਦੂਸਰੇ ਨਾਲ ਇਕੱਠੇ ਨਹੀਂ ਰਹਿ ਸਕਦੇ। ਇਸ ਲਈ ਆਓ ਆਪਣੇ ਆਪਣੇ ਰਾਹ ਪਈਏ।" ਪਰ ਜੋ ਪੂਰੀ ਬਰਬਰੀਅਤ ਦਿੱਸਦੀ ਹੈ, ਨੰਗੀ ਚਿੱਟੀ ਪਾਗਲਪਨ ਦੀ ਬੀਮਾਰੀ ਜੋ ਭਾਰਤ ਦੀ ਵੰਡ ਕਾਰਨ ਹੋਈ, ਏਡਾ ਵੱਡਾ ਕਤਲੇਆਮ, ਜਿਸ ਵਿਚ 20 ਲੱਖ ਲੋਕਾਂ ਦਾ ਕਤਲ ਹੋਇਆ।

* ਮੈਂ ਨਹੀਂ ਜਾਣਦਾ ਕਿ ਇਸ ਨੂੰ ਕਿਵੇਂ ਦੱਸਾਂ, ਪਰ ਇਹ ਮੈਨੂੰ ਪ੍ਰਤੀਤ ਹੁੰਦਾ ਹੈ, ਕਿ ਗਾਂਧੀ ਜੀ ਦੀ ਅਹਿੰਸਾ ਸਫ਼ਲ ਨਹੀਂ ਹੋਈ। ਇਸ ਨਾਲ ਸਾਡੇ ਅੰਦਰ ਦੀ ਹਿੰਸਾ ਖਤਮ ਨਹੀਂ ਹੋਈ। ਇਹ ਕੇਵਲ ਦਬਾਈ ਹੀ ਜਾ ਸਕੀ। ਜੇ ਅਸੀਂ ਆਪਣੀ ਅੰਦਰਲੀ ਹਿੰਸਾ, ਗਾਂਧੀ ਜੀ ਦੇ ਸੁਝਾਅ ਨਾਲ ਕਾਬੂ ਕਰ ਲਈ ਹੁੰਦੀ, ਤਾਂ ਸ਼ਾਇਦ ਸਾਡੀ ਰਾਜਨੀਤੀ ਬਹੁਤ ਵੱਖਰੀ ਤਰ੍ਹਾਂ ਦੀ ਹੁੰਦੀ। ਜਿਥੇ ਕਿਤੇ ਵੀ ਗਾਂਧੀ ਜੀ ਹਾਜ਼ਰ ਹੁੰਦੇ ਉਥੇ ਜਾਂ ਤੇ ਬਹੁਤ ਘੱਟ ਫਸਾਦ ਹੋਏ, ਤੇ ਜੇ ਹਿੰਸਾ ਹੋਈ ਵੀ ਤਾਂ ਉਨ੍ਹਾਂ ਲੋਕਾਂ ਨਾਲ ਹੁੰਦਾ, ਜਿਨ੍ਹਾਂ ਨੇ ਇਹ ਘ੍ਰਿਣਤ ਕਤਲ ਕੀਤੇ ਹੁੰਦੇ ਸਨ ਤਾਂ ਉਹ ਉਨ੍ਹਾਂ ਨੂੰ ਰੁਕ ਜਾਣ ਲਈ ਆਖਦੇ, ਤਾਂ ਉਹ ਢਿੱਲੇ ਪਏ ਜਾਂਦੇ ਤੇ ਜਾਂ ਪਛਤਾਵਾ ਕਰਦੇ। ਸੋ ਮੈਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਗਾਂਧੀ ਜੀ ਦੇ ਤਰੀਕੇ ਨਾਲ ਲੋਕਾਂ ਨੂੰ ਸਿੱਖਿਅਤ ਕਰਨ ਲਈ ਅਹਿੰਸਾਂ ਦਾ ਰਾਹ ਅਖ਼ਤਿਆਰ ਕਰਨ, ਨਾਲ ਕਈ ਸੌ ਸਾਲ ਲੱਗਣਗੇ। ਬੁੱਘ ਵੀ ਲੋਕਾਂ ਨੂੰ ਅਹਿੰਸਾ ਦੇ ਰਾਹ ਉੱਤੇ ਨਹੀਂ ਸੀ ਲਿਆ ਸਕੇ ਤੇ ਸਫ਼ਲ ਨਹੀਂ ਸੀ ਹੋਏ।

ਪਰ ਜੋ ਗੱਲ ਮੈਂ ਕਹਿਣੀ ਚਾਹੰਦਾ ਹਾਂ ਕਿ ਗਾਂਧੀ ਜੀ ਤੇ ਬੁੱਧ ਦਾ ਆਦਰਸ਼ ਆਪਣੇ ਆਪ ਵਿਚ ਸਿਫ਼ਤ ਦੇ ਕਾਬਲ ਹਨ ਪਰ ਉਹ ਸਾਡੇ ਅੰਦਰਲੇ ਹਿੰਸਕ ਜਜ਼ਬਿਆਂ ਨੂੰ ਕਾਬੂ ਹੇਠ ਨਹੀਂ ਲਿਆ ਸਕੇ। ਬਾਵਜੂਦ ਉਨ੍ਹਾਂ ਦੇ ਅਸੀਂ ਉਹ ਤਾਕਤ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਕਿ ਅਸੀਂ ਦੂਜਿਆਂ ਨਾਲੋਂ ਬਿਹਤਰ ਸਾਬਤ ਕਰ ਸਕੀਏ। ਸਾਡੇ ਅੰਦਰਲਾ ਕਾਤਲ-ਜਜ਼ਬਾ, ਸਾਡੀ ਸਭਿਅਤਾ ਦੇ ਪਰਦੇ ਹੇਠ ਸਫ਼ਲਤਾ-ਪੂਰਵਕ ਲੁਕਿਆ ਰਿਹਾ ਸੀ। ਐਪਰ ਹਰ ਸੋਸਾਇਟੀ ਦੇ ਇਤਿਹਾਸ ਵਿਚ ਇਕ ਛਿਣ ਆਉਂਦਾ ਹੈ, ਜਦੋਂ ਕਤਲ ਇਕੋ ਇਕ ਸਭਿਆਚਾਰ ਨਜ਼ਰ ਆਉਂਦਾ ਹੈ।

ਭਾਰਤ ਵਿਚ ਨਸਲਕੁਸ਼ੀ ਇਕ ਤਰੀਕੇ ਨਾਲ ਹੀ ਸਮਝਾਈ ਜਾ ਸਕਦੀ ਹੈ ਕਿ ਇਹ ਉਸ ਕਾਤਲਾਨਾ ਪ੍ਰਵਿਰਤੀ ਦਾ ਪ੍ਰਗਟਾਵਾ ਹੈ। ਜੋ ਗਾਂਧੀ ਜੀ ਦੀ ਹਾਜ਼ਰੀ ਵੀ ਕਾਬੂ ਨਾ ਕਰ ਸਕੀ। ਉਨਾਂ ਦਿਨਾਂ ਦੇ ਜਨੂੰਨ ਨੇ ਸਦੀਆਂ ਦੀ ਸਹਿ ਹੋਂਦ ਜੋ ਇਤਿਹਾਸਕ ਮਹੱਤਵ ਸੀ ਨੂੰ ਖਤਮ ਕਰ ਦਿੱਤਾ।

ਕਈ ਵਾਰ ਮੈਂ ਅਖੌਤੀ ਰਾਸ਼ਟਰਵਾਦੀ ਨਾਹਰਿਆਂ ਨੂੰ ਸੁਣ ਕੇ ਕੰਬ ਜਾਂਦਾ ਹਾਂ, ਜਿਨ੍ਹਾਂ ਵਿਚ ਦੂਸਰੀਆਂ ਕੌਮਾਂ ਨੂੰ ਕੁਚਲਣ ਦੀ ਇੱਛਾ ਹੁੰਦੀ ਹੈ। ਜਿਵੇਂ ਕਿ ਮੈਂ ਕਿਹਾ ਹੈ, ਜਿੰਨਾਹ ਨੇ ਆਪਣੀ ਆਤਮਾ ਨੂੰ ਵੇਚ ਦਿੱਤਾ ਸੀ। ਦੂਸਰੇ ਕਈ ਲੋਕਾਂ ਨੇ ਵੀ ਆਪਣੀਆਂ ਆਤਮਾਵਾਂ ਨੂੰ ਗਹਿਣੇ ਪਾ ਦਿੱਤਾ ਸੀ। ਕਾਂਗਰਸ ਦੀ ਲੀਡਰਸ਼ਿਪ ਮੁਸਲਮਾਨਾਂ ਤੀਕ ਨਾ ਪਹੁੰਚ ਸਕੇ ? ਜਾਂ ਉਹ ਅਸਫ਼ਲ ਹੋ ਗਈ, ਜਾਂ ਉਹ ਮੁਸਲਮਾਨਾਂ ਨੂੰ ਭਰੋਸਾ ਨਾ ਦੇ ਸਕੀ। ਨਹੀਂ ਤੇ ਕੋਈ ਕਾਰਨ ਨਹੀਂ ਸੀ ਕਾਂਗਰਸ

ਲੀਡਰਸ਼ਿਪ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨ ਦਾ ਭਰੋਸਾ ਗਵਾ ਲੈਂਦੀ।

ਇਹ ਗੱਲ ਮਨ ਵਿਚ ਰੱਖੋ ਕਿ ਕਤਲ ਪ੍ਰਵਾਸੀਆਂ ਨੇ ਨਹੀਂ ਸੀ ਕੀਤੇ। ਇਹ ਉਨ੍ਹਾਂ ਨੇ ਕੀਤੇ ਜੋ ਆਪਣੇ ਨਗਰਾਂ ਵਿਚ ਮੋਰਚਾਬੰਦੀ ਕਰਕੇ ਬੈਠੇ ਹੋਏ ਸਨ। ਇਹ ਉਹ ਸਨ ਜਿਨ੍ਹਾਂ ਨੇ ਲੋਕਾਂ ਨੂੰ ਧੱਕੇ ਨਾਲ ਘਰਾਂ ਤੋਂ ਕੱਢ ਦਿੱਤਾ। ਹਿੰਸਾ ਦੇ ਪਿੱਛੇ ਆਰਥਿਕ ਸਵਾਰਥ ਵੀ ਸੀ। ਇਸ ਲਈ ਵੰਡ ਦੇ ਦੁਖਾਂਤ ਪਿੱਛੇ ਅਵੈੜ। ਆਰਥਿਕ ਸਵਾਰਥ ਵੀ ਸੀ ਤੇ ਨਾਲ ਹੀ ਕਾਫ਼ੀ ਹੱਦ ਤੀਕ ਬੇਕਾਬੂ ਹੋਏ ਤੇ ਕਾਬੂ ਕਰਨ-ਯੋਗ ਸਾਡੇ ਅੰਦਰਲੇ ਰਾਖਸ਼ ਸਨ। ਨਸਲਕੁਸ਼ੀ ਵਿਚ ਜਿਨ੍ਹਾਂ ਲੋਕਾਂ ਨੇ ਹਿੱਸਾ ਲਿਆ, ਜਿਨ੍ਹਾਂ ਸਾਇਦ ਕਦੇ ਆਪਣੇ ਹੱਥਾਂ ਵਿਚ ਚਾਕੂ ਫੜ ਕੇ ਵੀ ਨਹੀਂ ਸੀ ਵੇਖਿਆ। ਉਹ ਤਜ਼ਰਬੇਕਾਰ ਗੁੰਡੇ ਨਹੀਂ ਸਨ।

? ਦੂਸਰੇ ਨਾਵਲਕਾਰਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੀਆਂ ਬਸਤੀਆਂ ਵਿਚ ਹਿੰਸਾ ਨਹੀਂ ਹੋਈ ਅਤੇ ਉਨ੍ਹਾਂ ਦੇ ਗਵਾਂਢੀਆਂ ਨੇ ਕਤਲ ਨਹੀਂ ਕੀਤੇ। ਉਹ ਦੱਸਦੇ ਹਨ ਕਿ ਉਨ੍ਹਾਂ ਦੇ ਇਲਾਕਿਆਂ ਵਿਚ ਹਿੰਸਾ ਬਾਹਰ ਦੇ ਗੁੰਡਿਆਂ ਨੇ ਕੀਤੀ।

* ਸ਼ਾਇਦ। ਪਰ ਮੇਰਾ ਖ਼ਿਆਲ ਹੈ ਕਿ ਇਹ ਦਾਅਵਾ ਕਰਨਾ ਮੁਸ਼ਕਿਲ ਹੈ ਕਿ ਹਿੰਸਾ ਬਾਹਰਲੇ ਲੋਕਾਂ ਨੇ ਕੀਤੀ। ਮੇਰਾ ਖ਼ਿਆਲ ਹੈ ਕਿ ਪਸ਼ੂਪਨ ਜੋ ਸਾਡੇ ਸਭਨਾਂ ਵਿਚ ਇਕ ਸਭ ਤੋਂ ਨੀਚ ਜਜ਼ਬਾ ਹੈ, ਇਹ ਦੇਸ਼ ਦੀ ਵੰਡ ਵੇਲੇ ਭੜਕਾਇਆ ਗਿਆ ਸੀ। 'ਭੀਸ਼ਮ ਤਮਸ' ਵਿਚ ਮਿਸਾਲ ਵਜੋਂ, ਦੱਸਦਾ ਹੈ ਕਿ ਹਮੇਸ਼ਾ ਹੀ ਲੋਕਾਂ ਨੂੰ ਗਵਾਂਢੀਆਂ ਨੇ ਨਹੀਂ ਬਚਾਇਆ।

? ਵੰਡ ਵੇਲੇ ਤੁਹਾਡੇ ਤਜ਼ਰਬੇ ਕੀ ਸਨ ? ਕੀ ਤੁਹਾਡੀ ਜ਼ਿੰਦਗੀ ਉਸੇ ਤਰ੍ਹਾਂ ਹੀ ਪ੍ਰਭਾਵਿਤ ਹੋਈ, ਜਿਵੇਂ ਕਿ ਭੀਸ਼ਮ ਸਾਹਨੀ ਦੀ ਜਾਂ ਕ੍ਰਿਸ਼ਨਾ ਸੋਬਤੀ ਦੀ ਹੋਈ ?

* ਸਿੱਧੀ ਤਰ੍ਹਾਂ ਨਹੀਂ। ਪਰ ਮੈਂ ਲੋਕਾਂ ਦੇ ਤਜ਼ਰਬਿਆਂ ਬਾਰੇ ਲਿਖਦਾ ਹਾਂ। ਮੈਂ "ਲੌਟਦੇ ਹੋਏ ਮੁਸਾਫ਼ਿਰ" ਵਰਗਿਆਂ ਨਾਲ ਰਿਹਾ ਹਾਂ। ਜਿਹੜੇ ਲੋਕ ਸਾਡੀ ਥਾਂ ਤੋਂ ਪਰਵਾਸ ਕਰ ਗਏ, ਉਨ੍ਹਾਂ ਨੂੰ ਮਜ਼ਬੂਰ ਕੀਤਾ ਗਿਆ ਸੀ। ਐਪਰ 1947 ਵੇਲੇ ਹਾਲਾਤ ਅਜਿਹੇ ਬਣ ਗਏ ਕਿ ਹਿੰਦੂ ਤੇ ਮੁਸਲਮਾਨ ਇਕ ਦੂਜੇ ਦਾ ਸਾਹਮਣਾ ਨਾ ਕਰ ਸਕੇ। ਉਹ ਇਕ ਦੂਜੇ ਨਾਲ ਲੜੇ ਨਹੀਂ। ਉਹ ਗੁੰਡੇ ਨਹੀਂ ਸਨ। ਐਪਰ ਉਨ੍ਹਾਂ ਨੇ ਅਚਾਨਕ ਹੀ ਇੰਝ ਵੇਖਿਆ ਕਿ ਉਹ ਪਹਿਲੀ ਵਾਲੀ ਸੌਖ ਨਾਲ ਇਕ ਦੂਜੇ ਨੂੰ ਨਾ ਵੇਖ ਸਕੇ।

? ਤੁਸੀਂ ਕਿਥੇ ਵੱਡੇ ਹੋਏ ?

* ਆਗਰੇ ਨੇੜੇ ਇਕ ਥਾਂ ਮੇਨਪੁਰੀ। ਅਸਲ ਵਿਚ ਅਤਾਹ ਨੇੜੇ, ਜਿਥੇ ਅਮਰੀ ਖੁਸਰੋ ਜੰਮਿਆ ਸੀ। ਇਹ ਛੋਟਾ ਨਗਰ ਸੀ। ਇਥੇ ਮੁਸਲਮਾਨਾਂ ਦੀ ਵੱਡੀ ਆਬਾਦੀ ਸੀ ਉਥੇ ਮੁਸ਼ਕਿਲ ਨਾਲ ਹੀ ਕੋਈ ਫਿਰਕੂ ਸੀ। ਕੁਝ ਮੁਸਲਮਾਨਾਂ ਨੇ ਸੋਚਿਆ ਕਿ ਉਹ ਪਰਵਾਸ ਕਰ ਜਾਣਗੇ। ਪਰ ਪਾਕਿਸਤਾਨ ਨਾ ਪਹੁੰਚ ਸਕੇ। ਉਹ ਵਾਪਸ ਪਰਤੇ ਤੇ ਘਰ ਵਾਪਸ ਆ ਗਏ। ਮੇਰੀਆਂ ਅਜਿਹੀਆਂ ਕੋਈ ਯਾਦਾਂ ਨਹੀਂ ਕਿ ਫ਼ਸਾਦਾਂ ਵਿਚ ਲੋਕ ਮਾਰੇ ਗਏ। ਪਰ ਮੈਨੂੰ ਇਹ ਯਾਦ ਹੈ ਕਿ ਖਾਮੋਸ਼ੀ ਸੀ। ਅਜੀਬ ਭਾਂਤ ਦਾ ਸੰਨਾਟਾ, ਇਕ ਚੁੱਪ, ਜੋ ਉਸ ਥਾਂ ਤੇ ਫੈਲ ਗਈ ਸੀ। ਲੋਕਾਂ ਨੇ ਇਕ ਦੂਜੇ ਤੋਂ ਦੂਰੀ ਅਨੁਭਵ ਕੀਤੀ। ਉਥੇ ਆਮ ਕਰਕੇ ਦੁਆ-ਸਲਾਮ ਤੇ ਰਾਮ-ਰਾਮ ਦਾ ਵਟਾਂਦਰਾ ਹੁੰਦਾ ਸੀ, ਜਦੋਂ ਵੀ ਲੋਕ ਪਬਲਿਕ ਵਿਚ ਮਿਲਦੇ ਸਨ। ਮੈਂ ਇਨ੍ਹਾਂ ਸ਼ਬਦਾਂ ਦੇ ਵਟਾਂਦਰੇ ਵਿਚ ਇਕ ਉਤਸ਼ਾਹੀਣਤਾ ਜਿਹੀ ਅਨੁਭਵ ਕਰਦਾ ਸੀ। ਨਿੱਘ ਦੀ ਇਕ ਘਾਟ ਜਿਹੀ। ਪਹਿਲਾਂ ਲੋਕ ਖਲੋ ਜਾਂਦੇ ਸਨ ਤੇ ਇਕ ਦੂਜੇ ਦੀ ਖ਼ੈਰੀਅਤ ਪੁੱਛਦੇ ਸਨ। ਤੁਸੀਂ ਜਾਣਦੇ ਹੋ ਕਿ ਕਿੰਝ ਹੁੰਦਾ ਸੀ। ਅਸੀਂ ਰੁਕਦੇ ਤੇ ਅਜਿਹੇ ਸ਼ਬਦ ਬੋਲਦੇ "ਅਦਾਬ ਭਾਈ, ਕਿਆ ਹਾਲ ਹੈ ?" ਇਹ ਸਾਡੇ ਰੋਜ਼ ਦਾ ਰਿਵਾਜ਼ ਸੀ ਐਪਰ ਵੰਡ ਦੇ ਸਮੇਂ, ਲੋਕੀਂ ਕਾਹਲੀ ਕਾਹਲੀ ਸ਼ੁੱਭ-ਇੱਛਾਵਾਂ ਦਾ ਵਟਾਂਦਰਾ ਕਰਦੇ ਤੇ ਤੁਰ ਜਾਂਦੇ।

? "ਲੌਟਤੇ ਹੋਏ ਮੁਸਾਫ਼ਿਰ" ਵਿਚ ਤੁਸਾਂ ਇਕ ਦ੍ਰਿਸ਼ ਦਾ ਬਿਆਨ ਕੀਤਾ ਹੈ। ਵਰਨਣ ਕਰਨ ਵਾਲਾ ਦੱਸਦਾ ਹੈ ਕਿ ਦੋ ਪੁਰਾਣੇ ਦੋਸਤ ਇਕ ਦੂਜੇ ਦੇ ਲਾਗੋਂ ਦੀ ਗੁਜ਼ਰੇ ਤੇ ਰਸਮੀ ਸ਼ੁਭ-ਇੱਛਾ ਵਟਾਈ। ਉਸ ਨੇ ਸਮਝ ਲਿਆ ਕਿ ਵੰਡ ਅਟੱਲ ਸੀ। ਤੁਸੀਂ ਇਹ "ਕਿਤਨੇ ਪਾਕਿਸਤਾਨ" ਵਿਚ ਵੀ ਹਵਾਲਾ ਦਿੱਤਾ ਹੈ।

* ਉਹ ਅਜੀਬ ਸਮੇਂ ਸਨ। ਸਾਡੇ ਨਗਰ ਦੇ ਮੁਸਲਮਾਨਾਂ ਲਈ, ਪਾਕਿਸਤਾਨ ਆਰਥਿਕ ਮੁਕਤੀ ਦਾ ਇਕ ਸੁਪਨਾ ਸੀ। ਇਹ ਇਸਲਾਮੀ ਸੁਪਨਾ ਨਹੀਂ ਸੀ। ਉਹ ਸੋਚਦੇ ਸੀ ਕਿ ਉਹ ਪਾਕਿਸਤਾਨ ਵਿਚ ਇਕ ਬਿਹਤਰ ਜੀਵਨ ਜੀ ਸਕਣਗੇ। ਉਹ ਆਪਣੇ ਪਰਿਵਾਰਾਂ ਨੂੰ ਸੌਖ ਨਾਲ ਰੋਟੀ ਖਵਾ ਸਕਣਗੇ। ਉਨ੍ਹਾਂ ਦੇ ਘਰਾਂ ਦੇ ਪਾਟੇ ਪਟਸਨ ਤੇ ਪਰਦਿਆਂ ਦੀ ਥਾਂ ਅਸਲੀ ਦਰਵਾਜ਼ੇ ਹੋਣਗੇ। ਉਹ ਖਾਣਾ ਪਕਾਉਣ ਲਈ ਵੱਡਾ ਬਰਤਨ ਖ੍ਰੀਦਣ ਦੇ ਯੋਗ ਹੋ ਜਾਣਗੇ। ਘੱਟੋ-ਘੱਟ ਇਹ ਸੀ ਜੋ ਮੈਂ ਆਪਣੇ ਤਜ਼ਰਬੇ ਤੋਂ ਇਕੱਠਾ ਕੀਤਾ।

ਉਥੇ ਇਕ ਮੁਸਲਮਾਨ ਹੁੰਦਾ ਸੀ, ਜੋ ਪੈਂਚਰ ਹੋਏ ਟਾਇਰਾਂ ਨੂੰ ਮੁਰੰਮਤ ਕਰਦਾ ਹੁੰਦਾ ਸੀ ਤੇ ਗਵਾਂਢੀ ਸੀ। ਉਸ ਦੀ ਦੁਕਾਨ ਉੱਤੇ ਕਾਨਸ ਬਾਲਾਂ ਤੇ ਦੇਵਕਾ ਰਾਣੀ ਦੇ ਪੋਸਟਰ ਲੱਗੇ ਹੁੰਦੇ ਸਨ। ਇਕ ਦਿਨ ਮੈਂ ਵੇਖਿਆ ਕਿ ਉਹ ਪੋਸਟਰ ਗਾਇਬ ਸਨ। ਉਸ ਨੇ ਅਚਾਨਕ ਹੀ ਅਨੁਭਵ ਕੀਤਾ ਕਿ ਉਹ ਹਿੰਦੂ ਪੋਸਟਰ ਸਨ। ਇਹ ਅਜਿਹੀ ਗੱਲ ਸੀ ਜੋ ਭਾਰਤ ਵਿਚ ਪਹਿਲਾਂ ਕਦੇ ਨਹੀਂ ਵਾਪਰੀ ਸੀ। ਪਰ ਇਸ ਤਰ੍ਹਾਂ ਦੀ ਚੀਜ਼ ਇਕ ਤਰ੍ਹਾਂ ਦਾ ਉਲੰਘਣ ਸੀ। ਅਜੇ ਤੀਕ ਵੀ ਭਾਰਤ ਨੇ ਆਪਣਾ ਮਿਸ਼ਰਤ ਗੁਣ ਜਿਊਂਦਾ ਰੱਖਿਆ ਹੈ। ਇਹੀ ਕਾਰਨ ਹੈ ਕਿ ਮੈਨੂੰ ਆਪਣੇ ਦੇਸ਼ ਉੱਤੇ ਫ਼ਖਰ ਹੈ ਅਤੇ ਮੈਂ ਜਾਣਦਾ ਹਾਂ ਕਿ ਮੈਂ ਹੋਰ ਕਿਤੇ ਵੀ ਨਹੀਂ ਰਹਿ ਸਕਦਾ।

ਆਪਣੀਆਂ ਸਾਰੀਆਂ ਉਲੰਘਣਾਵਾਂ, ਸਭ ਗਲਤੀਆਂ ਸਨ ਤਰਕਹੀਣ ਗੱਲਾਂ, ਸਭ ਬੇਰਹਿਮੀਆਂ ਦੇ ਬਾਵਜੂਦ, ਇਹ ਦੇਸ਼ ਕੋਲ ਸਭਿਅਤਾ ਵਾਚਕ ਸ਼ਕਤੀ ਹੈ, ਜੋ ਬਹੁ-ਗਿਣਤੀ ਲੋਕਾਂ ਨੂੰ ਇਕ ਵੱਖਰਾ ਅਹਿਸਾਸ ਦਿੰਦੀ ਹੈ।

? ਕਦੋਂ ਤੁਸੀਂ ਵੱਖ-ਵੱਖ ਬਰਾਦਰੀਆਂ ਵਿਚਕਾਰ, ਇਸ ਚੁੱਪ, ਇਸ ਖਾਮੋਸ਼ੀ ਨੂੰ ਅਨੁਭਵ ਕਰਨਾ ਸ਼ੁਰੂ ਕੀਤਾ ?

* ਇਹ ਭਾਵਨਾ ਲੋਕਾਂ ਵਿਚਕਾਰ ਉਸ ਵੇਲੇ ਪੁੰਗਰਨੀ ਸ਼ੁਰੂ ਹੋਈ, ਜਦੋਂ ਇਹ ਸਪੱਸ਼ਟ ਹੋ ਗਿਆ ਦੇਸ਼ ਵੰਡਿਆ ਜਾਵੇਗਾ ਤੇ ਪਾਕਿਸਤਾਨ ਬਣਾਇਆ ਜਾ ਰਿਹਾ ਸੀ। ਮੈਂ ਕਹਾਂਗਾ ਕਿ ਇਹ 1945-46 ਵਿਚ ਲੋਕਾਂ ਨੂੰ ਪ੍ਰਭਾਵਿਤ ਕਰਨ ਲੱਗੀ। ਇੰਨੀ ਦੇਰੀ !! ਉਸ ਤੋਂ ਪਹਿਲਾਂ ਲੋਕ ਮਿਲਦੇ ਤੇ ਇਕ ਦੂਸਰੇ ਨਾਲ ਗੱਲਾਂਬਾਤਾਂ ਕਰਦੇ ਸਨ, ਜਿਵੇਂ ਪਹਿਲਾਂ ਕਰਦੇ ਹੁੰਦੇ ਸਨ । ਕੋਈ ਵੀ ਹਿੰਦੂ ਪਾਣੀ ਤੇ ਮੁਸਲਿਮ ਪਾਣੀ ਦੀ ਕਦੇ ਕੋਈ ਗੱਲ ਨਹੀਂ ਕਰਦਾ ਸੀ। ਹੋਰਨਾ ਥਾਵਾਂ ਉੱਤੇ ਸ਼ਾਇਦ ਹੁੰਦਾ ਹੋਵੇਗਾ। ਪਰ ਮੈਂ ਆਪਣੇ ਕਸਬੇ ਵਿਚ ਅਜਿਹੀ ਵਰਜਨਾ ਨਹੀਂ ਸੀ ਵੇਖੀ। ਹਰ ਕਿਸੇ ਨੂੰ ਸਰਕਾਰੀ ਪਾਣੀ ਮਿਲਦਾ ਸੀ। ਕੋਈ ਪਾਬੰਧੀਆਂ ਨਹੀਂ ਸਨ। ਘੱਟੋ-ਘੱਟ ਮੇਰੇ ਘਰ ਵਿਚ ਨਹੀਂ। ਜੇ ਦੂਸਰੇ ਲੋਕੀਂ ਮਿਲਾਵਟੀ ਰਸਮਾਂ ਦੀ ਪਾਲਣਾ ਕਰਦੇ ਸਨ ਤਾਂ ਮੈਨੂੰ ਪਤਾ ਨਹੀਂ।

ਮੇਰਾ ਮਿੱਤਰ, ਮਕਸੂਦ ਦਾ ਸਦਾ ਹੀ ਮੇਰੇ ਘਰ ਸੁਆਗਤ ਹੁੰਦਾ ਸੀ ਤੇ ਕੋਈ ਵੀ ਉਸ ਨੂੰ ਵੱਖਰੇ ਕੱਪਾਂ ਜਾਂ ਪਲੇਟਾਂ ਵਿਚ ਪੇਸ਼ ਨਹੀਂ ਕਰਦਾ। ਅਸਲ ਵਿਚ, ਜਦੋਂ ਵੀ ਅਸੀਂ ਚੋਰੀ ਸਿਗਰਟ ਪੀਣ ਲਈ ਬਾਹਰ ਜਾਂਦੇ ਸੀ। ਅਸੀਂ ਇਕੋ ਹੀ ਸਿਗਰਟ ਨੂੰ ਵੰਡ ਲੈਂਦੇ ਸੀ। ਮੈਨੂੰ ਕਦੇ ਵੀ ਕਿਸੇ ਨੇ ਰੋਕਿਆ ਨਹੀਂ ਸੀ ਕਿ ਮੁਸਲਮਾਨਾਂ ਨਾਲ ਖੇਡਣਾ ਨਹੀਂ। ਸਕੂਲ ਵਿਚ ਵੀ ਕੋਈ ਅੰਤਰ ਨਹੀਂ ਸੀ।

? ਤੁਹਾਨੂੰ ਸਕੂਲ ਵਿਚ ਕਿਸ ਤਰ੍ਹਾਂ ਦਾ ਇਤਿਹਾਸ ਪੜ੍ਹਾਇਆ ਜਾਂਦਾ ਸੀ ? ਇਤਿਹਾਸ ਦੀਆਂ ਕਿਤਾਬਾਂ, ਜਿਵੇਂ ਕਿ ਤੁਸੀਂ ਜਾਣਦੇ ਹੋ, ਵਿਚਾਰਧਾਰਕ ਤੌਰ 'ਤੇ ਮਹੱਤਵਪੂਰਨ ਸਨ। ਭਾਰਤ ਅਤੇ ਪਾਕਿਸਤਾਨ ਵਿਚ, ਇਨ੍ਹੀਂ ਦਿਨੀਂ ਜੋ ਪੜ੍ਹਾਈਆਂ ਜਾਂਦੀਆਂ ਹਨ, ਉਹ ਘ੍ਰਿਣਾ ਦਾ ਪ੍ਰਚਾਰ ਕਰਦੀਆਂ ਹਨ।

* ਮੈਂ ਨਹੀਂ ਸੋਚਦਾ ਕਿ ਇਤਿਹਾਸ ਦੀਆਂ ਕਿਤਾਬਾਂ ਪੱਖ-ਪਾਤੀ ਸਨ। ਮੈਂ ਇਕ ਸਰਕਾਰੀ ਸਕੂਲ ਵਿਚ ਜਾਂਦਾ ਸੀ। ਜੇ ਕੋਈ ਵਿਤਕਰਾ ਸੀ ਤਾਂ ਉਹ ਮਿਸ਼ਨਰੀ ਦੇ ਸਥਾਨਕ ਸਕੂਲ ਵਿਚ ਹੋਵੇਗਾ। ਉਹ ਅਮੀਰ ਘਰਾਂ ਦੇ ਵਿਦਿਆਰਥੀਆਂ ਨਾਲ ਵੱਖਰਾ ਸਲੂਕ ਕਰਦੇ ਸਨ ਤੇ ਗਰੀਬਾਂ ਦੇ ਬੱਚਿਆਂ ਨਾਲ ਵੱਖਰਾ। ਜੋ ਕਿ ਗਰੀਬ ਘਰਾਂ ਵਿਚੋਂ ਆਉਂਦੇ ਸਨ।

? ਦੇਸ਼-ਵੰਡ ਦੇ ਪ੍ਰਸੰਗ ਵਿਚ, ਜੋ ਅਚਾਨਕ ਹੀ ਹਿੰਸਾ ਭੜਕ ਗਈ। ਇਹ ਮਹੱਤਵਪੂਰਨ ਗੱਲ ਹੈ ਕਿ ਕਿਸੇ ਵੀ ਨਾਵਲਕਾਰ ਨੇ ਜਿਨ੍ਹਾਂ ਨਾਲ ਮੈਂ ਗੱਲਾਂ ਕੀਤੀਆਂ ਹਨ। ਉਨ੍ਹਾਂ ਦੱਸਿਆ ਹੈ ਕਿ ਉਹ ਆਪਸੀ ਬੇਵਿਸ਼ਵਾਸੀ ਅਤੇ ਘ੍ਰਿਣਾ ਦੇ ਵਾਤਾਵਰਣ ਵਿਚ ਰਹਿੰਦੇ ਸਨ। ਉਨ੍ਹਾਂ ਨੇ ਹਮੇਸ਼ਾ ਹੀ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਦੇਸ਼ ਵੰਡ ਦੇ ਪਹਿਲੇ ਸਾਲਾਂ ਵਿਚ ਉਹ ਧਾਰਮਿਕ ਜਾਂ ਸੰਕੀਰਣ ਵੈਰ-ਭਾਵ ਤੋਂ ਮੁਕਤ ਸਨ। ਉਨ੍ਹਾਂ ਦੇ ਘਰਾਂ ਵਿਚ ਸਾਨੂੰ ਸੇਵੀਆਂ ਤੇ ਕਬਾਬ ਸਾਡੇ ਮੁਸਲਿਮ ਗਵਾਂਢੀਆਂ ਤੋਂ ਮਿਲ ਜਾਂਦਾ ਸੀ। (ਇਥੇ ਕਮਲੇਸ਼ਵਰ ਦੀ ਪਤਨੀ ਜਿਹੜੀ ਹੁਣੇ ਹੀ ਆਈ ਸੀ, ਨੇ ਸਾਡੀ ਵਾਰਤਲਾਪ ਸੁਣ ਲਈ ਸੀ ਤੇ ਦਖਲ ਦਿੱਤਾ ਤੇ ਕਿਹਾ ਕਿ ਵੱਖਰੇ ਧਰਮਾਂ ਦੇ ਗਵਾਂਢੀ ਇਕ ਦੂਸਰੇ ਦੀਆਂ ਧਾਰਮਿਕ ਰਸਮਾਂ ਵਿਚ ਹਿੱਸਾ ਲੈਂਦੇ ਸਨ।) ਮੇਰੇ ਮੁਸਲਮਾਨ ਮਿੱਤਰ ਸਾਡੇ ਨਾਲ ਹੋਲੀ ਦੇ ਤਿਉਹਾਰ ਵਿਚ ਸ਼ਾਮਿਲ ਹੁੰਦੇ ਸਨ। ਜਦੋਂ ਸਾਡੇ ਗਵਾਂਢ ਚੋਂ ਤਾਜ਼ੀਏ ਲੰਘਦੇ ਸਨ, ਤਾਂ ਹਿੰਦੂ ਔਰਤਾਂ ਆਪਣੇ ਬੱਚਿਆਂ ਨੂੰ ਲੈ ਕੇ ਅਸ਼ੀਰਵਾਦ ਲੈਣ ਲਈ ਜਾਂਦੀਆਂ ਸਨ ਅਤੇ ਪ੍ਰਸ਼ਾਦ ਵਜੋਂ ਮਖਾਣੇ ਲੈਂਦੀਆਂ ਸਨ ਜੋ ਤਾਜ਼ੀਏ ਵੇਲੇ ਸੁੱਟੇ ਜਾਂਦੇ ਸਨ।

ਐਪਰ 1945 ਦੇ ਕਰੀਬ ਅਸੀਂ ਅਚਾਨਕ ਵੇਖਿਆ ਕਿ ਸਾਡੇ ਨਗਰ ਵਿਚ ਅਜਨਬੀ ਲੋਕ ਬਾਹਰੋਂ ਆਉਣ ਲੱਗ ਪਏ। ਉਨ੍ਹਾਂ ਨੇ ਲੋਕਾਂ ਵਿਚ ਨਵੀਂ ਧਾਰਮਿਕ ਤੇ ਰਾਜਸੀ ਚੇਤਨਾ ਪੈਦਾ ਕਰਨੀ ਸ਼ੁਰੂ ਕਰ ਦਿੱਤੀ। "ਰਾਹੀ ਮਸੂਮ ਰਜ਼ਾ।" ਉਨ੍ਹਾਂ ਬਹਿਸਾਂ ਦਾ ਜ਼ਿਕਰ ਕਰਦਾ ਹੈ, ਜੋ ਵਾਤਾਵਰਣ ਨੂੰ ਦੂਸ਼ਿਤ ਕਰਨ ਲੱਗੀਆਂ। ਮੈਂ ਆਪਣੇ ਨਾਵਲ ਵਿਚ, "ਆਧਾ ਗਾਓਂ" ਦੇ ਕੁਝ ਹਿੱਸੇ ਹਵਾਲੇ ਵਜੋਂ ਵਰਤੇ ਹਨ। 1945 ਦੇ ਲਾਗੇ ਸਾਨੂੰ ਉਖ਼ੁਹ ਲੋਕ ਮਿਲਣ ਲੱਗੇ ਜੋ ਸਾਡੇ ਸਭਿਆਚਾਰ ਨੂੰ ਨਵਾਂ ਮੋੜ ਦੇਣਾ ਚਾਹੁੰਦੇ ਸਨ ਤੇ ਸਾਡੇ ਰਹਿਣ-ਸਹਿਣ ਵਿਚ ਵੀ। ਉਹ ਲੋਕਾਂ ਨੂੰ ਦੱਸਣ ਲੱਗੇ ਕਿ ਉਹ ਵੱਖਰੀਆਂ ਸਭਿਅਕ ਪਰੰਪਰਾਵਾਂ ਨਾਲ ਸੰਬੰਧ ਰੱਖਦੇ ਹਨ, ਕਿਉਂਕਿ ਉਨ੍ਹਾਂ ਦਾ ਸੰਬੰਧ ਵੱਖਰੇ ਧਰਮਾਂ ਨਾਲ ਸੀ। ਉਸ ਤੋਂ ਪਹਿਲਾਂ ਕੋਈ ਵੱਖਰੀ ਚੇਤਨਾ ਪੈਦਾ ਨਹੀਂ ਸੀ ਹੋਈ। ਜਦੋਂ ਸਾਡੇ ਵੈਦ ਜੀ ਕੋਲ ਕੋਈ ਖ਼ਾਸ ਜੜੀ ਬੂਟੀ ਜਾਂ ਮਸਾਲਾ ਨਹੀਂ ਸੀ ਹੁੰਦਾ ਤਾਂ ਉਹ ਕਦੇ ਵੀ ਲਾਗਲੇ ਹਕੀਮ ਅਤਰੇ ਕੋਲੋਂ ਲੈਣ ਵਿਚ ਝਿਜਕ ਅਨੁਭਵ ਨਹੀਂ ਸੀ ਕਰਦੇ ਹੁੰਦੇ।

ਇਸ ਨੂੰ ਵਿਚਾਰੋ। ਮੈਨੂੰ ਹਾਲੀ ਵੀ ਚੇਤੇ ਹੈ ਕਿ ਅਸੀਂ ਬੱਚੇ, ਬੁੱਢੇ ਕਿਸੇ ਕੁੱਤੇ ਨੂੰ ਮਸਜਿਕ ਨੇੜੇ ਪਿਸ਼ਾਬ ਕਰਦੇ ਵੇਖਦੇ ਸੀ ਤਾਂ ਅਸੀਂ ਉਸ ਨੂੰ ਰੋੜੇ ਮਾਰਦੇ ਹੁੰਦੇ ਸੀ ਕਿ ਉਹ ਉਥੇ ਪਿਸ਼ਾਬ ਨਾ ਕਰੇਲ ਪਰ 1945 ਵਿਚ ਤਬਦੀਲੀ ਆ ਗਈ। ਬਰਾਦਰੀਆਂ ਵਿਚ "ਚੁੱਪ" ਪ੍ਰਵੇਸ਼ ਕਰ ਗਈ। ਇਕ ਦਿਨ ਮੈਨੂੰ ਪਤਾ ਲੱਗਾ ਕਿ ਲਾਗਲੀ ਮਸੀਤ ਵਿਚ ਪ੍ਰਚਾਰਿਆ ਗਿਆ। ਉਪਦੇਸ਼ ਇਸ ਦਾ ਕਾਰਨ ਸੀ। ਇਸੇ ਕਾਰਨ ਮੇਰਾ ਮਿੱਤਰ ਅਹਿਮਦ, ਜੋ ਆਮ ਕਰਕੇ ਰੁਕ ਕੇ ਸ਼ੁੱਭ-ਇੱਛਾ ਵਟਾਉਂਦਾ ਹੁੰਦਾ ਸੀ, ਉਹ ਕਾਹਲੀ ਨਾਲ ਬਿਨਾਂ ਬੁਲਾਏ ਮੇਰੀ ਹਾਜ਼ਰੀ ਨੂੰ ਅਣਡਿੱਠ ਕਰ ਕੇ ਲੰਘ ਗਿਆ ਸੀ। ਇਸ ਪਿੱਛੋਂ, ਜੇ ਮੈਂ ਉਸ ਨੂੰ ਆਮ ਕਰਕੇ ਕਹਿੰਦਾ, "ਅਰੇ ਭਾਈ, ਕੀ ਹਾਲ ਹੈ", ਉਹ ਘਬਰਾਹਟ ਵਿਚ ਉੱਤਰ ਦਿੰਦਾ ਸੀ, "ਫਿਰ ਮਿਲਾਂਗੇ" ਤੇ ਕਾਹਲੀ ਵਿਚ ਭੱਜ ਜਾਂਦਾ ਸੀ। ਪਹਿਲਾਂ ਉਹ ਖਲੋ ਜਾਂਣਾ ਤੇ ਰੁਕ ਕੇ ਪੁੱਛਦਾ "ਕਿਧਰ ਜਾ ਰਹੇ ਹੋ ਯਾਰ ?" ਉਹ ਖਿਚਾਅ ਸਨ ਜੋ ਪੈਦਾ ਕੀਤੇ

ਜਾ ਰਹੇ ਸਨ

? ਤੁਸੀਂ "ਲੌਟਤੇ ਹੁਏ ਮੁਸਾਫ਼ਿਰ" ਵਿਚ ਦ੍ਰਿਸ਼ ਦਾ ਵਿਸਥਾਰ ਨਾਲ ਵਰਨਣ ਕੀਤਾਹੈ। ਕੀ ਤੁਸੀਂ ਕਦੇ ਅਹਿਮਦ ਨੂੰ ਪੁੱਛਿਆ ਸੀ ਕਿ ਉਹ ਕਿਉਂ ਇਕ ਅਜਨਬੀ ਵਾਂਗ ਵਿਹਾਰ ਕਰਨ ਲੱਗ ਪਿਆ ਸੀ ?

* ਹਾਂ, ਮੈਂ ਕੋਸ਼ਿਸ ਕੀਤੀ ਸੀ। ਪਰ ਉਹ ਸਦਾ ਹੀ ਮੇਰੇ ਸਵਾਲਾਂ ਨੂੰ ਟਾਲ ਜਾਂਦਾ ਸੀ ਤੇ ਬਹਾਨਾ ਬਣਾਉਂਦਾ ਸੀ ਕਿ ਕੋਈ ਮਾਮਲਾ ਨਹੀਂ ਹੈ। ਬੀਤੇ ਵਿਚ ਉਸ ਕਦੇ ਇੰਝ ਨਹੀਂ ਸੀ ਕੀਤਾ। ਪਹਿਲਾਂ ਜੇ ਉਸ ਨਾਲ ਹਾਕੀ ਖੇਡਦੇ ਕੋਈ ਦਲੀਲਬਾਜੀ ਹੁੰਦੀ ਸੀ, ਤਾਂ ਮੇਰੇ ਰੋਸ ਕਰਨ ਉੱਤੇ, ਉਹ ਮੈਨੂੰ ਝਿੜਕਦਾ ਹੁੰਦਾ ਸੀ ਤੇ ਕਹਿੰਦਾ ਹੁੰਦਾ ਸੀ ਕਿ ਇਹ ਬਕਵਾਸ ਨਾ ਕਰਾਂ ਤੇ ਚੁੱਪ ਕਰ ਜਾਵਾਂ। ਜੇ ਮੈਂ ਗੱਲ ਜਾਰੀ ਰੱਖਦਾ ਤਾਂ ਉਹ ਮੇਰੇ ਚੁਪੇੜ ਵੀ ਮਾਰ ਦਿੰਦਾ ਸੀ। ਉਹ ਮੈਥੋਂ ਵੱਡਾ ਵੀ ਸੀ ਤੇ ਤਕੜਾ ਵੀ। ਅਸੀਂ ਉਸ ਦੀ ਧੌਂਸਬਾਜੀ ਨੂੰ ਪ੍ਰਵਾਨ ਕਰਦੇ ਸੀ, ਕਿਉਂਕਿ ਸਾਨੂੰ ਪਤਾ ਹੁੰਦਾ ਸੀ ਕਿ ਉਹ ਸਾਡੀ ਫ਼ਿਕਰ ਕਰਦਾ ਸੀ। ਸਾਧਾਰਨ ਤੌਰ 'ਤੇ ਅਸੀਂ ਸਮਝਦੇ ਸੀ ਕਿ ਉਸ ਨੂੰ ਧਮਕੀ ਦੇਣ, ਚਾਪਲੂਸੀ ਕਰਨ ਤੇ ਸਾਨੂੰ ਜੋ ਚਾਹੇ ਕਰਨ ਦਾ ਅਧਿਕਾਰ ਸੀ।

ਪਰ ਹੌਲੀ ਹੌਲੀ, 1945 ਤੋਂ ਪਿੱਛੋਂ ਅਸਾਂ ਵੇਖਿਆ ਕਿ ਜੋ ਅਧਿਕਾਰ ਉਸ ਨੇ ਪ੍ਰਾਪਤ ਕਰ ਲਿਆ ਸੀ ਤੇ ਜੋ ਹੱਕ ਅਸੀਂ ਉਸ ਨੂੰ ਦੇਈ ਰੱਖਿਆ ਸੀ, ਹੁਣ ਉਹ ਸਦਾ ਲਈ ਨਹੀਂ ਸੀ ਦਿੱਤਾ ਜਾ ਸਕਦਾ। ਉਹ ਉਸ ਸਮੇਂ ਦਾ ਦੁਖਦਾਈ ਅੰਤ ਸੀ। ਸਾਨੂੰ ਪਤਾ ਲੱਗ ਗਿਆ ਕਿ ਸਾਡੀ ਦੋਸਤੀ ਦਾ ਅੰਤ ਹੋ ਗਿਆ ਸੀ।

? 1947 ਤੋਂ ਪਿੱਛੋਂ ਉਸ ਨਾਲ ਕੀ ਵਾਪਰਿਆ ? ਕੀ ਉਹ ਹਿਜ਼ਰਤ ਕਰ ਗਿਆ ਸੀ ?

* ਉਹ ਕਰ ਗਿਆ, ਪਰ ਵੰਡ ਤੋਂ ਤੁਰੰਤ ਬਾਅਦ ਨਹੀਂ, ਅਸੀਂ ਉਸ ਤੋਂ ਬਾਅਦ ਨਹੀਂ ਮਿਲੇ। ਕਦੇ ਕਦੇ ਮੈਨੂੰ ਉਸ ਦੀ ਖ਼ਬਰ ਮਿਲ ਜਾਂਦੀ ਹੈ। ਪਰ ਬਸ ਇੰਨਾ ਹੀ।

? ਕੀ ਤੁਸੀਂ ਸੋਚਦੇ ਨਹੀਂ ਕਿ ਦੋਸਤਾਂ, ਮਿੱਤਰਾਂ, ਪਰਵਾਰਾਂ ਤੇ ਗਵਾਂਢੀਆਂ ਦਾ ਇਹ ਵਿਛੋੜਾ ਵੰਡ ਦਾ ਇਹ 'ਦੁੱਖਦਾਈ' ਪੱਖ ਹਨ ?

* ਕਈ ਵਾਰ ਵੰਡ ਤੋਂ ਪਹਿਲਾਂ ਦੇ ਮਿੱਤਰਾਂ ਦੇ ਚਿਹਰੇ ਨਜ਼ਰਾਂ ਸਾਹਮਣੇ ਘੁੰਮਦੇ ਹਨ, ਪਰ ਮੈਂ ਇਹ ਗੱਲ ਵੀ ਪਛਾਣਦਾ ਹਾਂ ਕਿ ਉਨ੍ਹਾਂ ਦੇ ਨਾਂ ਨਾਲ ਜੁੜੀ ਹਰ ਗੱਲ ਹੁਣ ਖਤਮ ਹੋ ਗਈ ਹੈ। ਪਹਿਲਾਂ ਪਹਿਲ ਅਸੀਂ ਇਕ ਦੂਸਰੇ ਨੂੰ ਲਿਖਦੇ ਹੁੰਦੇ ਸੀ। ਫਿਰ ਕੁਝ ਦੇਰ ਤੋਂ ਪਿੱਛੋਂ ਇਹ ਚਿੱਠੀ-ਪੱਤਰ ਜਾਰੀ ਰੱਖਣਾ ਮੁਸ਼ਕਿਲ ਹੋ ਗਿਆ—ਦੂਰੀ ਤੇ ਸਮੇਂ ਨੇ ਸਾਡੀ ਦੋਸਤੀ ਨੂੰ ਖਤਮ ਕਰਨ ਵਿਚ ਦਖਲ ਦਿੱਤਾ।

? ਮੈਨੂੰ ਨਹੀਂ ਪਤਾ ਕਿ ਤੁਹਾਡੀ ਹੁਣ ਦੀ ਰਾਜਨੀਤੀ ਕੀ ਹੈ। ਐਪਰ ਭਾਰਤੀ ਸਭਿਅਤਾ ਦੇ ਅਜੋਕੇ ਪ੍ਰਸੰਗ ਵਿਚ ਜਿਸ ਬਾਰੇ ਆਪਾਂ ਗੱਲਾਂ ਕਰਦੇ ਰਹੇ ਹਾਂ, ਕੀ ਤੁਸੀਂ ਕਹਿ ਸਕਦੇ ਹੋ ਕਿ ਵੰਡ ਤੋਂ ਪਹਿਲਾਂ ਦਾ ਭਾਰਤ ਡੂੰਘੀ ਤਰ੍ਹਾਂ ਧਾਰਮਿਕ ਸਮਾਜ ਸੀ ? ਲੋਕੀਂ ਅਜੇ ਵੀ ਆਪਣੇ ਧਾਰਮਿਕ ਮਿੱਥਾਂ ਤੇ ਮੁਹਾਵਰਿਆਂ ਦੇ, ਜੋ ਉਨ੍ਹਾਂ ਨੂੰ ਵਿਰਾਸਤ ਵਿਚ ਮਿਲੇ ਸੀ ਅਨੁਸਾਰ ਰਹਿ ਰਹੇ ਸਨ। ਉਨ੍ਹਾਂ ਵਿਚੋਂ ਕਈ, ਨਹਿਰੂ ਵਰਗਿਆਂ ਨੇ ਸੰਭਵ ਹੈ ਆਪਣੀਆਂ ਜ਼ਿੰਦਗੀਆਂ ਵਿਚ ਉਨ੍ਹਾਂ ਨੂੰ ਤੱਜ ਦਿੱਤਾ ਹੋਵੇ, ਪਰ ਅਜੇ ਵੀ ਲੋਕਾਂ ਦੀ ਬਹੁ-ਗਿਣਤੀ ਇਸ ਦੀ ਪ੍ਰਸੰਗਕਤਾ ਨੂੰ ਪ੍ਰਵਾਨ ਕਰਦੀ ਹੈ, ਜਿਸ ਨਾਲ ਕਿ ਉਹ ਰਹਿੰਦੇ ਰਹੇ ਹਨ। ਉਹ ਜਿਨ੍ਹਾਂ ਨੇ ਆਪਣੇ ਧਾਰਮਿਕ ਵਿਸ਼ਵਾਸ ਨੂੰ ਤਿਆਗ ਦਿੱਤਾ ਸੀ। ਉਹ ਘੱਟ ਹੀ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਸਨ। ਜੋ ਰੱਬ ਵਿਚ ਵਿਸ਼ਵਾਸ ਰੱਖਦੇ ਸਨ। ਘੱਟੋ ਘੱਟ ਪਬਲਿਕ ਤੌਰ 'ਤੇ ਹੀ।

ਉਨ੍ਹਾਂ ਦੀ ਆਸਤਕਤਾ ਜਾਂ ਰੱਬ ਨੂੰ ਮੰਨਣ ਦੀ ਧਾਰਨਾ ਇਹ ਮੰਗ ਨਹੀਂ ਕਰਦੀ ਕਿ ਦੂਸਰੇ ਵੀ ਆਪਣੇ ਵਿਸ਼ਵਾਸ ਨੂੰ ਤਿਆਗ ਦੇਣਾ। ਨਹਿਰੂ ਆਰਾਮ ਨਾਲ ਗਾਂਧੀ ਨਾਲ ਕੰਮ ਕਰ ਸਕਦਾ ਸੀ ਅਤੇ ਦੋਵੇਂ ਮੌਲਾਨਾ ਆਜ਼ਾਦ ਵਰਗੇ ਆਦਮੀ ਨਾਲ ਚੱਲ ਸਕਦੇ ਸਨ ।ਕੀ ਤੁਸੀਂ ਸੋਚਦੇ ਹੋ ਕਿ ਹੁਣ ਕੋਈ ਨਵੀਂ ਸੰਵੇਦਨਾਸ਼ੀਲਤਾ ਦੀ ਹੋਂਦ ਹੈ, ਜਾਂ ਸ਼ਾਇਦ ਨਵਾਂ ਵਿਚਾਰਧਾਰਕ ਦਾ ਮਾਣ, ਜੋ ਇਹ ਸੁਝਾਅ ਕਿ ਜਿੰਨਾ ਚਿਰ ਤੁਸੀਂ ਧਰਮ ਨਿਰਪੱਖ ਨਹੀਂ ਹੋ, ਤਾਂ ਤੁਸੀਂ ਸਹਿਣਸ਼ੀਲ (Tolrent) ਨਹੀਂ ਹੋ ਸਕਦੇ ?

* ਮੇਰਾ ਵਿਸ਼ਵਾਸ ਹੈ ਕਿ ਜਿਹੜਾ ਆਦਮੀ ਡੂੰਘੀ ਤਰ੍ਹਾਂ ਧਾਰਮਿਕ ਹੈ, ਉਹ ਫ਼ਿਰਕਾਪ੍ਰਸਤ ਨਹੀਂ ਹੋ ਸਕਦਾ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜੇ ਕੋਈ ਅਜਿਹੇ ਆਦਮੀ ਹੈ ਧਰਮ-ਨਿਰਪੱਖ ਕਹਿ ਦੇਵੇ।

ਮੈਨੂੰ ਆਗਿਆ ਦਿਓ ਕਿ ਮੈਂ, ਤੁਹਾਨੂੰ ਦੀਪਕ ਰਾਜ ਭੱਟ ਦੀ ਗੱਲ ਦੱਸਾਂ, ਜਿਹੜਾ ਬਰਾਜਦ ਨਾਂ ਦੇ ਇਲਾਕੇ ਵਿਚ ਪੰਜ ਜ਼ਿਲ੍ਹਿਆਂ ਦਾ ਧਰਮ-ਆਚਾਰੀਆ ਸੀ। ਉਹ ਬਰਿਜ-ਆਚਾਰੀਆ ਸੀ। ਉਹ ਅਸਲ ਵਿਚ ਤਿਲੰਗਾਨਾ ਦਾ ਸੀ। ਉਹ ਉਰਦੂ, ਤੇਲਗੂ ਤੇ ਹਿੰਦੀ ਜਾਣਦਾ ਹੈ। ਉਹ ਬਰਸਾਨਾ ਦਾ ਗੁਰੂ ਹੈ, ਜਗ੍ਹਾ ਜੋ ਰਾਧਾ ਨਾਲ ਜੁੜੀ ਹੋਈ ਹੈ। ਉਸ ਨੇ ਮੈਨੂੰ ਦੱਸਿਆ, "ਮੈਂ ਇਕ ਮੇਲਾ ਬਰਸਾਨਾ ਦੇ 'ਮੀਰ ਤਾਜ ਮੀਰ' ਦੇ ਨਾਂ ਉੱਤੇ ਮਨਾਉਣਾ ਚਾਹੁੰਦਾ ਹਾਂ।" ਮੈਂ ਪੁੱਛਿਆ ਕਿਉਂ ਤੇ ਮੈਂ ਬਰਿਜ-ਆਚਾਰੀਆ ਦੇ ਮੂੰਹੋਂ ਇਹ ਖ਼ਿਆਲ ਸੁਣ ਕੇ ਬੌਂਦਲ ਗਿਆ।

ਉਹ ਕਹਿਣ ਲੱਗਾ, "ਤੁਸੀਂ ਨਹੀਂ ਜਾਣਦੇ ਕਿ ਮੀਰ, ਜਿਸ ਨੇ ਸਾਰ ਜੀਵਨ ਦਿੱਲੀ ਵਿਚ ਬਤੀਤ ਕੀਤਾ ਸੀ, ਉਹ 1857 ਦੀ ਗੜਬੜ ਦੇ ਸਮੇਂ ਸਾਢੇ ਤਿੰਨ ਸਾਲ ਬਰਸਾਨਾ ਵਿਚ ਬਤੀਤ ਕੀਤੇ ਸਨ। ਅਜੇ ਵੀ ਮੀਰ ਦਾ ਘਰ ਉਥੇ ਹੈ। ਇਸ ਗੱਲ

ਦਾ ਸੁਝਾਅ ਉਹ ਬੰਦਾ ਦੇ ਰਿਹਾ ਸੀ ? ਜਿਸ ਦਾ ਜੀਵਨ-ਢੰਗ ਅਤੇ ਸੋਚ ਵਿਸ਼ੇਸ਼ ਤੌਰ 'ਤੇ ਭਗਤੀ ਲਹਿਰ ਤੋਂ ਪ੍ਰਭਾਵਿਤ ਸੀ। ਅਜਿਹਾ ਅਚਾਨਕ ਹੀ ਮੀਰ ਨੂੰ ਸ਼ਰਧਾਂਜਲੀ ਦੇਣ ਬਾਰੇ ਕਿਉਂ ਸੋਚੇ ?

ਮੈਂ ਉਸ ਨੂੰ ਉਸ ਇਲਾਕੇ ਵਿਚ ਧਾਰਮਿਕ ਬਰਾਦਰੀਆਂ ਦੇ ਰਿਸ਼ਤਿਆਂ ਬਾਰੇ ਪੁੱਛਿਆ। ਖ਼ਾਸ ਤੌਰ 'ਤੇ ਰਾਜਸੀ ਪਾਰਟੀਆਂ ਦੇ ਫਿਰਕੂ ਭੜਕਾਹਟਾਂ-ਭਰੀਆਂ ਕਾਰਵਾਈਆਂ ਕਰਕੇ ਪ੍ਰਸਿੱਧ ਹੈ। ਉਥੇ ਇਕ ਵੀ ਹਿੰਦੂ ਨਹੀਂ। ਅੱਜ ਕਲ੍ਹ ਵੀ ਨਹੀਂ। ਉਥੇ ਇਕ ਹੋਰ ਪਿੰਡ ਹੈ, ਜੋ ਰਾਧਾਪੁਰ ਤੋਂ ਤਿੰਨ ਮੀਲ ਦੂਰ ਹੈ, ਜਿਸ ਨੂੰ ਗਿਆਸਪੁਰ ਆਖਦੇ ਹਨ।, ਜਿਥੇ ਕੇਵਲ ਬ੍ਰਾਹਮਣ ਹੀ ਰਹਿੰਦੇ ਹਨ। ਕਿਸੇ ਨੇ ਵੀ ਇਹ ਸੁਝਾਅ ਨਹੀਂ ਦਿੱਤਾ ਕਿ ਇਨ੍ਹਾਂ ਪਿੰਡਾਂ ਦੇ ਨਾਮ ਬਦਲ ਦਿੱਤੇ ਜਾਣ। ਨਾਲ ਹੀ, ਜਦ ਕਦੇ ਤਿਉਹਾਰਾਂ ਦੇ ਸਮੇਂ ਸਾਨੂੰ ਸੰਗੀਤਕਾਰਾਂ ਦੀ ਲੋੜ ਪੈਂਦੀ ਹੈ, ਤਾਂ ਅਸੀਂ ਬੈਂਡ ਵਾਲੇ ਨੂੰ ਸੱਦਦੇ ਹਾਂ ਜੋ ਮੁਸਲਮਾਨ ਹੈ। ਇਕ ਵਾਰ ਉਥੇ ਹਿੰਦੂ ਬੈਂਡ ਵਾਲੇ ਵੀ ਸਨ, ਜੋ ਗਿਣਤੀ ਵਿਚ ਪੰਦਰਾਂ ਸਨ। ਪਰ ਹਰ ਕੋਈ ਮੁਸਲਮਾਨ ਬੈਂਡ ਵਾਲੇ ਨੂੰ ਪਹਿਲ ਦਿੰਦਾ ਹੈ, ਕਿਉਂਕਿ ਉਸ ਦੇ ਪ੍ਰਵਾਰ ਨੇ ਸਦਾ ਹੀ ਸਾਡੇ ਤਿਉਹਾਰਾਂ ਉੱਤੇ ਬੈਂਡ ਵਜਾਇਆ ਹੈ। ਸੋ ਰਾਧਾ ਦੇ ਬਰਸਾਨਾ ਮੰਦਰ ਵਿਚ ਹੋਰ ਕੋਈ ਬੈਂਡ ਨਹੀਂ ਵੱਜਦਾ।

ਜਦ ਮੈਂ ਬਰਸਾਨਾ ਗਿਆ ਤਾਂ ਮੇਰੇ ਨਾਲ ਡਾ. ਸਈਦ ਸੀ, ਜੋ ਕਿ ਇਕ ਕਵੀ ਤੇ ਡਾਕਟਰ ਹੈ। ਮੈਂ ਵੇਖਿਆ ਕਿ ਉਥੋਂ ਦੀ ਮਿੱਟੀ ਬੜੀ ਨਰਮ ਤੇ ਸੁੰਦਰ ਸੀ। ਮੈਂ ਆਪਣੇ ਸੈਂਡਲ ਲਾਹ ਕੇ ਨੰਗੇ ਪੈਰ ਤੁਰਨ ਦਾ ਫ਼ੈਸਲਾ ਕੀਤਾ। ਮੈਂ ਆਖਿਆ, "ਇਹ ਮਿੱਟੀ ਵਿਸ਼ੇਸ਼ ਤੌਰ 'ਤੇ ਕੂਲੀ ਹੈ।" ਡਾ. ਸਈਦ, ਜੋ ਰਾਧਾ ਅਤੇ ਕ੍ਰਿਸ਼ਨ ਦੀਆਂ ਕਹਾਣੀਆਂ ਦੁਹਰਾ ਰਿਹਾ ਸੀ, ਜਿਵੇਂ ਕਿ ਉਹ ਉਸ ਦਾ ਵੱਡਾ ਭਗਤ ਸੀ। ਉਹ ਮੈਨੂੰ ਕਹਿਣ ਲੱਗਾ, "ਕਮਲੇਸ਼ਵਰ ਸਾਹਿਬ, ਜੇ ਤੁਹਾਨੂੰ ਇਤਰਾਜ਼ ਨਾ ਹੋਵੇ, ਕੀ ਮੈਂ ਤੁਹਾਨੂੰ ਦਰੁੱਸਤ ਕਰ ਸਕਦਾ ਹਾਂ।" ਤੁਹਾਡੇ ਪੈਰ ਧੂਲ ਨਾਲ ਘੱਟੇ ਨਾਲ ਨਹੀਂ ਭਰੇ ਹੋਏ। ਇਹ ਰਾਜ ਨਾਲ ਭਰੇ ਹੋਏ ਹਨ। ਉਹ ਧਰਤੀ ਦੀ ਪਵਿੱਤਰ ਧੂੜ, ਜਿਸ ਉੱਤੇ ਰਾਧਾ ਅਤੇ ਕ੍ਰਿਸ਼ਨ ਤੁਰਦੇ ਰਹੇ ਹਨ, ਅਤੇ ਜਿਹੜੀ ਲੋਕ ਚੁੱਕ ਕੇ ਆਪਣੇ ਮੱਥਿਆਂ ਉੱਤੇ ਲਾਉਂਦੇ ਹਨ, ਮੈਂ ਤੁਹਾਨੂੰ ਆਪਣੇ ਪਿੰਡਾਂ ਤੇ ਨਗਰਾਂ ਬਾਰੇ ਕਈ ਕਹਾਣੀਆਂ ਸੁਣਾ ਸਕਦਾ ਹਾਂ। ਇਥੇ ਅਜੇ ਵੀ ਲੋਕ ਫ਼ਿਰਕੂ ਇਕਸੁਰਤਾ ਨਾਲ ਰਹਿ ਰਹੇ ਹਨ।

? ਅਜਿਹੀਆਂ ਘਟਨਾਵਾਂ ਮੈਨੂੰ ਕਰੱਤੁਲ ਹੈਦਰ ਨੇ ਵੀ ਸੁਣਾਈਆਂ ਸਨ ਜਦ ਮੈਂ ਹਾਲ ਵਿਚ ਹੀ ਉਸ ਨੂੰ ਮਿਲਿਆ ਸੀ। ਉਸ ਨੇ ਦੱਸਿਆ ਕਿ ਅੱਜ ਦੇ ਦਿਨ ਤੀਕਰ, ਰਾਮ ਲੀਲ੍ਹਾ ਦੇ ਦਿਨੀਂ, ਲਖਨਊ ਦੇ ਇਲਾਕੇ ਵਿਚ, ਜਿਥੇ ਉਹ ਕਦੇ ਰਹਿੰਦੀ ਹੁੰਦੀ ਸੀ, ਰਾਮਾਇਣ ਦੀ ਕਥਾ ਇਕ ਮੁਸਲਮਾਨ ਗੀਤਕਾਰ ਸੁਣਾਉਂਦਾ ਹੁੰਦਾ ਸੀ।

* ਇਹ ਸਾਡੇ ਲਈ ਸੰਭਵ ਨਹੀਂ ਹੋਇਆ ਕਿ ਅਸੀਂ ਨਵੀਆਂ ਸਰਹੱਦਾਂ ਦੇ ਬਣਨ ਪਿੱਛੋਂ ਵੀ ਆਪਣੀਆਂ ਮੁਸ਼ਕਿਲਾਂ ਨੂੰ ਹੱਲ ਕਰ ਸਕੀਏ। ਨਾ ਹੀ ਪਾਕਿਸਤਾਨ ਲਈ ਸੌਖਾ ਰਿਹਾ ਹੈ, ਜਿਸ ਨੇ ਪੂਰਬੀ ਬੰਗਾਲ ਗਵਾ ਲਿਆ ਹੈ। ਅਸੀਂ ਕਸ਼ਮੀਰ ਦੀ ਉਲਝਣ ਨੂੰ ਹੱਲ ਨਹੀਂ ਕਰ ਸਕੇ। ਇਹ ਸਪੱਸ਼ਟ ਹੈ ਕਿ ਦੋ ਵੱਖਰੀਆਂ ਕੌਮਾਂ ਦਾ ਖ਼ਿਆਲ, ਜੋ ਧਰਮ ਦੇ ਅੰਤਰਾਂ ਉੱਤੇ ਆਧਾਰਿਤ ਸੀ, ਕਾਫ਼ੀ ਨਹੀਂ। ਇਹ ਗੱਲ ਮੁਸਲਿਮ-ਲੀਗ ਲਈ ਵੀ ਓਨੀ ਹੀ ਸੱਚੀ ਹੈ, ਜਿੰਨੀ ਹਿੰਦੂ ਰਾਸ਼ਟਰਵਾਦੀਆਂ ਲਈ, ਸਵਾਰਕਰ ਦਾ ਹਿੰਦੂ ਉੱਚਤਾ ਦਾ ਖ਼ਿਆਲ ਦੂਸਰੇ ਲੋਕਾਂ ਨੂੰ ਸ਼ਾਂਤੀ ਨਾਲ ਨਹੀਂ ਰਹਿਣ ਦੇਵੇਗਾ, ਜਿਵੇਂ ਕਿ ਉਹ ਰਾਜਨੀਤੀ ਜਿਹੜੀ ਕਿ ਬੁਨਿਆਦ ਪ੍ਰਸਤਾਂ ਦੇ ਸ਼ੁੱਧ ਇਸਲਾਮਿਕ ਪਛਾਣ ਉੱਤੇ ਨਿਰਭਰ ਹੈ।

? "ਕਿਤਨੇ ਪਾਕਿਸਤਾਨ" ਵਿਚ ਪਿਆਰ ਧਾਰਮਿਕ ਪਛਾਣਾਂ ਦੇ ਨਕਲੀਪਨ ਨੂੰ ਪਾਰ ਕਰਕੇ, ਪਾਰਗਾਮੀ ਹੋ ਜਾਂਦਾ ਹੈ, ਭਾਵੇਂ ਕਿ ਪ੍ਰੇਮੀ ਅੰਤ ਉੱਤੇ ਹਰ ਜਾਂਦੇ ਤੇ ਵਿਛੜ ਜਾਂਦੇ ਹਨ। ਇਹ ਨਿਰਸੰਦੇਹ ਵੰਡ ਦਾ ਤਰਕ ਹੈ। ਵਿਦਿਆ ਤੇ ਬਿਰਤਾਂਤਕਾਰ ਦੀ ਕਹਾਣੀ ਜਿਸ ਦਾ ਨਾਮ ਨਹੀਂ ਲਿਆ ਗਿਆ, ਇਹ ਇਕਰਾਰ ਕਰਦੇ ਵਿਖਾਲੀ ਦਿੰਦੇ ਹਨ, ਜੋ ਆਰੰਭ ਵਿਚ ਕੁਝ ਵੱਖਰੇ ਜਾਪਦੇ ਹਨ। ਪਰ ਵੰਡ ਉਨ੍ਹਾਂ ਨੂੰ ਅਲੱਗ ਕਰ ਦਿੰਦੀ ਹੈ ਤੇ ਜਦੋਂ ਉਹ ਅਖੀਰ ਉੱਤੇ ਮਿਲਦੇ ਹਨ, ਉਹ ਸਿਰਫ਼ ਇਹ ਕਰਦੇ ਹਨ ਕਿ ਉਹ ਇਕ ਦੂਜੇ ਲਈ ਭੋਂ-ਹੇਰਵੇ ਵਿਚ ਗੱਲਾਂ ਕਰਦੇ ਹਨ।

* ਹਾਂ, ਆਰੰਭ ਵਿਚ, ਵਿਦਿਆ ਦਾ ਜੀਵਨ ਕਿਸੇ ਵੀ ਨੌਜਵਾਨ ਕੁੜੀ ਦੇ ਸਮਾਜਿਕ ਮਾਹੌਲ ਅਨੁਸਾਰ ਵਿਸ਼ੇਸ਼ ਭਾਂਤ ਦਾ (Typical) ਪ੍ਰਤੀਤ ਹੁੰਦਾ ਹੈ। ਉਹ ਆਪਣੇ ਜਮਾਤੀ ਨਾਲ ਪਿਆਰ ਪਾ ਲੈਂਦੀ ਹੈ ਤੇ ਫਿਰ ਉਸ ਨੂੰ ਛੱਡਣਾ ਪੈਂਦਾ ਹੈ ਤੇ ਉਸ ਨੂੰ ਭੁੱਲ ਜਾਂਦੀ ਹੈ, ਕਿਉਂਕਿ ਉਸ ਦੇ ਮਾਤਾ-ਪਿਤਾ ਕਿਸੇ ਹੋਰਸ ਨਾਲ ਉਸ ਦੀ ਸ਼ਾਦੀ ਕਰ ਦਿੰਦੇ ਹਨ। ਪਰ ਫਿਰ ਦੇਸ਼ ਦੀ ਵੰਡ ਦਾ ਦਖਲ ਆ ਜਾਂਦਾ ਹੈ। ਉਸ ਨੂੰ ਉਧਾਲ ਲਿਆ ਜਾਂਦਾ ਹੈ ਤੇ ਕੋਈ ਹਿੰਦੂ ਗੁੰਡੇ ਉਸ ਨਾਲ ਜਬਰ ਜਿਨਾਹ ਕਰਦੇ ਹਨ। ਉਸ ਨੂੰ ਮੁਸਲਮਾਨ ਪਰਵਾਰ ਵਲੋਂ ਸ਼ਰਨ ਮਿਲਦੀ ਤੇ ਉਹ ਪਾਕਿਸਤਾਨ ਵਿਚ ਪਰਵਾਸ ਕਰ ਜਾਂਦੀ ਹੈ। ਕਈ ਔਰਤਾਂ ਨਾਲ ਉਨ੍ਹਾਂ ਦੀ ਧਾਰਮਿਕ ਬਰਾਦਰੀ ਮੈਂਬਰ ਬਲਾਤਕਾਰ ਕਰਦੇ ਤੇ ਸ਼ਰਨ ਕਿਸੇ ਦੂਸਰੀ ਬਰਾਦਰੀ ਵਲੋਂ ਪ੍ਰਾਪਤ ਹੁੰਦੀ ਹੈ।

? ਮੰਟੋ ਕੋਲ ਵੀ ਸੁਣਾਉਣ ਲਈ ਅਜਿਹੀਆਂ ਕਹਾਣੀਆਂ ਹਨ। ਤੁਸੀਂ ਵਿਦਿਆ ਦਾ ਨਾਂ ਕਿੰਨੀ ਵਾਰ ਬਦਲਦੇ ਹੋ ? ਉਹ ਇਸਲਾਮ ਧਰਮ ਗ੍ਰਹਿਣ ਕਰ ਲੈਂਦੀ ਹੈ ਤੇ ਆਪਣਾ ਨਾਂ ਪਾਰੀ ਰੱਖ ਲੈਂਦੀ ਹੈ। ਪਿੱਛੋਂ ਉਸ ਦਾ ਨਾਮ ਪ੍ਰਵੀਨ ਰੱਖ ਲਿਆ ਜਾਂਦਾ ਹੈ। ਉਹ ਇਕ ਲੜਕੇ ਨੂੰ ਜਨਮ ਦਿੰਦੀ ਹੈ ਜਿਹੜੀ ਕਿ ਪਾਕਿਸਤਾਨੀ ਰਾਜਦੂਤ ਬਣ ਦੇ ਭਾਰਤ ਆ ਜਾਂਦਾ ਹੈ।

* ਇਨ੍ਹਾਂ ਨਾਵਾਂ ਦੇ ਬਦਲਣ ਨਾਲ ਮੈਂ ਇਹ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਵਿਦਿਆ ਉਸ ਸਭਿਆਚਾਰ ਵਿਚ ਪਹੁੰਚ ਜਾਂਦੀ ਹੈ, ਜੋ ਅਜੇ ਆਪਣੀ ਪਛਾਣ ਤਲਾਸ਼ਣ ਲਈ ਸੰਘਰਸ਼ ਕਰ ਰਿਹਾ ਸੀ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਹਰ ਗ੍ਰਹਿ-ਯੁੱਧ ਵਿਚ ਇਹ ਔਰਤਾਂ ਹੁੰਦੀਆਂ ਹਨ, ਜੋ ਸਭ ਤੋਂ ਵੱਧ ਕਸ਼ਟ ਝੱਲਦੀਆਂ ਹਨ। ਵਿਦਿਆ ਮੇਰੇ ਲਈ ਇਕ ਉਹ ਔਰਤ ਹੈ,

ਜਿਸ ਦੀ ਹੋਣੀ ਵੰਡ ਦੀ ਪ੍ਰਤੀਨਿਧਤਾ ਕਰਦੀ ਹੈ। ਉਹ ਹਰ ਦੁੱਖ ਝੱਲਦੀ ਹੈ, ਕਿਉਂਕਿ ਉਸ ਵਿਚ ਜਮਾਂਦਰੂ ਸ਼ਕਤੀਆਂ ਹਨ। ਮੇਰਾ ਖ਼ਿਆਲ ਹੈ ਕਿ ਸਭ ਔਰਤਾਂ ਵਿਚ ਅਜਿਹੀਆਂ ਸ਼ਕਤੀਆਂ ਹੁੰਦੀਆਂ ਹਨ। ਉਹ ਧਰਤੀ ਵਾਂਗ ਹੈ। ਧਰਤੀ ਰੁੱਖ ਨੂੰ ਕਾਇਮ ਰੱਖ ਸਕਦੀ ਹੈ। ਇਹ ਬਿਜਲੀ ਦੇ ਖੰਭੇ ਨੂੰ ਵੀ ਆਸਰਾ ਦਿੰਦੀ ਹੈ। ਜੋ ਕੁਝ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਔਰਤ ਇਕ ਸਭਿਆਚਾਰ ਦਾ ਭਾਰ ਚੁੱਕਦੀ ਹੈ। ਇਸ ਦੀ ਪਾਲਣਾ ਕਰਦੀ ਹੈ। ਵਿਦਿਆ ਉਸ ਸੰਭਾਵਨਾ ਦੀ ਪ੍ਰਤੀਨਿਧ ਹੈ। ਜਿਸ ਨੂੰ ਅਸੀਂ ਪਾਕਿਸਤਾਨੀ ਸਭਿਆਚਾਰ ਕਹਿ ਸਕਦੇ ਹਾਂ। ਭਾਵੇਂ ਮੈਂ ਇਹ ਨਹੀਂ ਮੰਨਦਾ ਕਿ ਇਹ ਉੱਪ-ਮਹਾਂਦੀਪ ਦੀ ਸਮੁੱਚੀ ਕਲਚਰ ਤੋਂ ਕੋਈ ਵੱਖਰੀ ਪਛਾਣ ਸੰਭਵ ਹੈ। ਵਿਦਿਆ ਉਸ ਪਿੱਛੇ ਰਹਿ ਗਏ ਦਾ ਹੇਰਵਾ ਹੈ, ਜੋ ਉਹ ਛੱਡ ਆਈ ਹੈ। ਉਹ ਉਸ ਨੂੰ ਕਦੇ ਨਹੀਂ ਭੁੱਲਦੀ, ਭਾਵੇਂ ਕਿ ਉਹ ਇਸ ਬਾਰੇ ਬੋਲ ਕੇ ਨਹੀਂ ਦੱਸਦੀ।

ਵਿਦਿਆ ਦਾ ਪਾਤਰ ਇਕ ਔਰਤ ਉੱਤੇ ਉਸਾਰਿਆ ਗਿਆ ਹੈ। ਜਿਸ ਨੂੰ ਮੈਂ ਜਾਣਦਾ ਸੀ। ਮੈਂ ਉਸ ਨੂੰ ਘਟਨਾਵਾਂ ਦੇ ਵਾਪਰਨ ਤੋਂ ਬਹੁਤ ਸਾਲ ਬਾਅਦ ਮਿਲਿਆ ਸੀ। ਉਸ ਨੇ ਮੈਨੂੰ ਕਈ ਸਾਲ ਪਹਿਲਾਂ ਦੱਸਿਆ ਕਿ ਉਸ ਨੇ ਮੈਨੂੰ ਉਸ ਵੇਲੇ ਪਛਾਣ ਲਿਆ ਸੀ। ਜਦੋਂ ਵਾਹਗਾ ਸਰਹੱਦ ਉੱਤੇ ਸਰਹੱਦਾਂ ਦੇ ਗੇਟ ਬੰਦ ਹੋਣ ਦੀ ਰਸਮ ਹੋ ਰਹੀ ਸੀ। ਸ਼ਾਇਦ ਉਸ ਨੇ ਪਛਾਣ ਲਿਆ ਹੋਵੇ। ਮੈਂ ਦੂਰਦਰਸ਼ਨ ਲਈ ਇਕ ਪ੍ਰੋਗਰਾਮ "ਪਰਕਰਮਾ" ਪੇਸ਼ ਕਰਿਆ ਕਰਦਾ ਸੀ। ਇਹ ਪ੍ਰੋਗਰਾਮ ਲਾਹੌਰ ਵਿਚ ਵੀ ਬੜਾ ਹਰਮਨ ਪਿਆਰਾ ਸੀ।

ਅਜੀਬ ਮੌਕਾ ਮੇਲ, ਕਿ ਉਹ ਵੀ ਸਰਹੱਦ ਉੱਤੇ ਸੀ, ਜਦ ਮੈਂ ਉਥੇ ਸੀ। ਸਾਡੀ ਗੱਲਬਾਤ ਦੌਰਾਨ ਉਸ ਨੇ ਆਪਣੇ ਤਜ਼ਰਬੇ ਦੱਸਦਿਆਂ ਆਖਿਆ ਸੀ ਕਿ ਇਸਲਾਮ ਵਿਚ ਜਾ ਕੇ ਉਸ ਨੂੰ ਕੋਈ ਅਫ਼ਸੋਸ ਨਹੀਂ ਸੀ। ਐਪਰ ਉਹ ਅਜੇ ਵੀ ਅਨੁਭਵ ਕਰਦੀ ਸੀ ਕਿ ਉਸ ਦੀਆਂ ਸਭਿਆਚਾਰਕ ਜੜ੍ਹਾਂ ਭਾਰਤ ਵਿਚ ਸਨ। ਭਾਵੇਂ ਉਹ ਪਾਕਿਸਤਾਨ ਦੀ ਸੁਸਾਇਟੀ ਵਿਚ ਪੂਰੀ ਤਰ੍ਹਾਂ ਘੁਲ-ਮਿਲ ਚੁੱਕੀ ਸੀ। ਹੁਣ ਉਸ ਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਉਹ ਮੁਸਲਮਾਨ ਸੀ।

? ਆਰੰਭ ਵਿਚ, ਤੁਸੀਂ ਉਸ ਦਾ ਨਾਂ ਵਿਦਿਆ ਲੈ ਕੇ ਇਕ ਐਸੀ ਔਰਤ ਦਾ ਬਿੰਬ ਪੇਸ਼ ਕੀਤਾ, ਜਿਸ ਕੋਲ ਗਿਆਨ ਵੀ ਸੀ ਤੇ ਤਰਕਸ਼ੀਲਤਾ ਵੀ, ਤੁਸੀਂ ਉਸ ਦਾ ਨਾਂ ਪਰਵੀਨ ਕਿਉਂ ਲਿਆ ਸੀ, ਜਿਸ ਦਾ ਅਰਥ ਹੈ, ਕਲਪਣਾ। ਜਿਸ ਨੂੰ ਜ਼ਬਰਦਸਤੀ ਪਾਕਿਸਤਾਨ ਲਿਜਾਇਆ ਗਿਆ ਸੀ ? ਕੀ ਇਹ ਜਾਣ ਬੁੱਝ ਕੇ ਕੀਤੀ ਕੋਸ਼ਿਸ਼ ਸੀ, ਇਹ ਵੇਖਣ ਦੀ ਕਿ ਉਸ ਵਿਚਲੀਆਂ ਦਲੀਅ ਅਤੇ ਕਲਪਣਾ ਦੀਆਂ ਸੰਭਾਵਨਾਵਾਂ ਵੇਖੀਆਂ ਜਾਣ, ਜੋ ਵੰਡ ਨੇ ਕਲੰਕਿਤ ਕਰ ਦਿੱਤੀਆਂ ਸਨ? ਅਤੇ ਕੀ ਤੁਸੀਂ ਉਸ ਨੂੰ ਇਕ ਉਸ ਮਨੁੱਖ ਵਜੋਂ ਪੇਸ਼ ਕਰ ਰਹੇ ਹੋ ਜੋ ਹਿੰਦੂ-ਮੁਸਲਿਮ ਪਛਾਣ ਦਾ ਮਿਸ਼ਰਣ ਸੀ, ਅਰਥਾਤ ਭਾਰਤੀ-ਪਾਕਿਸਤਾਨੀ ?

* ਮੈਂ ਨਹੀਂ ਸੋਚਦਾ ਕਿ ਇਹ ਜਾਣ ਬੁੱਝ ਕੇ ਕੀਤਾ ਕੰਮ ਸੀ। ਜਦੋਂ ਉਹ ਵਾਪਸ ਪਾਕਿਸਤਾਨ ਜਾਣ ਲਈ ਤਿਆਰ ਸੀ, ਤਾਂ ਉਸ ਦੀ ਆਵਾਜ਼ ਵਿਚ ਅਚਾਨਕ ਉਦਾਸੀ ਦੀ ਸੁਰ ਸੀ। ਮੈਂ ਉਸ ਨੂੰ ਮਿਲਣ ਜਾਣ ਲਈ ਲਾਹੌਰ ਨਹੀਂ ਜਾਣਾ ਚਾਹੁੰਦਾ ਸੀ। ਮੈਨੂੰ ਕੋਈ ਮੌਕਾ ਨਹੀਂ ਮਿਲਿਆ ਸੀ।

? ਕੀ ਅਸੀਂ ਮੇਰੇ ਇਸ ਸਵਾਲ ਵੱਲ ਵਾਪਸ ਜਾ ਸਕਦੇ ਹਾਂ ਕਿ ਨਾਵਲ ਦਾ ਰੂਪ ਕੀ ਸੀ। ਤੁਸੀਂ ਇਹ ਟੁੱਟਵਾਂ ਰੂਪ ਕਿਉਂ ਵਰਤਿਆ ਹੈ ? ਇਹ ਇਕ ਦੂਜੀ ਨੂੰ ਕੱਟਦੀਆਂ ਕਹਾਣੀਆਂ, ਜਵਾਬ ਤਲਬੀਆਂ, ਤੇ ਰੁੱਖਾਂ ਨਾਲ ਕੀਤੀਆਂ ਵਾਰਤਾਲਾਪਾਂ ਆਦਿ ਹਨ।

* ਮੈਨੂੰ ਇਹ ਕਰਨਾ ਪਿਆ। ਮੇਰਾ ਖ਼ਿਆਲ ਹੈ ਕਿ ਇਸ ਨਾਲ ਨਾਵਲ ਘੁਟਿਆ (Compress) ਗਿਆ ਹੈ। ਇਸ ਨਾਲ ਮੈਨੂੰ ਪ੍ਰਚਾਰ ਹੋਣ ਤੋਂ ਬਚਣ ਵਿਚ ਸਹਾਇਤਾ ਮਿਲੀ ਹੈ। ਮੈਂ ਗਾਂਧੀ ਜੀ ਬਾਰੇ ਹਿੱਸੇ ਨੂੰ ਵਧਾ ਸਕਦਾ ਸੀ, ਜਦੋਂ ਉਹ ਭੰਗੀ ਬਸਤੀ ਵਿਚ ਠਹਿਰਿਆ ਹੋਇਆ ਸੀ। ਮੈਨੂੰ ਕਚਹਿਰੀ ਵਾਲੇ ਕਮਰੇ ਦੀ ਵਿਧੀ ਦੀ ਵਰਤੋਂ ਕਰਨੀ ਪਈ ਜਾਂ ਪੁੱਛ-ਪੜਤਾਲ ਦੀ ਵਿਧੀ। ਇਸ ਨਾਲ ਨਾਵਲ ਨੂੰ ਜਿੱਪ (Zip) ਜੰਜ਼ੀਰੀ ਹਿਕ ਤੇਜੀ ਮਿਲ ਗਈ।

? ਇਹ ਬਿਰਤਾਂਤਕਾਰ ਕੌਣ ਹੈ ? ਉਸ ਦਾ ਨਾਂ ਨਹੀਂ ਲਿਆ ਗਿਆ ?

* ਮੈਂ ਹੀ ਬਿਰਤਾਂਤਕਾਰ ਹਾਂ। ਮਹਿਮੂ ਪ੍ਰਸ਼ਨ-ਕਰਤਾ ਹੈ, ਬਿਰਤਾਂਤ ਦੀ ਸਵੈ-ਸਿਰਜਕ।

? ਕੀ ਤੁਸੀਂ ਅਨੁਭਵ ਕਰਦੇ ਹੋ ਕਿ ਤੁਹਾਡੀ ਪਛਾਣ ਦਾ ਇਸਲਾਮਿਕ-ਅੱਧ, ਇਕ ਭਾਰਤੀ ਵਜੋਂ ਪਛਾਣੇ ਜਾਣ ਦੀ ਲੋੜ ਹੈ ?

* ਸਾਡਾ ਦੁਖਾਂਤ ਇਹ ਹੈ ਕਿ ਅਸੀਂ ਇਕ ਵੰਡੀ ਹੋਈ ਕੌਮ ਹਾਂ। ਅਸੀਂ ਆਪ ਵੀ ਵੰਡੇ ਹੋਏ ਵਿਅਕਤੀ ਹਾਂ। ਮੇਰੀ ਸਭਿਆਚਾਰਕ ਹਕੀਕਤ (Reality) ਇਸਲਾਮੀ ਤਜ਼ਰਬਿਆਂ ਦੀ ਬਣੀ ਹੋਈ ਹੈ। ਪ੍ਰਸ਼ਨ ਕਰਤਾ ਜਿਸ ਦਾ ਮਹਿਮੂਦ ਹੈ, ਉਹ ਮੇਰੇ ਕਮਲੇਸ਼ਵਰ ਦੇ ਅੰਦਰ ਰਹਿੰਦਾ ਹੈ।

? ਨਾਵਲ ਵਿਚ ਤੁਸੀਂ ਹਰ ਸਮੇਂ ਮਹਿਮੂਦ ਦਾ ਨਾਂ ਵਰਤਦੇ ਹੋ, ਕੀ ਗਾਂਧੀ ਜੋ ਸੰਕਟ ਦੇ ਛਿਣਾਂ ਵਿਚ ਹਾਜ਼ਰੀ ਭਰਦਾ ਹੈ, ਤੁਹਾਡਾ ਰਾਜਨੀਤਕ ਆਦਰਸ਼ ਹੈ ?

* ਨਹੀਂ, ਮੈਂ ਇਕ ਵਾਰ ਰੈਵੂਲੂਸ਼ਨਰੀ ਸੋਸ਼ਿਲਿਟ ਪਾਰਟੀ ਨਾਲ ਸੀ। ਮੇਰਾ ਰਾਜਸੀ ਨਾਇਕ ਭਗਤ ਸਿੰਘ ਸੀ। ਬਚਪਨ ਵਿਚ ਮੈਂ ਸੋਸ਼ਲਿਸਟ ਰੈਫ਼ੈਲੂਸ਼ਨਰੀ ਪਾਰਟੀ ਦੇ ਮੈਂਬਰਾਂ ਦੀਆਂ ਚਿੱਠੀਆਂ ਲਿਜਾਇਆ ਕਰਦਾ ਸੀ। ਚਿੱਠੀਆਂ ਰੋਕ ਲਈਆਂ

ਜਾਂਦੀਆਂ ਸਨ। ਦੂਸਰੀ ਵਿਸ਼ਵ ਜੰਗ ਸਮੇਂ ਸਖ਼ਤ ਚੌਕਸੀ ਲਾਗੂ ਸੀ। ਮੈਂ ਤੈਨੂੰ ਦੱਸਾਂ ਕਿ ਕੈਰੀਅਤ (ਡਾਕਖਾਨੇ) ਕਦੇ ਚਿੱਠੀਆਂ ਨਹੀਂ ਖੋਹਲਦੇ ਸੀ। ਉਸ ਸਮੇਂ ਤੋਂ ਲੱਗ ਕੇ ਮੇਰੀਆਂ ਹਮਦਰਦੀਆਂ ਖੱਬੇ-ਪੱਖ ਨਾਲ ਰਹੀਆਂ ਹਨ। ਸਾਡਾ ਆਖਰੀ ਕਮਾਂਡਰ ਲੇਖਕ ਯਸ਼ਪਾਲ ਸੀ। ਮੈਂ ਕਿਸਾਨ ਲਹਿਰ ਨਾਲ ਵੀ ਸੰਬੰਧਿਤ ਰਿਹਾ ਹਾਂ। ਇਕ ਸਟੇਜ ਉੱਤੇ ਮੈਂ ਥੋੜ੍ਹਾ ਸਮਾਂ ਰਹਿਣ ਵਾਲੀ **ਜਨ-ਕ੍ਰਾਂਤੀ ਪਾਰਟੀ** ਦੇ ਵੀ ਨਾਲ ਰਿਹਾ ਸੀ ਤੇ ਉਨ੍ਹਾਂ ਦੇ ਪਰਚੇ ਲਈ ਲਿਖਦਾ ਸੀ। ਪਰ ਮੈ ਕਦੇ ਵੀ ਸਰਗਰਮ ਸਿਆਸਤ ਵਿਚ ਸ਼ਾਮਿਲ ਨਹੀਂ ਹੋਇਆ।

? ਭਗਤ ਸਿੰਘ ਤੇਰੇ ਨਾਵਲ ਵਿਚ ਪੇਸ਼ ਹੁੰਦ ਹੈ ਤੇ ਉਹ ਇਕ ਮਹਾਨ ਸੂਰਮਗਤੀ ਦੀ ਮਿਸਾਲ ਵਜੋਂ ਪੇਸ਼ ਹੈ। ਐਪਰ ਕੀ ਇਖ਼ਲਾਕੀ ਆਵਾਜ਼ ਨਾਵਲ ਵਿਚ ਗਾਂਧੀ ਜੀ ਦੀ ਨਹੀਂ ?

* ਹਾਂ, ਤੂੰ ਠੀਕ ਹੈਂ। ਮੈਨੂੰ ਵੀ ਪ੍ਰਤੀਤ ਹੁੰਦਾ ਹੈ ਕਿ ਮੁੱਖ ਤੌਰ 'ਤੇ ਉਹ ਬਰਤਾਨੀਆ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਅਵਸਰ ਹੀ ਨਾ ਮਿਲਿਆ ਕਿ ਆਜ਼ਾਦੀ ਪਿੱਛੋਂ ਕੀ ਵਾਪਰੇਗਾ। ਰਾਜਸੀ ਕੇਵਲ ਗਾਂਧੀ ਜੀ ਆਜ਼ਾਦ ਭਾਰਤ ਦੀ ਆਤਮਾ ਨੂੰ ਸਮਝਦੇ ਸਨ।

? ਗਾਂਧੀ ਜੀ ਮੰਨਦੇ ਸਨ ਕਿ ਭਗਤ ਸਿੰਘ ਸੂਰਮਾ ਦੇਸ਼ ਭਗਤ ਸੀ। ਪਰ ਉਸ ਨੇ ਬਰਤਾਨੀਆ ਨੂੰ ਇਹ ਲਿਖਣ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੀ ਮੌਤ ਦੀ ਸਜ਼ਾ ਮੁਆਫ ਕਰ ਦਿੱਤੀ ਜਾਵੇ।

* ਗਾਂਧੀ ਜੀ, ਭਗਤ ਸਿੰਘ ਦੇ ਹਿੰਸਾ ਦੀ ਵਰਤੋਂ ਦੇ ਵਿਰੁੱਧ ਸੀ। ਫਿਰ ਵੀ ਮੈਂ ਮੰਨਦਾ ਹਾਂ ਕਿ ਗਾਂਧੀ ਜੀ ਦੀ ਅਹਿੰਸਾ ਦੀ ਵਿਚਾਰਧਾਰਾ ਦੀ ਆਜ਼ਾਦੀ ਲਈ ਲੋੜ ਹੈ।

? ਕਿਉਂਕਿ ਤੇਰਾ ਨਾਵਲ ਵਰਤਮਾਨ ਦੇ ਸਮੇਂ ਤੀਕ ਆਉਂਦਾ ਹੈ। ਕਸ਼ਮੀਰ ਤੇ ਗੁਜਰਾਤ ਬਾਰੇ ਤੁਹਾਡਾ ਪੈਂਤੜਾ ਕੀ ਹੈ ? ਕੀ ਤੁਹਾਡਾ ਨਾਵਲ ਵਿਚ 'ਵੰਡਾਂ'' ਨੂੰ ਵਿਚਾਰਿਆ ਗਿਆ ਹੈ ?

* 1947 ਦਾ ਖ਼ੂਨ-ਖਰਾਬਾ ਗੁਜਰਾਤ ਅਤੇ ਕਸ਼ਮੀਰ ਵਿਚ ਦੁਹਰਾਇਆ ਗਿਆ ਹੈ। ਮੇਰਾ ਖ਼ਿਆਲ ਹੈ ਕਿ ਜਿੰਨਾ ਸੰਭਵ ਹੋਵੇ ਕਸ਼ਮੀਰ ਨੂੰ ਖ਼ੁਦ-ਮੁਖਤਾਰੀ ਦਿੱਤੀ ਜਾਣੀ ਚਾਹੀਦੀ ਹੈ। ਗਰੀਬ ਕਸ਼ਮੀਰੀ ਮੁਸਲਮਾਨ ਅਤੇ ਹਿੰਦੂ ਪੰਡਿਤ ਵੀ, ਦੋਹਾਂ ਪਾਸਿਆਂ ਤੋਂ ਸਜ਼ਾ ਭੁਗਤ ਰਹੇ ਹਨ।

? ਕੀ ਤੁਸੀਂ ਸਹਿਮਤ ਹੋਵੋਗੇ ਕਿ ਇਸ ਵੇਲੇ ਸਹਿਣਸ਼ੀਲ ਹਿੰਦੂ ਚੇਤੰਨਤਾ, ਜਿਸ ਬਾਰੇ ਅਸੀਂ ਗੱਲਾਂ ਕਰਦੇ ਆ ਰਹੇ ਹਾਂ। ਉਹ ਹੌਲੀ ਹੌਲੀ ਮਿਟਾਈ ਜਾ ਰਹੀ ਹੈ। ਮੈਨੂੰ ਪ੍ਰਤੀਤ ਹੁੰਦਾ ਹੈ ਕਿ ਉਹ ਬੀਤੇ ਸਮੇਂ ਵਿਚ ਗ਼ੈਰ-ਸਿਆਸੀ ਹੁੰਦੇ ਸਨ, ਅਤੇ ਬੁਨਿਆਦੀ ਤੌਰ 'ਤੇ ਭਲੇ ਲੋਕ ਹੁੰਦੇ ਸਨ, ਹੁਣ ਵੱਧ ਮੁਸਲਿਮ ਹੁੰਦੇ ਜਾ ਰਹੇ ਹਨ।

* ਮੇਰਾ ਖ਼ਿਆਲ ਹੈ ਏਦਾਂ ਹੋਣਾ ਸੀ। ਤਾਕਤ ਦੀ ਇੱਛਾ ਕੁਝ ਹਿੰਦੂਆਂ ਲਈ, ਜੋ ਪਹਿਲਾਂ ਵੀ ਸੀ ਤੇ ਹੁਣ ਵੀ ਹੈ। ਫਾਸ਼ਿਸਟਾਂ ਕੋਲੋਂ ਪ੍ਰਭਾਵਿਤ ਹੋ ਰਹੇ ਹਨ। ਹੈਡਗਰ ਵਰਗੇ ਲੋਕ ਪੂੰਜੀ ਅਤੇ ਆਰ.ਐਸ.ਐਸ ਦੇ ਹੋਰ ਆਗੂ ਨਿਸ਼ਚੇ ਹੀ ਇਸ ਖ਼ਿਆਲ ਤੋਂ ਪ੍ਰਭਾਵਿਤ ਹੋ ਰਹੇ ਹਨ ਕਿ ਜਰਮਨੀ ਦੇ ਹਿਟਲਰ ਦੀਆਂ ਪ੍ਰਾਪਤੀਆਂ ਕੀ ਸਨ। ਉਹ ਇਕ ਹਿੰਦੂ-ਭਾਰਤ ਦਾ ਬਿੰਬ ਸਿਰਜਣਾ ਚਾਹੁੰਦੇ ਹਨ। ਮੁਸ਼ਕਿਲ ਇਹ ਹੈ ਕਿ ਲੋਕ ਇਹ ਗੱਲ ਨਹੀਂ ਸਮਝਦੇ ਕਿ ਸਾਡੇ ਕੋਲ ਮਿਸ਼ਤਰ (Composite) ਭਾਰਤ ਦਾ ਸਦੀਆਂ ਲੰਮਾ ਇਤਿਹਾਸ ਹੈ। ਉਹ ਸ਼ੁੱਧ ਭਾਰਤ ਦੀ ਪਛਾਣ ਚਾਹੰਦੇ ਹਨ, ਜੋ ਕਦੇ ਹੋਈ ਹੀ ਨਹੀਂ ਸੀ। ਗਾਂਧੀ ਜੀ ਇਸ ਗੱਲ ਨੂੰ ਸਪੱਸ਼ਟ ਭਾਂਤ ਸਮਝਦੇ ਸਨ।

? ਇਸ ਵੇਲੇ, ਮੈਨੂੰ ਡਰ ਹੈ ਕਿ ਸਾਡੇ ਮਿਸ਼ਰਤ ਸਭਿਆਚਾਰ ਹੈ, ਜਿਸ ਉੱਤੇ ਸਾਨੂੰ ਫ਼ਖਰ ਹੈ, ਉਹ ਹੁਣ ਮਿਟਾਈ ਜਾ ਰਹੀ ਹੈ। ਲੋਕ ਜਿਹੜੇ ਬੁਨਿਆਦੀ ਤੌਰ ਉੱਤੇ ਮੂਲਵਾਦੀ ਨਹੀਂ ਹਨ। ਉਹ ਹੁਣ ਵਿਰੋਧ ਹੁੰਦੇ ਜਾ ਰਹੇ ਹਨ। ਖ਼ਤਰਨਾਕ ਗੱਲ ਇਹ ਹੈ ਕਿ ਜਿਨ੍ਹਾਂ ਲੋਕਾਂ ਦਾ ਸੰਬੰਧ ਆਰ.ਐਸ.ਐਸ. ਨਾਲ ਨਹੀਂ ਹੈ, ਜਾਂ ਇਸ ਦੀਆਂ ਸ਼ਾਖਾਵਾਂ ਨਾਲ ਨਹੀਂ ਹੁਣ ਮੁਸਲਿਮ-ਵਿਰੋਧੀ ਹੋਈ ਜਾ ਰਹੇ ਹਨ। ਖਾਮੋਸ਼ੀ, ਚੁੱਪ, ਜਿਸ ਬਾਰੇ ਤੁਸੀਂ ਸ਼ੁਰੂ ਵਿਚ ਗੱਲ ਕੀਤੀ ਸੀ, ਹੌਲੀ ਹੌਲੀ ਸਾਡੇ ਉੱਤੇ ਉਤਰਦੀ ਆ ਰਹੀ ਹੈ। ਇਹ ਸਾਡੀ ਸੁਸਾਇਟੀ ਦੇ ਇਕ ਹਿੱਸੇ ਉੱਤੇ ਦੁਬਾਰਾ ਹੋ ਰਿਹਾ ਹੈ

* ਹਾਂ, ਖ਼ਾਸ ਤੌਰ 'ਤੇ ਗੁਜਰਾਤ ਵਿਚ, ਜਿਥੇ ਹਿੰਸਾ ਹੈ ਉਹ ਇਸ ਦੁਆਲੇ ਪਸਰੀ ਚੁੱਪ ਡਰ ਪੈਦਾ ਕਰ ਰਹੀ ਹੈ। ਖ਼ਿਆਲ ਹੈ ਕਿ ਇਸ ਹਿੰਸਾ ਦਾ ਕਾਰਨ ਆਰੀਆ-ਹਿੰਦੂ, ਕਸ਼ਮੀਰ ਦੇ ਵਧੀਆ ਹੋਣ ਦਾ ਭਰਮ ਅਤੇ ਮੁਸਲਿਮ ਵਿਹਾਰ ਕਰਨਾ ਸ਼ੁਰੂ ਦੀਆਂ ਸ਼ੱਕੀ ਚਿੰਤਾਵਾ ਹਨ। ਇਸ ਦੇ ਨਾਲ, ਸੰਸਾਰਿਕ ਨਾਲ ਇਕ ਨਵੀਂ ਸੰਵੇਦਨਸ਼ੀਲਤਾ ਆਈ ਹੈ। ਜੋ ਤਾਕਤ ਅਤੇ ਪ੍ਰਗਟ ਨਹੀਂ ਕਰਦੇ। ਗੁਜਰਾਤ ਵਿਚ, ਮੇਰੇ ਖ਼ਿਆਲ ਅਨੁਸਾਰ ਵਪਾਰੀਆਂ ਦੀ ਇਕ ਸ਼੍ਰੇਣੀ ਆਈ ਹੈ। ਜੋ ਹਿੰਦੂਤਵ ਸ਼ਕਤੀਆਂ ਦੀ ਰੀੜ ਦੀ ਹੱਡੀ ਹੈ ਤੇ ਜਿਸ ਨੇ ਇਹ ਅਨੁਭਵ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਸ਼ਕਤੀ ਲਈ ਉਨ੍ਹਾਂ ਦੀ ਪਾਸਪੋਰਟ (ਰਾਹਦਾਰੀ) ਧਾਰਮਿਕ ਰਾਜਨੀਤੀ ਰਾਹੀਂ ਪ੍ਰਾਪਤ ਹੁੰਦੀ ਹੈ। ਧਰਮ ਨਿਰਪੱਖਤਾ ਨੇ ਉਨ੍ਹਾਂ ਨੂੰ ਸੰਭਾਵਨਾ ਨਹੀਂ ਦਿੱਤੀ। ਉਹ ਇਕ ਤਰ੍ਹਾਂ ਦੇ ਨਾਜ਼ੀਵਾਦ ਦੀ ਪ੍ਰਤੀਨਿਧਤਾ ਕਰਦੇ ਹਨ, ਜੋ ਉਸ ਉੱਤੇ ਸਮੁੱਚਾ ਕੰਟਰੋਲ ਚਾਹੁੰਦੇ ਹਨ ਜਾਂ ਸੁਸਾਇਟੀ ਦੇ ਸਕਦੀ ਹੈ। ਮੁਸਲਮਾਨਾਂ ਲਈ ਇਹ ਗੱਲ ਨਹੀਂ ਹੈ। ਉਨ੍ਹਾਂ ਨੇ ਇਹ ਤੈਅ ਕਰ ਲਿਆ ਹੈ ਕਿ, ਜੋ ਵੀ ਹਿੰਸਾ ਨਾਲ ਉਨ੍ਹਾਂ ਦਾ ਵਾਹ ਪਿਆ ਹੈ। ਉਨ੍ਹਾਂ ਦੀ ਹੋਣੀ ਚੰਗੀ ਤਰ੍ਹਾਂ ਦੇਸ਼ ਨਾਲ ਬੱਝੀ ਹੋਈ ਹੈ। ਉਹ ਸਮੁੱਚੀ ਤਾਕਤ ਮਗਰ ਨਹੀਂ ਭੱਜਦੇ। ਉਹ ਕੇਵਲ ਇਸ ਗੱਲ ਲਈ ਸੰਘਰਸ਼ ਕਰ ਰਹੇ ਹਨ ਕਿ ਉਨ੍ਹਾਂ ਨੂੰ ਬਰਾਬਰ ਦੇ ਸ਼ਹਿਰੀਆਂ ਦੀ ਸਤਿਕਾਰ-ਭਰੀ ਹੋਂਦ ਪ੍ਰਾਪਤ ਹੋਵੇ। ਮੈਂ ਇਸ ਗੱਲ ਦਾ

ਵੀ ਵਾਅਦਾ ਕਰ ਦਿਆਂ ਕਿ ਨਵੀਂ ਮੱਧ-ਸ਼੍ਰੇਣੀ ਦੀਆਂ ਕਿਤੇ ਵੀ ਜੜ੍ਹਾਂ ਨਹੀਂ ਹਨ। ਇਕ ਲੇਖਕ ਵਜੋਂ ਮੈਂ ਦਾਅਵਾ ਕਰਦਾ ਹਾਂ ਕਿ ਮੇਰੀਆਂ ਜੜ੍ਹਾਂ ਭਾਰਤ ਵਿਚ ਹਨ ਤੇ ਪਾਕਿਸਤਾਨ ਵਿਚ। ਵਿਰੋਧਾ-ਭਾਸੀ ਸਥਿਤੀ ਇਹ ਹੈ ਇਕ ਨਵੀਂ ਵਾਪਰੀ ਸ਼੍ਰੇਣੀ ਦੇ ਬੰਦੇ ਦੀਆਂ ਜੋ ਬੁਨਿਆਦ ਪ੍ਰਸਤਾਂ ਨੂੰ ਸਮਰਥਨ ਦਿੰਦਾ ਹੈ, ਕਿਤੇ ਵੀ ਜੜ੍ਹਾਂ ਨਹੀਂ ਹਨ। ਹਿੰਦੂਤਵ ਸ਼ਕਤੀਆਂ ਉਸ ਨੂੰ ਇਕ ਭਾਂਤ ਦੀ ਸੁਰੱਖਿਆ ਪੇਸ਼ ਕਰਦੀ ਹੈ, ਉਸ ਨੂੰ ਸੰਸਾਰ ਵਿਚ, ਵਧੀਆ ਹੋਣ ਦੀ ਭਾਵਨਾ ਪ੍ਰਦਾਨ ਕਰਦੀ ਹੈ, ਜਿਸ ਨਾਲ ਵੀ ਉਹ ਇਕਸੁਰ ਨਹੀਂ ਹੈ। ਗੁਜਰਾਤ ਵਿਚ ਵੀ, ਜੋ ਲੋਕ ਹਿੰਸਾ ਵਿਚ ਉਲਝੇ ਹਨ। ਉਹ ਮੱਧ-ਸ਼੍ਰੇਣੀ ਜਮਾਤਾਂ ਹਨ, ਸਮੇਤ ਔਰਤਾਂ ਦੇ। ਮੈਂ ਨਹੀਂ ਸੋਚਦਾ ਕਿ ਜਿਹੜੀ ਹਿੰਸਾ ਗੁਜਰਾਤ ਵਿਚ ਫੈਲਾਈ ਗਈ ਹੈ। ਉਹ ਭਾਰਤ ਵਿਚ ਬਹੁ-ਗਿਣਤੀ ਹਿੰਦੂਆਂ ਨੂੰ ਪ੍ਰਵਾਨ ਹੈ। ਸਾਨੂੰ ਭਾਰਤੀਆਂ ਹਿੰਦੂ ਅਤੇ ਹਿੰਦੂਤਵਵਾਦੀ ਹਿੰਦੂ ਫ਼ਰਕ ਕਰਨਾ ਪਵੇਗਾ।

? ਮੈਨੂੰ ਇਕ ਉਕਸਾਊ ਸਵਾਲ ਪੁੱਛਣ ਦੀ ਆਗਿਆ ਦਿਓ। ਜੋ ਚੀਜ਼ ਮੈਨੂੰ ਪ੍ਰੇਸ਼ਾਨ ਕਰ ਰਹੀ ਹੈ। ਉਹ ਇਖ਼ਲਾਕੀ ਜ਼ਿੰਮੇਵਾਰੀ ਦੀਆਂ ਉਹ ਸ਼ਕਤੀਆਂ ਹਨ ਜੋ ਭਾਰਤ ਵਿਚ ਯੋਜਨਾਬੱਧ ਢੰਗ ਨਾਲ, ਉਨ੍ਹਾਂ ਅਤਿਆਚਾਰੀਆਂ ਨੂੰ ਰੋਕਣ ਵਿਚ ਅਸਫ਼ਲ ਰਹੀਆਂ ਹਨ। ਜਿਨ੍ਹਾਂ ਨੇ ਗੁਜਰਾਤ, ਪੰਜਾਬ ਜਾਂ ਕਸ਼ਮੀਰ ਵਿਚ ਵਧੀਕੀਆਂ ਕੀਤੀਆ ਹਨ। ਅਤਿਆਚਾਰ ਦੇ ਰੂਬਰੂ, ਅਸੀਂ ਪੱਖਪਾਤੀ ਢੰਗ ਨਾਲ ਵਿਹਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਅਸੀਂ ਇਨ੍ਹਾਂ ਵਧੀਕੀਆਂ ਵਿਰੁੱਧ ਰੋਸ ਪ੍ਰਗਟ ਨਹੀਂ ਕਰਦੇ ਜਿਵੇਂ ਕਿ ਗਾਂਧੀ ਜੀ ਦੇ ਕਰਨਾ ਸੀ। ਅਸੀਂ ਉਸ ਵੇਲੇ ਚੁੱਪ ਰਹਿੰਦੇ ਹਾਂ, ਜਦੋਂ ਅਸੀਂ ਸੋਚਦੇ ਹਾਂ ਕਿ ਜੋ ਵਧੀਕੀ ਉਨ੍ਹਾਂ ਗਰੁੱਪਾਂ ਵਲੋਂ ਕੀਤੀ ਗਈ ਹੈ, ਜਿਨ੍ਹਾਂ ਨੂੰ ਸਾਡੇ ਸਮਰਥਨ ਦੀ ਲੋੜ ਹੈ। ਅਸੀਂ ਰੋਸ ਉਸ ਵੇਲੇ ਕਰਦੇ ਹਾਂ, ਜਦੋਂ ਇਹ ਵਧੀਕੀਆਂ ਉਨ੍ਹਾਂ ਲੋਕਾਂ ਕੀਤੀਆਂ ਜਾਂਦੀਆਂ ਹਨ। ਜਿਨ੍ਹਾਂ ਦਾ ਅਸੀਂ ਵਿਚਾਰਧਾਰਕ ਸਮਰਥਨ ਨਹੀਂ ਕਰਦੇ।

ਸਾਡੀ ਧਰਮ ਨਿਰਪੇਖਤਾ, ਸਾਡਾ ਸੰਦਹਵਾਦ (Agnasticism) ਕੇਵਲ ਉਥੋਂ ਤੱਕ ਹੀ ਜਾਂਦਾ ਹੈ ਜਦ ਅਸੀਂ ਉਨ੍ਹਾਂ ਦਾ ਸਮਰਥਨ ਕਰਦੇ ਹਾਂ। ਜਿਨ੍ਹਾਂ ਦੀ ਪਛਾਣ ਲਿਤਾੜਿਆਂ ਵਜੋਂ ਹੋ ਚੁੱਕੀ ਹੈ। ਅਸੀਂ ਨਹੀਂ ਸੋਚਦੇ ਕਿ ਸਾਡੀ ਆਚਰਨਕ ਜ਼ਿੰਮੇਵਾਰੀ ਮੰਗ ਕਰਦੀ ਹੈ ਕਿ ਉਨ੍ਹਾਂ ਦੀ ਰਖਵਾਲੀ ਕਰੀਏ ਜੋ ਵਧੀਕੀਆਂ ਦਾ ਸ਼ਿਕਾਰ ਹੋਇਆ ਹੈ। ਗਾਂਧੀ ਜੀ ਨੇ ਇੰਝ ਨਹੀਂ ਸੀ ਕਰਨਾ। ਉਸ ਨੇ ਇਕ ਹਿੰਦੂ ਹੁੰਦੇ ਹੋਏ, ਹਿੰਦੂ ਦੀ ਵੀ ਰੱਖਿਆ ਕਰਨੀ ਸੀ। ਇਹੀ ਕਾਰਨ ਹੈ ਕਿ ਉਸ ਨੇ ਹਿੰਦੂ ਹੁੰਦੇ ਹੋਏ ਹਿੰਦੂ ਮਹਾਂ ਸਭਾ ਨੂੰ ਪਰੇ ਹੀ ਰੱਖਿਆ, ਜਦ ਕਿ ਉਹ ਕਾਫ਼ੀ ਸ਼ਕਤੀਸ਼ਾਲੀ ਸੀ। ਅਸੀਂ ਉਹ ਸਥਾਨ ਗਵਾ ਚੁੱਕੇ ਹਾਂ ਜੋ ਉਸ ਨੇ ਪੈਦਾ ਕੀਤਾ ਸੀ। ਹਿੰਦੂਤਵ ਦਾ ਹੁਣ ਸਾਨੂੰ ਉੱਤਰ ਇਹ ਹੈ ਕਿ ਜਦੋਂ ਕਸ਼ਮੀਰ ਦੇ ਪੰਡਤ ਕਤਲ ਹੁੰਦੇ ਹਨ ਤਾਂ ਅਸੀਂ ਰੋਸ ਦਾ ਇਕ ਸ਼ਬਦ ਵੀ ਨਹੀਂ ਬੋਲਦੇ। ਅਸੀਂ ਕੇਵਲ ਉਸ ਸਮੇਂ ਹੀ ਬੋਲਦੇ ਹਾਂ ਜਦੋਂ ਮੁਸਲਮਾਨ ਮਰਦੇ ਹਨ। ਇਸ ਨੂੰ ਕਿਵੇਂ ਠੀਕ ਆਖਾਂਗੇ ?

* ਕਦੇ ਸਮਾਂ ਸੀ ਜਦੋਂ ਅਸੀਂ ਸੋਚਦੇ ਸੀ ਕਿ ਲੋਕਰਾਜੀ ਰਾਜਨੀਤੀ ਸਾਨੂੰ ਆਪਣਾ ਰੋਸ ਸੁਣਾਉਣ ਲਈ ਮੌਕੇ ਦੇਵੇਗੀ। ਪਰ ਸਾਡਾ ਲੋਕ-ਰਾਜ ਦਾ ਹੁਣ ਇੰਨਾ ਅਪਰਾਧੀਕਰਣ ਹੋ ਚੁੱਕਾ ਹੈ ਕਿ ਅਸੀਂ ਹੁਣ ਉਸ ਉੱਤੇ ਨਿਰਭਰ ਨਹੀਂ ਹੋ ਸਕਦੇ। ਅਸਲ ਵਿਚ ਇਸ ਨੇ ਸਾਨੂੰ ਹਿੰਸਾ ਤੋਂ ਬਚਾਅ ਲਈ ਬਣਾ ਦਿੱਤਾ ਹੈ। ਇਸ ਅਯੁਧਿਆ ਦੇ ਐਜੀਟੇਸ਼ਨ ਤੋਂ ਅਤੇ ਰਾਮ ਮੰਦਰ ਦੀ ਦੁਰਵਰਤੋਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਮੈਂ ਕਈ ਵਾਰ ਅਨੁਭਵ ਕਰਦਾ ਹਾਂ ਕਿ ਹਿੰਦੂਤਵ ਉਨ੍ਹਾਂ ਆਗੂਆਂ ਵਲੋਂ ਇਕ ਭਾਂਤ ਦਾ ਬਦਲਾ ਹੈ। ਜੋ ਆਗੂ ਪਬਲਿਕ ਦੇ ਮਨ ਵਿਚੋਂ ਅਤੇ ਰਾਜਨੀਤਕ ਇਖ਼ਲਾਕ ਤੋਂ ਲੈਣਾ ਚਾਹੁੰਦੇ ਹਨ।

? ਰਾਸ਼ਟਰੀ ਸੰਘਰਸ਼ ਦੌਰਾਨ ਇਖ਼ਲਾਕੀ ਆਵਜ਼ਾਂ ਸਨ। ਅਸੀਂ ਭਾਵੇਂ ਨਹਿਰੂ ਜਾਂ ਗਾਂਧੀ ਜੀ ਦੀ ਇਖ਼ਲਾਕੀ ਦ੍ਰਿਸ਼ਟੀ ਨਾਲ ਸਹਿਮਤ ਹੋਈਏ ਜਾਂ ਨਾ, ਪਰ ਉਨ੍ਹਾਂ ਦੀ ਇਕ ਦ੍ਰਿਸ਼ਟੀ ਸੀ, ਜੋ ਧਿਆਨ ਦੇਣ ਦੇ ਕਾਬਿਲ ਸੀ। ਕੀ ਹੁਣ ਕੋਈ ਇਖ਼ਲਾਕੀ ਆਵਜ਼ਾਂ ਬਾਕੀ ਰਹਿ ਗਈਆਂ ਹਨ।

* ਹਾਂ ਅਜਿਹੀਆਂ ਇਖ਼ਲਾਕੀ ਆਵਾਜ਼ਾਂ ਹਨ ਜੋ ਸੁਣਨੀਆਂ ਸ਼ੁਰੂ ਹੋ ਗਈਆਂ ਹਨ। ਮੇਰਾ ਖ਼ਿਆਲ ਹੈ ਕਿ ਅਯੁਧਿਆ ਅਤੇ ਗੁਜਰਾਤ ਤੋਂ ਪਿੱਛੋਂ ਦੇਸ਼ ਵਿਚ ਸ਼ਰਮਿੰਦਗੀ ਭਾਵਨਾ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਗਹੁ ਕਰੋ ਕਿ ਨਾਵਲ ਦੇ ਅੰਤ ਉੱਤੇ ਸੰਤ ਕਬੀਰ ਦੀ ਲੰਮੀ ਮਨੋਬਚਨੀ ਹੈ ਜੋ ਬੋਧੀ ਬਿਰਖ਼ ਨੂੰ ਜੱਫੀ ਪਾ ਰਿਹਾ ਹੈ। ਰਵਾਇਤੀ ਤੌਰ ਉੱਤੇ ਬੋਧੀ ਬਿਰਖ਼ ਸ਼ਿਵਾ ਦਾ ਪ੍ਰਤੀਕ ਹੈ, ਜਿਸ ਨੇ ਸਮੁੰਦਰ ਦਾ ਰਿੜਕਿਆ ਜ਼ਹਿਰ ਪੀ ਲਿਆ ਸੀ।

ਕਬੀਰ ਦੁੱਖ ਨਾਲ ਹੀਰੋਸ਼ੀਮਾ ਤੇ ਨਾਗਾਸਾਕੀ ਉੱਤੇ ਸੁੱਟੇ ਐਟਮ ਬੰਬਾਂ ਦੇ ਵਿਰੁੱਧ ਬੋਲਦਾ ਹੈ। ਉਹ ਸਾਡੇ ਸਭ ਦੇ ਨਾਲ ਸਾਡਾ ਨਿਊਕਲੀਅਰ ਅਸਲਾ ਖਾਨਾ ਖਤਮ ਕਰਨ ਲਈ ਅਪੀਲ ਕਰਦਾ ਹੈ। ਉਸ ਸਾਡੇ ਨਾਲ ਸਾਡੇ ਮਨਾਂ ਨੂੰ ਵੀ ਬੇਹਥਿਆਰਾ ਕਰਨ ਲਈ ਅਪੀਲ ਕਰਦਾ ਹੈ। ਕੇਵਲ ਤਾਂ ਹੀ ਧਰਤੀ ਸੁਰੱਖਿਅਤ ਹੋਵੇਗੀ। ਕੇਵਲ ਉਦੋਂ ਹੀ ਅਸੀਂ ਆਦਰਯੋਗ ਸਮਾਜ ਸਿਰਜਣ ਦੇ ਕਾਬਿਲ ਹੋ ਸਕਾਂਗੇ !! ਵ

[ਇਹ ਅਪੀਲ ਇਸ ਵਾਰਤਾਲਾਪ ਨੂੰ ਸਮਾਪਤ ਕਰਨ ਲਈ ਚੰਗੀ ਥਾਂ ਪ੍ਰਤੀਤ ਹੁੰਦੀ ਹੈ। ਜੇ ਸੁਪਨੇ ਵੇਖਣ ਵਾਲੇ ਕਵੀ ਵਿਲੀਅਮ ਬਲੇਕ ਦੀ ਕਵਿਤਾ ਦੇ ਭਾਵ ਅਰਥ ਕਰੀਏ, ਤਾਂ ਬੋਧੀ ਬਿਰਖ਼ ਦੇ ਇਹ ਅਰਥ ਪ੍ਰਤੀਤ ਹੁੰਦੇ ਹਨ ਕਿ ਹਿੰਦੂਆਂ ਤੇ ਮੁਸਲਮਾਨਾਂ ਨੂੰ ਆਪਣੀ ਪਵਿੱਤਰਤਾ ਤਿਆਗ ਕੇ ਬੌਧਿਕਤਾ ਅਪਣਾਉਣੀ ਚਾਹੀਦੀ ਹੈ।]

# ਮਿੱਟੀ

### -ਸੁਰਿੰਦਰ ਨੀਰ

ਉਸ ਦੇ ਸਿਰ ਉੱਤੇ ਮਿੱਟੀ ਦਾ ਥੈਲਾ ਸੀ ਤੇ ਚਾਰ ਕੁ ਸਾਲ ਦੀ ਧੀ ਪਿੰਕੀ ਦਾ ਹੱਥ ਫੜੀ ਉਹ ਤੇਜ਼ ਤੇਜ਼ ਤੁਰਨ ਦੀ ਕੋਸ਼ਿਸ਼ ਕਰ ਰਹੀ ਸੀ। ਕਾਲੇ ਬੱਦਲਾਂ ਨੇ ਅਸਮਾਨ ਨੂੰ ਘੇਰ ਲਿਆ ਹੋਇਆ ਸੀ। ਹਾਂਭੜੇ ਹੋਏ ਬੱਦਲ ਜੇਕਰ ਵਰ੍ਹਨ 'ਤੇ ਆ ਗਏ ਤਾਂ ਮਿੱਟੀ ਘੁਲ ਕੇ ਗਾਰਾ ਬਣ ਜਾਵੇਗੀ।

ਉਸ ਨੂੰ ਆਪਣੇ ਤੋਂ ਕਾਫ਼ੀ ਅੱਗੇ ਤੁਰਦੇ ਜਾ ਰਹੇ ਆਪਣੇ ਸਹੁਰੇ ਉੱਤੇ ਬੇਹੱਦ ਗ਼ੁੱਸਾ ਆ ਰਿਹਾ ਸੀ ਜੋ ਆਪਣੀ ਕਾਲੀ ਐਚਕਨ ਤੇ ਸਫ਼ੇਦ ਚੂੜੀਦਾਰ ਪਜਾਮੇ ਵਿਚ ਕਿਸੇ ਲਾਲੇ ਸ਼ਾਹ ਵਾਂਗ ਆਪਣੇ ਹਾਣ ਦੇ ਹੀ ਕਿਸੇ ਬਜ਼ੁਰਗ ਨਾਲ ਗੱਲਾਂ ਵਿਚ ਤੁਰਿਆ ਜਾ ਰਿਹਾ ਸੀ। ਉਸ ਦੇ ਸਹੁਰੇ ਨੂੰ ਆਪਣੇ ਗਰਾਂ ਵਾਲੇ ਹੀ ਨਹੀਂ ਸਗੋਂ ਆਸ-ਪਾਸ ਦੇ ਗਰਾਵਾਂ ਦੇ ਲੋਕ ਵੀ 'ਪੋਜੀ' ਬੁਲਾਂਦੇ ਸਨ। ਸ਼ਾਇਦ ਉਸ ਦੇ ਬੱਚਿਆਂ ਨੇ ਉਸ ਨੂੰ ਪੋਜੀ ਕਹਿਣਾ ਸ਼ੁਰੂ ਕੀਤਾ ਹੋਵੇਗਾ ਤੇ ਏਹੀ ਨਾਂ ਸਾਰੇ ਪਿੰਡ ਤੇ ਪਿੰਡੋਂ ਬਾਹਰ ਵੀ ਮਸ਼ਹੂਰ ਹੋ ਗਿਆ। ਹੁਣ ਉਹ ਨਿੱਕਿਆਂ ਵੱਡਿਆਂ ਦਾ ਪੋਜੀ ਸੀ। ਪਿੰਡਾਂ ਵਿਚ ਇਹ ਗੱਲ ਆਮ ਹੈ ਕਿ ਕਿਸੇ ਦੇ ਘਰ ਵਿਚ ਲਾਡ ਪਿਆਰ ਨਾਲ ਜੋ ਨਾਂ ਪੱਕ ਗਿਆ, ਓਹੀ ਸਾਰਿਆਂ ਦਾ ਸਾਂਝ ਨਾ ਹੋ ਜਾਂਦਾ ਹੈ।

ਪੋਜੀ ਹੱਥ ਵਿਚ ਫੜੀ ਸ਼ੇਰ ਮੂੰਹ ਵਾਲੀ ਸੋਟੀ ਪਥਰੀਲੇ ਰਾਹ 'ਤੇ ਟਿਕਾਉਂਦਾ ਗੱਲਾਂ ਕਰਦਾ ਅੱਗੇ ਅੱਗੇ ਤੁਰਿਆ ਜਾ ਰਿਹਾ ਸੀ ਤੇ ਉਸ ਤੋਂ ਬਹੁਤ ਪਿੱਛੇ ਬਿੱਲੋ ਸਿਰ 'ਤੇ ਮਿੱਟੀ ਦਾ ਥੈਲਾ ਚੁੱਕੀ ਕੁੜੀ ਦੀ ਉਂਗਲ ਫੜ ਤੁਰੀ ਜਾ ਰਹੀ ਸੀ। ਪਥਰੀਲੇ ਰਾਹਾਂ 'ਤੇ ਤੁਰਨਾ ਉਸ ਲਈ ਬਹੁਤ ਔਖਾ ਹੈ, ਸ਼ਹਿਰੀ ਕੁੜੀ ਉੱਚੀ ਅੱਡੀ ਵਾਲੀ ਸੈਂਡਲ ਪਾ ਕੇ ਤੇਜ਼ ਕਿਵੇਂ ਚੱਲੇ ਪਰ ਬਾਰਸ਼ ਵੀ ਹੁਣ ਪੈਲਾਂ ਪਾਉਂਦੀ ਆ ਰਹੀ ਹੈ। ਕੁੜੀ ਥੱਕ ਜਾਣ ਕਾਰਨ ਰੀਂ-ਰੀਂ ਕਰੀ ਜਾ ਰਹੀ ਸੀ। ਅਚਾਨਕ ਬਾਰਸ਼ ਤੇਜ਼ ਹੋ ਗਈ ਤਾਂ ਬਿੱਲੋ ਇਕ ਚਿਨਾਰ ਦੇ ਰੁੱਖ ਹੇਠਾਂ ਜਾ ਖੜ੍ਹੀ ਹੋਈ। ਉਸ ਨੂੰ ਆਪਣੇ ਸਹੁਰੇ ਉੱਤੇ ਹੋਰ ਵੀ ਗ਼ੁੱਸਾ ਆ ਰਿਹਾ ਸੀ ਜਿਹੜਾ ਏਨਾ ਵੀ ਨਹੀਂ ਰੁਕ ਕੇ ਵੇਖ ਸਕਿਆ ਕਿ ਇਸ ਬਾਰਸ਼ ਵਿਚ ਉਹ ਚਾਰ-ਪੰਜ ਮੀਲ ਪੈਂਡਾ ਕਿਵੇਂ ਤੁਰੇਗੀ, ਦੋ-ਦੋ ਭਾਰ ਚੁੱਕ ਕੇ ਤੇ ਉੱਪਰੋਂ ਅੱਗ ਲੱਗੀ ਅੱਡੀ ਵਾਲੀ ਸੈਂਡਲ।

ਹੁਣ ਕੋਈ ਪੁੱਛੇ ਕਿ ਇਸ ਪਹਾੜੀ ਪਿੰਡ ਦੇ ਪਥਰੀਲੇ ਰਾਹਾਂ 'ਚ ਉਸ ਨੂੰ ਅੱਡੀ ਵਾਲੀ ਸੈਂਡਲ ਪਾ ਕੇ ਤੁਰਨ ਦੀ ਕੀ ਲੋੜ ਸੀ। ਪਰ ਸ਼ੁਕੀਨੀ ਤਾਂ ਉਹ ਵੀ ਘੱਟ ਨਹੀਂ ਕਰਦੀ। ਤਾਂ ਹੀ ਤਾਂ ਸਾਰੇ ਪਿੰਡ ਦੀਆਂ ਔਰਤਾਂ ਉਸ 'ਤੇ ਰਸ਼ਕ ਕਰਦੀਆਂ ਹਨ ਤੇ ਮਰਦ ਬਿੱਲੋ ਦੇ ਘਰਵਾਲੇ ਬਿੱਲਾ ਸਿੰਘ ਨੂੰ ਕਿਸਮਤ ਵਾਲਾ ਮੰਨ ਕੇ ਹਓਕੇ ਭਰਦੇ ਨੇ।

ਤੇਜ਼ ਹੁੰਦੀ ਜਾ ਰਹੀ ਬਾਰਸ਼ ਨੂੰ ਵੇਖ ਉਸ ਨੇ ਸੈਂਡਲ ਲਾਹ ਕੇ ਹੱਥ ਵਿਚ ਫੜੇ ਤੇ ਕੁੜੀ ਦੀ ਉਂਗਲ ਫੜ ਮੁੜ ਤੁਰ ਪਈ। ਦਿਨ ਵੀ ਤਾਂ ਢਲਣ 'ਤੇ ਆ ਗਿਆ ਸੀ। ਮਿੱਟੀ ਦਾ ਥੈਲਾ ਬਚਾ ਸਕਣ ਦਾ ਜਦ ਕੋਈ ਉਪਾਅ ਨਾ ਦਿਸਿਆ ਤਾਂ ਉਸ ਨੇ ਇਕ ਕੰਧ ਓਹਲੇ ਜਾ ਕੇ ਆਪਣੀ ਕਮੀਜ਼ ਲਾਹੀ। ਕਮੀਜ਼ ਦੇ ਅੰਦਰ ਪਾਟੀ ਸ਼ਮੀਜ਼ ਉਤਾਰ ਉਸ ਨੇ ਥੈਲੇ ਉੱਤੇ ਪਾ ਲਈ ਪਰ ਉਹ ਵੀ ਤਾਂ ਕੱਪੜਾ ਹੀ ਸੀ। ਉਹ ਮਿੱਟੀ ਨੂੰ ਕਿੰਨਾ ਕੁ ਬਚਾ ਸਕਦਾ। ਮਿੱਟੀ ਘੁਲ ਕੇ ਧਾਰਾਂ ਬਣ ਉਸ ਦੇ ਚਿਹਰੇ 'ਤੇ ਘੁਲ ਆਈ।

ਤਦੇ ਉਸ ਨੂੰ ਆਪਣੇ ਪਿੱਛਿਓਂ ਆਵਾਜ਼ ਸੁਣਾਈ ਦਿੱਤੀ।

'ਬਿੱਲੋ...ਨੀ ਬਿੱਲੀਏ...! ਠਹਿਰ ਨਾ ਲੀ ਕੋੜ੍ਹੀਏ। ਕੁਧਰ ਦੌੜਦੀ ਹੈਂ ਝੱਲਿਆਂ ਦੀ ਤਰ੍ਹਾਂ, ਪੈਰੋਂ ਨੰਗੀ।" ਬਿੱਲੋ ਰੁਕ ਗਈ ਤੇ ਪਿੱਛੇ ਮੁੜ ਵੇਖਿਆ। ਇਹ ਮਾਮੋ ਸੀ। ਪਿੰਡ ਦੀ ਹੀ ਨੂੰਹ ਤੇ ਧੀ। ਉਸ ਦਾ ਵਿਆਹ ਇਸੇ ਪਿੰਡ ਹੋਇਆ ਸੀ ਜਿਥੇ ਉਹ ਜੰਮੀ ਸੀ। ਯਾਨੀ ਬਿੱਲੋ ਦੇ ਸਹੁਰੇ ਪਿੰਡ। ਇਨ੍ਹਾਂ ਦੋਹਾਂ ਦਾ ਖ਼ਾਸ ਸਹੇਲਪੁਣਾ ਸੀ। ਦੋਵੇਂ ਇਕ ਦੂਜੀ ਨਾਲ ਦਿਲਾਂ ਦੀ ਗੱਲ ਵੀ ਸਾਂਝੀ ਕਰਦੀਆਂ ਤੇ ਦੁਖ ਸੁਖ ਵਿਚ ਸਾਥ ਵੀ ਦੇਂਦੀਆਂ।

ਬਿੱਲੋ ਦਾ ਨਾਂ ਵੈਸੇ ਤਾਂ ਮੈਨਾ ਰੱਖਿਆ ਹੋਇਆ ਸੀ ਮਾਪਿਆਂ ਨੇ। ਪਰ ਸਹੁਰੇ ਘਰ ਆਉਂਦਿਆਂ ਹੀ ਉਹ ਮੈਨਾ ਤੋਂ ਬਿੱਲੀ ਉਰਫ਼ ਬਿੱਲੋ ਬਣ ਗਈ। ਉਸ ਦੇ ਘਰਵਾਲੇ ਦਾ ਨਾਂ ਬਿੱਲਾ ਸਿੰਘ ਸੀ ਜਿਸ ਕਰਕੇ ਲੋਕਾਂ ਨੇ ਆਪਣੀ ਸੌਖ ਲਈ, ਬਿੱਲੇ ਦੀ ਵਹੁਟੀ ਬਿੱਲੀ ਜਾਂ ਬਿੱਲੋ ਬਣਾ ਦਿੱਤਾ। ਜਿਵੇਂ ਕਿ ਮਾਸਟਰ ਦੀ ਵਹੁਟੀ ਮਾਸਟਰਣੀ ਤੇ ਲੰਬੜਦਾਰਾਂ ਦੀ ਵਹੁਟੀ ਲੰਬੜਦਾਰਨੀ। ਓਵੇਂ ਹੀ ਬਿੱਲੇ ਦੀ ਵਹੁਟੀ ਵੀ ਬਿੱਲੋ/ਬਿੱਲੀ ਹੋ ਗਈ ਸਾਰਿਆਂ ਲਈ।

ਮਾਮੋ ਦੇ ਨਾਲ ਹੀ ਉਸ ਦਾ ਘਰਵਾਲਾ ਤੋਤਾ ਸਿੰਘ ਤੇ ਪਿੰਡ ਦਾ ਹੀ ਇਕ ਮੁਸਲਮਾਨ ਤਰਖਾਣ ਨਬੀ ਖੂੰਖਾ ਤੁਰੇ ਆ ਰਹੇ ਸਨ। ਮਾਮੋ ਦੀ ਕੁੱਛੜ ਵੀ ਦੋ ਕੁ ਸਾਲ ਦਾ ਮੁੰਡਾ ਸੀ ਤੇ ਉਹ ਸਾਹ ਸੰਭਾਲਦੀ ਤੇ ਤੇਜ਼ ਤੇਜ਼ ਤੁਰਦੀ ਬਿੱਲੋ ਕੋਲ ਆ ਪੁੱਜੀ। ਪਰ ਬਿੱਲੋ ਦੇ ਮੂੰਹ ਉੱਤੇ ਗਾਰਾ ਬਣ ਕੇ ਵਹਿੰਦੀਆਂ ਧਾਰਾਂ ਵੇਖ ਉਹ ਹੈਰਾਨੀ ਨਾਲ ਬੋਲੀ—

"ਇਹ ਕੀ ਚੁੱਕੀ ਆ ਰਹੀ ਹੈਂ ਨੀ ਤੂੰ ਸਿਰ ਉੱਤੇ। ਸਾਰਾ ਸਿਰ ਮੂੰਹ ਗਾਰੇ ਨਾਲ ਲਿਬੇੜੇ ਦਾ ਏ ? ਕਿਧਰੋਂ ਆ ਰਹੀ ਹੈਂ ?"

ਉਸ ਦੇ ਲੜੀਵਾਰ ਸਵਾਲਾਂ ਦੇ ਜਵਾਬ ਵਿਚ ਬਿੱਲੋ ਨੇ ਦੱਸਿਆ ਕਿ ਉਹ ਹਫ਼ਤੇ ਭਰ ਤੋਂ ਪੇਕੇ ਗਈ ਹੋਈ ਸੀ। ਉਸ ਦਾ ਘਰਵਾਲਾ ਕੁਝ ਦਿਨਾਂ ਦੀ ਛੁੱਟੀ ਆਣ ਬਾਅਦ ਵਾਪਸ ਡਿਊਟੀ ਜਾ ਰਿਹਾ। ਉਸ ਦੇ ਜਾਣ ਵੇਲੇ ਬਿੱਲੋ ਨੇ ਖ਼ੁਸ਼ਾਮਦ ਕਰਦਿਆਂ ਉਸ ਨੂੰ ਕਿਹਾ ਕਿ ਉਹ ਕੁਝ ਦਿਨ ਪੇਕੇ ਜਾ ਕੇ ਰਹਿਣਾ ਚਾਹੁੰਦੀ ਹੈ।

"ਬੇਬੇ ਕੋ ਪੁੱਛ ਪਹਿਲੇ।" ਪਤੀ ਨੇ ਉਦਾਸੀ ਨਾਲ ਕਿਹਾ। ਉਹ ਆਪਣੀ ਮਾਂ ਦਾ ਸੁਭਾਅ ਜਾਣਦਾ ਸੀ। ਬੜੀ ਸਖ਼ਤ ਤਬੀਅਤ ਤੇ ਅੱਖਾਂ ਰਾਹੀਂ ਹੀ ਕਿਸੇ ਦੇ ਸਾਹ ਸੁਕਾ ਦੇਣ ਵਾਲੀ ਤੱਕਣੀ। ਉੱਚਾ ਲੰਮਾ ਸਰੀਰ। ਅਜੇ ਵੀ ਉਹ ਹਿੰਮਤ ਨਹੀਂ ਸੀ ਹਾਰਦੀ ਤੇ ਸਵੇਰ ਦੀ ਚਾਹ ਰੋਟੀ ਬਣਾ ਕੇ ਟੋਕਰੀ ਤੇ ਟੁੰਗਰੀ (ਖੁਰਪੀ) ਚੁੱਕ ਬਾੜੀ ਵੱਲ ਤੁਰ ਜਾਂਦੀ। ਸਬਜ਼ੀਆਂ ਬੀਜਣੀਆਂ, ਘਾਹ ਪੁੱਟਣਾ, ਪਾਣੀ ਦੇਣਾ—ਸਾਰਾ ਦਿਨ ਇਹੀ ਕੁਝ ਕਰਦੀ ਤੇ ਰੋਟੀ ਖਾਣ ਦੇ ਸਮੇਂ ਹੀ ਘਰ ਪਰਤਦੀ। ਕੁਝ ਚਿਰ ਆਰਾਮ ਕਰ ਮੁੜ ਗਊਆਂ ਵੱਛਿਆਂ ਵੱਲ ਹੋ ਤੁਰਦੀ। ਦੋ ਜਰਸੀ ਗਊਆਂ ਨੂੰ ਪਾਲਣਾ ਤੇ ਉਨ੍ਹਾਂ ਤੋਂ ਦੁੱਧ ਲੈਣਾ ਕੋਈ ਖਾਲਾ ਜੀ ਦਾ ਵਾੜਾ ਥੋੜੇ ਸੀ। ਉੱਪਰੋਂ ਚਾਰ ਜਵਾਨ ਧੀਆਂ ਦੀ ਸਾਂਭ ਸੰਭਾਲ ਤੇ ਫ਼ਿਕਰਾਂ ਨੇ ਬੇਬੇ ਦੇ ਵਿਅਕਤਿਤਵ ਦੇ ਖੋਲ ਨੂੰ ਹੋਰ ਵੀ ਫੋਲਾਦੀ ਕਰ ਰੱਖਿਆ ਹੋਇਆ ਸੀ।

ਬਿੱਲੋ ਦੀ ਆਪਣੀ ਵੀ ਹਿੰਮਤ ਨਹੀਂ ਸੀ ਪਈ ਪੁੱਛਣ ਦੀ ਤੇ ਆਖ਼ਰ ਉਸ ਦੇ ਪਤੀ ਨੇ ਹੀ ਉਖਲੀ ਵਿਚ ਸਿਰ ਦੇਣ ਦੀ ਜ਼ਿੰਮੇਦਾਰੀ ਲਈ। ਪਤਾ ਨਹੀਂ ਉਸ ਦੇ ਸਿਰ 'ਤੇ ਕਿੰਨੇ ਕੁ ਮੂਸਲ ਪਏ ਹੋਣਗੇ ਪਰ ਬੇਬੇ ਤੋਂ ਆਗਿਆ ਲੈ ਹੀ ਲਈ। ਜੰਮੂ ਜਾਂਦੇ ਜਾਂਦੇ ਉਹ ਬਿੱਲੋ ਨੂੰ ਉਸ ਦੇ ਪੇਕੇ ਰਾਜਪੁਰਾ ਛੱਡ ਗਿਆ।

ਬਿੱਲੋ ਜਿਸ ਪਿੰਡ ਵਿਆਹੀ ਗਈ ਸੀ ਉਸ ਨੂੰ ਕੰਡੀ ਆਖਿਆ ਜਾਂਦਾ ਸੀ। ਸਿਰਫ਼ ਜੰਡ ਬਰੂਟ, ਪੱਥਰ, ਖ਼ੁਸ਼ਕ ਜ਼ਮੀਨ ਤੇ ਤਮਾਮ ਸੁਖ ਸੁਵਿਧਾਵਾਂ ਤੋਂ ਵਾਂਝਾ ਪਿੰਡ ਸੀ। ਉਸ ਦਾ ਨਾਂ ਹੀ ਸੀ ਕੰਡੀ। ਦੂਰ-ਦੂਰ ਤੱਕ ਗੱਡੀ ਦਾ ਕੋਈ ਰਾਹ ਸੜਕ ਨਾ ਹੋਣ ਕਰਕੇ ਲੋਕਾਂ ਨੂੰ ਚਾਰ ਪੰਜ ਮੀਲ ਤੁਰਨਾ ਪੈਂਦਾ ਸੀ ਆਪਣੀਆਂ ਲੋੜਾਂ ਦਾ ਸਾਮਾਨ ਲੈਣ ਬਾਜ਼ਾਰ ਆਉਣ ਤਕ। ਨਾ ਨੇੜੇ ਕੋਈ ਹਸਪਤਾਲ ਤੇ ਨਾ ਹੀ ਸਕੂਲ। ਇਨ੍ਹਾਂ ਪਿੰਡਾਂ ਵਿਚ ਰਹਿਣ ਵਾਲਿਆਂ ਨੂੰ ਵੀ ਅਜਿਹੇ ਜੀਵਨ ਦੀ ਆਦਤ ਪੈ ਚੁੱਕੀ ਸੀ। ਪਰ ਫ਼ੌਜੀ ਲਾਂਸ ਨਾਇਕ ਬਲਬੀਰ ਸਿੰਘ ਜਿਸ ਨੂੰ ਪਿੰਡ ਵਾਲੇ ਮਾਣ ਨਾਲ ਮੇਜਰ ਸਾਹਿਬ ਆਖਦੇ ਸਨ, ਉਸ ਦਾ ਵਿਆਹ ਰਾਜਪੁਰੇ ਵਰਗੇ ਸੁਖ ਸੁਵਿਧਾਵਾਂ ਵਾਲੇ ਪਿੰਡ ਦੀ ਕੁੜੀ ਮੈਨਾ ਨਾਲ ਹੋਇਆ ਤਾਂ ਮੈਨਾ ਲਈ ਇਸ ਜੀਵਨ ਨਾਲ ਤਾਲਮੇਲ ਬਿਠਾਉਣਾ ਮੁਸ਼ਕਿਲ ਹੋ ਗਿਆ। ਹੱਦ ਤਾਂ ਉਦੋਂ ਹੋਈ ਜਦ ਵਿਆਹ ਦੇ ਅਗਲੇ ਸਾਲ ਹੀ ਮੈਨਾ ਜਿਸ ਨੂੰ ਸਾਰੇ ਲਾਡ ਨਾਲ ਬਿੱਲੋ ਬੁਲਾਉਣ ਲੱਗ ਪਏ ਸਨ, ਉਹ ਗਰਭਵਤੀ ਹੋ ਗਈ। ਪਤਾ ਨਹੀਂ ਉਸ ਨੂੰ ਕੀ ਨੁਕਸ ਹੋ ਗਿਆ ਕਿ ਗਰਭ ਠਹਿਰਣ ਦੇ ਦੋ ਕੁ ਮਹੀਨੇ ਬਾਅਦ ਹੀ ਉਸ ਦੀਆਂ ਲੱਤਾਂ ਤੇ ਪੈਰਾਂ ਵਿਚ ਸੋਜ਼ਸ਼ ਪੈ ਗਈ। ਪਿੰਡਾਂ ਦੇ ਨਾਮ ਨਿਹਾਦ ਡਾਕਟਰਾਂ, ਦਾਈਆਂ ਤੋਂ ਜਦ ਉਸ ਦਾ ਰੋਗ ਠੀਕ ਨਾ ਹੋਇਆ ਤਾਂ ਸ਼ਹਿਰ ਦੇ ਡਾਕਟਰ ਨੂੰ ਦੱਸਣ ਦੀ ਹੀ ਨੌਬਤ ਆ ਗਈ। ਪਰ ਮੁਸ਼ਕਿਲ ਇਹ ਕਿ ਉਹ ਚਾਰ ਪੰਜ ਮੀਲ ਤੁਰੇ ਕਿਵੇਂ ? ਘੋੜੇ 'ਤੇ ਉਸ ਨੂੰ ਬਿਠਾ ਕੇ ਲਿਜਾਇਆ ਨਹੀਂ ਸੀ ਜਾ ਸਕਦਾ। ਉਸ ਦੇ ਪਤੀ ਨੂੰ ਖ਼ਤ ਲਿਖ ਕੇ ਬਿੱਲੋ ਦੀ ਬਿਮਾਰੀ ਦੀ ਸੂਚਨਾ ਦਿੱਤੀ ਗਈ। ਬੜੀਆਂ ਕੋਸ਼ਿਸ਼ਾਂ ਮਿੰਨਤਾਂ ਬਾਅਦ ਉਸ ਨੂੰ ਛੁੱਟੀ ਮਿਲੀ ਤੇ ਉਹ ਭੱਜਦਾ ਹੋਇਆ ਆਪਣੀ ਬਿੱਲੋ ਕੋਲ ਆ ਪੁੱਜਿਆ।

ਬਿੱਲੋ ਦੀ ਬਿਮਾਰੀ ਦਾ ਕੋਈ ਤੁਰੰਤ ਇਲਾਜ ਨਹੀਂ ਸੀ। ਪਰ ਹਰ ਮਹੀਨੇ ਸ਼ਹਿਰ ਚੈੱਕਅਪ ਲਈ ਜਾਣਾ ਜ਼ਰੂਰੀ ਸੀ। ਮਸਲਾ ਓਹੀ ਕਿ ਸ਼ਹਿਰ ਜਾਣ ਵਾਲੀ ਗੱਡੀ ਤਕ ਬਿੱਲੋ ਨੂੰ ਕਿਵੇਂ ਲਿਜਾਇਆ ਜਾਵੇ। ਸੋਚ ਸੋਚ ਕੇ ਬਿੱਲੇ ਨੂੰ ਇਕ ਹੱਲ ਨਜ਼ਰ ਆਇਆ। ਉਹ ਉਸੇ ਵੇਲੇ ਨਾਗ ਪਥਰੀ ਰਹਿੰਦੇ ਨੱਬ ਤਰਖਾਣ ਕੋਲ ਚਲਾ ਗਿਆ। ਨੱਬ ਤਰਖਾਣ ਵੈਸੇ ਤਾਂ ਰਾਜ ਮਿਸਤਰੀ ਸੀ। ਮਕਾਨ ਬਣਾਉਣ ਵਾਲਾ ਵਧੀਆ ਕਾਰੀਗਰ। ਪੂਰੇ ਤਗਲ ਇਲਾਕੇ ਦੇ ਬਹੁਤੇ ਮਕਾਨ ਨੱਬ ਤਰਖਾਣ ਨੇ ਹੀ ਬਣਾਏ ਸਨ। ਉਹ ਨੱਕ 'ਚੋਂ ਬੋਲਦਾ ਸੀ, ਇਸ ਕਰਕੇ ਸਾਰੇ ਉਸ ਨੂੰ ਨੱਬ ਖੂੰਖਾ ਬੁਲਾਉਂਦੇ। ਉਹ ਆਪ ਵੀ ਜਾਣਦਾ ਸੀ ਕਿ ਮੂੰਹ ਉੱਤੇ ਨਬ ਛਾਨ, ਨਬ ਛਾਨ ਆਖਣ ਵਾਲੇ ਵੀ ਅਸਲ ਵਿਚ ਪਿੱਠ ਪਿੱਛੇ ਉਸ ਨੂੰ ਨੱਬ ਖੂੰਖਾ ਹੀ ਆਖਦੇ ਹਨ। ਉਸ ਨੇ ਆਪਣੇ ਆਪ ਨੂੰ ਇਸ ਨਾਂ ਦੀ ਆਦਤ ਪਾ ਲਈ।

ਇੱਟਾਂ ਤੇ ਲੱਕੜ ਦੇ ਮਕਾਨ ਬਣਾਉਣ ਦੇ ਨਾਲ-ਨਾਲ ਉਹ ਲੱਕੜੀ ਦਾ ਹੋਰ ਸਮਾਨ ਬਣਾਉਣ ਵਿਚ ਵੀ ਮਾਹਿਰ ਸੀ। ਇਸੇ ਲਈ

ਬਿੱਲਾ ਸਿੰਘ ਉਸ ਕੋਲ ਜਾ ਕੇ ਬੋਲਿਆ—"ਮੈਨੂੰ ਇਕ ਝੱਫਾਨ (ਪਾਲਕੀ) ਬਣਾ ਕੇ।"

"ਪਾਲਕੀ ? ਕਿਸ ਵਾਸਤੇ ?" ਨੱਬ ਖੂੰਖੇ ਨੇ ਹੈਰਾਨੀ ਨਾਲ ਪੁੱਛਿਆ। ਕਿਉਂਕਿ ਪਾਲਕੀ ਤਾਂ ਕੁੜੀਆਂ ਦੇ ਵਿਆਹ ਸ਼ਾਦੀਆਂ ਵਿਚ ਵਰਤੀ ਜਾਂਦੀ ਸੀ ਡੋਲੀ ਤੋਰਨ ਲਈ। ਪਰ ਬਿੱਲੇ ਸਿੰਘ ਦੀਆਂ ਤਿੰਨ ਭੈਣਾਂ ਵਿਆਹੀਆਂ ਜਾ ਚੁੱਕੀਆਂ ਸਨ ਤੇ ਚੌਥੀ ਸਭ ਤੋਂ ਛੋਟੀ ਹੋਣ ਕਰਕੇ ਅਜੇ ਇਸ ਝੰਜਟ ਤੋਂ ਮੁਕਤ ਹੀ ਸੀ। ਫਿਰ ਪਾਲਕੀ ਕਿਸ ਲਈ ?

ਬਿੱਲੇ ਨੇ ਉਸ ਨੂੰ ਆਪਣੀ ਪਿਆਰੀ ਵਹੁਟੀ ਦੀ ਤਕਲੀਫ਼ ਦੱਸੀ।

"ਯਾ ਅੱਲਾਹ, ਬਿੱਲਾ ਸਿੰਘਾ, ਇਹ ਤਾਂ ਸੁਆਬ ਦਾ ਕੰਮ ਹੈ। ਸਗੋਂ ਤੈਨੂੰ ਜਦੋਂ ਲੋੜ ਪਵੇ, ਜੇ ਕੋਈ ਬੰਦਾ ਪਾਲਕੀ ਚੁੱਕਣ ਵਾਲਾ ਘੱਟ ਹੋਵੇ ਤਾਂ ਬੇਸ਼ਕ ਮੈਨੂੰ ਆਖੀਂ, ਮੈਂ ਆਪਣਾ ਪੁੱਤਰ ਨਾਲ ਲੈ ਕੇ ਆ ਜਾਵਾਂਗਾ। ਹੋਰ ਵੀ ਜਿਸ ਦੀ ਲੋੜ ਪਈ ਬੰਦੋਬਸਤ ਹੋ ਜਾਵੇਗਾ। ਪਰ ਤੂੰ ਬੋਏਕਾਨੀ (ਭਰਜਾਈ) ਦਾ ਇਲਾਜ ਠੀਕ ਕਰਾਈਂ।"

ਨੱਬ ਖੂੰਖਾ ਬਿੱਲੇ ਨੂੰ ਧਰਵਾਸ ਦੇ ਕੇ ਪਾਲਕੀ ਬਣਾਉਣ ਦੇ ਕੰਮ ਵਿਚ ਜੁਟ ਗਿਆ। ਆਪਣੇ ਨਾਲ ਕੰਮ ਕਰਦੇ ਚੇਲੇ ਤੋਤੇ ਸਿੰਘ ਨੂੰ ਉਸ ਨੇ ਸਾਫ਼ ਕਹਿ ਦਿੱਤਾ ਕਿ ਤਦ ਤਕ ਕੋਈ ਨਵਾਂ ਕੰਮ ਸ਼ੁਰੂ ਕਰਨ ਦੀ ਕਿਸੇ ਨੂੰ ਹਾਮੀ ਨਾ ਭਰੇ ਜਦ ਤਕ ਪਾਲਕੀ ਨਾ ਤਿਆਰ ਹੋ ਜਾਵੇ। ਉਧਰ ਬਿੱਲੋ ਆਪਣੇ ਢਿੱਡ ਵਿਚ ਪਲ ਰਹੇ ਬੱਚੇ ਦੇ ਦਿਨ ਗਿਣਦੀ ਜਾ ਰਹੀ ਸੀ ਤੇ ਇਧਰ ਨੱਬ ਖੂੰਖਾ ਪਾਲਕੀ ਤਿਆਰ ਕਰਨ ਦੇ।

ਪਾਲਕੀ ਨੂੰ ਰੀਝਾਂ ਨਾਲ ਨੱਕਾਸ਼ੀ ਕਰਦੇ ਨੱਬ ਖੂੰਖੇ ਦੀਆਂ ਅੱਖਾਂ ਸਾਹਮਣੇ ਬਿੱਲੇ ਸਿੰਘ ਦੀ ਵਹੁਟੀ ਬਿੱਲੋ ਘੁੰਮਦੀ ਰਹਿੰਦੀ ਸੀ। ਉਹ ਅਕਸਰ ਤੋਤੇ ਨੂੰ ਆਖਦਾ—"ਦਿਲ ਛੁਮ ਕਰਨ ਬ੍ਰਿਓੜ ਸਿੰਘੁਨ ਜ਼ਨਾਨਾ ਕਰਹਾ ਦਿਲਸ ਮੰਜ਼ ਜਾਇ।" (ਮੇਰਾ ਜੀਅ ਕਰਦਾ ਬ੍ਰਿਓੜ ਸਿੰਘ (ਬਿੱਲਾ ਸਿੰਘ) ਦੀ ਜ਼ਨਾਨੀ ਨੂੰ ਆਪਣੇ ਦਿਲ ਵਿਚ ਕੈਦ ਕਰ ਲਵਾਂ।) ਬਿੱਲੇ ਨੂੰ ਕਸ਼ਮੀਰੀ ਭਾਸ਼ਾ ਵਿਚ ਬ੍ਰਿਓੜ ਕਿਹਾ ਜਾਂਦਾ, ਇਸ ਲਈ ਨੱਬ ਖੂੰਖਾ ਕੁਝ ਤਾਂ ਮਜ਼ਾਕ ਵਿਚ ਤੇ ਕੁਝ ਈਰਖਾ ਵਿਚ ਉਸ ਨੂੰ ਬ੍ਰਿਓੜ ਸਿੰਘ ਬੁਲਾਉਂਦਾ। ਤੋਤਾ ਵੀ ਅੱਗੋਂ ਅੱਖ ਕੱਢ ਕੇ ਪੁੱਛਦਾ—

"ਤੂੰ ਬਿੱਲੇ ਸਿੰਘ ਨੂੰ ਬ੍ਰਿਓੜ ਸਿੰਘ ਬੁਲਾਂਦਾ ਹੈਂ ਤਾਂ ਫਿਰ ਉਸ ਦੀ ਵਹੁਟੀ ਨੂੰ ਬ੍ਰਿਓੜ ਬੋਈਕਾਨੀ (ਬਿੱਲੀ ਭਾਬੀ) ਕਿਉਂ ਨਹੀਂ ਬੁਲਾਉਂਦਾ ? ਉਸ ਦਾ ਨਾਂ ਵੀ ਤਾਂ ਓਹੀ ਹੈ।"

ਨੱਬ ਖੂੰਖਾ ਦਿਲ 'ਤੇ ਹੱਥ ਰੱਖ ਆਖਦਾ—"ਹਾਇ ਹਾਇ...ਨਾ...ਨਾ...ਵੱਲਾ ਉਹ ਤਾਂ ਜੱਨਤ ਦੀ ਹੂਰ ਆ ਹੂਰ। ਪਤਾ ਨਹੀਂ ਉਸ ਦੇ ਘਰ ਦਿਆਂ ਨੇ ਉਸ ਨੂੰ ਕਿਸ ਗੱਲ ਦੀ ਸਜ਼ਾ ਦਿੱਤੀ ਹੈ ਕਿ ਸ਼ਹਿਰਾਂ ਦੀ ਜੰਮੀ ਪਲੀ ਨੂੰ ਇਸ ਜੰਗਲ ਬੀਆਬਾਨ ਬਿਚ ਬਿਆਹ ਛੋੜਿਆ ਵਿਚਾਰੀ ਕੋ।" ਉਹ ਅਫ਼ਸੋਸ ਕਰਦਾ।

ਸਜ਼ਾ ਤਾਂ ਸੱਚਮੁੱਚ ਹੀ ਦਿੱਤੀ ਗਈ ਸੀ ਨਾਜ਼ੁਕ ਜਹੀ ਮੈਨਾ ਨੂੰ ਪਰ ਉਸ ਦੇ ਆਪਣੇ ਕੀਤੇ ਕਿਸੇ ਜੁਰਮ ਬਦਲੇ ਨਹੀਂ ਸਗੋਂ ਉਸ ਨੂੰ ਬਲੀ ਚੜ੍ਹਾਇਆ ਗਿਆ ਸੀ ਕਿਸੇ ਹੋਰ ਦੇ ਨਾਲ ਹੋਏ ਜ਼ੁਲਮ ਦਾ ਭੁਗਤਾਨ ਕਰਨ ਲਈ।

ਉਸ ਦੀ ਭੂਆ ਸੁੰਦਰੀ ਨੂੰ ਉਦੋਂ ਇਸ ਪਿੰਡ ਵਿਚ ਵਿਆਹ ਦਿੱਤਾ ਗਿਆ ਸੀ ਜਦੋਂ ਕਿ ਮੈਨਾ ਅਜੇ ਜੰਮੀ ਵੀ ਨਹੀਂ ਸੀ। ਸਾਰੇ ਦੱਸਦੇ ਸਨ ਕਿ ਬੜਾ ਰੋਈ ਸੀ ਸੁੰਦਰੀ ਕਿ ਉਹ ਇਸ ਉਜਾੜ, ਪਥਰੀਲੇ ਕੰਡੀ ਵਿਚ ਵਿਆਹ ਨਹੀਂ ਕਰੇਗੀ ਜਿਥੇ ਜਾਣ ਲਈ ਗੱਡੀ ਤਾਂ ਕੀ ਟਾਂਗਾ ਵੀ ਨਹੀਂ ਤੁਰਦਾ। ਉਹ ਕਿਸ ਤਰ੍ਹਾਂ ਪਹਾੜੀ ਰਾਹਾਂ ਦੀਆਂ ਪਥਰੀਲੀਆਂ ਵਾਟਾਂ 'ਤੇ ਤੁਰੇਗੀ। ਉਦੋਂ ਤਾਂ ਉਜਾੜਾਂ ਵਿਚ ਰਿੱਛ, ਗਿੱਦੜ, ਭੇੜੀਏ ਆਮ ਹੀ ਤੁਰੇ ਫਿਰਦੇ ਸਨ ਤੇ ਨਿੱਤ ਦਿਨ ਕੋਈ ਨਾ ਕੋਈ ਇਨ੍ਹਾਂ ਜਾਨਵਰਾਂ ਦਾ ਸ਼ਿਕਾਰ ਬਣ ਜਾਂਦਾ।

ਸੁੰਦਰੀ ਭਾਵੇਂ ਬੜਾ ਰੋਈ ਕੁਰਲਾਈ ਪਰ ਕਿਸੇ ਨੇ ਉਸ ਦੀ ਫਰਿਆਦ ਨਾ ਸੁਣੀ। ਉਹ ਆਪਣੇ ਭਰਾ ਦੇ ਪੈਰਾਂ ਵਿਚ ਆ ਬੈਠੀ। ਪਰ ਭਰਾ ਪਿਓ ਦੀ ਦਿੱਤੀ ਜ਼ੁਬਾਨ ਅੱਗੇ ਕੁਝ ਨਾ ਬੋਲ ਸਕਿਆ ਤੇ ਉਹ ਕੰਡੀ ਦੇ ਲੰਬੜਦਾਰ ਆਇਆ ਸਿੰਘ ਦੇ ਪਟਵਾਰੀ ਪੁੱਤਰ ਨਾਲ ਵਿਆਹ ਕੇ ਆ ਗਈ। ਉਦੋਂ ਜ਼ਰੂਰ ਉਸ ਦੇ ਅੰਦਰੋਂ ਬਦਅਸੀਸ ਨਿਕਲੀ ਹੋਵੇਗੀ ਕਿ ਅਜਿਹਾ ਹੀ ਵਖ਼ਤ ਇਕ ਘਰ ਦੀ ਹਰ ਕੁੜੀ 'ਤੇ ਪਵੇ। ਕੁੜੀ ਵੀ ਤਾਂ ਅੱਗੋਂ ਪਰਵਾਰ ਵਿਚ ਇਕੋ ਹੀ ਸੀ ਮੈਨਾ। ਉਸ ਦੇ ਦੂਜੇ ਦੋਹਾਂ ਚਾਚਿਆਂ ਦੇ ਘਰ ਦੋ-ਦੋ, ਤਿੰਨ-ਤਿੰਨ ਪੁੱਤਰ ਹੀ ਹੋਏ ਸਨ।

ਇਸੇ ਮੈਨਾ ਦਾ ਰਿਸ਼ਤਾ ਆਪਣੇ ਦਿਉਰ ਦੇ ਮੁੰਡੇ ਨਾਲ ਕਰਨ ਦਾ ਹਠ, ਜਦ ਸੁੰਦਰੀ ਨੇ ਕੀਤਾ ਤਾਂ ਨਾ ਮੈਨਾ ਦਾ ਪਿਉ ਮਨ੍ਹਾ ਕਰ ਸਕਿਆ ਤੇ ਨਾ ਦਾਦਾ। ਸੁੰਦਰੀ ਵਾਂਗ ਹੀ ਮੈਨਾ ਵੀ ਹੰਝੂਆਂ ਦੀ ਡੋਲੀ ਵਿਚ ਬੈਠੀ ਕੰਡੀ ਵਿਚ ਆ ਗਈ। ਹੋਰ ਤਾਂ ਉਸ ਨੂੰ ਕੋਈ ਸੁਖ ਨਹੀਂ ਸੀ ਬਸ ਉਸ ਦਾ ਘਰਵਾਲਾ ਜਿਸ ਨੂੰ ਸਾਰੇ ਫ਼ੌਜੀ ਅਫ਼ਸਰ ਜਾਂ ਮੇਜਰ ਸਾਹਿਬ ਆਖਦੇ ਸਨ, ਉਸ ਦਾ ਬੇਇੰਤਹਾ ਪਿਆਰ ਮੈਨਾ ਲਈ ਅਜਿਹਾ ਸਰਮਾਇਆ ਬਣਿਆ ਕਿ ਉਹ ਬਾਕੀ ਸਭ ਦੁੱਖ ਤੇ ਕਮੀਆਂ ਭੁੱਲ ਗਈ। ਇਥੋਂ ਤਕ ਕਿ ਆਪਣੀ ਸੱਸ ਦਾ ਕਠੋਰ ਵਿਵਹਾਰ ਵੀ। ਸੁੰਦਰੀ ਵਾਂਗ ਉਸ ਨੇ ਰੋਹ ਵਿਚ ਆਪਣੇ ਪੇਕੇ ਘਰ ਨੂੰ ਤਿਲਾਂਜਲੀ ਨਹੀਂ ਸੀ ਦਿੱਤੀ ਸਗੋਂ ਕਦੀ ਕਦਾਈਂ ਬਿੱਲਾ ਸਿੰਘ ਆਪ ਹੀ ਉਸ ਨੂੰ ਪੇਕੇ ਲੈ ਜਾਂਦਾ। ਖ਼ਾਸ ਕਰਕੇ ਛੁੱਟੀਆਂ ਕੱਟਣ ਬਾਅਦ ਜਦ ਉਸ ਨੇ ਵਾਪਸ ਡਿਊਟੀ ਜਾਣਾ ਹੁੰਦਾ ਤਾਂ ਬਿੱਲੋ ਨੂੰ ਕੁਝ ਦਿਨਾਂ ਲਈ ਪੇਕੇ ਛੱਡ ਜਾਂਦਾ।

ਅੱਜ ਵੀ ਉਹ ਪੇਕਿਓਂ ਹੀ ਆ ਰਹੀ ਸੀ। ਹਾਲਾਂਕਿ ਉਸ ਦਾ ਆਉਣ ਦਾ ਅਜੇ ਜੀਅ ਨਹੀਂ ਸੀ ਕਰ ਰਿਹਾ ਪਰ ਸੱਸ ਦਾ ਸੁਨੇਹਾ 'ਤੇ ਸੁਨੇਹਾ ਪੁੱਜ ਰਿਹਾ ਸੀ।

"ਸਚ ਆਖਾਂ ਮਾਮੋ ਮੇਰਾ ਤਾਂ ਅਜਾ ਆਣ ਦਾ ਬਿਲਕੁਲ ਜੀਅ ਨਾ ਸਾ ਕਰਦਾ ਪਰ ਉਸ ਡੈਣੀ (ਸੱਸ) ਇਸ ਜਹੱਨਮੀਏ ਕੋ (ਸਹੁਰੇ ਨੂੰ)

ਕਲ ਦਾ ਭੇਜ ਦਿਤਾ ਮੇਰੇ ਘਰ ਅਖਾ ਜਾ ਕੇ ਨੂੰਹ ਨੂੰ ਲੈ ਆਓ।"

"ਹਾਏ ਨੀ ਲਗਈ ਬਲਾਈ ਤੇਰੇ ਬਿਨਾ ਉਸ ਦਾ ਦਿਲ ਹੀ ਨੀ ਲੱਗਦਾ। ਤੂੰ ਤਾਂ ਬੜੀ ਲਾਡਲੀ ਐਂ ਨਿਆਮਤੋ ਤਾਈ ਦੀ।" ਉਹ ਹੱਸੀ। ਹਾਲਾਂਕਿ ਨਿਆਮਤੋ ਤਾਈ ਯਾਨੀ ਬਿੱਲੋ ਦੇ ਸੱਸ ਦੀ ਮੁਹੱਬਤ ਨੂੰ ਸਾਰਾ ਪਿੰਡ ਤਾਂ ਜਾਨਦਾ ਸੀ।

"ਹਾਂ ਲੀ ਲਾਡਲੀ ਨਾ ਮੈਂ ਉਸ ਦੀ, ਉਸ ਸਿਰ ਸੜੀ ਦਾ ਦਿਲ ਇਸ ਕਰਕੇ ਨਹੀਂ ਲੱਗਦਾ ਕਿ ਉਸਕੋ ਰੋਟੀ ਪਕਾਣੀ ਤੇ ਚੁਲਾ ਬਾਲਣਾ ਪੈਂਦਾ। ਆੜ 'ਤੇ ਜਾ ਕੇ ਪਾਣੀ ਭਰ ਕੇ ਕੌਣ ਲਿਆਵੇ ਸਾਰੇ ਟੱਬਰ ਵਾਸਤੇ। ਉਸਕੋ ਮੇਰੀ ਯਾਦ ਨਾ ਸੀ ਆਈ ਸਗੋਂ ਆਪਣੇ ਸੁੱਖਾਂ ਵਾਸਤੇ ਹਲਕਾਈ ਗਈ ਦੀ ਆਸੀ ਤਰੱਠਾ ਜੋਗੀ।"

ਉਸ ਨੇ ਸਿਰ 'ਤੇ ਥੈਲਾ ਠੀਕ ਜਿਹਾ ਕਰਕੇ ਧਰਿਆ ਤੇ ਪਿੰਕੀ ਨੂੰ ਵੱਖੀ ਨਾਲ ਲਗਾ ਕੇ ਚੁੱਕ ਲਿਆ। ਮਾਮੋ ਨੇ ਸਿਰ 'ਤੇ ਚੁੱਕੇ ਥੈਲੇ ਵੱਲ ਵੇਖ ਪੁੱਛਿਆ, "ਇਹ ਕੀ ਚੁੱਕ ਲਿਆਈ ਐਂ ਏਨੀ ਬਾਰਸ਼ ਵਿਚ।"

"ਚਿੱਟੀ ਮਿੱਟੀ। ਸੱਸੂ ਡਾਗਣੀ ਸਹੁਰੇ ਹੱਥ ਸੁਨੇਹਾ ਭੇਜੇ ਦਾ ਆਸਾ ਕਿ ਘਰ ਸਾਰਾ ਮੈਲਾ ਹੋਏ ਦਾ ਐ। ਕੰਧਾਂ ਲਿੰਬੇ ਵਾਸਤੇ ਚਿੱਟੀ ਮਿੱਟੀ ਲੈ ਕੇ ਆਵਾਂ। ਤੈਨੂੰ ਜੇ ਪਤਾ ਕਿ ਰਾਜਪੁਰੇ ਦੇ ਪਿਰਨਾੜਾ ਦੀ ਚਿੱਟੀ ਮਿੱਟੀ ਤੋਂ ਬਿਨਾਂ ਕੋਈ ਆਪਣੇ ਘਰ ਦੀਆਂ ਕੰਧਾਂ ਨਹੀਂ ਲਿੰਬਦਾ। ਇਸੇ ਕਰਕੇ ਆਂਦਿਆਂ ਮਿੱਟੀ ਦਾ ਥੈਲਾ ਵੀ ਚੁੱਕ ਲਿਆਈ ਆਂ। ਮਗਰ ਇਹ ਅੱਗ ਲੱਗੀ ਬਾਰਸ਼।" ਮਿੱਟੀ ਹੋਰ ਵੀ ਘੁਲ ਕੇ ਉਸ ਦੀ ਗਰਦਨ ਤੇ ਸੀਨੇ ਤੱਕ ਵਗ ਆਈ ਸੀ। ਉਨ੍ਹਾਂ ਪਿੱਛੇ ਦੋਵੇਂ ਜਣੇ ਨੱਬ ਖੂੰਖਾ ਤੇ ਤੋਤਾ ਆਪਣੀਆਂ ਹੀ ਗੱਲਾਂ ਵਿਚ ਰੁੱਝੇ ਹੱਸਦੇ ਮਖ਼ੌਲਾਂ ਕਰਦੇ ਤੁਰੇ ਆ ਰਹੇ ਸਨ। ਨੱਬ ਖੂੰਖਾ ਤੋਤੇ ਨੂੰ ਕੁਝ ਦੱਸ ਰਿਹਾ ਸੀ।

"ਬ੍ਰਿਓੜ ਸਿੰਘ ਦੀ ਜ਼ਨਾਨੀ ਲਈ ਤਾਂ ਤੂੰ ਜਾਨ ਵੀ ਦੇ ਸਕਦਾ ਏਂ ਨੱਬਿਆ। ਏਨਾ ਕੇ ਜਾਦੂ ਕਰ ਗਈ ਬਿੱਲੋ ਭਾਬੀ ਤੇਰੇ 'ਤੇ। ਕਿੱਥੇ ਤੂੰ ਤੇ ਕਿੱਥੇ ਸਾਡੀ ਹੂਰਾਂ ਪਰੀ ਬਿੱਲੋ ਭਾਬੀ।"

ਨੱਬੇ ਨੇ ਨਜ਼ਰ ਭਰ ਕੇ ਅੱਗੇ ਅੱਗੇ ਤੁਰੀ ਜਾਂਦੀ ਬਿੱਲੋ 'ਤੇ ਮਾਰੀ ਜਿਸ ਨੇ ਆਪਣੀ ਅੱਡੀ ਵਾਲੀ ਸੈਂਡਲ ਹੱਥਾਂ ਵਿਚ ਚੁੱਕੀ ਹੋਈ ਸੀ ਤੇ ਨੰਗੇ ਪੈਰੀਂ ਹੀ ਪਥਰੀਲੇ ਤੇ ਕੰਡਿਆਲੇ ਰਾਹਾਂ 'ਤੇ ਤੁਰੀ ਜਾ ਰਹੀ ਸੀ। ਨੰਬ ਖੂੰਖੇ ਦੀਆਂ ਨਜ਼ਰਾਂ ਦਾ ਪਿੱਛਾ ਕਰਦਿਆਂ ਤੋਤੇ ਨੇ ਵੀ ਰੇਡੀਓ ਤੋਂ ਸੁਣੇ ਪੰਜਾਬੀ ਗੀਤ ਦੀਆਂ ਦੋ ਕੁ ਤੁਕਾਂ ਹੇਕ ਜਹੀ ਲਾ ਕੇ ਗਾ ਦਿੱਤੀਆਂ—

"ਜੁੱਤੀ ਕਸੂਰੀ ਪੈਰੀਂ ਨਾ ਪੂਰੀ ਹਾਏ ਓ ਰੱਬਾ ਵੇ ਸਾਨੂੰ ਤੁਰਨਾ ਪਿਆ। ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ।"

ਉਸ ਦੇ ਗਾਏ ਗੀਤ ਦੇ ਬੋਲ ਅੱਗੇ ਜਾ ਰਹੀਆਂ ਦੋਹਾਂ ਔਰਤਾਂ ਨੇ ਵੀ ਸੁਣ ਲਏ ਤੇ ਉਹ ਚੁੰਨੀਆਂ ਮੂੰਹਾਂ ਵਿਚ ਪਾ ਹੱਸ ਪਈਆਂ। ਤਦੇ ਬਿੱਲੋ ਨੂੰ ਖੌਰੇ ਕੀ ਸੁੱਝਿਆ ਕਿ ਉਸ ਨੇ ਅਗਲਾ ਬੋਲ ਗਾ ਦਿੱਤਾ—

"ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ, ਓਨੀ ਰਾਹੀਂ ਵੇ ਮੈਨੂੰ ਮੁੜਨਾ ਪਿਆ।"

ਪਿੱਛੇ ਤੁਰੇ ਆ ਰਹੇ ਦੋਹਾਂ ਜਣਿਆਂ ਦੇ ਕੰਨੀਂ ਸ਼ਾਇਦ ਉਸ ਦੇ ਧੀਮੀ ਸੁਰ ਵਿਚ ਗਾਏ ਗੀਤ ਦੇ ਬੋਲ ਨਹੀਂ ਸਨ ਪਏ ਤਾਂ ਹੀ ਤਾਂ ਉਨ੍ਹਾਂ ਦੀਆਂ ਆਪਣੀਆਂ ਗੱਲਾਂ ਦੀ ਲੜੀ ਨਹੀਂ ਸੀ ਟੁੱਟੀ। ਨੱਬ ਖੂੰਖਾ ਦੱਸ ਰਿਹਾ ਸੀ ਕਿ ਜਦੋਂ ਬਿੱਲੋ ਨਵੀਂ ਨਵੀਂ ਵਿਆਹ ਕੇ ਆਈ ਸੀ ਇਸ ਪਿੰਡ, ਉਸ ਸਿਆਲ ਬਰਫ਼ ਟੁੱਟ ਕੇ ਪਈ ਸੀ। ਕਈ ਕੱਚੇ ਘਰ ਬਰਫ਼ਾਂ ਹੇਠ ਮਿਸਮਾਰ ਹੋ ਗਏ ਸਨ। ਟੀਨ ਦੀਆਂ ਛੱਤਾਂ ਤੋਂ ਤਾਂ ਬਰਫ਼ ਨਰਮ ਪੈ ਕੇ ਆਪੇ ਫ਼ਿਸਲ ਜਾਂਦੀ ਪਰ ਜਿਨ੍ਹਾਂ ਘਰਾਂ ਦੀਆਂ ਘਾਹ ਦੀਆਂ ਛੱਤਾਂ (ਪੱਸ਼) ਸਨ, ਉਨ੍ਹਾਂ ਲਈ ਤਾਂ ਉਹ ਸਿਆਲ ਕਹਿਰ ਬਣ ਕੇ ਟੁੱਟਿਆ ਸੀ। ਚਾਰ-ਚਾਰ ਗਜ਼ ਬਰਫ਼ ਪੱਸ਼ਾਂ ਉੱਤੇ ਜੰਮ ਗਈ। ਕੱਚੀਆਂ ਕੰਧਾ ਗਾਰੇ ਵਾਂਗ ਵਿਸਣ ਲੱਗ ਪਈਆਂ। ਹਰ ਪਾਸੇ ਖ਼ੌਫ਼ ਸੀ। ਲੋਕੀ ਆਪਣੇ ਘਰਾਂ ਦੀਆਂ ਘਾਹ ਦੀਆਂ ਛੱਤਾਂ ਤੋਂ ਬੇਲਚਿਆਂ ਨਾਲ ਬਰਫ਼ ਲਾਹ ਲਾਹ ਸੁੱਟਦੇ ਪਰ ਫਿਰ ਹੋਰ ਪੈ ਜਾਂਦੀ। ਛੱਤਾਂ ਉੱਤੇ ਚੜ੍ਹ ਕੇ ਬਰਫ਼ਾਂ ਸੁੱਟਣਾ ਵੀ ਤਾਂ ਇਕ ਕਸਬ ਹੈ। ਹਰ ਕਿਸੇ ਨੂੰ ਇਹ ਹੁਨਰ ਤੇ ਹੌਂਸਲਾ ਕਿੱਥੇ ਕਿ ਉਹ ਤਿੰਨ-ਤਿੰਨ, ਚਾਰ-ਚਾਰ ਮੰਜ਼ਲਾਂ ਘਰ ਦੀਆਂ ਫਿਸਲਵੀਆਂ ਛੱਤਾਂ ਉੱਤੇ ਚੜ੍ਹ ਕੇ ਬਰਫ਼ ਡਿਗਾਵੇ।

ਬਿੱਲੇ ਸਿੰਘ ਹੁਰਾਂ ਦਾ ਘਰ ਤਾਂ ਪੱਕੀਆਂ ਇੱਟਾਂ ਦਾ, ਟੀਨ ਦੀ ਛੱਤ ਵਾਲਾ ਸੀ ਪਰ ਉਨ੍ਹਾਂ ਦਾ ਗਵਾਨ (ਗਊਸ਼ਾਲਾ) ਘਾਹ ਦੀ ਛੱਤ ਵਾਲਾ ਸੀ। ਗਵਾਣ ਵੀ ਤਿੰਨ ਮੰਜ਼ਲਾ। ਹੇਠਾਂ ਮਾਲ ਡੰਗਰ ਹੁੰਦਾ। ਉਸ ਦੀ ਉਪਰਲੀ ਮੰਜ਼ਲ ਉੱਤੇ ਡੰਗਰਾਂ ਲਈ ਘਾਹ ਚਾਰਾ ਤੇ ਸਭ ਤੋਂ ਉਪਰਲੀ ਮੰਜ਼ਲ ਉੱਤੇ ਲੁਬੜ (ਸੁੱਕੇ ਗੋਹੇ ਦਾ ਬਾਲਣ) ਤੇ ਚੁੱਲ੍ਹੇ ਜਾਂ ਬੁਖਾਰੀਆਂ ਵਿਚ ਬਾਲਣ ਲਈ ਲੱਕੜਾਂ ਤੇ ਨਿੱਕ-ਸੁੱਕ। ਟੁੱਟਿਆ ਭੱਜਿਆ ਸਮਾਨ। ਕਾਂਗੜੀਆਂ ਤੇ ਸਰਦੀਆਂ ਵਿਚ ਵਰਤੀਆਂ ਜਾਣ ਵਾਲੀਆਂ ਸੁਕਾਈਆਂ, ਸਬਜ਼ੀਆਂ, ਮੇਵੇ ਆਦਿ।

ਬਰਫ਼ਾਂ ਲਾਹੁਣ ਵਾਲੇ ਸਾਰੇ ਕਸਬੀ ਰੁੱਝੇ ਹੋਏ ਸਨ। ਬਿੱਲੇ ਸਿੰਘ ਹੁਰਾਂ ਦੇ ਗਵਾਣ ਦੀ ਪਿਛਲੀ ਕੰਧ ਵਿਚ ਅਚਾਨਕ ਤ੍ਰੇੜ ਆ ਗਈ ਤਾਂ ਘਰ ਦਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਗਵਾਣ ਤਾਂ ਢਹਿ ਪਵੇਗਾ ਜੇ ਬਰਫ਼ ਨਾ ਲਾਹੀ ਗਈ। ਪਰ ਭੱਜ ਦੌੜ ਦੇ ਬਾਵਜੂਦ ਵੀ ਕੋਈ ਕਸਬੀ ਬੰਦਾ ਮਿਲੇ ਹੀ ਨਾ। ਬਿੱਲਾ ਸਿੰਘ ਤਾਂ ਨੌਕਰੀ ਤੇ ਦੂਰ ਪਰਦੇਸਾਂ ਵਿਚ ਸੀ, ਪਰ ਉਸ ਦੀ ਨਵੀਂ ਵਿਆਹੀ ਵਹੁਟੀ ਸਾਰੇ ਪਿੰਡ ਦੀ ਹੀ ਨਹੀਂ ਸਗੋਂ ਸਾਰੇ ਇਲਾਕੇ ਦੀ ਚਰਚਾ ਦਾ ਵਿਸ਼ਾ ਬਣੀ ਹੋਈ ਸੀ। ਉਸ ਦਾ ਰੰਗ ਰੂਪ, ਹੱਸਣਾ ਬੋਲਣਾ, ਲਾਣਾ ਖਾਣ, ਗੱਲ ਕਰਨ ਦਾ ਅੰਦਾਜ਼, ਉਸ ਦੀ ਤੋਰ ਤੇ ਉਸ ਦਾ ਸੁਭਾਅ—ਸਭ ਦਾ ਮਨ ਮੋਹ ਲਿਆ ਸੀ ਮੈਨਾ ਨੇ, ਜੋ ਆਉਂਦੇ ਹੀ ਸਭ ਲਈ ਬਿੱਲੋ ਬਣ ਗਈ ਸੀ ਖ਼ੁਸ਼ੀ-ਖ਼ੁਸ਼ੀ।

ਬਿੱਲੋ ਦਾ ਸਹੁਰਾ ਨੱਬ ਖੂੰਖੇ ਨੂੰ ਹੀ ਫੜ ਲਿਆਇਆ ਗਵਾਣ ਤੋਂ ਬਰਫ਼ ਲਾਹੁਣ ਲਈ। ਬੇਲਚੇ ਲੈ ਕੇ ਨੱਬਾ ਗਵਾਣ 'ਤੇ ਜਾ ਚੜ੍ਹਿਆ। ਉਹ ਹਰ ਕਸਬ ਦਾ ਮਾਹਿਰ ਸੀ। ਇਸ ਲਈ ਬਿਨਾਂ ਡਰ ਦੇ ਛੱਡ 'ਤੇ ਜਾ ਚੜ੍ਹਿਆ। ਘਰ ਦੇ ਜੀਅ ਉਸ ਨੂੰ ਬਰਫ਼ ਲਾਹੁੰਦਿਆਂ ਵੇਖਦੇ ਤੇ ਕੰਮ ਲੱਗ ਜਾਂਦੇ। ਉਨ੍ਹਾਂ ਲਈ ਇਹ ਇਕ ਆਮ ਜਿਹਾ ਕੰਮ ਸੀ ਪਰ ਬਿੱਲੋ ਜਿਨ੍ਹਾਂ ਡਰੀਆਂ ਹੋਈਆਂ ਤੇ ਫ਼ਿਕਰਮੰਦ ਅੱਖਾਂ ਨਾਲ

ਤੀਜੀ ਛੱਤ ਉੱਤੇ ਚੜ੍ਹ ਕੇ ਬਰਫ਼ ਲਾਹੁੰਦੇ ਨੱਥ ਖੂੰਖੇ ਨੂੰ ਅੰਦਰ ਬਾਹਰ ਜਾਂਦਿਆਂ ਵੇਖਦੀ, ਉਸ ਨੇ ਨੱਥ ਖੂੰਖੇ ਦੀ ਹਿੰਮਤ ਹੋਰ ਵਧਾ ਦਿੱਤੀ। ਉਹ ਭੁੱਲ ਗਿਆ ਸੀ ਕਿ ਦੀਵਾਰ ਵਿਚ ਤ੍ਰੇੜ ਆ ਗਈ ਹੋਈ ਹੈ ਤੇ ਬਦਕਿਸਮਤੀ ਨਾਲ ਕੰਧ ਢਹਿ ਵੀ ਸਕਦੀ ਹੈ। ਇਹੀ ਖ਼ੌਫ਼ ਤੇ ਫ਼ਿਕਰ ਬਿੱਲੋ ਦੀਆਂ ਅੱਖਾਂ ਵਿਚ ਪਾਣੀ ਬਣ ਜਮ੍ਹਾ ਹੋ ਗਿਆ ਸੀ। ਨੱਥ ਖੂੰਖੇ ਦੀ ਅੱਧ ਪੁਰਾਣੀ ਜਹੀ ਖੁੱਲ੍ਹੀ ਕਮੀਜ਼ ਕਿਸੇ ਲੱਕੜੀ ਦੇ ਖੁੰਘੇ ਵਿਚ ਅੜ ਕੇ ਲੀਰੋ ਲੀਰ ਹੋ ਗਈ। ਮੋਢਿਆਂ ਦੁਆਲੇ ਵਲੇਟੀ ਲੋਈ ਤਾਂ ਉਹ ਹੇਠਾਂ ਹੀ ਬੂਟੇ ਨਾਲ ਟੰਗ ਕੇ ਛੱਤ ’ਤੇ ਚੜ੍ਹਿਆ ਸੀ। ਪਰ ਪਤਾ ਨਹੀਂ ਕਿਉਂ ਨਾ ਉਸ ਨੂੰ ਠੰਡੇ ਯਖ ਹੋ ਚੁੱਕੇ ਹੱਥਾਂ ਦਾ ਅਹਿਸਾਸ ਸੀ ਨਾ ਫਟੇ ਕੱਪੜਿਆਂ ਦਾ ਤੇ ਨਾ ਹੀ ਢਹਿ ਜਾਣ ਵਾਲੀ ਕੰਧ ਦਾ। ਉਹ ਵਾਹੋਦਾਹੀ ਬੇਲਚੇ ਬਰਫ਼ ਦੇ ਢੇਰ ਹੇਠਾਂ ਧਰਤੀ ’ਤੇ ਸੁੱਟ ਰਿਹਾ ਸੀ।

“ਕੁੜੀਏ, ਤੂੰ ਕੇ ਕਰਦੀ ਏਂ ਬਾਹਰ। ਅੰਦਰ ਜਾ ਤੇ ਚਾਹ ਧਰ। ਨੱਥਾ ਵੀ ਕੰਮ ਖ਼ਤਮ ਕਰਨ ਵਾਲਾ। ਉਹ ਵੀ ਕਾਹਵਾ ਪੀਏਗਾ। ਵਿਚਾਰਾ ਠੰਡਾ ਹੋ ਗਿਆ ਹੋਵੇਗਾ।” ਸਹੁਰੇ ਦੀ ਹਿਦਾਇਤ ਸੁਣ ਬਿੱਲੋ ਝੱਟ ਰਸੋਈ ਵਿਚ ਆ ਗਈ ਤੇ ਚੁੱਲ੍ਹੇ ਵਿਚ ਸੁੱਕੇ ਗੋਹੇ ਦੇ ਲੁਬੜ ਤੇ ਲੱਕੜਾਂ ਪਾ ਚੁੱਲ੍ਹਾ ਬਾਲ ਲਿਆ। ਕਾਹਵਾ ਬਣਨ ਵਿਚ ਦੇਰ ਹੀ ਕਿੰਨੀ ਲੱਗਦੀ ਸੀ। ਤਦ ਤਕ ਹੀ ਨੱਥ ਖੂੰਖਾ ਸਾਰੀ ਬਰਫ਼ ਲਾਹ ਕੇ ਵਿਹਲਾ ਹੋ ਹੇਠਾਂ ਉਤਰ ਆਇਆ।

“ਆ ਜਾ, ਚਾਹ ਦਾ ਗਲਾਸ ਪੀ ਘਿੰਨ। ਠੰਡੇ ਹੱਥ ਪੈਰਾਂ ਵਿਚ ਗਰਮੈਸ਼ ਆ ਜਾਵੇਗੀ।” ਆਖਦਾ ਪੋਜੀ ਉਸ ਨੂੰ ਬਰਾਂਡੇ ਦੇ ਨਾਲ ਲੱਗਦੇ ਕਮਰੇ ਵਿਚ ਲੈ ਆਇਆ ਤੇ ਬਿੱਲੋ ਨੂੰ ਚਾਹ ਲਿਆਉਣ ਲਈ ਆਵਾਜ਼ ਮਾਰੀ। ਵੈਸਾ ਖ਼ੁਸ਼ਬੂਦਾਰ ਤੇ ਸੁਆਦਲਾ ਕਾਹਵਾ ਸ਼ਾਇਦ ਨੱਥ ਖੂੰਖੇ ਨੇ ਪਹਿਲਾਂ ਕਦੀ ਨਹੀਂ ਸੀ ਪੀਤਾ। ਬਸ ਉਸ ਕਾਹਵੇ ਦੀ ਖ਼ੁਸ਼ਬੋ ਜਿਵੇਂ ਉਸ ਦੀ ਨਸ ਨਸ ਵਿਚ ਵੱਸ ਗਈ।

“ਤੈਨੂੰ ਪਤਾ ਤੋਤਿਆ, ਜਦੋਂ ਬੋਇਕਾਨੀ (ਨੱਥਾ ਸਾਰੇ ਪਿੰਡ ਦੀਆਂ ਔਰਤਾਂ ਨੂੰ ਧੰਨਾ ਸਿੰਘ ਦੀ ਜ਼ਨਾਨੀ, ਕਰਤਾਰ ਸਿੰਘ ਦੀ ਜ਼ਨਾਨੀ ਆਦਿ ਨਾਵਾਂ ਨਾਲ ਬੁਲਾਂਦਾ ਸੀ ਪਰ ਸਿਰਫ਼ ਬਿੱਲੋ ਨੂੰ ਬੋਇਕਾਨੀ (ਭਾਬੀ) ਕਹਿ ਕੇ ਸੰਬੋਧਨ ਕਰਦਾ ਸੀ) ਨੂੰ ਬੱਚਾ ਹੋਣ ਵਾਲਾ ਸੀ ਤੇ ਉਸ ਦੇ ਸਰੀਰ ਨੂੰ ਅਜੀਬ ਜਿਹਾ ਰੋਗ ਲੱਗ ਗਿਆ। ਉਸ ਦਾ ਸਾਰਾ ਸਰੀਰ, ਪੈਰ ਲੱਤਾਂ ਵਿਚ ਸੋਜ਼ਿਸ਼ ਪੈ ਗਈ।”

“ਹਾਂ, ਤਾਂ ਹੀ ਤਾਂ ਬਿੱਲੇ ਸਿੰਘ ਨੇ ਤੇਰੇ ਕੋਲੋਂ ਪਾਲਕੀ ਬਣਵਾਈ ਸੀ।”

“ਤੈਨੂੰ ਮੈਂ ਕੀ ਦੱਸਾਂ ਕਿ ਜਿਸ ਦਿਨ ਬ੍ਰਿਓੜ ਸਿੰਘ ਨੇ ਰੋਣਹਾਕਾ ਹੋ ਕੇ ਮੈਨੂੰ ਕਿਹਾ ਸੀ ਕਿ ਪਾਲਕੀ ਤਾਂ ਬਣਾ ਲਈ ਪਰ ਚਾਰ ਪੰਜ ਮੀਲ ਇਸ ਪਾਲਕੀ ਵਿਚ ਚੁੱਕ ਕੇ ਮੇਰੀ ਵਹੁਟੀ ਨੂੰ ਗੱਡੀ ਤਕ ਕਿਵੇਂ ਪਹੁੰਚਾਵਾਂਗਾ। ਬਸ ਉਸ ਦਿਨ ਮੈਂ ਉਸ ਨਾਲ ਵਾਅਦਾ ਕਰ ਲਿਆ ਕਿ ਭਾਵੇਂ ਦਿਨ ਹੋਵੇ ਭਾਵੇਂ ਰਾਤ, ਉਹ ਬਸ ਇਕ ਆਵਾਜ਼ ਮਾਰੇ ਜਾਂ ਸੁਨੇਹਾ ਭੇਜੇ, ਮੈਂ ਆਪਣੇ ਤਿੰਨਾਂ ਪੁੱਤਰਾਂ ਸਮੇਤ ਉਸ ਦੇ ਬੂਹੇ ਹਾਜ਼ਰ ਹੋਵਾਂਗਾ। ਪੂਰੇ ਛੇ ਮਹੀਨੇ, ਹਰ ਪੰਦਰਾਂ ਦਿਨਾਂ ਬਾਅਦ ਉਸ ਨੂੰ ਮੈਂ ਤੇ ਮੇਰੇ ਪੁੱਤਰ ਗੱਡੀ ਚੜ੍ਹਾਂਦੇ ਤੇ ਗੱਡੀਓਂ ਉਤਰਨ ਬਾਅਦ ਘਰ ਲਿਆਂਦੇ। ਮੈਂ ਤਾਂ ਜਿਵੇਂ ਉਸ ਦੇ ਆਣ-ਜਾਣ ਦਾ ਦਿਨ ਤੇ ਵਕਤ ਆਪਣੇ ਦਿਲ ਵਿਚ ਸਾਂਭ ਕੇ ਯਾਦ ਰੱਖਿਆ ਹੋਇਆ ਸੀ। ਫਿਰ ਉਸ ਨੂੰ ਇਹ ਸੋਹਣੀ ਜਹੀ ਕੁੜੀ ਪੈਦਾ ਹੋਈ ਜਿਸ ਨੂੰ ਮੋਢੇ ਚੁੱਕ ਉਹ ਇਸ ਵੇਲੇ ਸਾਡੇ ਅੱਗੇ-ਅੱਗੇ ਤੁਰ ਰਹੀ ਹੈ।” ਉਸ ਨੇ ਕੁਝ ਹੀ ਦੂਰੀ ’ਤੇ ਗੱਲਾਂ ਕਰ ਕਰ ਕੇ ਹੱਸਦੀਆਂ ਤੇ ਤੁਰੀ ਜਾਂਦੀਆਂ ਦੋਹਾਂ ਔਰਤਾਂ ’ਚੋਂ ਬਿੱਲੋ ਵੱਲ ਇਸ਼ਾਰਾ ਕੀਤਾ।

“ਵਿਚਾਰੀ ਨੇ ਸਿਰ ’ਤੇ ਭਾਰ ਤੇ ਮੋਢੇ ਬੱਚੀ ਚੁੱਕੀ ਹੈ। ਥੱਕ ਗਈ ਹੋਵੇਗੀ।”

“ਉਪਰੋਂ ਨੰਗੇ ਪੈਰੀਂ। ਇਨ੍ਹਾਂ ਪਥਰੀਲੀਆਂ ਰਾਹਾਂ ਨੇ ਤਾਂ ਉਸ ਦੇ ਪੈਰ ਛਿੱਲ ਦਿੱਤੇ ਹੋਣਗੇ।” ਆਖਦਾ ਨੱਥ ਖੂੰਖਾ ਇਕਦਮ ਤੇਜ਼ੀ ਨਾਲ ਭੱਜਿਆ ਤੇ ਕੋਲ ਜਾ ਕੇ ਬਿੱਲੋ ਨੂੰ ਬੋਲਿਆ—

““ਬੋਇਕਾਕੀਂ ਇਹ ਸਿਰ ’ਤੇ ਚੁੱਕਿਆ ਭਾਰ ਮੈਨੂੰ ਦੇ ਦੇ। ਤੂੰ ਕੁੜੀ ਨੂੰ ਚੁੱਕ ਕੇ ਤੁਰ। ਬਸ ਸਾਰੇ ਛੇਤੀ ਹੀ ਪੁੱਜ ਜਾਵਾਂਗੇ ਘਰ।” ਬਿੱਲੋ ਨੇ ਸਿਰ ’ਤੇ ਚੁੱਕਿਆ ਥੈਲਾ ਨੱਥ ਖੂੰਚੇ ਦੀ ਪਿੱਠ ’ਤੇ ਰੱਖ ਦਿੱਤਾ ਤੇ ਆਪ ਪਿੰਕੀ ਨੂੰ ਸਵਾਰ ਕੇ ਵੱਖੀ ਨਾਲ ਲਗਾ ਤੁਰ ਪਈ। ਨੱਥ ਤੇ ਤੋਤਾ ਹੁਣ ਉਨ੍ਹਾਂ ਤੋਂ ਅੱਗੇ ਅੱਗੇ ਤੁਰ ਰਹੇ ਸਨ।

“ਤੈਨੂੰ ਪਤਾ ਇਹ ਨੱਥ ਖੂੰਖਾ ਕੇ ਆਖਦੀ ਲਾਲੀ ਦੇ ਪਿਓ ਕੋ ?” ਮਾਮੋ ਆਪਣੇ ਪਤੀ ਬਾਰੇ ਕੋਈ ਭੇਦਭਰੀ ਗੱਲ ਕਰਦੀ ਖੀ ਖੀ ਕਰਦੇ ਹੱਸ ਪਈ।

“ਹੈਂ...? ਕੇ ਆਖਦਾ ਤਰੱਠਾ ਜੋਗਾ ?” ਬਿੱਲੋ ਹੈਰਾਨ ਹੋਈ।

“ਆਖਦਾ...ਦਿਲ ਛੁਮ ਕਰਨ ਬ੍ਰਿਓੜ ਸਿੰਘਨ ਜ਼ਨਾਨ ਕਰਹਾ ਦਿਲਸ ਮੰਜ ਜਾਏ।” (ਦਿਲ ਕਰਦਾ ਮੇਰਾ ਕਿ ਬ੍ਰਿਓੜ ਸਿੰਘ ਦੀ ਜ਼ਨਾਨੀ ਨੂੰ ਦਿਲ ਵਿਚ ਕੈਦ ਕਰ ਲਵਾਂ।)

“ਹਾਏ ਪਵਸ ਜ਼ਹਰਬਾਦ...ਝਾਣੀ ਜੋਗੇ ਕੋ...।” ਬਿੱਲੋ ਗੜਾਕਾ ਮਾਰ ਹੱਸਦੀ ਬੋਲੀ ਤੇ ਅੱਗੇ ਅੱਗੇ ਤੁਰਦੇ ਦੋਵੇਂ ਬੰਦੇ ਪਲ ਕੁ ਲਈ ਠਿਠਕ ਕੇ ਪਿੱਛੇ ਮੁੜੇ। ਫਿਰ ਮੁਸਕਰਾਂਦੇ ਤੁਰ ਪਏ।

“ਮੇਰੇ ਪੈਰਾਂ ਬਿਚ ਛਾਲੇ ਪੈ ਗਏ’ਨ। ਤੁਰਨਾ ਔਖਾ ਹੋ ਗਿਆ। ਉਹ ਬੁੱਢਾ ਜਾਹਨਮੀ ਤਾਂ ਕਦੋਂ ਦਾ ਘਰ ਪੁੱਜ ਗਿਆ ਹੋਸੀ। ਬਜਸ ਗੋਲੀ।” ਉਹ ਆਪਣੇ ਸਹੁਰੇ ਨੂੰ ਕੋਸਦੀ ਗਾਲ੍ਹਾਂ ਕੱਢ ਕੇ ਮਨ ਦਾ ਭਾਰ ਹੌਲਾ ਕਰਦੀ ਰਹੀ। ਉਹ ਜਾਣਦੀ ਸੀ ਕਿ ਘਰ ਜਾ ਕੇ ਉਸ ਨੂੰ ਚੁੱਲ੍ਹਾ ਬਾਲ ਸਭ ਲਈ ਰੋਟੀ ਵੀ ਪਕਾਣੀ ਪਵੇਗੀ। ਉਸ ਦਾ ਆਉਣਾ ਸੁਣ ਨਾ ਸੱਸ ਰਸੋਈ ਵਿਚ ਵੜੇਗੀ ਤੇ ਨਾ ਹੀ ਨਨਾਣ। ਇਸ ਹਾਲਤ ਵਿਚ ਉਸੇ ਨੂੰ ਹੀ ਚੁੱਲ੍ਹੇ ਵਿਚ ਵੜਨਾ ਪਵੇਗਾ।

“ਆਵਾ ਜਹਨਮ ਮੇਰੀ ਫੁਫੀ ਕੋ ਜਿਸ ਆਪਣੇ ਸਾੜੇ ਕੱਢਣ ਵਾਸਤੇ ਮੈਨੂੰ ਇਸ ਉਜਾੜ ਵਿਚ ਇਨ੍ਹਾਂ ਜਾਹਿਲਾਂ ਵਿਚ ਫਸਾ ਛੋੜਿਆ।” ਗ਼ੁੱਸੇ ਦੀ ਮਾਰੀ ਬਿੱਲੋ ਇਸ ਵੇਲੇ ਆਪਣੇ ਪਤੀ ਦੇ ਪਿਆਰ ਨੂੰ ਵੀ ਭੁੱਲ ਗਈ ਸੀ। ਤਕਲੀਫ਼ ਹੀ ਪੈਰਾਂ ਵਿਚ ਏਨੀ ਸੀ ਕਿ

ਉਸ ਤੋਂ ਇਲਾਵਾ ਕੁਝ ਨਾ ਯਾਦ ਸੀ ਤੇ ਨਾ ਹੀ ਮਹਿਸੂਸ ਹੋ ਰਿਹਾ ਸੀ। ਆਪਣਾ ਦਰਦ ਭੁਲਾਉਣ ਲਈ ਉਹ ਮਾਮੋ ਨੂੰ ਇਕ ਘਟਨਾ ਸੁਣਾਉਣ ਲੱਗੀ ਜਦੋਂ ਉਹ ਅਜੇ ਨਵੀਂ ਵਿਆਹੀ ਹੋਈ ਵਹੁਟੀ ਸੀ ਤਾਂ ਉਸ ਦੀ ਸੱਸ ਆਪਣੀ ਸ਼ਹਿਰੀ ਨੂੰਹ ਦਾ ਰੋਅਬ ਪਾਣ ਲਈ ਉਸ ਨੂੰ ਇਕ ਰਿਸ਼ਤੇਦਾਰੀ ਵਿਚ ਆਪਣੇ ਨਾਲ ਵਿਆਹ 'ਤੇ ਲੈ ਗਈ। ਸੋਨੇ ਚਾਂਦੀ ਦੇ ਲੱਕ-ਲੱਕ ਗਹਿਣੇ ਤੇ ਗੋਟੇ ਕਿਨਾਰੀਆਂ ਵਾਲਾ ਭਾਰਾ ਸੂਟ। ਨੌਂ ਗਜ਼ ਦੀ ਖੁੱਲ੍ਹੇ ਪੌਂਹਚਿਆਂ ਵਾਲੀ ਸਲਵਾਰ ਉੱਤੇ ਸਿਰ 'ਤੇ ਝਾਲਰਾਂ ਵਾਲੀ ਸ਼ਨੀਲ ਦੀ ਚਾਦਰ।

ਘਰ ਦੀ ਦੂਜੀ ਮੰਜ਼ਲ 'ਤੇ ਕੁੜੀਆਂ ਔਰਤਾਂ ਮਹਿੰਦੀ ਦੇ ਗੀਤ ਗਾਉਂਦੀਆਂ ਤੇ ਨੱਚ ਟੱਪ ਰਹੀਆਂ ਸਨ। ਬਿੱਲੋ ਦੋ ਕੁ ਮਹੀਨਿਆਂ ਦੀ ਉਮੀਦ ਤੋਂ ਸੀ। ਇਸ ਕਰਕੇ ਸੱਸ ਉਸ 'ਤੇ ਖ਼ਾਸ ਨਜ਼ਰ ਰੱਖਦੀ ਕਿ ਬਿੱਲੋ ਆਪਣੇ ਮੂੰਹ ਤੋਂ ਘੁੰਡ ਨਾ ਚੁੱਕੇ। ਕਿਤੇ ਕਿਸੇ ਦੀ ਮਾੜੀ ਨਜ਼ਰ ਨਾ ਲੱਗ ਜਾਵੇ ਤੇ ਬੱਚੇ ਨੂੰ ਕੋਈ ਨੁਕਸਾਨ ਹੋ ਜਾਵੇ।

ਨੱਚਦੀਆਂ ਗਾਉਂਦੀਆਂ ਕੁੜੀਆਂ ਵਿਚਾਲੇ ਬੈਠੀ ਬਿੱਲੋ ਨੂੰ ਅਚਾਨਕ ਉਲਟੀ ਜਹੀ ਆ ਗਈ। ਉਹ ਭੱਜ ਕੇ ਬਾਹਰ ਡੱਬ ਵੱਲ ਦੌੜੀ ਤਾਂ ਜੋ ਖੁੱਲ੍ਹੀ ਹਵਾ ਵਿਚ ਸਾਹ ਲੈ ਸਕੇ। ਉਸ ਨੂੰ ਘੁੰਡ ਵਿਚ ਨਹੀਂ ਦਿਸਿਆ ਕਿ ਡੱਬ ਤੋਂ ਅੱਗੇ ਦਾ ਵਰਾਂਡਾ ਖੁੱਲ੍ਹਾ ਹੈ। ਉਹ ਭੱਜ ਕੇ ਖਿੜਕੀ ਵੱਲ ਜਾਣ ਲੱਗੀ ਪਰ ਘੁੰਡ ਵਿਚ ਪੈਰ ਉਸ ਥਾਂ ਰੱਖਿਆ ਗਿਆ ਜੋ ਖੁੱਲ੍ਹੀ ਸੀ ਤੇ ਉਹ ਆਪਣੇ ਹੀ ਪੌਂਹਚੇ ਵਿਚ ਉਲਝ ਧੜੱਮ ਕਰਦੀ ਹੇਠਲੀ ਮੰਜ਼ਲ 'ਤੇ ਜਾ ਡਿੱਗੀ। ਉਸ ਦੇ ਘੁੰਘਰੀਆਂ ਵਾਲੇ ਚਾਂਦੀ ਦੇ ਗਹਿਣਿਆਂ ਦੀ ਛਣਕਾਰ ਸਾਰੇ ਘਰ ਵਿਚ ਗੂੰਜ ਗਈ। ਬਿੱਲੋ ਦੇ ਸਿਰ ਵਿਚੋਂ ਖ਼ੂਨ ਵਹਿ ਤੁਰਿਆ ਤੇ ਉਹ ਬੇਹੋਸ਼ ਹੋ ਗਈ। ਢਾਈ ਕੁ ਮਹੀਨੇ ਦਾ ਪਹਿਲਾ ਬੱਚਾ ਉਸ ਛਣਕਾਰ ਦੇ ਸ਼ੋਰ ਵਿਚ ਹੀ ਕਿਧਰੇ ਗੁੰਮ ਹੋ ਗਿਆ।

"ਤੇਰੀਆਂ ਦੋਵੇਂ ਦਰਾਣੀਆਂ ਤਾਂ ਇਸ ਚੰਦਰੀ ਸੱਸ ਨੂੰ ਜੁੱਤੀ 'ਤੇ ਵੀ ਨਹੀਂ ਧਰਦੀਆਂ। ਬਸ ਤੂੰ ਹੀ ਮਿਲੀ ਇਸ ਨੂੰ ਇਕ ਭੇਡ। ਤੇਰਾ ਘਰਵਾਲਾ ਤਾਂ ਵੱਡਾ ਅਫ਼ਸਰ ਹੈ, ਕਿਉਂ ਤੂੰ ਸੱਸ ਤੇ ਦਰਾਣੀਆਂ ਦੀ ਜ਼ਿਆਦਤੀ ਸਹਿੰਦੀ ਹੈਂ। ਆਪਣਾ ਵੱਖਰਾ ਘਰ ਬਣਾ ਤੇ ਐਸ਼ ਨਾਲ ਰਹਿ।" ਮਾਮੋ ਨੇ ਹਮਦਰਦੀ ਨਾਲ ਕਿਹਾ ਤਾਂ ਬਿੱਲੋ ਹਓਕਾ ਭਰਦੀ ਬੋਲੀ—"ਕਈ ਵਾਰ ਕਹਿ ਚੁੱਕੀ ਹਾਂ ਪਿੰਕੀ ਦੇ ਡੈਡੀ ਨੂੰ ਪਰ ਉਸ ਨੂੰ ਛੁੱਟੀ ਮਿਲੇ ਤਾਂ ਗੱਲ ਬਣੇ ਨਾ। ਨਾਲੇ ਇਹ ਜਹਨਮੀ ਬੁੱਢਾ ਕੋਈ ਸਲਾਹ ਦੇਵੇ ਤਾਂ ਕੁਝ ਕਰੀਏ। ਅਜੇ ਤਾਂ ਓਹੀ ਮਾਲਕ ਆ ਸਾਰੇ ਕਿਸੇ ਦਾ।"

"ਤੁਸੀਂ ਆਪ ਕੁਝ ਕਰਸੋ ਤਾਂ ਹੀ ਤਾਂ ਉਹ ਵੀ ਕੁਝ ਸਲਾਹ ਦੇਸੀ। ਇਸ ਵਾਰ ਬਿੱਲ ਭਰਾ ਜੀ ਆਵੇਗਾ ਤਾਂ ਉਸ ਨਾਲ ਜ਼ਰੂਰ ਸਲਾਹ ਕਰੀਂ। ਸੱਚ ਪੁੱਛੇਂ ਤਾਂ ਮੇਰੇ ਤੋਂ ਤੇਰਾ ਇਹ ਡਰ ਡਰ ਕੇ ਰਹਿਣਾ ਬਰਦਾਸ਼ਤ ਨਹੀਂ ਹੁੰਦਾ।"

ਦੋਵੇਂ ਸਹੇਲੀਆਂ ਦਿਲਾਂ ਦੇ ਦਰਦ ਸਾਂਝੇ ਕਰਦੀਆਂ, ਪਿੰਡ ਦੀਆਂ ਨੂੰਹਾਂ ਧੀਆਂ ਦੀਆਂ ਗੱਲਾਂ ਚੁਗਲੀਆਂ ਕਰਦੀਆਂ ਘਰ ਆ ਪੁੱਜੀਆਂ। ਨੱਬ ਖੂੰਖਾ ਗਿੱਲੀ ਮਿੱਟੀ ਦਾ ਥੈਲਾ ਉਨ੍ਹਾਂ ਦੇ ਘਰ ਦੇ ਵਰਾਂਡੇ 'ਤੇ ਰੱਖ ਚਲਾ ਗਿਆ ਸੀ। ਪਿੰਕੀ ਨੂੰ ਬਿਸਤਰੇ ਵਿਚ ਸੁਆ ਬਿੱਲੋ ਰਸੋਈ ਵੱਲ ਚਲੀ ਗਈ। ਸ਼ਾਮ ਪੈ ਜਾਣ ਦੇ ਬਾਵਜੂਦ ਵੀ ਚੁੱਲ੍ਹਾ ਠੰਡਾ ਸੀ। ਉਸ ਨੇ ਹਓਕਾ ਭਰਿਆ।

*ਹਰੀਏ ਨੀ ਰਸ ਭਰੀਏ ਖਜੂਰੇ*
*ਕਿਨ ਦਿੱਤਾ ਏਨੀ ਦੂਰ ਨੀ*
*ਬਾਬੁਲ ਮੇਰਾ ਕੋਈ ਦੇਸਾਂ ਦਾ ਰਾਜਾ*
*ਓਨ ਦਿੱਤਾ ਏਨੀ ਦੂਰ ਨੀ...*

ਉਹਦੀਆਂ ਅੱਖਾਂ 'ਚੋਂ ਦੋ ਹੰਝੂ ਟੁੱਟ ਕੇ ਗੱਲਾਂ 'ਤੇ ਫਿਸਲ ਗਏ।

ਇਸ ਵਾਰ ਜਦ ਬਿੱਲਾ ਸਿੰਘ ਛੁੱਟੀ ਕੱਟਣ ਘਰ ਆਇਆ ਤਾਂ ਪੋਜੀ ਨੂੰ ਉਸ ਨੇ ਆਪਣਾ ਅਲੱਗ ਮਕਾਨ ਦੀ ਖ਼ਾਹਿਸ਼ ਦੱਸੀ। ਘਰ ਵਿਚ ਕੋਹਰਾਮ ਮੱਚ ਗਿਆ। ਬੇਜੀ ਨੇ ਤਾਂ ਪਿੱਟ-ਪਿਟਾਸ ਹੀ ਪਾ ਦਿੱਤਾ।

"ਹਵਾ ਤਾਣੀ ਜੋਗਿਓ ਚੁੱਲੇ ਵੀ ਅਲੱਗ ਕਰਨ ਲਗਿਓ ਵਾ। ਹਵਾ, ਮੂੰਹ ਕਾਲਾ ਕਰਨ ਲਗਿਓ ਆਪਣੇ ਮਊ ਪਿਊ ਦਾ ਵਾ। ਜੀਂਦੇ ਜੀਅ ਮਾਰਨ ਲਗਿਓ ਅਸਾਂ ਕੋ ਵਾ...।" ਉਸ ਦੇ ਇਸ 'ਦੁੱਖ' ਨੂੰ ਪੋਜੀ ਵੀ ਸਮਝਦਾ ਸੀ ਤੇ ਬਿੱਲਾ ਸਿੰਘ ਵੀ। ਬਿੱਲੋ ਦੀ ਤਾਂ ਗੱਲ ਹੀ ਛੱਡੋ। ਪਰ ਉਹ ਆਪਣੇ ਮੂੰਹੋਂ ਬੇਜੀ ਵਿਰੁੱਧ ਬਿੱਲੇ ਅੱਗੇ ਕਦੀ ਕੁਝ ਨਹੀਂ ਸੀ ਬੋਲਦੀ। ਉਹ ਨਹੀਂ ਸੀ ਚਾਹੁੰਦੀ ਕਿ ਬਿੱਲੇ ਦੀਆਂ ਨਜ਼ਰਾਂ ਵਿਚ ਉਹ ਚੁਗਲਖੋਰ ਬਣੇ। ਦਿਲ ਦਾ ਗੁਬਾਰ ਉਹ ਮਾਮੋ ਅੱਗੇ ਹੀ ਕੱਢਦੀ ਸੀ। ਚੁੱਲ੍ਹੇ ਚੌਂਕਿਆਂ ਤੋਂ ਵਿਹਲੀਆਂ ਹੋ ਪਿੰਡ ਦੀਆਂ ਸਾਰੀਆਂ ਕੁੜੀਆਂ, ਨੂੰਹਾਂ ਆਪਣੇ ਭਾਂਡੇ, ਘੜੇ ਤੇ ਕੱਪੜੇ ਚੁੱਕ ਪਿੰਡ ਵਿਚਾਲੇ ਵਗਦੇ ਆੜ (ਪਹਾੜੀ ਕੂਲ) ਉੱਤੇ ਆ ਰੌਣਕ ਲਾਉਂਦੀਆਂ। ਸਾਰਾ ਦਿਨ ਉਥੇ ਬਸ ਮੇਲਾ ਹੀ ਲੱਗਾ ਰਹਿੰਦਾ। ਹਾਸੇ, ਮਖ਼ੌਲ, ਚੁਗਲੀਆਂ, ਲੜਾਈਆਂ, ਸਾੜੇ, ਤਾਹਨੇ-ਮਿਹਣੇ, ਫ਼ੁਰਸਤ ਨਾਲ ਸਾਰਾ ਹਿਸਾਬ ਕਿਤਾਬ ਆੜ 'ਤੇ ਬੈਠਿਆਂ ਹੀ ਹੁੰਦਾ।

"ਕੇ ਆਖਦੀ ਫਿਰ ਤੇਰੀ ਸੱਸ। ਰੋਣਾ ਪਿੱਟਣਾ ਤਾਂ ਖ਼ੂਬ ਪਾਇਆ ਹੋਸੀ ਉਸ ?" ਮਾਮੋ ਨੇ ਹੌਲੀ ਜਹੀ ਬਿੱਲੋ ਤੋਂ ਪੁੱਛਿਆ। ਉਸ ਨੂੰ ਵੈਸੇ ਵੀ ਨਿੰਦਿਆ ਚੁਗਲੀ ਸੁਣਨ/ਕਰਨ ਵਿਚ ਬਹੁਤ ਸੁਆਦ ਆਉਂਦਾ ਸੀ।

"ਹਾਇ ਪਵਸ ਛਿਆਂ ਮਹੀਨਿਆਂ ਦੀ ਲੰਮੀ ਬਿਮਾਰੀ ਨਰਕਾਂ ਜੋਗੀ ਕੋ।" ਭਰੀ ਪੀਤੀ ਬਿਲੋ ਇਕਦਮ ਡੁਲ੍ਹ ਪਈ। "ਕਲ੍ਹ ਦਾ ਉਸ ਘਰ ਵਿਚ ਜੰਗ ਛੇੜੀ ਦੀ ਆ। ਮੇਰਾ ਤਾਂ ਖਾਣਾ ਪੀਣਾ ਹਰਾਮ ਕਰ ਛੋੜੇ ਦਾ ਉਸ। ਅਖਾ ਇਹੀ ਕੰਜਰੀ ਸਿਖਾਲਦੀ ਆ ਆਪਣੇ ਖਸਮਾ ਕੋ, ਤੇ ਉਹ ਇਸ ਭਰਾਵਾਂ ਪਿੱਟੀ ਦੀਆਂ ਗੱਲਾਂ ਵਿਚ ਆ ਕੇ ਚੁੱਲ੍ਹੇ ਵੱਖ ਕਰਨ ਨੂੰ ਮਛਰਿਆ ਫਿਰਦਾ।" ਭਰਾਵਾਂ ਦੀ ਗਾਲ੍ਹ ਦਾ ਦੁੱਖ ਮਾਮੋ ਅੱਗੇ ਫੋਲਦਿਆਂ ਬਿੱਲੋ ਦੀਆਂ ਅੱਖਾਂ ਵਰ੍ਹ ਪਈਆਂ। ਬਿੱਲੋ ਕੁਝ ਕਹਿਣ ਹੀ ਲੱਗੀ ਸੀ ਕਿ ਪਰਲੇ ਖੋੜਾਂ ਦੇ ਬਾਗ਼ ਵਾਲੇ ਪਾਸਿਓਂ ਕਿਸੇ ਜ਼ਨਾਨੀ ਦੀਆਂ ਜ਼ੋਰ ਜ਼ੋਰ ਨਾਲ ਗਾਲ੍ਹਾਂ ਕੱਢਣੀਆਂ ਸੁਣ ਸਾਰੀਆਂ ਉੱਠ-ਉੱਠ ਉਧਰ ਵੇਖਣ ਲੱਗ ਪਈਆਂ।

ਤਦੇ ਉਪਰਲੀ ਬਸਤੀ ਦੀ ਤਾਜੀ ਗੁੱਜਰੀ ਗਾਲ੍ਹਾਂ ਕੱਢਦੀ ਤੇ ਹਾਏ-ਵਾਏ ਕਰਦੀ ਸੀਨਾ ਪਿਟਦੀ ਆੜ 'ਤੇ ਆ ਕੇ ਉੱਚੀ ਉੱਚੀ ਬੋਲਣ ਲੱਗੀ। ਸਾਰੀਆਂ ਉਸ ਨੂੰ ਪੁੱਛਣ ਲੱਗੀਆਂ ਕਿ ਆਖ਼ਰ ਹੋ ਕੀ ਗਿਆ।

"ਯਾ ਜੈਲਾ, ਕਰਤਾਰੇ ਦਾ ਪੂਤ, ਮੇਰੇ ਪਿਓ ਦਾ ਸਾਲਾ, ਮਿਨਾ ਬਣ ਗਈ ਨਾ ਟੱਕਰ ਗਿਆ। ਹੂੰ ਲੱਕੜਾਂ ਦੀ ਭਰੀ ਸਿਰ 'ਤੇ ਚੁੱਕ ਬਨ 'ਚੋਂ ਆ ਰਹੀ ਸਾਂ ਕਿ ਕੀੜੇ ਪੈਣ ਜੋਗਾ ਮਾਹਰੇ ਸਾਹਮਣੇ ਆ ਖੜ੍ਹਾ ਹੋਇਆ। ਮੈਂ ਹੱਕੀ ਬੱਕੀ ਰਹਿ ਗਈ। ਹੱਥ ਮੇਰੇ ਦੋਏਂ ਉੱਪਰ...ਇਸ ਤਰ੍ਹਾਂ...।" ਉਸ ਦੋਵੇਂ ਹੱਥ ਸਿਰ ਤੋਂ ਉੱਪਰ ਚੁੱਕ ਕੇ ਦੱਸਿਆ ਕਿ ਕਿਵੇਂ ਲੱਕੜਾਂ ਦੀ ਗੱਠੜੀ ਚੁੱਕੀ ਸੀ।

"ਉਸ ਹਰਾਮਜ਼ਾਦੇ ਨੇ ਸਿੱਧਾ ਮੇਰੇ ਸੀਨੇ ਹੱਥ ਪਾ ਦਿੱਤਾ...ਇਥੇ...।" ਉਸ ਨੇ ਆਪਣੇ ਢਿੱਲੇ ਢਾਲੇ ਕੁੜਤੇ ਵੱਲ ਇਸ਼ਾਰਾ ਕਰਦਿਆਂ ਦੱਸਿਆ। ਆੜ 'ਤੇ ਬੈਠੀਆਂ ਹੱਸਦੀਆਂ ਠਿਠੋਲੀਆਂ ਕਰਦੀਆਂ ਨੂੰਹਾਂ ਧੀਆਂ 'ਤੇ ਜਿਵੇਂ ਕੋਈ ਬੱਜਰਪਾਤ ਹੋ ਗਿਆ। ਹੁੰਦਾ ਵੀ ਕਿਉਂ ਨਾ, ਜੈਲੇ ਦੀ ਭੈਣ ਵੀ ਤਾਂ ਉਥੇ ਹੀ ਭਾਂਡੇ ਮਾਂਜ ਰਹੀ ਸੀ। ਔਰਤਾਂ ਕਦੀ ਤਾਜੀ ਵੱਲ ਤੇ ਕਦੀ ਜੈਲੇ ਦੀ ਭੈਣ ਬਨਸੀ ਵੱਲ ਵੇਖਣ। ਤਾਜੀ ਤਾਂ ਉਸੇ ਤਰ੍ਹਾਂ ਝੱਗ ਉਗਲ ਰਹੀ ਸੀ।

"ਹੂੰ ਜਾ ਰਹੀ ਹਾਂ ਪੰਚੈਤੇ ਮਾ। ਥਾਰ੍ਹੇ ਧਰਮਸਾਲ ਮਾ ਸਭ ਸਿਖ ਸਿਖਨੀਆਂ ਨਾ ਕੱਠਾ ਕਰਕੇ ਹੂੰ, ਉਨ੍ਹਾਂ ਸਾਹਮਣੇ ਉਸ ਕੰਜਰ ਮਾ ਸਿਰ ਆਪਣੀ ਜੁੱਤੀ ਨਾਲ ਭੰਨਣਾ।" ਤਾਜੀ ਨੂੰ ਸ਼ਾਂਤ ਕਰਾਉਣ ਲਈ ਕਿਸੇ ਕੋਲ ਕੋਈ ਹਮਦਰਦੀ ਦਾ ਲਫ਼ਜ਼ ਵੀ ਨਹੀਂ ਸੀ।

"ਉਸ ਦੇ ਘਰ 'ਤੇ ਤਰੱਠ ਕਾ ਗੋਲਾ ਪਵੇ। ਉਸ ਨਾ ਪਤੋ ਨੀ ਕਿ ਇਸ ਜੰਗਲ ਗਾ ਰਾਖਾ ਮਾਰ੍ਹਾ ਮਾਮਾ ਲਗੈ। ਉਸ ਨਾ ਆਖ ਕੇ ਜੈਲੜੇ ਹਰਾਮੀ ਨਾ ਢਿੱਡ ਪੜਵਾਊਂਗੀ। ਇਸ ਮਾਦਰ...ਨਾ ਹੂੰ ਦਸੂੰ ਕਿ ਜਨਾਨੀ ਗੀ ਇਜ਼ਤ ਨਾ ਹੱਥ ਪਾਣ ਗੀ ਸਜ਼ਾ ਕੀ ਹੁੰਦੀ ਐ...।"

ਸ਼ੂਕਦੀ ਕੂਕਦੀ ਤਾਜੀ ਉਥੋਂ ਨਿਕਲ ਛਾਤੀ ਪਿਟਦੀ ਪਿੰਡ ਜਾ ਵੜੀ। ਕਈ ਦਿਨ ਪਿੰਡ ਵਿਚ ਗ਼ੁੱਸਾ, ਤਣਾਅ ਤੇ ਬਦਅਮਨੀ ਰਹੀ। ਗੁੱਜਰਾਂ ਨਾਲ ਬਸਤੀ ਦੇ ਮੁਸਲਮਾਨ ਵੀ ਮਿਲ ਕੇ ਸਿੱਖਾਂ ਕੋਲ ਸ਼ਿਕਾਇਤ ਕਰਨ ਆ ਗਏ। ਆਖ਼ਰ ਵੱਡਿਆਂ ਵਡੇਰਿਆਂ ਮਿਲ ਕੇ ਇਧਰ ਉਧਰ ਸਮਝਾ ਬੁਝਾ ਕੇ ਸਮਝੌਤਾ ਕਰਾਇਆ। ਫ਼ੈਸਲਾ ਇਹ ਹੋਇਆ ਕਿ ਜੈਲਾ ਗਲ ਵਿਚ ਘਾਹ ਪਾ ਕੇ ਗੁਰਦੁਆਰੇ ਵਿਚ ਸਭ ਦੇ ਸਾਹਮਣੇ ਤੇ ਬਸਤੀ ਦੇ ਗੁਜਰਾਂ ਮੁਸਲਮਾਨਾਂ ਸਾਹਮਣੇ ਤਾਜੀ ਤੋਂ ਮਾਫ਼ੀ ਮੰਗੇਗਾ। ਜੈਲੇ ਨੂੰ ਆਪਣਾ ਮੂੰਹ ਕਾਲਾ ਕਰਾਉਣ ਤੋਂ ਬਚਣ ਲਈ ਉਸੇ ਤਰ੍ਹਾਂ ਤਾਜੀ ਤੋਂ ਮਾਫ਼ੀ ਮੰਗਣੀ ਪਈ ਜਿਵੇਂ ਉਸ ਨੂੰ ਕਿਹਾ ਗਿਆ।

ਇਸੇ ਰੌਲੇ ਰੱਪੇ ਦੌਰਾਨ ਹੀ ਬਿੱਲੇ ਨੇ ਪੋਜੀ ਨੂੰ ਰਾਜ਼ੀ ਕਰ ਹੀ ਲਿਆ ਕਿ ਉਸ ਨੂੰ ਵੱਖਰਾ ਮਕਾਨ ਬਣਾਣ ਲਈ ਕੁਝ ਜ਼ਮੀਨ ਦੇ ਦੇਵੇ। ਪੋਜੀ ਦੇ ਦਿਲ ਵਿਚ ਵੀ ਪਤਾ ਨਹੀਂ ਕਿਵੇਂ ਦਯਾ ਆ ਗਈ ਕਿ ਹਾੜੀਆਂ-ਅਲੂਚਿਆਂ ਵਾਲੇ ਬਾਗ਼ ਵਿਚ ਉਸ ਨੂੰ ਜਗ੍ਹਾ ਦੇ ਦਿੱਤੀ ਗਈ। ਬੇਜੀ ਨੇ ਬਥੇਰਾ ਰੌਲਾ ਪਾਇਆ, ਭਾਈਆਂ-ਭਾਬੀਆਂ ਤਿਲਮਿਲਾਏ ਪਰ ਬਿਨਾ ਕਿਸੇ ਦੀ ਪਰਵਾਹ ਕੀਤੇ ਬਿੱਲਾ ਸਿੰਘ ਨੱਬ ਖੂੰਖੇ ਕੋਲ ਚਲਾ ਗਿਆ।

"ਐਸਾ ਮਕਾਨ ਬਣਾ ਨਬਿਆ ਕਿ ਤੇਰੀ ਬੋਇਕਾਕੀਂ ਦੇ ਦਿਲੋਂ ਸਾਰਾ ਮਲਾਲ ਨਿਕਲ ਜਾਵੇ ਕਿ ਉਸ ਨੂੰ ਸ਼ਹਿਰ ਛੱਡ ਕੰਡੀ ਗਰਾਂ ਵਿਚ ਵਿਆਹ ਕਰਕੇ ਆਣਾ ਪਿਆ। ਬਸ ਉਸ ਦੀਆਂ ਰੀਝਾਂ ਦੇ ਹਾਣ ਦਾ ਮਕਾਨ ਬਣਨਾ ਚਾਹੀਦਾ ਹੈ।"

ਨੱਬ ਖੂੰਖੇ ਨੂੰ ਲੱਗਾ ਜਿਵੇਂ ਬਿੱਲੋ ਲਈ ਮਕਾਨ ਬ੍ਰਿਓੜ ਸਿੰਘ ਨਹੀਂ ਸਗੋਂ ਉਹ ਹੀ ਬਣਾ ਰਿਹਾ ਹੈ। ਬਿੱਲੋ ਦੀਆਂ ਰੀਝਾਂ ਦੇ ਹਾਣ ਦਾ ਮਕਾਨ। ਪੈਸਾ ਬੇਸ਼ਕ ਬ੍ਰਿਓੜ ਸਿੰਘ ਲਗਾਵੇਗਾ ਪਰ ਕਾਰੀਗਰੀ ਤਾਂ ਨੱਬ ਛਾਲ ਦੀ ਹੀ ਹੋਵੇਗੀ। ਉਸ ਨੇ ਅਗਲੇ ਹੀ ਦਿਨ ਆਉਣ ਦਾ ਵਾਅਦਾ ਕਰ ਲਿਆ। ਜ਼ਮੀਨ ਦੀ ਗਿਣਤੀ ਬਾਦ ਬਿੱਲੇ ਨੇ ਇੱਟਾਂ ਦੇ ਭੱਠੇ ਤੋਂ ਵਧੀਆ ਇੱਟਾਂ, ਜੰਗਲ 'ਚੋਂ ਸਾਫ਼ ਸੁਥਰੀ ਲੱਕੜ, ਘੜੇ ਹੋਏ ਵਧੀਆ ਪੱਥਰ ਸਭ ਬੰਦੋਬਸਤ ਕਰ ਲਿਆ। ਨੱਬ ਨੇ ਤਾਂ ਸਵੇਰ ਤੋਂ ਰਾਤ ਉਥੇ ਹੀ ਡੇਰੇ ਲਾ ਲਏ।

ਬਿੱਲਾ ਸਾਰਾ ਦਿਨ ਉਨ੍ਹਾਂ ਨਾਲ ਲੱਗਾ ਰਹਿੰਦਾ ਪਰ ਚਾਹ ਪਾਣੀ ਪੁੱਛਣ ਬਿੱਲੋ ਵਿਚੋਂ ਵਿਚੋਂ ਗੇੜਾ ਮਾਰ ਜਾਂਦੀ। ਉਸ ਨੂੰ ਉਥੇ ਵੇਖ ਨੱਬ ਖੂੰਖੇ ਦਾ ਤੇਸਾ, ਰੰਦਾ ਹੋਰ ਤੇਜ਼ ਤੇ ਕੁਸ਼ਲਤਾ ਨਾਲ ਚੱਲਣ ਲੱਗ ਪੈਂਦਾ। ਮਾਮੋ ਵੀ ਵਿਹਲ ਮਿਲਦੇ ਹੀ ਬਿੱਲੋ ਕੋਲ ਆ ਬੈਠਦੀ।

"ਹਾਈ ਨੀ ਕੋੜ੍ਹ ਪਵਾ ਇਸ ਨੱਬ ਖੂੰਖੇ ਕੋ। ਸਾਰੀ ਧਿਆੜੀ ਤੰਬਾਕੂ ਚੱਬਦਾ ਰਹਿੰਦਾ ਮਰੇ ਜੋਗਾ। ਦੰਦ ਦਿਖਸ ਕਿਸ ਤਰ੍ਹਾਂ ਕਾਲੇ ਮਕੂਰੇ ਕੀਤੇ ਦੇਅਨ।" ਮਾਮੋ ਨੱਕ ਮਰੋੜਦੀ ਤਾਂ ਬਿੱਲੋ ਹੱਸ ਪੈਂਦੀ।

"ਜੇ ਤੂੰ ਦੇਖੇਂ ਇਸਕੋ ਨਾਸਾਂ ਵਿਚ ਨਸਵਾਰ ਭਰਦਿਆਂ ਤਾਂ ਹੱਸ ਹੱਸ ਕੇ ਪੁੱਠੀ ਹੋ ਜਾਵੇਂ। ਮਿੰਟ ਮਿੰਟ ਬਾਅਦ ਜੇਬੇ 'ਚੋਂ ਨਸਵਾਰ ਦੀ ਡੱਬੀ ਕੱਢਦਾ, ਚੁਟਕੀ ਭਰਦਾ ਤੇ ਨਾਸਾਂ ਵਿਚ ਚਾੜ੍ਹ ਦੇਂਦਾ। ਪਤਾ ਨਹੀਂ ਕਿਸ ਤਰ੍ਹਾਂ ਪਾ ਸਕਦਾ ਨਸਵਾਰ। ਨਿੱਛਾਂ ਵੀ ਨਹੀਂ ਮਾਰਦਾ।"

"ਓਹ ਦਿਖ ਦਿਖ...ਅਸਾਂ ਕੋ ਦਿਖ ਮੂੰਹ ਪਰ੍ਹਾਂ ਕਰ ਝਾੜੀਆਂ ਵੱਲ ਚਲਾ ਗਿਆ। ਜ਼ਰੂਰ ਪਸ਼ਾਬ ਕਰਨ ਗਿਆ ਹੋਸੀ। ਸ਼ਰਮ ਵੀ ਨਹੀਂ ਆਈ ਕੰਜਰ ਕੋ। ਅਸਦੀਆਂ ਨਜ਼ਰਾਂ ਸਾਹਮਣੇ ਹੀ ਬੈਠਦੇ।"

"ਉਸ ਨੂੰ ਨਹੀਂ ਆਂਦੀ ਸ਼ਰਮ ਤਾਂ ਅਸੀਂ ਹੀ ਕਰ ਲਈਏ। ਅਸੀਂ ਕਿਉਂ ਵੇਖ ਰਹੀਆਂ ਉਸ ਨੂੰ। ਚੱਲ ਉੱਠ ਇਥੋਂ। ਮੈਂ ਮਰਚਾ ਪਰੋਣੀਆਂ ਜਾ ਕੇ।"

ਬਿੱਲੋ ਨੇ ਹੁੱਝਕਾ ਮਾਰਿਆ ਪਰ ਮਾਮੋ ਅਜੇ ਵੀ ਨੱਬ ਖੂੰਖੇ ਦਾ ਗ਼ੁੱਸਾ ਉਤਾਰ ਰਹੀ ਸੀ—"ਇਹ ਕੋੜ੍ਹੇ ਪਿਸ਼ਾਬ ਕਰਕੇ ਮਿੱਟੀ ਮਲਦੇ ਨੇ... ਥੂ...।" ਆਖਦਿਆਂ ਮਾਮੋ ਨੇ ਪਰ੍ਹੇ ਥੁੱਕ ਦਿੱਤਾ। ਪਰ ਬਿੱਲੋ ਹੈਰਾਨੀ ਨਾਲ ਉਸ ਵੱਲ ਵੇਖਿਆ—"ਤੂੰ ਕਦੋਂ ਵੇਖ ਲਿਆ ਨੀ ?"

ਮਾਮੋ ਖਿਸਿਆ ਗਈ—"ਲਾਲੀ ਦਾ ਪਿਓ ਦਸਦਾ ਨੀ ਮੁਗੋ। ਤੂੰ ਵੀ ਬਸ ਝੱਲੀ ਹੀ ਹੈਂ।" ਉਹ ਨਜ਼ਰਾਂ ਚੁਰਾ ਗਈ।

"ਹੱਛਾ ਹੋਰ ਕੇ ਦੱਸਦਾ ਲਾਲੀ ਦਾ ਪਿਉ ?" ਬਿੱਲੋ ਅੱਖ ਦਬਾ ਕੇ ਬੋਲੀ, ਜਿਵੇਂ ਉਹ ਗੱਲ ਯਾਦ ਕਰਾ ਰਹੀ ਹੋਵੇ, ਜਦ ਮਾਮੋ ਨੇ ਦੱਸਿਆ ਸੀ—"ਦਿਲ ਕਰਦਾ ਬ੍ਰਿਓੜ ਸਿੰਘ ਦੀ ਜ਼ਨਾਨੀ ਨੂੰ...।" ਦੋਵੇਂ ਗੜ੍ਹਾਕਾ ਮਾਰ ਹੱਸ ਪਈਆਂ।

"ਪਤਾ ਤੈਨੂੰ, ਇਸ ਨੇ ਝਾੜੀ ਪਿੱਛੇ ਜਜੀਰੀ (ਹੁੱਕਾ) ਛਪਾਈ ਹੁੰਦੀ ਆ। ਪਿਸ਼ਾਬ ਦੇ ਭਾਣੇ ਜਾ ਕੇ ਜਜੀਰੀ ਗੁੜਗੁੜਾ ਆਂਦਾ।"

"ਚੱਲ ਠੀਕ ਆ ਨਾ। ਉਹ ਜਜੀਰੀ ਪੀਵੇ ਜਾਂ ਨਸਵਾਰ ਸੁੰਘੇ, ਘਰ ਤਾਂ ਸਾਡਾ ਸੋਹਣਾ ਬਣਾ ਰਿਹਾ ਨਾ।"

"ਹਾਂ ਬਣਾਏਗਾ ਕਿਉਂ ਨਹੀਂ। ਤੂੰ ਜੋ ਹਰ ਵੇਲੇ ਉਸ ਦੀਆਂ ਨਜ਼ਰਾਂ ਸਾਹਮਣੇ ਹੈਂ।"

"ਚੱਲ ਨੀ ਕੰਜਰੀਏ...ਦਫ਼ਾ ਹੋ। ਹੱਛਾ, ਮੈਂ ਸਾਰਿਆਂ ਵਾਸਤੇ ਚਾਹ ਬਣਾਵਾਂ। ਹੁਣੇ ਪਿੰਕੀ ਦੇ ਡੈਡੀ ਆਵਾਜ਼ ਮਾਰਨਗੇ।"

ਆਖਦੀ ਬਿੱਲੋ ਰਸੋਈ ਵੱਲ ਚਲੀ ਗਈ। ਉਸ ਨੂੰ ਚੁੱਲ੍ਹਾ ਬਾਲਦੇ ਵੇਖ ਮਾਮੋ ਵੀ ਕੜਛੋਲ ਵਿਚ ਅੱਗ (ਅੰਗਿਆਰ) ਭਰ ਕੇ ਆਪਣੇ ਘਰ ਲੈ ਗਈ। ਇਸੇ ਅੱਗ ਨਾਲ ਉਸ ਆਪਣੇ ਘਰ ਦਾ ਚੁੱਲ੍ਹਾ ਸੁਲਘਾ ਕੇ ਰੋਟੀ ਦਾ ਆਹਰ ਕਰਨਾ ਸੀ।

ਬਿੱਲੇ ਸਿੰਘ ਨੂੰ ਸ਼ਹਿਰ ਕੁਝ ਸਮਾਨ ਲੈਣ ਜਾਣਾ ਪਿਆ। ਮਕਾਨ ਦੀ ਪਹਿਲੀ ਮੰਜ਼ਿਲ ਤਿਆਰ ਹੋ ਗਈ ਸੀ ਤੇ ਇਕੱਲ ਸ਼ਤੀਰੀਆਂ ਪੈ ਚੁੱਕੀਆਂ ਸਨ। ਛੱਤ ਪਾਣ ਲਈ ਵਧੀਆ ਟੀਨ ਲਿਆਉਣ ਹੀ ਬਿੱਲਾ ਸ਼ਹਿਰ ਗਿਆ ਸੀ। ਮੁੱਖ ਦਰਵਾਜ਼ੇ ਦੀ ਵਧੀਆ ਨੱਕਾਸ਼ੀ ਕਰਦਿਆਂ ਕੰਧਾਂ ਦੀਆਂ ਖ਼ਾਲੀ ਥਾਵਾਂ ਭਰਦਿਆਂ ਨੱਬਾ ਕਿੰਨੀ ਦੇਰ ਗ਼ੌਰ ਨਾਲ ਦਰਵਾਜ਼ੇ ਨਾਲ ਵਾਲੀ ਉਸ ਥਾਂ ਨੂੰ ਵੇਖ ਰਿਹਾ ਸੀ ਜਿਥੇ ਥੰਮ੍ਹ ਫਸਾ ਕੇ ਦਰਵਾਜ਼ੇ ਦੀ ਚੁਗਾਠ ਨੂੰ ਸਹਾਰਾ ਦਿੱਤਾ ਗਿਆ ਸੀ।

"ਕੀ ਵੇਖ ਰਿਹਾ ਹੈਂ ਨੱਬਿਆ।" ਤੋਤੇ ਨੇ ਉਸ ਨੂੰ ਸੋਚਾਂ ਵਿਚ ਡੁੱਬੇ ਪੁੱਛਿਆ।

ਨੱਬਾ ਮੁਸਕਰਾ ਪਿਆ ਤੇ ਜੁਆਬ ਦੇਣ ਦੀ ਥਾਂ ਉਸ ਨੇ ਇਕ ਪੱਕੀ ਇੱਟ ਚੁੱਕੀ। ਉਸ ਨੂੰ ਚੰਗੀ ਤਰ੍ਹਾਂ ਵੇਖ ਪਰਖ, ਆਪਣੀ ਜੇਬ 'ਚੋਂ ਦੇਸੀ ਚਾਕੂ ਕੱਢ ਕੇ ਇੱਟ ਦੇ ਪੁੱਠੇ ਪਾਸੇ ਚਾਕੂ ਦੀ ਨੋਕ ਨਾਲ ਕੁਝ ਤਰਾਸ਼ਣ ਲੱਗ ਪਿਆ। ਤੋਤਾ ਹੈਰਾਨੀ ਨਾਲ ਵੇਖੀ ਜਾ ਰਿਹਾ ਸੀ। ਤਦੇ ਨੱਬ ਖੂੰਖੇ ਨੇ ਤਰਾਸ਼ੀ ਹੋਈ ਇੱਟ ਤੋਤੇ ਸਾਹਮਣੇ ਕਰ ਦਿੱਤੀ।

"ਓਏ ਤੇਰਾ ਸਤਿਆਨਾਸ ਹੋਵੇ ਸੁਲਿਆ ਸਾਲਿਆ...ਇਹ ਕੀ ਓਏ...?" ਤੋਤੇ ਦੇ ਮੂੰਹੋਂ ਹੈਰਾਨੀ ਨਾਲ ਨਿਕਲ ਗਿਆ। ਨੱਬ ਖੂੰਖੇ ਨੇ ਇੱਟ 'ਤੇ ਆਪਣਾ ਤੇ ਬਿੱਲੋ ਦਾ ਨਾਂ ਚਾਕੂ ਦੀ ਨੋਕ ਨਾਲ ਡੂੰਘਾ ਖੁਣ ਦਿੱਤਾ ਸੀ। ਹੈਰਾਨ ਹੋਏ ਤੋਤੇ ਨੂੰ ਮੁਸਕਰਾ ਕੇ ਵੇਖਦਿਆਂ ਨੱਬੇ ਨੇ ਇੱਟ ਠਾਹ ਕਰਕੇ ਉਸ ਖ਼ਾਲੀ ਥਾਂ ਵਿਚ ਜੜ ਦਿੱਤੀ ਜਿਥੇ ਦਰਵਾਜ਼ੇ ਨੂੰ ਸਹਾਰਾ ਦੇਣ ਲਈ ਪਹਿਲਾਂ ਥੰਮ੍ਹ ਪਾਇਆ ਗਿਆ ਸੀ। ਇੱਟ ਉਸ ਥਾਂ 'ਤੇ ਫਿੱਟ ਹੋ ਗਈ।

"ਹੁਣ ਕਰਕੇ ਵਿਖਾਏ ਕੋਈ ਸਾਨੂੰ ਵੱਖ।" ਉਹ ਗੜਾਕਾ ਮਾਰ ਹੱਸਿਆ ਤੇ ਮੁੜ ਆਪਣੇ ਕੰਮ ਰੁੱਝ ਗਿਆ।

"ਤੂੰ ਤਾਂ ਪੂਰਾ ਦੀਵਾਨਾ ਹੋ ਗਿਆ ਏਂ ਹੂਨਿਆ (ਕੁੱਤਿਆ)। ਉਸ ਦੇ ਘਰਵਾਲੇ ਨੂੰ ਪਤਾ ਲੱਗੇ ਤਾਂ ਤੇਰੀ ਚਮੜੀ ਲਾਹ ਸੁੱਟੇ।"

"ਓਏ ਤੂੰ ਕੀ ਜਾਣੇ ਦੀਵਾਨਗੀ ਸਿੱਖਾ...ਵਲਾਹ...ਅਗਰ ਜਾਨ ਦੇਣੀ ਪੈ ਜਾਏ ਨਾ, ਮੈਂ ਤਾਂ ਬੋਇਕਾਕੀਂ ਲਈ ਜਾਨ ਵੀ ਦੇ ਦਿਆਂ...।" ਉਹ ਆਪਣੀ ਰੌਂ ਵਿਚ ਬੋਲਿਆ।

ਮਕਾਨ ਤਿਆਰ ਹੋ ਗਿਆ ਪਰ ਅਜੇ ਰਹਿਣ ਲਾਇਕ ਬਣਾਨ ਲਈ ਬਥੇਰੇ ਕੰਮ ਬਾਕੀ ਸਨ। ਖਿੜਕੀਆਂ ਦਰਵਾਜ਼ੇ ਲੱਗ ਗਏ ਸਨ ਪਰ ਖਿੜਕੀਆਂ ਵਿਚ ਸ਼ੀਸ਼ੇ ਅਜੇ ਲੱਗਣੇ ਸਨ। ਬਿੱਲੇ ਦੇ ਬੈੱਡਰੂਮ ਵਿਚ ਬਣਾਈ ਅਲਮਾਰੀ ਵਿਚ ਨੱਬੇ ਨੇ ਖ਼ਾਸ ਤੌਰ ਉੱਤੇ ਉਸ ਥਾਂ 'ਤੇ ਸ਼ੀਸ਼ਾ ਜੜਿਆ ਸੀ ਕਿ ਬਿਸਤਰੇ 'ਤੇ ਬੈਠੀ ਬਿੱਲੋ ਦਾ ਨਕਸ਼ ਸਿੱਧਾ ਸਾਹਮਣੇ ਸ਼ੀਸ਼ੇ ਵਿਚ ਦਿਸੇ। ਜਿਵੇਂ ਜਿਵੇਂ ਕੰਮ ਮੁੱਕਦਾ ਜਾ ਰਿਹਾ ਸੀ ਨੱਬੇ ਦੀ ਆਵਾਜ਼ ਸੋਗੀ ਹੋ ਰਹੀ ਸੀ। ਉਹ ਬੜੀ ਸ਼ਿੱਦਤ ਨਾਲ ਕਸ਼ਮੀਰੀ ਲੋਕਗੀਤ ਗਾਉਂਦਾ ਤਾਂ ਜੋ ਬਿੱਲੋ ਵੀ ਸੁਣ ਲਵੇ।

"ਸ਼ਮਾ ਤਇ ਪੋਂਪੁਰ...।" ਗਾਉਂਦੇ ਗਾਉਂਦੇ ਉਸ ਦਾ ਗਲਾ ਭਰ ਗਿਆ ਤੇ ਅਗਲੇ ਬੋਲ ਸੰਘ ਵਿਚ ਹੀ ਫਸ ਗਏ।

"ਦੋਨਵਇ ਦਜ਼ਿਥ ਗਏ ਅਦ ਸਪਦਿਓਖ ਯਾਰਾਨ...ਤਇ

ਪਨੁਨ ਆਸਿਥ ਛੁਖ ਜ਼ੁ ਲਾਗਨ ਬੇਗਾਨ...ਤਦਿ...

ਹੋ ਅਸ਼ਕ ਚੂਰੋ...।"

ਰੁੰਧੇ ਗਲੇ ਨਾਲ ਹੀ ਉਹ ਬੋਲਿਆ—"ਤੈਨੂੰ ਪਤਾ ਤੋਤਿਆ ਇਸ ਗੀਤ ਦਾ ਕੀ ਮਤਲਬ ਹੈ ?"

"ਹਾਂ ਸ਼ਮਾ ਤੇ ਪਰਵਾਨਾ...ਜਿਹਾ ਕੁਝ...।" ਤੋਤੇ ਨੇ ਲਾਪਰਵਾਹੀ ਨਾਲ ਕਿਹਾ।

"ਆਖਦਾ ਸ਼ਾਇਰ ਕਿ ਸ਼ਮਾ ਤੇ ਪਰਵਾਨਾ ਜਦ ਇਕ ਦੂਜੇ ਲਈ ਸੜਦੇ ਤੇ ਮਰ ਜਾਂਦੇ ਹਨ ਤਾਂ ਹੀ ਉਨ੍ਹਾਂ ਦਾ ਯਾਰਾਨਾ ਮੁਕੰਮਲ ਹੁੰਦਾ ਹੈ।"

"ਹੂੰ...ਹਾਂ ਤੂੰ ਪਰਵਾਨਾ ਹੈਂ...।"

"ਸੱਚ ਆਖਾਂ ਤੋਤਿਆ ? ਅਗਰ ਮਰਨ ਵੇਲੇ ਅੱਲਾਹ ਮੈਨੂੰ ਕਹੇ ਨਾ ਕਿ ਕੋਈ ਆਖ਼ਰੀ ਇਕ ਖ਼ਾਹਿਸ਼ ਦੱਸ ਜੋ ਪੂਰੀ ਹੋ ਸਕਦੀ ਹੈ ਤਾਂ ਜਾਣਦਾ ਮੈਂ ਕੀ ਮੰਗਾਂ ?"

"ਕੀ ?" ਤੋਤੇ ਨੇ ਉਤਸੁਕਤਾ ਨਾਲ ਪੁੱਛਿਆ।

"ਮੈਂ ਮੰਗਾਂ ਕਿ ਮੇਰੇ ਮਰਣ 'ਤੇ ਬੋਇਕਾਕੀਂ ਨੂੰ ਵੀ ਮੇਰੇ ਨਾਲ ਹੀ ਲਿਟਾ ਦੇਵੇ ਕਬਰ ਵਿਚ।" ਉਹ ਉਦਾਸ ਸੀ।

"ਓਏ ਦੂਰ ਫਿਟੇ ਮੂੰਹ ਕੰਜਰਾ। ਓਏ ਤੂੰ ਮੁਸਲਾ, ਉਹ ਸਿਖਣੀ। ਤੇਰੇ ਨਾਲ ਕਬਰ ਵਿਚ ਕਿੰਞ ਜਾਸੀ ? ਉਹ ਮਰੇਗੀ ਤਾਂ ਉਸ ਨੂੰ ਚਿਖਾ 'ਤੇ ਸੜਨਾ ਪੈਸੀ। ਸਮਝਿਆ।"

"ਓਏ ਨਾ ਨਾ ਤੋਤਿਆ। ਇਹ ਤਾਂ ਜ਼ੁਲਮ ਹੈ...ਚੁ...ਚੁ...ਚੁ...ਚੁ...। ਤੂੰ ਆਪ ਸੋਚ ਏਨੀ ਸੋਹਣੀ ਮੂਰਤ, ਇੰਨੇ ਸੋਹਣੇ ਹੱਥ ਪੈਰ, ਗਜ਼ ਗਜ਼ ਲੰਮੇ ਵਾਲ...ਨਾਜ਼ੁਕ ਸਰੀਰ। ਸੋਚ ਭਲਾ ਕੀ ਇਹ ਸਭ ਅੱਗ ਵਿਚ ਸੜਨ ਲਾਇਕ ਹੈ ? ਇਹ ਗੁਨਾਹ ਹੈ।"

"ਕਬਰ ਵਿਚ ਤਾਂ ਕੀੜੇ ਹੀ ਖਾਣਗੇ ਨਾ।" ਤੋਤਾ ਹੱਸਿਆ।

"ਪਰ ਕੁਝ ਦਿਨ ਤਾਂ ਨਾਲ ਰਹਿ ਸਕਾਂਗੇ ਨਾ...।" ਦੋਵੇਂ ਉਦਾਸੀ ਦੇ ਬਾਵਜੂਦ ਵੀ ਜ਼ੋਰ ਦਾ ਗੜਾਕਾ ਮਾਰ ਹੱਸ ਪਏ।

ਭੱਜ ਦੌੜ ਕਾਰਨ ਬਿੱਲੋ ਨੂੰ ਡਾਢੀ ਲੱਕ ਪੀੜ ਹੋ ਗਈ ਸੀ। ਉਹ ਤੁਰਦੀ ਫਿਰਦੀ, ਨਵੇਂ ਬਣਦੇ ਮਕਾਨ ਦੀਆਂ ਪੌੜੀਆਂ ਚੜ੍ਹਦੀ ਕਮਰ 'ਤੇ ਹੱਥ ਰੱਖ ਤੁਰਦੀ। ਨੱਬੇ ਨੇ ਉਸ ਨੂੰ ਮਾਮੋ ਨਾਲ ਗੱਲ ਕਰਦਿਆਂ ਸੁਣ ਵੀ ਲਿਆ ਸੀ।

"ਇਸ ਦੌੜ ਭੱਜ ਨੇ ਲੱਕ ਦੂਹਰਾ ਕਰ ਦਿੱਤਾ। ਸੌਂਹ ਰੱਬ ਦੀ ਆੜ ਤੋਂ ਪਾਣੀ ਦਾ ਘੜਾ ਭਰ ਕੇ ਵੀ ਚੁੱਕ ਨਹੀਂ ਲਿਆਂਦਾ ਜਾ ਰਿਹਾ। ਰਾਤੀਂ ਮਾਲਿਸ਼ ਕੀਤੇ ਬਿਨਾ ਨੀਂਦ ਨਹੀਂ ਪੈਂਦੀ।" ਉਸ ਦੀ ਗੱਲ ਸੁਣ ਨੱਬਾ ਮੂੰਹ ਜਿਹਾ ਬਣਾਂਦਾ ਕੰਮੀ ਰੁੱਝ ਗਿਆ ਸੀ। ਅਖ਼ੀਰ ਸਭ ਤਿਆਰ ਹੋ ਗਿਆ। ਬਿੱਲੋ ਤੇ ਨੱਬੇ ਦੇ ਨਾਂ ਵਾਲੀ ਇੱਟ ਮੁੱਖ ਦਰਵਾਜ਼ੇ ਉੱਤੇ ਚਿਣੀ ਗਈ ਸੀ ਤੇ ਪੱਕੀਆਂ ਇੱਟਾਂ ਵਿਚਾਲੇ ਚਿੱਟਾ ਚੂਨਾ ਭਰ ਕੇ ਮਕਾਨ ਦਾ ਡਿਜ਼ਾਇਨ ਹੋਰ ਵੀ ਸੁੰਦਰ ਬਣਾ ਦਿੱਤਾ ਸੀ। ਜੋ ਵੀ ਵੇਖਦਾ ਨੱਬੇ ਦੀ ਕਾਰੀਗਰੀ ਦੀ ਤਾਰੀਫ਼ ਕਰਦਾ ਉਥੋਂ ਨੱਬੇ ਦੀ ਨਜ਼ਰ ਮੁੱਖ ਦਰਵਾਜ਼ੇ ਉੱਤੇ ਜਾ ਟਿਕਦੀ।

"ਚੱਲ ਚਿੱਟੀ ਮਿੱਟੀ ਲੈਣ ਚੱਲੀਏ। ਬਿਸਾਖੀ ਵੀ ਆ ਰਹੀ ਆ ਤੇ ਤੂੰ ਨਵੇਂ ਘਰ ਵੀ ਪ੍ਰਵੇਸ਼ ਕਰਨਾ। ਕੰਧਾਂ ਚੌਂਕਾ ਲਿੰਬਣਾ ਤਾਂ ਹੈ ਹੀ। ਮੈਂ ਵੀ ਮਦਦ ਕਰ ਦਿਆਂਗੀ ਤੇਰੀ।" ਮਾਮੋ ਨੇ ਸੁਲਾਹ ਮਾਰੀ। ਉਹ ਬਿੱਲੋ ਦੇ ਲੱਕ ਦਰਦ ਨੂੰ ਜਾਣਦੀ ਸੀ, ਇਸੇ ਲਈ ਮਦਦ ਕਰਨ ਦਾ ਵਾਅਦਾ ਕਰ ਲਿਆ।

ਨਾ ਚਾਹੁੰਦੇ ਹੋਏ ਵੀ ਬਿੱਲੋ, ਮਾਮੋ ਤੇ ਪਿੰਡ ਦੀਆਂ ਹੋਰ ਵੀ ਔਰਤਾਂ ਮਿੱਟੀ ਲੈਣ ਚਾਰ-ਪੰਜ ਮੀਲ ਦੂਰ ਪਿਰਨਾੜ ਦੀ ਮਿਟਖਨਾਈ (ਮਿੱਟੀ ਦੀ ਖਾਨ) ਚਲੀਆਂ ਗਈਆਂ। ਉਂਝ ਭਾਵੇਂ ਲਾਲ ਚਿਕਨੀ ਮਿੱਟੀ ਕਿਤੋਂ ਵੀ ਮਿਲ ਜਾਂਦੀ ਸੀ ਪਰ ਘਰਾਂ ਨੂੰ ਸੋਹਣਾ ਸਜਾਉਣ ਲਈ ਔਰਤਾਂ ਚਿੱਟੀ ਮਿੱਟੀ ਹੀ ਵਰਤਦੀਆਂ ਜਿਹੜੀ ਸਿਰਫ਼ ਪਿਰਨਾੜ ਦੀ ਮਿਟਖਨਾਈ (ਮਿੱਟੀ ਦੀ ਖਾਨ) 'ਚੋਂ ਹੀ ਨਿਕਲਦੀ ਸੀ। ਦੂਰ-ਦੂਰ ਦੇ ਪਿੰਡਾਂ ਇਲਾਕਿਆਂ ਦੀਆਂ ਔਰਤਾਂ ਇਥੋਂ ਹੀ ਮਿੱਟੀ ਲੈਣ ਆਂਦੀਆਂ। ਇਥੋਂ ਤਕ ਕਿ ਕੁਝ ਘੋੜਿਆਂ ਖੱਚਰਾਂ ਵਾਲੇ ਇਥੋਂ ਮਿੱਟੀ ਦੇ ਥੈਲੇ ਭਰ ਕੇ ਸ਼ਹਿਰਾਂ ਵਿਚ ਵੇਚਦੇ ਵੀ। ਮਿਟਖਨਾਈ ਦਿਨੋ-ਦਿਨ ਡੂੰਘੀ ਹੁੰਦੀ ਜਾ ਰਹੀ ਸੀ।

"ਨਬਿਆ ਮੈਂ ਕੱਲ੍ਹ ਕੰਮ ਨਹੀਂ ਆ ਸਕਦਾ।" ਤੋਤੇ ਨੇ ਕਿਹਾ ਤਾਂ ਵਜ੍ਹਾ ਪੁੱਛਣ 'ਤੇ ਉਸ ਨੇ ਦੱਸਿਆ ਪਿੰਡ ਦੀਆਂ ਔਰਤਾਂ ਮਿੱਟੀ ਲੈਣ ਪਿਰਨਾੜ ਜਾ ਰਹੀਆਂ ਹਨ।

ਬਿੱਲੋ ਦੀ ਲੱਕ ਪੀੜ ਯਾਦ ਕਰਕੇ ਨੱਬੇ ਨੇ ਸੋਚਿਆ ਕਿ ਕਿਉਂ ਨਾ ਕਿਸੇ ਕੰਮ ਉਹ ਵੀ ਓਸੇ ਪਾਸੇ ਚਲਾ ਜਾਵੇ ਤੇ ਕਿਸੇ ਬਹਾਨੇ ਬਿੱਲੋ ਦੀ ਮਿੱਟੀ ਦਾ ਥੈਲਾ ਉਹ ਆਪ ਚੁੱਕ ਲਿਆਵੇਗਾ। ਇਹੀ ਸੋਚ ਉਸ ਨੇ ਵੀ ਕੱਲ੍ਹ ਕੰਮ ਤੋਂ ਛੁੱਟੀ ਕਰਨ ਦਾ ਬਹਾਨਾ ਘੜ ਲਿਆ।

ਉਸ ਨੇ ਵੇਖਿਆ ਪਿੰਡ ਦੀਆਂ ਅੱਠ ਦਸ ਔਰਤਾਂ ਟੁੰਗਰੀਆਂ (ਖੁਰਪੀਆਂ) ਲੈ ਕੇ ਜ਼ੋਰ ਸ਼ੋਰ ਨਾਲ ਮਿੱਟੀ ਖੁੰਨਦੀਆਂ, ਹੱਸਦੀਆਂ, ਗੜਾਕੇ ਮਾਰ ਰਹੀਆਂ ਹਨ। ਕੋਈ ਤਾਂ ਉੱਚੀ ਸੁਰ ਵਿਚ ਗੀਤ ਵੀ ਗਾ ਰਹੀ ਸੀ।

"ਲਾਲ ਮਿੱਟੀ ਖਾਣੀ ਹੈ ਸਟਾ ਦੇ ਬੋਰਾ ਮਿੱਟੀ ਦਾ।"

"ਲਾਲ ਨਹੀਂ ਤਰੱਠਾ ਜੋਗੀਏ ਚਿੱਟੀ ਮਿੱਟੀ।" ਕੋਈ ਦੂਜੀ ਬੋਲੀ ਤਾਂ ਸਭ ਹੱਸ ਪਈਆਂ।

ਪਰ ਤਦੇ ਜਿਵੇਂ ਅਸਮਾਨ ਟੁੱਟ ਕੇ ਸਭ 'ਤੇ ਆ ਪਿਆ। ਚੀਖਾਂ, ਰੋਣਾ, ਪਿੱਟਣਾ ਤੇ ਮਦਦ ਮਦਦ ਦੀ ਚੀਖ਼ ਪੁਕਾਰ ਨਾਲ ਔਰਤਾਂ ਦੇ ਸੰਘ ਬੈਠ ਗਏ। ਨੱਬ ਖੂੰਖਾ ਜੋ ਬਿੱਲੋ ਦੀ ਉਡੀਕ ਵਿਚ ਕੁਝ ਦੂਰ ਸੇਬਾਂ ਦੇ ਰੁੱਖਾਂ ਓਹਲੇ ਬੈਠਾ ਸੀ, ਚੀਖ਼ ਪੁਕਾਰ ਸੁਣ ਬਿਨਾ ਕੁਝ ਸੋਚੇ ਸਮਝੇ ਓਧਰ ਭੱਜ ਪਿਆ। "ਹਾਏ ਬਿੱਲੋ...।" ਮਾਮੋ ਬੇਹੋਸ਼ ਹੋ ਗਈ ਸੀ।

ਨੱਬ ਖੂੰਖੇ ਨੇ ਨਾ ਅੱਗੇ ਵੇਖਿਆ, ਨਾ ਪਿੱਛੇ, ਜਿਧਰ ਵੱਲ ਔਰਤਾਂ ਹੱਥ ਦੇ ਇਸ਼ਾਰੇ ਕਰ ਕਰ ਸੀਨੇ ਪਿੱਟ ਰਹੀਆਂ ਸਨ, ਓਧਰ ਦੌੜ ਪਿਆ। ਮਿੱਟੀ ਦਾ ਛੱਬ ਬਿੱਲੋ ਉੱਤੇ ਆ ਡਿੱਗਿਆ ਸੀ। ਉਸ ਦਾ ਸਿਰ ਨਹੀਂ ਸੀ ਦਿਸ ਰਿਹਾ। ਸਿਰ ਦੋ ਪੈਰ ਮਿੱਟੀ ਦੇ ਢੇਰ ਤੋਂ ਬਾਹਰ ਸਨ। ਨੱਬਾ ਪਾਗਲਾਂ ਵਾਂਗ ਦੋਹਾਂ ਹੱਥਾਂ ਨਾਲ ਮਿੱਟੀ ਪੁੱਟ ਪੁੱਟ ਕੇ ਸੁੱਟਣ ਲੱਗਾ।

"ਯਾ ਖ਼ੁਦਾਯਾ ਮਦਦ ਕਰ...ਯਾ ਖ਼ੁਦਾਸ਼ਾ ਰਹਿਮ ਕਰ...।" ਉਹ ਰੋਂਦਾ ਹੋਇਆ ਅੱਲਾਹ ਨੂੰ ਪੁਕਾਰ ਰਿਹਾ ਸੀ। ਤਦੇ ਬਾਕੀ ਦਾ ਸਾਰਾ ਛੰਬ ਵੀ ਟੁੱਟ ਕੇ ਉਸ ਉੱਤੇ ਆ ਡਿੱਗਿਆ। ਜਿਥੇ ਬਿੱਲੋ ਦੇ ਪੈਰ ਸਨ ਉਥੇ ਹੀ ਨੱਬ ਖੂੰਖੇ ਦਾ ਸਿਰ ਮਿੱਟੀ ਦੇ ਮਣਾਂ ਮੂੰਹੀ ਭਾਰ ਹੇਠ ਕੁਚਲਿਆ ਗਿਆ।

ਆਲੇ-ਦੁਆਲੇ ਦੇ ਸਾਰੇ ਪਿੰਡਾਂ ਦਾ ਹਜੂਮ ਮਿਟਖਨਾਈ 'ਚੋਂ ਉਨ੍ਹਾਂ ਦੋਹਾਂ ਦੀਆਂ ਲਾਸ਼ਾਂ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਮਿੱਟੀ ਦਾ ਟਿੱਲਾ ਏਨਾ ਨਿੱਕਾ ਨਹੀਂ ਸੀ ਜਿਸ ਨੂੰ ਪੁੱਟਿਆ ਜਾ ਸਕਦਾ। ਤੋਤੇ ਦੇ ਕੰਨਾਂ ਵਿਚ ਨੱਬ ਖੂੰਖੇ ਦੇ ਬੋਲ ਗੂੰਜ ਰਹੇ ਸਨ—"ਅਗਰ ਅੱਲਾਹ ਮੈਨੂੰ ਕਹੇ ਕਿ ਆਖ਼ਰੀ ਖ਼ਾਹਿਸ ਦੱਸ ਜੋ ਪੂਰੀ ਹੋ ਸਕੇ ਤਾਂ ਮੈਂ ਮੰਗਾਂ ਕਿ ਬੋਇਕਾਕੀਂ ਨੂੰ ਮੇਰੇ ਨਾਲ ਮੇਰੀ ਕਬਰ ਵਿਚ ਲਿਟਾ ਦੇ...।"

"ਹਾਏ ਓਏ ਰੱਬਾ !" ਤੋਤੇ ਦੇ ਮੂੰਹੋਂ ਇਕ ਲੇਰ ਨਿਕਲੀ ਤੇ ਉਹ ਬੇਸੁਧ ਹੋ ਕੇ ਉਸ ਢੇਰ 'ਤੇ ਢੇਰ ਹੋ ਗਿਆ ਜਿਸ ਅੰਦਰ ਬਿੱਲੋ ਤੇ ਨੱਬ ਖੂੰਖਾ ਦਫ਼ਨ ਹੋ ਗਏ ਸਨ।

**ਈ-ਮੇਲ : surinderneer4@gmail.com**

ਕਵਿਤਾ

## ਰਮਨ

### • *ਤਰਸ ਦਾ ਪਾਤਰ*

ਡੌਗੀ ਤਰਸ ਦਾ ਪਾਤਰ ਬਣ ਗਿਆ ਹੈ

ਇਹ ਸੋਚ ਕੇ ਮੇਰਾ ਗੱਚ ਭਰ ਗਿਆ ਹੈ
ਕਿ ਉਹ—
ਇਸ ਦੌਰ ਦੀ ਮੁਕਾਬਲੇਬਾਜ਼ੀ 'ਚ
ਪੂਰੀ ਤਰ੍ਹਾਂ ਹਰ ਗਿਆ ਹੈ

ਹਰ ਪ੍ਰਜਾਤੀ
ਜਦ ਖ਼ਾਤਮੇ ਦੀ ਕਗਾਰ 'ਤੇ ਜਾ ਪਹੁੰਚੇ
ਤਾਂ ਚਿੰਤਾ ਕਰਨੀ ਹੀ ਬਣਦੀ ਹੈ
ਸ਼ਾਇਦ ਇਸੇ ਲਈ
ਡੌਗੀ ਮੇਰੇ ਤਰਸ ਦਾ ਪਾਤਰ ਬਣ ਗਿਆ ਹੈ

ਸੈਰ ਲਈ ਜਾਂਦਾ ਹਾਂ
ਡੌਗੀ ਨਾਲ ਜਾਂਦਾ ਹੈ
ਕਦੇ ਅੱਗੇ—ਕਦੇ ਪਿੱਛੇ
ਦੁੜੰਗੇ ਲਾਉਂਦਾ ਹੈ

ਵਿਹੜੇ 'ਚ ਬੈਠ ਅਖ਼ਬਾਰ ਪੜ੍ਹਦਾ ਹਾਂ
ਤਾਂ ਚੁੱਪ ਚਾਪ
ਬੈਠਾ ਰਹਿੰਦਾ ਹੈ ਕੋਲ ਮੇਰੇ

ਟੀ.ਵੀ. 'ਤੇ ਨਿਊਜ਼ ਚੈਨਲ ਵੇਖਦਾ ਹਾਂ ਤਾਂ
ਪੂਛ ਹਿਲਾਉਂਦਾ ਆ ਜਾਂਦਾ ਹੈ ਨੇੜ ਨੂੰ
ਪਰ ਬਹਿਸ ਸੁਣ—ਛੇਤੀ ਹੀ
ਭੱਜ ਤੁਰਦਾ ਹੈ ਬਾਹਰ ਨੂੰ

ਡੌਗੀ ਦੇ ਅਸਹਿਜ ਹੋਣ 'ਤੇ
ਚਿੰਤਾ ਪ੍ਰਗਟਾਉਂਦਾ ਹਾਂ
ਪਤਨੀ ਦੀ ਸੋਚ ਦਾ ਬੂਹਾ ਖੜਕਾਉਂਦਾ ਹਾਂ

ਪਤਨੀ ਹੱਸਦੀ ਹੈ, ਤੇ—
ਬੜੇ ਵਿਸ਼ਵਾਸ ਨਾਲ ਦੱਸਦੀ ਹੈ
'...ਇਹ ਤੁਹਾਡੇ ਚੈਨਲ ਦੇ
ਐਂਕਰ ਨਾਲ ਖਾਰ ਖਾਂਦਾ ਹੈ
ਇਹਨੂੰ ਐਂਕਰ ਨਾਲੋਂ ਪਿੱਛੇ ਰਹਿ ਜਾਣ ਦਾ ਡਰ
ਮਾਰ ਜਾਂਦਾ ਹੈ...!'



ਡੌਗੀ ਐਂਕਰ ਹੋ ਗਿਆ ਹੈ
ਇਹ ਸੋਚ ਕੇ
ਮੇਰਾ ਗੱਚ ਭਰ ਗਿਆ ਹੈ ਵ

ਕਵਿਤਾਵਾਂ

## ਰੇਨੂੰ ਸਿਨਹਾ



### • *ਨਾਮ*

ਤੇਰੇ ਇਸ਼ਕ ਦਾ ਅਹਿਸਾਸ ਮੈਂ ਸਿਰਫ਼ ਦਿਲ ਵਿਚ ਰੱਖਿਆ
ਕਦੀ ਜਗ ਨੂੰ ਦੱਸਿਆ ਨਹੀਂ
ਉਸ ਅਲਾਵ ਨੂੰ ਮੈਂ ਸਿਰਫ਼ ਸਾਹਾਂ ਦੀ ਅੱਗ ਦਿੱਤੀ
ਕਦੀ ਫੋਲਿਆ ਨਹੀਂ

ਫੇਰ ਇਕ ਦਿਨ ਮੈਂ ਨਜ਼ਮ ਕਹੀ
ਲਫ਼ਜ਼ ਕੁਝ ਇਸ਼ਕ ਦੇ, ਕੁਝ ਦਰਦ ਦੇ
ਸਿਆਹੀ ਵਿਚ ਰੰਗ ਸੀ ਸੁਫ਼ਨਿਆਂ ਦਾ
ਕੁਝ ਲਹੂ ਦਾ
ਪਰ ਉਹ ਕਿਸੇ ਨਾ ਵੇਖਿਆ

ਜਗ ਨੇ ਸਿਰਫ਼ ਇਕੋ ਸਵਾਲ ਪੁੱਛਿਆ
ਉਹਦਾ ਨਾਂ ਕੀ
ਮੈਂ ਵੀ ਹੱਸ ਕੇ ਆਖਿਆ—
ਹਰਫ਼ਾਂ ਨੂੰ ਜੇ 'ਵਾ ਲੱਗੀ
ਅਹਿਸਾਸ ਸਹਿਮ ਕੇ ਮਰ ਜਾਏਗਾ

### • *ਧਾਗਾ*

ਮੈਂ ਤੇਰੇ ਨਾਮ ਦਾ ਇਕ ਧਾਗਾ ਬੁਣਿਆ
ਰੰਗ ਉਸ ਦਾ ਸੁਰਖ਼ ਸੀ
ਕੁਝ ਮੇਰੇ ਸੁਫ਼ਨਿਆਂ ਵਰਗਾ
ਕੁਝ ਮੇਰੀ ਆਸ ਵਾਂਗ

ਬੁਣੀਆਂ ਸੀ ਮੈਂ
ਉਸ ਵਿਚ ਆਪਣੀਆਂ ਨਿੱਕੀਆਂ ਨਿੱਕੀਆਂ ਖ਼ਾਹਿਸ਼ਾਂ
ਕਿਸਮਤ ਦੀ ਗਰਦ ਨੇ ਖੋਹ ਲਿਆ ਇਸ ਦੇ ਰੰਗਾਂ ਨੂੰ

ਤੇ ਇਹ ਬੇਰੰਗ
ਤਾਰ ਤਾਰ ਹੋ ਗਿਆ
ਮੇਰੀ ਉਮੀਦ, ਮੇਰੇ ਹੌਸਲੇ ਦੀ ਤਰ੍ਹਾਂ

ਕਵਿਤਾਵਾਂ

# ਇੰਦਰਜੀਤ ਨੰਦਨ



## • ਬੰਦਾ

ਮੌਤ ਨਾਲ ਨਹੀਂ ਮਰਦਾ ਬੰਦਾ
ਬੰਦਾ ਜਿਉਂਦਾ ਰਹਿੰਦਾ
ਅਹਿਸਾਸਾਂ 'ਚ—ਖ਼ਿਆਲਾਂ 'ਚ—ਉਡੀਕਾਂ 'ਚ
ਇੰਤਜ਼ਾਰ 'ਚ ਡੁੱਬਿਆ ਬੰਦਾ
ਮੋਇਆਂ ਨੂੰ ਵੀ ਜਿਉਂਦਾ ਕਰ ਲੈਂਦਾ...

ਮੌਤ ਨਾਲ ਨਹੀਂ ਮਰਦਾ ਬੰਦਾ
ਬੰਦਾ ਤਾਂ ਸਾਂਭਿਆ ਰਹਿੰਦਾ
ਯੁੱਗਾਂ ਤੀਕ, ਤਹਿ ਦਰ ਤਹਿ
ਅਵਚੇਤਨ ਦੇ ਚੇਤਿਆਂ 'ਚ
ਡੂੰਘਾਣਾਂ, ਬਰੇਤਿਆਂ 'ਚ
ਪ੍ਰੇਮ ਦੇ ਵਹਿਣ 'ਚ ਬੰਦਾ
'ਮੈਂ' ਤੋਂ 'ਤੂੰ' ਤੀਕ ਜਿਉਂਦਾ...

ਮੌਤ ਨਾਲ ਨਹੀਂ ਮਰਦਾ ਬੰਦਾ
ਬੰਦਾ ਤਾਂ ਉਦੋਂ ਮਰਦਾ
ਜਦੋਂ ਆਪਣੇ ਆਪਣੇ ਨਾ ਰਹਿਣ
ਮਤਲਬ ਲਈ, ਪੈਸੇ ਲਈ ਲੱਖਾਂ ਝੂਠ ਕਹਿਣ
ਪਿੱਠ 'ਚ ਛੁਰਾ ਮਾਰਦੇ ਰਹਿਣ
ਜਦ ਗੱਲਬਾਤ 'ਚੋਂ ਮਨਫ਼ੀ ਹੋ ਜਾਏ ਬੰਦਾ
ਬੰਦਾ ਉਦੋਂ ਮਰਦਾ

ਉਂਞ ਮੌਤ ਨਾਲ ਨਹੀਂ ਮਰਦਾ ਬੰਦਾ

## • ਬੱਦਲ

ਬੱਦਲ ਦੀ ਇਕ ਕਾਤਰ
ਦੁਧੀਆ ਜਿਹੀ ਚਾਨਣੀ
ਅੰਬਰ ਤੋਂ ਪਹਾੜਾਂ ਥਾਣੀਂ

ਧਰਤੀ ਆਉਣਾ ਲੋਚੇ
ਪਰ ਧਰਤੀ ਦੀ ਹਿੱਕ ਦੇ ਵਿਗੋਚੇ ਤ੍ਰਹਿ ਜਾਵਣ
ਇਸ ਚਾਨਣ ਨੂੰ ਕਿੰਝ ਹਿੱਕ ਨਾਲ ਲਾਵਣ...?

ਬੱਦਲ ਦੀ ਇਕ ਕਾਤਰ
ਲੀਕ ਜਹੀ ਬਣਦੀ ਜਾਏ
ਬੰਦ ਬੂਹਿਆਂ ਦੀਆਂ ਝੀਥਾਂ ਥਾਣੀਂ ਆ
ਮਨ ਦੀ ਸਿਆਹੀ 'ਤੇ ਇਕ ਝਾਤ ਸੁਨਹਿਰੀ ਪਾਏ...

ਬੱਦਲ ਦੀ ਇਕ ਕਾਤਰ
ਬਣ ਕੇ ਇਕ ਚਾਦਰ
ਜੰਗਲ ਦੇ ਨੇਰ੍ਹਿਆਂ ਥਾਣੀਂ ਧਰਤੀ ਦੇ ਰੋਮ ਰੋਮ 'ਤੇ
ਬਣ ਫੁਹਾਰ ਸਤਰੰਗੀ ਵਿਛਦੀ ਜਾਏ ਵਿਛਦੀ ਜਾਏ...

ਬੱਦਲ ਦੀ ਇਕ ਕਾਤਰ
ਬੱਦਲ ਦੀ ਇਕ ਕਾਤਰ...

## • *ਸ਼ਾਂਤ*

ਮੈਂ ਝੀਲ ਵਾਂਗ
ਸ਼ਾਂਤ ਰਹਿਣਾ ਚਾਹੁੰਦੀ ਸਾਂ
ਬਹੁਤ ਹੀ ਠਰ੍ਹੰਮੇ ਨਾਲ ਜੀਉਣਾ ਚਾਹੁੰਦੀ ਸਾਂ
ਪਲ ਪਲ ਦੀ ਗਹਿਰਾਈ 'ਚ
ਡੂੰਘਾ ਲਹਿਣਾ ਚਾਹੁੰਦੀ ਸਾਂ...

ਪਰ ਉਸ ਨੂੰ ਸ਼ਾਇਦ ਠਹਿਰਾਅ ਪਸੰਦ ਨਾ ਸੀ
ਉਹ ਤਾਂ ਝਰਨੇ ਵਾਂਗ ਵਹਿਣਾ ਚਾਹੁੰਦਾ ਸੀ
ਕਲ ਕਲ ਕਰਦਿਆਂ
ਪਹਾੜਾਂ ਤੋਂ ਸਮੁੰਦਰਾਂ ਤੀਕ ਦੇ
ਸਫ਼ਰ 'ਚ ਲਹਿਣਾ ਚਾਹੁੰਦਾ ਸੀ...

ਮੈਂ ਹਰ ਲਮਹੇ ਨੂੰ
ਸਦੀਆਂ ਜਿੱਡਾ ਚਾਹੁੰਦੀ ਸਾਂ
ਤੇ ਉਹ ਸਦੀਆਂ ਨੂੰ ਹੀ
ਲਮਹਿਆਂ 'ਚ ਬਦਲਣ ਦੀ
ਕਾਹਲ ਵਿਚ ਸੀ ਸ਼ਾਇਦ...

ਤਾਂ ਹੀ ਉਹ
ਉਮਰ ਦੇ ਸਾਰੇ ਪੜਾਅ
ਇਕੋ ਵੇਲੇ ਪਾਰ ਕਰ ਗਿਆ
ਤੇ ਅੱਜ ਵੀ
ਉਸ ਲਮਹੇ ਨੂੰ ਅੱਖਾਂ 'ਚ ਭਰੀ
ਚਿੱਟਾ ਫੁੱਲ ਹੱਥ 'ਚ ਫੜੀ
ਅਜੇ ਵੀ ਇੰਤਜ਼ਾਰ 'ਚ ਹਾਂ
ਦੁਆਰ 'ਤੇ ਖੜ੍ਹੀ... ਵ

•



# ਅਸੀਂ ਹਿੰਦੋਸਤਾਨੀ ਬਰੇ-ਸਗੀਰ (ਉਪ-ਮਹਾਂਦੀਪ) ਦੀਆਂ ਮਿੱਥਾਂ ਨੂੰ ਕਿਵੇ ਪੜ੍ਹੀਏ ਤੇ ਸਮਝੀਏ

*-ਸਵਰਾਜਬੀਰ*

ਮਿੱਥ ਨੂੰ ਅਸੀਂ ਕਿਸ ਤਰ੍ਹਾਂ ਸਮਝਦੇ ਹਾਂ? ਮਿੱਥ ਕਿਵੇਂ ਘੜੀ ਜਾਂਦੀ ਹੈ, ਪੀੜ੍ਹੀ-ਦਰ-ਪੀੜ੍ਹੀ ਚੱਲਦੀ ਹੈ, ਸਵੀਕਾਰ ਕੀਤੀ ਜਾਂਦੀ ਹੈ ਤੇ ਕਿਵੇਂ ਸਾਡੇ ਸੰਸਕਾਰਾਂ ਤੇ ਗਿਆਨ ਸੰਸਾਰ ਦਾ ਹਿੱਸਾ ਬਣ ਜਾਂਦੀ ਹੈ? ਇਹ ਬੜੇ ਮੁਸ਼ਕਿਲ ਪ੍ਰਸ਼ਨ ਹਨ।[1] ਵੀਹਵੀਂ ਸਦੀ ਵਿਚ ਮਿੱਥਾਂ ਦਾ ਮੁਤਾਲਿਆ ਕਰਨ ਵਾਲੇ ਪ੍ਰਮੁੱਖ ਵਿਦਵਾਨ ਕਲਾਡ ਲੈਵੀ ਸਤ੍ਰਾਸ ਦਾ ਕਹਿਣਾ ਸੀ ਕਿ ਉਹਦਾ ਮਕਸਦ ਇਹ ਸਮਝਣਾ ਜਾਂ ਵਿਖਾਉਣਾ ਨਹੀਂ ਕਿ ਲੋਕ ਕਿਵੇਂ ਮਿੱਥਾਂ ਬਣਾਉਂਦੇ, ਘੜਦੇ ਜਾਂ ਸੋਚਦੇ ਨੇ ਸਗੋਂ ਉਹ ਇਹ ਵਿਖਾਉਣਾ ਏ ਕਿ "ਕਿਵੇਂ ਮਿੱਥਾਂ ਲੋਕਾਂ ਦੇ ਅੰਦਰੀਂ (ਆਪਣੇ ਆਪ ਨੂੰ) ਸੋਚਦੀਆਂ ਨੇ, ਤੇ ਏਸ ਗੱਲ ਦਾ ਲੋਕਾਂ ਨੂੰ ਪਤਾ ਨਹੀਂ ਲੱਗਦਾ।"[2] ਇਹ ਗੱਲ ਬੜੀ ਘੁੰਡੀ ਵਾਲੀ ਹੈ।

ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਪੁਰਾਤਨ ਲੋਕ ਮਿੱਥਾਂ ਏਸ ਲਈ ਘੜਦੇ ਸਨ ਕਿਉਂਕਿ ਉਹ ਅਗਿਆਨੀ ਸਨ, ਕੁਦਰਤ ਨੂੰ ਚੰਗੀ ਤਰ੍ਹਾਂ ਨਹੀਂ ਸਮਝਦੇ ਸਨ, ਉਨ੍ਹਾਂ ਨੂੰ ਕੁਦਰਤੀ ਸ਼ਕਤੀਆਂ ਤੋਂ ਡਰ ਲੱਗਦਾ ਸੀ, ਉਹ ਵਹਿਮਾਂ ਤੇ ਭਰਮਾਂ ਨਾਲ ਭਰੇ ਹੋਏ ਸਨ, ਉਹ ਆਪਣੇ ਆਲੇ-ਦੁਆਲੇ ਤੇ ਕੁਦਰਤ ਬਾਰੇ ਏਦਾਂ ਵੇਖਦੇ ਸਨ ਜਿਵੇਂ ਕੋਈ ਅਭੋਲ ਬਾਲਕ ਵੇਖਦਾ ਹੈ, ਵੇਖਦਾ ਹੈ ਤੇ ਖ਼ੁਸ਼ ਹੁੰਦਾ ਹੈ ਤੇ ਕਿਲਕਾਰੀਆਂ ਮਾਰਦਾ ਹੈ ਤੇ ਕਹਾਣੀਆਂ ਘੜਦਾ ਹੈ। ਇਹ ਸਮਝ ਪਿਛਲੀਆਂ ਸਦੀਆਂ ਵਿਚ ਪਨਪੀ ਮਨੁੱਖ ਦੀ ਇਸ ਮਾਨਸਿਕਤਾ ਤੋਂ ਪੈਦਾ ਹੁੰਦੀ ਸੀ ਕਿ ਹੁਣ ਅਸੀਂ ਬਹੁਤ ਸਿਆਣੇ ਹਾਂ, ਤਰਕਸ਼ੀਲ ਹਾਂ, ਕੁਦਰਤ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਹਾਂ, ਬਹੁਤ ਸਾਰੀਆਂ

ਕੁਦਰਤੀ ਸ਼ਕਤੀਆਂ 'ਤੇ ਕਾਬੂ ਪਾ ਚੁੱਕੇ ਹਾਂ, ਵਹਿਮਾਂ ਭਰਮਾਂ ਤੋਂ ਮੁਕਤ ਹੋ ਚੁੱਕੇ ਹਾਂ, ਹੁਣ ਸਾਡਾ ਕੁਦਰਤ ਬਾਰੇ ਰਵੱਈਆ ਪ੍ਰੋੜ ਬਾਲਗਾਂ ਵਾਲਾ ਹੈ, ਉਨ੍ਹਾਂ ਪ੍ਰੋੜ ਬਾਲਗਾਂ ਵਾਲਾ ਜੋ ਗਿਆਨ, ਵਿਗਿਆਨ, ਸਮਾਜਿਕ ਵਿਗਿਆਨ ਆਦਿ ਦੀ ਪੂਰੀ ਸਮਝ ਰੱਖਦੇ ਹਨ। ਇਸ ਤਰ੍ਹਾਂ ਦੀ ਸਮਝ ਇਨ੍ਹਾਂ ਸਮਿਆਂ ਵਿਚਲੇ ਉਨ੍ਹਾਂ ਵਰਤਾਰਿਆਂ ਦੀ ਉਪਜ ਹੈ ਜਿਸ ਨੂੰ ਅਸੀਂ ਆਧੁਨਿਕਤਾ ਜਾਂ ਜਦੀਦੀਅਤ ਕਹਿੰਦੇ ਹਾਂ।

ਆਧੁਨਿਕਤਾ ਜਾਂ ਜਦੀਦੀਅਤ ਨੂੰ ਯੂਰਪ ਵਿਚ ਹੋਏ ਵਰਤਾਰਿਆਂ ਰਿਨੇਸਾਂਸ (ਪੁਨਰ-ਜਾਗ੍ਰਿਤੀ ਕਾਲ) ਤੇ ਏਨਲਾਈਟਮੈਂਟ ਨਾਲ ਜੋੜ ਕੇ ਵੇਖਿਆ ਤੇ ਸਮਝਿਆ ਜਾਂਦਾ ਹੈ। ਇਸ ਸਮਝ ਅਨੁਸਾਰ ਸਾਡੇ ਮਨ ਵਿਚ ਕਈ ਵਿਰੋਧੀ ਜੁੱਟ ਜਨਮ ਲੈਂਦੇ ਹਨ, ਜਿਵੇਂ ਅਸੀਂ ਆਧੁਨਿਕ ਹਾਂ, ਪਹਿਲੇ ਸਮਿਆਂ ਵਿਚ ਰਹਿਣ ਵਾਲੇ ਲੋਕ ਪਿੱਛੜੇ ਹੋਏ ਸਨ। ਅਸੀਂ ਗਿਆਨੀ ਹਾਂ, ਪਹਿਲੇ ਸਮਿਆਂ ਵਿਚ ਰਹਿਣ ਵਾਲੇ ਲੋਕ ਅਗਿਆਨੀ ਸਨ। ਸਾਡੀ ਸਮਝ ਪ੍ਰੋੜ ਬਾਲਗਾਂ ਵਾਲੀ ਹੈ ਜਦੋਂ ਕਿ ਪਹਿਲੇ ਸਮਿਆਂ ਵਿਚ ਰਹਿਣ ਵਾਲੇ ਲੋਕ ਅਭੋਲ ਬਾਲਕਾਂ ਵਰਗੇ ਸਨ। ਅਸੀਂ ਤਰਕਸ਼ੀਲ ਹਾਂ ਜਦੋਂ ਕਿ ਪਹਿਲੇ ਸਮਿਆਂ ਵਿਚ ਰਹਿਣ ਵਾਲੇ ਲੋਕ ਵਹਿਮਾਂ ਭਰਮਾਂ ਵਿਚ ਇਸ ਲਈ ਫਸੇ ਹੋਏ ਸਨ ਕਿਉਂਕਿ ਉਹ ਅਗਿਆਨੀ ਅਤੇ ਅਤਰਕਸ਼ੀਲ ਸਨ। ਇਸ ਤਰ੍ਹਾਂ ਦੀ ਸਮਝ ਅਨੁਸਾਰ ਇਹ ਸਮਝਿਆ ਜਾਂਦਾ ਹੈ ਕਿ ਮਨੁੱਖਤਾ ਦੇ ਆਰੰਭ ਸਮਿਆਂ ਵਿਚ ਰਹਿਣ ਵਾਲੇ ਲੋਕ ਅਦਭੁਤ ਕਹਾਣੀਆਂ ਘੜਦੇ ਸਨ, ਮਿੱਥਾਂ ਬਣਾਉਂਦੇ ਤੇ ਉਨ੍ਹਾਂ ਵਿਚ ਵਿਸ਼ਵਾਸ ਕਰਦੇ ਸਨ। ਬਹੁਤ ਸਾਰੇ ਯੂਰਪੀ ਚਿੰਤਕ ਇਸ ਤਰ੍ਹਾਂ ਦੀ ਸਮਝ ਬਣਾਉਣ ਵਿਚ ਅਹਿਮ ਹਿੱਸਾ ਪਾਉਂਦੇ ਹਨ। ਚਿੰਤਕਾਂ ਦੇ ਨਾਲ ਨਾਲ ਰਿਨੇਸਾਂਸ, ਏਨਲਾਈਟਮੈਂਟ, ਸਨਅਤੀ ਇਨਕਲਾਬ, ਵਿਗਿਆਨ ਦੇ ਖੇਤਰ ਵਿਚ ਹੋਈ ਤਰੱਕੀ ਤੇ ਯੂਰਪੀ ਤਾਕਤਾਂ ਦਾ ਏਸ਼ੀਆ ਤੇ ਅਫ਼ਰੀਕਾ ਵਿਚ ਫੈਲਦੇ ਸਾਮਰਾਜ ਵੀ ਇਸ ਤਰ੍ਹਾਂ ਦੀ ਸਮਝ ਨੂੰ ਹੁਲਾਰਾ ਦਿੰਦੇ ਹਨ।

ਕਈ ਪੱਛਮੀ ਚਿੰਤਕ ਇਸ ਤਰ੍ਹਾਂ ਦੀ ਸਮਝ 'ਤੇ ਕਿੰਤੂ ਕਰਦੇ ਹਨ। ਅਠਾਰਵੀਂ ਸਦੀ ਦੇ ਇਤਾਲਵੀ ਚਿੰਤਕ ਗਿਆਮਬਾਤਿਸਤਾ ਵੀਕੋ ਅਨੁਸਾਰ ਪੁਰਾਤਨ ਮਨੁੱਖ ਅਗਿਆਨੀ ਤੇ ਵਹਿਸ਼ੀ ਨਹੀਂ ਸੀ ਸਗੋਂ ਉਹ ਆਪਣੇ ਆਲੇ ਦੁਆਲੇ ਦੀ ਦੁਨੀਆ ਨੂੰ ਇਕ ਖ਼ਾਸ ਤਰ੍ਹਾਂ ਦੇ ਕਾਵਿਕ ਅੰਦਾਜ਼ ਨਾਲ ਵੇਖਦਾ ਤੇ ਸਮਝਦਾ ਸੀ। ਵੀਕੋ ਅਨੁਸਾਰ ਮਿੱਥਾਂ ਦੀਆਂ ਜੜ੍ਹਾਂ ਪੁਰਾਤਨ ਲੋਕਾਂ ਦੇ ਸੰਸਾਰ ਬਾਰੇ ਸਾਂਝੇ ਅਨੁਭਵ ਵਿਚ ਪਈਆਂ ਹੋਈਆਂ ਹਨ ਤੇ ਪੁਰਾਤਨ ਲੋਕ ਉਸ ਸੰਸਾਰ ਨੂੰ ਕਾਵਿਕ ਤਰੀਕੇ ਨਾਲ ਸਮਝਣ ਦੀ ਕੋਸ਼ਿਸ਼ ਕਰ ਰਹੇ ਸਨ। ਵੀਕੋ ਅਨੁਸਾਰ ਮਿਥਾਂ ਉਹ ਯਤਨ ਹਨ ਜਿਨ੍ਹਾਂ ਨਾਲ ਪਹਿਲੇ ਸਮਿਆਂ ਵਿਚ ਰਹਿੰਦੇ ਲੋਕਾਂ ਨੇ ਆਪਣੇ ਅਨੁਭਵਾਂ ਨੂੰ ਉਹ ਰੂਪ ਦੇਣ ਦੀ ਕੋਸ਼ਿਸ਼ ਕੀਤੀ ਜਿਸ ਸਦਕਾ ਸੰਸਾਰ ਨੂੰ ਸੌਖੇ ਤਰੀਕੇ ਨਾਲ ਸਮਝ ਸਕਣ।[3]

ਇਸ ਤਰ੍ਹਾਂ ਜੇ ਅਸੀਂ ਪੁਰਾਤਨ ਮਨੁੱਖ ਨੂੰ ਵੀਕੋ ਦੇ ਸ਼ੀਸ਼ਿਆਂ ਥਾਣੀਂ ਵੇਖੀਏ ਤਾਂ ਉਹ ਅਗਿਆਨੀ ਨਹੀਂ ਰਹਿੰਦਾ, ਵਹਿਮਾਂ ਭਰਮਾਂ ਵਿਚ ਗ੍ਰਸਿਆ ਬੰਦਾ ਨਹੀਂ ਰਹਿੰਦਾ ਸਗੋਂ ਉਹ ਕਵੀ ਬਣ ਜਾਂਦਾ ਹੈ, ਜੋ ਕੁਦਰਤ ਤੇ ਆਪਣੇ ਸੰਸਾਰ ਨੂੰ ਸਮਝਣ ਦੀ ਭਰਪੂਰ ਕੋਸ਼ਿਸ਼ ਕਰ ਰਿਹਾ ਹੈ। ਉਹ ਆਪਣੇ ਅਨੁਭਵ ਨੂੰ ਸਹਿਜ ਰੂਪ ਵੀ ਦੇਣਾ ਚਾਹੁੰਦਾ ਹੈ ਤੇ ਕੁਝ ਏਹੋ ਜਿਹੇ ਸੰਕਲਪ ਵੀ ਖੋਜਣਾ ਚਾਹੁੰਦਾ ਹੈ ਜੋ ਕੁਦਰਤ ਤੇ ਮਨੁੱਖ ਵਿਚ ਸਾਂਝ ਪੈਦਾ ਕਰ ਸਕਣ। ਵੀਕੋ ਅਨੁਸਾਰ ਏਦਾਂ ਕਰਦਾ ਹੋਇਆ ਮਨੁੱਖ ਆਪਣੇ ਅਨੁਭਵਾਂ ਰਾਹੀਂ ਆਪਣੇ ਸਮਿਆਂ ਦੀਆਂ ਸਮਾਜਿਕ ਸੰਸਥਾਵਾਂ ਤੇ ਸਿਆਸਤ ਨਾਲ ਵੀ ਦੋ ਚਾਰ ਹੁੰਦਾ ਹੈ ਤੇ ਮਿੱਥਾਂ ਏਸ ਪ੍ਰਕਿਰਿਆ ਵਿਚੋਂ ਜਨਮ ਲੈਂਦੀਆਂ ਹਨ।

ਵੀਹਵੀਂ ਸਦੀ ਵਿਚ ਲੈਵੀ ਸਤ੍ਰਾਸ ਸਾਨੂੰ ਇਹ ਦੱਸਣ ਤੇ ਵਿਖਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਮਿਥਕ ਸੋਚ ਪਿਛੇ ਕੰਮ ਕਰਦਾ ਤਰਕ ਵੀ ਓਨੀ ਹੀ ਤੀਖਣ ਤੇ ਸ਼ਿੱਦਤ ਵਾਲਾ ਸੀ, ਜਿੰਨੀ ਅੱਜ ਦੀ ਵਿਗਿਆਨਕ ਸੋਚ ਪਿੱਛੇ ਕੰਮ ਕਰਦਾ ਆਧੁਨਿਕ ਤਰਕ। ਲੈਵੀ ਸਤ੍ਰਾਸ ਅਨੁਸਾਰ ਪੁਰਾਤਨ ਮਨੁੱਖ ਵੀ ਓਵੇਂ ਹੀ ਸੋਚਦਾ ਸੀ ਜਿਵੇਂ ਅੱਜ ਦਾ ਮਨੁੱਖ। ਗੱਲ ਹੋਰ ਸਾਫ਼ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਲੈਵੀ ਸਤ੍ਰਾਸ ਅਨੁਸਾਰ ਪੁਰਾਤਨ ਮਨੁੱਖ ਦੇ ਸੋਚ ਦੀ ਪਿੱਠਭੂਮੀ 'ਚ ਪਏ ਤਰਕ ਤੇ ਅੱਜ ਦੇ ਮਨੁੱਖ ਦੇ ਸੋਚ ਦੀ ਪਿੱਠਭੂਮੀ 'ਚ ਪਏ ਤਰਕ ਵਿਚ ਕੋਈ ਫ਼ਰਕ ਨਹੀਂ, ਫ਼ਰਕ ਸਿਰਫ਼ ਏਸ ਗੱਲ ਵਿਚ ਹੈ ਕਿ ਓਦੋਂ ਸੋਚ ਕਿਹੜੀਆਂ ਸਮੱਸਿਆਵਾਂ ਨਾਲ ਜੂਝ ਰਹੀ ਸੀ ਤੇ ਹੁਣ ਦੀ ਸੋਚ ਕਿਹੜੀਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ।[4] ਆਪਣੀ ਦਲੀਲ ਨੂੰ ਹੋਰ ਸਪਸ਼ਟ ਕਰਦਾ ਹੋਇਆ, ਲੈਵੀ ਸਤ੍ਰਾਸ ਕਹਿੰਦਾ ਹੈ, "ਅਸੀਂ ਪੁਰਾਤਨ ਲੋਕ ਬਾਰੇ ਸੋਚਦੇ ਹਾਂ ਕਿ ਉਨ੍ਹਾਂ ਦੀ ਸੋਚ ਦੇ ਤਰਕ ਇਸ ਗੱਲ ਤਕ ਸੀਮਤ ਸਨ ਤੇ ਇਸ ਗੱਲ ਦਾ ਸਾਮ੍ਹਣਾ ਕਰਨ ਤਕ ਸੀਮਤ ਸਨ ਕਿ ਉਹ ਭੁੱਖੇ ਨਾ ਮਰਨ ਜਾਂ ਆਪਣੇ ਆਲੇ ਦੁਆਲੇ ਦੀਆਂ ਅਸੁਖਾਵੇਂ ਭੌਤਿਕ ਹਾਲਾਤਾਂ ਤੋਂ ਕਿਵੇਂ ਬਚ ਸਕਣ। ਪਰ ਇਸ ਦੇ ਨਾਲ ਨਾਲ ਉਹ ਬੇਲਾਗ ਤਰੀਕੇ ਨਾਲ ਸੋਚਣ ਦੇ ਕਾਬਿਲ ਵੀ ਸਨ। ਕਹਿਣ ਤੋਂ ਮਤਲਬ ਹੈ ਉਹ ਆਪਣੇ ਆਲੇ ਦੁਆਲੇ ਦੇ ਸੰਸਾਰ ਨੂੰ ਤੇ ਇਸ ਸੰਸਾਰ ਦੇ ਵਿਧੀ-ਵਿਧਾਨ ਸਮਝਣਾ ਚਾਹੁੰਦੇ ਸਨ, ਆਲੇ ਦੁਆਲੇ ਦੇ ਸਮਾਜ ਨੂੰ ਸਮਝਣਾਂ ਚਾਹੁੰਦੇ ਸਨ। ਇਹ ਸਮਝਣ ਲਈ ਉਹ ਬਿਲਕੁਲ ਉਸ ਤਰ੍ਹਾਂ ਦੀ ਤਰਕਸ਼ੀਲਤਾ ਅਪਣਾਉਂਦੇ ਸਨ ਜਿਵੇਂ ਦੀ ਇਕ ਫ਼ਿਲਾਸਫ਼ਰ ਅਪਣਾਉਂਦਾ ਹੈ ਜਾਂ ਕੁਝ ਹੱਦ ਤਕ ਇਕ ਵਿਗਿਆਨੀ ਅਪਣਾਉਂਦਾ ਹੈ।"[5]

ਆਪਣੀ ਦਲੀਲ ਹੋਰ ਸਪਸ਼ਟ ਕਰਦਾ ਹੋਇਆ ਲੈਵੀ ਸਤ੍ਰਾਸ ਕਹਿੰਦਾ ਹੈ ਕਿ ਪੁਰਾਤਨ ਮਨੁੱਖ ਦੇ ਬੁੱਧੀਜੀਵੀਆਂ ਵਾਂਗ ਸੋਚਣ ਦੇ ਤਰੀਕੇ ਤੋਂ ਉਹਦਾ ਇਹ ਮਤਲਬ ਨਹੀਂ ਕਿ ਉਹਦੀ ਸੋਚ ਨੂੰ ਵਿਗਿਆਨਕ ਸੋਚ ਦੇ ਬਰਾਬਰ ਖਲਾਰਿਆ ਜਾ ਸਕਦਾ ਹੈ। ਉਸ ਦੇ ਅਨੁਸਾਰ ਉਹ (ਪੁਰਾਤਨ ਮਨੁੱਖ ਦੀ) ਸੋਚ ਵੱਖਰੀ ਤਰ੍ਹਾਂ ਦੀ ਸੀ ਅਤੇ ਇਕ ਹੋਰ ਤਰੀਕੇ ਨਾਲ ਵਿਗਿਆਨਕ ਸੋਚ ਦੇ ਬਰਾਬਰ ਨਹੀਂ ਸੀ।

*ਮਿੱਥ ਬਹੁਤ ਤਗੜੀ ਹੁੰਦੀ ਹੈ, ਤਿਲਕਵੀਂ ਹੁੰਦੀ ਹੈ, ਤੇਜ਼ ਤਰਾਰ ਹੁੰਦੀ ਹੈ।*
*ਇਹ ਹਮੇਸ਼ਾ ਆਪਣੀ ਥਾਂ ਤੋਂ ਖਿਸਕ ਜਾਂਦੀ ਹੈ।*
**-ਨਾਓਮੀ ਲਿਜ਼ੂਕਾ, ਅਮਰੀਕਨ ਨਾਟਕਕਾਰ**

ਉਹਦਾ (ਪੁਰਾਤਨ ਮਨੁੱਖ ਦੀ ਸੋਚ ਦਾ) ਵੱਖਰਾਪਣ ਇਸ ਗੱਲ ਵਿਚ ਪਿਆ ਸੀ ਕਿ ਉਹ ਬ੍ਰਹਿਮੰਡ ਨੂੰ ਇਕ ਸਧਾਰਨ ਤਰੀਕੇ ਨਾਲ ਸਮਝਣਾ ਚਾਹੁੰਦੀ ਸੀ, ਸਧਾਰਨ ਤਰੀਕੇ ਨਾਲ ਹੀ ਨਹੀਂ ਸਗੋਂ ਉਹ (ਪੁਰਾਤਨ ਮਨੁੱਖ ਦੀ ਸੋਚ) ਸਾਰੇ ਬ੍ਰਹਿਮੰਡ ਨੂੰ ਇਕੋ ਵਾਰੀ 'ਪੂਰੇ ਦਾ ਪੂਰਾ' ਸਮਝ ਲੈਣਾ ਚਾਹੁੰਦੀ ਸੀ। ਇਹਦੇ ਮੁਕਾਬਲੇ ਵਿਗਿਆਨਕ ਸੋਚ ਇਕ ਪੜਾਅ ਤੋਂ ਦੂਸਰੇ ਪੜਾਅ ਤਕ ਜਾਂਦੀ ਹੈ, ਹਰ ਪੜਾਅ ਨਾਲ ਸੰਬੰਧਿਤ ਤੱਥਾਂ ਤੇ ਪ੍ਰਕਿਰਿਆਵਾਂ ਨੂੰ ਸਮਝਣਾ ਚਾਹੁੰਦੀ ਹੈ, ਉਹਦੇ ਪ੍ਰਮਾਣ ਮੰਗਦੀ ਹੈ, ਉਹਦੀ ਵਿਆਖਿਆ ਮੰਗਦੀ ਹੈ ਤੇ ਕਰਦੀ ਹੈ। ਇਸ ਦੇ ਉਲਟ ਪੁਰਾਤਨ ਸੋਚ ਸਾਰੇ ਸੰਸਾਰ ਨੂੰ ਇਕ ਸਧਾਰਨ ਤਰੀਕੇ ਨਾਲ ਤੇ ਇਕੋ ਵਾਰ ਹੀ ਸਮਝ ਲੈਣਾ ਚਾਹੁੰਦੀ ਹੈ।

ਇਸ ਦਲੀਲ ਨੂੰ ਸਮਝਣ ਲਈ ਅਸੀਂ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਦੀ ਮਿੱਥ ਦੀ ਉਦਾਹਰਣ ਲੈ ਸਕਦੇ ਹਾਂ। ਬ੍ਰਹਮਾ, ਵਿਸ਼ਨੂੰ ਤੇ ਮਹੇਸ਼ (ਸ਼ਿਵ) ਦੀ ਤ੍ਰਿਕੜੀ ਦੀ ਮਿੱਥ, ਪੁਰਾਤਨ ਮਨੁੱਖ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੀ ਸੀ ਕਿ ਬ੍ਰਹਮਾ ਬ੍ਰਹਿਮੰਡ ਤੇ ਜ਼ਿੰਦਗੀ ਦਾ ਜਨਮਦਾਤਾ ਹੈ ਭਾਵ ਸਿਰਜਕ ਹੈ। ਵਿਸ਼ਨੂੰ ਉਨ੍ਹਾਂ ਨੂੰ ਵੱਸਦੇ ਰੱਖਣ ਵਾਲਾ ਹੈ। ਮਹੇਸ਼ (ਸ਼ਿਵ) ਸੰਘਾਰਕ (ਨਸ਼ਟ ਕਰਨ ਵਾਲਾ, ਮੌਤ ਦੇਣ ਵਾਲਾ, ਖ਼ਤਮ ਕਰਨ ਵਾਲਾ) ਹੈ। ਇਹ ਮਿੱਥ ਬਹੁਤ ਸਾਰੀਆਂ ਚੀਜ਼ਾਂ ਦੇ ਵਿਆਖਿਆ ਕਰਨ ਦੇ ਸਮਰੱਥ ਹੈ ਤੇ ਸਾਨੂੰ ਸਮਝਣਾ ਚਾਹੀਦਾ ਹੈ ਤੇ ਇਸ ਮਿੱਥ ਦੀ ਸਿਰਜਣਾ ਕਰਨ ਲਈ ਇਸ ਭੂਗੋਲਿਕ ਖਿੱਤੇ ਦੇ ਲੋਕਾਂ ਨੇ ਕਿੰਨੀ ਮਾਨਸਿਕ ਊਰਜਾ ਖਰਚ ਕੀਤੀ ਹੋਵੇਗੀ।

ਲੈਵੀ ਸਤ੍ਰਾਸ ਭਾਸ਼ਾ, ਸਭਿਆਚਾਰ ਤੇ ਮਿੱਥਾਂ ਦੇ ਰਿਸ਼ਤਿਆਂ ਨੂੰ ਵਾਚਦਾ ਹੈ। ਉਹ ਸੰਰਚਨਾਵਾਦੀ ਹੈ ਤੇ ਸੰਸਾਰ ਦੀਆਂ ਵੱਖ ਵੱਖ ਮਿੱਥਾਂ 'ਚੋਂ ਪਈਆਂ ਸਾਂਝੀਆਂ ਸੰਰਚਨਾਵਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ।

ਏਥੇ ਇਹ ਕਹਿਣ ਦੀ ਜ਼ਰੂਰਤ ਹੈ ਕਿ ਲੈਵੀ ਸਤ੍ਰਾਸ ਦੇ ਮੁਤਾਲਿਆ ਦਾ ਖੇਤਰ ਬਹੁਤ ਵਿਸ਼ਾਲ ਹੈ। ਉਹਦੇ ਅਨੁਸਾਰ ਜਿਵੇਂ ਭਾਸ਼ਾ ਨੂੰ ਉਹਦੀਆਂ ਬੁਨਿਆਦੀ ਧੁਨੀਆਂ ਵਿਚ ਤੋੜ ਕੇ ਸਮਝਿਆ ਜਾ ਸਕਦਾ ਹੈ ਓਦਾਂ ਹੀ ਮਿੱਥ ਨੂੰ ਉਹਦੀਆਂ ਬੁਨਿਆਦੀ ਧੁਨੀਆਂ ਵਿਚ ਤੋੜ ਕੇ ਸਮਝਿਆ ਜਾ ਸਕਦਾ ਹੈ।[6] ਇਨ੍ਹਾਂ ਬੁਨਿਆਦੀ ਤੱਤਾਂ ਤੇ ਆਪਸੀ ਰਿਸ਼ਤੇ ਬਹੁਤ ਜਟਿਲ ਹਨ। ਲੈਵੀ ਸਤ੍ਰਾਸ ਸਾਨੂੰ ਦੱਸਦਾ ਹੈ ਇਸ ਪ੍ਰਕਿਰਿਆ ਕਾਰਨ ਮਿੱਥ ਵਿਚ ਉਹ ਤਾਕਤ ਹੁੰਦੀ ਹੈ ਕਿ ਇਸ ਗੱਲ ਨਾਲ ਮਿੱਥ ਦਾ ਅਸਰ ਘਟਦਾ ਜਾਂ ਵਧਦਾ ਨਹੀਂ ਕਿ ਉਹ ਕਿਹੜੀ ਭਾਸ਼ਾ ਵਿਚ ਦੱਸੀ ਜਾਂ ਬਿਆਨ ਕੀਤੀ ਜਾ ਰਹੀ ਹੈ।[7] ਉਦਾਹਰਣ ਦੇ ਤੌਰ 'ਤੇ ਈਡੀਪਸ ਦੀ ਮਿੱਥ ਯੂਨਾਨੀ ਵਿਚ ਦੱਸੀ ਜਾਏ, ਅੰਗਰੇਜ਼ੀ ਵਿਚ ਜਾਂ ਪੰਜਾਬੀ ਵਿਚ, ਉਹਦੇ ਬੁਨਿਆਦੀ ਤੱਤ ਤੇ ਤਾਕਤ ਕਾਇਮ ਰਹਿੰਦੇ ਹਨ।

ਆਪਣੀ ਦਲੀਲ ਨੂੰ ਹੋਰ ਸਪਸ਼ਟ ਕਰਨ ਲਈ ਲੈਵੀ ਸਤ੍ਰਾਸ ਮੈਲਿਨੋਵਸਕੀ ਤੇ ਲੈਵੀ ਬਰੂਹਲ ਦੀਆਂ ਧਾਰਨਾਵਾਂ ਨੂੰ ਨਕਾਰਦਾ ਹੈ। ਮੈਲਿਨੋਵਸਕੀ ਅਨੁਸਾਰ ਪੁਰਾਤਨ ਮਨੁੱਖ ਦਾ ਸੰਸਾਰ ਖਾਣ ਪੀਣ ਦੀਆਂ ਚੀਜ਼ਾਂ ਲੱਭਣ ਤੇ ਆਪਣੀਆਂ ਕਾਮ ਇੱਛਾਵਾਂ ਦੀ ਪੂਰਤੀ ਕਰਨ ਤਕ ਸੀਮਤ ਸੀ ਭਾਵ ਉਹ ਸਾਰੇ ਕੰਮ ਆਪਣੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਿਆਂ ਕਰਨ ਲਈ ਕਰਦਾ ਸੀ। ਮੈਲਿਨੋਵਸਕੀ ਅਨੁਸਾਰ ਅਸੀਂ ਪੁਰਾਤਨ ਮਨੁੱਖ ਦੀਆਂ ਸਮਾਜਿਕ ਸੰਸਥਾਵਾਂ, ਵਿਸ਼ਵਾਸਾਂ ਤੇ ਮਿੱਥਾਂ ਨੂੰ ਸਿਰਫ਼ ਏਸੇ ਸੀਮਿਤ ਦ੍ਰਿਸ਼ਟੀਕੋਣ ਤੋਂ ਹੀ ਸਮਝ ਸਕਦੇ ਹਾਂ। ਇਸ ਤੋਂ ਇਹ ਧਾਰਨਾ ਬਣਦੀ ਹੈ ਕਿ ਪੁਰਾਤਨ ਮਨੁੱਖ ਦੇ ਸੋਚਣ ਦਾ ਤਰੀਕਾ ਆਪਣੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਿਆਂ ਕਰਨ ਦੇ ਯਤਨਾਂ ਤੇ ਵਸੀਲਿਆਂ ਰਾਹੀਂ ਪਰਿਭਾਸ਼ਤ ਹੁੰਦਾ ਹੈ।[8] ਲੈਵੀ ਬਰੂਹਲ ਦੀ ਧਾਰਨਾ ਹੈ ਕਿ ਪੁਰਾਤਨ ਮਨੁੱਖ ਦੀ ਸੋਚ ਤੇ ਜਜ਼ਬਾ ਤੇ ਰਹੱਸਵਾਦੀ ਤਸੱਵਰ ਹਾਵੀ ਹੋ ਜਾਂਦੇ ਸਨ। ਇਸ ਤਰ੍ਹਾਂ ਲੈਵੀ ਬਰੂਹਲ ਅਨੁਸਾਰ ਪੁਰਾਤਨ ਮਨੁੱਖ ਦੇ ਸੋਚਣ ਦਾ ਤਰੀਕਾ ਜਜ਼ਬਾਤੀ ਤੇ ਰਹੱਸਵਾਦੀ ਸੀ। ਲੈਵੀ ਸਤ੍ਰਾਸ ਅਨੁਸਾਰ ਮੈਲਿਨੋਵਸਕੀ ਦੀ ਦਲੀਲ ਉਪਯੋਗਤਾਵਾਦੀ (ਯੂਟਿਲੀਟੇਰੀਅਨ) ਹੈ (ਜਿਹਦੇ ਅਨੁਸਾਰ ਮਨੁੱਖ ਦੇ ਕੰਮ, ਸੋਚਾਂ, ਸਮਾਜਿਕ ਸੰਸਥਾਵਾਂ, ਮਿੱਥਾਂ ਆਦਿ ਦਾ ਕੰਮ ਮਨੁੱਖ ਦੀਆਂ ਗਰਜ਼ਾਂ ਨੂੰ ਪੂਰਾ ਕਰਨਾ ਹੈ) ਅਤੇ ਲੈਵੀ ਬਰਹੂਲ ਦੀ ਦਲੀਲ ਭਾਵਾਤਮਕ (ਭਾਵ ਜਿਹਦੇ ਅਨੁਸਾਰ ਪੁਰਾਤਨ ਮਨੁੱਖ ਦੀ ਸੋਚ ਸਮਝ ਤੇ ਹੋਸ਼ ਤੋਂ ਘੱਟ ਤੇ ਜਜ਼ਬੇ ਤੋਂ ਜ਼ਿਆਦਾ ਕੰਮ ਲੈਂਦੀ ਸੀ)।[10] ਲੈਵੀ ਸਤ੍ਰਾਸ ਅਨੁਸਾਰ ਪੁਰਾਤਨ ਮਨੁੱਖ ਬੇਲਾਗ ਤੇ ਬੇਗਰਜ਼ ਤਰੀਕੇ ਨਾਲ ਸੋਚਣ ਦੇ ਵੀ ਕਾਬਿਲ ਸੀ।[11]

ਲੈਵੀ ਸਤ੍ਰਾਸ ਦੇ ਮੁਤਾਲਿਆ ਤੋਂ ਪਤਾ ਲੱਗਦਾ ਹੈ ਕਿ ਮਿੱਥਾਂ ਐਵੇਂ ਕੈਵੇਂ ਦਿਲ ਪਰਚਾਵੇ ਜਾਂ ਭਰਮ ਭੁਲੇਖਿਆਂ ਵਿਚ ਪਾਉਣ ਵਾਲੀ ਕਹਾਣੀਆਂ ਨਹੀਂ ਸਗੋਂ ਮਨੁੱਖ ਦੇ ਸਭਿਆਚਾਰ, ਕੁਦਰਤ, ਇਤਿਹਾਸ, ਸਮਾਜਿਕ ਸੰਸਥਾਵਾਂ ਆਦਿ ਨਾਲ ਰਿਸ਼ਤਿਆਂ ਦੇ ਜਟਿਲ ਬਿਰਤਾਂਤ ਹਨ।

ਏਥੇ ਰੂਪਵਾਦੀ ਚਿੰਤਕ ਵੀ.ਆਈ. ਪਰਾਪ ਦਾ ਜ਼ਿਕਰ ਵੀ ਕੀਤਾ ਜਾ ਸਕਦਾ ਹੈ। ਉਹ ਪਰੀ-ਕਹਾਣੀਆਂ ਵਿਚਲੇ ਵੱਖ-ਵੱਖ ਤੱਤਾਂ ਨੂੰ ਨਿਖੇੜਦਾ ਹੈ ਤੇ ਦੱਸਣ ਦੀ ਕੋਸ਼ਿਸ਼ ਕਰਦਾ ਹੈ, ਕਿਵੇਂ ਕਿਸੇ ਪਰੀ ਕਹਾਣੀ ਵਿਚ ਨਾਇਕ, ਨਾਇਕ, ਸਹਾਇਕ ਤੇ ਹੋਰ ਅਜਿਹੇ ਕਿਰਦਾਰ ਹੁੰਦੇ ਹਨ ਜੋ ਸੰਸਾਰ ਦੀਆਂ ਸਾਰੀਆਂ ਪਰੀ-ਕਹਾਣੀਆਂ ਵਿਚ ਸਾਂਝੇ ਹਨ ਤੇ ਕਿਵੇਂ ਕਿਸੇ ਵੀ ਪਰੀ-ਕਹਾਣੀ ਨੂੰ ਉਨ੍ਹਾਂ ਕਿਰਦਾਰਾਂ ਦੇ ਆਪਸੀ ਘੋਲ ਤੇ ਸਾਂਝਾਂ ਰਾਹੀਂ ਸਮਝਿਆ ਜਾ ਸਕਦਾ ਹੈ।[12] ਏਥੇ ਹੋਰ ਰੂਪਵਾਦੀ ਚਿੰਤਕਾਂ ਦਾ ਵੀ ਜ਼ਿਕਰ ਕੀਤਾ ਜਾ ਸਕਦਾ ਹੈ ਜੋ ਪਰੀ ਕਹਾਣੀਆਂ, ਲੋਕ-ਗਥਾਵਾਂ ਤੇ ਮਿੱਥਾਂ ਦੀ ਵੱਖ ਵੱਖ ਤਰੀਕਿਆਂ ਨਾਲ ਵਿਆਖਿਆ ਕਰਦੇ ਹਨ ਤੇ ਇਹ ਲੱਭਣ ਦੀ ਕੋਸ਼ਿਸ਼ ਕਰਦੇ ਹਨ ਕਿ ਇਨ੍ਹਾਂ ਮਿੱਥਾਂ ਤੇ ਕਹਾਣੀਆਂ ਵਿਚ ਕੁਝ ਤੱਤ ਤੇ ਸੰਰਚਨਾਵਾਂ ਸਾਂਝੀਆਂ ਹੁੰਦੀਆਂ ਹਨ ਤੇ ਇਹ ਤੱਤ ਤੇ ਸੰਰਚਨਾਵਾਂ ਹਰ ਮਿੱਥ ਜਾਂ ਲੋਕ-ਗਾਥਾ ਵਿਚ ਲੱਭੇ ਜਾ ਸਕਦੇ ਹਨ।[13]

ਪਰ ਜਿਹੜੇ ਪ੍ਰਸ਼ਨ ਦਾ ਸਾਹਮਣਾ ਮੈਂ ਏਥੇ ਕਰਨਾ ਚਾਹੁੰਦਾ ਹਾਂ ਉਹ ਹੈ ਕਿ ਕੀ ਲੈਵੀ ਸਤ੍ਰਾਸ ਦਾ ਸੰਰਚਨਾਵਾਦੀ ਚਿੰਤਨ ਤੇ ਪਰਾਪ ਤੇ ਹੋਰ ਚਿੰਤਕਾਂ ਦਾ ਰੂਪਵਾਦੀ ਚਿੰਤਨ ਸਾਨੂੰ ਸਾਰੀ ਕਹਾਣੀ ਦੱਸ ਸਕਦੇ ਹਨ? ਅਲਤਿਊਸਰ ਲੈਵੀ ਸਤ੍ਰਾਸ ਬਾਰੇ ਲਿਖਦਾ ਹੋਇਆ ਸਾਡਾ ਧਿਆਨ ਇਸ ਬੁਨਿਆਦੀ ਨੁਕਤੇ ਵੱਲ ਦਵਾਉਂਦਾ ਹੈ ਕਿ ਲੈਵੀ ਸਤ੍ਰਾਸ ਮਿੱਥਾਂ ਤੇ ਸਾਕਾਦਾਰੀਆਂ ਦਾ ਮੁਤਾਲਿਆ ਕਰਦਾ ਹੋਇਆ ਇਹ ਗੱਲ ਅੱਖੋਂ ਪਰੋਖੇ ਕਰ ਜਾਂਦਾ ਹੈ ਜਿਸ ਸਮਾਜ ਵਿਚ ਮਿੱਥਾਂ ਉਪਜੀਆਂ, ਉਸ ਸਮਾਜ ਵਿਚ ਪੈਦਾਵਾਰ ਦੇ ਸਾਧਨ ਕੀ ਸਨ, ਉਨ੍ਹਾਂ ਤੋਂ ਕਿਹੜੇ ਰਿਸ਼ਤੇ ਬਣੇ, ਪੈਦਾਵਾਰ ਦੇ ਸਾਧਨਾਂ ਤੇ ਕਿਨ੍ਹਾਂ ਲੋਕਾਂ ਦਾ ਗਲਬਾ ਸੀ।[14] ਮਾਰਕਸਵਾਦੀ ਚਿੰਤਨ ਅਨੁਸਾਰ ਪੈਦਾਵਾਰ ਦੀਆਂ ਤਾਕਤਾਂ, ਪੈਦਾਵਾਰ ਦੇ ਸਾਧਨ ਤੇ ਪੈਦਾਵਾਰ ਕਰਦਿਆਂ ਮਨੁੱਖਾਂ ਵਿਚ ਉਪਜੇ ਆਪਸੀ ਰਿਸ਼ਤੇ ਕਿਸੇ ਵੀ ਸਮਾਜ ਨੂੰ ਸਮਝਣ ਲਈ ਬੁਨਿਆਦੀ ਹਨ। ਲੈਵੀ ਸਤ੍ਰਾਸ ਦਾ ਚਿੰਤਨ ਇਨ੍ਹਾਂ ਤੱਤਾਂ ਨਾਲ ਦੋ ਚਾਰ ਨਹੀਂ ਹੁੰਦਾ ਤੇ ਇਨ੍ਹਾਂ ਨੂੰ ਵਿਸਾਰ ਦਿੰਦਾ ਹੈ। ਅਲਤਿਊਸਰ ਦੀ ਆਲੋਚਨਾ ਬੜੀ ਇਕ ਪਾਸੜ ਹੈ। ਲੈਵੀ ਸਤ੍ਰਾਸ ਮੁਤਾਲਿਆ ਦਾ ਸੰਸਾਰ ਬਹੁਤ ਜਟਿਲ ਹੈ। ਉਹ ਬਹੁਤ ਵਾਰ ਇਨ੍ਹਾਂ ਤੱਤਾਂ (ਜੋ ਮਾਰਕਸਵਾਦੀ ਚਿੰਤਨ ਦਾ ਵਿਸ਼ਾ ਹਨ) ਤਕ ਪਹੁੰਚਦਾ ਹੈ ਚਾਹੇ ਉਹ ਇਨ੍ਹਾਂ ਨੂੰ ਪ੍ਰਮੁੱਖਤਾ ਨਹੀਂ ਦਿੰਦਾ।

ਉਪਰਲੀ ਬਹਿਸ ਤੋਂ ਮੈਂ ਜਿਸ ਨੁਕਤੇ 'ਤੇ ਪਹੁੰਚਣਾ ਚਾਹੁੰਦਾ ਹਾਂ ਉਹ ਉਸ ਮਿਥਿਹਾਸ ਤੇ ਉਨ੍ਹਾਂ ਮਿਥਿਹਾਸਕ ਕਹਾਣੀਆਂ ਬਾਰੇ ਹੈ ਜਿਹੜੀਆਂ ਦੱਖਣੀ ਏਸ਼ੀਆ ਦੇ ਵੱਖ ਵੱਖ ਹਿੱਸਿਆਂ ਵਿਚ ਪੈਦਾ ਹੋਈਆਂ ਤੇ ਖ਼ਾਸਕਰ ਉਸ ਭੂਗੋਲਿਕ ਖਿੱਤੇ ਵਿਚ ਜਿਹਨੂੰ ਹੁਣ ਭਾਰਤ ਕਿਹਾ ਜਾਂਦਾ ਹੈ। ਇਨ੍ਹਾਂ ਕਹਾਣੀਆਂ ਵਿਚੋਂ ਵੀ ਇਸ ਲੇਖ ਦਾ ਮਕਸਦ ਉਨ੍ਹਾਂ ਮਿਥਿਹਾਸਕ ਕਥਾ-ਕਹਾਣੀਆਂ ਤਕ ਮਹਿਦੂਦ ਹੈ ਜੋ ਸਾਨੂੰ ਸਨਾਤਨ ਧਰਮ ਦੇ ਗ੍ਰੰਥਾਂ ਭਾਵ ਵੇਦਾਂ, ਪੁਰਾਣਾਂ, ਉਪਨਿਸ਼ਦਾਂ, ਬ੍ਰਾਹਮਣਾਂ ਤੇ ਸਿਮਰਤੀਆਂ ਵਿਚ ਮਿਲਦੀਆਂ ਹਨ। ਸਨਾਤਨ ਧਰਮ ਦੇ ਮਿਥਿਹਾਸ ਵਿਚ ਇਤਿਹਾਸ ਤੇ ਮਿਥਿਹਾਸ ਦਾ ਮਿਲਗੋਭਾ ਹੈ। ਲੈਵੀ ਸਤ੍ਰਾਸ ਇਸ ਸਮੱਸਿਆ ਤੋਂ ਵਾਕਿਫ਼ ਹੈ। ਉਹ ਇਹ ਸਵਾਲ ਉਠਾਉਂਦਾ ਹੈ ਕਿ ਮਿੱਥ ਕਦੋਂ ਇਤਿਹਾਸ ਬਣ ਜਾਂਦੀ ਹੈ? ਮਿੱਥਾਂ ਦੇ ਗ੍ਰੰਥ ਕਿਵੇਂ ਬਣੇ? ਇਸ ਪ੍ਰਸ਼ਨ ਦਾ ਉੱਤਰ ਦਿੰਦਿਆਂ ਲੈਵੀ ਸਤ੍ਰਾਸ ਕਹਿੰਦਾ ਹੈ ਕਿਸੇ ਸਮੇਂ ਉਸ ਸਮੇਂ ਦੇ ਸਿਆਣੇ ਬੰਦਿਆਂ ਨੇ ਅਜੋੜ ਲੱਗਦੇ ਤੱਤਾਂ ਨੂੰ ਇਕੱਠਿਆਂ ਕੀਤਾ ਤੇ ਇਕ ਕਹਾਣੀ ਦਾ ਰੂਪ ਦੇ ਦਿੱਤਾ ਜੋ ਨਿਰੰਤਰ ਤੇ ਲੜੀਵਾਰ ਤੁਰੀ ਜਾ ਰਹੀ ਹੋਵੇ।[15] ਲੈਵੀ ਸਤ੍ਰਾਸ ਦਾ ਕਹਿਣਾ ਕਿ ਜਦੋਂ ਅਸੀਂ ਅਜਿਹੀਆਂ ਕਿਤਾਬਾਂ ਪੜ੍ਹਦੇ ਹਾਂ ਸਾਨੂੰ ਪਤਾ ਲੱਗਦਾ ਹੈ ਕਿ ਜੋ ਵਿਰੋਧ ਅਸੀਂ ਆਪਣੇ ਮਨ ਵਿਚ ਇਤਿਹਾਸ ਤੇ ਮਿਥਿਹਾਸ ਸੰਬੰਧੀ ਬਣਾ ਰੱਖਿਆ ਹੈ ਉਹ ਠੀਕ ਨਹੀਂ ਹੈ। ਇਨ੍ਹਾਂ ਕਿਤਾਬਾਂ ਜਾਂ ਗ੍ਰੰਥਾਂ ਵਿਚ ਸਾਨੂੰ ਇਤਿਹਾਸ ਤੇ ਮਿਥਿਹਾਸ ਵਿਚਕਾਰਲੀ ਸਾਂਝੀ ਜ਼ਮੀਨ ਮਿਲਦੀ ਹੈ।[16]

ਮੈਂ ਲੈਵੀ ਸਤ੍ਰਾਸ ਦੇ ਇਸ ਮੱਤ ਨਾਲ ਸਹਿਮਤ ਹਾਂ ਕਿ ਪੁਰਾਤਨ ਮਨੁੱਖ ਦੇ ਸੋਚਣ ਸਮਝਣ ਦੀ ਪ੍ਰਕਿਰਿਆ ਵੀ ਕੁਝ ਓਸੇ ਤਰ੍ਹਾਂ ਦੀ ਸੀ ਜਿਵੇਂ ਅੱਜ ਦੇ ਮਨੁੱਖ ਦੀ ਹੈ (ਪਰ ਇਸ ਪ੍ਰਕਿਰਿਆ ਵਿਚਲੇ ਇਤਿਹਾਸਕ ਤੱਤ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਇਤਿਹਾਸ ਦੀਆਂ ਪੈੜਾਂ ਨਾਪਦਾ ਮਨੁੱਖ ਗਿਆਨ ਦਾ ਸੰਗ੍ਰਹਿ ਵੀ ਕਰਦਾ ਹੈ, ਕੁਦਰਤ ਦੀਆਂ ਤਾਕਤਾਂ 'ਤੇ ਕਾਬੂ ਪਾਉਂਦਾ ਹੈ, ਪੈਦਾਵਾਰ ਦੇ ਨਵੇਂ ਤਰੀਕੇ ਈਜਾਦ ਕਰਦਾ ਹੈ, ਨਵੇਂ ਪੈਦਾਵਾਰੀ ਰਿਸ਼ਤੇ ਬਣਾਉਂਦਾ ਹੈ ਆਦਿ)। ਉਸ ਦਾ ਇਹ ਮੱਤ ਵੀ ਸਹੀ ਹੈ ਕਿ ਮਿੱਥਾਂ ਵੱਖ ਵੱਖ ਲੋਕ ਸਮੂਹਾਂ ਦੀਆਂ ਕਹਾਣੀਆਂ ਹਨ ਤੇ ਉਨ੍ਹਾਂ ਦੇ ਨਸੀਬਾਂ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਮੈਂ ਉਸ ਦੇ ਇਸ ਮੱਤ ਨਾਲ ਵੀ ਸਹਿਮਤ ਹਾਂ ਕਿ ਮਿੱਥਾਂ ਦੀ ਗ੍ਰੰਥਕਾਰੀ ਕੁਝ ਸਿਆਣੇ ਲੋਕਾਂ ਨੇ ਕੀਤੀ।

ਮੈਂ ਫਿਰ ਹਿੰਦੋਸਤਾਨੀ ਬਰੇ-ਸਗੀਰ ਦੇ ਸਨਾਤਨੀ ਗ੍ਰੰਥਾਂ ਵਿਚ ਮਿਲਦੇ ਮਿਥਿਹਾਸ ਵੱਲ ਪਰਤਦਾ ਹਾਂ। ਇਹ ਠੀਕ ਹੈ ਕਿ ਇਹ ਗ੍ਰੰਥ ਬੜੇ ਸਿਆਣੇ ਲੋਕਾਂ ਨੇ ਲਿਖੇ। ਉਨ੍ਹਾਂ ਨੇ ਵੱਖ ਵੱਖ ਕਹਾਣੀਆਂ ਨੂੰ ਇਕੱਠਿਆਂ ਕੀਤਾ ਤੇ ਰਮਾਇਣ, ਮਹਾਭਾਰਤ ਤੇ ਪੁਰਾਣਾਂ ਵਿਚ ਮਿਲਦੇ ਮਹਾਂ-ਕਾਵਿਕ ਬਿਰਤਾਂਤ ਬਣਾ ਦਿੱਤਾ। ਏਥੇ ਪ੍ਰਸ਼ਨ ਇਹ ਉੱਠਦਾ ਹੈ ਹਿੰਦੋਸਤਾਨੀ ਬਰੇ-ਸਗੀਰ (ਉਪ-ਮਹਾਂਦੀਪ) ਵਿਚ ਇਹ ਮਿੱਥਾਂ ਤੇ ਕਹਾਣੀਆਂ ਇਕੱਠੇ ਕਰਨ ਵਾਲੇ 'ਸਿਆਣੇ' ਲੋਕ ਕੌਣ ਸਨ? ਕੀ ਇਨ੍ਹਾਂ ਦੀ 'ਸਿਆਣਪ' ਨੂੰ ਸਮਝਣਾ ਤੇ ਵਾਚਣਾ ਚਾਹੀਦਾ ਹੈ ਜਾਂ ਇਨ੍ਹਾਂ ਮਿੱਥਾਂ ਨੂੰ ਦੈਵੀ ਕਹਾਣੀਆਂ ਸਮਝ ਕੇ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਉਨ੍ਹਾਂ ਗ੍ਰੰਥਾਂ ਵਿਚ ਇਕੱਠਾ ਕੀਤਾ ਗਿਆ, ਜਿਨ੍ਹਾਂ ਨੂੰ ਹੁਣ ਧਾਰਮਿਕ ਕਿਹਾ ਗਿਆ ਹੈ ਜਾਂ ਧਾਰਮਿਕ 'ਬਣਾ' ਦਿੱਤਾ ਗਿਆ ਹੈ?

ਆਪਣੇ ਪ੍ਰਸ਼ਨ ਨੂੰ ਲਿਖਤ ਵਿਚ ਮਿਲਦੇ ਹੋਏ ਸਨਾਤਨੀ ਸਾਹਿਤ ਤਕ ਸੀਮਤ ਕਰੀਏ ਤਾਂ ਇਸ ਪ੍ਰਸ਼ਨ ਦਾ ਉੱਤਰ ਸਪਸ਼ਟ ਹੈ ਕਿ ਮਿੱਥਾਂ ਤੇ ਮਿਥਿਹਾਸਕ ਕਹਾਣੀਆਂ ਨੂੰ ਜਨਮ ਦੇਣ ਵਾਲੇ ਲੋਕ ਕੋਈ ਵੀ ਹੋ ਸਕਦੇ ਹਨ ਜਿਵੇਂ ਲੋਕ-ਗਾਇਕ, ਕਥਾ-ਵਾਚਕ ਆਦਿ, ਪਰ ਇਨ੍ਹਾਂ ਨੂੰ ਇਕੱਠੇ ਕਰਨ ਵਾਲੇ ਲੋਕ ਮੁੱਖ ਤੌਰ 'ਤੇ ਬ੍ਰਾਹਮਣ ਸਨ? ਇਸ ਤਰ੍ਹਾਂ ਜੋ ਮਿਥਿਹਾਸ ਤੇ ਮਿਥਿਹਾਸਕ ਕਹਾਣੀਆਂ ਸਾਨੂੰ ਅੱਜ ਮਿਲਦੀਆਂ ਹਨ, ਉਨ੍ਹਾਂ ਵਿਚ ਬ੍ਰਾਹਮਣੀ ਦਖ਼ਲ ਚੋਖਾ ਹੈ।

ਉਦਾਹਰਣ ਦੇ ਤੌਰ 'ਤੇ ਅਸੀਂ ਰਾਧਾ ਤੇ ਕ੍ਰਿਸ਼ਨ ਤੇ ਗੋਪੀਆਂ ਦੀ ਮਿੱਥ ਉੱਤੇ ਵਿਚਾਰ ਕਰਦੇ ਹਾਂ।[17] ਮਹਾਭਾਰਤ ਵਿਚ ਰਾਧਾ ਅਤੇ ਗੋਪੀਆਂ ਦਾ ਕੋਈ ਜ਼ਿਕਰ ਨਹੀਂ ਹੈ। ਹਿੰਦੋਸਤਾਨੀ ਬਰੇ-ਸਗੀਰ ਦੇ ਵੱਖ-ਵੱਖ ਹਿੱਸਿਆਂ ਵਿਚ ਰਾਧਾ ਤੇ ਕ੍ਰਿਸ਼ਨ ਦੀ ਪੂਜਾ ਹੁੰਦੀ। ਮਹਾਭਾਰਤ ਇਕ ਕਲਾਸਿਕ ਸਨਾਤਨੀ ਗ੍ਰੰਥ ਹੈ। ਵਿਦਵਾਨਾਂ ਅਨੁਸਾਰ ਮਹਾਭਾਰਤ ਦੇ ਮੂਲ ਪਾਠ ਦਾ ਨਾਂ 'ਜੈ ਕਾਵਿ' ਸੀ ਜੋ ਕੁਰੂਕਸ਼ੇਤਰ ਵਿਚ ਪਾਂਡਵਾਂ ਦੀ ਕੌਰਵਾਂ ਤੇ ਹੋਈ ਜਿੱਤ ਦਾ ਵਰਨਣ ਸੀ। ਡਾ. ਵੀ. ਐੱਸ. ਸੁਕਥਨਰ ਅਨੁਸਾਰ ਇਸ ਕਥਾ ਨੂੰ ਜਨਮ ਦੇਣ ਵਾਲੇ ਲੋਕ ਗਾਇਕ ਸਨ ਜਿਨ੍ਹਾਂ ਨੂੰ ਸੂਤ ਕਿਹਾ ਜਾਂਦਾ ਸੀ। ਬਾਅਦ ਵਿਚ ਇਹ ਕਥਾ ਭ੍ਰਿਗੂ ਬ੍ਰਾਹਮਣਾਂ ਦੇ ਹੱਥ ਵਿਚ ਚਲੀ ਗਈ ਜਿਨ੍ਹਾਂ ਨੇ ਇਸ ਵਿਚ ਆਪਣੀਆਂ ਕਹਾਣੀਆਂ ਜੋੜ ਦਿੱਤੀਆਂ।[18] ਵਿਦਵਾਨਾਂ ਦਾ ਵਿਚਾਰ ਹੈ ਗੀਤਾ ਦਾ ਪ੍ਰਵਚਨ ਵੀ ਮਹਾਭਾਰਤ ਵਿਚ ਬਹੁਤ ਬਾਅਦ ਵਿਚ ਸ਼ਾਮਿਲ ਕੀਤਾ ਗਿਆ। ਏਥੇ ਪ੍ਰਸ਼ਨ ਇਹ ਹੈ ਕਿ ਰਾਧਾ ਤੇ ਗੋਪੀਆਂ ਦੇ ਕਿਰਦਾਰ ਮਹਾਭਾਰਤ ਵਿਚੋਂ ਕਿਉਂ ਗ਼ੈਰਹਾਜ਼ਰ ਹਨ? ਮੁੱਖ ਪੁਰਾਣਾਂ ਜਿਵੇਂ ਹਰੀਵੰਸ਼ ਪੁਰਾਣ, ਵਿਸ਼ਨੂ ਪੁਰਾਣ ਤੇ ਸ੍ਰੀਮਦ ਭਾਗਵਤ ਵਿਚ ਵੀ ਰਾਧਾ ਦਾ ਕੋਈ ਵਰਨਣ ਨਹੀਂ? ਇਸ ਗ਼ੈਰਹਾਜ਼ਰੀ ਤੇ ਵਿਚਾਰ ਕਰਨਾ ਬਣਦਾ ਹੈ। ਇਸ ਦੇ ਨਾਲ-ਨਾਲ ਇਸ ਗੱਲ 'ਤੇ ਵਿਚਾਰ ਬਣਦਾ ਹੈ ਕਿ ਰਾਧਾ ਕ੍ਰਿਸ਼ਨ ਤੇ ਗੋਪੀਆਂ ਦੀ ਮਿੱਥ ਕਿਵੇਂ ਪੈਦਾ ਹੁੰਦੀ ਹੈ ਤੇ ਅੱਜ ਦੇ ਲਿਖਤ ਸਨਾਤਨੀ ਅਤੇ ਵੈਸ਼ਣਵ ਸਾਹਿਤ ਵਿਚ ਸਾਨੂੰ ਕਿਵੇਂ ਪ੍ਰਾਪਤ ਹੁੰਦੀ ਹੈ ਤੇ

ਅੱਜ ਕੱਲ੍ਹ ਉਸ ਦੀ ਵਿਆਖਿਆ ਕਿਵੇਂ ਕੀਤੀ ਜਾਂਦੀ ਹੈ।

ਰਾਧਾ ਤੇ ਗੋਪੀਆਂ ਦੀ ਮਹਾਭਾਰਤ ਵਿਚੋਂ ਗ਼ੈਰਹਾਜ਼ਰੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਇਹ ਕਿਰਦਾਰ ਲੋਕ ਕਲਪਨਾ ਨੇ ਘੜੇ। ਰਾਧਾ ਦੇ ਕਿਰਦਾਰ ਦੇ ਵਰਨਣ ਦਾਂ ਮੁੱਖ ਪੁਰਾਣਾਂ ਵਿਚ ਵੀ ਨਾ ਮਿਲਣਾ ਇਸ ਧਾਰਨਾ ਦੀ ਪੁਸ਼ਟੀ ਕਰਦਾ ਹੈ ਕਿ ਰਾਧਾ ਨਿਰੋਲ ਲੋਕ-ਕਲਪਨਾ ਦੁਆਰਾ ਘੜਿਆ ਗਿਆ ਪਾਤਰ ਹੈ। ਉਸ ਦਾ ਪਹਿਲਾ ਪਹਿਲਾ ਜ਼ਿਕਰ ਪ੍ਰਾਕਿਰਤ ਦੇ ਗ੍ਰੰਥਾਂ ਵਿਚ ਮਿਲਦਾ ਹੈ। ਸਨਾਤਨੀ ਵਿਦਵਾਨ ਕਨ੍ਹਈਆ ਲਾਲ ਮਾਨਕ ਲਾਲ ਮੁਨਸ਼ੀ ਅਨੁਸਾਰ ਰਾਧਾ ਸਾਡੀ ਲੋਕ ਕਲਪਨਾ ਦੁਆਰਾ ਸਿਰਜਤ ਰਸਵੰਤੀ ਦੇਵੀ ਹੈ।[19]

ਔਰਤ ਤੇ ਮਰਦ ਵਿਚਲਾ ਆਜ਼ਾਦ ਰਿਸ਼ਤਾ ਸੰਸਾਰ ਦਾ ਮੁੱਢ ਕਦੀਮੀ ਰਿਸ਼ਤਾ ਹੈ। ਜਿਉਂ ਜਿਉਂ ਸਭਿਅਤਾ ਦਾ ਵਿਕਾਸ ਹੁੰਦਾ ਹੈ, ਸਮਾਜਿਕ ਸੰਸਥਾਵਾਂ ਬਣਦੀਆਂ ਹਨ, ਇਹ ਸੰਸਥਾਵਾਂ ਇਸ ਰਿਸ਼ਤੇ 'ਤੇ ਕਈ ਤਰ੍ਹਾਂ ਦੀਆਂ ਰੋਕਾਂ ਲਾਉਂਦੀਆਂ ਹਨ ਤੇ ਕਈ ਵਰਜਣਾਵਾਂ ਥੋਪਦੀਆਂ ਹਨ। ਮਨੂੰ ਸਿਮਰਤੀ ਤੇ ਹੋਰ ਸਨਾਤਨੀ ਗ੍ਰੰਥਾਂ ਵਿਚ ਔਰਤ ਦੀ ਸਥਿਤੀ ਮਰਦ ਦੇ ਮੁਕਾਬਲੇ ਵਿਚ ਗੌਣ ਹੋ ਜਾਂਦੀ ਹੈ। ਵਿਆਹ ਇਕ ਪਵਿੱਤਰ ਸੰਸਥਾ ਬਣ ਜਾਂਦਾ ਹੈ, ਔਰਤ ਜਿਸ ਤੋਂ ਬਾਹਰ ਨਹੀਂ ਝਾਕ ਸਕਦੀ। ਮਰਦ ਦੀ ਸਥਿਤੀ ਗੌਰਵਮਈ ਹੁੰਦੀ ਜਾਂਦੀ ਹੈ ਤੇ ਆਜ਼ਾਦੀ ਨਾਲ ਭਰਪੂਰ ਵੀ। ਉਹ ਯੋਧਾ ਬਣਦਾ ਹੈ, ਉਹ ਕਈ ਵਿਆਹ ਕਰਾ ਸਕਦਾ ਹੈ ਤੇ ਇਕ ਤੋਂ ਜ਼ਿਆਦਾ ਔਰਤਾਂ ਨਾਲ ਸੰਬੰਧ ਰੱਖ ਸਕਦਾ ਹੈ।

ਹਿੰਦੋਸਤਾਨੀ ਬਰੇ-ਸਗੀਰ ਵਿਚ ਵੱਸਦੀਆਂ ਔਰਤਾਂ ਦਾ ਮਨ ਇਸ ਵਿਰੁੱਧ ਬਗ਼ਾਵਤ ਕਰਦਾ ਹੈ। ਉਹ ਗੋਪੀਆਂ ਤੇ ਰਾਧਾ ਦੀ ਕਹਾਣੀ ਘੜਦੀਆਂ ਹਨ। ਉਨ੍ਹਾਂ ਕਹਾਣੀਆਂ ਵਿਚ ਰਾਧਾ ਤੇ ਹੋਰ ਗੋਪੀਆਂ ਵਿਆਹ ਦੀ ਸੰਸਥਾ ਤੋਂ ਬਾਹਰ ਜਾ ਕੇ ਕ੍ਰਿਸ਼ਨ ਨਾਲ ਰਾਸ-ਲੀਲਾ ਕਰਦੀਆਂ ਹਨ। ਸ੍ਰੀਮਦ ਭਾਗਵਤ ਰਾਸ ਲੀਲਾ ਦਾ ਵਰਨਣ ਔਰਤ-ਮਰਦ ਵਿਚਲੇ ਕੁਦਰਤੀ ਰਿਸ਼ਤੇ ਦਾ ਖੁੱਲ੍ਹਾ ਸਰੀਰਕ ਵਰਨਣ ਹੈ। ਇਸ ਰਿਸ਼ਤੇ ਨੂੰ ਭੋਗਦੀਆਂ ਤੇ ਆਨੰਦ ਲੈਂਦੀਆਂ ਗੋਪੀਆਂ ਕਹਿੰਦੀਆਂ ਹਨ : ਮੈਂ ਹੀ ਕ੍ਰਿਸ਼ਨ ਹਾਂ, ਮੈਂ ਹੀ ਕ੍ਰਿਸ਼ਨ ਹਾਂ।"[20] ਰਾਧਾ ਦਾ ਕਿਰਦਾਰ ਤਾਂ ਹੋਰ ਵੀ ਅਦਭੁਤ ਹੈ। ਪ੍ਰਾਪਤ ਕਹਾਣੀ ਅਨੁਸਾਰ ਉਹ ਵਿਆਹੀ ਹੋਈ ਔਰਤ ਹੈ, ਉਸ ਦੇ ਪਤੀ ਦਾ ਨਾਂ ਹੈ?...ਕਹਿਣ ਤੋਂ ਮਤਲਬ ਇਹ ਹੈ ਕਿ ਪੁਰਾਣੇ ਸਮਿਆਂ ਵਿਚ ਰਹਿੰਦੀਆਂ ਔਰਤਾਂ ਦੇ ਮਨ ਵਿਚ ਜਦ ਇਹ ਮਿੱਥ ਜਨਮ ਲੈਂਦੀ ਹੈ ਤਾਂ ਔਰਤਾਂ ਇਹ ਸ਼ੱਕ-ਸ਼ੁਭਾ ਨਹੀਂ ਰਹਿਣ ਦੇਣਾ ਚਾਹੁੰਦੀਆਂ ਕਿ ਉਸ ਕਿਸ ਔਰਤ ਬਾਰੇ ਗੱਲ ਕਰ ਰਹੀਆਂ ਹਨ। ਉਹ ਸਥਾਪਿਤ ਕਰਦੀਆਂ ਹਨ ਕਿ ਉਹ ਵਿਆਹੀ ਹੋਈ ਔਰਤ ਬਾਰੇ ਗੱਲ ਕਰ ਰਹੀਆਂ ਹਨ। ਅਸਲ ਵਿਚ ਉਹ ਆਪਣੇ ਬਾਰੇ ਗੱਲ ਕਰ ਰਹੀਆਂ ਹਨ। ਆਪਣੀ ਕਹਾਣੀ ਜਾਂ ਆਪਣੇ ਮਨਾਂ ਵਿਚ ਦੱਬੀਆਂ ਹੋਈਆਂ ਤੇ ਕੁੰਠਿਤ ਕੀਤੀਆਂ ਗਈਆਂ ਇੱਛਾਵਾਂ ਦੀ ਕਹਾਣੀ ਦੱਸ ਰਹੀਆਂ ਹਨ।

ਰਾਧਾ ਕ੍ਰਿਸ਼ਨ ਤੇ ਗੋਪੀਆਂ ਦੀ ਇਸ ਮਿੱਥ ਵੈਸ਼ਨਵ ਧਰਮ ਬਹੁਤ ਸਾਰੀਆਂ ਥਾਵਾਂ 'ਤੇ ਕੇਂਦਰੀ ਸਥਾਨ ਲੈ ਲੈਂਦੀ ਹੈ। ਬੰਗਾਲ ਵਿਚ ਚੇਤੰਨਯ ਤੇ ਚੰਡੀ ਦਾਸ, ਰਾਜਸਥਾਨ ਵਿਚ ਮੀਰਾ ਬਾਈ, ਕਸ਼ਮੀਰ ਵਿਚ ਲਲਦਯ ਤੇ ਮਿਥਲਾ ਵਿਚ ਵਿਦਿਆਪਤੀ ਤੇ ਹੋਰ ਕਈ ਉਦਾਹਰਣ ਦਿੱਤੇ ਜਾ ਸਕਦੇ ਹਨ। ਜਾਗੀਰਦਾਰੀ ਢਾਂਚੇ ਵਿਚ ਮਧੋਲੀ ਹੋਈ ਮੀਰਾ ਤਾਂ ਕ੍ਰਿਸ਼ਨ ਨੂੰ ਆਪਣਾ ਪਤੀ ਮੰਨਦੀ ਹੈ।

ਅਲਤਿਊਸਰ ਦੀ ਦਲੀਲ ਤੋਂ ਤੰਦ ਲੈ ਕੇ ਅਸੀਂ ਕਹਿ ਸਕਦੇ ਹਾਂ ਜੇ ਅਸੀਂ ਇਸ ਮਿੱਥ ਦੇ ਵਿਕਾਸ ਨੂੰ ਦੇਖਣਾ ਹੈ ਤਾਂ ਸਾਨੂੰ ਉਨ੍ਹਾਂ ਸਮਿਆਂ ਦੀ ਸਮਾਜਿਕ ਬਣਤਰਾਂ ਤੇ ਉਨ੍ਹਾਂ ਦੇ ਵਿਕਾਸ ਨੂੰ ਵੀ ਵੇਖਣਾ ਪਵੇਗਾ। ਉਨ੍ਹਾਂ ਸਮਾਜਿਕ ਬਣਤਰਾਂ ਦੇ ਪਿੱਛੇ ਕਿਹੜੀਆਂ ਪਦਾਰਥਕ ਸ਼ਕਤੀਆਂ ਕੰਮ ਕਰ ਰਹੀਆਂ ਹਨ, ਉਨ੍ਹਾਂ ਨੂੰ ਵਾਚਣਾ ਪਵੇਗਾ। ਡੀ.ਡੀ. ਕੋਸੰਭੀ ਦੀਆਂ ਲਿਖਤਾਂ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਦੇ ਨਿਸ਼ਾਨ ਮਿਲਦੇ ਹਨ। ਹਜ਼ਾਰੀ ਪ੍ਰਸਾਦ ਦ੍ਵਿਵੇਦੀ ਦਾ ਵਿਸ਼ਾਲ ਅਧਿਐਨ ਸਾਨੂੰ ਰਾਧਾ ਦੇ ਕਿਰਦਾਰ ਦੇ ਵਿਕਾਸ ਤੇ ਭਰਪੂਰ ਰੌਸ਼ਨੀ ਪਾਉਂਦਾ ਹੈ ਪਰ ਇਸ ਅਧਿਐਨ ਵਿਚੋਂ ਉਨ੍ਹਾਂ ਸਮਿਆਂ ਦੀ ਸਮਾਜਿਕ ਬਣਤਰਾਂ ਦਾ ਅਧਿਐਨ ਗ਼ੈਰਹਾਜ਼ਰ ਹੈ। ਇਹ ਅਧਿਐਨ ਇਸ ਲੇਖ ਵਿਚ ਗ਼ੈਰਹਾਜ਼ਰ ਰਹੇਗਾ ਕਿਉਂਕਿ ਅਜਿਹੇ ਅਧਿਐਨ ਲਈ ਉਹ ਸਮੇਂ ਜਿਨ੍ਹਾਂ ਵਿਚ ਇਹ ਮਿੱਥਾਂ ਪੈਦਾ ਹੋਈਆਂ ਤੇ ਵਿਕਸਿਤ ਹੋਈਆਂ, ਉਨ੍ਹਾਂ ਸਮਿਆਂ ਦੀਆਂ ਸਮਾਜਿਕ ਬਣਤਰਾਂ ਦੇ ਗੁੰਝਲਦਾਰ ਇਤਿਹਾਸ ਦਾ ਲੇਖਾ ਜੋਖਾ ਕਰਨਾ ਪਵੇਗਾ ਜੋ ਇਸ ਲੇਖ ਦੀ ਸਮਰੱਥਾ ਤੋਂ ਬਾਹਰ ਹੈ।

ਹਾਲ ਦੀ ਘੜੀ ਮੈਂ ਇਸ ਲੇਖ ਦੀ ਸੀਮਾ ਤਹਿ ਕਰਦਿਆਂ ਇਸ ਗੱਲ ਦੀ ਨਿਸ਼ਾਨਦੇਹੀ ਕਰਨੀ ਚਾਹੁੰਦਾ ਹਾਂ ਕਿ ਇਹ ਮਿੱਥ ਪਿਤਰੀ ਸਮਾਜ ਤੇ ਬ੍ਰਾਹਮਣਵਾਦੀ ਸ਼ਕਤੀਆਂ ਨੂੰ ਕਿਵੇਂ ਚੁਣੌਤੀ ਦਿੰਦੀ ਹੈ ਤੇ ਉਹ ਇਸ ਮਿੱਥ ਦੀ ਮੂਲ ਤਾਕਤ ਨੂੰ ਮਧੋਲਣ ਲਈ ਕੀ ਕਰਦੇ ਹਨ?

ਰਾਧਾ ਕ੍ਰਿਸ਼ਨ ਦੀ ਮਿੱਥ ਵੈਸ਼ਣਵ ਧਰਮ ਦਾ ਹਿੱਸਾ ਬਣਦੀ ਹੈ ਜਿਸ ਵਿਚ ਕ੍ਰਿਸ਼ਨ ਜਮੁਨਾ ਕੰਢੇ ਵ੍ਰਿੰਦਾਵਣ ਵਿਚ ਰਹਿੰਦਾ ਹੈ। ਓਥੇ ਕ੍ਰਿਸ਼ਨ ਗਊਆਂ ਚਾਰਦਾ ਹੈ, ਗੋਪਾਂ ਨਾਲ ਖੇਡਦਾ ਹੈ, ਮੁਰਲੀ ਵਜਾਉਂਦਾ ਹੈ ਤੇ ਗੋਪੀਆਂ ਨੂੰ ਰਿਝਾਉਂਦਾ ਹੈ। ਇਸ ਤਰ੍ਹਾਂ ਰਾਧਾ ਤੇ ਕ੍ਰਿਸ਼ਨ ਦੇ ਪ੍ਰਕਿਰਤੀ ਤੇ ਆਪਣੇ ਸਾਥੀ ਮੁੰਡੇ ਕੁੜੀਆਂ ਨਾਲ ਰਿਸ਼ਤੇ ਬੜੇ ਸਹਿਜ ਰੂਪ ਵਾਲੇ ਹਨ। ਰਾਧਾ ਕ੍ਰਿਸ਼ਨ ਦੀ ਇਹ ਜੋੜੀ ਵੈਸ਼ਨਵ ਤੇ ਭਗਤੀ ਲਹਿਰ ਦੇ ਭਗਤਾਂ ਤੇ ਕਵੀਆਂ ਦੀ ਰਚਨਾ ਵਿਚ ਮਨੁੱਖ ਦੇ ਭਗਵਾਨ ਨਾਲ ਸਿੱਧੇ ਰਿਸ਼ਤੇ ਵਜੋਂ ਉਤਰੀ ਭਾਰਤ ਵਿਚ ਲੋਕਾਂ ਦੇ ਮਨ 'ਤੇ ਛਾ ਜਾਂਦੀ ਹੈ। ਕ੍ਰਿਸ਼ਨ ਦੇ ਗੀਤ ਗਾਉਣ ਲਈ, ਉਹਦੇ ਨਾਲ ਸਾਂਝ ਪਾਉਣ ਲਈ ਕਿਸੇ ਬ੍ਰਾਹਮਣੀ ਕਰਮ-ਕਾਂਡ ਦੀ ਲੋੜ ਨਹੀਂ। ਉਹ ਇਕ ਵਿਆਹੀ ਹੋਈ ਔਰਤ ਦਾ ਪ੍ਰੇਮੀ ਹੈ, ਉਹ ਸਾਡੇ ਵਾਗੀਆਂ ਵਾਂਗ ਗਾਈਆਂ ਚਾਰਦਾ ਹੈ, ਮੁਰਲੀ ਵਜਾ ਕੇ ਕੁੜੀਆਂ (ਗੋਪੀਆਂ) ਨੂੰ ਮੋਹਿਤ ਕਰ ਲੈਂਦਾ ਹੈ। ਉਹ ਮਾਂ ਯਸ਼ੋਧਾ ਦਾ ਬਾਲ ਹੈ ਜਿਸ ਨੂੰ ਉਹਨੇ ਜਨਮ ਨਹੀਂ ਦਿੱਤਾ। ਉਹ ਨਟਖਟ ਹੈ, ਮੱਖਣ-ਚੋਰ ਹੈ, ਉਹ ਪ੍ਰੇਮ ਤੇ ਮਮਤਾ ਦਾ ਪ੍ਰਤੀਕ ਹੈ, ਉਹ ਔਰਤਾਂ ਤੇ ਮਰਦਾਂ ਦਾ ਨਿੱਜੀ ਭਗਵਾਨ ਹੈ। ਔਰਤਾਂ ਉਹਦੇ ਲਈ ਗੀਤ ਬਣਾਉਂਦੀਆਂ ਤੇ ਗਾਉਂਦੀਆਂ ਹਨ ਤੇ ਇਨ੍ਹਾਂ ਗੀਤਾਂ ਰਾਹੀਂ ਉਹ ਪਿਤਰੀ ਤੇ ਬ੍ਰਾਹਮਣੀ ਸੋਚ ਵਿਰੁੱਧ ਆਪਣੇ ਬਗ਼ਾਵਤੀ ਤੇਵਰ ਉਭਾਰਦੀਆਂ ਹਨ। ਸੂਫ਼ੀ

ਕਵੀ ਵੀ ਇਸ ਬਿੰਬ ਨੂੰ ਅਪਣਾਉਂਦੇ ਹਨ ਤੇ ਇਹ ਬਿੰਬ ਰੂਹਾਨੀ ਪਿਆਰ ਦੇ ਪ੍ਰਤੀਕ ਵਜੋਂ ਉਨ੍ਹਾਂ ਦੀ ਰਚਨਾ ਵਿਚ ਪ੍ਰਵੇਸ਼ ਕਰਦਾ ਹੈ।

ਏਥੇ ਪ੍ਰਸ਼ਨ ਹੈ ਕਿ ਇਸ ਮਿੱਥ ਨੂੰ ਸਾਡੇ ਸਮਿਆਂ ਵਿਚ ਕਿਵੇਂ ਪੇਸ਼ ਕੀਤਾ ਜਾਂਦਾ ਹੈ। ਕਾਫ਼ੀ ਸਮੇਂ ਤੋਂ ਸਾਡੀ ਸੋਚ ਅਤੇ ਵਿਰਾਸਤ ਨੂੰ ਸੇਧ ਦੇਣ ਵਾਲਾ ਪ੍ਰਮੁੱਖ ਤੌਰ ਤਰੀਕਾ (ਮੇਰਾ ਭਾਵ ਬ੍ਰਾਹਮਣਵਾਦੀ ਤੌਰ ਤਰੀਕੇ ਤੋਂ ਹੈ ਜਿਸ ਨੇ ਹਿੰਦੋਸਤਾਨੀ ਬਰੇ-ਸਗੀਰ ਦੇ ਵੱਖ ਵੱਖ ਹਿੱਸਿਆਂ ਵਿਚ ਆਪਣੀ ਵਿਚਾਰਧਾਰਕ ਪ੍ਰਮੁੱਖਤਾ ਬਣਾਈ ਰੱਖੀ ਹੈ।) ਰਾਧਾ ਕ੍ਰਿਸ਼ਨ ਦੀ ਜੋੜੀ ਨੂੰ ਬ੍ਰਾਹਮਣਵਾਦੀ ਕਲੇਵਰ ਵਿਚ ਲਿਆਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਤੇ ਕਾਫ਼ੀ ਹੱਦ ਤਕ ਕਾਮਯਾਬ ਰਿਹਾ ਹੈ। ਰਾਸ ਲੀਲ੍ਹਾ (ਜੋ ਮੁੱਢ ਕਦੀਮੀ ਮਰਦ-ਔਰਤ ਰਿਸ਼ਤੇ ਦਾ ਪ੍ਰਗਟਾਵਾ) ਨੂੰ ਧਾਰਮਿਕ ਪ੍ਰਸੰਗ ਵਜੋਂ ਪੇਸ਼ ਕੀਤਾ ਜਾਂਦਾ ਹੈ ਤੇ ਉਸ ਦੀ ਅਧਿਆਤਮਕ ਵਿਆਖਿਆ ਕੀਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਗੋਪੀਆਂ ਆਤਮਾਵਾਂ ਤੇ ਕ੍ਰਿਸ਼ਨ ਪਰਮ-ਆਤਮਾ। ਆਤਮਾਵਾਂ (ਗੋਪੀਆਂ) ਪਰਮ-ਆਤਮਾ (ਕ੍ਰਿਸ਼ਨ) ਵਿਚ ਸਮਾ ਜਾਣਾ ਚਾਹੁੰਦੀਆਂ ਹਨ ਤੇ ਰਾਸ ਲੀਲਾ ਇਹਦਾ ਰੂਪ ਹੈ। ਇਹ ਵਿਆਖਿਆ ਸਵੀਕਾਰ ਵੀ ਕੀਤੀ ਜਾਂਦੀ ਹੈ ਕਿਉਂਕਿ ਹਿੰਦੋਸਤਾਨ ਦੇ ਵੱਖ ਵੱਖ ਹਿੱਸਿਆਂ ਵਿਚ ਰਹਿੰਦੇ ਸਮਾਜਿਕ ਸਮੂਹਾਂ ਦੇ ਮਨਾਂ ਤੇ ਅਜੇ ਵੀ ਬ੍ਰਾਹਮਣੀ ਸੋਚ ਦਾ ਗਲਬਾ ਹੈ। ਇਹ ਵਿਆਖਿਆ ਬ੍ਰਾਹਮਣੀ ਸੋਚ ਦੇ ਨਾਲ ਮਰਦ-ਪ੍ਰਧਾਨ ਸੋਚ ਦੋਹਾਂ ਹਿੱਤਾਂ ਲਈ ਲਾਭਕਾਰੀ ਹੈ ਤੇ ਮਕਬੂਲ ਹੁੰਦੀ ਹੈ।

ਲੈਵੀ ਸਤ੍ਰਾਸ ਅਨੁਸਾਰ ਜਦੋਂ ਵੀ ਮਿੱਥ ਕਿਤੇ ਦੱਸੀ ਜਾਂ ਦੁਹਰਾਈ ਜਾਵੇ, ਮਿੱਥ ਭਾਸ਼ਾ ਦੇ ਦੋਹਾਂ ਤੱਤਾਂ ਲੈਂਗ ਅਤੇ ਪੈਰੋਲ ਤੋਂ ਅਗਾਂਹ ਜਾਂਦੀ ਹੈ, ਸਭਿਆਚਾਰ ਤੇ ਇਤਿਹਾਸ ਦੇ ਆਰਪਾਰ ਜਾਂਦੀ ਹੈ। ਉਹਦੇ ਅਨੁਸਾਰ ਭਾਵੇਂ ਮਿੱਥ ਨੂੰ ਪੜ੍ਹਨ ਜਾਂ ਸੁਨਣ ਵਾਲਾ ਉਨ੍ਹਾਂ ਲੋਕਾਂ ਦੇ ਸਭਿਆਚਾਰ ਤੋਂ ਅਣਜਾਣ ਹੋਵੇ, ਜਿਨ੍ਹਾਂ ਦੀ ਇਹ ਮਿੱਥ ਹੈ, ਤਾਂ ਵੀ ਉਹ ਮਿੱਥ ਨੂੰ ਮਿੱਥ ਵਜੋਂ ਮਹਿਸੂਸ ਕਰੇਗਾ। ਲੈਵੀ ਸਤ੍ਰਾਸ ਅਨੁਸਾਰ ਮਿੱਥ ਦਾ ਅਸਲ 'ਉਹਦੀ ਸ਼ੈਲੀ, ਉਹਦੇ ਆਪਣੇ ਸੰਗੀਤ ਜਾਂ ਵਾਕ ਰਚਨਾ ਵਿਚ ਨਹੀਂ ਪਿਆ ਹੁੰਦਾ ਸਗੋਂ ਉਸ ਕਹਾਣੀ ਵਿਚ ਪਿਆ ਹੁੰਦਾ ਹੈ ਜੋ (ਮਿੱਥ) ਦੱਸਦੀ ਹੈ। ਮਿੱਥ (ਖ਼ੁਦ ਇਕ ਤਰ੍ਹਾਂ ਦੀ) ਭਾਸ਼ਾ ਹੈ ਜਿਹੜੇ ਉਚੇਰੀ ਪੱਧਰ 'ਤੇ ਕੰਮ ਕਰਦੀ ਹੈ ਜਿਥੇ ਅਰਥ (ਮਿੱਥ ਦੇ ਅਰਥ ਜਾਂ ਅਸਲਾ) ਉਸ ਭਾਸ਼ਕ ਜ਼ਮੀਨ ਤੋਂ ਆਜ਼ਾਦ ਹੋ ਜਾਂਦੇ ਹਨ ਜਿਸ (ਭਾਸ਼ਕ ਜ਼ਮੀਨ) ਤੇ ਉਹ (ਮਿੱਥ) ਤੁਰਦੀ ਰਹਿੰਦੀ ਹੈ।"[21]

ਇਸ ਕਥਨ ਨੂੰ ਰਾਧਾ ਕ੍ਰਿਸ਼ਨ ਦੇ ਮਿੱਥ 'ਤੇ ਲਾਗੂ ਕਰਕੇ ਵੇਖੀਏ ਤਾਂ ਇਹ ਬਿਲਕੁਲ ਠੀਕ ਹੈ। ਉਹ ਪਾਠਕ ਜਾਂ ਸੁਣਨ ਵਾਲਾ ਜਿਸ ਦਾ ਮਨ ਬ੍ਰਾਹਮਣੀ ਸੋਚ ਵਿਚ ਗ੍ਰਸਿਆ ਨਹੀਂ ਹੈ, ਕਿਸੇ ਵੀ ਭਾਸ਼ਾ ਵਿਚ ਇਸ ਮਿੱਥ ਦੇ ਬੁਨਿਆਦੀ ਅਰਥਾਂ (ਮਰਦ ਤੇ ਔਰਤ ਦਾ ਮੁੱਢ ਕਦੀਮ ਵਾਲਾ ਆਜ਼ਾਦਾਨਾ ਰਿਸ਼ਤਾ) ਨੂੰ ਸਮਝ ਸਕਦਾ ਹੈ। ਪਰ ਜਦ ਉਸ ਨੂੰ ਇਸ ਮਿੱਥ ਦੀ ਬ੍ਰਾਹਮਣੀ ਵਿਆਖਿਆ ਦੱਸੀ ਜਾਂਦੀ ਹੈ ਤਾਂ ਨਿਸਚੇ ਹੀ ਉਹ ਉਸ ਵਿਆਖਿਆ ਤੋਂ ਵੀ ਪ੍ਰਭਾਵਿਤ ਹੋਵੇਗਾ ਤੇ ਉਸ ਦਾ ਅਸਰ ਕਬੂਲ ਕਰੇਗਾ। ਇਸ ਲਈ ਸਾਨੂੰ ਇਸ ਗੱਲ ਤੋਂ ਚੇਤੰਨ ਹੋਣਾ ਚਾਹੀਦਾ ਹੈ ਕਿ ਇਸ ਵੇਲੇ ਇਹ ਮਿੱਥ ਸਾਡੇ ਤਕ ਕੌਣ ਪਹੁੰਚਾ ਰਿਹਾ ਅਤੇ ਇਹ ਮਿੱਥ ਦਾ ਗੁਣ-ਗਾਣ ਕਿਨ੍ਹਾਂ ਲੋਕਾਂ ਦੇ ਹੱਥਾਂ ਵਿਚ ਰਿਹਾ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਹ ਮਿੱਥ ਅੱਜ ਵੀ ਹਿੰਦੋਸਤਾਨੀ ਔਰਤਾਂ ਤੇ ਮਰਦਾਂ ਦੇ ਮਨਾਂ ਨੂੰ ਆਪਣੇ ਆਰੰਭਕ ਰੂਪ (ਭਾਵ ਔਰਤ ਤੇ ਮਰਦ ਵਿਚਲੇ ਆਰੰਭਕ ਰਿਸ਼ਤੇ ਜਿਸ 'ਤੇ ਵਿਆਹ ਤੇ ਹੋਰ ਸਮਾਜਿਕ ਸੰਸਥਾਵਾਂ ਦਾ ਗਲਬਾ ਨਹੀਂ ਸੀ) ਦੀ ਤਾਕਤ ਨਾਲ ਟੁੰਬਦੀ ਹੈ ਅਤੇ ਉਨ੍ਹਾਂ ਦੇ ਮਨਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਤਰੰਗਾਂ ਜਗਾਉਂਦੀ ਹੈ, ਪਰ ਅੰਤ ਵਿਚ ਜਿਹੜਾ ਰੂਪ ਉਨ੍ਹਾਂ ਦੇ ਮਨਾਂ ਵਿਚ ਸਵੀਕਾਰ ਹੁੰਦਾ ਹੈ, ਉਹ ਹੈ ਉਹ ਦੈਵੀ ਰੂਪ ਜਿਸ ਉੱਤੇ ਬ੍ਰਾਹਮਣੀ ਮੁਲੰਗਾ ਪੂਰੀ ਤਰ੍ਹਾਂ ਚੜ੍ਹ ਚੁੱਕਾ ਹੈ।

ਏਥੇ ਇਕ ਹੋਰ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਬ੍ਰਾਹਮਣੀ ਤੇ ਮਨੂੰਵਾਦੀ ਦ੍ਰਿਸ਼ਟੀਕੋਣ ਤੋਂ ਹੋਈ ਵਰਣ-ਵੰਡ ਨੇ ਪੜ੍ਹਨ ਲਿਖਣ ਦੇ ਹੱਕ ਤਥਾਕਥਿਤ ਉੱਚੇ ਵਰਣਾਂ ਲਈ ਰਾਖਵੇਂ ਰੱਖ ਲਏ ਤੇ ਦਲਿਤਾਂ ਅਤੇ ਨਾਰੀਆਂ ਨੂੰ ਇਨ੍ਹਾਂ ਹੱਕਾਂ ਤੋਂ ਮਹਿਰੂਮ ਕਰ ਦਿੱਤਾ। ਇਹ ਸੰਸਾਰ ਦਾ ਸਭ ਤੋਂ ਵੱਡਾ ਰਾਖਵਾਂਕਰਣ ਸੀ। ਬਹੁਤ ਸਾਰੇ ਚਿੰਤਕਾਂ ਦਾ ਵਿਚਾਰ ਹੈ ਕਿ ਜਿਨ੍ਹਾਂ ਸਮਾਜਾਂ ਵਿਚ ਧਰਮ ਅਤੇ ਧਾਰਮਿਕ ਸੰਸਥਾਵਾਂ ਪੜ੍ਹਾਈ ਲਿਖਾਈ ਦੇ ਅਧਿਕਾਰਾਂ 'ਤੇ ਬੰਦਿਸ਼ਾਂ ਲਾਉਂਦੀਆਂ ਹਨ ਉਨ੍ਹਾਂ ਸਮਾਜਾਂ ਵਿਚ ਇਤਿਹਾਸਕ ਚੇਤਨਾ ਮਧੋਲੀ ਜਾਂਦੀ ਹੈ। ਹਿੰਦੋਸਤਾਨੀ ਬਰੇ-ਸਗੀਰ (ਉਪ-ਮਹਾਂਦੀਪ) ਦੇ ਸਮਾਜਾਂ ਵਿਚ ਬ੍ਰਾਹਮਣੀ ਸਭਿਆਚਾਰ ਦੇ ਫੈਲਣ ਤੇ ਉਹਦੀ ਸਰਦਾਰੀ ਕਾਇਮ ਹੋਣ ਕਾਰਨ ਜਾਂ ਉਸ ਦੇ ਸਿੱਧੇ ਤੇ ਅਸਿੱਧੇ ਰੂਪ ਵਿਚ ਪਏ ਅਸਰ ਕਾਰਨ, ਇਹ ਵਰਤਾਰਾ ਵੱਡੇ ਰੂਪ ਵਿਚ ਹੋਇਆ।

ਬ੍ਰਾਹਮਣੀ ਵਿਚਾਰਧਾਰਾ ਦੀ ਵਿਚਾਰਧਾਰਕ ਸਾਡੇ ਸਮਾਜਾਂ ਵਿਚ ਪ੍ਰਮੁੱਖਤਾ (ਹੈਜਮਨੀ) ਬਨਣ ਦੇ ਨਾਲ-ਨਾਲ, ਪਿਤਰੀ ਸੋਚ ਨੇ ਵੀ ਆਪਣਾ ਗਲਬਾ ਬਣਾਇਆ। ਹਿੰਦੋਸਤਾਨੀ ਬਰੇ-ਸਗੀਰ ਦੇ ਬਹੁਤੇ ਸਮਾਜ ਪਿਤਾ-ਪ੍ਰਧਾਨ ਸਮਾਜ ਹਨ, ਜਿਨ੍ਹਾਂ ਵਿਚ ਮਰਦ ਦੇ ਮੁਕਾਬਲੇ ਵਿਚ ਔਰਤ ਦਾ ਸਥਾਨ, ਗੌਣ, ਨਿਮਨ ਜਾਂ ਹੇਠਲੇ ਦਰਜੇ ਦਾ ਰਿਹਾ ਹੈ। ਇਤਿਹਾਸਕਾਰਾਂ ਅਤੇ ਸਮਾਜ-ਵਿਗਿਆਨੀਆਂ ਦਾ ਵਿਚਾਰ ਹੈ ਕਿ ਬਹੁਤ ਪਹਿਲਾਂ ਹਿੰਦੋਸਤਾਨ ਅਤੇ ਪੰਜਾਬ ਵਿਚ ਸਮਾਜ ਦੀ ਬਣਤਰ ਮਾਤ-ਪ੍ਰਧਾਨ ਸੀ, ਜਿਸ ਵਿਚ ਇਸਤਰੀ ਦਾ ਸਥਾਨ ਸ੍ਰੇਸ਼ਟ ਅਤੇ ਪ੍ਰਮੁੱਖਤਾ ਵਾਲਾ ਸੀ। ਹਿਮਾਲਿਆ ਦੇ ਨਾਲ ਲੱਗਦੇ ਇਲਾਕਿਆਂ, ਕੇਰਲ ਅਤੇ ਉੱਤਰ ਪੂਰਬ ਵਿਚ ਕਈ ਥਾਵਾਂ 'ਤੇ ਇਸ ਤਰ੍ਹਾਂ ਦੀਆਂ ਸਮਾਜਕ ਬਣਤਰਾਂ ਅੱਜ ਵੀ ਮੌਜੂਦ ਹਨ। ਦੇਵੀ ਪੂਜਾ ਅਤੇ ਤਾਂਤ੍ਰਿਕ ਮੱਤਾਂ ਦੀਆਂ ਪੂਜਾ ਵਿਧੀਆਂ ਮਾਤ-ਪ੍ਰਧਾਨ ਸਮਾਜਾਂ ਦਾ ਅਵਸ਼ੇਸ਼ ਜਾਂ ਰਹਿੰਦ-ਖੂੰਹਦ ਮੰਨੀਆਂ ਜਾਂਦੀਆਂ ਹਨ। ਪਿਤਾ-ਪ੍ਰਧਾਨ ਸਮਾਜ ਉਨ੍ਹਾਂ ਮਾਤ-ਪ੍ਰਧਾਨ ਸਮਾਜਾਂ ਤੋਂ ਹੀ ਵਿਕਸਤ ਹੋਏ। ਕੁਝ ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਹਿੰਦੋਸਤਾਨੀ ਬਰੇ-ਸਗੀਰ ਵਿਚ ਇਸ ਵਿਕਾਸ ਵਿਚ ਸਹਿਜਮਈ ਵਿਕਾਸ ਨਾਲੋਂ ਦਮਨਕਾਰੀ ਪੱਖ ਜ਼ਿਆਦਾ ਸੀ ਅਤੇ ਏਸੇ ਕਾਰਨ ਹੀ ਇਨ੍ਹਾਂ ਸਮਾਜਾਂ ਵਿਚ ਬਾਲ-ਵਿਆਹ, ਵਿਧਵਾ-ਵਿਆਹ ਦੀ ਮਨਾਹੀ, ਕੁੜੀ-ਮਾਰ ਪਰੰਪਰਾ, ਔਰਤ ਨੂੰ ਆਪਣਾ ਜੀਵਨ ਸਾਥੀ ਚੁਣਨ ਦਾ ਹੱਕ ਨਾ ਹੋਣਾ, ਵਿਧਵਾ ਨਾਲ ਦੁਰਵਿਹਾਰ, ਦੇਵਦਾਸੀ ਪਰੰਪਰਾ ਅਤੇ ਸਤੀ ਆਦਿ ਜੇਹੀਆਂ ਕੁਰੀਤੀਆਂ ਬੜੇ ਡੂੰਘੇ ਤਰੀਕੇ ਨਾਲ ਘਰ ਕਰ ਗਈਆਂ। ਇਸ ਤਰ੍ਹਾਂ ਸਾਡੇ ਸੋਚਣ ਤੇ ਸਮਝਣ ਦੇ ਤਰੀਕਿਆਂ ਤੇ ਬ੍ਰਾਹਮਣੀ ਵਿਚਾਰਧਾਰਾ ਦੇ ਨਾਲ ਨਾਲ ਪਿਤਰੀ ਸੋਚ ਦਾ ਵੀ ਗਲਬਾ ਹੈ। ਉਦਾਹਰਣ ਦੇ ਤੌਰ 'ਤੇ ਪੰਜਾਬੀ ਸਮਾਜ ਵਿਚ ਔਰਤ ਦੀ ਪਹਿਚਾਣ ਦੇ ਦੋ ਮੁੱਖ ਪਹਿਲੂ ਹਨ : ਪਹਿਲਾ; ਉਸ ਦਾ ਮਾਂ ਰੂਪ ਹੈ, ਜਿਸ ਵਿਚ ਉਹ ਵਡਿਆਈ ਅਤੇ ਸਨਮਾਨ ਦੀ ਅਧਿਕਾਰੀ ਹੈ। ਉਸ ਦਾ ਦੂਸਰਾ ਰੂਪ ਉਹ ਹੈ; ਜਿਸ ਵਿਚ ਉਸ ਨੂੰ 'ਪੈਰ ਦੀ ਜੁੱਤੀ' ਜਾਂ 'ਖੁਰੀ ਜਿਨ੍ਹਾਂ ਦੀ ਮੱਤ' ਕਹਿ ਕੇ ਛੁਟਿਆਇਆ

ਜਾਂਦਾ ਹੈ। ਇਹ ਦੋਵੇਂ ਪਹਿਲੂ ਬਾਹਰੀ ਤੌਰ ’ਤੇ ਆਪਾ-ਵਿਰੋਧੀ ਲੱਗਦੇ ਹਨ ਪਰ ਅਸਲ ਵਿਚ ਇਹ ਇਕ ਦੂਸਰੇ ਦੇ ਪੂਰਕ ਹਨ ਅਤੇ ਸਮਾਜ ਵਿਚ ਔਰਤ ਦੇ ਗੌਣ ਜਾਂ ਨਿਮਨ ਦਰਜੇ ਦੀ ਹੀ ਪੁਸ਼ਟੀ ਕਰਦੇ ਹਨ।

ਇਹ ਪੁਸ਼ਟੀ ਇਸ ਤਰ੍ਹਾਂ ਦੀ ਹੁੰਦੀ ਹੈ, ਮਾਂ ਰੂਪ ਨੂੰ ਬਹੁਤ ਜ਼ਿਆਦਾ ਵਡਿਆਉਣਾ ਅਤੇ ਸਨਮਾਨ ਦੇਣਾ, ਮਰਦ-ਪ੍ਰਧਾਨ ਸਮਾਜ ਦੁਆਰਾ ਉਸ ਔਰਤ ਦੇ ਉਸ ਪਾਸੇ ਨੂੰ ਸਵੀਕਾਰ ਕਰਨ ਦਾ ਤਰੀਕਾ ਹੈ, ਜੋ ਪੂਜਾ ਦੀ ਹੱਕ ਤਕ ਜਾਂਦਾ ਹੈ। ਇਸ ਵਿਚ ਉਸ ਦਾ ਮਮਤਾ ਵਾਲਾ ਸਰੂਪ ਇਸ ਤਰ੍ਹਾਂ ਸਵੀਕਾਰ ਕੀਤਾ ਜਾਂਦਾ ਹੈ ਕਿ ਇਹ ਉਸ ਦੇ ਪੂਰੇ ਤ੍ਰੀਮਤਪਨ ਵਾਲੇ ਰੂਪ (ਭਾਵ ਜਿਸ ਵਿਚ ਉਸ ਦੇ ਤਨ, ਮਨ ਅਤੇ ਰੂਹ ਦਾ ਸਾਰੀਆਂ ਖ਼ਾਹਿਸ਼ਾਂ ਅਤੇ ਸ਼ਕਤੀਆਂ ਸਮਾਜਕ, ਆਰਥਿਕ, ਮਾਨਸਿਕ, ਗੱਲ ਕੀ ਪੂਰੇ ਮਾਨਵੀ ਰੂਪ ਵਿਚ ਪ੍ਰਗਟ ਹੋ ਸਕਦੀਆਂ ਹੋਣ) ਦਾ ਪ੍ਰਤਿਵਾਦ ਬਣ ਜਾਂਦਾ ਹੈ। ਇਸ ਰੂਪ ਦੀ ਵਡਿਆਈ ਦਾ ਵਰਨਣ ਲੋਕ-ਸਾਹਿਤ ਵਿਚ ਆਮ ਮਿਲਦਾ ਹੈ। ‘ਮਾਵਾਂ ਠੰਡੀਆਂ ਛਾਵਾਂ’ ਜਿਹੇ ਗੀਤ ਅਤੇ ਭਾਵ ਜਿਥੇ ਮਾਂ ਦੀ ਮਮਤਾ ਨੂੰ ਸਵੀਕਾਰ ਕਰਦੇ ਹਨ, ਓਥੇ ਉਸ ਨੂੰ ਸਨਮਾਨਿਤ ਕਰਦੇ ਹੋਏ ਮਮਤਾ ਨੂੰ ਪੂਜਾ ਦੀ ਹੱਦ ਤਕ ਲੈ ਜਾਂਦੇ ਹਨ। ਮੱਧਕਾਲੀਨ ਸਾਹਿਤ ਵਿਚ ਪ੍ਰਮਾਤਮਾ ਅਤੇ ਮਨੁੱਖ ਵਿਚਲੇ ਰਿਸ਼ਤੇ ਨੂੰ ਪਤੀ ਪਤਨੀ ਦੇ ਰਿਸ਼ਤੇ ਵਜੋਂ ਵਿਚਾਰਿਆ ਜਾਣਾ ਔਰਤ ਦੇ ਨਿਮਨ ਦਰਜੇ ਨੂੰ ਅਸਿੱਧੇ ਅਤੇ ਅਚੇਤ (ਜਾਂ ਸੁਚੇਤ?) ਤਰੀਕੇ ਨਾਲ ਸਵੀਕਾਰ ਕਰਨਾ ਹੈ।[22] ਮੱਧਕਾਲੀਨ ਸਮੇਂ ਦੇ ਲਗਭਗ ਸਾਰੇ ਚਿੰਤਕ ਅਤੇ ਸ਼ਾਇਰ ਲੋਕ-ਬੋਧ ਦੁਆਰਾ ਸਵੀਕਾਰੇ ਇਸ ਰੂਪ ਨੂੰ ਆਪਣੀ ਸੋਚ ਅਤੇ ਕਵਿਤਾ ਵਿਚ ਸਵੀਕਾਰ ਕਰਦੇ ਹਨ। ਉਸ ਨੂੰ ਵਡਿਆਈ ਵੀ ਤਾਂ ਏਸੇ ਰੂਪ ਕਾਰਨ ਮਿਲਦੀ ਹੈ।

ਇਸ ਲਈ ਜਦ ਅਸੀਂ ਕਿਸੇ ਸਨਾਤਨੀ ਗ੍ਰੰਥ ਵਿਚੋਂ ਮਿਲੀ ਮਿੱਥ ਨੂੰ ਪੜ੍ਹਦੇ ਜਾਂ ਵਾਚਦੇ ਹਾਂ ਤਾਂ ਸਾਨੂੰ ਇਸ ਗੱਲ ਤੋਂ ਚੇਤੰਨ ਹੋਣਾ ਚਾਹੀਦਾ ਹੈ ਕਿ ਜਿਥੇ ਮਿੱਥ ਨੂੰ ਸਮਝਣ ਲਈ ਲੈਵੀ ਸਤ੍ਰਾਸ ਤੇ ਹੋਰ ਰੂਪਵਾਦੀ ਤੇ ਸੰਰਚਨਾਵਾਦੀ ਚਿੰਤਕਾਂ ਦੀਆਂ ਧਾਰਨਾਵਾਂ ਸਾਡੀ ਸਹਾਇਤਾ ਕਰ ਸਕਦੀਆਂ ਹਨ ਓਥੇ ਅਲਤਿਊਸਰ ਦੀ ਇਹ ਧਾਰਨਾ ਵਿਸਾਰਨੀ ਨਹੀਂ ਚਾਹੀਦੀ ਕਿ ਅਸੀਂ ਇਹ ਵਾਚੀਏ ਤੇ ਪਰਖੀਏ ਕਿ ਉਹ ਮਿੱਥ ਕਿਹੜੀ ਸਮਾਜਿਕ ਬਣਤਰ ਜਾਂ ਬਣਤਰਾਂ ਵਿਚੋਂ ਉਪਜੀ। ਜਿਵੇਂ ਉੱਪਰ ਕਿਹਾ ਗਿਆ ਹੈ ਇਸ ਸੰਬੰਧ ਵਿਚ ਡੀ.ਡੀ. ਕੋਸੰਬੀ ਦੇ ਯਤਨ ਆਰੰਭਕ ਤਰੀਕੇ ਵਾਲੇ ਹਨ ਪਰ ਉਹ ਬੜੇ ਤੀਖਣ ਤਰੀਕੇ ਨਾਲ ਉਨ੍ਹਾਂ ਸਮਾਜਿਕ ਬਣਤਰਾਂ ਵੱਲ ਇਸ਼ਾਰਾ ਕਰਦੇ ਹਨ ਜਿਨ੍ਹਾਂ ਵਿਚੋਂ ਇਹ ਮਿੱਥ ਉਪਜੀ। ਪੁਰਾਣੇ ਸਮਿਆਂ ਤੋਂ ਹੀ ਬ੍ਰਾਹਮਣੀ ਤੇ ਮਰਦ-ਪ੍ਰਧਾਨ ਵਿਚਾਰਧਾਰਾਵਾਂ ਬਾਕੀ ਵਿਚਾਰਧਾਰਾਵਾਂ (ਜਿਵੇਂ ਸਾਂਖ, ਲੋਕਾਇਤ, ਆਜੀਵਕ, ਬੋਧੀ, ਜੈਨੀ ਆਦਿ) ਨੂੰ ਦਬਾਉਣ ਅਤੇ ਆਪਣੇ ਆਪ ਵਿਚ ਮਿਲਾਉਣ ਆ ਰਹੀਆਂ ਹਨ ਤੇ ਬਹੁਤ ਹੱਦ ਤਕ ਸਫ਼ਲ ਰਹੀਆਂ ਹਨ। ਬਹੁਤ ਸਾਰੀਆਂ ਮਿੱਥਾਂ ਨੂੰ ਸਨਾਤਨੀ ਗ੍ਰੰਥਾਂ ਵਿਚ ਸਮੋ ਲਿਆ ਗਿਆ ਹੈ ਤੇ ਉਨ੍ਹਾਂ ਦੀ ਵਿਆਖਿਆ ਬ੍ਰਾਹਮਣੀ ਤੇ ਪਿਤਰੀ ਸੋਚ ਅਨੁਸਾਰ ਕੀਤੀ ਗਈ ਹੈ। ਇਸ ਲਈ ਇਨ੍ਹਾਂ ਮਿੱਥਾਂ ਦੇ ਅਰਥ ਤਕ ਪਹੁੰਚਣ ਲਈ ਸਾਨੂੰ ਉਨ੍ਹਾਂ ਦੇ ਪਈਆਂ ਬ੍ਰਾਹਮਣੀ ਤੇ ਪਿਤਰੀ ਛਿੱਲਾਂ ਉਤਾਰਨੀਆਂ ਪੈਣਗੀਆਂ ਅਤੇ ਉਸ ਦੇ ਅਸਲੇ ਤਕ ਪਹੁੰਚਣਾ ਪਵੇਗਾ। ਏਥੇ ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਮਿੱਥਾਂ ਸਨਾਤਨੀ ਗ੍ਰੰਥਾਂ ਤੋਂ ਬਾਹਰ ਲੋਕ-ਗਾਥਾਵਾਂ ਵਿਚ ਵੀ ਰਚਮਿਚ ਜਾਂਦੀਆਂ ਹਨ। ਲੋਕ-ਧਾਰਾ ਵਿਚ ਸਾਨੂੰ ਮਿੱਥ ਕਈ ਰੂਪਾਂ ਵਿਚ ਮਿਲਦੀ ਹੈ, ਕਈ ਵਾਰ ਓਸੇ ਬ੍ਰਾਹਮਣੀ ਰੂਪ ਵਿਚ ਜਿਵੇਂ ਸਨਾਤਨੀ ਗ੍ਰੰਥਾਂ ਵਿਚ ਪਈ ਹੋਈ ਹੈ, ਕਈ ਵਾਰ ਬ੍ਰਾਹਮਣੀ ਰੂਪ ਦੇ ਉਲਟ-ਰੂਪ ਵਿਚ ਤੇ ਕਈ ਵਾਰੀ ਮਿਲੇ-ਜੁਲੇ, ਮਿਸ਼੍ਰਿਤ ਤੇ ਆਪਾ-ਵਿਰੋਧੀ ਰੂਪਾਂ ਵਿਚ।[23]

ਉਪਰ ਲਿਖੇ ਦੀ ਸਾਰ ਇਹ ਹੈ ਕਿ ਮਿੱਥ ਨੂੰ ਸਿਰਫ਼ ਸੰਰਚਨਾਵਾਦੀ ਤੇ ਰੂਪਵਾਦੀ ਵਿਆਖਿਆਵਾਂ ਨਾਲ ਨਹੀਂ ਸਮਝਿਆ ਜਾ ਸਕਦਾ ਹੈ। ਮਿੱਥ ਨੂੰ ਉਸ ਦੇ ਇਤਿਹਾਸਕ ਸੰਦਰਭ ਵਿਚ ਵੀ ਵੇਖਣਾ ਪਵੇਗਾ ਅਤੇ ਜਿਵੇਂ ਅਲਤਿਊਸਰ ਨੇ ਕਿਹਾ ਹੈ ਉਸ ਸਮਾਜਿਕ ਬਣਤਰਾਂ ਦੇ ਸੰਦਰਭ ਵਿਚ ਵੀ, ਜਿਨ੍ਹਾਂ ਵਿਚ ਉਹ ਮਿੱਥ ਉਪਜੀ। ਇਨ੍ਹਾਂ ਸਭ ਦੇ ਨਾਲ ਨਾਲ ਹਿੰਦੋਸਤਾਨ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਾਨੂੰ ਮਿੱਥਾਂ ਵਿਚ ਉਨ੍ਹਾਂ ਵਰਨਾਂ ਤੇ ਜਾਤਾਂ ਦੇ ਦਖ਼ਲ ਤੋਂ ਚੇਤੰਨ ਰਹਿਣਾ ਪਵੇਗਾ ਜਿਹੜੇ ਵਰਣ ਤੇ ਜਾਤਾਂ ਆਪਣੇ ਆਪ ਨੂੰ ਉੱਚੇ ਵਰਣ ਤੇ ਜਾਤਾਂ ਕਹਿਲਾਉਂਦੇ ਹਨ ਤੇ ਜਿਨ੍ਹਾਂ ਦੇ ਹੱਥਾਂ ਵਿਚ ਪੁਰਾਤਨ ਮਿੱਥਾਂ ਨੇ ਉਹ ਰੂਪ ਧਾਰ ਲਏ ਹਨ ਜੋ ਉਨ੍ਹਾਂ ਜਾਤਾਂ ਦੇ ਵਰਣਾਂ ਦੇ ਹਿਤ ਵਿਚ ਭੁਗਤਦੇ ਹਨ।

• • •

## ਹਵਾਲੇ ਤੇ ਟਿੱਪਣੀਆਂ

1. ਇਸ ਲੇਖ ਵਿਚ ਪੇਸ਼ ਕੀਤੇ ਗਏ ਵਿਚਾਰਾਂ ਲਈ ਲੇਖਕ ਟੈਰੈਂਸ ਹਾਕਸ (“ਸਟਰਕਚਰਲਿਜ਼ਮ ਐਂਡ ਸੈਮੀਓਟਕਸ”, ਰਾਊਟਲੈਜ ਪਬਲਿਸ਼ਰਜ਼, ਹਿੰਦੋਸਤਾਨੀ, ਛਾਪ 2009), ਟੈਰੀ ਈਗਲਟਨ (“ਲਿਟਰੇਰੀ ਥਿਊਰੀ ਐਂਡ ਇੰਟਰੋਡਕਸ਼ਨ”, ਦੂਸਰਾ ਐਡੀਸ਼ਨ, ਮਾਇਆ ਬਲੋਕਵਲ ਦੁਆਬਾ ਪਬਲਿਸ਼ਰਜ਼, ਦਿੱਲੀ, ਛਾਪ 2000) ਅਤੇ ਵਿਕਟਰ ਜੀ. ਪੈਨੋਵ (“ਈਮੋਸ਼ਰਜ, ਮਿਥਜ਼ ਤੇ ਥੀਊਰੀਜ”, ਪ੍ਰਾਗਰੈਸ ਪਬਲਿਸ਼ਰਜ਼, ਮਾਸਕੋ, 1970) ਦਾ ਧੰਨਵਾਦੀ ਹੈ। ਕਲਾਡ ਲੈਵੀ ਸਤ੍ਰਾਸ ਦੀ ਬੁਨਿਆਦੀ ਕਿਤਾਬ “ਸਟਰਕਚਰਲ ਐਂਥਰੋਪੋਲੋਜੀ” ਹੈ ਪਰ ਮੇਰਾ ਖ਼ਿਆਲ ਹੈ ਕਿ ਪੰਜਾਬੀ ਦੇ ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾਂ ਉਹਦੀ ਕਿਤਾਬ “ਮਿਥ ਐਂਡ ਮੀਨਿੰਗ” ਪੜ੍ਹਨੀ ਚਾਹੀਦੀ ਹੈ। ਇਸ ਕਿਤਾਬ ਵਿਚ ਉਹ ਲੈਕਚਰ ਹਨ ਜੋ ਉਹਨੇ 1977 ਵਿਚ ਬੀ.ਸੀ.ਸੀ. ਰੇਡੀਓ ਤੇ ‘ਆਡੀਆ’ ਨਾਂ ਦੀ ਭਾਸ਼ਣ-ਲੜੀ ਵਿਚ ਦਿੱਤੇ। (ਕਲਾਡ ਲੈਵੀ ਸਤ੍ਰਾਸ “ਮਿੱਥ ਐਂਡ ਮੀਨਿੰਗ” ਰਾਊਟਲੈਜ ਐਂਡ ਕੀਗਨ ਪਾਲ, ਲੰਡਨ, ਪਹਿਲੀ ਛਾਪ, 1978. ਇਸ ਲੇਖ ਵਿਚ ਹਵਾਲੇ 2001 ਦੀ ਛਾਪ ’ਚੋਂ ਹਨ।)
2. ਲੈਵੀ ਸਤ੍ਰਾਸ ਦਾ ਕਹਿਣਾ ਹੈ ਕਿ ਅੰਗਰੇਜ਼ੀ ਵਾਲੇ ਬਹੁਤੀ ਵਾਰ ਇਸ ਵਾਕ ਨੂੰ ਬੇ-ਮਾਇਨਾ (ਅਰਥਹੀਣ) ਜਿਹਾ ਮੰਨਦੇ ਹਨ ਪਰ ਇਹ ਗੱਲ ਉਹਦੇ ਅਨੁਭਵ ਵਿਚੋਂ ਨਿਕਲੀ ਹੈ। (ਲੈਵੀ ਸਤ੍ਰਾਸ “ਮਿੱਥ ਐਂਡ ਮੀਨਿੰਗ”, ਸਫ਼ਾ 1) ਇਨ੍ਹਾ ਵਾਕ ਦਾ ਖੁੱਲ੍ਹਾ ਅਨੁਵਾਦ ਏਦਾਂ ਕੀਤਾ ਜਾ ਸਕਦਾ ਕਿ ਲੈਵੀ ਸਤ੍ਰਾਸ ਦੇ ਮੁਤਾਲਿਆ ਦਾ ਮੰਤਵ ਇਹ ਦਿਖਾਉਣਾ ਨਹੀਂ ਕਿ ਲੋਕੀ ਮਿੱਥਾਂ ਵਿਚ ਕਿਵੇਂ ਸੋਚਦੇ ਹਨ ਸਗੋਂ ਇਹ ਦਿਖਾਉਣਾ ਹੈ ਕਿ ਮਿੱਥਾਂ ਕਿਵੇਂ ਲੋਕਾਂ ਦੇ ਮਨਾਂ ਵਿਚ ਘਰ ਕਰ ਜਾਂਦੀਆਂ, ਲੋਕਾਂ ਦੇ ਮਨ ਵਿਚ ਆਪਣੇ ਘਰ ਬਣਾ ਲੈਂਦੀਆਂ ਹਨ ਤੇ ਓਥੇ ਪਈਆਂ ਪਈਆਂ ਹੋਰ ਵਿਕਾਸ ਕਰਦੀਆਂ (ਲੋਕਾਂ ਦੇ ਅੰਦਰ ’ਚ ਪੈ ਕੇ ਆਪਣੇ ਆਪ ‘ਸੋਚੀਆਂ’ ਜਾਂਦੀਆਂ ਹਨ) ਤੇ ਉਨ੍ਹਾਂ (ਲੋਕਾਂ) ਨੂੰ ਇਸ ਦਾ ਪਤਾ ਨਹੀਂ ਲੱਗਦਾ।

ਆਪਣੇ ਆਪ ਸੋਚੀਆਂ ਜਾਣ ਤੋਂ ਏਥੇ ਭਾਵ ਇਹ ਹੈ ਕਿ ਲੋਕ ਚੇਤਨ ਤੌਰ 'ਤੇ ਮਿੱਥਾਂ ਨਹੀਂ ਘੜਦੇ ਭਾਵ ਉਹ ਮਿੱਥ ਘੜਨ ਲਈ ਕਹਾਣੀ ਨਹੀਂ ਘੜਦੇ ਸਗੋਂ ਉਹ ਕੁਝ ਹੋਰ ਕਰ ਰਹੇ ਹੁੰਦੇ ਹਨ (ਸੰਸਾਰ ਤੇ ਬ੍ਰਹਿਮੰਡ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ।)

3. ਟਰੈਂਸ ਹਾਕਸ, "ਸਰਕਚਰਲਇਜ਼ਮ ਐਂਡ ਸੈਮੀਓਟਕਸ", ਸਫ਼ੇ 2-5.
4. ਕਲਾਡ ਲੈਵੀ ਸਤ੍ਰਾਸ, "ਸਟਰਕਚਰਲ ਐਥਰੋਪਾਲੋਜੀ", (ਕਲੇਅਰ ਜੈਕਬਸਨ ਅਤੇ ਬਰੁਕ ਗਰੁੱਡਫੈਸਟ ਸਕੋਇਫ ਦਾ ਅਨੁਵਾਦ), ਬੈਸਿਕ ਬੁਕਸ ਇਨਕਾਰਪੋਰੇਸ਼ਨ ਪਬਲਿਸ਼ਰਜ਼, ਨਿਊਯਾਰਕ, 1963, ਸਫ਼ੇ 206-230. ਇਸ ਲੇਖ ਵਿਚ ਦਿੱਤੇ ਗਏ ਜ਼ਿਆਦਾ ਹਵਾਲੇ ਇਸ ਕਿਤਾਬ ਦੇ ਗਿਆਰਵੇਂ ਅਧਿਆਇ "ਦੀ ਸਟਰਕਚਰਲ ਸਟੱਡੀ ਆਫ਼ ਮਿੱਥ" (ਸਫ਼ੇ 206-230) ਵਿਚੋਂ ਹਨ। ਕਲਾਡ ਲੈਡੀ ਸਤ੍ਰਾਸ "ਮਿੱਥ ਐਂਡ ਮੀਨਿੰਗ" ਸਫ਼ੇ 11-19.
5. ਕਲਾਡ ਲੈਵੀ ਸਤ੍ਰਾਸ, 'ਮਿੱਥ ਐਂਡ ਮੀਨਿੰਗ', ਸਫ਼ਾ 12.
ਆਪਣੀ ਦਲੀਲ ਹੋਰ ਸਪਸ਼ਟ ਕਰਦਾ ਹੋਇਆ ਲੈਵੀ ਸਤ੍ਰਾਸ ਕਹਿੰਦਾ ਹੈ ਕਿ ਪੁਰਾਤਨ ਮਨੁੱਖ ਦੇ ਬੁੱਧੀਜੀਵੀਆਂ ਵਾਂਗ ਸੋਚਣ ਦੇ ਤਰੀਕੇ ਤੋਂ ਉਹਦਾ ਇਹ ਮਤਲਬ ਨਹੀਂ ਕਿ ਉਹਦੀ ਸੋਚ ਨੂੰ ਵਿਗਿਆਨਕ ਸੋਚ ਦੇ ਬਰਾਬਰ ਖਲਾਰਿਆ ਜਾ ਸਕਦਾ ਹੈ। ਉਸ ਦੇ ਅਨੁਸਾਰ ਉਹ (ਪੁਰਾਤਨ ਮਨੁੱਖ ਦੀ) ਸੋਚ ਵੱਖਰੀ ਤਰ੍ਹਾਂ ਦੀ ਸੀ ਅਤੇ ਇਕ ਹੋਰ ਤਰੀਕੇ ਨਾਲ ਵਿਗਿਆਨਕ ਸੋਚ ਦੇ ਬਰਾਬਰ ਨਹੀਂ ਸੀ। ਉਹਦਾ (ਪੁਰਾਤਨ ਮਨੁੱਖ ਦੀ ਸੋਚ ਦਾ) ਵੱਖਰਾਪਣ ਇਸ ਗੱਲ ਵਿਚ ਪਿਆ ਸੀ ਕਿ ਉਹ ਬ੍ਰਹਿਮੰਡ ਨੂੰ ਇਕ ਸਧਾਰਨ ਤਰੀਕੇ ਨਾਲ ਸਮਝਣਾ ਚਾਹੁੰਦੀ ਸੀ, ਸਧਾਰਨ ਤਰੀਕੇ ਨਾਲ ਹੀ ਨਹੀਂ ਸਗੋਂ ਉਹ (ਪੁਰਾਤਨ ਮਨੁੱਖ ਦੀ ਸੋਚ) ਸਾਰੇ ਬ੍ਰਹਿਮੰਡ ਨੂੰ ਇਕੋ ਵਾਰੀ 'ਪੂਰੇ ਦਾ ਪੂਰਾ' ਸਮਝ ਲੈਣਾ ਚਾਹੁੰਦੀ ਸੀ। ਇਹਦੇ ਮੁਕਾਬਲੇ ਵਿਗਿਆਨਕ ਸੋਚ ਇਕ ਪੜਾਅ ਤੋਂ ਦੂਸਰੇ ਪੜਾਅ ਤਕ ਜਾਂਦੀ ਹੈ, ਹਰ ਪੜਾਅ ਨਾਲ ਸੰਬੰਧਿਤ ਤੱਥਾਂ ਤੇ ਪ੍ਰਕਿਰਿਆਵਾਂ ਨੂੰ ਸਮਝਣਾ ਚਾਹੁੰਦੀ ਹੈ, ਉਹਦੇ ਪ੍ਰਮਾਣ ਮੰਗਦੀ ਹੈ, ਉਹਦੀ ਵਿਆਖਿਆ ਮੰਗਦੀ ਹੈ ਤੇ ਕਰਦੀ ਹੈ। ਇਸ ਦੇ ਉਲਟ ਪੁਰਾਤਨ ਸੋਚ ਸਾਰੇ ਸੰਸਾਰ ਨੂੰ ਇਕ ਸਧਾਰਨ ਤਰੀਕੇ ਨਾਲ ਤੇ ਇਕੋ ਵਾਰ ਹੀ ਸਮਝ ਲੈਣਾ ਚਾਹੁੰਦੀ ਹੈ।
ਇਸ ਦਲੀਲ ਨੂੰ ਸਮਝਣ ਲਈ ਅਸੀਂ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਦੀ ਮਿੱਥ ਦੀ ਉਦਾਹਰਣ ਲੈ ਸਕਦੇ ਹਾਂ। ਬ੍ਰਹਮਾ, ਵਿਸ਼ਨੂੰ ਤੇ ਮਹੇਸ਼ (ਸ਼ਿਵ) ਦੀ ਤ੍ਰਿਕੜੀ ਦੀ ਮਿੱਥ, ਪੁਰਾਤਨ ਮਨੁੱਖ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੀ ਸੀ ਕਿ ਬ੍ਰਹਮਾ ਬ੍ਰਹਿਮੰਡ ਤੇ ਜ਼ਿੰਦਗੀ ਦਾ ਜਨਮਦਾਤਾ ਹੈ ਭਹਵ ਸਿਰਜਕ ਹੈ। ਵਿਸ਼ਨੂੰ ਉਨ੍ਹਾਂ ਨੂੰ ਵੱਸਦੇ ਰੱਖਣ ਵਾਲਾ ਹੈ। ਮਹੇਸ਼ (ਸ਼ਿਵ) ਸੰਘਾਰਕ (ਨਸ਼ਟ ਕਰਨ ਵਾਲਾ, ਮੌਤ ਦੇਣ ਵਾਲਾ, ਖ਼ਤਮ ਕਰਨ ਵਾਲਾ) ਹੈ। ਇਹ ਮਿੱਥ ਬਹੁਤ ਸਾਰੀਆਂ ਚੀਜ਼ਾਂ ਦੇ ਵਿਆਖਿਆ ਕਰਨ ਦੇ ਸਮਰੱਥ ਹੈ ਤੇ ਸਾਨੂੰ ਸਮਝਣਾ ਚਾਹੀਦਾ ਹੈ ਤੇ ਇਸ ਮਿੱਥ ਦੀ ਸਿਰਜਣਾ ਕਰਨ ਲਈ ਇਸ ਭੂਗੋਲਿਕ ਖਿੱਤੇ ਦੇ ਲੋਕਾਂ ਨੇ ਕਿੰਨੀ ਮਾਨਸਿਕ ਊਰਜਾ ਖਰਚ ਕੀਤੀ ਹੋਵੇਗੀ।
6. ਕਲਾਡ ਲੈਵੀ ਸਤ੍ਰਾਸ, "ਸਟਰਕਚਰਲ ਐਂਥਰੋਪਾਲੋਜੀ", ਸਫ਼ੇ 209-212.
7. ਟੈਰਸ ਹਾਕਸ, "ਸਟਰਕਚਰਲਇਜ਼ਮ ਐਂਡ ਸੈਮੀਓਟਿਕਸ", ਸਫ਼ਾ 29.
8. ਕਲਾਡ ਲੈਵੀ ਸਤ੍ਰਾਸ, "ਮਿੱਥ ਐਂਡ ਮੀਨਿੰਗ", ਸਫ਼ਾ 11-12.
9. ਉਹੀ, ਸਫ਼ਾ 12.
10. ਉਹੀ
11. ਉਹੀ
12. ਵੀ ਪਰਾਪ, "ਮਾਰਫਾਲੋਜੀ ਆਫ ਦਾ ਫੋਕਟੇਲ", ਯੂਨੀਵਰਸਿਟੀ ਆਫ਼ ਟੈਕਸਾਸ ਪਰੈਸ, ਦੂਸਰਾ ਐਡੀਸ਼ਨ, ਛਾਪ 2009. ਭਾਵੇਂ ਇਸ ਕਿਤਾਬ ਦਾ ਨਾਂ ਵਿਚ ਫੋਕਟੇਲ ਆਉਂਦਾ ਹੈ, ਕਿਤਾਬ ਦੇ ਅਨੁਵਾਦਕ ਇਹ ਗੱਲ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਮਾਡਲ ਪਰੀ ਕਹਾਣੀਆਂ ਲਈ ਹੈ। ਬਾਅਦ ਵਿਚ ਪਰਾਪ ਨੇ ਆਪਣੇ ਕੰਮ ਨੂੰ ਅੱਗੇ ਵਧਾਉਂਦਿਆਂ ਖ਼ੁਦ ਪਹਿਲਾਂ ਵਾਲੇ ਰੂਪਵਾਦੀ ਚੌਖਟੇ ਦੇ ਨਾਲ ਵੱਖ-ਵੱਖ ਸਮਿਆਂ (ਜਿਨ੍ਹਾਂ ਸਮਿਆਂ ਵਿਚ ਪਰੀ ਕਹਾਣੀਆਂ ਪੈਦਾ ਹੋਈਆਂ ਤੇ ਉਨ੍ਹਾਂ ਦਾ ਵਿਕਾਸ ਹੋਇਆ) ਦੀਆਂ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਆਪਣੀ ਪੜਤ ਵਿਚ ਸ਼ਾਮਿਲ ਕੀਤਾ। (ਸਵੇਤਵਾ ਪੀਰਕੋਵਾ ਜੈਕੋਬਸਨ, ਏਸੇ ਕਿਤਾਬ ਦੇ ਪਹਿਲੇ ਐਡੀਸ਼ਨ ਦੀ ਭੂਮਿਕਾ ਵਿਚੋਂ)
13. ਲੋਕ ਕਹਾਣੀਆਂ/ਪਰੀ ਕਹਾਣੀਆਂ/ਮਿੱਥਾਂ ਦੇ ਵਿਸ਼ਲੇਸ਼ਣ ਵਿਚ ਜੋਹਾਨ ਜਾਰਜ ਵੋਨ ਹਾਨ, ਆਟੋ ਰੈਂਕ, ਲਾਰਡ ਰੈਂਗਲਨ ਆਦਿ ਦਾ ਕੰਮ ਮਹੱਤਵਪੂਰਨ ਅਤੇ ਕਈ ਤਰ੍ਹਾਂ ਦੀਆਂ ਅੰਤਰ ਦ੍ਰਿਸ਼ਟੀਆਂ ਦੇਣ ਵਾਲਾ।
14. ਲੂਈ ਅਲਤਿਊਸਰ, "ਦੀ ਹਿਊਮਨਇਸਟ ਕੰਟਰੋਵਰਸੀ ਐਂਡ ਅਦਰ ਰਾਈਟਿੰਗਜ਼", ਵਰਸੋ ਪਬਲਿਸ਼ਰਜ਼, ਲੰਡਨ/ਨਿਊਯਾਰਕ, 2003, ਸਫ਼ੇ 19-32.
15. ਲੈਵੀ ਸਤ੍ਰਾਸ, "ਮਿੱਥ ਐਂਡ ਮੀਨਿੰਗ", ਸਫ਼ਾ 30.
16. ਉਹੀ, ਸਫ਼ੇ 32-33, 36-37.
17. ਇਸ ਮਿੱਥ ਦੇ ਵਿਸਥਾਰ ਲਈ ਦੇਖੋ, ਸਵਰਾਜਬੀਰ, ਨਾਟਕ 'ਕ੍ਰਿਸ਼ਨ', ਲੋਕਗੀਤ ਪ੍ਰਕਾਸ਼ਨ, 2013, ਸਫ਼ੇ 13-15, 20, 23-24, 108-112, 120-122.
18. ਪੀ.ਐੱਲ. ਵੈਦਿਆ ਅਤੇ ਈ.ਡੀ. ਪੁਸਾਲਕਰ, "ਮਹਾਭਾਰਤ : ਇਟਸ ਹਿਸਟਰੀ ਐਂਡ ਕਰੈਕਟਰ", ਦੀ ਕਲਚਰਲ ਹੈਰੀਟੇਜ ਆਫ਼ ਇੰਡੀਆ, ਜਿਲਦ ਦੂਜੀ, ਰਾਮਾਕ੍ਰਿਸ਼ਨ ਮਿਸ਼ਨ, ਕਲਕੱਤਾ, ਛਾਪ 1982, ਸਫ਼ੇ 51-71.
19. ਕਨ੍ਹਈਆ ਲਾਲ ਮਾਨਕ ਲਾਲ ਮੁਨਸ਼ੀ, 'ਕ੍ਰਿਸ਼ਨ ਅਵਤਾਰ-I 'ਬੰਸੀ ਕੀ ਧੁਨ', ਰਾਜਕਮਲ ਪੇਪਰਬੈਕਸ, ਛਾਪ 1991, ਸਫ਼ਾ 92.
ਸਵਰਾਜਬੀਰ, ਨਾਟਕ 'ਕ੍ਰਿਸ਼ਨ' ਉਪਰ ਦਿੱਤੇ ਅਨੁਸਾਰ ਸਫ਼ੇ 120-121.
20. ਸ੍ਰੀਮਦ ਭਾਗਵਤ, ਗੀਤਾ ਪ੍ਰੈਸ, ਗੋਰਖਪੁਰ, ਜਿਲਦ ਦੂਜੀ, ਛਾਪ ਤੀਹਵੀਂ, ਦਸ਼ਮ ਸਕੰਧ, ਤੀਹਵਾਂ ਅਧਿਆਇ।
21. ਕਲਾਡ ਲੈਵੀ ਸਤ੍ਰਾਸ, 'ਸਟਰਕਚਰਲ ਐਂਥਰੋਪਾਲੋਜੀ', ਸਫ਼ਾ 210.
22. ਸਵਰਾਜਬੀਰ, ਨਾਟਕ 'ਮੇਦਨੀ', ਲੋਕਗੀਤ ਪ੍ਰਕਾਸ਼ਨ, 2013, ਸਫ਼ੇ 9-11.
23. ਸਵਰਾਜਬੀਰ, ਨਾਟਕ 'ਅਗਨੀ ਕੁੰਡ', ਲੋਕਗੀਤ ਪ੍ਰਕਾਸ਼ਨ, 2016, ਸਫ਼ੇ 9-29, 187-201. (ਨਾਟਕ ਮੁੱਖਬੰਦ 'ਕਥਾ ਕਥਾ ਵਿਚ ਫੇਰ' ਵਿਚ ਸਨਾਤਨੀ ਗ੍ਰੰਥਾਂ ਵਿਚ ਮਿਲਦੀ ਪਰੀਕ੍ਰਿਸ਼ਤ ਜਨਮੇਜੇ ਦੀ ਕਹਾਣੀ ਤੇ ਸਰਪਸਤਰ (ਸੱਪਾਂ ਨੂੰ ਸਾੜੇ ਜਾਣ ਵਾਲੇ ਯੱਗ) ਦੀ ਮਿੱਥ ਤੇ ਅੰਬਾਲੇ ਦੇ ਲਾਗਲੇ ਪਿੰਡ ਬਿਬਿਯਾਲ ਦੇ ਦੋ ਮਜ਼ਬੀ ਸਿੱਖਾਂ ਦੁਆਰਾ ਆਰ.ਸੀ.ਟੈਂਪਲ ਨੂੰ ਸੁਣਾਈ ਗਈ 'ਰਾਜਕੁਮਾਰੀ ਨਿਵਲ ਦੇਈ' ਦੀ ਕਹਾਣੀ ਦਾ ਤੁਲਨਾਤਮਕ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।)



## ਪੰਜਾਬੀ ਕਿੱਸਿਆਂ ਵਿਚ

# ਨਾਇਕਾ ਦੀ ਇੱਛਾ-ਸ਼ਕਤੀ

ਅਰਵਿੰਦਰ ਕੌਰ ਧਾਲੀਵਾਲ (ਡਾ.)

ਪੰਜਾਬੀ ਕਿੱਸਾ ਕਾਵਿ ਵਿਚ ਹੀਰ, ਸੱਸੀ, ਸੋਹਣੀ ਅਤੇ ਸਾਹਿਬਾਂ ਆਦਿ ਨਾਇਕਾਵਾਂ ਦੀ ਇੱਛਾਸ਼ਕਤੀ ਅਤੇ ਉਸਦੀ ਪੂਰਤੀ ਲਈ ਉਨ੍ਹਾਂ ਵੱਲੋਂ ਕੀਤਾ ਗਿਆ ਸੰਘਰਸ਼ ਪੰਜਾਬੀ ਕਿੱਸਾ ਕਾਵਿ ਦੀ ਦੁਖਾਂਤ ਪਰੰਪਰਾ ਨੂੰ ਜਨਮ ਦਿੰਦਾ ਹੈ। ਪੰਜਾਬੀ ਨਾਇਕਾਵਾਂ ਇਸ ਇੱਛਾਸ਼ਕਤੀ ਦੀ ਪੂਰਤੀ ਲਈ ਕਿਸੇ ਵੀ ਹੱਦ ਤੀਕ ਜਾ ਸਕਦੀਆਂ ਹਨ। ਇਨ੍ਹਾਂ ਕਿੱਸਿਆਂ ਦੇ ਕਰਤਾਵਾਂ ਨੇ ਜਿਸ ਪ੍ਰਕਾਰ ਇਸਤਰੀ ਇੱਛਾਸ਼ਕਤੀ ਨੂੰ ਚਿਤਰਿਆ ਹੈ, ਉਹ ਇਹਨਾਂ ਕਿੱਸਿਆਂ ਦਾ ਖ਼ਾਸ ਲੱਛਣ ਬਣ ਕੇ ਉੱਭਰਦਾ ਹੈ।

ਪੰਜਾਬੀ ਜੀਵਨ ਵਿਚ ਮੁੱਢ ਤੋਂ ਹੀ ਇਸਤਰੀ ਦੀ ਸ਼ਨਾਖਤ ਨੂੰ ਪਤਨੀ, ਮਾਂ, ਭੈਣ ਜਾਂ ਧੀ ਦੇ ਰੂਪ ਵਿਚ ਡੀਜ਼ਾਇਨ ਕੀਤਾ ਗਿਆ ਹੈ। ਇਸਤਰੀ ਦੇ ਬਾਕੀ ਸਾਰੇ ਰਿਸ਼ਤੇ (ਖ਼ਾਸਕਰ ਆਪ ਸਹੇੜੇ) ਅਨੈਤਿਕ ਤੇ ਪਰੰਪਰਾ ਵਿਰੋਧੀ ਮੰਨੇ ਜਾਂਦੇ ਹਨ। ਇਸ ਕਰਕੇ ਇਸਤਰੀ ਕੋਈ ਵੀ ਅਜਿਹਾ ਰਿਸ਼ਤਾ ਆਪੇ ਨਹੀਂ ਬਣਾ ਸਕਦੀ, ਜੋ ਉਸ ਲਈ ਸਮਾਜ ਵੱਲੋਂ ਪਰਵਾਨ ਨਾ ਕੀਤਾ ਗਿਆ ਹੋਵੇ। ਜੇਕਰ ਫਿਰ ਵੀ ਉਹ ਅਜਿਹਾ ਕਰਦੀ ਹੈ ਤਾਂ ਉਹ ਅਨੈਤਿਕ ਜਾਂ ਕਾਮੁਕ ਮੰਨਿਆ ਜਾਂਦਾ ਹੈ।

ਹੀਰ ਰਾਂਝਾ, ਸੱਸੀ ਪੰਨੂੰ, ਸੋਹਣੀ ਮਹੀਂਵਾਲ ਤੇ ਮਿਰਜਾ ਸਾਹਿਬਾਂ ਆਦਿ ਕਿੱਸਿਆਂ ਵਿਚ ਇਹਨਾਂ ਦੇ ਕਰਤਾਵਾਂ ਨੇ ਨਾਇਕਾਵਾਂ ਦੀ ਇੱਛਾਸ਼ਕਤੀ ਨੂੰ ਖੁੱਲ੍ਹ ਕੇ ਬਿਆਨ ਕੀਤਾ ਹੈ। ਇਸਦੀ ਪੂਰਤੀ ਲਈ ਉਹ ਸਿਰਧੜ ਦੀ ਬਾਜ਼ੀ ਲਗਾਉਣ ਲਈ ਤਿਆਰ ਹੋ ਜਾਂਦੀਆਂ ਹਨ। ਇਸ ਪ੍ਰਕਾਰ ਇਹ ਇੱਛਾਸ਼ਕਤੀ ਮਾਤਰ ਕੋਈ ਵੇਗ ਨਾ ਰਹਿ ਕੇ 'ਜੀਵਨ ਆਦਰਸ਼' ਦਾ ਰੂਪ ਧਾਰਨ ਕਰ ਜਾਂਦਾ ਹੈ। ਇਨ੍ਹਾਂ ਕਿੱਸਿਆਂ ਦੇ ਕਰਤਾਵਾਂ ਦੁਆਰਾ ਸਿਰਜੀ ਇੱਛਾਸ਼ਕਤੀ ਦਾ ਅਧਿਐਨ ਕਰਨ ਤੋਂ ਪਹਿਲਾਂ ਇਸ ਪਦ ਨੂੰ ਪਰਿਭਾਸ਼ਤ ਕਰਨਾ ਜ਼ਰੂਰੀ ਹੈ।

ਇੱਛਾ ਸ਼ਕਤੀ **(Desire)** ਕੀ ਹੈ ? – ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ ਇੱਛਾਸ਼ਕਤੀ ਇਕ ਕਿਸਮ ਦਾ ਵਿਵਹਾਰ ਹੈ।

ਸਦਾਚਾਰ ਦੇ ਅੰਤਰਗਤ ਹੋਬਸ ਵਿਆਖਿਆ ਦਿੰਦਾ ਹੈ ਕਿ "ਸਵੈਇੱਛਾ ਨਾਲ ਕੀਤੇ ਗਏ ਸਾਰੇ ਮਨੁੱਖੀ ਕਾਰਜਾਂ ਦਾ ਸਬੰਧ ਖੁਸ਼ੀ ਜਾਂ ਸਵੈਰੱਖਿਆ ਨਾਲ ਹੁੰਦਾ ਹੈ। ਇਹ ਸਥਿਤੀ ਮਨੋਵਿਗਿਆਨਕ ਅੰਤਾਨੰਦ ਸਿਧਾਂਤ ਦੀ ਹੈ। ਕਿਉਂਕਿ ਇਹ ਪ੍ਰਮਾਣਿਤ ਕਰਦੀ ਹੈ ਕਿ ਮਨੁੱਖ ਦੁਆਰਾ ਕੀਤੇ ਜਾਂਦੇ ਸਾਰੇ ਕਾਰਜਾਂ ਦੀ ਬੁਨਿਆਦੀ ਪ੍ਰੇਰਨਾ, ਖੁਸ਼ੀ ਦਾ ਪ੍ਰਾਪਤੀ ਹੈ।"[1]

ਇੱਛਾ ਜਾਂ ਇੱਛਾਸ਼ਕਤੀ ਦੇ ਸ਼ਾਬਦਿਕ ਅਰਥ ਹਨ – ਕਾਮਨਾ, ਇੱਛਾ, ਚਾਹੁਣਾ, ਲਾਲਸਾ, ਤਰਸਣਾ, ਮੰਗਣਾ ਆਦਿ। "ਇੱਛਾਸ਼ਕਤੀ ਭਾਵਨਾ ਦੀ ਤਾਕਤ 'ਤੇ ਬੱਲ ਦਿੰਦੀ ਹੈ ਅਤੇ ਅਕਸਰ ਆਦਰਸ਼ ਪ੍ਰਾਪਤੀ ਦੇ ਮਨੋਰਥ 'ਤੇ ਨਿਰਭਰ ਕਰਦੀ ਹੈ। ਇੱਛਾ

ਕਦੇ-ਕਦੇ ਸਾਧਾਰਨ ਦੀ ਅਤੇ ਕਦੇ ਦੁਰਲੱਭ ਦੀ ਲਾਲਸਾ ਵਿਚ ਬਦਲ ਜਾਂਦੀ ਹੈ।"[2]

ਫਰਾਇਡ ਨੇ ਇੱਛਾਸ਼ਕਤੀ ਨੂੰ ਸੁਪਨਿਆਂ ਨਾਲ ਜੋੜਿਆ ਹੈ। ਉਹ ਮਨ ਦੀਆਂ ਤਿੰਨ ਅਵਸਥਾਵਾਂ ਬਿਆਨ ਕਰਦਾ ਹੈ। (9) ਪਾਸ਼ਵਿਕ ਬਿਰਤੀ (99) ਹਉਮੈ (999) ਨੈਤਿਕ ਹਉਮੈ। ਮਨੁੱਖ ਦੀਆਂ ਜੋ ਅਤ੍ਰਿਪਤ ਕਾਮ ਭਾਵਨਾਵਾਂ ਹੁੰਦੀਆਂ ਹਨ, ਉਹ ਅਚੇਤਨ ਵਿਚ ਰਹਿੰਦੀਆਂ ਹਨ। ਪਾਸ਼ਵਿਕ ਬਿਰਤੀ ਭਾਵ ਇਡ ਦਾ ਸਬੰਧ ਅਚੇਤਨ ਮਨ ਨਾਲ ਹੁੰਦਾ ਹੈ। ਇਡ ਵਿਚ ਪ੍ਰੇਰਣਾਤਮਕ ਤੇ ਨਾਸ਼ਾਤਮਕ ਦੋਵੇਂ ਤਰ੍ਹਾਂ ਦੀਆਂ ਮਾਨਸਿਕ ਪ੍ਰਵਿਰਤੀਆਂ ਪਾਈਆਂ ਜਾਂਦੀਆਂ ਹਨ। ਇਹ ਬਿਰਤੀ ਮਨੁੱਖੀ ਇੱਛਾਵਾਂ ਤੇ ਜ਼ਿਆਦਤੀਆਂ ਦਾ ਸੋਮਾ ਹੁੰਦੀ ਹੈ। ਇਹ ਕਾਨੂੰਨ ਵਿਰੋਧੀ, ਅਸਮਾਜਿਕ ਤੇ ਅਨੈਤਿਕ ਹੁੰਦੀ ਹੈ।

ਈਗੋ ਅਰਥਾਤ ਹਉਮੈ ਦਾ ਵਿਕਾਸ ਇਡ ਵਿਚੋਂ ਹੁੰਦਾ ਹੈ। ਇਹ ਅਚੇਤਨ ਦੀਆਂ ਘਾਤਕ ਅਤੇ ਵਿਨਾਸ਼ਕ ਇੱਛਾਸ਼ਕਤੀਆਂ ਨੂੰ ਨਿਯੰਤ੍ਰਿਤ ਕਰਕੇ ਉਨ੍ਹਾਂ ਨੂੰ ਸਾਧਾਰਨ ਵਿਹਾਰ ਵਿਚ ਪਰਿਵਰਤਿਤ ਕਰਦੀ ਹੈ। ਇਹ ਮਨ ਦਾ ਚੇਤਨ ਭਾਗ ਹੈ ਜੋ ਮਨੁੱਖ ਨੂੰ ਸਮਾਜਿਕ, ਸਭਿਅਕ ਤੇ ਸ਼ਿਸ਼ਟਾਚਾਰੀ ਬਣਾਉਂਦਾ ਹੈ।

ਤੀਸਰੀ ਅਵਸਥਾ ਸੁਪਰ ਈਗੋ ਭਾਵ ਨੈਤਿਕ ਹਉਮੈ ਦੀ ਹੈ। ਇਹ ਪਿਤਾ ਪੁਰਖੀ, ਸਮਾਜਿਕ, ਸਭਿਆਚਾਰਕ ਪ੍ਰਭਾਵਾਂ ਵਾਂਗ ਪ੍ਰਦਰਸ਼ਿਤ ਹੁੰਦੀ ਹੈ। ਇਹ ਹਮੇਸ਼ਾਂ ਮਨੁੱਖ ਦੀਆਂ ਅਨੈਤਿਕ, ਵਹਿਸ਼ੀ, ਕਾਮੀ ਭਾਵਨਾਵਾਂ ਉੱਤੇ ਬੰਧਨ ਲਗਾ ਕੇ ਰੱਖਦੀ ਹੈ, ਪਸ਼ੂ ਬਿਰਤੀਆਂ ਨੂੰ ਕਾਬੂ ਰੱਖਦੀ ਹੈ ਤੇ ਸਮਾਜਿਕ ਪਰੰਪਰਾ ਦੀ ਸੰਭਾਲ ਦਾ ਮਾਧਿਅਮ ਬਣਦੀ ਹੈ।

ਇਹਨਾਂ ਸ਼ਕਤੀਆਂ ਵਿਚੋਂ ਕਾਮ ਦੀ ਇੱਛਾਸ਼ਕਤੀ ਜਿਸਨੂੰ ਫਰਾਇਡ ਨੇ 'ਲਿਬੀਡੋ' ਦਾ ਨਾਂ ਦਿੱਤਾ ਹੈ, ਵਿਅਕਤੀ ਦੀ ਘਾੜਤ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਇਕ ਅਜਿਹੀ ਲੈਂਗਿਕ ਸ਼ਕਤੀ ਹੈ ਜਿਸਦਾ ਸਮਾਜ ਵਿਚ ਹਮੇਸ਼ਾਂ ਵਿਰੋਧ ਹੁੰਦਾ ਹੈ। ਇਹ ਸਿਰਫ਼ ਕਾਮ ਤੱਕ ਸੀਮਤ ਨਹੀਂ ਸਗੋਂ ਇਸ ਵਿਚ ਮਨੁੱਖ ਦੇ ਸਭ ਆਨੰਦ, ਉਤਸ਼ਾਹਪੂਰਨ ਕਾਰਜ, ਮੈਥੁਨ ਸਬੰਧ, ਪਿਆਰ, ਘਿਰਣਾ, ਮਾਂ ਦੀ ਮਮਤਾ, ਬੱਚੇ ਦਾ ਦੁੱਧ ਚੁੰਘਣਾ, ਮਲ-ਮੂਤਰ ਤਿਆਗਣਾ, ਪਰਮੇਸ਼ਵਰ ਦੀ ਭਗਤੀ, ਦੇਸ਼ਭਗਤੀ ਆਦਿ ਪਰਵਿਰਤੀਆਂ ਆ ਜਾਂਦੀਆਂ ਹਨ। ਫਰਾਇਡ ਅਨੁਸਾਰ ਬੱਚੇ ਦਾ ਜਨਮ ਨਾਲ ਹੀ ਇਸ ਸ਼ਕਤੀ ਦਾ ਵਿਸਤਾਰ ਹੋ ਜਾਂਦਾ ਹੈ।

ਮਨੋਵਿਗਿਆਨੀ ਲਾਕਾਂ ਫਰਾਇਡ ਵਾਂਗ ਮਨੁੱਖ ਦੇ ਬਚਪਨ ਤੋਂ ਆਰੰਭ ਕਰਦਾ ਹੈ। ਉਸਦੇ ਅਨੁਸਾਰ ਮਨੁੱਖ ਦੀ ਸ਼ਖਸੀਅਤ ਦੀ ਉਸਾਰੀ ਤਿੰਨ ਪੱਧਰੀ ਪ੍ਰਕਿਰਿਆ ਹੈ। (9) ਕਾਲਪਨਿਕ (99) ਪ੍ਰਤੀਕਾਤਮਕ, (999) ਵਾਸਤਵਿਕ।

ਲਾਕਾਂ ਇੱਛਾਸ਼ਕਤੀ ਅਤੇ ਅਚੇਤਨ ਨੂੰ ਭਾਸ਼ਾ ਨਾਲ ਜੋੜ ਕੇ ਅਧਿਐਨ ਕਰਦਾ ਹੈ। ਉਸਦਾ ਕਥਨ ਹੈ ਕਿ "ਅਚੇਤ ਇੱਛਾਸ਼ਕਤੀ ਦਾ ਢਾਂਚਾ ਭਾਸ਼ਾ ਵਰਗਾ ਹੁੰਦਾ ਹੈ : ਨਾਮ / ਚਿਹਨਿਕ। ਚਿਹਨਿਤ ਦੇ ਵਿਰੋਧ ਵਿਚ (ਵਸਤੂ ਰੂਪ ਮਾਂ) ਜੋ ਬੱਚਾ (ਕਾਮ ਦੇ ਹਵਾਲੇ ਨਾਲ) ਕਦੇ ਹਾਸਲ ਨਹੀਂ ਕਰ ਪਾਉਂਦਾ। ਤਾਂ ਅਚੇਤਨ ਵਿਚ ਇੱਛਾਪੂਰਤੀ ਲਈ ਇਕ ਭਾਸ਼ਾ ਵਿਕਸਿਤ ਹੁੰਦੀ ਹੈ 'ਮਾਂ'।[3] ਇਸਨੂੰ ਵਿਸਤਾਰ ਨਾਲ ਵੇਖਿਆਂ ਕੁਝ ਇਸ ਪ੍ਰਕਾਰ ਦਾ ਕ੍ਰਮ ਬਣਦਾ ਹੈ। (9) ਇਕ ਇੱਛਾਸ਼ਕਤੀ ਹੈ। (99) ਇੱਛਾਪੂਰਤੀ ਲਈ ਇਕ ਵਸਤੂ (ਮਾਂ) ਹੈ। (999) ਤੀਸਰੀ ਪੱਧਰ 'ਤੇ ਬੱਚੇ ਨੂੰ ਪਤਾ ਲੱਗ ਜਾਂਦਾ ਹੈ ਕਿ ਮਾਂ ਦਾ ਨਾਮ ਵੀ ਹੈ। (9V) ਸਮਾਜ ਵੱਲੋਂ ਮਿਲੇ ਇਕਨਾਮ ਨਾਲ ਉਸਦੀ ਇੱਛਾਪੂਰਤੀ ਨੂੰ ਵੀ ਇਕ ਨਾਮ ਮਿਲ ਜਾਂਦਾ ਹੈ। ..... ਲਾਕਾਂ ਇਸਦਾ ਸਾਰ ਇਸ ਪ੍ਰਕਾਰ ਦੱਸਦਾ ਹੈ ਕਿ "ਇੱਛਾਸ਼ਕਤੀ ਹਮੇਸ਼ਾਂ ਉਥੇ ਪੈਦਾ ਹੁੰਦੀ ਹੈ, ਜਿਥੇ ਵਸਤੂ ਦੀ ਘਾਟ ਹੁੰਦੀ ਹੈ। ਜਿਸਨੂੰ ਕਿਸੇ ਹੋਰ ਨਾਂ ਨਾਲ ਬਦਲਿਆ ਜਾ ਸਕਦਾ ਹੈ।"[4]

ਮਨੋਵਿਗਿਆਨ ਵਿਚ ਇੱਛਾਸ਼ਕਤੀ ਨੂੰ ਪ੍ਰੇਰਣਾ ਨਾਲ ਵੀ ਜੋੜ ਕੇ ਵੇਖਿਆ ਜਾਂਦਾ ਹੈ। ਜੇਕਰ ਇੱਛਾਸ਼ਕਤੀ ਤੋਂ ਭਾਵ ਕਿਸੇ ਚੀਜ਼ ਲਈ ਅਭਿਲਾਸ਼ਾ ਜਾਂ ਕੁਝ ਵਾਪਰਨ ਦੀ ਇੱਛਾ ਹੈ ਤਾਂ ਪ੍ਰੇਰਨਾਸ਼ਕਤੀ -ਕਿਸੇ ਖ਼ਾਸ ਕਾਰਜ ਜਾਂ ਵਿਹਾਰ ਦਾ ਕੋਈ ਕਾਰਨ ਹੈ।

ਪੰਜਾਬੀ ਕਿੱਸਾ ਕਾਵਿ ਵਿਚਲਾ ਕਥਾ-ਪੱਖ ਇੱਛਾ-ਪ੍ਰੇਰਨਾ ਦੋਵੇਂ ਪ੍ਰਕਾਰ ਦੇ ਗੁਣਾਂ ਦਾ ਧਾਰਨੀ ਹੈ। ਇੱਛਾ ਤੇ ਪ੍ਰੇਰਨਾ ਚੰਗੀ ਕਥਾ ਕਹਿਣ ਦੇ ਗੁਣ ਹਨ ਅਤੇ ਸਾਹਿਤ ਬਿਰਤਾਂਤ ਦੇ ਲੱਛਣ ਵੀ। ਬਿਰਤਾਂਤ ਦੇ ਸਾਰੇ ਤੱਤਾਂ ਵਿਚ ਇੱਛਾ ਤੇ ਪ੍ਰੇਰਨਾ ਅੰਤਰਨਿਹਿਤ ਹੁੰਦੇ ਹਨ। ਪ੍ਰੇਰਨਾ ਅਤੇ ਇੱਛਾਸ਼ਕਤੀਆਂ ਦੇ ਗੁਣ ਬਦਲ ਸਕਦੇ ਹੁੰਦੇ ਹਨ। ਬਿਰਤਾਂਤ ਦੇ ਵਿਕਾਸ ਦੇ ਅਨੁਸਾਰ ਅਜਿਹੀ ਰਚਨਾ ਵਿਚ ਕੁਝ ਖ਼ਾਸ ਗੁਣ ਮੌਜੂਦ ਹੁੰਦੇ ਹਨ।

"ਦ੍ਰਿਸ਼ ਘੜਨ ਸਮੇਂ, ਲੇਖਕ ਦਾ ਪਾਤਰ ਦੀ ਇੱਛਾਸ਼ਕਤੀ ਸਬੰਧੀ ਗਿਆਨ ਰਚਨਾ ਨੂੰ ਸੱਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ।"[5]

ਲਿਖਣ ਸਮੇਂ ਸਤਹੀ ਜਾਂ ਪਰੋਖੀਆਂ ਕੀਤੀਆਂ ਗਈਆਂ ਉਹ ਇੱਛਾਵਾਂ, ਜਿਨ੍ਹਾਂ ਬਾਰੇ ਪਾਠਕ ਦੇ ਮਨ ਵਿਚ ਅਚੇਤ ਜਾਂ ਸਚੇਤ ਪ੍ਰਸ਼ਨ ਪੈਦਾ ਹੋਣ ਤੇ ਪਾਠਕ ਉਹਨਾਂ ਨੂੰ ਮਹੱਤਵਪੂਰਨ ਪ੍ਰੇਰਨਾ ਸ਼ਕਤੀ ਸਮਝ ਲਵੇ, ਨਾਲੋਂ ਕੇਂਦਰੀ ਪਾਤਰ ਦੀ ਇੱਛਾਸ਼ਕਤੀ ਸਭ ਤੋਂ ਮਹੱਤਵਪੂਰਨ ਹੁੰਦੀ ਹੈ। ਇਹ ਇੱਛਾਸ਼ਕਤੀ ਸਮੁੱਚੇ ਬਿਰਤਾਂਤ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ। ਹਾਲਾਂਕਿ ਪਾਤਰਾਂ ਦੀਆਂ ਅੰਤਰੀਵ ਇੱਛਾਵਾਂ ਦਾ ਆਸਾਨੀ ਨਾਲ ਪਤਾ ਨਹੀਂ ਲਾਇਆ ਜਾ ਸਕਦਾ। ਪਰ ਜੇਕਰ ਪ੍ਰੇਰਨਾਵਾਂ ਬਿਰਤਾਂਤ ਦੇ ਪਾਤਰਾਂ ਲਈ ਤਰਕਸ਼ੀਲ ਤੇ ਪ੍ਰਭਾਵਕਾਰੀ ਹੋਣ ਤਾਂ ਬਿਰਤਾਂਤ ਦੇ ਦ੍ਰਿਸ਼, ਵਿਚਾਰ ਜਾਂ ਪਿੱਠਭੂਮੀ ਵਿਚ ਪੇਸ਼ ਪ੍ਰੇਰਨਾਵਾਂ ਦੂਜੀਆਂ ਪ੍ਰੇਰਨਾਵਾਂ ਦੇ ਪ੍ਰਭਾਵਾਂ ਨੂੰ ਬਦਲ ਦੇਣਗੀਆਂ।

ਇਸ ਸੰਦਰਭ ਵਿਚ ਹੀਰ ਵਾਰਿਸ ਦਾ ਵਿਸ਼ਲੇਸ਼ਣ ਕਰਦਿਆਂ ਡਾ: ਮੋਹਨ ਸਿੰਘ ਦੀਵਾਨਾ ਨੇ ਮੱਤ ਦਿੱਤਾ ਹੈ ਕਿ "ਵਾਰਿਸ ਨੇ ਇਸ਼ਕ ਪ੍ਰਸਤੀ ਜਾਂ ਪ੍ਰੇਮ ਪੂਜਾ ਨੂੰ ਹਵੱਸ ਜਾਂ ਕਾਮ-ਵਾਸਨਾ ਨਹੀਂ ਬਣਨ ਦਿੱਤਾ, ਤੇ ਲਗਨ ਨੂੰ ਥਾਂ ਸਿਰ ਰੱਖਿਆ ਹੈ ਤੇ ਅਖੀਰ ਤੇ ਜ਼ਾਹਿਰ ਕਰ

"

ਲਾਕਾਂ ਇੱਛਾਸ਼ਕਤੀ ਅਤੇ ਅਚੇਤਨ ਨੂੰ ਭਾਸ਼ਾ ਨਾਲ ਜੋੜ ਕੇ ਅਧਿਐਨ ਕਰਦਾ ਹੈ। ਉਸਦਾ ਕਥਨ ਹੈ ਕਿ "ਅਚੇਤ ਇੱਛਾਸ਼ਕਤੀ ਦਾ ਢਾਂਚਾ ਭਾਸ਼ਾ ਵਰਗਾ ਹੁੰਦਾ ਹੈ : ਨਾਮ / ਚਿਹਨਿਕ। ਚਿਹਨਿਤ ਦੇ ਵਿਰੋਧ ਵਿਚ (ਵਸਤੂ ਰੂਪ ਮਾਂ) ਜੋ ਬੱਚਾ (ਕਾਮ ਦੇ ਹਵਾਲੇ ਨਾਲ) ਕਦੇ ਹਾਸਲ ਨਹੀਂ ਕਰ ਪਾਉਂਦਾ। ਤਾਂ ਅਚੇਤਨ ਵਿਚ ਇੱਛਾਪੂਰਤੀ ਲਈ ਇਕ ਭਾਸ਼ਾ ਵਿਕਸਿਤ ਹੁੰਦੀ ਹੈ 'ਮਾਂ'।[3] ਇਸਨੂੰ ਵਿਸਤਾਰ ਨਾਲ ਵੇਖਿਆਂ ਕੁਝ ਇਸ ਪ੍ਰਕਾਰ ਦਾ ਕ੍ਰਮ ਬਣਦਾ ਹੈ। (9) ਇਕ ਇੱਛਾਸ਼ਕਤੀ ਹੈ।(99) ਇੱਛਾਪੂਰਤੀ ਲਈ ਇਕ ਵਸਤੂ (ਮਾਂ) ਹੈ।(999) ਤੀਸਰੀ ਪੱਧਰ 'ਤੇ ਬੱਚੇ ਨੂੰ ਪਤਾ ਲੱਗ ਜਾਂਦਾ ਹੈ ਕਿ ਮਾਂ ਦਾ ਨਾਮ ਵੀ ਹੈ ।(9V) ਸਮਾਜ ਵੱਲੋਂ ਮਿਲੇ ਇਕਨਾਮ ਨਾਲ ਉਸਦੀ ਇੱਛਾਪੂਰਤੀ ਨੂੰ ਵੀ ਇਕ ਨਾਮ ਮਿਲ ਜਾਂਦਾ ਹੈ। ..... ਲਾਕਾਂ ਇਸਦਾ ਸਾਰ ਇਸ ਪ੍ਰਕਾਰ ਦੱਸਦਾ ਹੈ ਕਿ "ਇੱਛਾਸ਼ਕਤੀ ਹਮੇਸ਼ਾਂ ਉਥੇ ਪੈਦਾ ਹੁੰਦੀ ਹੈ, ਜਿਥੇ ਵਸਤੂ ਦੀ ਘਾਟ ਹੁੰਦੀ ਹੈ। ਜਿਸਨੂੰ ਕਿਸੇ ਹੋਰ ਨਾਂ ਨਾਲ ਬਦਲਿਆ ਜਾ ਸਕਦਾ ਹੈ।"

"

ਦਿੱਤਾ ਹੈ ਕਿ ਇਸ ਕਿੱਸੇ ਦਾ ਇਕ ਰੂਹਾਨੀ ਜਾਂ ਅਖ਼ਲਾਕੀ ਜਾਂ ਸਦਾਚਾਰੀ ਪਹਿਲੂ ਵੀ ਹੈ।"[6]

ਕਿੱਸਾਕਾਰੀ ਦੇ ਇਸ ਅਮਲ ਵਿਚ ਦੁਖਾਂਤ ਹੀਰ ਤੇ ਰਾਂਝੇ ਦੇ ਕਿਰਦਾਰਾਂ ਤੇ ਵਿਚਾਰਾਂ ਵਿਚੋਂ ਉਤਪੰਨ ਹੁੰਦਾ ਹੈ। ਫਰਾਇਡ ਦੇ ਕਹਿਣ ਅਨੁਸਾਰ ਕਲਾ ਤੇ ਸੁਪਨੇ ਦੋਵਾਂ ਦਾ ਅਰਥ ਇੱਛਾਸ਼ਕਤੀ ਨੂੰ ਪ੍ਰਗਟਾਉਣ ਦਾ ਹੈ। ਕਿੱਸਾਕਾਰਾਂ ਦੇ ਕਲਾ ਪੱਖ ਨਾਇਕਾਵਾਂ ਦੇ ਸੁਪਨਿਆਂ ਨੂੰ ਕਲਾਤਮਕ ਉਚਾਈਆਂ ਪ੍ਰਦਾਨ ਕਰਦੇ ਹਨ, ਜਿਸ ਨਾਲ ਦੁਖਾਂਤ ਉਨ੍ਹਾਂ ਦੇ ਕਿਰਦਾਰ ਦਾ ਫਲ ਬਣਦਾ ਹੈ।

ਭਰਤਮੁਨੀ ਨਾਟਯ ਸ਼ਾਸ਼ਤਰ ਅਧੀਨ ਇੱਛਾਸ਼ਕਤੀ ਦੀਆਂ ਚੇਸ਼ਟਾਵਾਂ ਨੂੰ ਅਭਿਨੈ ਦਾ ਭਾਗ ਮੰਨਦੇ ਹਨ। ਵ੍ਰਿਤੀ ਦੇ ਸੰਕਲਪ ਅਧੀਨ ਭਰਤ ਦੀ ਵਿਆਖਿਆ ਹੈ ਕਿ "ਵ੍ਰਿਤੀ ਸ਼ਬਦ ਮਨ, ਸਰੀਰ ਅਤੇ ਵਾਣੀ ਦੀਆਂ ਚੇਸ਼ਟਾਵਾਂ (ਭਾਵਨਾਵਾਂ ਨੂੰ ਪ੍ਰਗਟਾਉਣ ਵਾਲੇ ਸੰਵਾਦ) ਅਤੇ ਅਭਿਨੈ ਦੇ ਪ੍ਰਕਾਰਾਂ ਨੂੰ ਪ੍ਰਗਟ ਕਰਦਾ ਹੈ। ਨਾਇਕਾ ਦੀ ਇੱਛਾਸ਼ਕਤੀ ਦਾ ਪ੍ਰਗਟਾਵਾ ਉਸਦੇ ਭਾਵਾਂ ਰਾਹੀਂ ਹੁੰਦਾ ਹੈ।"[7]

ਵਾਰਿਸ ਹੀਰ ਵਿਚ ਨਾਇਕ ਹੀਰ ਦੀ ਮਨੋਸਥਿਤੀ 'ਵ੍ਰਿਤੀ' ਰਾਹੀਂ ਸਾਕਾਰ ਹੁੰਦੀ ਹੈ। ਸ਼ਬਦ ਜਾਗ੍ਰਿਤ ਹੋ ਉੱਠਦੇ ਹਨ। ਨਾਟਕੀਅਤਾ ਵੱਧ ਜਾਂਦੀ ਹੈ। ਇਸ਼ਕ ਦਾ ਹੁਲਾਰਾ ਦੁਖਾਂਤ ਸਿਰਜਣ ਲਈ ਪ੍ਰਤੀਬੱਧ ਹੈ। ਦੁਖਾਂਤ ਸਮਾਜ ਦਾ ਨਾਇਕਾ ਲਈ ਨਿਆਂ ਹੈ।

ਪੰਜਾਬੀ ਕਿੱਸਿਆਂ ਦੇ ਬਹੁਤੇ ਵਿਸ਼ੇ ਇਸ਼ਕ, ਤਿਆਗ, ਸੂਰਬੀਰਤਾ ਤੇ ਕੁਰਬਾਨੀ ਆਦਿ ਨਾਲ ਸੰਬੰਧਿਤ ਹਨ ਅਤੇ ਸਭ ਤੋਂ ਵੱਧ ਵਿਸ਼ਾ 'ਇਸ਼ਕ' ਦਾ ਮਿਲਦਾ ਹੈ। ਇਨ੍ਹਾਂ ਕਿੱਸਿਆਂ ਦੇ ਰਚਨਾਕਾਰਾਂ ਨੇ ਨਾਇਕਾ ਨੂੰ ਇੱਛਾਸ਼ਕਤੀ ਪ੍ਰਤੀ ਵਧੇਰੇ ਦ੍ਰਿੜ ਦਰਸਾਇਆ ਹੈ। ਇਹ ਨਾਇਕਾਵਾਂ ਆਪਣੇ ਆਦਰਸ਼ ਤੇ ਆਸ਼ੇ ਪ੍ਰਤੀ ਪੱਕੀਆਂ ਹਨ। ਇਨ੍ਹਾਂ ਦੇ ਇਸ਼ਕੀਆ ਕਿਰਦਾਰਾਂ ਵਿਚ ਹੀ ਇਨ੍ਹਾਂ ਦੇ ਦੁਖਾਂਤ ਦਾ ਮੂਲ ਪਿਆ ਹੈ। ਇਹ ਇੱਛਾਸ਼ਕਤੀ ਦੀ ਅਪੂਰਤੀ ਉਨ੍ਹਾਂ ਦੀ ਮੌਤ ਦਾ ਬਾਇਜ਼ ਬਣਦੀ ਹੈ।

ਪੱਛਮੀ ਸਾਹਿਤ ਵਿਚ ਇੱਛਾਸ਼ਕਤੀ ਦੀ ਅਪੂਰਤੀ ਨੂੰ ਸੈਡਿਸਟਿਕ ਪਲੈਜ਼ਰ (Sadistic Pleasure) ਨਾਲ ਜੋੜਿਆ ਗਿਆ ਹੈ। ਦੁੱਖ ਦੀ ਸ਼ਿੱਦਤ ਦੀ ਅਜਿਹੀ ਅਵਸਥਾ ਜੋ ਨਾਇਕ ਜਾਂ ਨਾਇਕਾ ਨੂੰ ਬਿਰਹਾ ਭਾਵ ਵਿਛੋੜੇ ਦੀ ਅਵਸਥਾ ਵਿਚ ਵੀ ਆਨੰਦ ਦਾ ਬੋਧ ਕਰਾਉਂਦੀ ਹੈ। ਪ੍ਰੇਮ/ਇਸ਼ਕ ਵਿਚੋਂ ਉਪਜੀ ਇਹ ਅਵਸਥਾ ਮਿਲਾਪ ਦੀ ਅਵਸਥਾ ਤੋਂ ਵੀ ਮਹੱਤਵਪੂਰਨ ਮੰਨੀ ਗਈ ਹੈ। ਪੰਜਾਬੀ ਕਿੱਸਿਆਂ ਵਿਚ ਸੂਫ਼ੀ ਸਾਹਿਤ ਵਾਂਗ ਸੰਸਾਰਕ ਇਸ਼ਕ ਨੂੰ ਰੂਹਾਨੀ ਇਸ਼ਕ ਦਾ ਦਰਜ਼ਾ ਮਿਲਿਆ ਹੈ।

ਸੂਫ਼ੀ ਜਗਤ ਵਿਚ ਇਸ਼ਕ ਦਾ ਮਹੱਤਵ ਸਭ ਤੋਂ ਵੱਧ ਹੈ। ਕੁਰਾਨ ਸ਼ਰੀਫ਼ ਵਿਚ ਆਇਆ ਹੈ ਕਿ ਅੱਲ੍ਹਾ ਤਾਲਾ ਨੂੰ ਆਪਣੇ ਆਪ ਨਾਲ ਇਸ਼ਕ ਹੋਇਆ ਤੇ ਉਸਨੇ ਆਪਣਾ ਹੀ ਰੂਪ ਵੇਖਣ ਲਈ ਆਦਮ ਪੈਦਾ ਕੀਤਾ ਅਤੇ ਇਸ ਪ੍ਰਕਾਰ ਸੰਸਾਰ ਵਿਚ ਇਸ਼ਕ ਦੀ ਖੇਡ ਤੁਰ ਪਈ।

ਸੂਫ਼ੀਆਂ ਅਨੁਸਾਰ ਜਦੋਂ ਤੱਕ ਆਪਣੇ ਮੁਰਸ਼ਦ, ਇਸ਼ਟ ਯਾਨੀ ਪ੍ਰਭੂ ਨਾਲ ਪੂਰਨ ਇਸ਼ਕ ਨਾ ਕੀਤਾ ਜਾਏ ਤਦ ਤੱਕ 'ਫਨਾ ਫੀ ਅੱਲ੍ਹਾ' (ਅਭੇਦਤਾ) ਵਾਲੀ ਆਖਰੀ ਮੰਜ਼ਿਲ ਤੱਕ ਨਹੀਂ ਪਹੁੰਚਿਆ ਜਾ ਸਕਦਾ।

ਦੀਵਾਨ ਸਿੰਘ ਦਾ ਮੱਤ ਹੈ ਕਿ 'ਆਤਮਕ ਪੱਧਰ 'ਤੇ ਇਸ਼ਕ ਦਾ ਪ੍ਰਗਟਾਅ ਪਰਾਸਰੀਰਕ ਹੁੰਦਾ ਹੈ। ਅਰਥਾਤ ਆਪ, ਸਹਿਜ ਸੁਭਾ ਜਾਂ ਸੁਤੇ ਸਿੱਧ ਹੁੰਦਾ ਹੈ। ਇਸੇ ਨੂੰ ਅਜ਼ਲ ਕਹਿੰਦੇ ਹਨ। ..... ਇਸ਼ਕ ਆਤਮਾ ਦੀ ਅਸਲੀਅਤ ਹੈ, ਮੂਲ ਹੈ, ਇਸਦਾ "ਭਾਵ" ਹੈ ਜਿਸਨੂੰ ਪਲੈਟੋ ਨੇ ਆਈਡੀਆ ਕਿਹਾ ਹੈ।"[8]

ਪੰਜਾਬੀ ਕਿੱਸਾਕਾਰਾਂ ਨੇ ਇਨ੍ਹਾਂ ਕਿੱਸਿਆਂ ਵਿਚ 'ਇਸ਼ਕ' ਨੂੰ ਇਕ ਇੱਛਾਸ਼ਕਤੀ ਵਜੋਂ, ਇਕ ਕਰਤਵ ਵਜੋਂ ਪੇਸ਼ ਕੀਤਾ ਹੈ। ਇਕ ਅਜਿਹੀ ਮਾਨਸਿਕ ਅਵਸਥਾ, ਇਕ ਅਜਿਹਾ ਮਨੋਵਿਗਿਆਨਕ ਮੰਗਤਾ ਜੋ ਸਾਦਾ, ਸਰਲ, ਨਿਰਗੁੰਝਲ ਤੇ ਪੱਧਰਾ ਹੈ। ਇਹ ਅਵਸਥਾ ਮਸਤੀ ਤੇ ਬੇਖ਼ੁਦੀ ਦੀ ਹੈ। 'ਮੈਂ ਨਾਹੀਂ ਸਭ ਤੂੰ' ਵਾਲੀ ਸਥਿਤੀ ਹੈ। ਇੱਛਾਸ਼ਕਤੀ ਇਸ ਕਦਰ ਭਾਰੂ ਰਹਿੰਦੀ ਹੈ ਕਿ ਨਾਇਕ ਤੇ ਨਾਇਕਾ

ਦੀ ਹੋਸ਼ ਤੇ ਅਕਲ ਤੋਂ ਪਰ੍ਹੇ ਦੀ ਅਵਸਥਾ ਬਣ ਜਾਂਦੀ ਹੈ।

ਪਲੈਟੋ ਦੁਆਰਾ ਪੇਸ਼ ਆਈਡੀਆ ਦਾ ਸੰਕਲਪ ਉਰਦੂ ਦੇ ਸ਼ਿਅਰ ਵਜੋਂ ਵੇਖਿਆ ਜਾ ਸਕਦਾ ਹੈ।

*'ਯੇ ਇਸ਼ਕ ਨਹੀਂ ਆਸਾਂ, ਇਤਨਾ ਸਮਝ ਲੀਜੀਏ,*
*ਇਕ ਆਗ ਦਾ ਦਰਿਆ ਹੈ, ਔਰ ਡੂਬ ਕੇ ਜਾਨਾ ਹੈ।*

ਪ੍ਰਾਪਤ ਕਿੱਸਿਆਂ ਵਿਚ ਨਾਇਕਾ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰਨ 'ਤੇ ਦੋ ਪ੍ਰਮੁੱਖ ਤੱਤ 'ਇੱਛਾਸ਼ਕਤੀ ਤੇ ਹਾਸਿਲ' ਵਜੋਂ ਉੱਭਰਦੇ ਹਨ। 'ਇਸ਼ਕ' ਇੱਛਾਸ਼ਕਤੀ ਹੈ। ਵਿਛੋੜਾ ਦਰਦ ਹੈ। ਦਰਦ ਸੰਘਰਸ਼ ਨੂੰ ਜਨਮ ਦਿੰਦਾ ਹੈ। ਸੰਘਰਸ਼ ਵਿਦਰੋਹ ਪੈਦਾ ਕਰਦਾ ਹੈ। ਵਿਦਰੋਹ ਦੁਖਾਂਤ ਦਾ ਮੂਲ ਬਣਦਾ ਹੈ। ਇਸ਼ਕ ਦੇ ਰਾਹ ਵਿਚ ਇੱਛਾਸ਼ਕਤੀ ਦਾ ਪ੍ਰਚੰਡ ਵੇਗ 'ਹਾਸਿਲ' ਉੱਤੇ ਕੇਂਦਰਿਤ ਹੁੰਦਾ ਹੈ। ਅਪ੍ਰਾਪਤੀ ਦੇ ਸਿੱਟੇ ਵਜੋਂ ਨਿਰਾਸ਼ਾ ਤੇ ਮੌਤ ਦਾ ਦੁਖਾਂਤ ਵਾਪਰਦਾ ਹੈ। ਜੇਕਰ ਪੰਜਾਬੀ ਨਾਇਕਾ ਸਮਾਜ ਦੀਆਂ ਕਦਰਾਂ-ਕੀਮਤਾਂ ਦਾ ਵਿਰੋਧ ਕਰਦੀ ਹੈ ਤਾਂ ਸਮਾਜ ਇਸ ਨੂੰ ਪਰਵਾਨ ਨਹੀਂ ਕਰ ਸਕਦਾ। ਇਸ਼ਕ ਦੀ ਸੱਚਾਈ ਮੂਲ ਰੂਪ ਵਿਚ ਦੁਖਾਂਤਕ ਹੈ। ਇਸ਼ਕ ਦੇ ਡੰਗੇ ਮਨੁੱਖ ਹੋਣੀ ਅਤੇ ਦੁਖਾਂਤ ਦੀ ਇਸ ਮੁੱਢਲੀ ਸੱਚਾਈ ਦੇ ਪ੍ਰਤੀਨਿਧ ਤੇ ਪ੍ਰਤੀਕ ਕਹੇ ਜਾ ਸਕਦੇ ਹਨ।

ਇਹਨਾਂ ਕਿੱਸਿਆਂ ਵਿਚ ਕਿੱਸਾਕਾਰ ਮਾਹੌਲ ਵਿਚੋਂ ਨਾਇਕ ਤੇ ਨਾਇਕਾ ਨੂੰ ਮਨਮਰਜੀਆਂ ਦੇ ਖੁੱਲ੍ਹ ਦਿੰਦੇ ਹਨ। ਅਜਿਹੇ ਮਾਹੌਲ ਵਿਚ ਇੱਛਾਸ਼ਕਤੀ 'ਤੇ ਕਾਬੂ ਰਹਿਣਾ ਮੁਮਕਿਨ ਹੀ ਨਹੀਂ ਹੋ ਸਕਦਾ। ਜਦੋਂਕਿ ਨਾਇਕ ਤੇ ਨਾਇਕਾ ਨੇ ਇਕ ਦੂਸਰੇ ਨੂੰ ਕਦੇ ਤੱਕਿਆ ਵੀ ਨਹੀਂ ਹੁੰਦਾ। 'ਹੀਰ' ਦਮੋਦਰ ਵਿਚ ਹੀਰ ਦੀ ਪਰਵਰਿਸ਼, ਉਸਦੇ ਬਚਪਨ-ਜਵਾਨੀ ਵਿਚ ਸਿਰਜਿਆ ਮਾਹੌਲ ਉਸਦੇ ਜੀਵਨ ਸਿੱਟਿਆਂ ਦਾ ਸੂਚਕ ਬਣਦਾ ਹੈ।

*ਤਾਂ ਪਹਿਲੇ ਪਹਿਰੇ ਕੁਲ ਆਤਣ, ਸਾਗ ਰੋਟੀ ਮੱਖਣ ਖਾਵੇ।*
*ਦੂਜੇ ਪਹਿਰੇ ਪੀਂਘਾਂ ਤੇ ਪੀਂਘਣ, ਘੁੰਘਣੀਆਂ ਘਿੰਨ ਆਵੇ।*

ਬਾਵਾ ਬੁੱਧ ਸਿੰਘ ਤਾਂ 'ਹੀਰ' ਨੂੰ ਆਤਣ ਦੀ ਸਰਦਾਰ ਦੱਸਦਾ ਹੈ। "ਕਦੀ ਹੀਰ ਸਹੇਲੀਆਂ ਨਾਲ ਦਿਨ ਰਾਤ ਬਿਤਾਉਂਦੀ ਹੈ। ਕਦੀ ਦਰਿਆ ਕੰਢੇ ਜਾ ਪੀਂਘਾਂ ਝੂਟੇ, ਤਾਰੀਆਂ ਲਾਵੇ ਤੇ ਬੇੜੀਆਂ ਦੀ ਸੈਲ ਕਰੇ, ਲੁੱਡਣ ਬੇੜੀ ਦਾ ਮਲਾਹ ਹਰਦਮ ਨੌਕਰ। ਇਕਰੂਪ , ਦੂਈ ਜਵਾਨੀ, ਸੋਨੇ ਤੇ ਸੁਹਾਗੇ ਦਾ ਕੰਮ ਕਰ ਗਈ।"[9]

ਦਮੋਦਰ ਤਾਂ ਹੀਰ ਨੂੰ 'ਬੀਰਾਂਗਨਾ' ਦੀ ਉਪਾਧੀ ਦੇ ਦਿੰਦਾ ਹੈ ਜੋ ਏਨੀ ਹਠਪ੍ਰਸਤ ਹੈ ਕਿ ਉਹ ਨੂਰ ਖ਼ਾਨ ਚੰਧੜ ਨਾਲ ਵੀ ਟੱਕਰ ਲੈ ਸਕਦੀ ਹੈ। ਇਸ ਤਰ੍ਹਾਂ ਦਮੋਦਰ ਨਾਇਕਾ ਨੂੰ ਆਪਣੀ ਹਠ ਤੇ ਇੱਛਾਪੂਰਤੀ ਲਈ ਕੁਝ ਵੀ ਕਰ ਗੁਜ਼ਰਨ ਵਾਲੀ ਦਰਸਾ ਦਿੰਦਾ ਹੈ।

*ਅੰਬਰ ਪਾਰ ਨਿਕੱਥੀਆਂ ਪਰੀਆਂ, ਜਾਤ ਸਿਆਲੀ ਪਰੀਆਂ।*
*ਮੈਦਾ ਖਾਇਨ ਪਟ ਹੰਡਾਇਨ, ਨੁਕਲ ਜਿਨ੍ਹਾਂ ਦੇ ਗਰੀਆਂ।*
*ਵੇਖੋ ਹੀਆ, ਸਹੀ ਸਿਆਲੀ, ਮਰਨੋ ਜ਼ਰਾ ਨਾ ਡਰੀਆਂ।*

ਵਾਰਿਸ ਸ਼ਾਹ ਰਾਂਝੇ ਨੂੰ ਵੀ ਹੀਰ ਦੇ ਬਰਾਬਰ ਦਾ ਆਸ਼ਕ ਦੱਸਦਾ ਹੈ। ਉਸਦੇ ਕਿੱਸੇ ਵਿਚਲੇ ਨਾਇਕ ਤੇ ਨਾਇਕਾ ਦੀ ਇੱਛਾਪੂਰਤੀ ਦਾ ਬਰਾਬਰ ਵਜ਼ਨ ਹੈ। ਰਾਂਝਾ ਸਮਾਜ ਨਾਲ ਸਮਝੌਤਾ ਕਰਨ ਵਾਲਾ ਨਾਇਕ ਨਹੀਂ। ਉਸਦਾ ਇਸ਼ਕ ਮੌਤ ਨੂੰ ਵੰਗਾਰਨ ਵਾਲਾ ਹੈ। ਹੀਰ ਦਾ ਬਚਾਅ ਦਾ ਸੁਝਾਅ ਉਸਨੂੰ ਪਰਵਾਨ ਨਹੀਂ।

*ਹੀਰੇ ਇਸ਼ਕ ਨਾ ਮੂਲ ਸਵਾਦ ਦਿੰਦੇ, ਨਾਲ ਚੋਰੀਆਂ ਅਤੇ ਉਧਾਲਿਆਂ ਦੇ।*

ਹੀਰ ਆਪਣੇ ਆਸ਼ੇ ਦੀ ਇਸ ਕਦਰ ਪੱਕੀ ਹੈ ਕਿ ਉਹ ਆਪਣੇ ਨਿਸ਼ਚੇ ਪ੍ਰਤੀ ਉਚੇਚੀ ਦ੍ਰਿੜ ਨਜ਼ਰ ਆਉਂਦੀ ਹੈ।

*ਮੈਨੂੰ ਬਾਬਲ ਦੀ ਸਹੁੰ ਰਾਂਝਿਆ ਵੇ ........ ਤੇਰੇ ਬਾਝ ਜੇ ਮੈਂ ਕੰਤ ਹੋਰ ਲੋੜਾਂ।*

ਜਾਂ

*ਹੀਰ ਆਖਦੀ ਰਾਂਝੇ ਦੇ ਨਾਮ ਉਤੋਂ, ਹਟ ਹਟ ਬਜ਼ਾਰ ਵਕਾਉਨੀ ਆਂ।*

ਜਾਂ

*ਹੀਰ ਆਖਿਆ ਇਸ਼ਕ ਦੇ ਰਾਹ ਪੌਨਾ, ਨਹੀਂ ਮੁਲਵਾਨਿਆਂ ਕਾਜ਼ੀਆਂ ਦਾ,*
*ਇਸ ਇਸ਼ਕ ਮੈਦਾਨ ਦਿਆਂ ਕੁੱਠਿਆਂ ਨੂੰ, ਰੁਤਬਾ ਕਰਬਲਾ ਦੇ ਗਾਜੀਆਂ ਦਾ।*

ਬਾਵਾ ਬੁੱਧ ਸਿੰਘ ਨੇ ਬਤੌਰ ਨਾਇਕਾ ਹੀਰ ਨੂੰ ਬਹੁਤ ਉੱਚਾ ਦਰਜਾ ਦਿੱਤਾ ਹੈ। ਆਪਣੀ ਇੱਛਾਸ਼ਕਤੀ ਦੀ ਪੂਰਤੀ ਲਈ ਹਰ ਜ਼ਮਾਨੇ ਨਾਲ ਟੱਕਰ ਲੈਣ ਵਾਲੀ ਨਾਇਕਾ ਹੈ। ਬਾਵਾ ਬੁੱਧ ਸਿੰਘ ਦੇ ਹੀਰ ਬਾਰੇ ਸ਼ਬਦ ਹਨ, "ਹੀਰ ਪੰਜਾਬੀ ਲਿਟਰੇਚਰ ਦੀ ਸਭ ਤੋਂ ਦਲੇਰ ਤੇ ਹੌਂਸਲੇ ਵਾਲੀ ਨਾਇਕਾ (ਹੈਰੋਇਨ) ਹੈ। ਰੂਪ ਦਾ ਨਮੂਨਾ, ਜੋਬਨ ਵਿਚ ਮੱਤੀ, ਜਵਾਨੀ ਦਾ ਲੋਹੜਾ, ਕੁਝ ਪਿਉ ਦੀ ਦੌਲਤ ਦਾ ਮਾਣ, ਇਹ ਸਾਰੇ ਸਮਾਨ ਅਜਿਹੇ ਸਨ ਕਿ ਹੀਰ ਕਿਸੇ ਨੂੰ ਅੱਖ ਹੇਠ ਨਹੀਂ ਲਿਆਉਂਦੀ।"[10]

ਦਮੋਦਰ, ਵਾਰਿਸ ਜਾਂ ਮੁਕਬਲ ਹੀਰ ਨੂੰ ਪੰਜਾਬੀ ਕਿੱਸਾ ਕਾਵਿ ਦੀ ਅਜਿਹੀ ਨਾਇਕਾ ਸਥਾਪਤ ਕਰਦੇ ਹਨ ਜੋ ਸਮੁੱਚੇ ਪੰਜਾਬੀ ਕਿੱਸਾ ਕਾਵਿ ਵਿਚ ਸਰਵਉੱਚ ਹੈ। ਹੀਰ ਮਾਪਿਆਂ ਜਾਂ ਭਾਈਆਂ ਦੇ ਵਰਜਣ ਤੇ ਉਲਟਾ ਉਹਨਾਂ ਨੂੰ ਹੀ ਸਮਝਾਉਤਾਂ ਦੇ ਸਕਦੀ ਹੈ। ਇਸ਼ਕ ਦਾ

ਰਾਹ ਬਿਖੜਾ ਹੈ। ਮੰਜ਼ਿਲ ਪ੍ਰਾਪਤੀ ਦੇ ਆਸਾਰ ਨਹੀਂ ਪਰੰਤੂ ਵਾਪਿਸ ਮੁੜਨ ਦੀ ਵੀ ਸੂਰਤ ਨਹੀਂ।

*ਅੱਖਾਂ ਲੱਗੀਆਂ ਮੁੜਨ ਨਾ ਵੀਰ ਮੇਰੇ, ਬੇਬੇ ਘੋਲ ਘੱਤੀ ਬਲਿਹਾਰੀਆਂ ਵੇ ...*

*ਲੋਹੂ ਕੀਕਨੋਂ ਨਿਕਲਨੋਂ ਰਹੇ ਉਥੋਂ, ਜਿੱਥੇ ਲੱਗੀਆਂ ਪ੍ਰੇਮ ਕਟਾਰੀਆਂ ਵੇ।*

ਪੰਜਾਬੀ ਕਿੱਸਾਕਾਰਾਂ ਨੇ ਨਾਇਕ ਤੇ ਨਾਇਕਾਵਾਂ ਦੀਆਂ ਇੱਛਾਸ਼ਕਤੀਆਂ ਦੀ ਸਮਾਜਿਕ ਸੰਦਰਭ ਵਿਚ ਪਛਾਣ ਕਰਕੇ ਕਾਵਿ ਪ੍ਰਤਿਭਾ ਦਾ ਵਿਸ਼ੇਸ਼ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੁਆਰਾ ਰਚੇ ਕਿੱਸੇ ਨਾਇਕ ਤੇ ਨਾਇਕਾ ਦੀ ਹੋਂਦ ਤੇ ਅਨੁਭਵ ਨੂੰ ਸਾਕਾਰ ਕਰਦੇ ਹੋਏ ਉਨ੍ਹਾਂ ਦੀ ਮਾਨਸਿਕਤਾ ਦਾ ਬਹੁਭਾਂਤੀ ਤੇ ਬਹੁਅਰਥਕ ਬਿੰਬ ਪੇਸ਼ ਕਰਦੇ ਹਨ।

ਇਨ੍ਹਾਂ ਕਿੱਸਿਆਂ ਦੇ ਪਾਤਰ ਅਰਥਾਤ ਨਾਇਕ ਤੇ ਨਾਇਕਾ ਅਤਿ ਦੇ ਜਜ਼ਬਾਤੀ ਹਨ। ਇਸ਼ਕਪ੍ਰਸਤੀ ਨੂੰ ਉਹ ਇਸ ਹੱਦ ਤੱਕ ਸਮਰਪਿਤ ਹੋ ਜਾਂਦੇ ਹਨ ਕਿ ਉਸ ਆਦਰਸ਼ ਪ੍ਰਾਪਤੀ ਪਿੱਛੇ ਦੀਵਾਨੇ, ਅਕਲ ਵਿਹੂਣੇ, ਮਨ ਦੇ ਵਲਵਲਿਆਂ ਪਿੱਛੇ ਮਰਦੇ ਜਾਂਦੇ, ਲੋਕ ਲਾਜ, ਸ਼ਰਮ ਦੀ ਪਰਵਾਹ ਨਾ ਕਰਦੇ ਦਿਲ ਦੀਆਂ ਸੱਧਰਾਂ ਮਾਨਣ ਦੇ ਚਾਹਵਾਨ ਹਨ। ਇਹ ਇਸ਼ਕ ਦੀ ਮਸਤੀ ਵਿਚ ਸਮਾਜਿਕ ਰਿਸ਼ਤਿਆਂ ਦੀ ਜਕੜ ਤੇ ਰੀਤਾਂ ਦੀ ਪਰਵਾਹ ਨਹੀਂ ਕਰਦੇ। ਇੱਛਾਸ਼ਕਤੀ ਦੀ ਪੂਰਤੀ ਲਈ ਦੋਵੇਂ ਪ੍ਰੇਮੀ ਪ੍ਰੇਮਿਕਾ ਦੀ ਵਚਬੱਧਤਾ ਹੈ।

*ਇਸ਼ਕ ਮਜਾਜ਼ੀ ਮੁਸ਼ਕਲ ਬਾਜ਼ੀ, ਜਿਸ ਤਨ ਲੱਗਾ ਸੋਈ।*

*ਮਾਰ ਫਨਾਹ ਕਰੇ ਦਰਮਾਂਦਾ, ਸਾਬਤ ਰਿਹਾ ਨਾ ਕੋਈ। (ਸੱਸੀ ਹਾਸ਼ਮ)*

ਸੱਸੀ ਹਾਸ਼ਮ ਦੇ ਪ੍ਰਸੰਗ ਵਿਚ ਦੀਵਾਨ ਸਿੰਘ ਦਾ ਕਥਨ ਹੈ ਕਿ "ਹਾਸ਼ਮ ਦੇ ਕਿੱਸਿਆਂ ਵਿਚ ਇਸ਼ਕ ਦੇ ਹਰ ਪੱਖ ਉੱਤੇ, ਖ਼ਾਸ ਕਰਕੇ ਇਸਦੇ ਦਰਦ, ਪੀੜ, ਜਲਨ, ਕੁਰਬਾਨੀ 'ਤੇ ਰੌਸ਼ਨੀ ਪਾਈ ਗਈ ਹੈ।"[11]

ਹਾਫਿਜ਼ ਬਰਖ਼ੁਰਦਾਰ ਵੀ ਸੱਸੀ ਦੀ ਇੱਛਾਸ਼ਕਤੀ ਪ੍ਰਬਲਤਾ ਨੂੰ ਸਮਝਣ ਦਾ ਯਤਨ ਕਰਦਾ ਹੈ। ਉਸਦੀ ਨਾਇਕਾ ਦਾ ਇਸ਼ਕ ਪਹਿਲੀ ਨਜ਼ਰ ਦਾ ਇਸ਼ਕ ਹੈ।

*ਸੱਸੀ ਸਨੇ ਸਹੇਲੀਆਂ ਆਈ ਰੰਗ ਮਹਲ। / ਅਤੇ ਪੁੰਨੂੰ ਹੋਤ ਨਾ ਸਕਿਆ, ਝਾਲ ਸੱਸੀ ਦੀ ਝੱਲ।*

*ਉਸ ਪੁਰ ਕਰ ਲਏ ਹਾਫਜ਼ਾਂ ਦੋ ਨੈਨਾਂ ਦੇ ਛੱਲ। /*

*ਓਹ ਲੈਹਨ ਸੰਜੋਈ ਨਿਕਲੇ ਬਾਨ ਕਲੇਜਾ ਛੱਲ।*

ਬਾਵਾ ਬੁੱਧ ਸਿੰਘ ਸੱਸੀ ਪੁੰਨੂੰ ਦੇ ਇਸ ਪਹਿਲੀ ਨਜ਼ਰ ਦੇ ਪਿਆਰ ਬਾਰੇ ਲਿਖਦਾ ਹੈ ਕਿ "ਹਾਇ ਇਸ਼ਕ ! ਪੁੰਨੂੰ ਨੂੰ ਵੇਖਦਿਆਂ ਈ ਸੱਸੀ ਦੇ ਵੱਸ ਹੋ ਗਿਆ ਔਰ ਉਸਦੇ ਆਖੇ ਧੋਬੀਆਂ ਦਾ ਵੇਸ ਵਟਾਇਆ। ਆਪਨੇ ਬਲੋਚਾਂ ਨੂੰ ਵਿਦਾ ਕਰਾਇਆ।"[12]

ਇੱਛਾਸ਼ਕਤੀ ਦੀ ਪੂਰਤੀ ਲਈ ਇਸ਼ਕ ਕਰਨ ਵਾਲਾ ਧੋਬੀ ਦਾ ਵੇਸ ਵਟਾ ਕੇ ਆ ਪ੍ਰਗਟ ਹੁੰਦਾ ਹੈ। ਜੋ ਇਸ਼ਕ ਪਰਵਾਨ ਚੜ੍ਹਦਾ ਹੈ। ਮਾਪੇ ਉਸ ਤੋਂ ਰੋਕਦੇ ਹਨ। ਪਰੰਤੂ ਦੁਖਾਂਤ ਦਾ ਵਾਪਰਨਾ ਤੈਅ ਹੈ। ਹੋਣੀ ਆਪਣੀ ਖੇਡ ਰਚਾਉਂਦੀ ਹੈ। ਮਿਲਣਾ, ਵਿਛੜਨਾ, ਮਿਲਣਾ ਤੇ ਫਿਰ ਸਦਾ ਲਈ ਵਿੱਛੜ ਜਾਣਾ। ਹਾਸ਼ਮ ਅਨੁਸਾਰ ਤਾਂ ਸੱਸੀ ਦੀ ਹੋਣੀ ਦਾ ਨਿਰਧਾਰਨ ਤਾਂ ਜੰਮਦਿਆਂ ਹੀ ਹੋ ਗਿਆ ਸੀ। ਜਦੋਂ ਘੋਰ ਨਿਰਾਸ਼ਾ ਦੇ ਆਲਮ ਵਿਚ ਇੱਛਾਸ਼ਕਤੀ ਦੀ ਅਪੂਰਤੀ ਮਨ 'ਤੇ ਹਾਵੀ ਹੁੰਦੀ ਹੈ ਤਾਂ :

*ਤੁਰਸਾਂ ਮੂਲ ਨਾ ਮੁੜਸਾਂ, ਜਾਨ ਤਲੀ ਪੁਰ ਧਰਸਾਂ।*

*ਜਬ ਲਗ ਸਾਸ ਨਿਰਾਸ ਨਾ ਹੋਣਾ, ਮਰਨੋ ਮੂਲ ਨਾ ਡਰਸਾਂ।*

*ਜੇ ਰੱਬ ਕੂਕ ਸੱਸੀ ਦੀ ਸੁਣਸੀ, ਜਾਇ ਮਿਲਾਂ ਪਗ ਪਰਸਾਂ।*

*ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ, ਥਲ ਮਾਰੂ ਵਿਚ ਮਰਸਾਂ।*

ਅਪੂਰਤੀ ਦਾ ਭਾਵ ਇਸ ਕਦਰ ਹਾਵੀ ਹੁੰਦਾ ਹੈ ਕਿ ਨਾਇਕਾ ਜਾਨ ਦੇਣ ਤੋਂ ਗੁਰੇਜ਼ ਨਹੀਂ ਕਰਦੀ। ਉਹ ਸਮਾਜ, ਧਰਮ , ਜ਼ਾਤ, ਲੋਕਲਾਜ, ਜਾਨ ਦੀ ਪਰਵਾਹ ਕੀਤੇ ਬਿਨਾਂ ਇਸ਼ਕ ਦੀ ਬਾਜ਼ੀ ਜਿੱਤਣਾ ਚਾਹੁੰਦੀ ਹੈ। ਰਾਣੀ ਸੁੰਦਰਾਂ ਪੂਰਨ ਨੂੰ ਪਾਉਣ ਲਈ ਚੁਬਾਰੇ ਤੋਂ ਕੁੱਦ ਗਈ, ਪੁੰਨੂੰ ਸੱਸੀ ਦੀ ਖਾਤਰ ਧੋਬੀ ਬਣ ਰਹਿਣ ਲੱਗਿਆ, ਹੀਰ ਨੇ ਅਮੀਰ ਸੈਦੇ ਖੇੜੇ ਨਾਲੋਂ ਚਾਕ ਰਾਂਝੇ ਨੂੰ ਤਰਜੀਹ ਦਿੱਤੀ। ਮਹੀਂਵਾਲ ਆਪਣੀ ਦੌਲਤ ਛੱਡ ਤੁੱਲੇ ਘੁਮਿਆਰ ਦੇ ਮਹਿੰਗੇ ਭਾਂਡੇ ਖਰੀਦ-ਖ਼ਰੀਦ ਸਸਤੇ ਭਾਅ ਵੇਚਦਾ ਰਿਹਾ। ਇਹਨਾਂ ਕਿੱਸਿਆਂ ਵਿਚਲੇ ਨਾਇਕ ਨਾਇਕਾਵਾਂ ਨੇ ਇਸ਼ਕ ਦੀ ਇੱਛਾਸ਼ਕਤੀ ਨੂੰ ਜੀਵਨ ਆਦਰਸ਼ ਮੰਨਿਆ ਹੈ। ਇਸਦੀ ਪੂਰਤੀ ਲਈ ਉਹ ਸੰਸਾਰਕ ਲਾਲਚਾਂ ਤੋਂ ਬੇਮੁੱਖ ਤੇ ਬੇਪਰਵਾਹ ਹੋ ਜਾਂਦੇ ਹਨ।

*ਫਜ਼ਲ ਸ਼ਾਹ ਫਕੀਰ ਹੋ ਗਏ ਲੱਖਾਂ, ਵੇਖ ਹੁਸਨ ਮਹਿਬੂਬ ਦੀ ਤਾਬ ਮੀਆਂ।*

ਜਾਂ

*ਵਾਲੀ ਬਲਖ਼ ਬੁਖ਼ਾਰੇ ਦਾ ਇਸ਼ਕ ਕਾਰਨ, ਕੂੜਾ ਹੂੰਝਦਾ ਵਿਚ ਬਾਜ਼ਾਰ ਸਾਈਂ।*

ਇਸ ਇਸ਼ਕ ਦੇ ਜਲੇ ਦੀ ਸਥਿਤੀ ਦਾ ਵਰਨਣ ਹੈ :

*ਮੈਂ ਭੀ ਇਸ਼ਕ ਦੇ ਵਿਚ ਗੁਦਾਜ਼ ਹੋਇਆ, ਐਪਰ ਦੱਸਣੇ ਦੀ ਨਹੀਂ ਜਾ ਮੀਆਂ।*

*ਇਤਨਾਂ ਦਰਦ ਮੈਨੂੰ ਜੇਕਰ ਆਹ ਮਾਰਾਂ, ਦਿਆਂ ਰੁੱਖ ਦਰਖਤ ਜਲਾ ਮੀਆਂ।*

ਮਿਲਣ ਦੀ ਲਗਨ ਵਿਚ ਸੋਹਣੀ ਦੀ ਤੜਪ ਦਾ ਵਰਨਣ ਵੇਖਣਯੋਗ ਹੈ :

*ਲੈ ਓ ਯਾਰ ਲਬਾਂ ਉਤੇ ਜਾਨ ਆਈ / ਹੁਣ ਦੀਦ ਤਾਂ ਦੇਹ ਇਕ ਵਾਰ ਮੈਨੂੰ, ...*
*ਮੇਰੀ ਜਾਨ ਤਰਸੰਦੜੀ ਲਏ ਤਰਲੇ / ਮਿਲ ਜਾਹ ਓ ਪਿਆਰਿਆ ਯਾਰ ਮੈਨੂੰ।*

ਅਜਿਹੀ ਹੀ ਮਿਸਾਲ ਮਿਰਜ਼ਾ ਸਾਹਿਬਾਂ ਕਿੱਸੇ ਵਿਚ ਵੀ ਨਾਇਕਾ ਦੀ ਤੜਪ ਨੂੰ ਪੇਸ਼ ਕਰਦੀ ਹੈ :

*ਜਿਨ੍ਹਾਂ ਇਸ਼ਕ ਤਨੇ ਵਿਚ ਰੱਚਿਆ, ਘਾਉ ਨਾ ਦਿੱਸੇ ਅੰਗ।*
*ਨੀਂਦਰ ਭੁੱਖ ਨਾ ਆਸ਼ਕਾਂ ਉਹ, ਰੈਹਨ ਨਾ ਮੌਤੋਂ ਸੰਗ।*
*ਸਾਹਿਬਾਂ ਮਸਤੀ ਚੜ੍ਹੀ ਪ੍ਰੇਮ ਦੀ, ਜਿਉਂ ਮਸਤੀ ਚੜ੍ਹਦੀ ਭੰਗ।*
*ਅਤੇ ਅਕਲ ਨਾ ਮਿਲਸੀ ਢੂੰਡਿਆਂ, ਨਾ ਮਿਲਸੀ ਮੂਲ ਨਾ ਮੰਗ॥*

ਇਨ੍ਹਾਂ ਕਿੱਸਿਆਂ ਵਿਚ ਨਾਇਕਾਂ ਤੇ ਨਾਇਕਾਵਾਂ ਨੂੰ ਸਮਾਜ ਨਾਲ ਥਾਂ ਪਰ ਥਾਂ ਟੱਕਰ ਲੈਣੀ ਪੈਂਦੀ ਹੈ। ਇਨ੍ਹਾਂ ਦੇ ਜੀਵਨ ਦਾ ਮੁੱਢ ਤੋਂ ਹੀ ਹੋਣੀ ਜਾਂ ਸਮਾਜ ਨਾਲ ਸੰਘਰਸ਼ ਰਿਹਾ ਹੁੰਦਾ ਹੈ, ਜਿਵੇਂ ਸੱਸੀ ਦੇ ਜੀਵਨ ਬਾਰੇ ਨਜੂਮੀਆਂ ਦੀ ਭਵਿੱਖਬਾਣੀ ਜਾਂ ਰਾਂਝੇ ਦੇ ਘਰ ਤਖਤ ਹਜ਼ਾਰੇ ਵਿਚ ਉਸ ਨਾਲ ਵਾਪਰੀਆਂ ਘਟਨਾਵਾਂ। ਇਸ ਤਰ੍ਹਾਂ ਦੇ ਇਸ਼ਕ ਕਦੇ ਸਮਾਜ ਵੱਲੋਂ ਪਰਵਾਨ ਨਹੀਂ ਹੁੰਦੇ। ਇਹ ਸਮਾਜਿਕ ਸ਼ਿਸ਼ਟਾਚਾਰ ਦੀ ਮੁੱਢਲੀ ਸ਼ਰਤ ਹੈ। ਸੋ ਇਸ ਤਰ੍ਹਾਂ ਇਸ਼ਕ ਤੇ ਹੋਣੀ ਦੇ ਸੰਯੋਗ ਨਾਲ ਸਿਰਫ਼ ਅੰਤ ਹੀ ਦੁਖਾਂਤਕ ਨਹੀਂ ਹੁੰਦਾ ਸਗੋਂ ਕਿਹਾ ਜਾ ਸਕਦਾ ਹੈ ਕਿ ਇਸ਼ਕ ਆਦਿ ਤੋਂ ਅੰਤ ਤੱਕ ਦੁਖਾਂਤਕ ਹੈ। ਡਾ: ਹਰਿਭਜਨ ਸਿੰਘ ਨੇ ਇਸ ਲਈ 'ਤ੍ਰਾਸਦੀ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਬਾਬਾ ਫਰੀਦ, ਕਵੀ ਹਾਫ਼ਿਜ਼ ਤੋਂ ਲੈ ਕੇ ਅੱਜ ਤੱਕ ਹਰ ਕਵੀ ਨੇ ਇਸ਼ਕ ਦੀ ਇਸ ਸਮੱਸਿਆ ਬਾਰੇ ਲਿਖਿਆ ਹੈ।

ਇੱਛਾਸ਼ਕਤੀ ਦੀ ਅਪੂਰਤੀ ਪ੍ਰਤੀ ਕਿੱਸਾਕਾਰਾਂ ਨੇ ਅਤਿ ਦੀ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕੀਤਾ ਹੈ। ਬਾਵਾ ਬੁੱਧ ਸਿੰਘ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ 'ਹਾਸ਼ਮ ਨੇ ਸੱਸੀ ਕੀਹ ਆਖੀ, ਘਰ-ਘਰ ਇਸ਼ਕ ਦਾ ਮੁਆਤਾ ਲਾ ਦਿੱਤਾ।''[13] ਕਿੱਸਾਕਾਰਾਂ ਨੇ ਇੱਛਾਸ਼ਕਤੀ ਦੀ ਅਪੂਰਤੀ ਤੋਂ ਪੈਦਾ ਹੋ ਰਹੇ ਦੁਖਾਂਤ ਨੂੰ ਸਮਾਜਿਕ ਸੰਦਰਭ ਵਿਚ ਪਛਾਨਣ ਦਾ ਯਤਨ ਕਰਕੇ ਕਾਵਿ ਪ੍ਰਤਿਭਾ ਦਾ ਖ਼ਾਸ ਲੱਛਣ ਪੈਦਾ ਕੀਤਾ ਹੈ। ਇਹ ਕਿੱਸੇ ਵਿਸ਼ੇਸ਼ਕਰ ਨਾਇਕਾਵਾਂ ਦੀ ਹੋਂਦ ਤੇ ਅਨੁਭਵ ਨੂੰ ਸਾਕਾਰ ਕਰਦੇ ਹੋਏ ਉਨ੍ਹਾਂ ਦੀ ਮਾਨਸਿਕਤਾ ਦਾ ਬਹੁਭਾਂਤੀ ਤੇ ਬਹੁਅਰਥਕ ਬਿੰਬ ਪੇਸ਼ ਕਰਦੇ ਹਨ। ਇਸ ਪ੍ਰਕਾਰ ਇਨ੍ਹਾਂ ਕਿੱਸਿਆਂ ਦੇ ਮਨੋਵਿਗਿਆਨਕ ਅਧਿਐਨ ਨਾਲ ਨਾਇਕ ਅਤੇ ਨਾਇਕਾਵਾਂ ਦੀਆਂ ਮਨੋਗੁੰਝਲਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ, ਜੋ ਇਨ੍ਹਾਂ ਪ੍ਰੇਰਣਾਵਾਂ ਤੇ ਦੁਖਾਂਤਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਹੁੰਦੀਆਂ ਹਨ। ਵ

## *ਹਵਾਲੇ ਤੇ ਟਿੱਪਣੀਆਂ*


1. www.britannica.com
2. www.meurian_webster.com>dictionary
3. Lecan, Language and the unnconscious , Contemperery literary and cultural theory , Promod K. Nayar.pub. Dorling Kinderseley India 2011. Page -75
4. Page -77.
5. Desire and Motivation, William H. Coles. www.storyinliteraryfiction.com
6. ਹੀਰ ਵਾਰਿਸ ਸ਼ਾਹ , ਸੰਪਾ. ਮੋਹਨ ਸਿੰਘ ਦੀਵਾਨਾ (ਉਰਦੂ ਅੱਖਰ) ਪੰਨਾ -31.
7. ਭਰਤ ਮੁਨੀ, ਨਾਟਯ ਸ਼ਾਸਤਰ, ਪੰਜਾਬੀ ਯੂਨੀਵਰਸਿਟੀ , ਪਟਿਆਲਾ। ਪੰਨਾ-298.
8. ਦੀਵਾਨ ਸਿੰਘ, ਕਿੱਸਾ ਤੇ ਪੰਜਾਬੀ ਕਿੱਸਾ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ 2001, ਪੰਨਾ-65.
9. ਬਾਬਾ ਬੁੱਧ ਸਿੰਘ ਰਚਨਾਵਾਲੀ, ਸੰਪਾ. ਦੇਵਿੰਦਰ ਸਿੰਘ, ਸਾਹਿਤ ਅਕਾਦਮੀ, ਨਵੀਂ ਦਿੱਲੀ 2003, ਪੰਨਾ -408.
10. ਉਹੀ , ਪੰਨਾ -358.
11. ਦੀਵਾਨ ਸਿੰਘ, ਕਿੱਸਾ ਤੇ ਕਿੱਸਾ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ 2001, ਪੰਨਾ -79.
12. ਬਾਵਾ ਬੁੱਧ ਸਿੰਘ ਰਚਨਾਵਾਲੀ, ਸੰਪਾ. ਦੇਵਿੰਦਰ ਸਿੰਘ, ਸਾਹਿਤ ਅਕਾਦਮੀ, ਨਵੀਂ ਦਿੱਲੀ, 2003, ਪੰਨਾ-32713:ਉਹੀ , ਪੰਨਾ-323.





ਅਰਵਿੰਦਰ ਕੌਰ ਧਾਲੀਵਾਲ (ਜਨਮ 1974) ਡੀ.ਏ.ਵੀ. ਕਾਲਜ ਅੰਮ੍ਰਿਤਸਰ 'ਚ ਪੰਜਾਬੀ ਦੀ ਪ੍ਰੋਫ਼ੈਸਰ ਹੈ। ਰੰਗਮੰਚ ਦੇ ਖੇਤਰ 'ਚ ਅਦਾਕਾਰੀ ਤੋਂ ਇਲਾਵਾ ਪ੍ਰਬੰਧਕ ਦੀ ਹੈਸੀਅਤ 'ਚ ਵੀ ਨਾਮਣਾ ਖੱਟਿਆ। ਕਈ ਸੰਸਥਾਵਾਂ ਤੋਂ ਸਨਮਾਨਿਤ, ਦਸਤ ਤੋਂ ਜ਼ਿਆਦਾ ਪੁਸਤਕਾਂ ਦੀ ਲੇਖਕਾ। ਡਾ. ਧਾਲੀਵਾਲ ਦੀਆਂ ਕਿਤਾਬਾਂ ਪੰਜਾਬੀ ਯੂਨੀਵਰਸਿਟੀ ਦੇ ਐੱਮ.ਏ. ਦੇ ਸਿਲੇਬਸ ਦਾ ਹਿੱਸਾ ਵੀ ਹਨ। ਫ਼ੋਨ : 99142-11422

# ਜ਼ੋਰਬਾ ਦ ਗਰੀਕ




ਪੰਜਾਬੀ ਰੂਪ :
**ਬਲਰਾਜ ਧਾਰੀਵਾਲ**

'**ਜ਼ੋਰਬਾ ਦ ਗਰੀਕ** ਕਜ਼ਾਨਜ਼ਾਕਿਸ ਦੀ ਜਗਤ ਪ੍ਰਸਿੱਧ ਰਚਨਾ ਹੈ। ਆਮ ਪੰਜਾਬੀ ਪਾਠਕਾਂ ਨੂੰ ਏਦ੍ਹੀ ਜਾਣ-ਪਛਾਣ ਅੰਮ੍ਰਿਤਾ ਪ੍ਰੀਤਮ ਹੁਰਾਂ ਕਰਾਈ—ਨਾਗਮਣੀ ਰਾਹੀਂ। ਮਾਰਕਸਵਾਦੀ, ਹੋਂਦਵਾਦੀ, ਨਿਤਸ਼ੇ ਤੇ ਬਰਗਸਾਂ ਤੋਂ ਪ੍ਰਭਾਵਿਤ ਇਸ ਲੇਖਕ ਦਾ ਨਾਇਕ ਆਪਣੇ ਸਮਕਾਲੀ ਸਰਮਾਏਦਾਰੀ ਢਾਂਚੇ ਦੇ ਕਿਆਸੇ+ਸਿਰਜੇ 'ਨਾਂਇਕ' ਦੀ ਟੱਕਰ ਦਾ ਮਾਨਵਵਾਦੀ ਰੂਪ ਹੈ। ਉਹ ਕੁਦਰਤ ਦੇ ਹਰ ਰੂਪ, ਹਰ ਇਨਸਾਨ ਤੇ ਆਪਣੇ ਆਪ ਨਾਲ ਜੁੜੀ ਹੋਈ ਰੂਹ ਹੈ। ਉਹਦੇ ਜੀਉਣ ਦਾ ਵੇਗ ਸਮਾਜਿਕ ਪ੍ਰਾਪਤੀਆਂ 'ਚ ਉਲਝੇ ਬੰਦੇ ਨੂੰ ਖ਼ਲਾਇਕ ਵਾਲੀ ਥਾਂ 'ਤੇ ਰੱਖ ਦੇਂਦਾ ਹੈ। ਬਲਰਾਜ ਧਾਰੀਵਾਲ ਨੇ ਬੜੇ ਉਦਮ ਨਾਲ ਇਹ ਵੱਡ-ਆਕਾਰੀ ਨਾਵਲ ਦਾ ਅਨੁਵਾਦ ਕੀਤਾ ਹੈ।'

## 1

ਪਹਿਲੀ ਵਾਰ ਮੈਂ ਉਸ ਨੂੰ ਪਿਰਿਆਸ (ਯੂਨਾਨ ਵਿਚ ਬੰਦਰਗਾਹ ਵਾਲਾ ਇਕ ਸ਼ਹਿਰ) 'ਚ ਮਿਲਿਆ ਸਾਂ । ਮੈਂ ਕਿਸ਼ਤੀ ਰਾਹੀਂ ਕਰੀਟ (ਯੂਨਾਨ ਦਾ ਇਕ ਬਹੁਤ ਵੱਡਾ ਟਾਪੂ) ਜਾਣ ਲਈ ਇਥੇ ਬੰਦਰਗਾਹ 'ਤੇ ਆਇਆ ਸਾਂ । ਲਗਭਗ ਦਿਨ ਚੜ੍ਹਨ ਵਾਲਾ ਸੀ ਤੇ ਮੀਂਹ ਪੈ ਰਿਹਾ ਸੀ । ਛੋਟੇ ਜਿਹੇ ਕੌਫ਼ੀ ਹਾਊਸ 'ਚ, ਜਿਸ ਵਿਚ ਮੈਂ ਬੈਠਾ ਹੋਇਆ ਸਾਂ, ਉਸ ਦੇ ਸ਼ੀਸ਼ੇ ਦੇ ਦਰਵਾਜ਼ੇ ਬੰਦ ਸਨ ਤੇ ਸਮੁੰਦਰ ਦੀਆਂ ਲਹਿਰਾਂ ਵੱਲੋਂ ਹੁੱਸੜ ਭਰੀ ਹਵਾ ਆ ਰਹੀ ਸੀ । ਕੌਫ਼ੀ ਹਾਊਸ 'ਚ ਸੇਜ (ਇਕ ਪੌਦਾ, ਜਿਸਦੇ ਪੱਤੇ ਮਸਾਲੇ ਵਜੋਂ ਵਰਤੇ ਜਾਂਦੇ ਹਨ) ਦੇ ਕਾਹੜੇ ਦੇ ਉੱਬਲਣ ਦੀ ਭਾਫ਼ ਅਤੇ ਬਾਹਰ ਠੰਢ ਹੋਣ ਕਾਰਨ, ਅੰਦਰ ਬੈਠੇ ਲੋਕਾਂ ਦੇ ਸਾਹ ਲੈਣ ਦੀ ਪ੍ਰਕਿਰਿਆ ਦੌਰਾਨ ਮੂੰਹੋਂ ਨਿਕਲਦੀ ਹਵਾੜ ਨਾਲ ਬਾਰੀਆਂ ਭਾਫ਼ ਨਾਲ ਭਰ ਗਈਆਂ ਸਨ । ਪੰਜ, ਛੇ ਆਦਮੀਆਂ, ਜਿਨ੍ਹਾਂ ਨੇ ਇਥੇ ਰਾਤ ਬਿਤਾਈ ਸੀ, ਉਹ ਬੱਕਰੀ ਦੀ ਖੱਲ ਤੋਂ ਬਣੀਆਂ ਘੁਟਵੀਆਂ ਜੈਕਟਾਂ ਪਾਈ ਕੌਫ਼ੀ ਜਾਂ ਕਾਹੜਾ ਪੀ ਰਹੇ ਸਨ ਅਤੇ ਧੁੰਦਲੀਆਂ ਬਾਰੀਆਂ ਰਾਹੀਂ ਬਾਹਰ ਸਮੁੰਦਰ ਵੱਲ ਦੇਖ ਰਹੇ ਸਨ । ਮੱਛੀਆਂ ਪਾਣੀ ਦੇ ਤੇਜ਼ ਫਰਾਟਿਆਂ ਕਾਰਨ ਡਰ ਕੇ ਆਪਣੇ ਬਚਾਅ ਲਈ ਡੂੰਘੇ ਪਾਣੀ ਅੰਦਰ ਚਲੇ ਗਈਆਂ ਸਨ ਅਤੇ ਉਥੇ ਉਹ ਸਮੁੰਦਰ ਦੇ ਸ਼ਾਂਤ ਹੋਣ ਦੀ ਉਡੀਕ ਕਰ ਰਹੀਆਂ ਸਨ । ਕੌਫ਼ੀ ਹਾਊਸ ਵਿਚ ਬਹੁਤ ਸਾਰੇ ਮਛੇਰੇ ਵੀ ਤੂਫ਼ਾਨ ਦੇ ਖ਼ਤਮ ਹੋਣ ਦੀ ਉਡੀਕ ਕਰ ਰਹੇ ਸਨ, ਤਾਂ ਕਿ ਮੱਛੀਆਂ ਦੁਬਾਰਾ ਸਮੁੰਦਰੀ ਤਲ 'ਤੇ ਆ ਕੇ ਉਨ੍ਹਾਂ ਦੇ ਲਾਏ ਹੋਏ ਜਾਲ 'ਚ ਫਸ ਸਕਣ । ਚਪਟੀਆਂ ਮੱਛੀਆਂ, ਸਿਰ 'ਤੇ ਕੰਡਿਆਂ ਵਾਲੀਆਂ ਮੱਛੀਆਂ ਤੇ ਹੋਰ ਵੀ ਕਈ ਪ੍ਰਕਾਰ ਦੀਆਂ ਮੱਛੀਆਂ ਆਪਣੀ ਰਾਤ ਦੀ ਫੇਰੀ ਤੋਂ ਵਾਪਸ ਆ ਗਈਆਂ ਸਨ । ਦਿਨ ਚੜ੍ਹ ਰਿਹਾ ਸੀ ।

ਸ਼ੀਸ਼ੇ ਦਾ ਦਰਵਾਜ਼ਾ ਖੁੱਲ੍ਹਿਆ ਤੇ ਅਜਿਹੇ ਮੌਸਮ ਦਾ ਝੰਬਿਆ ਹੋਇਆ ਤੇ ਚਿੱਕੜ ਨਾਲ ਲਿੱਬੜਿਆ ਹੋਇਆ ਇਕ ਹੱਟਾ ਕੱਟਾ ਆਦਮੀ ਜੋ ਕਿ ਬੰਦਰਗਾਹ 'ਤੇ ਮਜ਼ਦੂਰੀ ਦਾ ਕੰਮ ਕਰਦਾ ਸੀ, ਨੰਗੇ ਸਿਰ ਤੇ ਨੰਗੇ ਪੈਰੀਂ ਅੰਦਰ ਦਾਖ਼ਲ ਹੋਇਆ ।

'ਹਾਇ ! ਕੋਸਟੋਂਡੀ !' ਇਕ ਬਜ਼ੁਰਗ ਆਦਮੀ ਨੇ, ਜਿਸ ਨੇ ਕਿ ਅਸਮਾਨੀ ਰੰਗ ਦਾ ਚੋਗਾ ਪਹਿਨਿਆ ਹੋਇਆ ਸੀ, ਉਸ ਨੂੰ ਕਿਹਾ ਤੇ ਉਸ ਦਾ ਹਾਲ-ਚਾਲ ਪੁੱਛਿਆ ।

ਕੋਸਟੋਂਡੀ ਨੇ ਥੁੱਕਿਆ ਤੇ ਖਿਝ ਕੇ ਜੁਆਬ ਦਿੱਤਾ, 'ਕਾਹਦਾ ਹਾਲ ਹੈ ਮੇਰਾ ? ਸਵੇਰੇ ਇਥੇ ਬਾਰ 'ਚ ਆ ਜਾਈਦਾ ! ਤੇ ਰਾਤ ਨੂੰ ਕਿਰਾਏ ਦੇ ਮਕਾਨ 'ਚ ਚਲੇ ਜਾਈਦਾ ! ਮੈਂ ਤਾਂ ਏਦਾਂ ਹੀ ਦਿਨ-ਕਟੀ ਕਰ ਰਿਹਾ ਹਾਂ । ਵਿਹਲ ਹੀ ਵਿਹਲ ਹੈ !'

ਇਹ ਸੁਣ ਕੇ ਕੁਝ ਲੋਕ ਹੱਸਣ ਲੱਗ ਪਏ । ਕੁਝ ਲੋਕ ਆਪਣੇ ਸਿਰ ਹਿਲਾਉਣ ਲੱਗ ਪਏ ਤੇ ਕੁਝ ਉਸਨੂੰ ਕੋਸਣ ਲੱਗ ਪਏ ।

ਇਕ ਮੁੱਛਾਂ ਵਾਲਾ ਆਦਮੀ ਜਿਸ ਨੇ Karagiozis Theatre (ਕਾਰਾਜਿਉਜ਼ਿਸ ਥੀਏਟਰ) Karagheus iK Karagoz ਦਾ ਅਰਥ ਹੈ 'ਕਾਲੀਆਂ ਅੱਖਾਂ ਵਾਲਾ' । ਪੁਤਲੀਆਂ ਦਿਆਂ ਪਰਛਾਵਿਆਂ ਵਾਲਾ ਤਮਾਸ਼ਾ ਅਰਬ, ਤੁਰਕੀ, ਸੀਰੀਆ ਤੇ ਉੱਤਰੀ ਅਫ਼ਰੀਕਾ ਦੇ ਕੌਫ਼ੀ ਹਾਊਸਾਂ 'ਚ ਅਕਸਰ ਹੀ ਦਿਖਾਇਆ ਜਾਂਦਾ ਸੀ । ਪੁਰਾਣੇ ਵਿਚਾਰਾਂ ਦੇ ਮੁਸਲਮਾਨ ਸਿਰਫ਼ ਅਜਿਹੇ ਡਰਾਮੇ ਹੀ ਦੇਖਦੇ ਸਨ । ਕਾਰਾਜਿਉਜ਼ਿਸ ਡਰਾਮਾ ਜਿਹੜਾ ਕਿ ਹਸਾਉਣ ਵਾਲਾ ਹੁੰਦਾ ਸੀ, ਉਸ ਦਾ ਮੁਕਾਬਲਾ Punch and Judy (ਪ੍ਰਾਚੀਨ ਸਮੇਂ 'ਚ ਦਿਖਾਇਆ ਜਾਣ ਵਾਲਾ ਹਰਮਨ ਪਿਆਰਾ ਪੁਤਲੀਆਂ ਦਾ ਤਮਾਸ਼ਾ) ਨਾਲ ਕੀਤਾ ਜਾ ਸਕਦਾ ਹੈ । ਅਜਿਹੇ ਛਾਇਆ ਨਾਟਕ ਕਰਨ ਦੇ ਗੁਰ ਇਸ ਥੀਏਟਰ ਵਾਲਿਆਂ ਨੇ ਜਾਵਾ ਦੇ ਲੋਕਾਂ ਕੋਲੋਂ ਸਿੱਖੇ ਸਨ, ਇਸ ਲਈ ਅਰਬ ਦੇ ਚੌਦ੍ਹਵੀਂ ਸਦੀ ਦੇ ਵਪਾਰੀਆਂ ਦਾ ਧੰਨਵਾਦ॥ ਤੋਂ ਕੁਝ ਦਾਰਸ਼ਨਿਕਤਾ ਸਿੱਖ ਲਈ ਸੀ, ਉਹ ਬੋਲਿਆ, 'ਇਹ ਸੰਸਾਰ ਜ਼ਿੰਦਗੀ ਭਰ ਦੀ ਜੇਲ੍ਹ ਹੈ । ਹਾਂ, ਜ਼ਿੰਦਗੀ ਭਰ ਦੀ ਜੇਲ੍ਹ, ਲਾਹਨਤ ਹੈ ਅਜਿਹੀ ਜ਼ਿੰਦਗੀ 'ਤੇ ।'

ਇਕ ਪੀਲੇ, ਨੀਲੇ ਤੇ ਹਰੇ ਰੰਗ ਦੀ ਭਾਅ ਮਾਰਦਾ ਚਾਨਣ ਕੌਫ਼ੀ ਹਾਊਸ ਦੀਆਂ ਬਾਰੀਆਂ ਦੇ ਅੰਦਰ ਲੰਘ ਕੇ ਲੋਕਾਂ ਦੇ ਹੱਥਾਂ, ਨੱਕਾਂ ਤੇ ਮੱਥਿਆਂ 'ਤੇ ਪੈਣ ਲੱਗਾ । ਕਾਊਂਟਰ 'ਤੇ ਪਈਆਂ ਬੋਤਲਾਂ ਉੱਪਰ ਵੀ ਇਹ ਚਾਨਣ ਪਿਆ । ਬਿਜਲੀ ਦੀ ਰੌਸ਼ਨੀ ਫਿੱਕੀ ਪੈ ਗਈ । ਕੌਫ਼ੀ ਹਾਊਸ ਦਾ ਮਾਲਕ ਜਿਹੜਾ ਕਿ ਹਾਲੀ ਰਾਤ ਬੀਤਣ ਤੋਂ ਬਾਅਦ ਉੱਠਿਆ ਹੀ ਸੀ ਤੇ ਸੁੱਤ ਉਨੀਂਦਾ ਸੀ, ਉਸ ਨੇ ਆਪਣਾ ਹੱਥ ਵਧਾ ਕੇ ਬੱਤੀ ਬੁਝਾ ਦਿੱਤੀ ।

ਇਕ ਪਲ ਵਾਸਤੇ ਚੁੱਪੀ ਛਾ ਗਈ । ਸਾਰੇ ਜਣੇ ਬਾਹਰ ਅਸਮਾਨ ਵੱਲ ਦੇਖਣ ਲੱਗ ਪਏ, ਜਿਹੜਾ ਮਟਮੈਲਾ ਜਿਹਾ ਜਾਪ ਰਿਹਾ ਸੀ । ਬਾਹਰ ਲਹਿਰਾਂ ਦਾ ਸ਼ੋਰ ਹੋ ਰਿਹਾ ਸੀ ਤੇ ਕੌਫ਼ੀ ਹਾਊਸ ਦੇ ਅੰਦਰ, ਕੁਝ ਹੁੱਕਿਆਂ ਤੋਂ ਗੁੜਗੁੜ ਦੀ ਆਵਾਜ਼ ਆ ਰਹੀ ਸੀ ।

ਇਕ ਬਜ਼ੁਰਗ ਯਾਤਰੀ ਨੇ ਹਉਕਾ ਲੈ ਕੇ ਕਿਹਾ, 'ਮੈਂ ਹੈਰਾਨ ਹਾਂ ਕਿ ਕੈਪਟਨ ਲੇਮਨੀ ਨਾਲ ਕੀ ਵਾਪਰਿਆ ਹੈ ? ਰੱਬ ਉਸ ਦੀ ਮਦਦ ਕਰੇ ।' ਉਹਨੇ ਗੁੱਸੇ ਨਾਲ ਸਮੁੰਦਰ ਵੱਲ ਦੇਖਿਆ ਤੇ ਉੱਚੀ ਸਾਰੀ ਬੋਲਿਆ, 'ਘਰਾਂ ਨੂੰ ਤਬਾਹ ਕਰਨ ਵਾਲਿਆ, ਤੇਰਾ ਸਤਿਆਨਾਸ ਹੋ ਜਾਏ ।' ਫੇਰ ਉਹ ਆਪਣੀਆਂ ਗ੍ਰੇਅ ਰੰਗ ਦੀਆਂ ਮੁੱਛਾਂ ਨੂੰ ਚਿੱਥਣ ਲੱਗਾ ।

ਮੈਂ ਇਕ ਨੁੱਕਰ ਵਿਚ ਬੈਠਾ ਹੋਇਆ ਸਾਂ । ਮੈਨੂੰ ਠੰਢ ਲੱਗ ਰਹੀ ਸੀ ਤੇ ਮੈਂ ਕਾਹੜੇ ਦੇ ਦੂਸਰੇ ਗਲਾਸ ਦਾ ਆਰਡਰ ਦੇ ਦਿੱਤਾ ਸੀ । ਮੈਂ ਸੌਣਾ ਚਾਹੁੰਦਾ ਸਾਂ, ਪਰ ਮੈਂ ਆਪਣੀ ਇਸ ਸੌਣ ਦੀ ਇੱਛਾ, ਥਕਾਵਟ ਦੂਰ ਕਰਨ ਦੀ ਇੱਛਾ ਅਤੇ ਸਵੇਰ ਹੋਣ ਦੇ ਸ਼ੁਰੂ ਦੇ ਸਮੇਂ ਦੀ ਬੇਰੌਣਕੀ ਦੇ ਵਿਰੁੱਧ ਜੱਦੋਜਹਿਦ ਕਰ ਰਿਹਾ ਸਾਂ । ਮੈਂ ਭਾਫ਼ ਨਾਲ ਭਰੀਆਂ ਹੋਈਆਂ ਬਾਰੀਆਂ ਰਾਹੀਂ ਸਜੱਗ ਹੋ ਰਹੀ ਬੰਦਰਗਾਹ ਵੱਲ ਦੇਖਿਆ, ਜੋ ਕਿ ਜਹਾਜ਼ਾਂ ਦੇ ਵਿਸਲਾਂ ਤੇ ਗੱਡੇ ਵਾਲਿਆਂ ਤੇ ਮਲਾਹਾਂ ਦੀਆਂ ਅਵਾਜ਼ਾਂ ਨਾਲ ਗੂੰਜ ਰਹੀ ਸੀ ਅਤੇ ਮੈਨੂੰ ਜਾਪਿਆ ਕਿ ਸਮੁੰਦਰ, ਹਵਾ ਤੇ ਮੇਰੀ ਵਿਦਾਇਗੀ ਦੇਇਕ ਨਾ ਦਿਸਣ ਵਾਲੇ ਜਾਲ ਨੇ ਆਪਣੇ ਫੰਦੇ ਮੇਰੇ ਦੁਆਲੇ ਕੱਸ ਕੇ ਲਪੇਟ ਦਿੱਤੇ ਹਨ ।

ਮੇਰੀਆਂ ਨਜ਼ਰਾਂ ਵੱਡੇ ਸਾਰੇ ਕਾਲੇ ਰੰਗ ਦੇ ਸਮੁੰਦਰੀ ਜਹਾਜ਼ ਦੇ ਅਗਲੇ ਹਿੱਸੇ ਵੱਲ ਲੱਗੀਆਂ ਹੋਈਆਂ ਸਨ । ਜਹਾਜ਼ ਦਾ ਸਾਰਾ ਢਾਂਚਾ ਹਾਲੀ ਹਨੇਰੇ ਵਿਚ ਡੁੱਬਿਆ ਹੋਇਆ ਸੀ । ਮੀਂਹ ਵਰ੍ਹ ਰਿਹਾ ਸੀ ਤੇ ਮੈਨੂੰ ਜਾਪ ਰਿਹਾ ਸੀ ਕਿ ਮੀਂਹ ਦੀਆਂ ਤੇਜ਼ ਕਣੀਆਂ ਅਸਮਾਨ ਤੇ ਧਰਤੀ ਨੂੰ ਆਪਸ 'ਚ ਮਿਲਾ ਰਹੀਆਂ ਸਨ ।

ਮੈਂ ਕਾਲੇ ਰੰਗ ਦੇ ਜਹਾਜ਼ ਵੱਲ, ਪਰਛਾਵਿਆਂ ਵੱਲ ਤੇ ਮੀਂਹ ਵੱਲ ਦੇਖਿਆ ਤੇ ਮੇਰੇ ਮਨ 'ਤੇ ਉਦਾਸੀ ਛਾਅ ਗਈ । ਮੇਰੇ ਅੰਦਰ ਕਈ ਯਾਦਾਂ ਤਾਜ਼ਾ ਹੋ ਗਈਆਂ । ਇਸ ਸਲ੍ਹਾਬੇ ਜਿਹੇ ਵਾਤਾਵਰਣ ਵਿਚ ਬਾਰਸ਼ ਅਤੇ ਢਹਿੰਦੀ ਕਲਾ ਮੇਰੇ 'ਤੇ ਭਾਰੂ ਹੋਣ ਲੱਗੀ ਤੇ ਇਸ ਦੇ ਨਾਲ ਹੀ ਮੇਰੇ ਇਕ ਵਧੀਆ ਦੋਸਤ ਦੇ ਨੈਣ ਨਕਸ਼ ਮੇਰੇ ਸਾਹਮਣੇ ਉਘੜਨ ਲੱਗੇ । ਕੀ ਇਹ ਗੱਲ ਪਿਛਲੇ ਸਾਲ ਦੀ ਸੀ ? ਕੀ ਕਿਸੇ ਹੋਰ ਜ਼ਿੰਦਗੀ 'ਚ ਵਾਪਰੀ ਕੋਈ ਘਟਨਾ ਸੀ ? ਕੀ ਇਹ ਕੱਲ੍ਹ ਦੀ ਗੱਲ ਸੀ ? ਉਹ ਕਿਹੜਾ ਸਮਾਂ ਸੀ, ਜਦੋਂ ਮੈਂ ਉਸ ਨੂੰ ਇਸੇ ਬੰਦਰਗਾਹ 'ਤੇ ਅਲਵਿਦਾ ਕਹਿਣ ਆਇਆ ਸਾਂ ? ਮੈਨੂੰ ਯਾਦ ਹੈ ਕਿ ਉਸ ਸਵੇਰ ਨੂੰ ਵੀ ਬਾਰਸ਼ ਹੋ ਰਹੀ ਸੀ, ਠੰਢ ਵੀ ਸੀ ਤੇ ਸਵੇਰ ਦੀ ਰੌਸ਼ਨੀ ਵੀ ਇਸੇ ਤਰ੍ਹਾਂ ਦੀ ਹੀ ਸੀ । ਉਸ ਸਮੇਂ ਵੀ ਮੇਰੇ ਮਨ 'ਤੇ ਇਕ ਬੋਝ ਸੀ ।

ਆਪਣੇ ਵਧੀਆ ਦੋਸਤਾਂ ਤੋਂ ਹੌਲੀ-ਹੌਲੀ ਵਿਛੜਨਾ ਕਿੰਨਾ ਔਖਾ ਤਜਰਬਾ ਹੈ ! ਇਸ ਤੋਂ ਕਿਤੇ ਚੰਗਾ ਹੈ ਕਿ ਇਨਸਾਨ ਇਕ ਪਾਸੇ ਹੋ ਕੇ ਆਪਣੇ ਕੁਦਰਤੀ ਮਾਹੌਲ 'ਚ, ਭਾਵ ਇੱਕਲਵਾਂਝੇ ਹੀ ਰਹੇ । ਅਤੇ ਫੇਰ ਵੀ, ਅਜਿਹੀ ਬਾਰਸ਼ ਵਾਲੀ ਸਵੇਰ ਨੂੰ ਮੈਂ ਆਪਣੇ ਦੋਸਤ ਨੂੰ ਵਿਦਾ ਨਹੀਂ ਸਾਂ ਕਰ ਸਕਿਆ । (ਮੈਨੂੰ ਇਸ ਦਾ ਕਾਰਨ ਬਾਅਦ 'ਚ ਸਮਝ ਆਇਆ ਸੀ, ਪਰ ਕਾਸ਼ ! ਉਦੋਂ ਬਹੁਤ ਦੇਰ ਹੋ ਚੁੱਕੀ ਸੀ) । ਮੈਂ ਉਸ ਦੇ ਨਾਲ ਜਹਾਜ਼ 'ਚ ਗਿਆ ਸੀ ਤੇ ਉਸ ਦੇ ਕੈਬਿਨ ਵਿਚ ਇਧਰ-ਉਧਰ ਖਿਲਰੇ ਹੋਏ ਸੂਟਕੇਸਾਂ ਦੇ ਦਰਮਿਆਨ ਬੈਠ ਗਿਆ ਸੀ । ਜਦੋਂ ਉਸ ਦਾ ਧਿਆਨ ਕਿਤੇ ਹੋਰ ਸੀ, ਮੈਂ ਉਸ ਦੇ ਨੈਣ ਨਕਸ਼ਾਂ ਨੂੰ, ਉਹਦੀਆਂ ਨੀਲੀਆਂ, ਹਰੀਆਂ ਚਮਕੀਲੀਆਂ ਅੱਖਾਂ ਨੂੰ, ਉਸ ਦੇ ਗੋਲ ਜੁਆਨ ਚਿਹਰੇ ਨੂੰ, ਉਸ ਦੇ ਜ਼ਹੀਨ ਤੇ ਹਕਾਰਤ ਭਰੇ ਭਾਵਾਂ ਨੂੰ ਤੇ ਇਸ ਸਭ ਤੋਂ ਪਹਿਲਾਂ, ਉਸ ਦੇ ਅਮੀਰ ਘਰਾਣੇ ਦੇ ਲੋਕਾਂ ਵਰਗੇ ਹੱਥਾਂ ਨੂੰ, ਜਿਨ੍ਹਾਂ ਦੀਆਂ ਉਂਗਲਾਂ ਲੰਬੀਆਂ ਤੇ ਨਾਜ਼ੁਕ ਹੁੰਦੀਆਂ ਹਨ, ਉਨ੍ਹਾਂ ਨੂੰ ਲੰਬਾ ਸਮਾਂ ਇਵੇਂ ਦੇਖਦਾ ਰਿਹਾ, ਜਿਵੇਂ ਮੈਂ ਉਨ੍ਹਾਂ ਨੂੰ ਆਪਣੇ ਮਨ-ਮਸਤਕ 'ਚ ਉਤਾਰ ਰਿਹਾ ਹੋਵਾਂ ।

ਇਕ ਵਾਰੀ ਉਸ ਨੇ ਮੈਨੂੰ ਉਸ ਵੱਲ ਕਾਫ਼ੀ ਸਮੇਂ ਤੋਂ ਅਤੇ ਉਤਸੁਕਤਾ ਨਾਲ ਦੇਖਦਿਆਂ ਹੋਇਆਂ ਦੇਖ ਵੀ ਲਿਆ ਸੀ । ਉਸ ਨੇ ਮੇਰੇ ਵੱਲ ਦੇਖ ਕੇ ਜੋ ਮਹਿਸੂਸ ਕੀਤਾ, ਉਹ ਉਸ ਦੀ ਖਿੱਲੀ ਉਡਾਉਂਦਿਆਂ ਹੋਇਆ ਮੁੜਿਆ, ਕਿਉਂ ਕਿ ਉਹ ਆਪਣੀਆਂ ਭਾਵਨਾਵਾਂ ਨੂੰ ਲੁਕਾਉਣਾ ਚਾਹੁੰਦਾ ਸੀ । ਉਸ ਨੇ ਮੇਰੇ ਵੱਲ ਦੇਖਿਆ ਤੇ ਮੇਰੀ ਭਾਵਨਾ ਨੂੰ ਸਮਝ ਲਿਆ । ਫੇਰ ਵਿਛੋੜੇ ਦੀ ਉਦਾਸੀ ਤੋਂ ਬਚਣ ਲਈ ਉਸ ਨੇ ਤਨਜ਼ੀ ਲਹਿਜ਼ੇ ਨਾਲ ਮੁਸਕਰਾ ਕੇ ਪੁੱਛਿਆ, 'ਕਿੰਨਾ ਕੁ ਚਿਰ ?'

'ਕਿੰਨਾ ਕੁ ਚਿਰ ਤੋਂ ਤੇਰਾ ਕੀ ਮਤਲਬ ਹੈ ?'

'ਤੂੰ ਕਿੰਨਾ ਕੁ ਚਿਰ ਕਾਗ਼ਜ਼ਾਂ 'ਤੇ ਘਸਾਈ ਕਰੀ ਜਾਏਂਗਾ ਤੇ ਆਪਣੇ ਆਪ ਨੂੰ ਸਿਆਹੀ ਨਾਲ ਲਬੇੜੀ ਰੱਖੇਂਗਾ ? ਤੂੰ ਮੇਰੇ ਨਾਲ ਕਿਉਂ ਨਹੀਂ ਆਉਂਦਾ ? ਦੂਰ ਕਾਕੇਸ਼ਜ਼ ਦੇ ਟਾਪੂ 'ਚ ਕਿਉਂ ਨਹੀਂ ਚੱਲਦਾ, ਜਿਥੇ ਕਿ ਸਾਡੇ ਹਜ਼ਾਰਾਂ ਲੋਕ ਖ਼ਤਰੇ 'ਚ ਹਨ । ਆ, ਉਨ੍ਹਾਂ ਨੂੰ ਬਚਾਈਏ ।' ਉਹ ਇੰਜ ਹੱਸਣ ਲੱਗਾ ਜਿਵੇਂ ਆਪਣੀ ਹੀ ਵਧੀਆ ਤਜਵੀਜ਼ ਦਾ ਮਖ਼ੌਲ ਉਡਾ ਰਿਹਾ ਹੋਵੇ । 'ਹੋ ਸਕਦਾ ਹੈ ਕਿ ਅਸੀਂ ਉਨ੍ਹਾਂ ਨੂੰ ਨਾ ਬਚਾਅ ਸਕੀਏ । ਕੀ ਤੂੰ ਇਸ ਤਰ੍ਹਾਂ ਦਾ ਪ੍ਰਚਾਰ ਨਹੀਂ ਕਰਦਾ ਹੁੰਦਾ : "ਆਪਣੇ ਆਪ ਨੂੰ ਬਚਾਉਣ ਦਾ ਇਕੋ ਇਕ ਤਰੀਕਾ ਹੈ ਕਿ ਦੂਜਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰੀਏ ।" ਠੀਕ ਹੈ ਮਾਸਟਰ, ਤੂੰ ਅੱਗੇ ਲੱਗ, ਤੂੰ ਵਧੀਆ ਪ੍ਰਚਾਰਕ ਹੈਂ । ਤੂੰ ਮੇਰੇ ਨਾਲ ਕਿਉਂ ਨਹੀਂ ਤੁਰਦਾ !'

ਮੈਂ ਕੋਈ ਜਵਾਬ ਨਾ ਦਿੱਤਾ । ਮੈਂ ਪੂਰਬ ਦੀ ਇਸ ਪਵਿੱਤਰ ਧਰਤੀ ਬਾਰੇ, ਜੋ ਕਿ ਸਭ ਦੇਵਤਿਆਂ ਦੀ ਬਜ਼ੁਰਗ ਮਾਂ ਹੈ ਅਤੇ Prometheus (ਯੂਨਾਨ ਦੇਸ਼ ਦਾ ਦੇਵਤਾ) ਦੀ ਹਾਲ ਦੁਹਾਈ ਬਾਰੇ ਸੋਚਣ ਲੱਗਾ, ਜਿਸ ਦੇ ਸਰੀਰ 'ਚ ਕਿੱਲ ਠੋਕ ਕੇ ਇਕ ਚਟਾਨ ਨਾਲ ਫ਼ਾਂਸੀ ਦਿੱਤੀ ਗਈ ਸੀ । ਸਾਡੀ ਆਪਣੀ ਨਸਲ ਵੀ, ਇਹੋ ਜਿਹੀਆਂ ਫ਼ਾਂਸੀਆਂ ਦਾ ਸ਼ਿਕਾਰ ਹੋ ਕੇ ਹਾਲ ਪਾਹਰਿਆ ਕਰ ਰਹੀ ਸੀ । ਇਹ ਫੇਰ ਖ਼ਤਰੇ ਵਿਚ ਸੀ ਅਤੇ ਆਪਣੇ ਪੁੱਤਰਾਂ ਨੂੰ ਸਹਾਇਤਾ ਕਰਨ ਲਈ ਪੁਕਾਰ ਰਹੀ ਸੀ । ਅਤੇ ਮੈਂ ਬੜੀ ਸਹਿਜ ਨਾਲ ਇਹ ਪੁਕਾਰ ਇੰਜ ਸੁਣ ਰਿਹਾ ਸਾਂ ਜਿਵੇਂ 'ਦਰਦ' ਸੁਪਨੇ ਦੀ ਨਿਆਈਂ ਹੋਵੇ ਤੇ ਜੀਵਨ ਇਕ ਰੋਚਕ ਦੁਖਾਂਤ ਹੋਵੇ, ਜਿਸ ਨੂੰ ਸਿਰਫ਼ ਇਕ ਜਾਂਗਲੀ ਜਾਂ ਮੂਰਖ ਆਦਮੀ ਹੀ ਸਟੇਜ 'ਤੇ ਆ ਕੇ ਪੇਸ਼ ਕਰ ਸਕਦਾ ਹੋਵੇ ।

ਮੇਰਾ ਦੋਸਤ ਮੇਰੇ ਜੁਆਬ ਦੀ ਉਡੀਕ ਕਰਨ ਤੋਂ ਬਿਨਾਂ ਹੀ ਉੱਠ ਪਿਆ । ਕਿਸ਼ਤੀ ਨੇ ਤੀਸਰੀ ਵਾਰੀ ਵਿਸਲ ਦੇ ਦਿੱਤੀ ਸੀ । ਉਸ ਨੇ ਮੇਰਾ ਹੱਥ ਫੜਿਆ ਤੇ ਆਪਣੀਆਂ ਭਾਵਨਾਵਾਂ ਦੁਬਾਰਾ ਮਜ਼ਾਕੀਆ ਲਹਿਜ਼ੇ ਵਿਚ ਲੁਕਾ ਲਈਆਂ ।

'ਅਲਵਿਦਾ, ਕਿਤਾਬੀ ਕੀੜੇ !'

ਉਸ ਦੀ ਆਵਾਜ਼ ਕੰਬਦੀ ਪਈ ਸੀ । ਉਹ ਜਾਣਦਾ ਸੀ ਕਿ ਆਪਣੀਆਂ ਭਾਵਨਾਵਾਂ ਨੂੰ ਕਾਬੂ 'ਚ ਨਾ ਰੱਖ ਸਕਣਾ ਇਕ ਸ਼ਰਮਨਾਕ ਗੱਲ ਸੀ । ਅੱਖਾਂ ਵਿਚਲੇ ਅੱਥਰੂ, ਮਿੱਠੇ ਬੋਲ, ਬੇਕਾਬੂ ਇਸ਼ਾਰੇ, ਗੂੜ੍ਹੀਆਂ ਦੋਸਤੀਆਂ, ਉਸ ਨੂੰ ਆਦਮੀ ਦੀਆਂ ਅਜਿਹੀਆਂ ਕਮਜ਼ੋਰੀਆਂ ਜਾਪਦੀਆਂ ਸਨ ਜੋ ਉਸ ਨੂੰ ਕਿਸੇ ਕੰਮ ਦੇ ਕਾਬਲ ਨਹੀਂ ਰਹਿਣ ਦਿੰਦੀਆਂ । ਅਸੀਂ ਦੋਵੇਂ ਜਿਹੜੇ ਕਿ ਇਕ ਦੂਜੇ ਨੂੰ ਏਨਾ ਚਾਹੁੰਦੇ ਸਾਂ, ਕਦੀ ਵੀ ਇਕ ਦੂਜੇ ਨੂੰ ਪਿਆਰ ਭਰੇ ਬੋਲ ਨਹੀਂ ਸਨ ਕਹੇ । ਅਸੀਂ ਇਕ ਦੂਜੇ ਨਾਲ ਜਾਨਵਰਾਂ ਵਾਂਗ ਖੇਡਦੇ ਸਾਂ ਤੇ ਇਕ ਦੂਜੇ ਨੂੰ ਨਹੁੰਦਰਾਂ ਮਾਰ-ਮਾਰ ਕੇ ਲੜਦੇ ਸਾਂ । ਉਹ ਸੂਝਵਾਨ, ਤਨਜ਼ੀਆ ਖ਼ਿਆਲ ਦਾ ਤੇ ਸਭਿਅਕ ਵਿਅਕਤੀ ਸੀ, ਪਰ ਮੈਂ ਇਕ ਉੱਜਡ ਕਿਸਮ ਦਾ ਆਦਮੀ ਸਾਂ । ਉਸ ਨੂੰ ਆਪਣੇ ਆਪ 'ਤੇ ਪੂਰਾ ਭਰੋਸਾ ਸੀ ਤੇ ਬੜੇ ਸੁਹਣੇ ਢੰਗ ਨਾਲ, ਮੁਸਕਰਾਉਂਦਿਆਂ ਹੋਇਆਂ ਆਪਣੀਆਂ ਭਾਵਨਾਵਾਂ ਬਿਆਨ ਕਰਦਾ ਸੀ । ਮੈਂ ਬੇਮੌਕਾ ਹੀ ਢੀਠਤਾ ਭਰਿਆ ਹਾਸਾ ਹੱਸਣ ਵਾਲਾ ਆਦਮੀ ਸਾਂ ।

ਮੈਂ ਵੀ ਆਪਣਿਆਂ ਜਜ਼ਬਾਤਾਂ ਨੂੰ ਕੋਈ ਕਠੋਰ ਸ਼ਬਦ ਬੋਲ ਕੇ ਲੁਕਾਉਣ ਦੀ ਕੋਸ਼ਿਸ਼ ਕੀਤੀ, ਪਰ ਮੈਨੂੰ ਸ਼ਰਮ ਮਹਿਸੂਸ ਹੋਈ । ਨਹੀਂ, ਅਸਲ 'ਚ ਮੈਨੂੰ ਸ਼ਰਮ ਨਹੀਂ, ਬਲਕਿ ਇਹ ਕੰਮ ਕਰਨਾ ਹੀ ਨਹੀਂ ਆਇਆ । ਮੈਂ ਉਸ ਦਾ ਹੱਥ ਫੜਿਆ । ਮੈਂ ਉਸ ਦੇ ਹੱਥ ਨੂੰ ਹੁਣ ਆਪਣੇ ਹੱਥ ਵਿਚੋਂ ਨਿਕਲਣ ਨਹੀਂ ਸੀ ਦੇ ਰਿਹਾ । ਉਹ ਮੇਰੇ ਵੱਲ ਹੈਰਾਨ ਹੋ ਕੇ ਦੇਖਣ ਲੱਗਾ ।

ਉਸ ਨੇ ਮੁਸਕਰਾਉਣ ਦੀ ਕੋਸ਼ਿਸ਼ ਕਰਦੇ ਹੋਇਆਂ ਕਿਹਾ, 'ਕੀ ਤੇਰੇ ਦਿਲ 'ਤੇ ਮੇਰੇ ਵਿਛੜਨ ਦਾ ਬਹੁਤ ਅਸਰ ਹੋਇਆ ਹੈ ?'

ਮੈਂ ਆਰਾਮ ਨਾਲ ਜਵਾਬ ਦਿੱਤਾ, 'ਹਾਂ ।'

'ਕਿਉਂ ? ਇਸ ਗੱਲ ਬਾਰੇ ਅਸੀਂ ਕੀ ਫ਼ੈਸਲਾ ਲਿਆ ਸੀ ? ਕੀ ਸਾਲ ਪਹਿਲਾਂ ਅਸੀਂ ਸਹਿਮਤ ਨਹੀਂ ਸਾਂ ਹੋਏ ? ਜਾਪਾਨ ਦੇ ਲੋਕ ਜੋ ਤੁਹਾਨੂੰ ਬਹੁਤ ਪਿਆਰੇ ਹਨ, ਉਹ 'ਚਦਰਤੀਜਅ' ਬਾਰੇ ਕੀ ਕਹਿੰਦੇ ਹਨ ? ਇਹ ਜਾਪਾਨੀ ਫੌਜੀਆਂ ਦੀ ਇਕ ਮਾਰਸ਼ਲ ਕਲਾ ਹੈ, ਜਿਸ 'ਚ ਮਨੁੱਖ ਦਾ ਚਿਹਰਾ ਉਲਿੰਪਸ ਪਰਬਤ ਵਾਂਗ ਸ਼ਾਂਤ ਚਿਤ, ਮੁਸਕਰਾਉਂਦਾ ਤੇ ਮਾਨਸਿਕ ਸਕੂਨ ਨਾਲ ਭਰਿਆ ਜਾਪਦਾ ਹੈ, ਪਰ ਅਸਲ 'ਚ ਅਜਿਹਾ ਚਿਹਰਾ, ਆਤਮ ਰੱਖਿਆ ਲਈ ਇਕ ਅਡੋਲ ਮੁਖੌਟਾ ਹੁੰਦਾ ਹੈ ਤੇ ਜਿਥੋਂ ਤਕ ਮੁਖੌਟੇ ਦੇ ਪਿਛਲੇ ਹਿੱਸੇ ਦੀਆਂ ਭਾਵਨਾਵਾਂ ਦਾ ਸਵਾਲ ਹੈ, ਉਹਨਾਂ ਬਾਰੇ ਸਾਨੂੰ ਆਪ ਨੂੰ ਹੀ ਪਤਾ ਹੁੰਦਾ ਹੈ ।'

ਉਸ ਦੇ ਇਸ ਲੰਬੇ, ਦਲੇਰੀ ਭਰੇ ਵਾਕ ਦੇ ਕਾਰਨ ਮੈਂ ਆਪਣੇ ਆਪ ਨਾਲ ਸਮਝੌਤਾ ਨਾ ਕਰਨ ਦੀ ਕੋਸ਼ਿਸ਼ ਵਿਚ ਦੁਬਾਰਾ ਜਵਾਬ ਦਿੱਤਾ, 'ਹਾਂ ।' ਮੈਨੂੰ ਯਕੀਨ ਨਹੀਂ ਸੀ ਕਿ ਮੈਂ ਆਪਣੀ ਆਵਾਜ਼ 'ਤੇ ਕਾਬੂ ਪਾ ਸਕਾਂਗਾ ।

ਜਹਾਜ਼ ਦੀ ਘੰਟੀ ਵੱਜਣ ਨਾਲ ਮੁਸਾਫ਼ਰ ਆਪਣੇ ਆਪਣੇ ਕੈਬਿਨਾਂ 'ਚੋਂ ਬਾਹਰ ਆਉਣ ਲੱਗੇ । ਹੁਣ ਬਾਰਸ਼ ਘੱਟ ਗਈ ਸੀ । ਉਥੋਂ ਦਾ ਮਾਹੌਲ ਵਿਦਾਈ ਦੇ ਭਾਵਾਤਮਕ ਸ਼ਬਦਾਂ ਨਾਲ, ਵਾਅਦਿਆਂ ਨਾਲ, ਲੰਬਿਆਂ ਚੁੰਮਣਾਂ ਨਾਲ ਅਤੇ ਕਾਹਲੀ ਨਾਲ, ਇਕ ਦੂਜੇ ਕੋਲੋਂ ਵਿਛੜਨ ਦੀ ਇਜਾਜ਼ਤ ਲੈਣ ਨਾਲ ਭਰਿਆ ਹੋਇਆ ਸੀ । ਮਾਵਾਂ-ਪੁੱਤਰਾਂ ਵੱਲ, ਔਰਤਾਂ ਪਤੀਆਂ ਵੱਲ ਤੇ ਦੋਸਤ ਆਪਣੇ ਦੋਸਤਾਂ ਵੱਲ ਭੱਜ ਰਹੇ ਸਨ, ਜਿਵੇਂ ਉਹ ਉਨ੍ਹਾਂ ਨੂੰ ਸਦਾ ਲਈ ਵਿਦਿਆ ਕਰ ਰਹੇ ਹੋਣ । ਇੰਜ ਲੱਗਦਾ ਸੀ, ਇਹ ਛੋਟਾ ਜਿਹਾ ਵਿਛੋੜਾ ਕਿਸੇ 'ਵੱਡੇ ਵਿਛੋੜੇ' ਨੂੰ ਯਾਦ ਕਰਵਾ ਰਿਹਾ ਹੋਵੇ ਅਤੇ ਅਚਾਨਕ ਹੀ ਜਹਾਜ਼ ਦੇ ਪਿਛਲੇ ਹਿੱਸੇ ਤੋਂ ਜਹਾਜ਼ ਦੀ ਘੰਟੀ ਦੀ ਆਵਾਜ਼, ਸਾਰੇ ਜਹਾਜ਼ 'ਚ ਹੌਲੀ-ਹੌਲੀ ਕਿਸੇ ਜਨਾਜ਼ੇ ਦੀ ਘੰਟੀ ਦੀ ਆਵਾਜ਼ ਵਾਂਗ ਗੂੰਜਣ ਲੱਗੀ । ਮੈਂ ਕੰਬ ਗਿਆ ।

ਮੇਰਾ ਦੋਸਤ ਮੇਰੇ ਨੇੜੇ ਆਇਆ ।

ਉਸ ਨੇ ਹੌਲੀ ਆਵਾਜ਼ 'ਚ ਕਿਹਾ, 'ਗੱਲ ਸੁਣ, ਕੀ ਤੇਰੇ ਨਾਲ ਕੋਈ ਅਪਸ਼ਗਨ ਹੋਇਆ ਹੈ ?'

ਮੈਂ ਇਕ ਵਾਰੀ ਹੋਰ ਜੁਆਬ ਦਿੱਤਾ, 'ਹਾਂ ।'

'ਕੀ ਤੂੰ ਅਜਿਹੀਆਂ ਵਾਹੀਆਤ ਗੱਲਾਂ 'ਚ ਯਕੀਨ ਕਰਦਾ ਹੈ ?'

'ਨਹੀਂ', ਮੈਂ ਪੂਰੇ ਯਕੀਨ ਨਾਲ ਜੁਆਬ ਦਿੱਤਾ ।

'ਚੰਗਾ, ਫੇਰ ?'

ਮੇਰੇ ਲਈ 'ਫੇਰ' ਦਾ ਕੋਈ ਮਤਲਬ ਨਹੀਂ ਸੀ । ਮੈਂ ਇਨ੍ਹਾਂ ਗੱਲਾਂ 'ਚ ਵਿਸ਼ਵਾਸ ਤਾਂ ਨਹੀਂ ਸਾਂ ਕਰਦਾ, ਪਰ ਮੈਂ ਡਰਦਾ ਸਾਂ ।

ਮੇਰੇ ਦੋਸਤ ਨੇ ਆਪਣੇ ਖੱਬੇ ਹੱਥ ਨਾਲ ਮੇਰੇ ਗੋਡੇ ਨੂੰ ਛੂਹਿਆ, ਜਜ਼ਬਾਤੀ ਹੋ ਕੇ ਉਹ ਅਜਿਹਾ ਕਰਨ ਦਾ ਆਦੀ ਸੀ । ਮੈਂ ਉਸ ਨੂੰ ਜਦੋਂ ਕੋਈ ਫ਼ੈਸਲਾ ਲੈਣ ਲਈ ਜ਼ੋਰ ਦਿੰਦਾ, ਉਹ ਸੁਣ ਕੇ ਇਸ ਦਾ ਵਿਰੋਧ ਕਰਦਾ, ਨਾਂਹ ਕਰ ਦਿੰਦਾ । ਪਰ ਅਖ਼ੀਰ 'ਚ ਉਹ ਮੇਰੀ ਗੱਲ ਨੂੰ ਮੰਨ ਲੈਂਦਾ ਤੇ ਗੋਡੇ ਹੱਥ ਲਾਉਂਦਾ, ਜਿਵੇਂ ਕਿ ਕਹਿੰਦਾ ਹੋਵੇ, 'ਠੀਕ ਹੈ, ਜੋ ਤੂੰ ਕਹਿੰਦਾ ਹੈ, ਮੈਂ ਉਹੋ ਹੀ ਕਰਾਂਗਾ, ਆਪਣੀ ਦੋਸਤੀ ਖ਼ਾਤਰ...।'

ਉਸ ਨੇ ਤਿੰਨ ਵਾਰੀ ਅੱਖਾਂ ਝਪਕੀਆਂ ਤੇ ਫੇਰ ਮੇਰੇ ਵੱਲ ਦੇਖ ਕੇ ਘੂਰਨ ਲੱਗਾ । ਉਸ ਨੂੰ ਪਤਾ ਸੀ ਕਿ ਮੈਂ ਉਦਾਸ ਸਾਂ ਤੇ ਆਪਣੇ ਆਮ ਵਰਤੋਂ ਵਾਲੇ ਹਥਿਆਰ ਵਰਤਣ ਤੋਂ, ਜਿਵੇਂ ਕਿ ਹਾਸਾ, ਮੁਸਕਰਾਹਟਾਂ ਤੇ ਮਸ਼ਕਰੀਆਂ ਕਰਨ ਤੋਂ ਝਿਜਕ ਰਿਹਾ ਸਾਂ ।

ਉਸ ਨੇ ਕਿਹਾ, 'ਠੀਕ ਹੈ, ਮੇਰੇ ਨਾਲ ਵਾਅਦਾ ਕਰੀ । ਜੇ ਸਾਡੇ 'ਚੋਂ ਕਦੀ ਵੀ ਕਿਸੇ ਨੂੰ ਮੌਤ ਤੋਂ ਖ਼ਤਰਾ ਮਹਿਸੂਸ ਹੋਏ...।'

ਉਹ ਸ਼ਰਮਿੰਦਾ ਜਿਹਾ ਹੋਇਆ ਚੁੱਪ ਕਰ ਗਿਆ । ਅਸੀਂ ਕਈ ਸਾਲ ਅਧਿਆਤਮਕ ਵਿਚਾਰਾਂ ਦਾ ਮਖ਼ੌਲ ਉਡਾਉਂਦੇ ਰਹੇ ਸਾਂ ਤੇ ਵੈਸ਼ਨੋ ਲੋਕਾਂ ਨੂੰ ਪ੍ਰੇਤ ਵਿਦਿਆ ਦੇ ਮਾਹਰਾਂ ਨੂੰ, ਬ੍ਰਹਮ ਗਿਆਨੀਆਂ ਨੂੰ ਤੇ ਅੰਮ੍ਰਿਤ ਰਸ ਵਗ਼ੈਰਾ ਨੂੰ ਕੁਝ ਵੀ ਨਹੀਂ ਸਾਂ ਸਮਝਦੇ ਰਹੇ...।

‘ਹਾਂ, ਅੱਗੇ ਬੋਲ ?’ ਮੈਂ ਅੰਦਾਜ਼ਾ ਲਾਉਂਦਿਆਂ ਉਸ ਨੂੰ ਪੁੱਛਿਆ ।

ਅਚਾਨਕ ਹੀ ਉਹ ਆਪਣੀ ਸ਼ੁਰੂ ਕੀਤੀ ਹੋਈ ਭਿਆਨਕ ਜਾਪਦੀ ਗੱਲ ਨੂੰ ਪਲਟਾਉਂਦਿਆਂ ਹੋਇਆਂ ਕਹਿਣ ਲੱਗਾ, ‘ਇਸ ਗੱਲ ਨੂੰ ਅਸੀਂ ਇਕ ਖੇਡ ਵਾਂਗ ਲਈਏ, ਜੇ ਸਾਡੇ ’ਚੋਂ ਕਿਸੇ ਨੂੰ ਵੀ ਮੌਤ ਦਾ ਖ਼ਤਰਾ ਮਹਿਸੂਸ ਹੋਵੇ, ਉਹ ਦੂਸਰੇ ਬਾਰੇ ਏਨੀ ਤੀਬਰਤਾ ਨਾਲ ਸੋਚੇ ਕਿ ਉਹ ਉਸ ਨੂੰ ਇਸ ਬਾਰੇ ਚਿਤਾਵਨੀ ਦੇ ਦੇਵੇ, ਭਾਵੇਂ ਕਿ ਉਹ ਜਿਹੜੀ ਜਗ੍ਹਾ ’ਤੇ ਮਰਜ਼ੀ ਹੋਵੇ...ਠੀਕ ਹੈ ?’ ਉਸ ਨੇ ਹੱਸਣ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਬੁੱਲ੍ਹ ਅਹਿਲ ਹੀ ਰਹੇ, ਜਿਵੇਂ ਕਿ ਉਥੇ ਹੀ ਜੁੜ ਗਏ ਹੋਣ ।

‘ਠੀਕ ਹੈ’, ਮੈਂ ਕਿਹਾ ।

ਇਸ ਡਰ ਨੂੰ ਮਹਿਸੂਸ ਕਰਦਿਆਂ ਹੋਇਆਂ ਕਿ ਉਸ ਨੇ ਆਪਣੇ ਭਾਵ ਬੜੀ ਸਪੱਸ਼ਟਤਾ ਨਾਲ ਪ੍ਰਗਟ ਕੀਤੇ ਹਨ, ਮੇਰੇ ਦੋਸਤ ਨੇ ਜਲਦੀ ਨਾਲ ਹੋਰ ਕਿਹਾ, ‘ਯਾਦ ਰੱਖੀਂ, ਮੇਰਾ ਟੈਲੀਪੈਥੀ ਵਿਚ ਜ਼ਰਾ ਜਿੰਨਾ ਯਕੀਨ ਵੀ ਨਹੀਂ ਹੈ ਤੇ ਅਜਿਹੀ ਹੋਰ ਕਿਸੇ ਚੀਜ਼ ’ਚ ਵੀ...।’

‘ਫ਼ਿਕਰ ਨਾ ਕਰ’, ਮੈਂ ਮੂੰਹ ’ਚ ਹੀ ਬੁੜਬੁੜਾਇਆ, ‘ਏਦਾਂ ਈ ਹੋਏਗਾ...।’

‘ਠੀਕ ਹੈ ਫਿਰ, ਇਸ ਗੱਲ ਨੂੰ ਇਥੇ ਹੀ ਮੁਕਾ ਦੇਈਏ । ਤੂੰ ਸਹਿਮਤ ਹੈ ਨਾ ?’

‘ਹਾਂ, ਮੈਂ ਸਹਿਮਤ ਹਾਂ ।’ ਮੈਂ ਜੁਆਬ ਦਿੱਤਾ ।

ਇਹ ਸਾਡੇ ਆਖ਼ਰੀ ਸ਼ਬਦ ਸਨ । ਅਸੀਂ ਚੁੱਪਚਾਪ ਇਕ-ਦੂਜੇ ਦੇ ਹੱਥ ਘੁੱਟੇ, ਸਾਡੀਆਂ ਉਂਗਲਾਂ ਗਰਮਜੋਸ਼ੀ ਨਾਲ ਮਿਲੀਆਂ ਅਤੇ ਅਚਾਨਕ ਹੀ ਉਹਨਾਂ ਦੀ ਪਕੜ ਢਿੱਲੀ ਪੈ ਗਈ । ਮੈਂ ਪਿੱਛੇ ਦੇਖਣ ਤੋਂ ਬਿਨਾ ਤੇਜ਼ੀ ਨਾਲ ਤੁਰਨ ਲੱਗਾ, ਜਿਵੇਂ ਕੋਈ ਮੇਰਾ ਪਿੱਛਾ ਕਰ ਰਿਹਾ ਹੋਵੇ । ਆਪਣੇ ਦੋਸਤ ਨੂੰ ਆਖ਼ਰੀ ਵਾਰ ਦੇਖਣ ਦੀ ਇੱਛਾ ਅਚਾਨਕ ਮੇਰੇ ਮਨ ’ਚ ਜਾਗੀ, ਪਰ ਮੈਂ ਇਸ ਨੂੰ ਰੋਕ ਲਿਆ । ਮੈਂ ਆਪਣੇ ਆਪ ਨੂੰ ਕਿਹਾ, ‘ਪਿੱਛੇ ਨਹੀਂ ਦੇਖਣਾ, ਅੱਗੇ ਚੱਲ ।’

ਮਨੁੱਖ ਦੀ ਰੂਹ, ਜੋ ਕਿ ਮਾਸ ਦੀ ਦਲਦਲ ਵਿਚ ਫਸੀ ਹੁੰਦੀ ਹੈ, ਉਹ ਭਾਰੀ ਤੇ ਬੇਡੋਲ ਹੁੰਦੀ ਹੈ । ਇਸ ਦੀ ਬੁੱਧੀ ਅੱਖੜ ਤੇ ਬੇਰਹਿਮ ਕਿਸਮ ਦੀ ਹੁੰਦੀ ਹੈ । ਇਹ ਕਿਸੇ ਚੀਜ਼ ਦਾ ਵੀ ਅਨੁਮਾਨ ਸਾਫ਼ ਸਾਫ਼ ਤੇ ਯਕੀਨ ਨਾਲ ਨਹੀਂ ਲਗਾ ਸਕਦੀ । ਜੇ ਇਹ ਇਸ ਤਰ੍ਹਾਂ ਦਾ ਅਨੁਮਾਨ ਲਗਾ ਸਕਦੀ ਹੁੰਦੀ ਤਾਂ ਸਾਡਾ ਇਹ ਵਿਛੋੜਾ ਕਿਸੇ ਹੋਰ ਢੰਗ ਨਾਲ ਹੋਣਾ ਸੀ ।

ਹੁਣ ਕੁਝ ਚਾਨਣ ਹੋ ਰਿਹਾ ਸੀ । ਦੋ ਪ੍ਰਭਾਤਾਂ ਦਾ ਆਪਸ ’ਚ ਮੇਲ ਹੋ ਰਿਹਾ ਸੀ ।

ਮੇਰੇ ਦੋਸਤ ਦਾ ਪਿਆਰਾ ਚਿਹਰਾ, ਜਿਹੜਾ ਕਿ ਮੈਨੂੰ ਹੁਣ ਹੋਰ ਸਪੱਸ਼ਟ ਨਜ਼ਰ ਆ ਰਿਹਾ ਸੀ, ਉਹ ਬਾਰਸ਼ ਤੇ ਬੰਦਰਗਾਹ ਦੇ ਮਾਹੌਲ ’ਚ ਸਥਿਰ ਤੇ ਨਿੰਮੋਝੂਣਾ ਜਿਹਾ ਜਾਪ ਰਿਹਾ ਸੀ । ਕੌਫ਼ੀ ਹਾਊਸ ਦਾ ਦਰਵਾਜ਼ਾ ਖੁੱਲ੍ਹਿਆ, ਸਮੁੰਦਰ ਦੇ ਪਾਣੀ ਦਾ ਸ਼ੋਰ ਹੋਇਆ ਤੇ ਇਕ ਹੱਟਾ ਕੱਟਾ ਆਦਮੀ, ਜਿਸ ਨੇ ਆਪਣੀਆਂ ਲੱਤਾਂ ਚੌੜੀਆਂ ਕੀਤੀਆਂ ਹੋਈਆਂ ਸਨ ਤੇ ਮੁੱਛਾਂ ਹੇਠਾਂ ਵੱਲ ਨੂੰ ਸਨ, ਉਹ ਅੰਦਰ ਦਾਖ਼ਲ ਹੋਇਆ । ਖੁਸ਼ੀ ਨਾਲ ਕਈ ਆਵਾਜ਼ਾਂ ਸੁਣਾਈ ਦਿੱਤੀਆਂ—

‘ਕੈਪਟਨ ਲੇਮਨੀ, ਆਓ ਤੁਹਾਡਾ ਸੁਆਗਤ ਹੈ ।’

ਮੈਂ ਆਪਣੇ ਆਪ ਨੂੰ ਆਪਣੀਆਂ ਸੋਚਾਂ ’ਤੇ ਦੁਬਾਰਾ ਕੇਂਦਰਿਤ ਕਰਨ ਦੀ ਕੋਸ਼ਿਸ਼ ਲਈ ਇਕ ਨੁੱਕਰ ’ਚ ਵਾਪਸ ਮੁੜ ਆਇਆ । ਪਰ ਮੇਰੇ ਮਿੱਤਰ ਦਾ ਚਿਹਰਾ ਤਾਂ ਪਹਿਲਾਂ ਹੀ ਬਾਰਸ਼ ’ਚ ਘੁਲ ਗਿਆ ਲੱਗਦਾ ਸੀ ।

ਹੁਣ ਹੋਰ ਚਾਨਣ ਹੋ ਗਿਆ ਸੀ । ਕੈਪਟਨ ਲੇਮਨੀ, ਜੋ ਕਿ ਸਾਦ-ਮੁਰਾਦਾ ਤੇ ਚੁੱਪ-ਗੜੁੱਪ ਜਿਹਾ ਸੀ, ਉਹ ਆਪਣੀ ਪੀਲੇ ਰੰਗ ਦੀ ਮਾਲਾ ਬਾਹਰ ਕੱਢ ਕੇ ਉਸ ਦੇ ਮਣਕੇ ਫੇਰਨ ਲੱਗ ਪਿਆ । ਮੈਂ ਉਸ ਪਹਿਲੇ ਦ੍ਰਿਸ਼ ਨੂੰ ਕਲਪਨਾ ਰਾਹੀਂ ਕੁਝ ਹੋਰ ਚਿਰ ਦੇਖਣ, ਸੁਣਨ ਦੀ ਕੋਸ਼ਿਸ਼ ਨਹੀਂ ਕੀਤੀ ਜੋ ਕਿ ਅਲੋਪ ਹੋ ਰਿਹਾ ਸੀ । ਕਾਸ਼ ! ਉਹ ਗੁੱਸੇ ਵਾਲਾ ਪਲ ਦੁਬਾਰਾ ਮੇਰੇ ਸਾਹਮਣੇ ਸਾਕਾਰ ਹੋ ਜਾਂਦਾ, ਜਿਸ ਨੇ ਮੇਰੇ ਅੰਦਰਲੇ ਮਨ ਨੂੰ ਝਟਕਾ ਦਿੱਤਾ ਸੀ, ਜਦੋਂ ਕਿ ਮੇਰੇ ਦੋਸਤ ਨੇ ਮੈਨੂੰ ‘ਕਿਤਾਬੀ ਕੀੜਾ’ ਕਿਹਾ ਸੀ । ਮੈਨੂੰ ਯਾਦ ਆਇਆ ਕਿ ਮੇਰੀ ਜ਼ਿੰਦਗੀ ਦੀ ਹੁਣ ਤਕ ਦੀ ਸਾਰੀ ਉਪਰਾਮਤਾ ਇਨ੍ਹਾਂ ਸ਼ਬਦਾਂ ਵਿਚ ਸਮਾਈ ਹੋਈ ਸੀ । ਮੈਂ ਹੈਰਾਨ ਹਾਂ ਕਿ ਮੈਂ, ਜੋ ਜ਼ਿੰਦਗੀ ਨੂੰ ਏਨੀ ਤੀਬਰਤਾ ਨਾਲ ਪਿਆਰ ਕਰਦਾ ਹਾਂ, ਏਨਾ ਸਮਾਂ ਕਿਵੇਂ, ਕਿਤਾਬਾਂ ਦੀਆਂ ਨਿਰਾਰਥਕ ਗੱਲਾਂ ਤੇ ਸਿਆਹੀ ਨਾਲ ਲਿੱਬੜੇ ਕਾਲੇ ਕਾਗ਼ਜ਼ਾਂ ’ਚ ਫਸਿਆ ਰਿਹਾ । ਉਸ ਵਿਛੋੜੇ ਵਾਲੇ ਦਿਨ ਮੇਰੇ ਦੋਸਤ ਨੇ ਮੈਨੂੰ ਆਪਣੇ ਆਪ ਨੂੰ ਚੰਗੀ ਤਰ੍ਹਾਂ ਪੜਚੋਲਣ ਲਈ ਮੇਰੀ ਮਦਦ ਕੀਤੀ ਸੀ । ਮੈਨੂੰ ਹੁਣ ਕੁਝ ਚੈਨ ਹੈ, ਕਿਉਂਕਿ ਹੁਣ ਮੈਨੂੰ ਆਪਣੇ ਦੁੱਖ ਦਾ ਪਤਾ ਹੈ, ਇਸ ਲਈ ਸ਼ਾਇਦ ਮੈਂ ਇਸ ’ਤੇ ਸੌਖਿਆਂ ਹੀ ਕਾਬੂ ਪਾ ਲਵਾਂ । ਇਹ ਹੁਣ ਕੋਈ ਆਕਾਰ ਰਹਿਤ ਅਤੇ ਹੱਥ ਨਾ ਆਉਣ ਵਾਲੀ ਚੀਜ਼ ਨਹੀਂ ਹੈ । ਇਸ ਦਾ ਹੁਣ ਇਕ ਨਾਮ ਹੈ, ਇਸ ਦੀ ਸ਼ਕਲ ਹੈ ਤੇ ਹੁਣ ਮੈਂ ਇਸ ਦਾ ਜ਼ਿਆਦਾ ਸੌਖੇ ਤਰੀਕੇ ਨਾਲ ਸਾਹਮਣਾ ਕਰ ਸਕਦਾ ਹਾਂ ।

ਉਸ ਦੇ ਹਾਵਾਂ-ਭਾਵਾਂ ਨੇ ਮੇਰੇ ਅੰਦਰ ਚੁੱਪ ਚੁਪੀਤਿਆਂ ਹੀ ਇਕ ਜੋਤ ਜਗਾ ਦਿੱਤੀ ਜਾਪਦੀ ਸੀ । ਮੈਨੂੰ ਆਪਣੇ ਕਾਗ਼ਜ਼ ਛੱਡਣ ਦਾ ਤੇ ਜ਼ਿੰਦਗੀ ’ਚ ਸਰਗਰਮ ਹੋਣ ਦਾ ਬਹਾਨਾ ਮਿਲ ਗਿਆ ਸੀ । ਮੈਂ ਇਸ ਕਮੀਨੇ ਆਦਮੀ ਵੱਲੋਂ ਆਪਣੇ ਉੱਪਰ ਲਾਏ ਦੋਸ਼ (ਕਿਤਾਬੀ ਕੀੜਾ) ਦਾ ਬੁਰਾ ਮਨਾਇਆ । ਹੁਣ ਇਕ ਮਹੀਨਾ ਪਹਿਲਾਂ, ਮੈਨੂੰ ਅਜਿਹਾ ਮੌਕਾ ਮਿਲਿਆ, ਜਿਸ ਤਰ੍ਹਾਂ ਦਾ ਮੈਂ ਚਾਹੁੰਦਾ ਸਾਂ। ਮੈਂ ਕਰੀਟ ਦੇ ਸਮੁੰਦਰੀ ਤੱਟ ’ਤੇ ਜਿਸਦਾ ਮੂੰਹ ਲਿਬੀਆ ਵੱਲ ਨੂੰ ਸੀ, ਇਕ ਪੱਥਰ ਦੇ ਕੱਚੇ ਕੋਲੇ ਦੀ ਅਣਵਰਤੀ ਖਾਣ ਕਿਰਾਏ ’ਤੇ ਲੈ ਲਈ । ਮੈਂ ਕਿਤਾਬੀ ਕੀੜਿਆਂ ਦੀ ਨਸਲ ਤੋਂ ਦੂਰ, ਸਾਧਾਰਨ ਆਦਮੀਆਂ, ਕਾਮਿਆਂ ਤੇ ਕਿਸਾਨਾਂ ਵਿਚ ਰਹਿਣ ਲਈ ਜਾ ਰਿਹਾ ਸਾਂ !

ਮੈਂ ਆਪਣੀ ਰਵਾਨਗੀ ਲਈ ਉਥੋਂ ਏਨੇ ਜੋਸ਼ ਨਾਲ ਤਿਆਰ ਹੋਇਆ, ਜਿਵੇਂ ਕਿ ਆਉਣ ਵਾਲੇ ਮੇਰੇ ਸਫ਼ਰ ਵਿਚ ਕੋਈ ਭੇਦ-ਭਰੀ ਮਹੱਤਵਪੂਰਨ ਗੱਲ ਲੁਕੀ ਹੋਈ ਹੋਵੇ । ਮੈਂ ਆਪਣੀ ਜ਼ਿੰਦਗੀ ਜਿਊਣ ਦਾ ਤਰੀਕਾ ਬਦਲ ਲੈਣ ਦਾ ਫ਼ੈਸਲਾ ਲੈ ਲਿਆ ਸੀ । ਮੈਂ ਆਪਣੇ ਆਪ ਨੂੰ ਕਿਹਾ, ‘ਹੁਣ ਤੱਕ ਤੂੰ ਜ਼ਿੰਦਗੀ ਨੂੰ ਸਿਰਫ਼ ਓਪਰੀ ਨਜ਼ਰੇ ਹੀ ਦੇਖਿਆ ਹੈ ਤੇ ਇਸ ਦੇ ਨਾਲ ਹੀ ਤੂੰ ਸਤੁੰਸ਼ਟ ਵੀ ਰਿਹਾ ਹੈ, ਹੁਣ ਮੈਂ ਤੈਨੂੰ ਇਸ ਦੀ ਅਸਲੀਅਤ ਦਿਖਾਵਾਂਗਾ ।’

ਅਖ਼ੀਰ ਮੈਂ ਤਿਆਰ ਹੋ ਹੀ ਗਿਆ । ਰਵਾਨਗੀ ਦੀ ਸ਼ਾਮ ਨੂੰ ਜਦੋਂ ਮੈਂ ਆਪਣੇ ਕਾਗ਼ਜ਼ਾਂ ਦੀ ਫੋਲਾ-ਫਾਲੀ ਕਰ ਰਿਹਾ ਸਾਂ ਤਾਂ ਮੈਨੂੰ ਮੇਰੀ ਇਕ ਅਧੂਰੀ ਹੱਥ ਲਿਖਤ ਲੱਭ ਪਈ। ਮੈਂ ਝੱਕਦਿਆਂ ਹੋਇਆਂ, ਇਸ ਨੂੰ ਫੜ ਕੇ ਪੜ੍ਹਨ ਲੱਗ ਪਿਆ । ਮੇਰੇ ਦਿਲ ਦੀਆਂ ਡੂੰਘਾਈਆਂ ਵਿਚ ਦੋ ਸਾਲਾਂ ਤੋਂ, ਮੇਰੇ ਅੰਦਰ ਇਕ ਨੇਕ ਕੰਮ ਕਰਨ ਦਾ ਅਣ-ਵਿਕਸਿਤ ਬੀਜ ਪੁੰਗਰ ਰਿਹਾ ਸੀ । ਮੈਂ ਮਹਿਸੂਸ ਕਰਦਾ ਸਾਂ ਕਿ ਇਹ ਮੇਰੀਆਂ ਆਂਦਰਾਂ ਵਿਚ ਪਲ ਰਿਹਾ ਹੈ ਤੇ ਪੱਕ ਰਿਹਾ ਹੈ । ਇਹ ਵੱਡਾ ਹੋ ਰਿਹਾ ਸੀ, ਹਿਲਜੁਲ ਰਿਹਾ ਸੀ ਤੇ ਮੇਰੇ ਸਰੀਰ ’ਚੋਂ ਬਾਹਰ ਆਉਣ ਲਈ ਉਸ ਨੇ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਸਨ । ਮੇਰੇ ’ਚ ਹੁਣ ਇਸ ਹੱਥ ਲਿਖਤ ਨੂੰ ਤਬਾਹ ਕਰਨ ਦਾ ਹੌਂਸਲਾ ਨਹੀਂ ਸੀ । ਮੈਂ ਇੰਝ ਨਹੀਂ

ਸੀ ਕਰ ਸਕਦਾ। ਇਹੋ ਜਿਹੀ ਪਵਿੱਤਰ ਲਿਖਤ ਨੂੰ ਨਸ਼ਟ ਕਰਨ ਲਈ ਹੁਣ ਬਹੁਤ ਦੇਰ ਹੋ ਚੁੱਕੀ ਸੀ ।

ਅਚਾਨਕ ਹੀ, ਮੈਂ ਜਦੋਂ ਉਸ ਹੱਥ ਲਿਖਤ ਨੂੰ ਫੜਿਆ ਤਾਂ ਮੇਰੇ ਸਾਹਮਣੇ ਹਵਾ ਵਿਚ ਮੇਰੇ ਦੋਸਤ ਦਾ ਚਿਹਰਾ ਮੁਸਕਰਾ ਰਿਹਾ ਦਿਸਿਆ । ਇਸ ਮੁਸਕਰਾਹਟ ਵਿਚ ਵਿਅੰਗ ਤੇ ਕੋਮਲਤਾ ਸੀ । 'ਮੈਂ ਇਹ ਕੰਮ ਕਰਾਂਗਾ ਹੀ !' ਮੈਂ ਕਿਹਾ, ਮੈਨੂੰ ਉਸ ਦੀਆਂ ਗੱਲਾਂ ਨੇ ਇਹ ਕੰਮ ਕਰਨ ਲਈ ਉਕਸਾਅ ਦਿੱਤਾ ਸੀ । 'ਮੈਂ ਇਹ ਕਰਨਾ ਹੀ ਹੈ । ਤੈਨੂੰ ਮੁਸਕਰਾਉਣ ਦੀ ਕੋਈ ਜ਼ਰੂਰਤ ਨਹੀਂ !' ਮੈਂ ਇਸ ਨੂੰ ਬੜੇ ਧਿਆਨ ਨਾਲ ਇੰਝ ਲਪੇਟਿਆ ਜਿਵੇਂ ਕਿਸੇ ਬੱਚੇ ਨੂੰ ਲਪੇਟੀਦਾ ਹੈ ਤੇ ਇਸ ਨੂੰ ਆਪਣੇ ਨਾਲ ਲੈ ਲਿਆ ।

ਮੈਂ ਕੈਪਟਨ ਲੇਮਨੀ ਦੀ ਡੂੰਘੀ ਤੇ ਭਾਰੀ ਆਵਾਜ਼ ਸੁਣੀ । ਮੈਂ ਆਪਣੇ ਕੰਨ ਖੜ੍ਹੇ ਕਰ ਲਏ । ਉਹ ਪਾਣੀ ਵਿਚਲੀਆਂ ਰੂਹਾਂ ਦੀਆਂ ਗੱਲਾਂ ਕਰ ਰਿਹਾ ਸੀ, ਜਿਹੜੀਆਂ ਕਿ ਤੂਫ਼ਾਨ ਦੇ ਦੌਰਾਨ ਉਸ ਦੀ ਕਿਸ਼ਤੀ ਦੇ ਬਾਦਬਾਨਾਂ ਦੇ ਖੰਭਿਆਂ ਉੱਪਰ ਚੜ੍ਹ ਗਈਆਂ ਸਨ ਤੇ ਉਨ੍ਹਾਂ ਨਾਲ ਲਪਕ ਗਈਆਂ ਸਨ ।

ਉਸ ਨੇ ਕਿਹਾ, 'ਉਹ ਬੜੀਆਂ ਨਰਮ ਤੇ ਚਿਪਚਿਪੀਆਂ ਹੁੰਦੀਆਂ ਹਨ । ਜਦੋਂ ਤੁਸੀਂ ਉਹ ਬਹੁਤ ਸਾਰੀਆਂ ਹੱਥਾਂ ਵਿਚ ਫੜ ਲੈਂਦੇ ਹੋ ਤਾਂ ਹੱਥਾਂ ਵਿਚੋਂ ਅੱਗ ਨਿਕਲਦੀ ਜਾਪਦੀ ਹੈ । ਜਦੋਂ ਮੈਂ ਆਪਣੇ ਹੱਥ ਮੁੱਛਾਂ 'ਤੇ ਫੇਰੇ ਤਾਂ ਹਨੇਰੇ ਵਿਚ ਮੈਨੂੰ ਇੰਜ ਮਹਿਸੂਸ ਹੋਇਆ ਕਿ ਜਿਵੇਂ ਮੈਂ ਵੀ ਇਕ ਚਮਕਦੀ ਹੋਈ ਰੂਹ ਹੀ ਹੋਵਾਂ । ਫੇਰ ਸਮੁੰਦਰ ਦਾ ਪਾਣੀ ਮੇਰੀ ਕਿਸ਼ਤੀ 'ਚ ਆ ਗਿਆ ਤੇ ਕੋਲਿਆਂ ਨਾਲ ਲੱਦੀ ਹੋਈ ਇਹ ਕਿਸ਼ਤੀ ਪਾਣੀ ਨਾਲ ਗੜੁੱਚ ਹੋ ਗਈ । ਕਿਸ਼ਤੀ ਨੇ ਡੋਲਣਾ ਸ਼ੁਰੂ ਕਰ ਦਿੱਤਾ, ਪਰ ਉਸ ਵੇਲੇ ਰੱਬ ਨੇ ਸਭ ਕੁਝ ਆਪਣੇ ਹੱਥਾਂ 'ਚ ਲੈ ਲਿਆ । ਅਸਮਾਨ ਤੋਂ ਉਸ ਨੇ ਬਿਜਲੀ ਡੇਗੀ । ਕਿਸ਼ਤੀ ਦੇ ਡੈੱਕ ਵਿਚਲੇ ਮੋਘੇ ਇਕਦਮ ਖੁੱਲ੍ਹ ਗਏ ਤੇ ਸਮੁੰਦਰ ਕੋਲੇ ਨਾਲ ਭਰ ਗਿਆ । ਕਿਸ਼ਤੀ ਦਾ ਭਾਰ ਹਲਕਾ ਹੋ ਗਿਆ । ਕਿਸ਼ਤੀ ਠੀਕ ਦਿਸ਼ਾ ਵਿਚ ਚੱਲਣ ਲੱਗ ਪਈ ਤੇ ਅਸੀਂ ਸਾਰੇ ਬਚ ਗਏ । ਬੱਸ ਹੋਰ ਕੁਝ ਨਹੀਂ ਹੋਇਆ ।'

ਆਪਣੀ ਜੇਬ 'ਚੋਂ ਮੈਂ ਦਾਂਤੇ (ਯੂਨਾਨ ਦਾ ਪ੍ਰਸਿੱਧ ਕਵੀ) ਦੀ ਛੋਟੀ ਜਿਹੀ ਕਿਤਾਬ ਕੱਢ ਲਈ ਜੋ ਕਿ ਸਫ਼ਰ 'ਚ ਮੇਰੀ ਦੋਸਤ ਸੀ । ਮੈਂ ਆਪਣੀ ਸਿਗਰਟ ਤੇ ਬੜੇ ਆਰਾਮ ਨਾਲ ਕੰਧ ਨਾਲ ਲੱਗ ਕੇ ਖਲੋ ਗਿਆ, ਇਕ ਪਲ ਲਈ ਮੈਂ ਹਿਚਕਾਇਆ । ਮੈਂ ਕਿਹੜੀਆਂ ਕਵਿਤਾਵਾਂ ਨੂੰ ਖੁੱਭ ਕੇ ਪੜ੍ਹਾਂ ? ਕੀ ਮੈਂ Inferno (ਦਾਂਤੇ ਦੀ Divine Comedy ਜੋ ਕਿ ਲੰਬੀ ਕਵਿਤਾ ਹੈ, ਉਸ ਦਾ ਪਹਿਲਾ ਭਾਗ) ਜਿਸ 'ਚ ਕਿ ਉਤਸ਼ਾਹ ਵਾਲੀਆਂ ਕਵਿਤਾਵਾਂ ਹਨ, ਉਹ ਪੜ੍ਹਾਂ ਜਾਂ ਫਿਰ Purgatory (Divine Comedy ਦਾ ਦੂਜਾ ਭਾਗ) ਜਿਸ 'ਚ ਆਤਮ-ਸ਼ੁਧੀ ਦੀਆਂ ਕਵਿਤਾਵਾਂ ਹਨ, ਉਹ ਪੜ੍ਹਾਂ ? ਜਾਂ ਫਿਰ ਮੈਂ ਸਿੱਧਾ ਮਨੁੱਖੀ ਬੁਲੰਦੀ ਛੂਹਣ ਵਾਲੀਆਂ ਕਵਿਤਾਵਾਂ ਪੜ੍ਹਨੀਆਂ ਸ਼ੁਰੂ ਕਰਾਂ ? ਮੈਂ ਕੁਝ ਵੀ ਚੁਣ ਸਕਦਾ ਸੀ । ਦਾਂਤੇ ਦੀ ਜੇਬੀ ਪੁਸਤਕ ਆਪਣੇ ਹੱਥ 'ਚ ਫੜੀ, ਮੈਂ ਬੜੀ ਆਜ਼ਾਦੀ ਨਾਲ ਖੜ੍ਹਾ ਖੁਸ਼ੀ ਮਹਿਸੂਸ ਕਰ ਰਿਹਾ ਸੀ । ਜਿਹੜੀਆਂ ਕਵਿਤਾਵਾਂ ਹੁਣ ਮੈਂ ਏਨੀ ਸਵੇਰੇ ਪੜ੍ਹਨ ਲਈ ਚੁਣਨੀਆਂ ਸਨ, ਉਨ੍ਹਾਂ ਦਾ ਅਸਰ ਮੇਰੇ ਸਾਰੇ ਦਿਨ 'ਤੇ ਪੈਣਾ ਸੀ ।

ਮੈਂ ਇਸ ਜ਼ੋਰਦਾਰ ਵਿਚਾਰ 'ਤੇ ਫ਼ੈਸਲਾ ਕਰਨ ਲਈ ਸਿਰ ਝੁਕਾ ਕੇ ਸੋਚ ਰਿਹਾ ਸੀ ਪਰ ਮੇਰੇ ਕੋਲ ਸਮਾਂ ਹੀ ਨਹੀਂ ਸੀ । ਅਚਾਨਕ ਪ੍ਰੇਸ਼ਾਨ ਹੋਏ ਨੇ, ਮੈਂ ਆਪਣਾ ਸਿਰ ਉਤਾਂਹ ਕੀਤਾ । ਮੈਂ ਮਹਿਸੂਸ ਕੀਤਾ, ਜਿਵੇਂ ਦੋ ਅੱਖਾਂ ਮੇਰੀ ਖੋਪੜੀ ਦੇ ਉੱਪਰਲੇ ਹਿੱਸੇ ਨੂੰ ਏਨੀ ਤੇਜ਼ ਨਜ਼ਰ ਨਾਲ ਦੇਖ ਰਹੀਆਂ ਹੋਣ, ਜਿਵੇਂ ਕਿ ਉਹ ਇਸ 'ਚ ਛੇਕ ਕਰ ਰਹੀਆਂ ਹੋਣ । ਮੈਂ ਜਲਦੀ ਨਾਲ ਆਪਣੇ ਪਿੱਛੇ ਸ਼ੀਸ਼ੇ ਦੇ ਦਰਵਾਜ਼ੇ ਵੱਲ ਦੇਖਿਆ । ਮੇਰੇ ਦਿਮਾਗ਼ 'ਚ ਇਕ ਸ਼ੁਦਾਈਆਂ ਵਰਗੀ ਉਮੀਦ ਨੇ ਜਨਮ ਲਿਆ । 'ਮੈਂ ਸ਼ਾਇਦ ਫੇਰ ਆਪਣੇ ਦੋਸਤ ਨੂੰ ਮਿਲ ਰਿਹਾ ਹਾਂ ।' ਮੈਂ ਇਸ ਕੌਤਕ ਲਈ ਤਿਆਰ ਸਾਂ, ਪਰ ਇਹ ਕੌਤਕ ਵਾਪਰਿਆ ਨਹੀਂ । ਇਕ ਅਜਨਬੀ, ਜਿਸ ਦੀ ਉਮਰ ਤਕਰੀਬਨ ਸੱਠ ਸਾਲ ਦੀ ਸੀ, ਕਾਫ਼ੀ ਲੰਬਾ ਤੇ ਪਤਲਾ ਸੀ ਤੇ ਜਿਸ ਦੀਆਂ ਅੱਖਾਂ ਮੈਨੂੰ ਘੂਰ ਕੇ ਦੇਖ ਰਹੀਆਂ ਸਨ, ਉਹ ਬਾਰੀ ਦੇ ਨਾਲ ਆਪਣਾ ਨੱਕ ਲਗਾ ਕੇ ਖਲੋਤਾ ਹੋਇਆ ਸੀ ਅਤੇ ਮੇਰੇ ਵੱਲ ਦੇਖ ਰਿਹਾ ਸੀ । ਉਸ ਨੇ ਆਪਣੀ ਬਾਂਹ ਦੇ ਥੱਲੇ ਇਕ ਚਪਟਾ ਜਿਹਾ ਬੰਡਲ ਫੜਿਆ ਹੋਇਆ ਸੀ ।

ਸਭ ਤੋਂ ਜ਼ਿਆਦਾ ਉਸ ਦੀ ਜਿਸ ਗੱਲ ਨੇ ਮੇਰੇ 'ਤੇ ਅਸਰ ਕੀਤਾ, ਉਹ ਸੀ ਉਸ ਦੀ ਬੇਚੈਨ ਤੱਕਣੀ, ਜੋ ਕਿ ਵਿਅੰਗਾਤਮਕ ਸੀ ਤੇ ਉਸ ਦੀਆਂ ਅੱਖਾਂ ਅੱਗ ਦੀ ਲਾਟ ਵਾਂਗ ਚਮਕ ਰਹੀਆਂ ਸਨ। ਹਰ ਹਾਲਤ 'ਚ ਉਹ ਅੱਖਾਂ ਮੈਨੂੰ ਏਦਾਂ ਹੀ ਜਾਪੀਆਂ ਸਨ ।

ਜਿਉਂ ਹੀ ਸਾਡੀਆਂ ਨਜ਼ਰਾਂ ਮਿਲੀਆਂ, ਉਹ ਯਕੀਨ ਕਰਨ ਦਾ ਯਤਨ ਕਰ ਰਿਹਾ ਸੀ ਕਿ ਮੈਂ ਹੀ ਉਹ ਆਦਮੀ ਸਾਂ, ਜਿਸ ਦੀ ਉਸ ਨੂੰ ਸੱਚਮੁੱਚ ਤਲਾਸ਼ ਸੀ । ਅਜਨਬੀ ਨੇ ਦ੍ਰਿੜ੍ਹਤਾ ਨਾਲ ਆਪਣੀ ਬਾਂਹ ਦੇ ਜ਼ੋਰ ਨਾਲ ਦਰਵਾਜ਼ਾ ਖੋਲ੍ਹਿਆ । ਉਹ ਉਥੇ ਪਏ ਹੋਏ ਮੇਜ਼ਾਂ ਦੇ ਵਿਚੋਂ ਦੀ ਲੰਘ ਕੇ, ਤੇਜ਼ ਤੇ ਤਿਲਕਵੇਂ ਪੈਰੀਂ ਮੇਰੇ ਕੋਲ ਪਹੁੰਚਾ ਤੇ ਮੇਰੇ ਸਾਹਮਣੇ ਖਲੋ ਗਿਆ ।

ਉਸ ਨੇ ਪੁੱਛਿਆ, 'ਸਫ਼ਰ 'ਤੇ ਜਾ ਰਹੇ ਹੋ ? ਕਿਹੜੇ ਪਾਸੇ ? ਪੈਸਾ ਕਮਾਉਣ ਲਈ ਜਾ ਰਹੇ ਹੋ ?'

'ਮੈਂ ਕਰੀਟ ਜਾ ਰਿਹਾ ਹਾਂ । ਤੂੰ ਕਿਉਂ ਪੁੱਛ ਰਿਹਾ ਹੈ ?'

'ਮੈਨੂੰ ਆਪਣੇ ਨਾਲ ਲੈ ਜਾਉਗੇ ?'

ਮੈਂ ਉਸ ਵੱਲ ਧਿਆਨ ਨਾਲ ਦੇਖਿਆ । ਉਸ ਦੀਆਂ ਗੱਲ੍ਹਾਂ ਪੋਲੀਆਂ ਸਨ, ਜਬਾੜਾ ਮਜ਼ਬੂਤ ਸੀ, ਗੱਲ੍ਹਾਂ ਦੀਆਂ ਹੱਡੀਆਂ ਉੱਭਰੀਆਂ ਹੋਈਆਂ ਸਨ, ਗ੍ਰੇਅ ਰੰਗ ਦੇ ਕੁੰਡਲਾਂ ਵਾਲੇ ਵਾਲ ਸਨ ਤੇ ਚਮਕੀਲੀਆਂ ਤੇਜ਼ ਅੱਖਾਂ ਸਨ ।

'ਕਿਉਂ ? ਮੈਂ ਤੈਨੂੰ ਆਪਣੇ ਨਾਲ ਕਿਉਂ ਖੜਾਂ ?'

ਉਸ ਨੇ ਲਾਪ੍ਰਵਾਹੀ ਨਾਲ ਆਪਣੇ ਮੋਢੇ ਸੁੰਗੇੜੇ ।

ਉਹ ਨਫ਼ਰਤ ਭਰੇ ਲਹਿਜ਼ੇ ਨਾਲ ਕਹਿਣ ਲੱਗਾ, 'ਕਿਉਂ ! ਕਿਉਂ ! ਕੀ ਕੋਈ ਆਦਮੀ "ਕਿਉਂ" ਤੋਂ ਬਿਨਾਂ ਕੋਈ ਕੰਮ ਨਹੀਂ ਕਰ ਸਕਦਾ ? ਸਿਰਫ਼ ਇਸ ਲਈ ਕਿ ਉਹ ਇਸ ਨੂੰ ਕਰਨਾ ਚਾਹੁੰਦਾ ਹੈ ? ਠੀਕ ਹੈ, ਮੈਂ ਤੁਹਾਡੇ ਲਈ ਬਾਵਰਚੀ ਦਾ ਕੰਮ ਕਰ ਸਕਦਾ ਹਾਂ । ਮੈਂ ਤੁਹਾਡੇ ਲਈ ਇਹੋ ਜਿਹੇ ਸੂਪ ਬਣਾ ਸਕਦਾ ਹਾਂ, ਜਿਨ੍ਹਾਂ ਬਾਰੇ ਤੁਸੀਂ ਕਦੀ ਨਾ ਸੁਣਿਆ ਹੋਏਗਾ ਤੇ ਨਾ ਹੀ ਸੋਚਿਆ...।'

ਮੈਂ ਹੱਸਣ ਲੱਗ ਪਿਆ । ਉਸ ਦੇ ਰੁੱਖੇ ਵਤੀਰੇ ਤੇ ਚੁਭਵੇਂ ਸ਼ਬਦਾਂ ਨਾਲ ਮੈਂ ਖੁਸ਼ ਹੋ ਗਿਆ। ਮੈਨੂੰ ਸੂਪ ਵੀ ਪਸੰਦ ਸਨ । ਮੈਂ ਸੋਚਿਆ ਕਿ ਅਜਿਹੇ ਖੁੱਲ੍ਹੇ-ਡੁੱਲ੍ਹੇ ਸੁਭਾਅ ਵਾਲੇ ਆਦਮੀ ਨੂੰ ਏਨੀ ਦੂਰ, ਇਕਾਂਤ 'ਚ ਸਮੁੰਦਰੀ ਕੰਢੇ 'ਤੇ ਨਾਲ ਲੈ ਕੇ ਜਾਣਾ ਕੋਈ ਮਾੜੀ ਗੱਲ ਨਹੀਂ । ਸੂਪ ਤੇ ਕਹਾਣੀਆਂ...। ਉਸ ਨੇ ਏਦਾਂ ਦੇਖਿਆ ਜਿਵੇਂ ਉਸ ਨੇ ਇਕ ਸ਼ੋਰ-ਸ਼ਰਾਬੇ ਵਾਲੇ ਸੰਸਾਰ ਦਾ ਦਰਵਾਜ਼ਾ ਮੇਰੇ ਸਾਹਮਣੇ ਖੋਲ੍ਹ ਦਿੱਤਾ ਹੋਵੇ, ਜਿਵੇਂ ਕਿ ਉਹ ਸਿੰਦਬਾਦ, ਸਮੁੰਦਰੀ ਯਾਤਰੀ ਦਾ ਸੰਸਾਰ ਹੋਵੇ...। ਮੈਨੂੰ ਉਹ ਚੰਗਾ ਲੱਗਾ ।

ਉਸ ਨੇ ਮੈਨੂੰ ਕਿਸੇ ਚੰਗੇ ਜਾਣਕਾਰ ਵਾਂਗ, ਆਪਣਾ ਵੱਡਾ ਸਾਰਾ ਸਿਰ ਹਿਲਾਉਂਦਿਆਂ ਪੁੱਛਿਆ, 'ਤੁਸੀਂ ਕੀ ਸੋਚ ਰਹੇ ਹੋ ? ਤੁਹਾਡੇ ਦਿਮਾਗ ਅੰਦਰ ਵੀ ਇਕ ਤੱਕੜੀ ਹੈ, ਹੈ ਨਾ ? ਤੁਸੀਂ ਉਸ ਨਾਲ ਹਰ ਛੋਟੀ ਤੋਂ ਛੋਟੀ ਗੱਲ ਨੂੰ ਤੋਲ ਕੇ ਦੇਖਦੇ ਹੋ ਨਾ ? ਦੋਸਤ, ਚੱਲੋ ਛੱਡੋ, ਇਹ ਸਭ ਕੁਝ, ਆਪਣਾ ਮਨ ਬਣਾਓ ਤੇ ਫ਼ੈਸਲਾ ਲਉ ।'

ਇਹ ਪਤਲਾ, ਬੁਝੜ ਜਿਹਾ ਬੰਦਾ ਮੇਰੇ ਸਾਹਮਣੇ ਖੜ੍ਹਾ ਸੀ । ਉਸ ਨੇ ਮੈਨੂੰ ਆਪਣੇ ਨਾਲ ਗੱਲ ਕਰਨ ਲਈ ਮਜਬੂਰ ਕਰ ਦਿੱਤਾ । ਮੈਂ ਆਪਣੀ ਦਾਂਤੇ ਵਾਲੀ ਕਿਤਾਬ ਬੰਦ ਕਰ ਦਿੱਤੀ । ਮੈਂ ਉਸ ਨੂੰ ਕਿਹਾ, 'ਇਥੇ ਬੈਠ ਜਾ । ਕੀ ਕਾਹੜੇ ਦਾ ਇਕ ਗਲਾਸ ਪੀਵੇਂਗਾ ?'

ਉਹਨੇ ਘ੍ਰਿਣਿਤ ਆਵਾਜ਼ 'ਚ ਕਿਹਾ, 'ਕਾਹੜਾ ? ਵੇਟਰ ! ਇਧਰ ਰੰਮ ਲੈ ਕੇ ਆ ।'

ਉਸ ਨੇ ਆਪਣੀ ਰੰਮ ਛੋਟੇ-ਛੋਟੇ ਘੁੱਟਾਂ 'ਚ ਪੀਤੀ । ਉਹ ਉਸ ਨੂੰ ਲੰਮਾ ਸਮਾਂ ਇਸ ਦਾ ਸੁਆਦ ਚੱਖਣ ਲਈ ਮੂੰਹ 'ਚ ਰੱਖਦਾ ਸੀ ਤੇ ਫਿਰ ਇਸ ਨੂੰ ਆਪਣੇ ਅੰਦਰ ਲੰਘਾਉਂਦਾ ਸੀ, ਜੋ ਕਿ ਉਸ ਅੰਦਰ ਗਰਮਾਇਸ਼ ਪੈਦਾ ਕਰਦੀ ਸੀ । ਮੈਂ ਸੋਚਿਆ, 'ਸੰਵੇਦਨਸ਼ੀਲ, ਕਦਰਦਾਨ...।'

ਮੈਂ ਪੁੱਛਿਆ, 'ਤੂੰ ਕਿਹੋ ਜਿਹਾ ਕੰਮ ਕਰ ਲੈਂਦਾ ਹੈ ?'

'ਹਰ ਕਿਸਮ ਦਾ । ਪੈਰਾਂ ਨਾਲ, ਹੱਥਾਂ ਨਾਲ, ਦਿਮਾਗ਼ ਨਾਲ। ਜਿਵੇਂ ਦਾ ਵੀ ਹੋਵੇ, ਸਾਰੇ ਕਰ ਲੈਂਦਾ ਹਾਂ । ਪਰ ਜੇ ਅਸੀਂ ਆਪਣੀ ਪਸੰਦ ਦਾ ਕੰਮ ਕਰਨਾ ਹੋਏ ਤਾਂ ਫਿਰ ਇਕ ਹੱਦ ਮਿਥ ਲਈ ਜਾਂਦੀ ਹੈ ਕਿ ਅਸੀਂ ਕਿਹੜਾ ਕੰਮ ਕਰਨਾ ਹੈ ।'

'ਤੂੰ ਪਿੱਛੇ ਕਿਥੇ ਕੰਮ ਕਰਕੇ ਆਇਆ ਹੈ ?'

'ਮੈਂ ਇਕ ਖਾਣ 'ਚ ਕੰਮ ਕਰਕੇ ਆਇਆ ਹਾਂ । ਮੈਂ ਖਾਣਾਂ 'ਚ ਕੰਮ ਕਰਨਾ ਚੰਗੀ ਤਰ੍ਹਾਂ ਜਾਣਦਾ ਹਾਂ । ਮੈਨੂੰ ਧਾਤਾਂ ਬਾਰੇ ਵੀ ਇਕ, ਦੋ ਗੱਲਾਂ ਦੀ ਜਾਣਕਾਰੀ ਹੈ, ਮੈਨੂੰ ਚਟਾਨਾਂ ਦੇ ਉਹ ਪਾੜ ਲੱਭਣੇ ਆਉਂਦੇ ਹਨ, ਜਿਥੇ ਕੋਈ ਧਾਤ ਹੋਵੇ ਅਤੇ ਸੁਰੰਗਾਂ ਲੱਭਣੀਆਂ ਵੀ ਆਉਂਦੀਆਂ ਹਨ। ਮੈਂ ਥੱਲੇ ਖੱਡਾਂ 'ਚ ਵੀ ਚਲਾ ਜਾਂਦਾ ਹਾਂ, ਜੋ ਕਿ ਖਣਿਜ ਪਦਾਰਥ ਕੱਢਣ ਲਈ ਪੁੱਟੀਆਂ ਜਾਂਦੀਆਂ ਹਨ, ਮੈਨੂੰ ਕੋਈ ਡਰ ਨਹੀਂ ਲੱਗਦਾ । ਮੈਂ ਚੰਗਾ ਭਲਾ ਕੰਮ ਕਰ ਰਿਹਾ ਸਾਂ । ਮੈਂ ਫੋਰਮੈਨ ਸਾਂ ਤੇ ਕਿਸੇ ਕਿਸਮ ਦੀ ਮੈਨੂੰ ਕੋਈ ਸ਼ਿਕਾਇਤ ਵੀ ਨਹੀਂ ਸੀ । ਪਰ ਫੇਰ ਇਸ ਕੰਮ 'ਚ ਇਕ ਸ਼ੈਤਾਨ ਦਖ਼ਲ ਦੇਣ ਲੱਗਾ । ਪਿਛਲੇ ਸ਼ਨਿਚਰ ਦੀ ਰਾਤ ਨੂੰ, ਸਿਰਫ਼ ਇਸ ਲਈ ਕਿ ਕਿਉਂਕਿ ਮੇਰਾ ਮਨ ਇੰਜ ਕਰਨ ਨੂੰ ਕਰ ਰਿਹਾ ਕੀਤਾ ਸੀ, ਸੋ ਅਚਾਨਕ ਹੀ ਮੈਂ ਬੌਸ ਨੂੰ ਫੜ ਲਿਆ, ਜੋ ਕਿ ਉਸ ਥਾਂ ਦਾ ਨਿਰੀਖਣ ਕਰਨ ਆਇਆ ਸੀ ਤੇ ਬਸ ਮੈਂ ਉਸ ਨੂੰ ਕੁੱਟ ਦਿੱਤਾ...।'

'ਪਰ ਕਿਸ ਲਈ ? ਉਹਨੇ ਤੇਰੇ ਨਾਲ ਕੀ ਕੀਤਾ ਸੀ ?'

'ਮੇਰੇ ਨਾਲ ? ਮੈਂ ਤੁਹਾਨੂੰ ਦੱਸਦਾ ਹਾਂ ਕਿ ਉਹਨੇ ਮੈਨੂੰ ਕੁਝ ਨਹੀਂ ਕਿਹਾ । ਮੈਂ ਤਾਂ ਉਸ ਨੂੰ ਪਹਿਲੀ ਵਾਰੀ ਦੇਖਿਆ ਸੀ । ਸਗੋਂ ਉਹ ਵਿਚਾਰਾ ਤਾਂ ਸਿਗਰਟਾਂ ਵੀ ਮੁਫ਼ਤ ਵੰਡਦਾ ਹੁੰਦਾ ਸੀ ।'

'ਅੱਛਾ ?'

'ਹਾਂ, ਉਹ ਬਿਨਾਂ ਕਾਰਨ ਮੇਰੇ ਨਾਲ ਸਵਾਲ ਜਵਾਬ ਕਰਨ ਲੱਗਾ ਸੀ ! ਬਸ ਏਸੇ ਗੱਲ ਤੋਂ ਮੈਨੂੰ ਗੁੱਸਾ ਆ ਗਿਆ ਸੀ, ਬਸ ਏਨੀ ਗੱਲ ਸੀ । ਤੁਸੀਂ ਇਕ ਤਰਖਾਣ ਦੀ ਪਤਨੀ ਦੀ ਕਹਾਣੀ (ਅੰਗ੍ਰੇਜ਼ੀ ਦੇ ਮਸ਼ਹੂਰ ਕਵੀ "ਚੌਸਰ" ਦੀ ਲਿਖੀ ਹੋਈ ਕਹਾਣੀ The Tale of the Miller's Wife) ਸੁਣੀ ਹੋਏਗੀ, ਹੈ ਨਾ ? ਹਾਂ, ਤੁਸੀਂ ਕਿਸੇ ਔਰਤ ਦੀ ਪਿੱਠ ਦੇਖ ਕੇ ਹੀ ਅੰਦਾਜ਼ਾ ਨਹੀਂ ਲਗਾ ਸਕਦੇ ਕਿ ਇਹ ਤੁਹਾਡੀ ਜਾਣੀ-ਪਹਿਚਾਣੀ ਔਰਤ ਹੀ ਹੈ, ਕੀ ਤੁਸੀਂ ਏਦਾਂ ਸੋਚ ਸਕਦੇ ਹੋ ? ਤਰਖਾਣ ਦੀ ਔਰਤ ਦੀ ਪਿੱਠ, ਇਹ ਇਕ ਮਨੁੱਖੀ ਤਰਕ ਹੈ ।'

ਮੈਂ ਮਨੁੱਖੀ ਤਰਕ ਬਾਰੇ ਬਹੁਤ ਸਾਰੀਆਂ ਪਰਿਭਾਸ਼ਾਵਾਂ ਪੜ੍ਹੀਆਂ ਹੋਈਆਂ ਸਨ, ਪਰ ਇਹ ਪਰਿਭਾਸ਼ਾ ਮੈਨੂੰ ਸਭ ਤੋਂ ਜ਼ਿਆਦਾ ਅਚੰਭਿਤ ਕਰਨ ਵਾਲੀ ਜਾਪੀ ਅਤੇ ਮੈਨੂੰ ਚੰਗੀ ਵੀ ਲੱਗੀ । ਮੈਂ ਆਪਣੇ ਨਵੇਂ ਸਾਥੀ ਵੱਲ ਬੜੀ ਦਿਲਚਸਪੀ ਨਾਲ ਦੇਖਿਆ । ਉਸ ਦਾ ਚਿਹਰਾ ਝੁਰੜੀਆਂ ਵਾਲਾ ਸੀ, ਤੂਫ਼ਾਨਾਂ ਦਾ ਝੰਬਿਆ ਹੋਇਆ, ਪਰਪੱਕ ਚਿਹਰਾ, ਘੁਣ ਖਾਧੀ ਲੱਕੜ ਵਰਗਾ । ਕੁਝ ਸਾਲਾਂ ਬਾਅਦ ਅਜਿਹੇ ਹੀ ਇਕ ਹੋਰ ਚਿਹਰੇ ਨੇ ਮੈਨੂੰ ਫੇਰ ਪ੍ਰਭਾਵਤ ਕੀਤਾ । ਉਹ ਚਿਹਰਾ Panait Istrati ਇਹ ਰੁਮਾਨੀਆ ਦਾ ਲੇਖਕ ਸੀ । ਇਸ ਨੂੰ ਟੀ.ਬੀ. ਦੀ ਬਿਮਾਰੀ ਸੀ । ਉਹ ਫਰੈਂਚ ਵਿਚ ਲਿਖਦਾ ਸੀ । ਉਸ ਦੀ ਮਸ਼ਹੂਰੀ "La Maison Thuringer" (1933) "The Life of Adrian Zograffi"-The Man Without Convictions ਦੀ ਪਹਿਲੀ ਜਿਲਦ ਕਰਕੇ ਹੋਈ ਸੀ॥ ਦਾ ਸੀ ।

'ਤੇ ਤੇਰੇ ਬੰਡਲ ਵਿਚ ਕੀ ਹੈ ? ਖਾਣਾ ? ਕੱਪੜੇ ? ਜਾਂ ਔਜ਼ਾਰ ?'

ਮੇਰੇ ਸਾਥੀ ਨੇ ਆਪਣੇ ਮੋਢੇ ਸੁੰਗੇੜੇ ਤੇ ਹੱਸਿਆ ।

ਉਹ ਬੋਲਿਆ, 'ਤੁਸੀਂ ਬੜੇ ਸਮਝਦਾਰ ਆਦਮੀ ਲੱਗਦੇ ਹੋ । ਮੈਨੂੰ ਮਾਫ਼ ਕਰਨਾ ।' ਉਸ ਨੇ ਆਪਣੇ ਬੰਡਲ 'ਤੇ ਆਪਣਾ ਲੰਬਾ ਹੱਥ ਤੇ ਸਖ਼ਤ ਉਂਗਲਾਂ ਫੇਰੀਆਂ ।

ਉਸ ਨੇ ਕਿਹਾ, 'ਨਹੀਂ, ਇਹ ਸੰਤੂਰੀ (ਇਕ ਤਾਰਾਂ ਵਾਲਾ ਸਾਜ਼, ਜੋ ਛੋਟੀ ਹਥੌੜੀ ਜਾਂ ਮਿਜ਼ਰਾਬ ਨਾਲ ਵਜਾਇਆ ਜਾਂਦਾ ਹੈ) ਹੈ ।'

'ਸੰਤੂਰੀ ? ਤੂੰ ਇਹ ਵਜਾ ਲੈਂਦਾ ਹੈ ?'

'ਜਦੋਂ ਮੈਂ ਤੰਗਦਸਤ ਹੋਵਾਂ, ਮੈਂ ਸਰਾਵਾਂ ਦੇ ਆਲੇ ਦੁਆਲੇ ਇਹ ਵਜਾਉਂਦਾ ਹਾਂ । ਮੈਂ ਮਕਦੂਨੀਆਂ ਦੀਆਂ ਪੁਰਾਣੀਆਂ "Klephtic Tunes" (ਯੂਨਾਨ ਦੀਆਂ ਪੁਰਾਣੀਆਂ ਕਵਿਤਾਵਾਂ ਤੇ ਗੀਤਾਂ ਦੀਆਂ ਧੁਨਾਂ) ਗਾਉਂਦਾ ਹਾਂ । ਫਿਰ ਮੈਂ ਆਪਣੀ ਇਹ ਗੋਲ ਚਪਟੀ ਟੋਪੀ ਲੋਕਾਂ ਕੋਲ ਲੈ ਕੇ ਜਾਂਦਾ ਹਾਂ ਤੇ ਇਹ ਪੈਸਿਆਂ ਨਾਲ ਭਰ ਜਾਂਦੀ ਹੈ ।'

'ਤੇਰਾ ਨਾਮ ਕੀ ਹੈ ?'

'ਅਲੈਕਸਿਸ ਜ਼ੋਰਬਾ । ਕਈ ਵਾਰ ਲੋਕ ਮੈਨੂੰ ਨਾਕਗੋਤ ਛੀਰਡਕ; (ਇਕ ਅਜਿਹਾ ਔਜ਼ਾਰ, ਜਿਸ ਨਾਲ ਓਵਨ 'ਚ ਬਰੈੱਡ, ਪੀਜ਼ਾ ਤੇ ਹੋਰ ਚੀਜ਼ਾਂ ਬਣਾਉਣ ਲੱਗਿਆਂ, ਉਨ੍ਹਾਂ ਨੂੰ ਉਲਟਾਇਆ ਪੁਲਟਾਇਆ ਜਾਂਦਾ ਹੈ) ਦੇ ਨਾਂ ਨਾਲ ਵੀ ਬੁਲਾਉਂਦੇ ਹਨ, ਕਿਉਂਕਿ ਮੈਂ ਏਨਾ ਲਮਢੀਂਗ ਜਿਹਾ ਹਾਂ ਤੇ ਮੇਰਾ ਸਿਰ ਤਵੇ 'ਤੇ ਪਈ ਰੋਟੀ ਵਰਗਾ ਚਪਟਾ ਹੈ । ਕਈ ਲੋਕ ਮੈਨੂੰ ਸ਼ਤਤ੍ਰ ਓਕਠਬਰ (ਯੂਨਾਨ 'ਚ ਇਕ ਪੁਰਾਣੇ ਰੈਸਟੋਰੈਂਟ ਦਾ ਨਾਮ) ਵੀ ਕਹਿੰਦੇ ਹਨ, ਕਿਉਂਕਿ ਮੈਂ ਭੁੱਜੇ ਹੋਏ ਹਲਵੇ-ਕੱਦੂ ਦੇ ਬੀਜਾਂ ਨੂੰ ਵੇਚਣ ਲਈ ਫੇਰੀ ਲਾਇਆ ਕਰਦਾ ਸਾਂ । ਉਹ ਮੈਨੂੰ Mildew (ਇਕ ਕਿਸਮ ਦੀ ਉੱਲੀ) ਵੀ ਕਹਿੰਦੇ ਹਨ, ਕਿਉਂਕਿ ਲੋਕ ਕਹਿੰਦੇ ਹਨ ਕਿ ਮੈਂ ਜਿਥੇ ਵੀ ਜਾਂਦਾ ਹਾਂ, ਮੈਂ ਉਥੇ ਜੰਮ ਹੀ ਜਾਂਦਾ ਹਾਂ । ਪਰ ਹੁਣ ਇਹ ਹਰ ਚੀਜ਼ ਖ਼ਤਮ ਹੋ ਗਈ ਹੈ । ਮੇਰੇ ਹੋਰ ਵੀ ਕਈ ਛੋਟੇ ਨਾਮ ਹਨ, ਪਰ ਕਦੀ ਫੇਰ ਸਹੀ...।'

'ਤੇ ਤੂੰ ਸੰਤੂਰੀ ਵਜਾਉਣੀ ਕਿੱਦਾਂ ਸਿੱਖੀ ?'

'ਮੈਂ ਵੀਹ ਸਾਲਾਂ ਦਾ ਸਾਂ । ਪਹਿਲੀ ਵਾਰੀ ਸੰਤੂਰੀ ਦਾ ਸੰਗੀਤ ਮੈਂ ਉਲਿੰਪਸ ਪਹਾੜੀ (ਯੂਨਾਨ ਵਿਚ ਸਭ ਤੋਂ ਉੱਚੀ ਪਹਾੜੀ) ਦੇ ਥੱਲੇ,

ਆਪਣੇ ਪਿੰਡ ਦੇ ਮੇਲੇ ਵਿਚ ਸੁਣਿਆ । ਮੈਂ ਤਾਂ ਹੱਕਾ ਬੱਕਾ ਰਹਿ ਗਿਆ । ਮੈਂ ਤਿੰਨ ਦਿਨ ਕੁਝ ਨਹੀਂ ਖਾਧਾ । ਮੇਰੇ ਪਿਤਾ ਨੇ ਮੈਨੂੰ ਪੁੱਛਿਆ, 'ਤੈਨੂੰ ਕੀ ਗੱਲ ਹੈ ?' ਰੱਬ ਉਸ ਦੀ ਆਤਮਾ ਨੂੰ ਸ਼ਾਂਤੀ ਦੇਵੇ । 'ਮੈਂ ਸੰਤੂਰੀ ਵਜਾਉਣਾ ਸਿੱਖਣੀ ਚਾਹੁੰਦਾ ਹਾਂ ।' 'ਕੀ ਤੈਨੂੰ ਆਪਣੇ ਆਪ 'ਤੇ ਕੋਈ ਸ਼ਰਮ ਨਹੀਂ ਆਉਂਦੀ ? ਕੀ ਤੂੰ ਖਾਨਾਬਦੋਸ਼ ਹੈ ? ਤੇਰਾ ਮਤਲਬ ਹੈ ਕਿ ਤੂੰ ਪਿਆਨੋ ਵਜਾਉਣ ਦਾ ਕੰਮ ਕਰਿਆ ਕਰੇਂਗਾ ?' 'ਮੈਂ ਹਰ ਹਾਲ ਸੰਤੂਰੀ ਵਜਾਉਣੀ ਸਿੱਖਣੀ ਹੈ ।' ਮੈਂ ਆਪਣੇ ਵਿਆਹ ਵਾਸਤੇ ਕੁਝ ਪੈਸੇ ਰੱਖੇ ਹੋਏ ਸਨ । ਇਹ ਇਕ ਬਚਕਾਨਾ ਜਿਹਾ ਖ਼ਿਆਲ ਸੀ, ਪਰ ਮੈਂ ਹਾਲੀ ਉਦੋਂ ਅਨਾੜੀ ਸਾਂ । ਮੇਰੇ ਅੰਦਰ ਜੋਸ਼ ਸੀ । ਮੈਂ ਮੂਰਖ, ਵਿਆਹ ਕਰਵਾਉਣਾ ਚਾਹੁੰਦਾ ਸਾਂ । ਪਰ ਜਿਵੇਂ ਕਿਵੇਂ ਜਿੰਨੇ ਪੈਸੇ ਵੀ ਮੇਰੇ ਕੋਲ ਸਨ, ਇਸ ਤੋਂ ਇਲਾਵਾ ਹੋਰ ਵੀ ਜੋ ਕੁਝ ਮੇਰੇ ਕੋਲ ਸੀ, ਵੇਚ ਕੇ ਸੰਤੂਰੀ ਖਰੀਦ ਲਈ । ਇਹ ਉਹੀ ਸੰਤੂਰੀ ਹੈ, ਜਿਸ ਨੂੰ ਤੁਸੀਂ ਦੇਖ ਰਹੇ ਹੋ । ਮੈਂ ਇਸ ਨੂੰ ਲੈ ਕੇ ਸੈਲੋਨਿਕਾ ਚਲਾ ਗਿਆ ਤੇ ਰੈਸਟੇਪ ਇਫੈਂਡੀ (ਯੂਨਾਨ 'ਚ ਸੰਤੂਰੀ ਸਿਖਾਉਣ ਵਾਲੇ ਇਕ ਅਧਿਆਪਕ ਦਾ ਨਾਮ) ਦਾ ਪੱਲਾ ਫੜ ਲਿਆ, ਜਿਹੜਾ ਕਿ ਸਭ ਨੂੰ ਸੰਤੂਰੀ ਵਜਾਉਣਾ ਸਿਖਾਉਂਦਾ ਸੀ । ਮੈਂ ਉਸ ਦੇ ਪੈਰਾਂ 'ਤੇ ਡਿੱਗ ਪਿਆ । ਉਹਨੇ ਕਿਹਾ, 'ਓਇ ਨਿਕਚੂ ਕਾਫ਼ਰਾ, ਤੂੰ ਕੀ ਚਾਹੁੰਦਾ ਏਂ ?' 'ਮੈਂ ਸੰਤੂਰੀ ਵਜਾਉਣੀ ਸਿੱਖਣਾ ਚਾਹੁੰਦਾ ਹਾਂ ।' 'ਠੀਕ ਹੈ, ਪਰ ਤੂੰ ਆਪਣੇ ਆਪ ਨੂੰ ਮੇਰੇ ਪੈਰਾਂ 'ਤੇ ਕਿਉਂ ਸੁੱਟ ਰਿਹਾ ਹੈਂ ?' 'ਕਿਉਂਕਿ ਮੇਰੇ ਕੋਲ ਤੁਹਾਨੂੰ ਦੇਣ ਲਈ ਕੋਈ ਪੈਸਾ ਨਹੀਂ ।' 'ਤੇ ਕੀ ਤੂੰ ਸੱਚੀ-ਮੁੱਚੀ ਸੰਤੂਰੀ ਸਿੱਖਣ ਪਿੱਛੇ ਪਾਗ਼ਲ ਹੋਇਆ ਪਿਆ ਹੈਂ ?' 'ਹਾਂ ।' 'ਮੇਰੇ ਬੱਚੇ ! ਤੂੰ ਇਥੇ ਰਹਿ ਸਕਦਾ ਹੈਂ । ਮੈਨੂੰ ਪੈਸੇ ਦੇਣ ਦੀ ਕੋਈ ਜ਼ਰੂਰਤ ਨਹੀਂ ।' ਮੈਂ ਉਥੇ ਇਕ ਸਾਲ ਰਹਿ ਕੇ ਉਸ ਕੋਲ ਪੜ੍ਹਾਈ ਕੀਤੀ । ਰੱਬ ਉਸ ਨੂੰ ਸਵਰਗਾਂ 'ਚ ਵਾਸਾ ਦੇਵੇ । ਉਹ ਹੁਣ ਮਰ ਗਿਆ ਹੋਏਗਾ । ਜੇ ਰੱਬ ਆਪਣੇ ਵਫ਼ਾਦਾਰਾਂ ਨੂੰ ਸਵਰਗ 'ਚ ਦਾਖ਼ਲ ਹੋਣ ਦੀ ਆਗਿਆ ਦਿੰਦਾ ਹੈ ਤਾਂ ਉਹ ਰੇਸਟੇਪ ਇਫੈਂਡੀ ਲਈ ਵੀ ਇਹ ਦਰਵਾਜ਼ਾ ਖੋਲ੍ਹ ਦੇਵੇ । ਜਦੋਂ ਦੀ ਮੈਂ ਸੰਤੂਰੀ ਵਜਾਉਣੀ ਸਿਖ ਲਈ ਹੈ, ਮੈਂ ਇਕ ਵੱਖਰੀ ਕਿਸਮ ਦਾ ਆਦਮੀ ਬਣ ਗਿਆ ਹਾਂ । ਜਦੋਂ ਕਦੀ ਮੈਂ ਉਦਾਸ ਹੁੰਦਾ ਹਾਂ, ਜਾਂ ਢਹਿੰਦੀ ਕਲਾ 'ਚ ਹੁੰਦਾ ਹਾਂ ਤਾਂ ਮੈਂ ਇਹ ਸੰਤੂਰੀ ਵਜਾਉਂਦਾ ਹਾਂ ਤੇ ਇਸ ਨਾਲ ਮੈਨੂੰ ਖੁਸ਼ੀ ਮਿਲਦੀ ਹੈ । ਜਦੋਂ ਮੈਂ ਇਹ ਵਜਾ ਰਿਹਾ ਹੋਵਾਂ, ਤੁਸੀਂ ਮੇਰੇ ਨਾਲ ਕੋਈ ਵੀ ਗੱਲ ਕਰੋ, ਮੈਨੂੰ ਨਹੀਂ ਸੁਣਦੀ ਤੇ ਜੇ ਸੁਣਦੀ ਵੀ ਹੈ ਤਾਂ ਮੈਂ ਬੋਲ ਨਹੀਂ ਸਕਦਾ । ਉਦੋਂ ਮੇਰੇ ਨਾਲ ਮੱਥਾ ਮਾਰਨ ਦਾ ਕੋਈ ਫ਼ਾਇਦਾ ਨਹੀਂ ਹੋਏਗਾ । ਮੈਂ ਉਦੋਂ ਕੁਝ ਨਹੀਂ ਕਰ ਸਕਦਾ ।'

'ਪਰ, ਜ਼ੋਰਬਾ ਕਿਉਂ ?'

'ਉਫ਼, ਤੁਹਾਨੂੰ ਪਤਾ ਨਹੀਂ ਲੱਗਦਾ, ਇਸ ਨਾਲ ਮੈਂ ਭਾਵੁਕ ਤੌਰ 'ਤੇ ਕਿੰਜ ਜੁੜਿਆ ਹੋਇਆ ਹਾਂ !'

ਦਰਵਾਜ਼ਾ ਖੁੱਲ੍ਹਿਆ । ਸਮੁੰਦਰ ਦੀਆਂ ਲਹਿਰਾਂ ਦਾ ਸ਼ੋਰ ਇਕ ਵਾਰੀ ਫੇਰ ਕੌਫ਼ੀ ਹਾਊਸ ਵਿਚ ਪ੍ਰਵੇਸ਼ ਕਰ ਗਿਆ । ਸਾਡੇ ਹੱਥ, ਪੈਰ, ਠੰਢੇ ਯੱਖ ਹੋਏ ਪਏ ਸਨ । ਮੈਂ ਫੇਰ ਇਕ ਨੁੱਕਰ ਨਾਲ ਢੁਕ ਕੇ ਬੈਠ ਗਿਆ ਤੇ ਆਪਣੇ ਆਪ ਉੱਤੇ ਓਵਰਕੋਟ ਲਪੇਟ ਲਿਆ । ਮੈਂ ਇਸ ਪਲ ਦਾ ਮਜ਼ਾ ਲੈ ਰਿਹਾ ਸਾਂ ।

ਮੈਂ ਸੋਚਿਆ, 'ਮੈਂ ਕਿਥੇ ਜਾਣਾ ਹੈ ? ਮੈਂ ਤਾਂ ਇਥੇ ਹੀ ਠੀਕ ਹਾਂ । ਰੱਬ ਕਰੇ, ਇਹ ਪਲ ਕਈ ਸਾਲਾਂ ਤੱਕ ਲੰਮਾ ਹੋ ਜਾਏ ।'

ਮੈਂ ਆਪਣੇ ਸਾਹਮਣੇ ਬੈਠੇ ਹੋਏ ਉਸ ਅਜੀਬ ਆਦਮੀ ਵੱਲ ਤਕਿਆ । ਉਸ ਨੇ ਆਪਣੀ ਨਜ਼ਰ ਮੇਰੇ 'ਤੇ ਹੀ ਗੱਡੀ ਹੋਈ ਸੀ । ਉਸ ਦੀਆਂ ਅੱਖਾਂ ਛੋਟੀਆਂ ਤੇ ਗੋਲ ਸਨ, ਡੇਲੇ ਕਾਲੇ ਸਨ ਅਤੇ ਚਿੱਟੇ ਹਿੱਸੇ 'ਤੇ ਲਾਲ ਰੰਗ ਦੀਆਂ ਛੋਟੀਆਂ ਛੋਟੀਆਂ ਨਾੜੀਆਂ ਸਨ । ਮੈਂ ਮਹਿਸੂਸ ਕੀਤਾ ਕਿ ਉਹ ਅਸੰਤੁਸ਼ਟ ਜਿਹਾ ਹੋਇਆ, ਆਪਣੀ ਤਿੱਖੀ ਨਜ਼ਰ ਨਾਲ ਮੇਰੇ 'ਚੋਂ ਕੁਝ ਲੱਭ ਰਿਹਾ ਹੈ ।

'ਅੱਛਾ ? ਅੱਗੇ ਸੁਣਾ ।' ਮੈਂ ਕਿਹਾ ।

ਜ਼ੋਰਬਾ ਨੇ ਫੇਰ ਆਪਣੇ ਦੁਬਲੇ ਪਤਲੇ ਜਿਹੇ ਮੋਢਿਆਂ ਨੂੰ ਸੁੰਗੇੜਿਆ ।

ਉਸ ਨੇ ਕਿਹਾ, 'ਇਸ ਗੱਲ ਨੂੰ ਹੁਣ ਛੱਡ ਦਿਓ । ਕੀ ਤੁਸੀਂ ਮੈਨੂੰ ਇਕ ਸਿਗਰਟ ਦੇ ਸਕਦੇ ਹੋ ?'

'ਕੀ ਤੂੰ ਵਿਆਹਿਆ ਹੋਇਆ ਹੈ ?'

'ਕੀ ਮੈਂ ਮਨੁੱਖ ਨਹੀਂ ਹਾਂ ?' ਉਹ ਗੁੱਸੇ ਨਾਲ ਕਹਿਣ ਲੱਗਾ, 'ਕੀ ਮੈਂ ਮਨੁੱਖ ਨਹੀਂ ? ਮੇਰਾ ਮਤਲਬ ਹੈ ਸਾਰੇ ਲੋਕਾਂ ਵਰਗਾ । ਜਿੰਨੇ ਹੋਰ ਲੋਕ ਵੀ ਮੇਰੇ ਲਾਗੇ ਬੰਨੇ ਹਨ, ਮੈਂ ਵੀ ਅੰਨ੍ਹੇਵਾਹ ਉਸ ਦੌੜ 'ਚ ਸ਼ਾਮਲ ਹੋ ਗਿਆ । ਮੈਂ ਵਿਆਹ ਕਰਵਾਇਆ । ਮੈਂ ਸੌਖਾ ਰਸਤਾ ਅਪਣਾਇਆ । ਮੈਂ ਪਰਿਵਾਰ ਦਾ ਮੁਖੀਆ ਬਣਿਆ, ਘਰ ਬਣਾਇਆ । ਮੇਰੇ ਬੱਚੇ ਹੋਏ । ਮੈਂ ਜ਼ਿੰਦਗੀ ਦੀਆਂ ਦੁੱਖ ਤਕਲੀਫ਼ਾਂ ਦੇਖੀਆਂ । ਪਰ ਸੰਤੂਰੀ ਵਾਸਤੇ ਉਸ ਰੱਬ ਦਾ ਸ਼ੁਕਰੀਆ ।'

'ਕੀ ਤੂੰ ਆਪਣੇ ਫ਼ਿਕਰ ਘੱਟ ਕਰਨ ਨੂੰ ਇਸ ਨੂੰ ਵਜਾਉਂਦਾ ਸੀ ? ਇਸੇ ਲਈ ਨਾ ?'

'ਦੇਖੋ, ਮੈਨੂੰ ਜਾਪਦਾ ਹੈ ਕਿ ਤੁਹਾਨੂੰ ਕੋਈ ਸਾਜ਼ ਵਜਾਉਣਾ ਨਹੀਂ ਆਉਂਦਾ । ਤੁਸੀਂ ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ ? ਘਰ ਵਿਚ ਹੋਈਏ ਤਾਂ ਉਥੇ ਤੁਹਾਨੂੰ ਹਰ ਕਿਸਮ ਦੇ ਫ਼ਿਕਰ ਸਤਾਉਂਦੇ ਹਨ । ਤੁਹਾਡੀ ਪਤਨੀ ਦੇ, ਬੱਚਿਆਂ ਦੇ । ਅਸੀਂ ਕੀ ਖਾਣਾ ਹੈ ? ਪਾਉਣ ਲਈ ਕੱਪੜਿਆਂ ਦਾ ਇੰਤਜ਼ਾਮ ਕਿਵੇਂ ਕਰਨਾ ਹੈ ? ਸਾਡਾ ਕੀ ਬਣੇਗਾ ? ਨਰਕ ਹੈ ਨਿਰਾ ਇਹ ਤਾਂ ! ਨਹੀਂ, ਸੰਤੂਰੀ ਦੀ ਖ਼ਾਤਰ ਤੁਹਾਨੂੰ ਚੰਗੇ ਮੂਡ 'ਚ ਹੋਣਾ ਚਾਹੀਦਾ ਹੈ, ਉਸ ਨਾਲ ਇਕ ਸੁਰ ਹੋਣਾ ਚਾਹੀਦਾ ਹੈ । ਮੇਰੀ ਪਤਨੀ ਜੇ ਮੈਨੂੰ ਇਕ ਗੱਲ ਹੀ ਕਹਿ ਦੇਵੇ, ਜਿਸ ਦੇ ਕਈ ਸਾਰੇ ਮਤਲਬ ਹੋਣ ਤਾਂ ਸੰਤੂਰੀ ਵਜਾਉਣ ਲਈ ਮੇਰਾ ਮੂਡ ਬਣਨਾ ਕਿਵੇਂ ਸੰਭਵ ਹੋ ਸਕਦਾ ਹੈ ? ਜੇ ਤੁਹਾਡੇ ਬੱਚੇ ਭੁੱਖੇ ਹਨ ਅਤੇ ਤੁਹਾਡੇ 'ਤੇ ਚਿਲਾਅ ਰਹੇ ਹਨ ਤਾਂ ਤੁਸੀਂ ਸੰਤੂਰੀ ਕਿਵੇਂ ਵਜਾ ਸਕਦੇ ਹੋ ? ਸੰਤੂਰੀ ਵਜਾਉਣ ਲਈ ਤੁਹਾਨੂੰ ਹਰ ਤਰ੍ਹਾਂ ਇਸ ਦੇ ਬਰਾਬਰ ਹੋਣਾ ਚਾਹੀਦਾ ਹੈ, ਕੀ ਸਮਝ ਆਈ ?'

ਮੈਨੂੰ ਸਮਝ ਆ ਗਈ ਸੀ । ਜ਼ੋਰਬਾ ਵਰਗੇ ਆਦਮੀ ਦੀ ਹੀ ਮੈਨੂੰ ਲੰਮੇ ਚਿਰ ਤੋਂ ਤਲਾਸ਼ ਸੀ, ਜੋ ਕਿ ਮੈਨੂੰ ਮਿਲਿਆ ਨਹੀਂ ਸੀ । ਉਹ ਜ਼ਿੰਦਾਦਿਲ ਪੇਟੂ, ਕਠੋਰ ਆਤਮਾ ਵਾਲਾ ਸੀ ਪਰ ਤਾਂ ਵੀ ਉਹ ਧਰਤੀ ਵਿਚੋਂ ਤਾਂ ਨਹੀਂ ਸੀ ਉੱਗਿਆ ।

ਕਲਾ, ਪਿਆਰ, ਸੁੰਦਰਤਾ, ਪਵਿੱਤਰਤਾ ਤੇ ਭਾਵੁਕਤਾ ਵਰਗੀਆਂ ਗੱਲਾਂ ਦੇ ਸ਼ਬਦਾਂ ਦੇ ਅਰਥ ਮੈਂ ਇਸ ਕਾਮੇ ਦੇ ਕਹੇ ਹੋਏ ਸਾਧਾਰਨ ਸ਼ਬਦਾਂ ਤੋਂ ਹੀ ਸਮਝ ਸਕਿਆ ਸਾਂ ।

ਮੈਂ ਉਸ ਦੇ ਹੱਥਾਂ ਵੱਲ ਦੇਖਿਆ, ਜੋ ਕੁਦਾਲ ਵੀ ਚੁੱਕ ਸਕਦੇ ਸਨ ਅਤੇ ਸੰਤੂਰੀ ਵੀ ਫੜ ਸਕਦੇ ਸਨ । ਉਸ ਦੇ ਹੱਥ ਸਖ਼ਤ ਤ੍ਰੇੜਾਂ ਭਰੇ, ਕੋਝੇ ਤੇ ਭਾਰੇ ਸਨ । ਉਨ੍ਹਾਂ ਹੱਥਾਂ ਨੇ ਬੜੇ ਧਿਆਨ ਤੇ ਕੋਮਲ ਚਿਤ ਨਾਲ ਜਿਵੇਂ ਕਿ ਕਿਸੇ ਔਰਤ ਦੇ ਕੱਪੜੇ ਉਤਾਰ ਰਹੇ ਹੋਣ, ਬੰਡਲ ਨੂੰ ਖੋਲ੍ਹਿਆ ਤੇ ਉਸ ਪੁਰਾਣੀ ਸੰਤੂਰੀ ਨੂੰ ਬਾਹਰ ਕੱਢਿਆ । ਇਸ ਦੀਆ ਬਹੁਤ ਸਾਰੀਆਂ ਤਾਰਾਂ ਸਨ ਤੇ ਇਸ ਨੂੰ ਪਿੱਤਲ, ਹਾਥੀ ਦੰਦ ਤੇ ਲਾਲ ਰੇਸ਼ਮੀ ਫੀਤੇ ਨਾਲ ਸਜਾਇਆ ਹੋਇਆ ਸੀ । ਉਸ ਨੇ ਆਪਣੀਆਂ ਵੱਡੀਆਂ-ਵੱਡੀਆਂ ਉਂਗਲਾਂ ਉਸ 'ਤੇ ਹੌਲੀ-ਹੌਲੀ ਇੰਜ ਫੇਰੀਆਂ,

ਜਿਵੇਂ ਉਸ ਨਾਲ ਇੰਜ ਲਾਡ ਕਰ ਰਿਹਾ ਹੋਵੇ, ਜਿਵੇਂ ਕਿ ਕਿਸੇ ਔਰਤ ਨੂੰ ਕਰੀਦਾ ਹੈ । ਫੇਰ ਉਨ੍ਹਾਂ ਹੱਥਾਂ ਨੇ ਹੀ ਉਸ ਨੂੰ ਇੰਜ ਲਪੇਟਿਆ, ਜਿਵੇਂ ਕੋਈ ਆਪਣੀ ਪ੍ਰੇਮਿਕਾ ਦੇ ਸਰੀਰ 'ਤੇ ਕੱਪੜੇ ਪਹਿਨਾ ਰਿਹਾ ਹੋਵੇ ਤਾਂ ਕਿ ਕਿਤੇ ਉਸ ਨੂੰ ਠੰਢ ਨਾ ਲੱਗ ਜਾਏ ।

ਜਦੋਂ ਉਸ ਨੇ ਇਸ ਨੂੰ ਧਿਆਨ ਪੂਰਵਕ ਕੁਰਸੀ 'ਤੇ ਰੱਖਿਆ ਤਾਂ ਕਿਹਾ, 'ਇਹ ਹੈ ਮੇਰੀ ਸੰਤੂਰੀ ।'

ਸਮੁੰਦਰ 'ਤੇ ਕੰਮ ਕਰਨ ਵਾਲੇ ਆਦਮੀ ਹੁਣ ਇਕ-ਦੂਜੇ ਨਾਲ ਆਪਣੇ ਗਲਾਸ ਟੁਣਕਾਅ ਰਹੇ ਸਨ ਤੇ ਖ਼ੂਬ ਹਾਸਾ ਠੱਠਾ ਕਰ ਰਹੇ ਸਨ । ਸਮੁੰਦਰ ਦੇ ਪੁਰਾਣੇ ਯਾਤਰੀ ਕੈਪਟਨ ਲੇਮਨੀ ਨੂੰ ਉਸ ਦੀ ਪਿੱਠ 'ਤੇ ਦੋਸਤਾਨਾ ਹੱਥ ਮਾਰ ਰਹੇ ਸਨ ।

'ਕੈਪਟਨ ਹੁਣੇ ਹੀ ਦੋਜਖ਼ ਦੇ ਡਰ 'ਚੋਂ ਨਿਕਲ ਕੇ ਆਇਆ ਹੈ, ਹੈ ਨਾ ? ਰੱਬ ਹੀ ਜਾਣਦਾ ਹੈ ਕਿ ਤੂੰ Saint Nicholes (ਸੰਤ ਨਿਕੋਲਸ, ਜਿਸ ਨੂੰ ਕਿ ਛੋਟੀ ਉਮਰ 'ਚ ਚੰਗੇ ਕੰਮਾਂ ਕਰਕੇ ਪਾਦਰੀ ਦਾ ਦਰਜਾ ਦਿੱਤਾ ਗਿਆ ਸੀ) ਅੱਗੇ ਕਿੰਨੀਆਂ ਮੋਮਬੱਤੀਆਂ ਜਗਾਉਣ ਦਾ ਵਾਅਦਾ ਕਰਕੇ ਆਇਆ ਹੈ !'

ਕੈਪਟਨ ਨੇ ਆਪਣੇ ਸੰਘਣੇ ਭਰਵੱਟੇ ਉਤਾਂਹ ਨੂੰ ਚੜ੍ਹਾਏ ।

'ਨਹੀਂ, ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਜਦੋਂ ਮੈਂ ਆਪਣੇ ਸਾਹਮਣੇ ਮੌਤ ਦਾ ਫ਼ਰਿਸ਼ਤਾ ਦੇਖਿਆ ਤਾਂ ਨਾ ਤਾਂ ਮੈਂ Holy Virgin (ਕੁਆਰੀ ਪਵਿੱਤਰ ਮਾਂ ਮਰੀਅਮ) ਬਾਰੇ ਸੋਚਿਆ ਤੇ ਨਾ ਹੀ ਸੰਤ ਨਿਕੋਲਸ ਬਾਰੇ ! ਮੇਰਾ ਧਿਆਨ ਸਲਾਮਿਜ਼ ਦੇ ਟਾਪੂ ਵੱਲ ਹੋ ਗਿਆ । ਮੈਨੂੰ ਆਪਣੀ ਪਤਨੀ ਦਾ ਖ਼ਿਆਲ ਆਇਆ ਤੇ ਮੈਂ ਚਿਲਾਇਆ, "ਆਹ, ਕੈਥਰੀਨਾ ! ਮੈਂ ਇਸ ਵੇਲੇ ਜੇ ਤੇਰੇ ਨਾਲ ਬਿਸਤਰੇ 'ਚ ਹੋਵਾਂ ।"

ਇਕ ਵਾਰੀ ਫੇਰ ਸਮੁੰਦਰ 'ਤੇ ਕੰਮ ਕਰਨ ਵਾਲਿਆਂ ਦਾ ਹਾਸਾ ਛੁੱਟ ਪਿਆ ਤੇ ਕੈਪਟਨ ਲੇਮਨੀ ਵੀ ਉਨ੍ਹਾਂ ਨਾਲ ਹੱਸਣ ਲੱਗਾ ।

'ਆਦਮੀ ਵੀ ਕੈਸਾ ਜਾਨਵਰ ਹੈ', ਉਹ ਕਹਿਣ ਲੱਗਾ । 'ਕਿਸੇ ਦੇ ਸਿਰ 'ਤੇ ਮੌਤ ਲਟਕ ਰਹੀ ਹੋਏ, ਪਰ ਉਸ ਦਾ ਮਨ ਉਥੇ ਹੋਣ ਦੀ ਬਜਾਇ ਕਿਤੇ ਹੋਰ ਹੋਏ ! ਬਸ ਆਦਮੀ ਨੂੰ ਆਪਣੇ ਮਤਲਬ ਨਾਲ ਹੈ, ਹੋਰ ਕਿਸੇ ਨਾਲ ਕੁਝ ਨਹੀਂ !'

ਉਸ ਨੇ ਆਪਣੇ ਹੱਥਾਂ ਨਾਲ ਤਾੜੀ ਵਜਾਈ ।

ਉਹ ਚਿਲਾਇਆ, 'ਕੰਪਨੀ ਖ਼ਾਤਰ, ਇਕ ਇਕ ਹੋਰ ਜਾਮ !'

ਜ਼ੋਰਬਾ ਆਪਣੇ ਵੱਡੇ-ਵੱਡੇ ਕੰਨਾਂ ਨਾਲ ਇਸ ਗੱਲ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ । ਉਸ ਨੇ ਮੁੜ ਕੇ ਸਮੁੰਦਰ 'ਤੇ ਕੰਮ ਕਰਨ ਵਾਲਿਆਂ ਵੱਲ ਦੇਖਿਆ ਤੇ ਫਿਰ ਮੇਰੇ ਵੱਲ ਦੇਖਿਆ ।

ਉਸ ਨੇ ਪੁੱਛਿਆ, 'ਉਥੇ ਕੀ ਹੋ ਰਿਹਾ ਹੈ ? ਉਹ ਆਦਮੀ ਕਿਸ ਬਾਰੇ ਗੱਲਾਂ ਕਰ ਰਹੇ ਹਨ ?'

ਪਰ ਅਚਾਨਕ ਉਹ ਸਮਝ ਗਿਆ ਤੇ ਬੋਲਣ ਲੱਗਾ ।

'ਸ਼ਾਬਾਸ਼ ! ਮੇਰੇ ਦੋਸਤ !' ਉਹ ਤਾਰੀਫ਼ ਕਰਦਾ ਹੋਇਆ ਉੱਚੀ ਸਾਰੀ ਬੋਲਿਆ, 'ਇਹ ਸਮੁੰਦਰ 'ਤੇ ਕੰਮ ਕਰਨ ਵਾਲੇ ਬੰਦੇ ਇਸ ਭੇਦ ਨੂੰ ਜਾਣਦੇ ਹਨ । ਇਹ ਸ਼ਾਇਦ ਇਸ ਕਰਕੇ ਹੈ ਕਿਉਂਕਿ ਇਹ ਦਿਨ ਰਾਤ ਮੌਤ ਦੀ ਗ੍ਰਿਫ਼ਤ ਵਿਚ ਰਹਿੰਦੇ ਹਨ ।'

ਉਸ ਨੇ ਹਵਾ ਵਿਚ ਆਪਣਾ ਵੱਡਾ ਸਾਰਾ ਮੁੱਕਾ ਲਹਿਰਾਇਆ ।

ਉਸ ਨੇ ਕਿਹਾ, 'ਠੀਕ ਹੈ ! ਇਹ ਦੂਸਰੀ ਗੱਲ ਹੈ । ਆਉ ਅਸੀਂ ਆਪਣੇ ਕੰਮ ਦੀ ਗੱਲ ਕਰੀਏ । ਮੈਂ ਇਥੇ ਠਹਿਰਾਂ ਕਿ ਜਾਵਾਂ ? ਫ਼ੈਸਲਾ ਕਰੋ !'

ਮੈਂ ਮਸਾਂ ਹੀ ਆਪਣੇ ਆਪ ਨੂੰ ਉਸ ਨਾਲ ਜੱਫ਼ੀ ਪਾਉਣ ਤੋਂ ਰੋਕਿਆ ਤੇ ਕਿਹਾ, 'ਜ਼ੋਰਬਾ, ਮੈਂ ਸਹਿਮਤ ਹਾਂ । ਤੂੰ ਮੇਰੇ ਨਾਲ ਚੱਲ । ਮੇਰੇ ਕੋਲ ਕਰੀਟ ਵਿਚ ਪੱਥਰ ਦੇ ਕੱਚੇ ਕੋਲੇ ਦੀ ਖਾਣ ਹੈ । ਤੂੰ ਉਥੇ ਕਾਮਿਆਂ ਦੀ ਨਿਗਰਾਨੀ ਕਰ ਸਕਦਾ ਹੈਂ । ਸ਼ਾਮ ਨੂੰ ਅਸੀਂ ਰੇਤ 'ਤੇ ਲੰਮੇ ਪਿਆ ਕਰਾਂਗੇ । ਇਸ ਸੰਸਾਰ 'ਚ ਨਾ ਤਾਂ ਮੇਰੀ ਪਤਨੀ ਹੈ, ਨਾ ਬੱਚੇ ਤੇ ਨਾ ਕੁੱਤੇ...ਅਸੀਂ ਇਕੱਠੇ ਖਾਇਆ ਪੀਆ ਕਰਾਂਗੇ ਤੇ ਫੇਰ ਤੂੰ ਸੰਤੂਰੀ ਵਜਾਇਆ ਕਰੀਂ ।'

'ਕੀ ਤੁਸੀਂ ਸੁਣਦੇ ਪਏ ਹੋ ਕਿ ਸੰਤੂਰੀ ਮੈਂ ਉਦੋਂ ਹੀ ਵਜਾਵਾਂਗਾ, ਜਦੋਂ ਮੇਰਾ ਮਨ ਕਰੇਗਾ । ਸਿਰਫ਼ ਉਦੋਂ, ਜਦੋਂ ਮੇਰਾ ਮਨ ਕਰੇਗਾ । ਮੈਂ ਤੁਹਾਡੇ ਲਈ, ਜਿੰਨਾ ਚਾਹੋ, ਕੰਮ ਕਰਾਂਗਾ । ਉਥੇ ਮੈਂ ਤੁਹਾਡਾ ਮਜ਼ਦੂਰ ਹੋਵਾਂਗਾ । ਪਰ ਜਿਥੋਂ ਤੱਕ ਸੰਤੂਰੀ ਦਾ ਸਵਾਲ ਹੈ, ਉਹ ਵੱਖਰੀ ਗੱਲ ਹੈ । ਇਹ ਇਕ ਜੰਗਲੀ ਜਾਨਵਰ ਦੀ ਤਰ੍ਹਾਂ ਹੈ, ਜਿਸ ਨੂੰ ਆਜ਼ਾਦੀ ਚਾਹੀਦੀ ਹੈ । ਜਦੋਂ ਮੇਰਾ ਮਨ ਹੋਏਗਾ, ਮੈਂ ਇਸ ਨੂੰ ਵਜਾਵਾਂਗਾ ਤੇ ਗੀਤ ਵੀ ਗਾਵਾਂਗਾ । ਮੈਂ The Zéimbéekiko (ਏਸ਼ੀਆ ਮਾਈਨਰ ਦੇ ਸਮੁੰਦਰੀ ਕੰਢੇ ਇਕ ਵੱਸੇ ਕਬੀਲੇ ਦਾ ਨਾਚ), The Hassápiko (ਬੁੱਚੜਾਂ ਦਾ ਨਾਚ), The Pentozálit (ਕਰੀਟ ਦੇ ਜੇਤੂ ਯੋਧਿਆਂ ਦਾ ਨਾਚ) ਦੇ ਨਾਚ ਵੀ ਕਰਾਂਗਾ ਪਰ ਮੈਂ ਤੁਹਾਨੂੰ ਸ਼ੁਰੂ ਤੋਂ ਹੀ ਸਾਫ਼-ਸਾਫ਼ ਦੱਸ ਦੇਵਾਂ ਕਿ ਇਸ ਵਾਸਤੇ ਮੇਰਾ ਜੀਅ ਜ਼ਰੂਰ ਕਰਦਾ ਹੋਵੇ । ਇਹ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ । ਜੇ ਤੁਸੀਂ ਮੈਨੂੰ ਇਹ ਜ਼ਬਰਦਸਤੀ ਵਜਾਉਣ ਲਈ ਕਹੋਗੇ, ਤਾਂ ਇਹ ਸਮਝੌਤਾ ਖ਼ਤਮ । ਜਿਥੋਂ ਤੱਕ ਹੋਰ ਗੱਲਾਂ ਦਾ ਸੰਬੰਧ ਹੈ, ਤੁਹਾਨੂੰ ਇਹ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ ਕਿ ਮੈਂ ਇਕ ਇਨਸਾਨ ਵੀ ਹਾਂ ।'

'ਇਨਸਾਨ ? ਕੀ ਮਤਲਬ ਹੈ ਇਸਦਾ ?'

'ਹਾਂ, ਆਜ਼ਾਦ ਇਨਸਾਨ !'

ਮੈਂ ਹੋਰ ਰੰਮ ਵਾਸਤੇ ਕਿਹਾ ।

ਜ਼ੋਰਬਾ ਜ਼ੋਰ ਦੀ ਬੋਲਿਆ, 'ਦੋ ਪੈੱਗ ਬਣਾਉ, ਤਾਂ ਕਿ ਅਸੀਂ ਇਕੱਠੇ ਇਕ ਦੂਜੇ ਦੀ ਸਿਹਤ ਲਈ ਜਾਮ ਪੀਣ ਦਾ ਆਨੰਦ ਮਾਣ ਸਕੀਏ । ਕਾਹੜਾ ਤੇ ਰੰਮ ਦੋਵੇਂ ਇਕੱਠੇ ਨਹੀਂ ਚੱਲ ਸਕਦੇ । ਤੁਸੀਂ ਵੀ ਰੰਮ ਹੀ ਪੀਉਗੇ ਤਾਂ ਕਿ ਸਾਡਾ ਸਮਝੌਤਾ ਠੀਕ ਠਾਕ ਰਹੇ ।'

ਅਸੀਂ ਆਪਣੇ ਛੋਟੇ-ਛੋਟੇ ਜਾਮ ਟਕਰਾਏ । ਹੁਣ ਸਚਮੁੱਚ ਦਿਨ ਦਾ ਚਾਨਣ ਹੋ ਗਿਆ ਸੀ । ਜਹਾਜ਼ ਆਪਣੀ ਵਿਸਲ ਦੇ ਰਿਹਾ ਸੀ । ਮਾਲ ਢੋਣ ਵਾਲੇ ਬੰਦੇ, ਜਿੰਨ੍ਹਾਂ ਮੇਰੇ ਸੂਟ ਕੇਸ ਫੜੇ ਹੋਏ ਸਨ, ਉਨ੍ਹਾਂ ਨੇ ਮੈਨੂੰ ਇਸ਼ਾਰਾ ਕੀਤਾ ।

ਮੈਂ ਉੱਠਣ ਲੱਗੇ ਨੇ ਕਿਹਾ, 'ਰੱਬਾ, ਸਾਡਾ ਸਾਥ ਦੇਵੀਂ ! ਚੱਲ ਬਈ ਚੱਲੀਏ !'

ਜ਼ੋਰਬਾ ਨੇ ਚੁਪਕੇ ਜਿਹੇ ਕਿਹਾ, 'ਰੱਬ ਵੀ ਤੇ ਸ਼ੈਤਾਨ ਵੀ ।'

ਉਸ ਨੇ ਝੁਕ ਕੇ ਸੰਤੂਰੀ ਆਪਣੀ ਬਾਂਹ ਦੇ ਥੱਲੇ ਕੀਤੀ, ਦਰਵਾਜ਼ਾ ਖੋਲ੍ਹਿਆ ਤੇ ਪਹਿਲਾਂ ਉਹ ਹੀ ਬਾਹਰ ਨਿਕਲਿਆ ।

ਮਹਾਕਵੀ **ਰਾਬਿੰਦਰ ਨਾਥ ਠਾਕੁਰ** ਦੀ
ਬੰਦਾ ਸਿੰਘ ਬਹਾਦਰ ਸੰਬੰਧੀ ਲਿਖੀ ਬੰਗਾਲੀ ਕਵਿਤਾ

ਅਨੁਵਾਦ : *ਸੁਰਜੀਤ ਪਾਤਰ, ਪ੍ਰਦੀਪ ਬੋਸ*




## *ਬੀਰ ਬੰਦੀ*

1

ਪੰਜਾਂ ਦਰਿਆਵਾਂ ਦੇ ਕੰਢੇ
ਸੀਸ ਸੋਹਣੇ ਕੇਸ ਜੂੜੇ
ਸਤਿਗੁਰੂ ਦਾ ਸ਼ਬਦ ਸੁਣ ਕੇ
ਦੇਖਦੇ ਹੀ ਦੇਖਦੇ
ਜਾਗ ਉੱਠੇ ਸਿੰਘ ਸੂਰੇ
ਮੋਹ ਤੇ ਮਮਤਾ ਤੋਂ ਨਿਰਾਲਮ
ਨਿਰਭਉ ਨਿਰਵੈਰ ਯੋਧੇ

2

ਦਿਸਹਦੇ ਤੋਂ
ਸਹਿਸਰਾਂ ਕੰਠਾਂ ਚੋਂ ਉਠਿਆ
ਸਿੰਘਨਾਦ :
ਵਾਹਿਗੁਰੂ ਜੀ ਕੀ ਫ਼ਤਹਿ
ਹੋ ਰਿਹਾ ਸੂਰਜ ਉਦੈ
ਫੁੱਟੀਆਂ ਸੂਰਜ ਦੀਆਂ ਕਿਰਣਾਂ ਜਿਨ੍ਹਾਂ ਨੂੰ
ਦੇਖਦੇ ਉਹ ਅੱਖ ਝਮਕਣ ਦੇ ਬਗੈਰ

3

ਗੂੰਜ ਉੱਠਿਆ ਮਹਾਨਾਦ
ਅਲਖ ਨਿਰੰਜਨ
ਟੁੱਟੇ ਬੰਧਨ
ਖ਼ੌਫ਼ ਮੁੱਕਿਆ
ਤੇਗਾਂ ਦੀ ਟੁਣਕਾਰ ਜਾਗੀ

ਸੀਨਿਆਂ ਦੇ ਹੁਲਾਸ ਚੋਂ
ਗਰਜ ਉੱਠਿਆ ਏ ਪੰਜਾਬ

4

ਚੜ੍ਹ ਪਿਆ ਉਹ ਦਿਨ
ਛੱਡ ਕੇ ਪ੍ਰਾਣਾਂ ਦੀ ਚਿੰਤਾ
ਮੁਕਤ ਹੋ ਕੇ ਬੰਧਨਾਂ ਤੋਂ
ਸਭ ਰਿਣਾਂ ਤੋਂ
ਜ਼ਿੰਦਗੀ ਤੇ ਮੌਤ ਨੂੰ ਕਰਕੇ ਗੁਲਾਮ
ਚਿੱਤ ਨਿਰਭਉ ਤੇ ਅਡੋਲ
ਦਸਾਂ ਕੰਢਿਆਂ ਵਿਚ ਘਿਰਿਆਂ
ਪੰਜਾਂ ਦਰਿਆਵਾਂ ਦੇ ਕੰਢੇ
ਚੜ੍ਹ ਪਿਆ ਉਹ ਦਿਨ

5

ਦਿੱਲੀ ਦੇ ਸ਼ਾਹੀ ਮਹਿਲ ਵਿਚ
ਸ਼ਹਿਨਸ਼ਾਹ ਦੀ
ਉੱਖੜਦੀ ਏ ਨੀਂਦ ਮੁੜ ਮੁੜ
ਸੁਣ ਕੇ ਉਹ ਵਾਜਾਂ
ਜਿਨ੍ਹਾਂ ਨੇ
ਕਾਲੇ ਸ਼ਾਹ ਹੋਏ ਗਗਨ ਵਿਚ ਛੇਕ ਪਾ ਦਿੱਤੇ ਜਿਵੇਂ
ਤੇ ਮਿਸ਼ਾਲਾਂ ਅਰਸ਼ ਦੇ ਪੱਲੂ ਨੂੰ ਜਾਣੋਂ ਅੱਗ ਲਾਵਣ ਲੱਗੀਆਂ

6

ਪੰਜਾਂ ਦਰਿਆਵਾਂ ਦੇ ਕੰਢੇ
ਜੁੱਸਿਆਂ ਵਿਚ ਰੱਤ ਠਾਠਾਂ ਮਾਰਦੀ
ਮੁਕਤ ਹੋ ਕੇ
ਲੱਖਾਂ ਲੋਕੀਂ ਦੌੜ ਉੱਠੇ ਇਕ ਦਿਸ਼ਾ ਵਿਚ
ਜਿਸ ਤਰਾਂ ਕਿ ਲੱਖਾਂ ਪੰਛੀ
ਉਡਣ ਛੱਡ ਕੇ ਆਲ੍ਹਣੇ
ਅਪਣੀ ਧਰਤੀ ਨੂੰ ਬਚਾਵਣ ਵਾਸਤੇ
ਮੱਥਿਆਂ ਤੇ ਤਿਲਕ ਲਾ ਕੇ ਰੱਤ ਦੇ
ਵੀਰ ਯੋਧੇ ਬਲੀ ਭਾਰੇ
ਪੰਜ ਨਦੀਆਂ ਦੇ ਕਿਨਾਰੇ

7

ਮੁਗਲ ਤੇ ਸਿੱਖ ਲੜ ਰਹੇ
ਮੌਤ ਦੀ ਜੱਫੀ ਚ ਜਿੰਦਾਂ
ਲੜਦੇ ਹੋਵਣ ਸੱਪ ਤੇ ਬਾਜ਼
ਫੜ ਕੇ ਇਕ ਦੂਜੀ ਦੀ ਘੰਡੀ
ਲੜ ਰਹੇ ਨੇ ਚੁੰਝ ਤੇ ਡੰਗ
ਸਿੱਖ ਗਰਜੇ ਵਾਹਿਗੁਰੂ ਜੀ ਕੀ ਫ਼ਤਹਿ
ਤੇ ਦਹਾੜੇ ਖ਼ੂਨ ਦੇ ਪਿਆਸੇ ਮੁਗਲ :

ਦੀਨ ਦੀਨ

8

ਗੁਰਦਾਸਪੁਰ ਦੀ ਗੜ੍ਹੀ ਵਿਚੋਂ
ਕੈਦ ਕੀਤਾ ਬਲੀ ਯੋਧਾ
ਕਿਸੇ ਬੱਬਰ ਸ਼ੇਰ ਵਾਂਗੂੰ
ਉਸ ਦਿਆਂ ਪੈਰਾਂ ਦੇ ਵਿਚ ਪਾ ਕੇ ਫੌਲਾਦੀ ਬੇੜੀਆਂ
ਤੁਰ ਪਈ ਲੈ ਕੇ ਤੂਰਾਨੀ ਫ਼ੌਜ ਅੱਜ
ਸਿੰਘਾਂ ਨੂੰ ਦਿੱਲੀ ਦੇ ਵੱਲ

9

ਅੱਗੇ ਅੱਗੇ ਚੱਲ ਰਹੀ ਸੀ ਮੁਗਲ ਸੈਨਾ
ਧੂੜ ਰਾਹਾਂ ਦੀ ਉਡਾਉਂਦੀ
ਸੀਸ ਸਿੰਘਾਂ ਸੂਰਿਆਂ ਦੇ
ਬਰਛਿਆਂ ਤੇ ਟੰਗ ਕੇ
ਝੰਡਿਆਂ ਵਾਂਗੂੰ ਝੁਲਾਉਂਦੀ
ਪਿੱਛੇ ਪਿੱਛੇ ਸੱਤ ਸੌ ਸਿੰਘਾਂ ਦੀ ਆਉਂਦੀ ਸੀ ਵਹੀਰ
ਬੇੜੀਆਂ ਜੰਜੀਰਾਂ ਸੰਗਲ ਛਣਛਣਾਉਂਦੀ

ਲੋਕ ਦਿੱਲੀ ਸ਼ਹਿਰ ਦੇ
ਉਮਡ ਕੇ ਸੜਕਾਂ ਕਿਨਾਰੇ ਆ ਖੜੇ
ਜਾਂ ਖਿੜਕੀਆਂ ਚੋਂ ਝਾਕਦੇ ਸਨ
ਵਾਹਿਗੁਰੂ ਜੀ ਕੀ ਫ਼ਤਹਿ ਦੇ
ਸਿੰਘ ਜੈਕਾਰੇ ਗੁੰਜਾਉਂਦੇ ਗਰਜਦੇ
ਜਾਨ ਜਾਵਣ ਤੋਂ ਨ ਡਰਦੇ
ਮੁਗਲ ਸੈਨਾ ਦੀ ਤੇ ਸਿੱਖਾਂ ਦੀ ਉਡਾਈ
ਉਡ ਰਹੀ ਸੀ ਧੂੜ ਦਿੱਲੀ ਸ਼ਹਿਰ ਵਿਚ

10

ਫਿਰ ਸ਼ੁਰੂ ਹੋਇਆ ਸਿੰਘਾਂ ਦਾ
ਆਪੋ ਵਿਚ ਮੁਕਾਬਲਾ
ਕੌਣ ਪਹਿਲਾਂ ਜਾਨ ਵਾਰੇ
ਹਰ ਕੋਈ ਸੀ ਉਤਾਵਲਾ
ਮੇਰੀ ਵਾਰੀ ਮੇਰੀ ਵਾਰੀ
ਹਰ ਕੋਈ ਸੀ ਆਖਦਾ
ਲੈਣੀ ਸਰਦਾਰੀ ਏ ਪਹਿਲਾਂ ਮੈਂ
ਇਹ ਸਿਰ ਕੁਰਬਾਨ ਕਰਕੇ

11

ਸੱਤ ਦਿਨ ਸੱਤ ਸੌ ਬਹਾਦਰ ਸੂਰਿਆਂ ਬਲਿਦਾਨ ਦਿੱਤਾ
ਅੰਤ ਕਾਜ਼ੀ ਲੈ ਕੇ ਆਇਆ
ਬੰਦਾ ਸਿੰਘ ਦੇ ਛੋਟੇ ਪੁੱਤ ਨੂੰ
ਹੱਥ ਜਿਸ ਦੇ ਨੂੜੇ ਹੋਏ ਪਿੱਠ ਪਿੱਛੇ
ਲਿਆ ਬਿਠਾਇਆ ਬੰਦਾ ਸਿੰਘ ਦੀ ਗੋਦ ਵਿਚ

ਤੇ ਆਖਿਆ : ਅਪਣੇ ਪੁੱਤਰ ਦਾ ਹੁਣ ਤੂੰ
ਅਪਣੇ ਹੱਥੀਂ ਕਤਲ ਕਰ
ਚੁੱਪ ਰਿਹਾ ਬੰਦਾ ਬਹਾਦਰ
ਪੁੱਤ ਨੂੰ ਸੀਨੇ ਨਾਲ ਲਾਇਆ
ਮੱਥੇ ਤੇ ਹੱਥ ਫੇਰਿਆ
ਉਸਦਾ ਮੁੱਖ ਵੱਲ ਤੱਕਦਿਆਂ
ਚੁੰਮ ਕੇ ਦਸਤਾਰ ਸੂਹੀ ਬਬੋਲਿਆ :
ਵਾਹਿਗੁਰੂ ਜੀ ਕੀ ਫ਼ਤਹਿ

12

ਬਗਲ ਵਿਚੋਂ ਕੱਢਿਆ ਖ਼ੰਜਰ
ਅਤੇ ਫਿਰ ਪੁੱਤਰ ਦੇ ਕੰਨ ਵਿਚ ਹੌਲੀ ਜੇਹੀ ਆਖਿਆ :
ਪੁੱਤਰਾ ਡਰਨਾ ਨਹੀਂ
ਨਹਿ ਭੈ ਮਾਨਤ ਆਨ
ਸੁਣ ਕੇ ਗੁਰਮੰਤ੍ਰ
ਪੁੱਤਰ ਦੀ ਛੋਟੀ ਜਿਹੀ ਕਾਇਆ ਦੇ ਅੰਦਰ
ਉੱੜਕਾਂ ਦਾ ਜੋਸ਼ ਆਇਆ
ਤੇਰੀਆਂ ਅੱਖਾਂ ਚ ਤੇਜ
ਬੋਲ ਪੁੱਤਰ ਵਾਹਿਗੁਰੂ ਜੀ ਕੀ ਫ਼ਤਹਿ

13

ਖੱਬੇ ਹੱਥ ਵਿਚ ਥੰਮ ਕੇ ਗਰਦਨ
ਸੱਜੇ ਹੱਥ ਵਿਚ ਫੜ ਕੇ ਖ਼ੰਜਰ
ਪਿਤਾ ਨੇ ਪੁੱਤਰ ਦੇ ਸੀਨੇ ...
ਆਪਣੇ ਮਾਸੂਮ ਜਿਹੇ ਬੋਲਾਂ ਚ ਪੁੱਤਰ ਨੇ ਕਿਹਾ :
ਵਾਹਿਗੁਰੂ ਜੀ ਕੀ ਫ਼ਤਹਿ
ਤੇ ਧਰਤ ਉੱਤੇ ਡਿਗ ਪਿਆ
ਦੇਖਦੀ ਚੁਪ ਚੁਪ ਰਹੀ ਕਾਜ਼ੀ ਸਭਾ

14

ਭੱਠੀ ਦੇ ਵਿਚ ਤਪੇ ਹੋਏ
ਸੁਰਖ਼ ਇਕ ਜੰਬੂਰ ਨਾਲ
ਬੰਦੇ ਦੀ ਦੇਹੀ ਨੂੰ ਇਕ ਜੱਲਾਦ ਨੇ
ਬੋਟੀ ਬੋਟੀ ਨੋਚਿਆ
ਡੋਲਿਆ ਨਾ ਵਜੂਦ ਉਸਦਾ
ਨਾ ਉਦ੍ਹੀ ਕੰਬੀ ਸੀ ਜਾਨ
ਸੀ ਨਹੀਂ ਨਿਕਲੀ ਸੀ
ਉਸ ਦੇ ਮੁੱਖ ਤੋਂ ਇਕ ਵਾਰ ਵੀ
ਉਹ ਇਉਂ ਚੁਪ ਚਾਪ ਵਿਦਿਆ ਹੋ ਗਿਆ

ਪਰ ਜੋ ਦੇਖਣ ਆਏ ਸਨ
ਉਨ੍ਹਾਂ ਕੋਲੋਂ ਦੇਖਿਆ ਨਾ ਗਿਆ ਇਹ
ਮੁੰਦ ਗਏ ਸਭਨਾਂ ਦੇ ਨੈਣ
ਭੈਅ ਅਤੇ ਕਰੁਣਾ ਦੇ ਨਾਲ

ਸਹਿਮ ਸੰਨਾਟਾ ਚੁਫ਼ੇਰੇ ਛਾ ਗਿਆ ।



# ਬੰਦਾ ਬਹਾਦਰ : ਯਾਦ ਅਤੇ ਇਤਿਹਾਸ

*ਪ੍ਰੋ. ਭਗਵਾਨ ਜੋਸ਼*

*(ਇਹ ਲੇਖ ਡਾ. ਭਗਵਾਨ ਜੋਸ਼ ਹੁਰਾਂ ਦੀ ਤਕਰੀਰ ਦਾ ਲਿਖਤੀ ਰੂਪ ਹੈ। ਅਸੀਂ 8-9 ਜਨਵਰੀ 2016 ਨੂੰ ਮਾਤਾ ਸੁੰਦਰੀ ਕਾਲਜ, ਨਵੀਂ ਦਿੱਲੀ 'ਚ ਹੋਏ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੌਮੀ ਸੈਮੀਨਾਰ 'ਚ ਦਿੱਤੇ ਪ੍ਰਧਾਨਗੀ ਭਾਸ਼ਣ ਨੂੰ ਪੇਸ਼ ਕਰ ਰਹੇ ਹਾਂ।)*

ਮੇਰੇ ਅਧਿਆਪਕ ਪ੍ਰੋ. ਬਿਪਨ ਚੰਦਰਾ ਅਕਸਰ ਕਿਹਾ ਕਰਦੇ ਸਨ ਕਿ "ਹਰ ਭਾਰਤੀ ਆਪਣੇ ਆਪ ਨੂੰ ਇਕ ਇਤਿਹਾਸਕਾਰ ਸਮਝਦਾ ਹੈ।" ਉਹ ਕਿਹਾ ਕਰਦੇ ਸਨ ਕਿ ਜੇਕਰ 'ਇਕਾਨੋਮਿਸਟ ਵਿਚਕਾਰ ਕੋਈ ਬਹਿਸ ਹੁੰਦੀ ਹੋਵੇ, ਇਸ ਕੰਮ ਲਈ ਉਨ੍ਹਾਂ ਨੂੰ ਕੁਝ ਸੰਕਲਪ ਸਮਝਣੇ ਪੈਂਦੇ ਹਨ। ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਆਪਣੇ ਵਿਸ਼ਲੇਸ਼ਣ ਲਈ ਇਸਤੇਮਾਲ ਕਰ ਸਕਣ। ਉਨ੍ਹਾਂ ਨੂੰ ਡਿਮਾਂਡ, ਸਪਲਾਈ, ਇਨਫੀਲੇਸ਼ਨ, ਡਿਫਲੇਸ਼ਨ ਅਤੇ ਉੱਭਰ ਰਹੀਆਂ ਮੰਡੀਆਂ ਅਤੇ ਇਹ ਮੰਡੀਆਂ ਕਿਵੇਂ ਵਿਸ਼ਵ ਆਰਥਿਕਤਾ ਨਾਲ ਜੁੜੀਆਂ ਹੁੰਦੀਆਂ ਹਨ ਆਦਿ ਅਜਿਹੇ ਸੰਕਲਪ ਸਮਝਣੇ ਜ਼ਰੂਰੀ ਹੁੰਦੇ ਹਨ। ਇਨ੍ਹਾਂ ਤੋਂ ਬਿਨਾ ਉਹ ਆਪਣੇ ਵਿਸ਼ੇ ਵਿਚ ਇਕ ਆਰਥਿਕ ਮਾਹਰ ਦੇ ਤੌਰ 'ਤੇ ਵਿਚਾਰ-ਵਟਾਂਦਰਾ ਨਹੀਂ ਕਰ ਸਕਦੇ। ਸਿਵਾਏ ਇਤਿਹਾਸ ਦੇ ਬਾਕੀ ਸਾਰੇ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਤੇ ਸਮਝਣ ਪ੍ਰਕਿਰਿਆ ਲਈ ਸੰਕਲਪਾਂ ਦੀ ਲੋੜ ਪੈਂਦੀ ਹੈ। ਇਤਿਹਾਸ ਹੀ ਕੇਵਲ ਇਕ ਅਜਿਹਾ ਵਿਸ਼ਾ ਹੈ ਜਿਸ ਬਾਰੇ ਬਿਨਾ ਸੰਕਲਪ ਦੇ ਸਮਝਿਆਂ ਕੋਈ ਵੀ ਆਦਮੀ ਆਪਣੇ ਵਿਚਾਰ ਪੇਸ਼ ਕਰ ਸਕਦਾ ਹੈ। ਕੋਈ ਵੀ, ਜਿਸ ਨੂੰ ਕਿਸੇ ਵੀ ਭਾਸ਼ਾ ਵਿਚ ਲਿਖਣਾ-ਪੜ੍ਹਨਾ ਆਉਂਦਾ ਹੈ, ਆਪਣੇ ਆਪ ਨੂੰ ਇਤਿਹਾਸਕਾਰ ਕਹਿ ਕੇ ਆਪਣੇ ਵਿਚਾਰ ਪੇਸ਼ ਕਰਨ ਦਾ ਹੱਕ ਹਾਸਿਲ ਹੋ ਜਾਂਦਾ ਹੈ। ਐਸਾ ਕੋਈ ਵੀ ਵਿਅਕਤੀ ਖੜ੍ਹਾ ਹੋ ਕੇ ਇਹ ਕਹਿ ਸਕਦਾ ਹੈ ਕਿ "ਇਸ ਵਿਸ਼ੇ 'ਤੇ ਮੇਰਾ ਵਿਚਾਰ ਇਹ ਹੈ...ਜਾਂ ਮੇਰਾ ਸੱਚ ਇਹ ਹੈ...!" ਤੁਸੀਂ ਉਸ ਨੂੰ ਰਿਫਿਊਟ ਨਹੀਂ ਕਰ ਸਕਦੇ। ਤੁਸੀਂ ਇਹ ਕਹਿ ਸਕਦੇ ਹੋ ਕਿ ਮੈਂ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਹੀਂ ਹਾਂ ਅਤੇ ਮੇਰਾ ਵੱਖਰਾ ਵਿਚਾਰ ਇਸ ਤਰ੍ਹਾਂ ਹੈ।

ਜਵਾਨੀ ਵੇਲੇ ਇਕ ਮੌਕੇ 'ਤੇ ਮੈਂ ਇਹ ਸੋਚਦਾ ਸਾਂ ਕਿ ਮੈਂ ਇਕ ਮਾਰਕਸਵਾਦੀ ਚਿੰਤਕ ਬਣ ਗਿਆ ਹਾਂ। ਹੁਣ ਪਿੱਛਲਝਾਤ ਪਾਉਣ 'ਤੇ ਇਹ ਗੱਲ ਸਮਝ ਆਉਂਦੀ ਹੈ ਕਿ ਉਹ ਇਕ ਕਿਸਮ ਦੀ ਭਾਵੁਕਤਾ ਹੀ ਸੀ ਜਾਂ ਮੇਰੇ ਮਨ ਅੰਦਰ ਉੱਠਿਆ ਇਕ ਜਵਾਰਭਾਟਾ ਸੀ ਤੇ

ਫਿਰ ਮੇਰੇ ਸਿਰ ’ਤੇ ਇਕ ਇਤਿਹਾਸਕਾਰ ਬਣਨ ਦਾ ਜਨੂੰਨ ਸਵਾਰ ਹੋਇਆ। ਜੋ ਮੈਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ’ਚ ਲੈ ਆਇਆ। ਜਿਥੇ ਮੈਂ ਇਸ ਦੇਸ ਦੇ ਪ੍ਰਮੁੱਖ ਇਤਿਹਾਸਕਾਰਾਂ ਬਿਪਨ ਚੰਦਰਾ, ਸਰਬਪੱਲੀ ਗੋਪਾਲ, ਰੋਮਿਲਾ ਥਾਪਰ ਤੇ ਹਰਬੰਸ ਮੁਖੀਆ ਜਿਹੇ ਇਤਿਹਾਸਕਾਰਾਂ ਕੋਲੋਂ ਇਤਿਹਾਸ ਦੀ ਸਮਝ ਅਤੇ ਵਿਦਿਆ ਹਾਸਿਲ ਕੀਤੀ। ਦੁਨੀਆ ਦੇ ਪ੍ਰਸਿੱਧ ਇਤਿਹਾਸਕਾਰਾਂ ਦੀਆਂ ਲਿਖਤਾਂ ਅਤੇ ਇਹ ਸਵਾਲ ‘ਇਤਿਹਾਸ ਕੀ ਹੈ ?’ ਬਾਰੇ ਬਹੁਤ ਸਾਰੇ ਵਿਚਾਰ ਪੜ੍ਹਨ ਦਾ ਮੌਕਾ ਮਿਲਿਆ। ਹੁਣ 40 ਸਾਲਾਂ ਤਕ ਇਤਿਹਾਸ ਪੜ੍ਹ ਅਤੇ ਲਿਖ ਕੇ ਮੈਂ ਇਸ ਨਤੀਜੇ ’ਤੇ ਪਹੁੰਚਿਆ ਹਾਂ ਕਿ ਇਤਿਹਾਸ ਨਾਂ ਦਾ ਕੋਈ ਅਜਿਹਾ ਵਿਸ਼ਾ ਨਹੀਂ, ਜਿਹੜਾ ‘ਸੱਚ’ ਦੀ ਭਾਲ ਕਰ ਸਕਣ ਦੇ ਕਾਬਿਲ ਹੋਵੇ। ਜੇਕਰ ਕੋਈ ਮੈਨੂੰ ਇਹ ਸੁਆਲ ਪੁੱਛੇ ਕਿ “ਕੀ ਮੈਂ ਇਤਿਹਾਸਕਾਰ ਹਾਂ...?” ਮੇਰਾ ਜਵਾਬ ਹੋਵੇਗਾ ‘ਨਹੀਂ’। ਮੈਂ ਇਤਿਹਾਸ ਨਹੀਂ ਹਾਂ...ਤਾਂ ਮੈਂ ਆਪਣੇ ਆਪ ਨੂੰ ਕਿੰਝ ਪਰਿਭਾਸ਼ਤ ਕਰਾਂਗਾ। ਜੇਕਰ ਇਤਿਹਾਸਕਾਰ ਇਹ ਕਹਿੰਦੇ ਹਨ ਕਿ ਅਸੀਂ ‘ਸੱਚ’ ਅਤੇ ਕੇਵਲ ‘ਸੱਚ’ ਦੀ ਖੋਜ ਵਿਚ ਰੁੱਝੇ ਹੋਏ ਹਾਂ ਤੇ ਅਸੀਂ ਤੁਹਾਨੂੰ ਭੂਤ ਦੇ ‘ਸੱਚ’ ਦੇ ਪ੍ਰਤੱਖ ਦਰਸ਼ਨ ਕਰਵਾ ਸਕਦੇ ਹਾਂ ਤਾਂ ਮੈਂ ਕਹਾਂਗਾ ਇਹ ਸਿਰਫ਼ ਉਨ੍ਹਾਂ ਦੇ ਦਾਅਵੇ/ਦਾਈਏ ਹਨ, ਜੋ ਉਹ ਇਕ ਦੂਸਰੇ ਦੇ ਖ਼ਿਲਾਫ਼ ਇਸਤੇਮਾਲ ਕਰਦੇ ਹਨ ਅਤੇ ਆਪਣੇ ਆਪ ਨੂੰ ਸੱਚ ਦੇ ਵਧੇਰੇ ਨਜ਼ਦੀਕ ਹੋਣ ਦਾ ਦਾਅਵੇਦਾਰ ਕਹਿੰਦੇ ਹਨ।

ਜਿਵੇਂ ਹੁਣੇ-ਹੁਣੇ ਕਿਸੇ ਨੇ ਇਹ ਸੁਆਲ ਪੁੱਛਿਆ ਸੀ ਕੀ ਬੰਦਾ ਬਹਾਦਰ ਨੂੰ ਸਿੱਖ ਰਾਜ ਦਾ ਸੰਸਥਾਪਕ ਆਖਿਆ ਜਾ ਸਕਦਾ ਹੈ ? ਸਾਨੂੰ ਕੀ ਪਤਾ ਹੈ ਕਿ ਉਸ ਦੇ (ਬੰਦਾ ਬਹਾਦਰ) ਮਨ ਵਿਚ ਗਹਿਰੀ ਤਰ੍ਹਾਂ ਇਹ ਗੱਲ ਸੀ ਕਿ ਮੈਂ (ਬੰਦਾ ਬਹਾਦਰ) ਸਿੱਖ ਰਾਜ ਦੀ ਸਥਾਪਨਾ ਕਰਨ ਜਾ ਰਿਹਾ ਹਾਂ ? ਸਾਨੂੰ ਇਸ ਗੱਲ ਦਾ ਕਿਵੇਂ ਪਤਾ ਲੱਗ ਸਕਦਾ ਹੈ ਕਿ ਉਸ ਵੇਲੇ ਉਸ ਦੇ ਮਨ ਵਿਚ ਕੀ ਸੀ ? (ਹਾਂ ! ਇਕ ਕਵੀ ਇਸ ਗੱਲ ਬਾਰੇ ਜ਼ਰੂਰ ਕਲਪਨਾ ਕਰ ਸਕਦਾ ਹੈ। ਇਹ ਕਵੀ ਜ਼ਰੂਰ ਇਕ ਖ਼ੂਬਸੂਰਤ ਨਜ਼ਮ ਵੀ ਲਿਖ ਸਕਦਾ ਹੈ।) ਜੇਕਰ ਬਾਅਦ ਦੇ ਸਮੇਂ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ-ਸਟੇਟ ਦੀ ਸਥਾਪਨਾ ਨਾ ਕੀਤੀ ਹੁੰਦੀ ਤਾਂ ਅਜਿਹੇ ਸੁਆਲ ਨੇ ਕਦੀ ਪੈਦਾ ਨਹੀਂ ਸੀ ਹੋਣਾ। ਸੋ ਇਸ ਲਈ ਇਤਿਹਾਸ ਲੇਖਣ ਇਕ ਰਿਟਰੋਸਪੈਕਟਿਵ (ਵਿਧੀ ਵਿਧਾਨ) ਹੈ ਜਿਸ ਦੇ ਰਾਹੀਂ ਅਸੀਂ ਬੀਤੇ ਸਮੇਂ ਬਾਰੇ ਵਾਰਤਾਲਾਪ ਰਚਾ ਸਕਦੇ ਹਾਂ, ਜਿਸ ਬਾਰੇ ਅਸੀਂ ਪ੍ਰਵਚਨ ਉਸਾਰ ਸਕਦੇ ਹਾਂ। ਐਸੇ ਪ੍ਰਵਚਨ ਨੂੰ ਭੋਲੇ ਲੋਕ ਇਤਿਹਾਸ ਮੰਨ ਬੈਠਦੇ ਹਨ ਕਿਉਂਕਿ ਇਤਿਹਾਸਕਾਰ, ਇਤਿਹਾਸਕਾਰ ਹਨ। ਪਰ ਕੋਈ ਇਤਿਹਾਸਕਾਰ ਤੁਹਾਨੂੰ ਬੀਤੇ ਸਮੇਂ ਦੇ ਸੱਚ ਲਿਆ ਕੇ, ਤੁਹਾਡੇ ਸਾਹਮਣੇ ਪ੍ਰਦਰਸ਼ਿਤ ਨਹੀਂ ਕਰਵਾ ਸਕਦਾ। ਇਤਿਹਾਸਕਾਰ ਵੀ ਆਦਰਸ਼ ਵਿਚਾਰਾਂ ਅਤੇ ਵਿਚਾਰਧਾਰਾਵਾਂ ਨਾਲ ਲਿਪਤ ਹੋਏ ਹੁੰਦੇ ਹਨ ਭਾਵੇਂ ਉਹ ਇਹ ਗੱਲ ਜਾਣਦੇ ਹੋਣ ਜਾਂ ਨਾ। ਇੰਜ ਉਹ ਇਕ ਪ੍ਰਵਚਨ ਖੜ੍ਹਾ ਕਰਦੇ ਹਨ ਜਿਸ ਨੂੰ ਨਾ ਤਾਂ ਸੱਚ ਕਿਹਾ ਜਾ ਸਕਦਾ ਹੈ, ਨਾ ਝੂਠ।

ਇਤਿਹਾਸਕਾਰ ਹੋਣਾ ਵੀ ਆਪਣੇ ਆਪ ’ਚ ਇਕ ਸੰਕਲਪਿਤ, ਆਦਰਸ਼ਕ ਹੋਣਾ ਹੈ। ਪੱਛਮੀ ਸਮਾਜ ਦੇ ਪ੍ਰਸੰਗ ਵਿਚ ਇਸ ਸੰਕਲਪ ਨੂੰ ਬਹੁਤ ਸਾਰੀ ‘ਅਥਾਰਟੀ’, ਗ਼ਲਬਾ, ਸਿਰਦਾਰੀ, ਤਾਕਤ, ਧੌਂਸ, ਦਾਅਵੇ ਨੇ ਅੰਦਰੂਨੀ ਤੌਰ ’ਤੇ ਮੱਲਿਆ ਹੋਇਆ ਹੈ। ਇੰਞ ਇਹ ਪਰੰਪਰਾ ਕਾਇਮ ਹੋ ਗਈ ਕਿ ‘ਜੋ ਇਤਿਹਾਸਕਾਰ’ ਹੁੰਦਾ ਹੈ ਉਹ ਸਮਾਜ ਨੂੰ ਸੱਚ ਦਾ ਸ਼ੀਸ਼ਾ ਦਿਖਾਉਂਦਾ ਹੈ। ਬੀਤੇ ਸਮੇਂ ਦੇ ਸੱਚ ਨੂੰ, ਸਮੇਂ ਦੇ ਡੂੰਘੇ ਖੂਹ ’ਚੋਂ ਕੱਢ ਕੇ ਅੱਜ ਦੇ ਸਮਾਜ ਦੇ ਸਾਹਮਣੇ ਰੱਖਦਾ ਹੈ। ਇਹ ‘ਸੱਚ’ ਜਾਣਨ ਦਾ ਦਾਅਵਾ, ਇਤਿਹਾਸਕਾਰ ਦੇ ਦੋ ਹੋਰ ਦਾਅਵਿਆਂ ’ਤੇ ਉੱਸਰਦਾ ਹੈ—“ਮੈਂ ਤੱਥ ਜਾਣਦਾ ਹਾਂ। ਮੈਂ ‘ਸੱਚ’ ਇੰਨ-ਬਿੰਨ ਤੁਹਾਡੇ ਸਾਹਮਣੇ ਪੇਸ਼ ਕਰ ਸਕਦਾ ਹਾਂ ਤੇ ਇੰਞ ਮੈਂ ਤੁਹਾਨੂੰ ਬੀਤੇ ਦਾ ਸੱਚ ਦੱਸ ਸਕਦਾ ਹਾਂ।” ਤੱਥਾਂ ਦੀਆਂ ਕਿੰਨੀਆਂ ਹੀ ਵਿਧੀਆਂ ਤੇ ਪ੍ਰਸੰਗਾਂ-ਸੰਦਰਭਾਂ ’ਚ ਵਿਆਖਿਆ ਕੀਤੀ ਜਾਂਦੀ ਹੈ ਜਿਨ੍ਹਾਂ ਅਸੀਂ ਤੱਥਾਂ ਦਾ ਦਰਜਾ ਦਿੰਦੇ ਹਾਂ...ਉਹ ਪਿੱਗੀ ਬੈਕ ਸਮਾਜਕ ਕੀਮਤਾਂ ਨਾਲ ਅਟੁੱਟ ਤੌਰ ’ਤੇ ਚਿੰਬੜੇ ਹੋਏ ਹੁੰਦੇ ਹਨ। ਅਜਿਹੇ ਕੋਈ ਤੱਥ ਨਹੀਂ ਹੁੰਦੇ ਜਿਨ੍ਹਾਂ ’ਤੇ ਸਮਾਜਕ ਕੀਮਤਾਂ-ਕਦਰਾਂ ਦੀ ‘ਪਾਹ’ ਨਾ ਚੜ੍ਹੀ ਹੋਵੇ। ਮੈਂ ਤੁਹਾਡੇ ਨਾਲ ਉਪਰੋਕਤ ਦਰਸਾਏ, ਇਤਿਹਾਸਕਾਰ ਵਾਂਗ ਗੱਲ ਨਹੀਂ ਕਰ ਰਿਹਾ ਹਾਂ ਜੋ ਇਤਿਹਾਸ ਤੇ ਸਾਹਿਤ ਦੇ ਸੰਸਾਰਾਂ ਦੇ ਆਪਸੀ ਤਾਣੇ-ਬਾਣੇ ਵਿਚਕਾਰ ਸਥਿਤ ਹੋਇਆ ਦਿਖਾਈ ਦਿੰਦਾ ਹੈ ਅਤੇ ਇਸੇ ਸਥਿਤੀ ਤੋਂ ਖੜ੍ਹੇ ਹੋ ਕੇ ਮੈਂ ਸਿੱਖ-ਇਤਿਹਾਸ ਨੂੰ ਕਮਾਲ ਦੇ ਵਰਤੇ-ਵਰਤਾਰੇ ਵਜੋਂ ਸਮਝ ਰਿਹਾ ਹਾਂ। ਇਤਿਹਾਸਕਾਰ ਇਕ ਦੂਜੇ ਦੇ ਵਿਚਾਰ ਨੂੰ ਕਾਨਟੈਸਟ ਕਰਦੇ ਹਨ। ਇਕ ਕਹਿੰਦਾ ਹੈ ਕਿ ‘ਸੱਚ ਇਹ ਹੈ ਤੇ ਇੰਞ ਹੈ’। ਦੂਜਾ ਆਖਦਾ ਏ, ‘ਨਹੀਂ ਨਹੀਂ...ਅਸਲ ਵਿਚ ‘ਸੱਚ’ ਇਹ ਹੈ ਜੋ ਮੈਂ ਕਹਿ ਰਿਹਾ ਹਾਂ।’ ਕੀ ਇਸ ਤਰ੍ਹਾਂ ਦੇ ਇਤਿਹਾਸਕ ‘ਸੱਚ’ ਬਾਰੇ ਵਿਚਾਰਾਂ ਦੇ ਭੇੜ ਬਾਰੇ ਯਕੀਨ/ਦਾਅਵੇ ਨਾਲ ਇਹ ਕਹਿ ਸਕਦੇ ਹੋ ਕਿ ਇਹ ਸੱਚ ਹੈ ? ‘ਸੱਚ ਇਤਿਹਾਸਕਾਰਾਂ ਦੁਆਰਾ ਨਿਸਚਿਤ ਤੇ ਆਧਾਰਿਤ ਕੀਤੀ ਉਹ ਸਪੇਸ ਹੁੰਦੀ ਹੈ...ਜਿਸ ਬਾਰੇ ਉਹ ਸਾਰੇ ਤਕਰੀਬਨ ਸਹਿਮਤ ਹੁੰਦੇ ਹਨ...। ਬਾਕੀ ਸਭ ਦੂਸਰੀਆਂ ਗੱਲਾਂ ’ਤੇ ਇਤਿਹਾਸਕਾਰ ਇਕ ਦੂਸਰੇ ਨਾਲ ਗੁੱਥਮ-ਗੁੱਥਾ ਹੁੰਦੇ ਹਨ ਤੇ ਆਪਣੇ-ਆਪ ਨੂੰ ‘ਸੱਚ’ ਦੇ ਵਧੇਰੇ ਨਜ਼ਦੀਕ ਹੋਣ ਦਾ ਦਾਅਵਾ ਕਰਦੇ ਹਨ। ਇਕ ਹੋਰ ਮਹੱਤਵਪੂਰਨ ‘ਗੱਲ’ ਜਿਸ ਬਾਰੇ ਇਤਿਹਾਸਕਾਰ ਅਕਸਰ ‘ਚੁੱਪ’ ਰਹਿੰਦੇ ਹਨ, ਉਹ ਇਹ ਹੈ ਕਿ ‘ਜਿਸ ਨੂੰ’ ਉਹ ਇਤਿਹਾਸ ਕਹਿੰਦੇ ਹਨ ਉਹ ਸਿਆਸਤ ਦੇ ਸੰਸਾਰ ਦੇ ਨਾਲ ਅਟੁੱਟ ਤੌਰ ’ਤੇ ਜੁੜਿਆ ਹੋਇਆ ਹੁੰਦਾ ਹੈ ਜਾਂ ਇੰਜ ਕਹੋ “ਉਹ ਸਿਆਸੀ ਪ੍ਰਸੰਗ ਦੇ ਤਾਣੇ-ਬਾਣੇ ਵਿਚ ਕਿਤੇ ਨਾ ਕਿਤੇ ਸਥਿਤ ਹੋਇਆ ਦਿਖਾਈ ਦਿੰਦਾ ਹੈ। ਜਿਥੇ ਸਿਆਸਤ ਦੀ ਦਖ਼ਲਅੰਦਾਜ਼ੀ ਹੋਵੇ, ਉਥੇ ਤੁਸੀਂ ਇਹ ਨਹੀਂ ਕਹਿ ਸਕਦੇ ‘ਕਿ ਸੱਚ ਇਹ ਹੈ।’ ਤੁਹਾਨੂੰ ਪਤੈ ਕਿ ਸਟਾਲਿਨ ਨੇ ਰੂਸੀ ਇਨਕਲਾਬ ਦਾ ਇਤਿਹਾਸ ਕਿਵੇਂ ਲਿਖਿਆ ਸੀ...ਕਿਵੇਂ ਲਿਖਵਾਇਆ ਸੀ ? ਅੱਜ ਸਭ ਨੂੰ ਇਸ ਗੱਲ ਦਾ ਪਤਾ ਹੈ ਕਿ ਇਤਿਹਾਸਕ ਫੋਟੋਆਂ, ਤਸਵੀਰਾਂ ਵਿਚੋਂ ਚੁਣ-ਚੁਣ ਕੇ ਵਿਅਕਤੀਆਂ ਨੂੰ ਲੋਪ ਕਰ ਦਿੱਤਾ ਗਿਆ ਸੀ, ਘਟਨਾਵਾਂ ਨੂੰ ਵੀ ਜਾਂ ਤਾਂ ਤੋੜ-ਮਰੋੜ ਦਿੱਤਾ ਸੀ ਜਾਂ ਉਨ੍ਹਾਂ ਦਾ ਜ਼ਿਕਰ ਹੀ ਨਾ ਕੀਤਾ ਗਿਆ। ਇੰਝ ਇਤਿਹਾਸ ਸਿਰਫ਼ ਉਹ ਹੀ ਨਹੀਂ ਹੁੰਦਾ ਜੋ ਤੁਹਾਨੂੰ ਦੱਸਿਆ ਜਾਂ ਦਰਸਾਇਆ ਜਾ ਰਿਹਾ ਹੈ। ਇਤਿਹਾਸ ਉਹ ਵੀ ਹੁੰਦਾ ਹੈ ਜੋ ਮਿਟਾ ਦਿੱਤਾ ਗਿਆ ਹੋਵੇ ਜਾਂ ਜਿਸ ਨੂੰ ਗ਼ੈਰ-ਜ਼ਰੂਰੀ ਸਮਝ ਕੇ ਅੱਖੋਂ-ਪਰੋਖੇ ਕਰ ਦਿੱਤਾ ਗਿਆ ਹੋਵੇ ਜਾਂ ਇਹ ਕਹਿ ਕੇ ਗੱਲ ਨੂੰ ਬਰਖਾਸਤ ਕਰ ਦਿੱਤਾ ਗਿਆ ਹੋਵੇ ਕਿ ਇਹ ਇਤਿਹਾਸਕ ਸੋਮਾ ਕੇਵਲ ਝੂਠ ਦਾ ਪੁਲਿੰਦਾ ਹੈ। ਹੁਣੇ-ਹੁਣੇ ਹਰਵਿੰਦਰ ਨੇ ਬੰਦਾ ਸਿੰਘ ਬਹਾਦਰ ਬਾਰੇ ਇਕ ਖ਼ੂਬਸੂਰਤ ਪਰਚਾ ਪੜ੍ਹਿਆ ਜਿਸ ਵਿਚ ਇਤਿਹਾਸਕਾਰ ਆਪਣੇ ਕੋਲ ਬੰਦੇ ਦੇ ‘ਸੱਚ’ ਹੋਣ ਦਾ ਦਾਅਵਾ ਕਰਦਾ ਹੈ ਤੇ ਦੂਸਰੇ ਵਿਚਾਰ ਨੂੰ ਪਛਾੜਨ ਦੀ

ਕੋਸ਼ਿਸ਼ ਕਰਦਾ ਹੈ।

ਅੱਜ ਸਭ ਤੋਂ ਮਹੱਤਵਪੂਰਨ ਸੁਆਲ ਜੋ ਮੇਰੇ ਮਨ ’ਚ ਵਾਰ-ਵਾਰ ਉੱਠਦਾ ਹੈ ਕਿ ਅੱਜ ਬੰਦਾ ਬਹਾਦਰ ਅਤੇ ਉਸ ਨਾਲ ਜੁੜਿਆ ਇਤਿਹਾਸ ਕਿਉਂ ਐਨੀ ਤੇਜ਼-ਤਰਾਰ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ ? ਬੰਦੇ ਬਾਰੇ ਇੰਨੀ ਵਿਚਾਰ ਚਰਚਾ ਅਤੇ ਵਿਚਾਰਾਂ ਦਾ ਭੇੜ ਕਿਉਂ ਹੋ ਰਿਹਾ ਹੈ ? ਇਸ ਤਰ੍ਹਾਂ ਦੀ ਬਹਿਸ 20-30 ਸਾਲ ਪਹਿਲਾਂ ਨਹੀਂ ਸੀ ਚਰਚਾ ਵਿਚ ਆਈ। ਉਸ ਵਕਤ ਕੋਈ ਹੋਰ ਇਤਿਹਾਸਕ ਸਿੱਖ ਹਸਤੀਆਂ ਸਨ, ਜਿਨ੍ਹਾਂ ਬਾਰੇ ਚਰਚਾ ਹੋ ਰਹੀ ਸੀ। ਅੱਜ ਕੱਲ੍ਹ ਬੰਦੇ ਬਹਾਦਰ ਨੂੰ ਲੈ ਕੇ ਵਿਚਾਰਾਂ ਦਾ ਭੇੜ ਕਿਉਂ ਹੋ ਰਿਹਾ ਹੈ ? ਮੇਰੇ ਕੋਲ ਇਸ ਦਾ ਇਕ ਤਟ-ਫਟ ਜਵਾਬ ਹੈ, ਦੂਸਰਾ ਲੰਮੇ ਜਵਾਬ ਦੇਣ ਦਾ ਸਮਾਂ ਵੀ ਨਹੀਂ ਸਾਡੇ ਕੋਲ। ਅੱਜ ਸਮੁੱਚੇ ਭਾਰਤ ਵਿਚ ਹਾਸ਼ੀਏ ’ਤੇ ਰੱਖੀਆਂ ਧਿਰਾਂ ਆਪਣੀ ਸਥਿਤੀ ਨੂੰ ਲੈ ਕੇ ਰੋਸ ਲਹਿਰਾਂ ਵਿਚ ਖੜ੍ਹੀਆਂ ਹੋ ਰਹੀਆਂ ਹਨ ਤੇ ਸਿਆਸੀ ਤਾਕਤ ’ਤੇ ਕਬਜ਼ਾ ਕਰਨ ਲਈ ਤਿਆਰੀਆਂ ਕਸ ਰਹੀਆਂ ਹਨ। ਜੋ ਵੀ ਸਿਆਸਤਦਾਨ ਜਾਂ ਸਿਆਸੀ ਦਲ ਇਸ ਇਤਿਹਾਸਕ ਮੋੜ ’ਤੇ ਹੋ ਸਕਣ ਵਾਲੇ ਭਵਿੱਖੀ ਨਤੀਜਿਆਂ ਨੂੰ ਅੱਖੋਂ ਪਰੋਖੇ ਕਰੇਗਾ, ਐਸੇ ਦਲ ਜਾਂ ਸਿਆਸਤਦਾਨ ਦਾ ਭਵਿੱਖ ਬਹੁਤ ਰੌਸ਼ਨ ਦਿਖਾਈ ਨਹੀਂ ਦੇਵੇਗਾ। ਇਹੀ ਕਾਰਨ ਹੈ ਕਿ ਅੱਜ ਅੰਬੇਦਕਰ ਨੂੰ ਸਾਡੇ ਸਮਾਜ ਵਿਚ ਗਾਂਧੀ ਤੋਂ ਵੱਡੇ ਨਾਇਕ ਤੌਰ ’ਤੇ ਪੇਸ਼ ਕੀਤਾ ਜਾ ਰਿਹਾ ਹੈ। ਬੰਦਾ ਬਹਾਦਰ ਸਿੱਖ ਇਤਿਹਾਸ ਦੇ ਹਾਸ਼ੀਏ ’ਤੇ ਰੱਖੀ ਗਈ ਉਹ ਹਸਤੀ ਹੈ, ਜਿਸ ਨੇ ਮੁੱਖ ਧਾਰਾ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ। ਇਕ ਅਜਿਹੀ ਸ਼ਕਤੀ ਉਰਜਿਤ ਕੀਤੀ ਜਿਸ ਨਾਲ ਬਾਅਦ ਵਿਚ ਰਣਜੀਤ ਸਿੰਘ ਨੂੰ, ਸਿੱਖ ਰਾਜ ਨੂੰ ਸਥਾਪਤ ਕਰਨ ਦਾ ਮਾਣ/ਪ੍ਰਸੰਸਾ ਵੀ ਬਖ਼ਸ਼ਿਸ਼ ਹੋਈ। ਅਜਿਹਾ ਕਰਨ ਵਿਚ ਬੰਦੇ ਦੀ ਕਮਾਲ ਦੀ ਮਹਾਨਤਾ ਹੈ। ਜਿਸ ਨੂੰ ਐਪਰੋਪ੍ਰੀਏਟ ਕਰਨ ਲਈ ਸਭ ਤਰਲੋਮੱਛੀ ਹੋ ਰਹੇ ਹਨ। ਅੱਜ ਭੰਡੇ-ਛੰਡੇ ਸਿਆਸਤਦਾਨਾਂ ਤੇ ਸਿਆਸੀ ਦਲਾਂ ਨੂੰ ਅਜਿਹੀ ਅਨੂਠੀ ਤੇ ਬੇਗ਼ਰਜ਼ ਮਹਾਨਤਾ ਦੀ ਬੜੀ ਡਾਢੀ ਲੋੜ ਹੈ। ਅਜਿਹੇ ਲੋਕਾਂ ਦੁਆਰਾ ਅੱਜ ਬੰਦੇ ਬਹਾਦਰ ਨੂੰ ਸਿੱਖ-ਇਤਿਹਾਸ ਦੇ ਇਕ ਮਹਾਨਾਇਕ ਬਣਾਉਣ ਦੀ ਕੋਸ਼ਿਸ਼ ਜਾਰੀ ਹੈ ਔਰ ਇਸ ‘ਕੰਮ’ ਵਿਚ ਉਹ ਇਤਿਹਾਸਕਾਰ ਕਾਫ਼ੀ ‘ਸੇਵਾ’ ਕਰ ਸਕਦੇ ਹਨ ਜੋ ਬੰਦੇ ਬਾਰੇ ਸਿਲਸਿਲੇਵਾਰ ਚਰਚਾ ਸਮਾਜ ਵਿਚ ਚਲਾਉਂਦੇ ਰਹਿਣ। ਬੰਦੇ ਨੂੰ ਅਜਿਹਾ ‘ਮਹਾਨਾਇਕ’ ਸਥਾਪਤ ਕਰਨਾ ਕੋਈ ਮਾੜੀ ਗੱਲ ਨਹੀਂ ਹੈ ਪਰ ਉਸ ਵੇਲੇ ਸਾਨੂੰ ਇਕ ਗੱਲ ਵੀ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਇਹ ਕਿਸ ਕਿਸਮ ਦੀ ਸਿਆਸਤ ਨੂੰ ਅੱਗੇ ਵਧਾਉਣ ਦਾ ਯਤਨ ਹੈ ? ਇਸ ਲਈ ਸਾਨੂੰ ਕਦੀ ਵੀ ਉਸ ਸਿਆਸੀ ਪ੍ਰਸੰਗ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ ਜਿਸ ਵਿਚ ਕਿਸੇ ਇਤਿਹਾਸਕ ਹਸਤੀ ਬਾਰੇ ਚਰਚਾ ਚੱਲ ਰਹੀ ਹੋਵੇ।

ਤੁਹਾਡੇ ਵਿਚ ਬਹੁਤ ਸਾਰਿਆਂ ਨੂੰ ਇਸ ਗੱਲ ਦਾ ਨਹੀਂ ਪਤਾ ਕਿ ਜਦ ਗਾਂਧੀ ਨੇ ਆਪਣੀ ਨਾ-ਮਿਲਵਰਤਨ ਲਹਿਰ ਸ਼ੁਰੂ ਕੀਤੀ ਤਾਂ ਉਸ ਵੇਲੇ ਆਧੁਨਿਕ ਭਾਰਤ ਦੇ ਤਿੰਨ ਮਹੱਤਵਪੂਰਨ ਵਿਦਵਾਨਾਂ ਨੇ ਆਪਣਾ ਮੁੱਖ ਸਿੱਖ-ਇਤਿਹਾਸ ਵੱਲ ਮੋੜਿਆ। ਗਾਂਧੀ, ਸਾਵਰਕਰ ਅਤੇ ਟੈਗੋਰ ਨੇ ਸਿੱਖ ਇਤਿਹਾਸ ਬਾਰੇ ਗੱਲਾਂ ਕੀਤੀਆਂ। ਇਨ੍ਹਾਂ ਚਿੰਤਕਾਂ ਨੇ ਕੋਈ ਉਸ ਸਿੱਖ-ਇਤਿਹਾਸ ਬਾਰੇ ਗੱਲ ਨਹੀਂ ਕੀਤੀ ਜਿਸ ਬਾਰੇ ‘ਕਨਸੈਨਿਸ’ ਹੈ। ਜਿਸ ’ਤੇ ਸਾਰੇ ਇਕਮੱਤ ਹੋਣ। ਸਗੋਂ ਉਨ੍ਹਾਂ ਨੇ ਸਿੱਖ-ਇਤਿਹਾਸ ਦੇ ਵੱਖ-ਵੱਖ ਪ੍ਰਸੰਗ ਤੇ ਉਨ੍ਹਾਂ ਪ੍ਰਸੰਗਾਂ ਨਾਲ ਜੁੜੀਆਂ ਸਿੱਖ-ਸ਼ਖ਼ਸੀਅਤਾਂ ਬਾਰੇ ਚਰਚਾ ਕੀਤੀ। ਮਿਸਾਲ ਦੇ ਤੌਰ ’ਤੇ ਗਾਂਧੀ ਨੇ ਨਨਕਾਣਾ ਸਾਹਿਬ ਦੇ ਦੁਖਾਂਤ ਤੇ ਉਸ ਨਾਲ ਸੰਬੰਧਤ ਸ਼ਹੀਦਾਂ ਦਾ ਜ਼ਿਕਰ ਕੀਤਾ ਜਿਥੇ 150 ਦੇ ਲਗਭਗ ਸਿੱਖਾਂ ਨੂੰ ਜਿਉਂਦਾ ਸਾੜ ਦਿੱਤਾ ਗਿਆ ਸੀ। ਭਾਵੇਂ ਉਹ ਸਿੱਖ ਸ਼ਸ਼ਤਰਬੱਧ ਸਨ ਪਰ ਤਾਂ ਵੀ ਉਨ੍ਹਾਂ ਆਪਣੇ ਵਿਰੋਧੀਆਂ ’ਤੇ ਹੱਥ ਉਠਾਉਣ ਦੀ ਕੋਈ ਕੋਸ਼ਿਸ਼ ਨਾ ਕੀਤੀ। ਜਦੋਂ ਮਹੰਤ ਦੇ ਲੋਕ ਉਨ੍ਹਾਂ ਨੂੰ ਮਾਰਨ ਤੇ ਸਾੜਨ ਵਿਚ ਰੁੱਝੇ ਸਨ। ਗਾਂਧੀ ਦਾ ਕਹਿਣਾ ਸੀ ਕਿਧਰੇ ਵੀ ਸਮੁੱਚੇ ਮਨੁੱਖੀ ਇਤਿਹਾਸ ਵਿਚ ‘ਅਹਿੰਸਾ’ ਦੀ ਮਿਸਾਲ ਨਹੀਂ ਮਿਲਦੀ ਅਤੇ ਭਾਰਤ ਦੇ ਬਾਕੀ ਲੋਕਾਂ, ਧਰਮਾਂ ਨਾਲ ਜੁੜੇ ਲੋਕਾਂ ਨੂੰ ਇਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਅਗਰ ਸਿੱਖ ਅਜਿਹਾ ਕਰ ਸਕਦੇ ਸਨ ਤਾਂ ਹੋਰ ਮਨੁੱਖਾਂ ਲਈ ਵੀ ਅਜਿਹਾ ਕਰ ਸਕਣਾ ਸੰਭਵ ਸੀ। (ਕਪੈਸਟੀ ਆਫ਼ ਪੈਸ਼ੈਂਸ਼ ਐਂਡ ਨਾਨ-ਵਾਇਲੈਂਸ ਅਮੰਗ ਦਾ ਸਿੱਖਸ)। ਆਉ ਹੁਣ ਅਸੀਂ ਸਾਵਰਕਰ ਬਾਰੇ ਗੱਲ ਕਰੀਏ ਜਿਸ ਨੇ 1909 ਵਿਚ ‘ਦ ਇੰਡੀਅਨ ਵਾਰ ਆਫ਼ ਇੰਡੀਪੈਨਡੈਂਸ’ ਕਿਤਾਬ ਲਿਖੀ ਸੀ ਇਸ ਵਿਚ ਉਹ ਗੁਰੂ ਗੋਬਿੰਦ ਸਿੰਘ ਬਾਰੇ ਗੱਲ ਕਹਿੰਦੇ ਹਨ ਕਿ ਹਿੰਦੋਸਤਾਨ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਪਹਿਲੇ ਇਨਸਾਨ ਸਨ ਜਿਨ੍ਹਾਂ ਨੇ ਸ੍ਵੈ-ਧਰਮ ਤੇ ਸ੍ਵੈ-ਰਾਜ ਦੇ ਆਪਸੀ ਅਟੁੱਟ ਤੌਰ ’ਤੇ ਜੁੜੇ ਹੋਣ ਬਾਰੇ ਕਿਹਾ ਸੀ। ਇਸ ਕਰਕੇ ਸਾਵਰਕਰ ਦਾ ਇਹ ਕਹਿਣਾ ਸੀ ਕਿ ਜੇ ਕਦੇ ‘ਪੂਰਬ’ ਵਿਚ ਇਨਕਲਾਬ ਹੋਵੇਗਾ ਤਾਂ ਉਹ ਜ਼ਰੂਰ ਹੀ ਧਰਮ ਨਾਲ ਜੁੜਿਆ ਹੋਇਆ ਹੋਵੇਗਾ। ਇਉਂ ਉਸ ਨੇ ਇਹ ਗੱਲ ਦ੍ਰਿੜ੍ਹ ਕਰਨ ਦਾ ਯਤਨ ਕੀਤਾ ਕਿ ਸਿਆਸਤ ਤੇ ਧਰਮ ਸਾਡੇ ਦੇਸ਼ ਵਿਚ ਇਕ ਦੂਸਰੇ ਨਾਲ ਅਟੁੱਟ ਤੌਰ ’ਤੇ ਜੁੜੇ ਹੋਏ ਹਨ। ਉਸ ਨੇ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਢੰਗ ਨਾਲ ਇੰਟਰਪ੍ਰੈਟ ਕਰਨ ਦੀ ਕੋਸ਼ਿਸ਼ ਕੀਤੀ। ਤੀਸਰੀ ਹਸਤੀ ਟੈਗੋਰ ਨੇ ਬੰਦਾ ਬਹਾਦਰ ਅਤੇ ਭਾਈ ਤਾਰੂ ਸਿੰਘ ਬਾਰੇ ਬੜੀਆਂ ਹੀ ਦਿਲ ਹਿਲਾ ਦੇਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ। ਉਸ ਦੀ ਬੰਦਾ ਬਹਾਦਰ ਬਾਰੇ ਲਿਖੀ ਕਵਿਤਾ ‘ਬੰਦੀ ਬੀਰ’ ਦਾ ਅੰਗਰੇਜ਼ੀ ਤਰਜਮਾ ਵੀ ਤੁਸੀਂ ਪੜ੍ਹਦੇ ਹੋ ਤਾਂ ਹੰਝੂਆਂ ਨੂੰ ਰੋਕ ਸਕਣਾ ਮੁਸ਼ਕਲ ਹੁੰਦਾ ਹੈ। ਮੇਰੇ ਬੰਗਾਲੀ ਮਿੱਤਰ ਦੱਸਦੇ ਹਨ ਕਿ ਕੋਈ ਵੀ ਬੰਗਾਲੀ ਪਾਠਕ ਰੋ-ਰੋ ਕੇ ਹੰਝੂ ਵਹਾਏ ਬਿਨਾ ਉਸ ਕਵਿਤਾ ਦਾ ਪਾਠ ਨਹੀਂ ਕਰ ਸਕਦਾ, ਜੋ ਬੰਦੇ ਉੱਪਰ ਬੀਤੀ। ਉਪਰੋਕਤ ਤਿੰਨੇ ਵਿਦਵਾਨ ਸਿੱਖ-ਇਤਿਹਾਸ ਦੇ ਜਿਸ ਤੱਤ ਬਾਰੇ ਜ਼ਿਕਰ ਕਰ ਰਹੇ ਸਨ, ਉਹ ਸੀ ‘ਨਿਡਰਤਾ’। ਉਨ੍ਹਾਂ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਸੀ ਕਿ ਜਦ ਤਕ ਲੋਕਾਂ ਦੇ ਮਨਾਂ ’ਚੋਂ ਡਰ ਨਹੀਂ ਨਿਕਲਦਾ, ਤਦ ਤਕ ਭਾਰਤੀ ਲੋਕ ਸਾਮਰਾਜਵਾਦ ਦੇ ਵਿਰੁੱਧ ਕੌਮੀ ਲਹਿਰ ਨੂੰ ਸੰਗਠਿਤ ਨਹੀਂ ਕਰ ਸਕਦੇ। ਨਿਡਰਤਾ ਇਕ ਐਸਾ ਗੁਣ ਹੈ ਜਿਸ ਨੂੰ ਗ੍ਰਹਿਣ ਕੀਤੇ ਬਿਨਾਂ, ਮਨ ’ਚ ਵਸਾਏ ਬਿਨਾ, ਦੱਬੀਆਂ ਕੁਚਲੀਆਂ ਜਾਤਾਂ, ਹਾਸ਼ੀਆਗਤ ਧਿਰਾਂ, ਸਮਾਜਕ ਨਿਆਂ ਤੇ ਆਜ਼ਾਦੀ ਲਈ ਜੱਦੋਜਹਿਦ ਨਹੀਂ ਕਰ ਸਕਦੀਆਂ। ਮੈਂ ਜੋ ਗੱਲ ਇਹ ਕਹਿਣਾ ਚਾਹੁੰਦਾ ਹਾਂ ਕਿ ਬੰਦਾ ਬਹਾਦਰ ਕੇਵਲ ਪੰਜਾਬ ਦੀ ਨਹੀਂ ਸਗੋਂ ਸਮੁੱਚੇ ਭਾਰਤੀ ਇਤਿਹਾਸ ’ਚ ਪੈਦਾ ਹੋਈ ਉਹ ਹਸਤੀ ਹੈ ਜਿਸ ਨੂੰ ਇਤਿਹਾਸ ਦੀ ਦਿਸ਼ਾ ਤੇ ਦਸ਼ਾ ਮੋੜਨ ਦਾ ਕ੍ਰੈਡਿਟ ਜਾਂਦਾ ਹੈ।



# ਇਤਿਹਾਸ ਦੀ ਪੈੜ ਨੱਪਦਿਆਂ
# ਮਹਾਂਨਾਇਕ ਬੰਦਾ ਸਿੰਘ ਬਹਾਦਰ ਦੇ ਪ੍ਰਸੰਗ ਵਿਚ

*ਜਗਮੋਹਨ ਸਿੰਘ*

ਮਾਧੋ ਦਾਸ ਬੈਰਾਗੀ ਉਰਫ਼ ਲਛਮਣ ਦਾਸ ਦੀ ਕੁਲ, ਜਾਤ, ਗੋਤਰ ਆਦਿ ਬਾਰੇ ਸਮਕਾਲੀ ਗਵਾਹੀਆਂ ਦੀ ਅਣਹੋਂਦ ਕਾਰਨ ਬਹੁਤ ਵਿਵਾਦ ਹਨ ਪਰ ਗੁਰੂ ਗੋਬਿੰਦ ਸਿੰਘ ਨਾਲ ਗੋਦਾਵਰੀ ਦੇ ਕੰਢੇ ’ਤੇ, ਉਸ ਦੇ ਹੀ ਆਸ਼ਰਮ ਵਿਚ ਸੂਰਜ ਗ੍ਰਹਿਣ ਵਾਲੇ ਦਿਨ ਹੋਈ ਮੁਲਾਕਾਤ ਬਾਰੇ ਤਕਰੀਬਨ ਸਾਰੇ ਸਮਕਾਲੀ ਸਰੋਤ ਸਹਿਮਤ ਹਨ। ਸਨਾਤਮ ਧਰਮ ਵਿਚ ਸੂਰਜ ਗ੍ਰਹਿਣ ਵਾਲਾ ਦਿਨ ਅਤੇ ਘੜੀ ਬਹੁਤ ਅਹਿਮ ਮੰਨੀ ਜਾਂਦੀ ਹੈ ਅਤੇ ਆਸਥਾ ਰੱਖਣ ਵਾਲੇ ਲੋਕ ਇਸ ਸਮੇਂ ਦੌਰਾਨ ਇਸ਼ਨਾਨ, ਪਾਠ-ਪੂਜਾ ਅਤੇ ਦਾਨ-ਪੁੰਨ ਕਰਨਾ ਸ਼ੁਭ ਮੰਨਦੇ ਹਨ। ਗੁਰੂ ਸਾਹਿਬ ਨੇ ਮਾਧੋ ਦਾਸ (ਬੰਦੇ) ਨਾਲ ਮੁਲਾਕਾਤ ਲਈ ਸੂਰਜ ਗ੍ਰਹਿਣ ਵਾਲਾ ਦਿਨ ਜਾਣ-ਬੁਝ ਕੇ ਚੁਣਿਆ ਲਗਦਾ ਹੈ। ਬਾਬਾ ਨਾਨਕ ਵੀ ਆਪਣੀਆਂ ਉਦਾਸੀਆਂ ਦੌਰਾਨ, ਸੂਰਜ ਗ੍ਰਹਿਣ ਵਾਲੇ ਦਿਨ ਕੁਰੂਕਸ਼ੇਤਰ ਗਏ ਸੀ ਅਤੇ ਇਸ ਮੌਕੇ ਇਕੱਠੀ ਹੋਈ ਵਿਸ਼ਾਲ ਭੀੜ ਨਾਲ ਸੰਵਾਦ ਰਚਾਇਆ ਸੀ। ਬਾਬਾ ਨਾਨਕ ਸੰਵਾਦ ਰਚਾਉਣ ਲਈ ਬੜੇ ਨਾਟਕੀ ਢੰਗਾਂ ਦਾ ਪ੍ਰਯੋਗ ਕਰਦੇ ਹੁੰਦੇ ਸੀ। ਉਨ੍ਹਾਂ ਨੇ ਇਸ ਮੌਕੇ ’ਤੇ ਹਿਰਨ ਦਾ ਮਾਸ ਰਿੰਨ੍ਹਣਾ ਰੱਖਿਆ ਅਤੇ ਰੋਸ ਪ੍ਰਗਟ ਕਰ ਰਹੀ ਭੀੜ ਨੂੰ ਸਮਝਾਇਆ ਕਿ ਗ੍ਰਹਿਣ ਇਕ ਕੁਦਰਤੀ ਵਰਤਾਰਾ ਹੈ ਜਿਸ ਨਾਲ ਕੋਈ ਬਿਪਤਾ ਨਹੀਂ ਆਉਂਦੀ। ਗੁਰੂ ਤੇਗ ਬਹਾਦਰ ਸਾਹਿਬ ਵੀ ਇਸੇ ਦਿਨ ਕੁਰੂਕੇਸ਼ਤਰ ਗਏ ਸੀ ਅਤੇ ਉਨ੍ਹਾਂ ਨੇ ਬ੍ਰਾਹਮਣਾਂ ਦੇ ਕਹਿਣ ’ਤੇ ਇਸ਼ਨਾਨ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਉਹ ਹਰ ਰੋਜ਼ ਸਵਖਤੇ ਬਤੌਰ ਸਰੀਰ ਦੀ ਸਫ਼ਾਈ ਇਸ਼ਨਾਨ ਕਰਦੇ ਨੇ ਅਤੇ ਸੂਰਜ ਗ੍ਰਹਿਣ ਨਾਲ ਅਜਿਹੀਆਂ ਕਿਰਿਆਵਾਂ ਦਾ ਕੋਈ ਸੰਬੰਧ ਨਹੀਂ। ਸ਼ਾਇਦ ਅਜਿਹੇ ਭਰਮ-ਭੁਲੇਖਿਆਂ ਦੀ ਨਵਿਰਤੀ ਲਈ ਗੁਰੂ ਗੋਬਿੰਦ ਸਿੰਘ ਨੇ ਮਾਧੋ ਦਾਸ ਦੇ ਆਸ਼ਰਮ ਵਿਚ ਸੂਰਜ ਗ੍ਰਹਿਣ ਵਾਲੇ ਦਿਨ ਪ੍ਰਵੇਸ਼ ਕੀਤਾ ਸੀ ਅਤੇ ਉਨ੍ਹਾਂ ਦੇ ਸਿੰਘਾਂ ਵੱਲੋਂ ਬੱਕਰੇ ਝਟਕਾਏ ਗਏ ਸਨ। ਗੁਰੂ ਗੋਬਿੰਦ ਸਿੰਘ ਵੱਲੋਂ ਇਸ ਨਾਟਕੀ ਢੰਗ ਨਾਲ ਸੰਵਾਦ ਰਚਾਉਣ ਦਾ ਮਕਸਦ ਮਾਧੋ ਦਾਸ ਦੀ ਧਿਰ ਨੂੰ ਨੀਚਾ, ਕਮਜ਼ੋਰ ਜਾਂ ਅਸਮਰੱਥ ਸਿੱਧਾ ਕਰਨਾ ਨਹੀਂ ਸੀ ਸਗੋਂ ਸੂਰਜ ਗ੍ਰਹਿਣ ਅਤੇ ਹੋਰ ਕਰਮ ਕਾਂਡਾਂ ਆਦਿ ਬਾਰੇ ਗੁਰਮਤ ਦਾ ਦ੍ਰਿਸ਼ਟੀਕੋਣ ਸਾਹਮਣੇ ਲਿਆਉਣਾ ਸੀ। ਗੁਰੂ ਸਾਹਿਬ ਅਤੇ ਮਾਧੋ ਦਾਸ ਦਰਮਿਆਨ ਹੋਏ ਸੰਵਾਦ ਦੇ ਸਿੱਟੇ ਬਹੁਤ ਸਾਰਥਕ ਸਨ ਅਤੇ ਕੁਝ ਸਮਕਾਲੀ ਸਰੋਤ ਇਸ ਗੱਲ ਦੀ ਤਸਦੀਕ ਕਰਦੇ ਹਨ ਕਿ ਉਸ ਨੇ ਗੁਰੂ ਸਾਹਿਬ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ ਸੀ। ਪ੍ਰਿੰਸੀਪਲ ਤੇਜਾ ਸਿੰਘ ਅਤੇ ਗੰਡਾ ਸਿੰਘ ਅਨੁਸਾਰ ਮਾਧੋ ਦਾਸ ਦਾ ਨਵਾਂ ਨਾਮ ‘ਬੰਦਾ ਸਿੰਘ’ ਸੀ ਜਿਸ ਨਾਲ ‘ਬਹਾਦਰ’ ਸ਼ਬਦ ਬਤੌਰ ਲਕਬ ਲਾਇਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ, ਉਨ੍ਹਾਂ ਦਾ ਪਾਹੁਲ ਲੈਣ ਉਪਰੰਤ ਵਾਲਾ ਨਾਮ

'ਗੁਰਬਖ਼ਸ਼ ਸਿੰਘ' ਦੱਸਦੇ ਹਨ। ਗਿਆਨੀ ਗਿਆਨ ਸਿੰਘ ਭਾਵੇਂ ਬਹੁਤ ਪ੍ਰਬੁੱਧ ਇਤਿਹਾਸਕਾਰ ਸੀ, ਪਰ ਉਨ੍ਹਾਂ ਦੀ ਲੇਖਣੀ, ਬੰਦੇ ਦੇ ਤੱਤ ਖਾਲਸਾਈ ਨਿਹੰਗਾਂ ਨਾਲ ਮਤਭੇਦਾਂ ਅਤੇ ਸੁਣੀਆਂ-ਸੁਣਾਈਆਂ ਗੱਲਾਂ 'ਤੇ ਆਧਰਿਤ ਹੈ। ਗਿਆਨੀ ਗਿਆਨ ਸਿੰਘ ਆਪਣੀ ਕ੍ਰਿਤ ਸ਼ਮਸ਼ੀਰ ਖ਼ਾਲਸਾ ਵਿਚ ਉਸ ਨੂੰ ਖ਼ਾਲਸਾ ਫ਼ੌਜ ਦਾ ਸਿਪਾਹ-ਸਲਾਰ ਤਾਂ ਜ਼ਰੂਰ ਮੰਨਦੇ ਸਨ ਪਰ ਸਿੰਘ ਮੰਨਣ ਤੋਂ ਕਤਰਾਉਂਦੇ ਪ੍ਰਤੀਤ ਹੁੰਦੇ ਹਨ। ਉਨ੍ਹਾਂ ਅਨੁਸਾਰ ਮਾਧੋਦਾਸ ਦਾ ਨਵਾਂ ਨਾਮ ਬੰਦਾ ਬਹਾਦਰ ਸੀ। ਭਾਈ ਰਤਨ ਸਿੰਘ ਭੰਗੂ ਦੀ ਵੀ ਬੰਦਾ ਸਿੰਘ ਬਾਰੇ ਪਹੁੰਚ ਤੱਤ ਖ਼ਾਲਸਾਈਆਂ ਜਿਨ੍ਹਾਂ ਵਿਚ ਬਹੁਤਾਤ ਮਾਝੇ ਖੇਤਰ ਦੇ ਸਿੰਘਾਂ ਦੀ ਸੀ, ਦੇ ਨਜ਼ਰੀਏ ਤੋਂ ਪ੍ਰਭਾਵਿਤ ਅਤੇ ਨਾਕਾਰਾਤਮਕ ਹੈ। ਉਹ ਇਸ ਗੱਲ ਨੂੰ ਤਸਲੀਮ ਕਰਦੇ ਹਨ ਕਿ ਉਨ੍ਹਾਂ ਨੇ ਜੋ ਕੁਝ ਆਪਣੇ ਵਡੇਰਿਆਂ ਤੋਂ ਸੁਣਿਆ, ਉਹੀ ਲਿਖਵਾਇਆ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ 'ਜਿਤਨੀ ਬਾਤ ਅਸਾਂ ਸੁਨੀ ਸੋ ਤੋਂ ਧਰੀ ਲਿਖਾਇ, ਕਿਛੁ ਔਰਨ ਕਿਤ ਆਪਨ ਤੇ ਵਡਿਅਨ ਤੇ ਸੁਨ ਪਾਇ'। ਅੱਜ ਦੀ ਤਾਰੀਖ਼ ਵਿਚ ਵੀ ਨਿਹੰਗ ਸਿੰਘਾਂ ਦੀਆਂ ਸੰਪਰਦਾਵਾਂ ਦੇ ਕੁਝ ਵਿਚਾਰਵਾਨ, ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੀ ਘਾਲਣਾ ਨੂੰ ਛੁਟਿਆ ਕੇ ਪੇਸ਼ ਕਰਦੇ ਹਨ। (ਇਸ ਕਥਨ ਦੀ ਪੁਸ਼ਟੀ ਵਜੋਂ ਨਿਹੰਗ ਧਰਮ ਸਿੰਘ ਅਤੇ ਉਨ੍ਹਾਂ ਨਾਲ ਸੰਬੰਧਤ ਸੰਸਥਾ ਸੱਚ ਖੋਜ ਅਕੈਡਮੀ ਵੱਲੋਂ ਯੂ-ਟਿਊਬ ਉੱਪਰ ਅਪਲੋਡਿੰਗਜ਼ ਦਾ ਹਵਾਲਾ ਦੇਣਾ ਪ੍ਰਸੰਗਕ ਹੈ।)

ਖਾਫ਼ੀ ਖ਼ਾਨ, ਜੋ ਕਿ ਇਤਿਹਾਸ ਦੇ ਇਸ ਕਾਲ ਦਾ (ਸਮਕਾਲੀ) ਗਵਾਹ ਮੰਨਿਆ ਜਾਂਦਾ ਹੈ, ਆਪਣੀ ਫ਼ਾਰਸੀ ਦੀ ਕ੍ਰਿਤ 'ਮੁੰਤਖਿਬ-ਉਲ-ਲੁਬਾ' ਵਿਚ ਲਿਖਦਾ ਹੈ ਕਿ "ਗੁਰੂ ਗੋਬਿੰਦ ਸਿੰਘ ਦੇ ਫ਼ੈਜ਼ ਨੇ ਇਸ ਗ਼ੈਰ ਮਆਰੂਫ਼ ਸ਼ਖ਼ਸ (ਮਾਮੂਲੀ ਇਨਸਾਨ) ਦੀ ਗੁੰਮਨਾਮੀ ਦਾ ਪਰਦਾ ਚਾਕ ਕੀਤਾ ਅਤੇ ਇਸ ਬੁਲੰਦੀਆਂ ਤਕ ਪਹੁੰਚਾ ਦਿੱਤਾ; ਨਹੀਂ ਤਾਂ ਉਸ ਨੇ ਇਕ ਮਜਹੂਲ ਉਲ ਇਸਮ-ਓ-ਨਸਬ (ਉਹ ਸ਼ਖ਼ਸ ਜਿਸ ਦੀ ਕੁਲ, ਬੰਸ, ਖਾਨਦਾਨ ਦਾ ਪਤਾ ਨਹੀਂ) ਹੀ ਰਹਿਣਾ ਸੀ"। ਨਿਰਸੰਦੇਹ ਬੰਦਾ ਸਿੰਘ ਬਹਾਦਰ ਦੀ ਇਤਿਹਾਸ ਦੇ ਮੰਚ 'ਤੇ ਆਮਦ ਗੁਰੂ ਸਾਹਿਬ ਨਾਲ ਮੁਲਾਕਾਤ ਤੋਂ ਹੁੰਦੀ ਹੈ। ਸੁਆਲ ਇਥੇ ਇਹ ਪੈਦਾ ਹੁੰਦਾ ਹੈ ਕਿ ਏਨਾ ਵੱਡਾ ਯੋਧਾ, ਗੁਰੀਲਾ ਅਤੇ ਮੈਦਾਨੀ ਯੁੱਧਾਂ ਦਾ ਯੋਜਨਾਕਾਰ ਅਤੇ ਪ੍ਰਬੁੱਧ ਜਰਨੈਲ; ਗੁੰਮਨਾਮੀ/ਰੂਪੋਸ਼ੀ ਦੀ ਜ਼ਿੰਦਗੀ ਕਿਉਂ ਜੀ ਰਿਹਾ ਸੀ ? ਕੀ ਗੁਰੂ ਸਾਹਿਬ ਅਤੇ ਮਾਧੋ ਦਾਸ ਇਕ ਦੂਜੇ ਦੇ ਪਹਿਲਾਂ ਤੋਂ ਜਾਣੂ ਸਨ ? ਕੀ ਬੰਦਾ ਸਿੰਘ ਬਹਾਦਰ ਨੂੰ ਮਿਲਣ ਦੇ ਪ੍ਰਯੋਜਨ ਅਧੀਨ ਹੀ ਗੁਰੂ ਸਾਹਿਬ ਨੰਦੇੜ ਗਏ ਸੀ ਅਤੇ ਕੀ ਬੰਦਾ ਸਿੰਘ ਬਹਾਦਰ ਨੂੰ ਵੀ ਗੁਰੂ ਸਾਹਿਬ ਦੇ ਆਉਣ ਦੀ ਉਡੀਕ ਸੀ ? ਇਨ੍ਹਾਂ ਸਵਾਲਾਂ ਵਿਚੋਂ ਕੁਝ ਦੇ ਜਵਾਬ ਅਹਿਮਦ ਸ਼ਾਹ ਬਟਾਲੀਆ ਵੱਲੋਂ ਉਸ ਦੀ ਰਚਨਾ 'ਜ਼ਿਕਰਿ ਗੁਰੂਆਂ ਦਾ ਇਬਤਦਾਏ ਸਿੰਘਾਂ ਵਾ ਮਜ਼ਹਬ ਏ ਏਸ਼ਾਂ" ਵਿਚ ਦਿੱਤੇ ਸੰਖਿਪਤ ਵਾਰਤਾਲਾਪ ਵਿਚੋਂ ਮਿਲ ਜਾਂਦੇ ਹਨ ਜਿਸ ਅਨੁਸਾਰ ਗੁਰੂ ਸਾਹਿਬ, ਮਾਧੋ ਦਾਸ ਨੂੰ ਉਸ ਦੇ ਇਕ ਸਵਾਲ ਕਿ 'ਤੁਸੀਂ ਕੌਣ ਹੋ ?' ਦੇ ਜੁਆਬ ਵਿਚ ਕਹਿੰਦੇ ਹਨ ਕਿ 'ਮੈਂ ਉਹ ਹੀ ਹਾਂ ਜਿਸ ਨੂੰ ਤੂੰ ਜਾਣਦਾ ਹੈਂ' ਅਤੇ ਮਾਧੋ ਦਾਸ (ਬੰਦਾ) ਅੱਗੋਂ ਕਹਿੰਦਾ ਹੈ ਕਿ ਇਸ ਦਾ ਮਤਲਬ ਤੁਸੀਂ 'ਗੁਰੂ ਗੋਬਿੰਦ ਸਿੰਘ ਹੀ ਹੋ'। ਇਸ ਸਵਾਲ-ਜਵਾਬ ਤੋਂ ਇਸ ਗੱਲ ਦੀ ਬਿੜਕ ਜ਼ਰੂਰ ਮਿਲਦੀ ਹੈ ਕਿ ਗੁਰੂ ਸਾਹਿਬ ਅਤੇ ਮਾਧੋ ਦਾਸ ਵਿਚ ਕੋਈ ਸਾਂਝ ਜਾਂ ਰਹੱਸ ਜ਼ਰੂਰ ਸੀ ਅਤੇ ਉਸ ਨੂੰ ਗੁਰੂ ਸਾਹਿਬ ਦੇ ਆਮਦ ਦੀ ਉਡੀਕ ਹੀ ਨਹੀਂ ਸਗੋਂ ਗੁਰੂ ਸਾਹਿਬ ਦੇ ਮਕਸਦ ਦੀ ਵੀ ਜਾਣਕਾਰੀ ਸੀ। ਉਹ ਇਹ ਕਹਿ ਕੇ ਕਿ "ਮੈਂ ਤੁਹਾਡਾ ਬੰਦਾ ਹਾਂ", ਗੁਰੂ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਹੋ ਜਾਂਦਾ ਹੈ। ਹੋ ਸਕਦਾ ਹੈ ਕਿ ਉਹ ਪੰਜਾਬੀ ਪਿਛੋਕੜ ਵਾਲਾ ਰੂਪੋਸ਼ੀ ਦੀ ਜ਼ਿੰਦਗੀ ਜੀ ਰਿਹਾ, ਨਿਜ਼ਾਮ ਤੋਂ ਬਾਗ਼ੀ ਹੋਇਆ ਕੋਈ ਸ਼ਖ਼ਸ ਹੋਵੇ ਭਾਵੇਂ ਕਿ ਇਸ ਧਾਰਨਾ ਦੀ ਤਸਦੀਕ ਕਰਦੀ (ਜਾਂ ਇਸ ਨੂੰ ਨਕਾਰਦੀ) ਕੋਈ ਗਵਾਹੀ ਨਹੀਂ ਮਿਲਦੀ। ਹਾਂ, ਉਸ ਵਲੋਂ ਲਿਖੀਆਂ ਚਿੱਠੀਆਂ ਅਤੇ ਜਾਰੀ ਕੀਤੇ ਹੁਕਮਨਾਮੇ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਉਹ ਗੁਰਮੁਖੀ ਅੱਖਰਾਂ ਦਾ ਗਿਆਤਾ ਸੀ ਅਤੇ ਪੰਜਾਬੀ ਲਿਖ-ਪੜ੍ਹ ਸਕਦਾ ਸੀ। ਉਂਞ ਵੀ ਉਸ ਦਾ ਵਾਹ-ਵਾਸਤਾ ਪੰਜਾਬ ਦੀ ਵੱਸੋਂ ਨਾਲ ਰਿਹਾ ਹੈ, ਜਿਨ੍ਹਾਂ ਦੀ ਫ਼ਰਿਆਦ ਉਹ ਸੁਣਦਾ ਸੀ ਅਤੇ ਨਿਪਟਾਰੇ ਕਰਦਾ ਸੀ ਜਿਸ ਤੋਂ ਇਹ ਲੱਗਦਾ ਹੈ ਕਿ ਪੰਜਾਬੀ ਸੁਣਨਾ-ਬੋਲਣਾ ਅਤੇ ਸਮਝਣਾ ਉਸ ਲਈ ਆਮ ਅਤੇ ਸਹਿਜ ਸੀ।

ਗੁਰੂ ਸਾਹਿਬ ਵੱਲੋਂ ਬੰਦੇ ਨੂੰ ਪੰਜ ਤੀਰ, ਨਿਸ਼ਾਨ ਸਾਹਿਬ, ਨਗਾਰਾ ਅਤੇ ਹੁਕਮਨਾਮੇ ਦੇਣ ਬਾਰੇ ਵੀ ਇਤਿਹਾਸਕਾਰ ਤਕਰੀਬਨ ਇਕ ਮੱਤ ਹਨ। ਗੁਰੂ ਸਾਹਿਬ ਵੱਲੋਂ ਬੰਦਾ ਸਿੰਘ ਨੂੰ ਪੰਜ ਸਿੰਘਾਂ ਬਾਜ ਸਿੰਘ, ਬਿਨੋਦ ਸਿੰਘ, ਕਾਹਨ ਸਿੰਘ, ਰਣ ਸਿੰਘ ਅਤੇ ਫਤਹਿ ਸਿੰਘ (ਅਖ਼ੀਰਲੇ ਦੋ ਸਿੰਘਾਂ ਦੇ ਨਾਵਾਂ ਬਾਰੇ ਸਰੋਤਾਂ ਵਿਚ ਅਸਹਿਮਤੀ ਪਾਈ ਜਾਂਦੀ ਹੈ) ਨਾਲ ਮਸ਼ਵਰਾ ਰੱਖਣ ਦੀ ਤਾਕੀਦ ਵੀ ਕੀਤੀ ਗਈ ਸੀ। ਬੰਦਾ ਸਿੰਘ ਅਤੇ ਉਸ ਦੇ ਪੱਚੀ ਦੇ ਕਰੀਬ ਸਾਥੀਆਂ ਨੂੰ ਪੰਜਾਬ ਪਹੁੰਚਦਿਆਂ ਇਕ ਸਾਲ ਤੋਂ ਵਧੀਕ ਸਮਾਂ ਲੱਗਿਆ। ਗੁਰੂ ਸਾਹਿਬ ਦੇ ਉਹ ਸਾਥੀ ਸਿੰਘ ਜਿਨ੍ਹਾਂ ਨੂੰ ਉਨ੍ਹਾਂ ਨੇ ਅਨੰਦਪੁਰ ਦਾ ਕਿਲ੍ਹਾ ਛੱਡਣ ਵੇਲੇ ਘਰੋ-ਘਰੀ ਭੇਜ ਦਿੱਤਾ ਸੀ, ਸੁਨੇਹਾ ਮਿਲਦਿਆਂ ਹੀ ਬੰਦਾ ਸਿੰਘ ਨਾਲ ਆ ਰਲੇ ਸਨ। 26 ਨਵੰਬਰ 1709 ਵਾਲੇ ਦਿਨ ਉਸ ਨੇ ਸਮਾਣਾ ਸ਼ਹਿਰ ਮਾਰ ਲਿਆ। ਸਮਾਣੇ ਦੀ ਇਸ ਜਿੱਤ ਨਾਲ, ਜਿੱਤਾਂ ਦਾ ਇਕ ਸਿਲਸਿਲਾ ਹੀ ਸ਼ੁਰੂ ਹੋ ਗਿਆ ਅਤੇ ਬੰਦਾ ਸਿੰਘ ਨਾਲ ਜੁੜਨ ਵਾਲੇ ਲੋਕਾਂ ਦੀ ਨਫ਼ਰੀ ਵੀ ਵਧਣ ਲੱਗੀ। ਇਨ੍ਹਾਂ ਵਿਚ ਲੁੱਟਾਂ-ਖੋਹਾਂ ਦੀ ਮਨਸ਼ਾ ਵਾਲੇ ਲੋਕ ਵੀ ਸ਼ਾਮਲ ਸਨ। ਸਰਹਿੰਦ ਦੀ ਲੜਾਈ ਮੌਕੇ, ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ 30,000 ਦੇ ਕਰੀਬ ਪੈਦਲ ਲੜਾਕੂ ਸਨ ਜੋ ਦੱਬੀਆਂ-ਕੁਚਲੀਆਂ ਜਾਤਾਂ ਵਿਚੋਂ ਸਨ ਅਤੇ ਰਿਵਾਇਤੀ ਹਥਿਆਰਾਂ, ਕ੍ਰਿਪਾਨਾਂ, ਕੁਹਾੜੀਆਂ, ਡਾਂਗਾਂ-ਸੋਟਿਆਂ, ਭਾਲਿਆਂ-ਬਰਛਿਆਂ, ਦਾਤਾਂ-ਚਾਕੂਆਂ ਆਦਿ ਨਾਲ ਲੈਸ ਸਨ। ਉਨ੍ਹਾਂ ਦੇ ਮਨ ਵਿਚ ਸੂਬਾ ਸਰਹਿੰਦ ਲਈ ਅਥਾਹ ਨਫ਼ਰਤ ਸੀ ਜੋ ਕਿ ਬੰਦਾ ਸਿੰਘ ਦੀ ਸਰਹਿੰਦ ਫ਼ਤਹਿ ਦਾ ਬਹੁਤ ਵੱਡਾ ਕਾਰਨ ਬਣੀ। ਸਮਕਾਲੀ ਸਰੋਤਾਂ ਅਨੁਸਾਰ ਵਜੀਦ ਖਾਨ ਦੀ ਕਮਾਂਡ ਅਧੀਨ ਲੜਨ ਵਾਲੀ ਫ਼ੌਜ ਦੀ ਨਫ਼ਰੀ 20,000 ਦੇ ਕਰੀਬ ਸੀ। ਇਸ ਤੋਂ ਇਲਾਵਾ ਉਸ ਦੀ ਇਮਦਾਦ ਲਈ ਆਸ-ਪਾਸ ਦੇ ਪਿੰਡਾਂ ਤੋਂ ਭਾਰੀ ਗਿਣਤੀ ਵਿਚ ਗਾਜ਼ੀ ਦੀ ਚਪੜਚਿੜੀ ਦੇ ਮੈਦਾਨ ਵਿਚ ਪਹੁੰਚੇ ਹੋਏ ਸਨ। ਉਸ ਦੀ ਫ਼ੌਜ ਵਿਚ ਹਾਥੀ, ਘੋੜ ਸਵਾਰ, ਜੰਬੂਰਕ (ਊਠਾਂ ਉੱਪਰ ਰੱਖ ਕੇ ਚਲਾਉਣ ਵਾਲੀਆਂ ਵੱਡੀਆਂ ਬੰਦੂਕਾਂ), ਨਿਪੁੰਨ ਤੀਰ-ਅੰਦਾਜ਼, ਹਲਕੀਆਂ ਤੋਪਾਂ ਆਦਿ ਸਨ। ਪਰ 12 ਮਈ 1710 ਨੂੰ ਚਪੜਚਿੜੀ ਵਿਖੇ ਹੋਇਆ ਯੁੱਧ ਸਿੱਖਾਂ ਦੇ ਅੱਤ ਦੇ ਹਮਲਾਵਰ ਰੁਖ ਕਾਰਨ ਹੱਥੋ-ਹੱਥ ਲੜਾਈ ਦਾ ਰੂਪ ਧਾਰਨ ਕਰ ਗਿਆ। ਜਿਸ ਬੀਰਤਾ, ਜੋਸ਼ ਅਤੇ ਫੁਰਤੀ ਨਾਲ ਆਮ ਲੋਕਾਂ ਦੇ ਇਸ ਹਜੂਮ ਨੇ ਸੂਬਾ ਸਰਹੰਦ ਦੀ ਸੁਸਿਖਿਅਤ ਫ਼ੌਜ ਨੂੰ ਸਿਕਸ਼ਤ ਦਿੱਤੀ,

"ਬਾਬਾ ਬੰਦਾ ਸਿੰਘ ਬਹਾਦਰ ਜ਼ੁਲਮ ਖ਼ਿਲਾਫ਼ ਉਸ ਸਦੀਵੀ ਸੰਘਰਸ਼ ਦਾ ਮਹਾਂ-ਨਾਇਕ ਸੀ ਜਿਸ ਦੀ ਬੁਨਿਆਦ ਗੁਰੂ ਨਾਨਕ ਦੇਵ ਨੇ ਲੋਕਾਈ ਨੂੰ ਸ਼ਬਦ ਦੀ ਖੜਗ ਪ੍ਰਦਾਨ ਕਰਕੇ ਰੱਖੀ ਸੀ। ਉਹ ਇਸ ਸੰਘਰਸ਼ ਵਿਚ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦਾ ਜਾਨਸ਼ੀਨ ਹੋ ਨਿਬੜਿਆ। ਉਸ ਦੀ ਗੁਰੂ-ਸਿਧਾਂਤਾਂ ਨਾਲ ਪ੍ਰਤੀਬੱਧਤਾ ਕਿਸੇ ਵੀ ਸਪੱਸ਼ਟੀਕਰਨ ਦੀ ਮੁਥਾਜ ਨਹੀਂ, ਉਹ ਮੁਗਲਈ ਤਸ਼ੱਦਦ ਦੀ ਕੁਠਾਲੀ ਵਿਚੋਂ ਕੁੰਦਨ ਬਣ ਕੇ ਨਿੱਤਰਿਆ। ਉਸ ਦੀਆਂ ਚਿੱਠੀਆਂ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ ਕਿ ਉਸ ਨੇ ਕਦੇ ਵੀ ਗੁਰੂ ਦੀ ਪਦਵੀ ਦੇ ਧਾਰਨੀ ਹੋਣ ਦਾ ਦਾਵਾ ਨਹੀਂ ਕੀਤਾ। ਬਾਬਾ ਬੰਦਾ ਸਿੰਘ ਨੇ ਗੁਰੂਆਂ ਵੱਲੋਂ ਪ੍ਰਜਵਲਿਤ ਸੰਘਰਸ਼ ਦੀ ਜੋਤ ਨੂੰ ਨਾ ਸਿਰਫ਼ ਜਗਦਿਆਂ ਰੱਖਿਆ ਸਗੋਂ ਆਪਣੇ ਖ਼ੂਨ ਅਤੇ ਚਰਬੀ ਨਾਲ ਇਸ ਨੂੰ ਹੋਰ ਪ੍ਰਚੰਡ ਕੀਤਾ।"

ਨਵਾਜ ਵਜੀਦ ਖ਼ਾਨ ਨੂੰ ਘੇਰਿਆ ਅਤੇ ਉਸ ਨੂੰ ਮਾਰਿਆ, ਯੁੱਧ ਦੇ ਇਤਿਹਾਸ ਵਿਚ ਵਿਲੱਖਣ ਘਟਨਾ ਸੀ। ਇਤਿਹਾਸਕਾਰਾਂ ਅਨੁਸਾਰ ਇਹ ਆਮ ਲੋਕਾਂ ਦੀ ਪਹਿਲੀ ਬਗ਼ਾਵਤ ਸੀ ਅਤੇ ਫ਼ੌਜੀ ਲੜਾਈ ਤੋਂ ਵੱਖਰੀ ਸੀ। ਸਿੱਖ ਹਮਲਾਕੁਨ ਸਨ ਅਤੇ ਮਰਨ-ਮਾਰਨ 'ਤੇ ਉਤਾਰੂ ਸਨ। ਇਸ ਬਗ਼ਾਵਤ ਨਾਲ ਗ਼ਰੀਬ ਲੋਕਾਂ ਨੂੰ ਪਹਿਲੀ ਵਾਰ ਆਪਣੀ ਸਮਰੱਥਾ ਅਤੇ ਤਾਕਤ ਦਾ ਅਹਿਸਾਸ ਹੋਇਆ।

ਬੰਦਾ ਸਿੰਘ ਵੱਲੋਂ ਸਰਹਿੰਦ ਦੀ ਫਤਹਿ ਨਾਲ ਮੁਗ਼ਲ ਸਾਮਰਾਜ ਦਾ ਲਾਹੌਰ ਅਤੇ ਇਰਾਨ ਨਾਲੋਂ ਸੰਬੰਧ ਟੁੱਟ ਗਿਆ ਸੀ। ਇਹ ਇਕ ਸ਼ਹਿਰ ਦੀ ਨਹੀਂ ਸਗੋਂ ਸੂਬੇ ਦੀ ਜਿੱਤ ਸੀ ਜਿਸ ਵਿਚ ਸਤਲੁਜ ਤੋਂ ਯਮੁਨਾ, ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਕੰਜਪੁਰਾ, ਕਰਨਾਲ ਤੋਂ ਕੈਥਲ ਤਕ 52 ਲੱਖ ਦੀ ਸਾਲਾਨਾ ਸਰਕਾਰੀ ਆਮਦਨ ਵਾਲੇ 28 ਪਰਗਣੇ ਸ਼ਾਮਲ ਸਨ। ਬੰਦਾ ਸਿੰਘ ਵੱਲੋਂ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਅਤੇ ਖੰਨੇ ਦੇ ਨੇੜਲੇ ਪਿੰਡ ਸਲੌਦੀ ਦੇ ਭਾਈ ਆਲੀ ਸਿੰਘ ਨੂੰ ਜੋ ਕਿਸੇ ਸਮੇਂ ਵਜੀਦ ਖ਼ਾਨ ਦੀ ਮੁਲਾਜ਼ਮਤ ਵਿਚ ਰਿਹਾ ਸੀ, ਨਾਇਕ ਸੂਬੇਦਾਰ ਨਿਯੁਕਤ ਕੀਤਾ ਗਿਆ। ਬੰਦਾ ਸਿੰਘ ਕੋਲ ਬਾਕਾਇਦਾ ਰਾਜ-ਤੰਤਰ ਸਥਾਪਿਤ ਕਰਨ ਲਈ ਨਾ ਤਾਂ ਸਮਾਂ ਸੀ ਅਤੇ ਨਾ ਹੀ ਅਜਿਹਾ ਕਰਨਾ ਉਸ ਦੀ ਰੁਚੀ ਸੀ। ਫਿਰ ਵੀ ਉਸ ਦਾ ਇਕ ਪ੍ਰਸ਼ਾਸਨਿਕ ਅਮਲ ਜਿਸ ਰਾਹੀਂ ਪਿੰਡ ਵਿਚੋਂ ਜ਼ਿਮੀਦਾਰਾ ਪ੍ਰਥਾ ਨੂੰ ਖ਼ਤਮ ਕੀਤਾ ਗਿਆ ਅਤੇ ਜ਼ਮੀਨ ਦੀ ਮਾਲਕੀ ਦੇ ਹੱਕ, ਹਲ-ਵਾਹਕਾਂ ਨੂੰ ਦਿੱਤੇ ਗਏ, ਬਹੁਤ ਇਨਕਲਾਬੀ ਹੋ ਨਿਬੜਿਆ। ਉਸ ਦੇ ਇਸ ਅਮਲ ਲਈ ਉਸ ਦੀ ਸੋਚ ਅਤੇ ਪਹੁੰਚ ਨੂੰ ਦਾਦ ਦੇਣੀ ਬਣਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਦਾ ਇਹ ਫ਼ੈਸਲਾ ਗੁਰੂ ਗੋਬਿੰਦ ਸਿੰਘ ਦੀ ਉਸ ਸੋਚ ਤੋਂ ਪ੍ਰਭਾਵਿਤ ਸੀ ਜਿਸ ਅਧੀਨ ਗੁਰੂ ਜੀ ਨੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਨੂੰ ਪੰਜ ਪਿਆਰਿਆਂ ਦੇ ਰੂਪ ਵਿਚ ਕੁਲੈਕਟਿਵ ਲੀਡਰਸ਼ਿਪ ਪ੍ਰਦਾਨ ਕੀਤੀ, ਸ਼ਸ਼ਤਰਧਾਰੀ ਬਣਾਇਆ, ਪੜ੍ਹਨਾ-ਲਿਖਣਾ ਸਿਖਾਇਆ, ਰਾਜਨੀਤਕ ਚੇਤੰਨਤਾ ਪ੍ਰਦਾਨ ਕੀਤੀ, ਇਜ਼ਤ-ਮਾਣ ਵਾਲੀ ਜ਼ਿੰਦਗੀ ਜੀਣ ਦੀ ਪ੍ਰੇਰਨਾ ਦਿੱਤੀ। ਬੰਦਾ ਸਿੰਘ ਬਹਾਦਰ ਦੇ ਜ਼ਮੀਨ ਦੀ ਮਾਲਕੀ ਦੇ ਹੱਕ ਕਾਸ਼ਤਕਾਰਾਂ ਨੂੰ ਦੇਣ ਦੇ ਫ਼ੈਸਲੇ ਦੇ ਲਾਭ-ਪਾਤਰੀ ਏਹੀ ਦੱਬੇ ਕੁਚਲੇ ਲੋਕ ਸਨ।

ਬੰਦਾ ਸਿੰਘ ਦਾ ਹੈੱਡਕੁਆਰਟਰ ਸਢੌਰੇ ਨੇੜੇ ਮੁਖਲਸਰ ਵਿਖੇ ਬਣਿਆ ਜਿਥੇ ਇਕ ਗ਼ੈਰ ਆਬਾਦ ਕਿਲ੍ਹੇ ਦੀ ਮੁਰੰਮਤ ਕਰਵਾ ਕੇ ਇਸ ਨੂੰ 'ਲੋਹਗੜ੍ਹ' ਦਾ ਨਾਮ ਦਿੱਤਾ ਗਿਆ। ਇਸੇ ਨਾਮ ਦਾ ਇਕ ਕਿਲ੍ਹਾ ਗੁਰੂ ਹਰਗੋਬਿੰਦ ਸਿੰਘ ਵਲੋਂ ਵੀ ਅੰਮ੍ਰਿਤਸਰ ਦੀ ਪੱਛਮੀ ਹਦੂਦ ਵਿਚ ਬਣਵਾਇਆ ਗਿਆ ਸੀ। ਕਿਲਿਆਂ ਵਿਚਲੇ ਨਾਵਾਂ ਦੀ ਸਾਂਝ ਇਹ ਦੱਸਦੀ ਹੈ ਕਿ ਬੰਦਾ ਸਿੰਘ ਦੀ ਸੰਵੇਦਨਾ ਵਿਚ ਸਿੱਖ ਇਤਿਹਾਸ ਸਮੋਇਆ ਹੋਇਆ ਸੀ। ਉਸ ਵੱਲੋਂ ਆਪਣੀ ਰਾਜਸੀ ਸੱਤਾ ਦੇ ਪ੍ਰਤੀਕ ਵਜੋਂ ਇਕ ਸਰਕਾਰੀ ਮੋਹਰ ਚਾਲੂ ਕੀਤੀ ਗਈ ਜਿਸ ਉੱਪਰ ਨਿਮਨਲਿਖਤ ਸ਼ਬਦ ਅੰਕਿਤ ਸਨ:

*ਦੇਗ ਓ ਤੇਗ ਓ ਫਤਹਿ ਨੁਸਰਿਤ ਬੇ-ਦਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ*

ਇਹ ਸਮੁੱਚੀ ਇਬਾਰਤ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ ਜਿਸ ਦੇ ਅਰਥ ਹਨ ਕਿ "ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੀ ਮਿਹਰ ਸਦਕਾ ਹਰ ਜ਼ਰੂਰਤਮੰਦ ਨੂੰ ਤੁਰੰਤ ਇਮਦਾਦ ਮਿਲੇ, ਸਾਰੇ ਪ੍ਰਾਣੀਆਂ ਲਈ ਲੰਗਰ ਚਲਦਾ ਰਹੇ, ਤਲਵਾਰ ਵਾਲੇ ਹੱਥਾਂ ਨਾਲ ਰਿਆਇਆ ਦੀ ਰਾਖੀ ਹੁੰਦੀ ਰਹੇ ਅਤੇ ਦੁਸ਼ਟਾਂ ਦਮਨਕਾਰੀਆਂ ਤੇ ਫ਼ਤਹਿ ਪ੍ਰਾਪਤ ਹੁੰਦੀ ਰਹੇ।"

ਉਸ ਵਲੋਂ ਰਾਜ ਦੀ ਸਦੀਵਤਾ ਦੇ ਪ੍ਰਤੀਕ ਵਜੋਂ ਸਿੱਕਾ ਵੀ ਚਲਾਇਆ ਗਿਆ ਜਿਸ ਉੱਪਰ ਫ਼ਾਰਸੀ ਦੇ ਨਿਮਨਲਿਖਤ ਸ਼ਬਦ ਅੰਕਿਤ ਸਨ:

*ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਬ ਅਸਤ*
*ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ੀਲ ਸੱਚਾ ਸਾਹਿਬ ਅਸਤ*

ਇਸ ਦੇ ਭਾਵ-ਅਰਥ ਹਨ ਕਿ "ਨਾਨਕ ਦੀ ਤੇਗ ਦੀਆਂ ਦੋ ਜਹਾਨ ਉੱਤੇ ਬਖ਼ਸ਼ੀਆਂ ਬਖ਼ਸ਼ਿਸ਼ਾਂ ਸਦਕਾ ਸਿੱਕਾ ਜਾਰੀ ਕੀਤਾ ਜਾਂਦਾ ਹੈ। ਸੱਚੇ ਰੱਬ ਦੀ ਮਿਹਰ ਨਾਲ ਸ਼ਾਹਿ-ਸ਼ਾਹਾਨ ਗੋਬਿੰਦ ਸਿੰਘ ਦੀ ਫਤਹਿ ਹੋਈ ਹੈ।"

ਬਾਬਾ ਬੰਦਾ ਸਿੰਘ ਦੀਆਂ ਮੁਗ਼ਲ ਸਾਮਰਾਜ ਵਿਰੁੱਧ ਮੁਹਿੰਮਾਂ ਸਦਕਾ (ਜਿਨ੍ਹਾਂ ਬਾਰੇ ਸਮਕਾਲੀ ਸਰੋਤਾਂ ਵਿਚ ਤਕਰੀਬਨ ਸਹਿਮਤੀ ਹੈ) ਸਿੱਖ ਲਾਹੌਰ ਤੋਂ ਪੂਰਬ ਵੱਲ ਵਾਲੇ ਪੰਜਾਬ ਦੇ ਮਾਲਕ ਬਣ ਗਏ ਸਨ। ਬਹਾਦਰ ਸ਼ਾਹ ਨੇ ਦੱਖਣ ਤੋਂ ਮੁੜਦਿਆਂ ਹੀ ਸਿੱਖਾਂ ਵਿਰੁੱਧ

ਮੁਗ਼ਲਾਂ ਦੀ ਸਾਰੀ ਤਾਕਤ ਝੌਂਕ ਦਿੱਤੀ ਅਤੇ ਬੰਦਾ ਸਿੰਘ ਵਲੋਂ ਜਿੱਤੇ ਇਲਾਕੇ ਫੇਰ ਤੋਂ ਆਪਣੇ ਅਖ਼ਤਿਆਰ ਅਧੀਨ ਲੈ ਲਏ। ਬਹਾਦਰ ਸ਼ਾਹ ਦੀ 1712 ਵਿਚ ਹੋਈ ਮੌਤ ਉਪਰੰਤ, ਮੁਗ਼ਲ ਦਰਬਾਰ ਵਿਚ ਖਾਨਾਜੰਗੀ ਸ਼ੁਰੂ ਹੋ ਗਈ ਅਤੇ ਬੰਦਾ ਸਿੰਘ ਨੂੰ ਆਪਣੀ ਸ਼ਕਤੀ ਮੁੜ ਤੋਂ ਸਥਾਪਤ ਕਰਨ ਅਤੇ ਖੁੱਸੇ ਇਲਾਕਿਆਂ ਨੂੰ ਫੇਰ ਤੋਂ ਜਿੱਤਣ ਦਾ ਮੌਕਾ ਮਿਲ ਗਿਆ। ਸਿੱਟੇ ਵਜੋਂ ਲੋਹਗੜ੍ਹ ਦੁਬਾਰਾ ਸਿੱਖ ਸ਼ਕਤੀ ਦਾ ਕੇਂਦਰ ਬਣ ਗਿਆ। ਫਰੁਖਸੀਅਰ ਵਲੋਂ ਦਿੱਲੀ ਤਖ਼ਤ 'ਤੇ ਅਧਿਕਾਰ ਹਾਸਲ ਕਰਨ ਉਪਰੰਤ ਅਬਦੁਸ ਸਮਦ ਖ਼ਾਨ ਲਾਹੌਰ ਦਾ ਗਵਰਨਰ ਅਤੇ ਜ਼ਕਰੀਆ ਖ਼ਾਨ ਜੰਮੂ ਦਾ ਫ਼ੌਜਦਾਰ ਬਣ ਗਿਆ ਅਤੇ ਬੰਦਾ ਸਿੰਘ ਦੀਆਂ ਮੁਸ਼ਕਲਾਂ ਵਿਚ ਅਥਾਹ ਦਾ ਵਾਧਾ ਹੋ ਗਿਆ। ਉਸ ਨੂੰ ਲੋਹਗੜ੍ਹ ਖ਼ਾਲੀ ਕਰਕੇ ਜੰਮੂ ਦੀਆਂ ਪਹਾੜੀਆਂ ਵਿਚ ਸ਼ਰਨ ਲੈਣੀ ਪਈ। 1715 ਦੇ ਸ਼ੁਰੂ ਵਿਚ ਬੰਦਾ ਸਿੰਘ ਦੁਬਾਰਾ ਮੈਦਾਨ ਵਿਚ ਆ ਗੱਜਿਆ ਅਤੇ ਉਸ ਨੇ ਕਲਾਨੌਰ ਅਤੇ ਬਟਾਲੇ ਉੱਤੇ ਸਖ਼ਤ ਲੜਾਈ ਪਿੱਛੋਂ ਕਬਜ਼ਾ ਕਰ ਲਿਆ ਅਤੇ ਇਨ੍ਹਾਂ ਦਾ ਕੰਟਰੋਲ ਸਿੱਖ ਅਧਿਕਾਰੀਆਂ ਨੂੰ ਸੌਂਪ ਦਿੱਤਾ। ਪਰ ਮੁਗ਼ਲ ਦਰਬਾਰ, ਕਾਂਗੜਾ ਅਤੇ ਜਸਰੋਟਾ ਦੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਵੱਲੋਂ ਸਖ਼ਤ ਹਮਲਾਵਰ ਰੁਖ ਅਖਤਿਆਰ ਕਰਦਿਆਂ ਬੰਦਾ ਸਿੰਘ ਨੂੰ ਪਿੰਡ ਗੁਰਦਾਸ ਨੰਗਲ ਵਿਚ ਭਾਈ ਦੁਨੀ ਚੰਦ ਦੀ ਗੜ੍ਹੀ ਵਿਚ ਘੇਰ ਲਿਆ। ਤਕਰੀਬਨ ਛੇ ਮਹੀਨੇ ਚੱਲੀ ਇਹ ਘੇਰਾਬੰਦੀ ਏਨੀ ਮਜਬੂਤ ਸੀ ਕਿ ਗੜ੍ਹੀ ਦੇ ਅੰਦਰ, ਬਾਹਰੋਂ ਦਾਣੇ-ਫੱਕੇ ਦਾ ਆਉਣਾ ਬੰਦ ਹੋ ਗਿਆ ਅਤੇ ਅੰਦਰ ਸਟੋਰ ਕੀਤਾ ਰਾਸ਼ਨ ਮੁੱਕ ਗਿਆ। ਸਿੱਖ ਫ਼ੌਜ ਭੁੱਖ ਨਾਲ ਮਰਨ ਲੱਗੀ। ਜੰਗ ਦੀ ਅਗਲੀ ਯੋਜਨਾ ਬਾਰੇ ਭਾਈ ਬਿਨੋਦ ਸਿੰਘ ਦਾ ਬਾਬਾ ਬੰਦਾ ਸਿੰਘ ਨਾਲ ਸਖ਼ਤ ਤਕਰਾਰ ਹੋ ਗਿਆ ਜਿਸ ਦੀ ਨੌਬਤ ਹੱਥੋਪਾਈ ਤਕ ਆ ਪਹੁੰਚੀ। ਪਰ ਭਾਈ ਕਾਹਨ ਸਿੰਘ ਜੋ ਕਿ ਭਾਈ ਬਿਨੋਦ ਸਿੰਘ ਦਾ ਪੁੱਤਰ ਸੀ, ਦੇ ਦਖ਼ਲ ਨਾਲ ਇਹ ਆਪਸੀ ਲੜਾਈ ਟਲ ਗਈ। ਭਾਈ ਬਿਨੋਦ ਸਿੰਘ ਇਸ ਰਾਏ ਦਾ ਸੀ ਕਿ ਖ਼ਾਲਸੇ ਨੂੰ ਭੁੱਖ ਨਾਲ ਜੂਝਣ ਦੀ ਬਜਾਏ ਗੜ੍ਹੀ ਖ਼ਾਲੀ ਕਰ ਦੇਣੀ ਚਾਹੀਦੀ ਹੈ ਅਤੇ ਵੈਰੀ ਦੀਆਂ ਸਫ਼ਾਂ ਚੀਰ ਕੇ ਬਾਹਰ ਨਿਕਲ ਜਾਣਾ ਚਾਹੀਦਾ ਹੈ ਪਰ ਬੰਦਾ ਸਿੰਘ ਇਸ ਗੱਲ ਲਈ ਸਹਿਮਤ ਨਹੀਂ ਸੀ ਹੋ ਰਿਹਾ। ਆਪਸੀ ਲੜਾਈ ਨੂੰ ਟਾਲਣ ਲਈ ਭਾਈ ਬਿਨੋਦ ਸਿੰਘ ਗੜ੍ਹੀ ਛੱਡ ਕੇ ਬਾਹਰ ਨਿਕਲ ਗਿਆ ਅਤੇ ਦਰਬਾਰ ਸਾਹਿਬ ਭਾਈ ਮਨੀ ਸਿੰਘ ਕੋਲ ਪਹੁੰਚ ਗਿਆ। ਬਾਬਾ ਬੰਦਾ ਸਿੰਘ ਦੀ ਇਹ ਠਾਹਰ ਉਸ ਲਈ ਕੁੜਿਕੀ ਸਾਬਤ ਹੋਈ ਅਤੇ ਦਸੰਬਰ 1715 ਵਿਚ ਸ਼ਾਹੀ ਫ਼ੌਜ ਗੜ੍ਹੀ ਵਿਚ ਦਾਖ਼ਲ ਹੋ ਗਈ। ਬੰਦਾ ਸਿੰਘ ਅਤੇ ਉਸ ਦੇ ਭੁੱਖ ਦੇ ਮਾਰੇ ਸਾਥੀ ਕੁਝ ਚਿਰ ਦੀ ਲੜਾਈ ਪਿੱਛੋਂ ਕੈਦੀ ਬਣਾ ਲਏ ਗਏ ਅਤੇ ਕੁਝ ਲੜਦਿਆਂ ਸ਼ਹੀਦ ਹੋ ਗਏ।

ਗੁਰਦਾਸਪੁਰ ਨੰਗਲ ਦੇ ਘੇਰੇ ਤੋਂ ਕੁਝ ਸਮਾਂ ਪਹਿਲਾਂ ਹੀ ਖ਼ਾਲਸਾ ਪੰਥ ਆਪਸੀ ਵਾਦ-ਵਿਵਾਦ ਵਿਚ ਉਲਝ ਗਿਆ ਸੀ ਜਿਸ ਦੀਆਂ ਸਮਕਾਲੀ ਗਵਾਹੀਆਂ ਮੌਜੂਦ ਸਨ ਜਿਵੇਂ ਕਿ ਸਾਰੀਆਂ ਲੋਕ ਲਹਿਰਾਂ ਵਿਚ ਹੁੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਕੁਝ ਅਸੰਤੁਸ਼ਟ ਸੰਗੀ-ਸਾਥੀਆਂ ਵਲੋਂ ਉਸ ਦਾ ਚਰਿਤਰ ਹਨਨ ਕੀਤਾ ਜਾਣ ਲੱਗਿਆ। ਗੁਲਾਮ ਹੁਸੈਨ ਖ਼ਾਨ ਅਤੇ ਖ਼ਾਫ਼ੀ ਖ਼ਾਨ ਦੀਆਂ ਲਿਖਤਾਂ ਤੋਂ ਚਰਿਤਰ ਹਨਨ ਦੀ ਇਸ ਕਾਰਵਾਈ ਵਿਚ ਸਰਕਾਰ ਵੱਲੋਂ ਹੱਲਾਸ਼ੇਰੀ ਦੇਣ ਦਾ ਪਤਾ ਚਲਦਾ ਹੈ। ਚਰਿਤਰ ਹਨਨ ਦੀ ਇਸ ਕਾਰਵਾਈ ਕਾਰਨ ਬੰਦੇ ਦੀ ਸਿੱਖਾਂ ਵਿਚਲੀ ਮਾਣ-ਪ੍ਰਤਿਸ਼ਠਾ ਵਿਚ ਕੁਝ ਘਟਾ ਆਇਆ ਜਿਸ ਕਰਕੇ ਉਸ ਦੀ ਜੰਗ ਜਿੱਤਣ ਦੀ ਸਮਰੱਥਾ ਵੀ ਪ੍ਰਭਾਵਿਤ ਹੋਈ। ਉਸ ਦੇ ਫਤਹਿ ਦਰਸ਼ਨ ਦੇ ਸੰਬੋਧਨ ਨੂੰ ਸਾਜਸ਼ ਅਧੀਨ 'ਵਾਹਿਗੁਰੂ ਜੀ ਕੀ ਫਤਹਿ' ਦੇ ਬੋਲ ਦੇ ਵਿਰੋਧ ਵਿਚ ਖੜ੍ਹਾ ਕਰ ਦਿੱਤਾ ਗਿਆ ਜਦੋਂ ਕਿ ਇਸ ਬੋਲ ਵਿਚ ਗੁਰਮਤ ਵਿਰੋਧੀ ਕੋਈ ਗੱਲ ਨਹੀਂ ਹੈ। ਉਸ ਦੇ ਵਿਆਹ ਕਰਵਾਉਣ ਨੂੰ ਗੁਰੂ ਹੁਕਮਾਂ ਦਾ ਵਿਰੋਧ ਗਰਦਾਨਿਆ ਗਿਆ ਜਦੋਂ ਕਿ ਸਿੱਖ ਧਰਮ ਵਿਚ ਗ੍ਰਹਿਸਥੀ ਹੋਣਾ ਚੰਗਾ ਸਮਝਿਆ ਜਾਂਦਾ ਹੈ। ਹੋਰ ਵੀ ਬੇਬੁਨਿਆਦ ਊਂਝਾਂ, ਬੰਦਾ ਸਿੰਘ ਉੱਪਰ ਸਰਕਾਰੀ ਸਾਜਿਸ਼ ਅਧੀਨ ਲਾਈਆਂ ਗਈਆਂ। ਖਾਲਸਾ ਪੰਥ ਦੇ ਮਸਲਿਆਂ ਵਿਚ ਘੁਸਪੈਠ ਦੀਆਂ ਸਰਕਾਰੀ ਕੋਸ਼ਿਸ਼ਾਂ ਬਾਰੇ ਅੰਦਾਜ਼ਾ ਗਿਆਨੀ ਗਿਆਨ ਸਿੰਘ (ਸਮਸ਼ੇਰ ਖ਼ਾਲਸਾ ਭਾਗ ਪਹਿਲਾ) ਦੀਆਂ ਲਿਖਤਾਂ ਤੋਂ ਭਲੀਭਾਂਤ ਲੱਗ ਜਾਂਦਾ ਹੈ।

ਖ਼ਾਫੀ ਖਾਨ ਅਨੁਸਾਰ ਜਦੋਂ ਬਾਦਸ਼ਾਹ ਫਰੁਖਸੀਅਰ ਨੇ ਸਿੱਖਾਂ ਦੇ ਧਾੜਵੀਆਂ ਵਿਚ ਫਟੇ ਹੋਣ ਬਾਰੇ ਸੁਣਿਆ ਤਾਂ ਉਸ ਨੇ ਭਰੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਖ਼ਾਲਸਾ ਪੰਥ ਵਿਚਲੇ ਸਰਕਾਰੀ ਸਰਪ੍ਰਸਤੀ ਹਾਸਲ ਵਿਅਕਤੀਆਂ ਵਲੋਂ ਬੰਦਾ ਸਿੰਘ ਉੱਪਰ ਲੱਗੀਆਂ ਊਝਾਂ ਮਾਤਾ ਸੁੰਦਰੀ ਕੋਲ ਵੀ ਪਹੁੰਚਾਈਆਂ ਗਈਆਂ। ਮਾਤਾ ਜੀ ਦਾ ਵਿਅਕਤੀਤਵ ਇਕ ਮੋਹ-ਮਮਤਾ ਵਿਚ ਗ੍ਰਸੇ ਹੋਏ ਵਿਅਕਤੀ ਵਾਲਾ ਸੀ। ਉਨ੍ਹਾਂ ਦੇ ਮਨ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦਾ ਵਿਛੋੜਾ ਕੰਢੇ ਵਾਂਗ ਚੁਭ ਰਿਹਾ ਸੀ। ਆਪਣੀ ਮਮਤਾ ਦੀ ਤ੍ਰਿਪਤੀ ਲਈ, ਉਨ੍ਹਾਂ ਨੇ ਉਸ ਵਰਗੇ ਚਿਹਰੇ-ਮੋਹਰੇ ਵਾਲਾ, ਇਕ ਬੱਚਾ ਗੋਦ ਲਿਆ ਹੋਇਆ ਸੀ, ਜਿਸ ਦਾ ਨਾਮ ਵੀ ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਮ ਤੇ 'ਅਜੀਤ ਸਿੰਘ' ਰੱਖਿਆ ਹੋਇਆ ਸੀ ਜੋ ਵੱਡਾ ਹੋ ਕੇ ਮਾਤਾ ਜੀ ਲਈ ਹੀ ਸਮੱਸਿਆ ਬਣ ਗਿਆ ਸੀ। ਇਸੇ ਅਜੀਤ ਸਿੰਘ ਨੂੰ 16 ਅਗਸਤ 1715 ਵਾਲੇ ਦਿਨ ਫਰੁਖਸੀਅਰ ਵਲੋਂ 'ਖਿਲਤੀ-ਇ-ਮਾਤਮੀ' ਪ੍ਰਦਾਨ ਕੀਤੀ ਗਈ ਜਦੋਂ ਕਿ ਇਹ ਅਜੀਤ ਸਿੰਘ ਗੁਰੂ ਸਾਹਿਬ ਦਾ ਪੁੱਤਰ ਹੀ ਨਹੀਂ ਅਤੇ ਗੁਰੂ ਸਾਹਿਬ ਨੂੰ ਜੋਤੀ ਜੋਤ ਸਮਾਇਆਂ ਨੂੰ ਵੀ ਪੰਜ ਸਾਲ ਬੀਤ ਚੁੱਕੇ ਸੀ। ਜ਼ਾਹਿਰ ਹੈ ਕਿ ਅਜੀਤ ਸਿੰਘ ਉੱਪਰ ਇਸ ਸ਼ਾਹੀ ਮਿਹਰਬਾਨੀ ਦਾ ਮਕਸਦ ਸਿੱਖਾਂ ਵਿਚ ਪਏ ਦੁਫਾੜ ਨੂੰ ਵਧਾਉਣਾ ਸੀ ਅਤੇ ਇਹ ਸੁਨੇਹਾ ਦੇਣਾ ਸੀ ਕਿ ਬੰਦਾ ਸਿੰਘ ਦੇ ਵਿਰੋਧੀਆਂ ਦੀ ਸਰਕਾਰੀ ਦਰਬਾਰੇ ਪੁੱਛ ਪ੍ਰਤੀਤ ਹੈ।

ਮਾਤਾ ਸੁੰਦਰੀ ਜੀ ਭਾਵੇਂ ਸਿੱਖ ਸੰਘਰਸ਼ ਦਾ ਕੇਂਦਰੀ ਧੁਰਾ ਕਦੇ ਵੀ ਨਹੀਂ ਰਹੇ ਫਿਰ ਵੀ ਉਨ੍ਹਾਂ ਦਾ 'ਗੁਰੂ ਕੇ ਮਹਲ' ਹੋਣ ਕਾਰਨ ਆਮ ਲੋਕਾਂ ਵਿਚ ਬਹੁਤ ਮਾਣ-ਸਤਿਕਾਰ ਸੀ। ਗੁਰੂ ਗੋਬਿੰਦ ਸਿੰਘ ਸਾਹਿਬਾਨ ਦੇ ਮਿਸ਼ਨ ਤੋਂ ਭਟਕੇ ਹੋਏ ਵਿਅਕਤੀਆਂ ਵਲੋਂ, ਬੰਦਾ ਸਿੰਘ ਨੂੰ ਸਿੱਖ ਪੰਥ ਤੋਂ ਅਲੱਗ-ਥਲੱਗ ਕਰਨ ਦੇ ਸਰਕਾਰੀ ਮਨਸੂਬੇ ਅਧੀਨ, ਮਾਤਾ ਜੀ ਦਾ ਨਾਮ ਵੀ ਵਰਤਿਆ ਗਿਆ ਅਤੇ ਇਹ ਪ੍ਰਚਾਰਿਆ ਗਿਆ ਕਿ ਬੰਦਾ ਸਿੰਘ ਨੇ ਮਾਤਾ ਜੀ ਦੀਆਂ ਹਦਾਇਤਾਂ ਦੀ ਉਲੰਘਣਾ ਕੀਤੀ ਹੈ ਪਰ ਸਿੱਖ ਅੰਤਮ ਸਮੇਂ ਤੀਕ ਉਸ ਦੇ ਨਾਲ ਖੜ੍ਹੇ ਰਹੇ ਅਤੇ ਉਸ ਦੇ ਨਾਲ ਹੀ ਦਿੱਲੀ ਵਿਖੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਮਾਤਾ ਜੀ ਦੇ ਨਾਮ ਹੇਠਾਂ ਬੰਦਾ ਸਿੰਘ ਵਿਰੁੱਧ ਇਕ ਹੁਕਮਨਾਮੇ ਦਾ ਜ਼ਿਕਰ ਵੀ ਗਿਆਨੀ ਗਿਆਨ ਸਿੰਘ ਦੀ ਪੁਸਤਕ ਸ਼ਮਸ਼ੇਰ ਖਾਲਸਾ ਭਾਗ ਪਹਿਲਾ ਵਿਚ ਆਉਂਦਾ ਹੈ ਪਰ ਅਜਿਹੇ

ਹੁਕਮਨਾਮੇ ਬਾਰੇ ਸਮਕਾਲੀ ਸਰੋਤ ਚੁੱਪ ਹਨ ਅਤੇ ਨਾ ਹੀ ਕਿਸੇ ਰਿਕਾਰਡ ਵਿਚ ਅਜਿਹੇ ਤਥਾਕਥਿਤ ਹੁਕਮਨਾਮੇ ਦੀ ਕਾਪੀ ਮੌਜੂਦ ਹੈ ਭਾਵੇਂ ਕਿ ਉਨ੍ਹਾਂ ਵਲੋਂ ਲਿਖੀਆਂ ਚਿੱਠੀਆਂ ਅਤੇ ਸੰਗਤ ਦੇ ਨਾਮ ਜਾਰੀ ਕੀਤੇ ਹੋਰ ਹੁਕਮਨਾਮਿਆਂ ਦਾ ਰਿਕਾਰਡ ਉਪਲਬਧ ਹੈ। ਇਸ ਗੱਲ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ ਕਿ ਮਾਤਾ ਜੀ ਦਿੱਲੀ ਰਹਿਣ ਕਾਰਨ, ਸੁਰੱਖਿਆ ਆਦਿ ਕਾਰਨਾਂ ਕਰਕੇ ਮੁਗ਼ਲਾਂ ਦੇ ਦਬਾਅ ਅਧੀਨ ਨਾ ਹੋਣ ਅਤੇ ਮੁਗ਼ਲ ਦਰਬਾਰ ਵੱਲੋਂ ਉਨ੍ਹਾਂ ਦੀ ਨਾਜ਼ੁਕ ਸਥਿਤੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਬੰਦਾ ਸਿੰਘ ਵਿਰੁੱਧ ਵਰਤਣ ਦੀ ਕੁਚੇਸ਼ਠਾ ਨਾ ਹੋਈ ਹੋਵੇ, ਕਿਉਂਕਿ ਸਿੱਖਾਂ ਵਿਚ ਫੁਟ ਪਾਉਣ ਦੀ ਫਰੁਖਸੀਅਰ ਦੀ ਨੀਤੀ ਅਤੇ ਕੋਸ਼ਿਸ਼ਾਂ ਦੇ ਸਮਕਾਲੀ ਵੇਰਵੇ ਸੌਖਿਆਂ ਹੀ ਮਿਲ ਜਾਂਦੇ ਹਨ ਪਰ ਇਸ ਸੰਬੰਧ ਮਾਤਾ ਜੀ ਵਲੋਂ ਕਿਸੇ ਵੀ ਲਿਖਤੀ ਹੁਕਮਨਾਮੇ ਦੀ ਅਣਹੋਂਦ ਹੈ। ਗਿਆਨੀ ਗਿਆਨ ਸਿੰਘ ਆਪਣੀ ਪੁਸਤਕ ਸ਼ਮਸ਼ੇਰ ਖਾਲਸਾ ਭਾਗ ਦੂਜਾ ਵਿਚ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਫਰੁਖਸੀਅਰ ਵਲੋਂ ਫੁਟ ਪਾ ਕੇ ਬੰਦਾ ਸਿੰਘ ਨੂੰ ਸਿਕਸ਼ਤ ਦਿੱਤੀ ਗਈ ਅਤੇ ਉਸ ਦੀ ਸ਼ਹੀਦੀ ਤੋਂ ਬਾਅਦ ਉਸ ਨੇ ਤੱਤ ਖ਼ਾਲਸਾ ਦੇ ਉਨ੍ਹਾਂ ਬੰਦਿਆਂ ਨੂੰ ਜਿਨ੍ਹਾਂ ਨਾਲ ਸੰਬੰਧ ਸੀ, ਪਹਿਲਾਂ ਘੁਰਕਣਾ ਤੇ ਫੇਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਉਹ ਲਿਖਦੇ ਨੇ ਕਿ "ਜਦ ਪੰਥ ਖ਼ਾਲਸੇ ਵਿਚ ਫ਼ਰਕ ਪਾ ਕੇ ਤੁਰਕਾਂ ਨੇ ਬਾਬੇ ਬੰਦੇ ਬਹਾਦਰ ਦੇ ਸੂਰਜ ਦੇ ਕੁੰਦੀ ਕੱਢੀ ਅਤੇ ਬੰਦੀ ਸਿੰਘਾਂ ਨੂੰ ਸਾਫ਼ ਕਰ ਲਿਆ, ਹੁਣ ਤੱਤ ਖ਼ਾਲਸੇ ਨਾਲ ਭੀ ਉਹੋ ਸਲੂਕ ਕਰਨ ਲੱਗ ਪਏ।" ਇਸ ਦੇ ਨਾਲ ਹੀ ਸਿੱਖਾਂ ਉੱਪਰ ਅੱਤ ਦੇ ਮਾੜੇ ਸਮਿਆਂ ਦੀ ਸ਼ੁਰੂਆਤ ਹੋ ਗਈ, ਉਨ੍ਹਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਅਤੇ ਉਨ੍ਹਾਂ ਜੰਗਲਾਂ ਵਿਚ ਸ਼ਰਨ ਲੈਣੀ ਪਈ।

ਸਮਕਾਲੀ ਗਵਾਹੀਆਂ ਅਨੁਸਾਰ 29 ਫ਼ਰਵਰੀ 1716 ਨੂੰ ਬੰਦਾ ਸਿੰਘ ਅਤੇ ਉਸ ਦੇ ਨਾਲ ਗ੍ਰਿਫ਼ਤਾਰ ਸਿੱਖਾਂ ਦਾ ਦਿੱਲੀ ਵਿਚ ਜਲੂਸ ਕੱਢਿਆ ਗਿਆ। ਜਲੂਸ ਦੇ ਅੱਗੇ ਇਕ ਬੈਂਡ-ਬਾਜਾ ਵੱਜ ਰਿਹਾ ਸੀ। ਇਸ ਬੈਂਡ ਦੇ ਪਿੱਛੇ ਸਿੱਖਾਂ ਦੇ ਦੋ ਹਜ਼ਾਰ ਕਟੇ ਹੋਏ ਸਿਰ ਹਨ ਜਿਨ੍ਹਾਂ 'ਚ ਤੂੜੀ ਭਰੀ ਹੋਈ ਸੀ ਅਤੇ ਜੋ ਢਾਂਗਿਆਂ 'ਤੇ ਟੰਗੇ ਹੋਏ ਸਨ। ਇਨ੍ਹਾਂ ਦੇ ਸਿਰਾਂ ਦੇ ਵਾਲ ਖੁੱਲ੍ਹੇ ਸਨ ਤਾਂ ਜੋ ਲੋਕ ਪਛਾਣ ਸਕਣ ਕਿ ਇਹ ਸਿੱਖਾਂ ਦੇ ਹੀ ਸਿਰ ਹਨ। ਇਨ੍ਹਾਂ ਕਟੇ ਹੋਏ ਸਿਰਾਂ ਪਿੱਛੇ ਹਾਥੀ 'ਤੇ ਸੁਆਰ ਪਿੰਜਰੇ ਵਿਚ ਡੱਕਿਆ ਹੋਇਆ ਬਾਬਾ ਬੰਦਾ ਸਿੰਘ ਬਹਾਦਰ ਸੀ। ਬਾਬਾ ਬੰਦਾ ਸਿੰਘ ਬਹਾਦਰ ਦਾ ਮਜ਼ਾਕ ਉਡਾਉਣ ਦੀ ਮਨਸ਼ਾ ਤਹਿਤ ਉਸ ਦੇ ਸਿਰ ਉੱਪਰ ਸੁਨਹਿਰੀ ਜ਼ਰੀ ਵਾਲੀ ਲਾਲ ਪੱਗ ਬੰਨ੍ਹੀ ਹੋਈ ਸੀ ਅਤੇ ਅਨਾਰ ਦੇ ਫੁੱਲਾਂ ਦੇ ਛਾਪੇ ਵਾਲਾ ਲਾਲ ਰੰਗ ਦਾ ਭਾਰੀ ਜਾਮਾ ਪੁਆਇਆ ਹੋਇਆ ਸੀ। ਉਸ ਦੇ ਸਿਰ 'ਤੇ ਤਿੰਨ ਚਾਰ ਕਿਲੋ ਮਿੱਟੀ ਨਾਲ ਭਰਿਆ ਹੋਇਆ ਲਕੜੀ ਦਾ ਖੋਖਾ ਰੱਖਿਆ ਹੋਇਆ ਸੀ ਜਿਸ ਦੇ ਭਾਰ ਨਾਲ ਉਹ ਗਰਦਨ ਝੁਕਾਈ ਟੇਢਾ ਬੈਠਾ ਸੀ। ਬੰਦਾ ਸਿੰਘ ਭਾਵੇਂ ਪਿੰਜਰੇ ਵਿਚ ਬੰਦ ਸੀ, ਫਿਰ ਵੀ ਉਸ ਪਿੱਛੇ ਨੰਗੀ ਤਲਵਾਰ ਹੱਥ ਵਿਚ ਫੜ ਕੇ ਮੁਹੰਮਦ ਅਮੀਨ ਖਾਨ ਨਾਮ ਦਾ ਤੂਰਾਨੀ ਅਫ਼ਸਰ ਖੜ੍ਹਾ ਕੀਤਾ ਹੋਇਆ ਸੀ। ਬੰਦਾ ਸਿੰਘ ਵਾਲੇ ਹਾਥੀ ਦੇ ਪਿੱਛੇ, ਕਾਠੀਆਂ ਤੋਂ ਸੱਖਣੇ ਊਠਾਂ ਉੱਤੇ ਦੋ-ਦੋ ਕਰਕੇ ਬੰਨੇ ਹੋਏ 740 ਸਿੰਘ ਸਨ। ਉਨ੍ਹਾਂ ਦੇ ਮੂੰਹਾਂ 'ਤੇ ਕਾਲਖ਼ ਮਲੀ ਹੋਈ ਸੀ। ਉਨ੍ਹਾਂ ਦਾ ਇਕ-ਇਕ ਹੱਥ ਗਰਦਨ ਦੇ ਪਿਛਲੇ ਹਿੱਸੇ ਨਾਲ ਸ਼ਿਕੰਜੇ ਵਿਚ ਕੱਸ ਕੇ ਬੰਨ੍ਹਿਆ ਹੋਇਆ ਸੀ। ਉਨ੍ਹਾਂ ਦੇ ਸਿਰਾਂ 'ਤੇ ਕਾਗ਼ਜ਼ਾਂ ਦੀਆਂ ਜੋਕਰ ਨੁਮਾ ਖੋਖਾ-ਟੋਪੀਆਂ ਰੱਖੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਜਿਸਮਾਂ 'ਤੇ ਭੇਡਾਂ ਦੀ ਖੱਲ ਲਪੇਟੀ ਹੋਈ ਸੀ। ਉਨ੍ਹਾਂ ਦਾ ਇਹ ਰੂਪ ਉਨ੍ਹਾਂ ਦਾ ਮਜ਼ਾਕ ਉਡਾਉਣ ਅਤੇ ਉਨ੍ਹਾਂ ਦੀ ਬੇਇਜ਼ਤੀ ਕਰਨ ਵਾਸਤੇ ਬਣਾਇਆ ਗਿਆ ਸੀ। ਇਸ ਜਲੂਸ ਪਿੱਛੇ ਮੁਹੰਮਦ ਅਮੀਨ ਖ਼ਾਨ, ਉਸ ਦਾ ਪੁੱਤਰ ਕਰਮ-ਉਦ-ਦੀਨ ਖ਼ਾਨ ਅਤੇ ਜ਼ਕਰੀਆ ਖ਼ਾਨ ਪੁੱਤਰ ਅਬਦੁਸ ਸਮਦ ਖ਼ਾਨ ਜੋ ਮਗਰੋਂ ਲਾਹੌਰ ਦਾ ਸੂਬੇਦਾਰ ਬਣਿਆ, ਜੇਤੂਆਂ ਵਾਂਗ ਆਕੜ-ਆਕੜ ਕੇ ਚੱਲ ਰਹੇ ਸਨ। ਇਸ ਜਲੂਸ ਨੂੰ ਵੇਖਣ ਵਾਸਤੇ ਦਿੱਲੀ ਦੀ ਸਾਰੀ ਲੋਕਾਈ ਸੜਕਾਂ 'ਤੇ ਆਈ ਹੋਈ ਸੀ ਜੋ ਕੈਦੀਆਂ ਦਾ ਮਜ਼ਾਕ ਉਡਾਉਂਦੀ ਸੀ ਪਰ ਬਦਨਸੀਬ ਸਿੱਖ ਖ਼ੁਸ਼ ਨਜ਼ਰ ਆ ਰਹੇ ਸਨ ਅਤੇ ਬਾਣੀ ਪੜ੍ਹ ਰਹੇ ਸਨ। 'ਇਬਰਤਨਾਮਾ' ਦਾ ਲੇਖਕ ਮਿਰਜ਼ਾ ਹਾਰਸੀ ਇਸ ਮੌਕੇ 'ਤੇ ਦਿੱਲੀ ਵਿਚ ਮੌਜੂਦ ਸੀ। 5 ਮਾਰਚ 1716 ਤੋਂ ਸੌ ਕੈਦੀ ਹਰ ਰੋਜ਼ ਕਤਲ ਹੋਣੇ ਸ਼ੁਰੂ ਹੋ ਗਏ। ਕਿਸੇ ਵੀ ਕੈਦੀ ਨੇ ਆਪਣੀ ਰਿਹਾਈ ਦੇ ਇਵਜ ਵਜੋਂ ਧਰਮ ਪਰਿਵਰਤਨ ਲਈ ਹਾਂ ਨਹੀਂ ਕੀਤੀ। ਸਾਰੇ ਕੈਦੀਆਂ ਨੂੰ ਕਤਲ ਕਰਨ ਉਪਰੰਤ ਤਿੰਨ ਮਹੀਨਿਆਂ ਤਕ ਬੰਦਾ ਸਿੰਘ ਅਤੇ ਉਸ ਦੇ ਕਰੀਬੀ ਸਾਥੀਆਂ ਭਾਈ ਬਾਜ ਸਿੰਘ, ਭਾਈ ਫਤਹਿ ਸਿੰਘ ਆਦਿ ਨੂੰ ਜਿਉਂਦਾ ਰੱਖਿਆ ਗਿਆ ਅਤੇ ਉਨ੍ਹਾਂ ਤੋਂ ਬੰਦਾ ਸਿੰਘ ਦੇ ਖ਼ਜ਼ਾਨੇ ਬਾਰੇ ਪੁੱਛ ਪੜਤਾਲ ਕੀਤੀ ਗਈ। ਬੰਦਾ ਸਿੰਘ ਨੂੰ ਮਾਰਨ ਤੋਂ ਪਹਿਲਾਂ ਉਸ ਦੇ ਮਾਸੂਮ ਪੁੱਤਰ ਅਜੈ ਸਿੰਘ ਨੂੰ ਮਾਰਿਆ ਗਿਆ ਅਤੇ ਉਸ ਦਾ ਤੜਫਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਪਾ ਦਿੱਤਾ ਗਿਆ। ਬੰਦਾ ਸਿੰਘ ਨੂੰ ਗਰਮ ਜੰਬੂਰਾਂ ਨਾਲ ਨੋਚ ਨੋਚ ਕੇ ਸ਼ਹੀਦ ਕੀਤਾ ਗਿਆ। ਪਹਿਲਾਂ ਉਸ ਦੀਆਂ ਅੱਖਾਂ ਕੱਢੀਆਂ ਗਈਆਂ ਤੇ ਫਿਰ ਉਸ ਦੇ ਹੱਥ ਪੈਰ ਵੱਢੇ ਗਏ ਅਤੇ ਬਾਅਦ ਵਿਚ ਉਸ ਦਾ ਸਿਰ ਕੱਟਿਆ ਗਿਆ। ਸਮਕਾਲੀ ਸਰੋਤਾਂ ਅਨੁਸਾਰ ਬੰਦਾ ਅਖ਼ੀਰਲੇ ਸਾਹ ਤੀਕ ਅਡੋਲ, ਸ਼ਾਂਤ ਅਤੇ ਸਥਿਰ ਰਿਹਾ।

ਬਾਬਾ ਬੰਦਾ ਸਿੰਘ ਬਹਾਦਰ ਜ਼ੁਲਮ ਖ਼ਿਲਾਫ਼ ਉਸ ਸਦੀਵੀ ਸੰਘਰਸ਼ ਦਾ ਮਹਾਂ-ਨਾਇਕ ਸੀ ਜਿਸ ਦੀ ਬੁਨਿਆਦ ਗੁਰੂ ਨਾਨਕ ਦੇਵ ਨੇ ਲੋਕਾਈ ਨੂੰ ਸ਼ਬਦ ਦੀ ਖੜਗ ਪ੍ਰਦਾਨ ਕਰਕੇ ਰੱਖੀ ਸੀ। ਉਹ ਇਸ ਸੰਘਰਸ਼ ਵਿਚ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦਾ ਜਾਨਸ਼ੀਨ ਹੋ ਨਿਬੜਿਆ। ਉਸ ਦੀ ਗੁਰੂ-ਸਿਧਾਂਤਾਂ ਨਾਲ ਪ੍ਰਤੀਬੱਧਤਾ ਕਿਸੇ ਵੀ ਸਪੱਸ਼ਟੀਕਰਨ ਦੀ ਮੁਥਾਜ ਨਹੀਂ, ਉਹ ਮੁਗਲਈ ਤਸ਼ੱਦਦ ਦੀ ਕੁਠਾਲੀ ਵਿਚੋਂ ਕੁੰਦਨ ਬਣ ਕੇ ਨਿੱਤਰਿਆ। ਉਸ ਦੀਆਂ ਚਿੱਠੀਆਂ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ ਕਿ ਉਸ ਨੇ ਕਦੇ ਵੀ ਗੁਰੂ ਦੀ ਪਦਵੀ ਦੇ ਧਾਰਨੀ ਹੋਣ ਦਾ ਦਾਵਾ ਨਹੀਂ ਕੀਤਾ। ਬਾਬਾ ਬੰਦਾ ਸਿੰਘ ਨੇ ਗੁਰੂਆਂ ਵੱਲੋਂ ਪ੍ਰਜਵਲਿਤ ਸੰਘਰਸ਼ ਦੀ ਜੋਤ ਨੂੰ ਨਾ ਸਿਰਫ਼ ਜਗਦਿਆਂ ਰੱਖਿਆ ਸਗੋਂ ਆਪਣੇ ਖ਼ੂਨ ਅਤੇ ਚਰਬੀ ਨਾਲ ਇਸ ਨੂੰ ਹੋਰ ਪ੍ਰਚੰਡ ਕੀਤਾ। ਉਸ ਨੇ ਸਿੱਖਾਂ ਵਿਚ ਆਪਣੇ ਰਾਜ ਦਾ ਸੰਕਲਪ ਬੋਇਆ ਅਤੇ ਆਮ ਲੋਕਾਂ ਵਿਚ ਜ਼ੁਲਮ ਦਾ ਮੁਕਾਬਲਾ ਕਰਨ ਦੀ ਜਾਗ ਲਾਈ। ਸ਼ਾਇਦ ਇਹ ਭਾਈ ਰਤਨ ਸਿੰਘ ਭੰਗੂ ਆਦਿ ਦੀਆਂ ਧੜੇਬੰਦੀ ਤੋਂ ਪ੍ਰੇਰਿਤ, ਨਾਕਰਾਤਮਕ ਅਤੇ ਤਥ-ਰਹਿਤ ਲਿਖਤਾਂ ਦਾ ਅਸਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਬਹੁਤ ਲੰਮਾ ਸਮਾਂ ਪੰਜਾਬ ਦੇ ਲੋਕਾਂ ਲਈ ਅਣਗੌਲਿਆ ਹੀਰੋ ਹੀ ਰਿਹਾ। ਉਸ ਬਾਰੇ ਵਿਗਿਆਨਕ ਢੰਗ ਨਾਲ ਖੋਜ ਲਈ ਅਤੇ ਉਸ ਨੂੰ ਸਹੀ ਪ੍ਰਸੰਗ ਵਿਚ ਅਤੇ ਇਕ ਨਾਇਕ ਦੇ ਰੂਪ ਵਿਚ ਪ੍ਰਸਤੁਤ ਕਰਨ ਵਿਚ ਡਾ. ਗੰਡਾ ਸਿੰਘ ਹੁਰਾਂ ਦਾ ਯੋਗਦਾਨ ਅਦੁੱਤੀ ਹੈ।



# ਦਲਿਤ ਪੁਰਸ਼ ਸ੍ਵੈ-ਜੀਵਨੀਆਂ

## ਬਲਬੀਰ ਮਾਧੋਪੁਰੀ

**ਦਲਿਤ ਸਵੈਜੀਵਨੀਆਂ ਦਾ ਸਮਾਜਿਕ ਤੇ ਸਾਹਿਤਕ ਪਿਛੋਕੜ**

ਸਮੁੱਚੇ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਦਲਿਤ ਸਾਹਿਤਕਾਰਾਂ ਵਲੋਂ ਆਪਣੀਆਂ ਸਵੈਜੀਵਨੀਆਂ ਲਿਖਣ ਦਾ ਰੁਝਾਨ ਵੀਹਵੀਂ ਸਦੀ ਦੀ ਆਖਰੀ ਚੌਥਾਈ ਵਿਚ ਸ਼ੁਰੂ ਹੋਇਆ। ਉਨ੍ਹਾਂ ਆਪਣੇ ਹੱਡੀਂ ਹੰਢਾਏ ਉਨ੍ਹਾਂ ਵਾਕਿਆ, ਘਟਨਾਵਾਂ, ਸਮਾਜਿਕ-ਆਰਥਿਕ ਵਿਤਕਰਿਆਂ ਤੇ ਧਰਮ ਜ਼ਰੀਏ ਉਨ੍ਹਾਂ ਉਤੇ ਹੁੰਦੇ ਅਤਿਆਚਾਰਾਂ ਦਾ ਵਰਨਣ ਕੀਤਾ ਹੈ ਜੋ ਉਨ੍ਹਾਂ ਕੋਲੋਂ ਭੁਲਾਇਆਂ ਵੀ ਨਹੀਂ ਭੁੱਲੇ। ਸੋ, ਦਲਿਤ ਸਵੈਜੀਵਨੀਆਂ ਦੀ ਵਿਸਥਾਰ ਸਹਿਤ ਚਰਚਾ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਸਮਾਜਿਕ ਵਿਵਸਥਾ ਤੋਂ ਸਤਾਏ ਦਲਿਤ ਸਾਹਿਤਕਾਰਾਂ ਦੀਆਂ ਸਵੈਜੀਵਨੀਆਂ ਦੇ ਪਿਛੋਕੜ ਵਿਚ ਕਾਰਜਸ਼ੀਲ ਇਤਿਹਾਸਕ, ਮਿਥਹਾਸਕ ਤੇ ਮਨੁ ਸਮ੍ਰਿਤੀ ਆਧਾਰਿਤ ਸਮਾਜਿਕ ਬਣਤਰ ਉਤੇ ਸੰਖੇਪ ਝਾਤ ਮਾਰ ਲਈਏ। ਇੱਥੇ ਇਹ ਜ਼ਿਕਰ ਜ਼ਰੂਰੀ ਹੈ ਕਿ ਚਰਚਾ ਹੇਠ ਸਿਰਫ ਦਲਿਤ ਪੁਰਸ਼ ਸਵੈਜੀਵਨੀਆਂ ਹੀ ਹਨ।

ਇਤਿਹਾਸਕ ਤੱਤ ਤੇ ਤੱਥ ਪ੍ਰਮਾਣ ਭਰਪੂਰ ਪ੍ਰਾਪਤ ਹਨ ਕਿ ਲਗਭਗ 2500 ਪੂਰਵ-ਈਸਵੀ ਤਕ ਭਾਰਤ ਦੇ ਮੂਲ ਨਿਵਾਸੀਆਂ ਦੀ ਸਭ ਤੋਂ ਪੁਰਾਣੀ ਤੇ ਅਮੀਰ ਸਭਿਅਤਾ ਸੀ ਜੋ ਸਿੰਧੂ ਘਾਟੀ ਸਭਿਅਤਾ ਵਜੋਂ ਪ੍ਰਸਿੱਧ ਹੈ। ਇਸ ਖਿੱਤੇ ਦੇ ਮੂਲ ਨਿਵਾਸੀਆਂ ਨੇ ਹੜੱਪਾ ਤੇ ਮੋਹਨਜੋਦੜੋ ਵਰਗੇ ਅਤਿ ਵਿਕਸਤ ਸ਼ਹਿਰ ਵਸਾਏ ਜਿਨ੍ਹਾਂ ਦੀ ਤੁਲਨਾ ਸਭਿਆਚਾਰ ਤੇ ਸਭਿਅਤਾ ਪੱਖੋਂ ਕਿਸੇ ਹੋਰ ਦੇਸ਼ ਜਾਂ ਇਲਾਕੇ ਨਾਲ ਨਹੀਂ ਕੀਤੀ ਜਾ ਸਕਦੀ। ਪਰ 1800 ਪੂਰਵ-ਈਸਵੀ ਦੇ ਨੇੜੇ-ਤੇੜੇ ਗੋਰੇ-ਚਿੱਟੇ ਤੇ ਨੀਲੀਆਂ-ਭੂਰੀਆਂ ਅੱਖਾਂ ਵਾਲੇ ਆਰੀਆ ਲੋਕ ਕੇਂਦਰੀ ਏਸ਼ੀਆ ਦੇ ਵੱਖ-ਵੱਖ ਖਿੱਤਿਆਂ ਤੋਂ ਦੱਰਾ ਖ਼ੈਬਰ ਰਾਹੀਂ ਉੱਤਰੀ ਭਾਰਤ ਦੇ ਹਰਿਆਲੇ-ਖ਼ੁਸ਼ਹਾਲੇ

ਇਲਾਕੇ ਪੰਜਾਬ (ਪੰਜ ਨਦ-ਪੰਜ ਨਦੀਆਂ ਯਾਨਿ ਪੰਜ ਪਾਣੀਆਂ ਦਾ ਭੂ-ਖੇਤਰ) ਵਿਚ ਦਾਖ਼ਲ ਹੋਏ। ਪਹਿਲਾਂ-ਪਹਿਲਾਂ ਉਹ ਥੋੜ੍ਹੀ-ਥੋੜ੍ਹੀ ਗਿਣਤੀ ਵਿਚ ਲਗਾਤਾਰ ਆਉਂਦੇ ਗਏ ਤੇ ਫਿਰ ਜਦੋਂ ਵੱਡੀ ਗਿਣਤੀ ਵਿਚ ਆ ਟਿਕੇ ਤਾਂ ਉਨ੍ਹਾਂ ਨਾਲ ਧਰਤੀ-ਪੁੱਤਰਾਂ ਦਾ ਟਕਰਾਅ ਸੁਭਾਵਿਕ ਸੀ। ਆਰੀਆ ਲੋਕਾਂ ਨੇ ਉਨ੍ਹਾਂ ਤੋਂ ਬਹੁਤ ਕੁਝ ਸਿਖ ਕੇ ਉਨ੍ਹਾਂ ਉਤੇ ਹੀ ਤਾਬੜ-ਤੋੜ ਹਮਲੇ ਸ਼ੁਰੂ ਕਰ ਦਿਤੇ ਤੇ ਭਲੇ ਸੁਭਾਅ ਦੇ ਮੂਲ ਨਿਵਾਸੀਆਂ ਦੀ ਸ਼ਾਨਾਮੱਤੀ ਤੇ ਮਾਣਮੱਤੀ ਮਨੁੱਖਵਾਦੀ ਸਭਿਅਤਾ ਨੂੰ ਤਬਾਹ ਕਰ ਦਿਤਾ।

ਆਰੀਆ ਲੋਕਾਂ ਨੇ ਸਥਾਨਕ ਵਸੋਂ ਵਿਚ ਫੁੱਟ ਪਾਈ ਤੇ ਜਾਤ-ਪ੍ਰਣਾਲੀ ਦੇ ਆਧਾਰ 'ਤੇ ਮਨੁੱਖਾਂ ਦੀ ਵੰਡ ਕਰ ਦਿਤੀ। ਉਨ੍ਹਾਂ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਵਰਣਾਂ/ਵਰਗਾਂ ਦੀ ਸਿਰਜਣਾ ਕਰਕੇ ਉਨ੍ਹਾਂ ਨੂੰ ਵੱਖੋ-ਵੱਖਰੇ ਕੰਮ-ਧੰਦੇ ਸੌਂਪੇ। ਸ਼ੂਦਰਾਂ ਨੂੰ ਆਪਣੇ ਤੋਂ ਉਪਰਲੇ ਤਿੰਨ ਵਰਣਾਂ ਲਈ 'ਸੇਵਾ ਅਧਿਕਾਰ' ਦੀ ਜ਼ਿੰਮੇਵਾਰੀ ਲਾਈ ਤੇ ਐਲਾਨਿਆ ਕਿ ਇਹ ਸਾਰਾ ਕੁਝ ਪ੍ਰਮਾਤਮਾ ਦੇ ਹੁਕਮ ਨਾਲ ਹੈ ਤੇ ਇਸ ਦੀ ਅਵੱਗਿਆ ਕੋਈ ਵਿਅਕਤੀ ਨਹੀਂ ਕਰ ਸਕਦਾ। ਸ਼ੂਦਰਾਂ ਨੂੰ ਨਾਗਾ, ਰਾਖਸ਼, ਅਸੁਰ, ਦਰਾਵਿੜ, ਦਾਨਵ, ਨਿਸ਼ਾਦ, ਕਿੰਨਰ ਆਦਿ ਆਖਿਆ ਗਿਆ। ਮਾਸੂਮ ਮਨੁੱਖਾਂ ਸਮੇਤ ਪਸ਼ੂਆਂ-ਪੰਛੀਆਂ ਦੀ ਬਲੀ ਪਰੰਪਰਾ, ਡਰਾਉਣ-ਧਮਕਾਉਣ ਤੇ ਸਮਾਜ ਵਿਚ ਦਹਿਸ਼ਤ ਫ਼ੈਲਾਉਣ ਲਈ ਕੋਈ ਕਸਰ ਨਾ ਛੱਡੀ। ਕੁੱਲ ਵਸੋਂ ਦਾ ਅੱਧਾ ਹਿੱਸਾ ਯਾਨਿ ਔਰਤ-ਜ਼ਾਤ ਦਾ ਸਮਾਜਕ ਰੁੱਤਬਾ 'ਪਾਪ ਯੋਨੀ' ਕਹਿ ਕੇ ਅਤਿ ਨਿਮਨ ਰਖਿਆ ਗਿਆ। ... ਤੇ ਫਿਰ ਜਾਤ-ਪਾਤ ਨੂੰ ਜਨਮ ਨਾਲ ਜੋੜ ਕੇ ਆਪਣੀ ਪ੍ਰਭੁਸੱਤਾ ਨੂੰ ਹੋਰ ਪੱਕਾ ਕਰ ਲਿਆ ਗਿਆ।

> ਉਪਰੋਕਤ ਤੱਥਾਂ ਦੇ ਪੱਖ ਵਿਚ ਜਰਮਨ ਤਾਨਾਸ਼ਾਹ ਹਿਟਲਰ ਦਾ ਨਿਮਨ ਲਿਖਤ ਕਥਨ (ਮੇਰਾ ਸੰਘਰਸ਼ (ਸਵੈਜੀਵਨੀ), ਕਾਂਡ 11, ਪੰਨਾ 121) ਪੁਸ਼ਟੀ ਕਰਦਾ ਹੈ, "ਜੇ ਅਸੀਂ ਮਾਨਵ ਜਾਤੀ ਨੂੰ ਤਿੰਨ ਵਰਗਾਂ ਵਿਚ ਵੰਡਦੇ ਹਾਂ -- ਸਭਿਆਚਾਰ ਦੇ ਮੋਢੀ, ਸਭਿਆਚਾਰ ਦੇ ਵਾਹਕ ਤੇ ਸਭਿਆਚਾਰ ਦੇ ਨਾਸ਼ਕ ਤਾਂ ਆਰੀਆ (ਜਿਨ੍ਹਾਂ ਨੂੰ ਹਿਟਲਰ ਘੁਮੰਤੂ ਲਿਖਦਾ ਹੈ) ਇਕੱਲੇ ਹੀ ਪਹਿਲੀ ਸ਼੍ਰੇਣੀ ਦੀ ਪ੍ਰਤਿਨਿਧਤਾ ਕਰਨ ਵਾਲੇ ਵਜੋਂ ਵਿਚਾਰੇ ਜਾ ਸਕਦੇ ਹਨ ... ਆਰੀਆ ਨਸਲਾਂ ਨੇ ਆਪਣੀ ਨਿਗੂਣੀ ਗਿਣਤੀ ਸਦਕਾ ਹੀ ਊਟਪਟਾਂਗ ਢੰਗ ਨਾਲ ਵਿਦੇਸ਼ੀ ਕੌਮਾਂ ਨੂੰ ਅਕਸਰ ਬਰਬਾਦ ਕੀਤਾ ਤੇ ਨਿਮਨ ਸ਼੍ਰੇਣੀ ਦੇ ਲੋਕਾਂ ਨੇ ਸਹਾਇਤਾ ਕੀਤੀ ਜਿਹੜੇ ਉਨ੍ਹਾਂ ਦੀ ਮਦਦ ਲਈ ਉਨ੍ਹਾਂ ਦੇ ਅਧਿਕਾਰ ਹੇਠ ਹਨ, ਕਬਜ਼ਾ ਕੀਤੇ ਇਲਾਕਿਆਂ ਦੀ ਉਪਜਾਇਕਤਾ, ਪੌਣ-ਪਾਣੀ ਵਿਚ ਜੀਵਨ ਲਈ ਵਿਸ਼ੇਸ਼ ਸਥਿਤੀਆਂ ਦੇ ਅਨੁਸਾਰ ਆਦਿ ... ਲਈ ਉਹ ਵਿਕਾਸ ਵਾਸਤੇ ਚਾਲੇ ਪਾਉਂਦੇ ਹਨ। "

ਆਰੀਆ ਲੋਕਾਂ ਵਲੋਂ ਕੀਤੇ ਗਏ ਅਕਹਿ ਤੇ ਅਸਹਿ ਜ਼ੁਲਮਾਂ ਦੀ ਗੱਲ ਇਥੇ ਹੀ ਖ਼ਤਮ ਨਹੀਂ ਹੋ ਜਾਂਦੀ। ਉਨ੍ਹਾਂ ਉੱਤਰੀ-ਭਾਰਤ (ਮਹਾਂਪੰਜਾਬ, ਸਿੰਧ, ਹਿਮਾਲਾ- ਦੇ ਕੁਝ ਖੇਤਰ, ਗੁਜਰਾਤ, ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼) ਦੇ ਕੁਦਰਤੀ ਸਰੋਤਾਂ ਨੂੰ ਨਸ਼ਟ ਕਰਨ ਦੀ ਪੂਰੀ ਵਾਹ ਲਾਈ। ਇਸ ਉਪਜਾਊ ਖੇਤੀ-ਖੇਤਰ ਦੀ ਆਰਥਿਕਤਾ ਨੂੰ ਵੱਡਾ ਨੁਕਸਾਨ ਪਹੁੰਚਾਇਆ । ਉਦਾਹਰਣ ਵਜੋਂ, ਰਿਗਵੇਦ ਸਮੇਤ ਸਰਸਵਤੀ ਨਦੀ ਦਾ ਜ਼ਿਕਰ ਕਈ ਪੁਰਾਤਨ ਗ੍ਰੰਥਾਂ ਵਿਚ ਵੀ ਹੈ। ਸਰਸਵਤੀ ਦੇ ਸੁੱਕ ਜਾਣ ਦੀ ਗੱਲ ਵੈਦਿਕ ਰਚਨਾਵਾਂ ਵਿਚ ਵੀ ਨਹੀਂ ਹੈ ਪਰ ਮਹਾਂਭਾਰਤ ਵਿਚ ਇਸ ਦੀ ਲੰਮੀ ਚਰਚਾ ਹੈ। ਪਿਛਲੇ ਸੌ ਸਾਲਾਂ ਦੌਰਾਨ ਹੋਈਆਂ ਵੱਖ-ਵੱਖ ਖੋਜਾਂ ਨੇ ਪੁਸ਼ਟੀ ਕੀਤੀ ਹੈ ਕਿ ਹਾਕੜਾ/ਘੱਗਰ ਦੇ ਸੁੱਕੇ ਨਦੀ ਤਲ ਉਤੇ ਹੀ ਸਰਸਵਤੀ ਵਹਿੰਦੀ ਸੀ। ਵਿਦਵਾਨਾਂ ਦਾ ਮਤ ਹੈ ਕਿ ਸਰਸਵਤੀ ਦੇ ਸੁੱਕਣ ਦਾ ਮੁਖ ਕਾਰਨ ਸਤਲੁਜ ਦੀ ਜਲ-ਧਾਰਾ ਬਦਲਨਾ ਸੀ। ਇਸ ਨਾਲ ਉਹ ਸਰਸਵਤੀ ਵਿਚ ਨਾ ਮਿਲ ਕੇ ਸਿੰਧੂ ਨਦੀ ਵਿਚ ਮਿਲਣ ਲੱਗੀ। ਯਮੁਨਾ ਦੀ ਧਾਰ ਬਦਲਣ ਨੂੰ (ਪੱਛਮ ਵਿਚ ਨਾ ਵਹਿ ਕੇ ਪੂਰਬ ਵਿਚ ਗੰਗਾ ਨਾਲ ਮਿਲਣਾ) ਉਨਾਂ ਨੇ ਇਸ ਦਾ ਇਕ ਹੋਰ ਕਾਰਨ ਦੱਸਿਆ। ਉਪਰਲੇ ਵਰਣਨ ਦਾ ਅਰਥ ਸਮੁੱਚੀ ਸਮਾਜਿਕ-ਆਰਥਿਕ ਸਥਿਤੀ ਨੂੰ ਸਮਝਣਾ ਹੈ ਕਿ ਆਰੀਆ ਲੋਕਾਂ ਨੇ ਆਪਣੇ ਪੈਰ ਜਮਾਉਣ ਲਈ ਧਰਤੀ-ਪੁੱਤਰਾਂ ਨੂੰ ਸਦੀਵੀ ਗੁਲਾਮ ਬਣਾਉਣ ਲਈ ਹਰ ਹਰਬਾ ਵਰਤਿਆ। ਵਰਤਮਾਨ ਸਮਿਆਂ ਵਿਚ ਮਨੁ ਸਮ੍ਰਿਤੀ ਬ੍ਰਾਹਮਣਵਾਦੀ ਵਿਵਸਥਾ ਨੂੰ ਸਦਾ-ਸਥਾਈ ਰਖਣ ਲਈ ਆਪਣੇ ਥਾਂ ਕਾਰਜਸ਼ੀਲ ਹੈ।

### ਰੋਹ-ਵਿਦਰੋਹ ਦੀਆਂ ਲਹਿਰਾਂ

ਆਰੀਆ ਬ੍ਰਾਹਮਣਾਂ ਦੀਆਂ ਪ੍ਰਸ਼ਾਸਨਿਕ ਲੁਟੇਰਾ-ਚਾਲਾਂ, ਅਮਾਨਵੀ ਤੇ ਗੁਲਾਮਗਿਰੀ ਦੇ ਵਿਰੁੱਧ ਮੂਲ ਨਿਵਾਸੀਆਂ ਅੰਦਰ ਉਪਜੀਆਂ ਵਿਦਰੋਹੀ ਸੁਰਾਂ ਵਿਆਪਕ ਰੂਪ ਵਿਚ ਫ਼ੈਲਣੀਆਂ ਸ਼ੁਰੂ ਹੋਈਆਂ। ਉਨ੍ਹਾਂ ਦੇ ਪੱਖ ਤੇ ਹੱਕ ਵਿਚ ਚਾਰਵਾਕ ਦਰਸ਼ਨ ਤੇ ਬੁੱਧ ਮਤ ਵਿਸ਼ੇਸ਼ ਤੌਰ ਤੇ ਆਏ। ਇਹ ਬ੍ਰਾਹਮਣਵਾਦ ਨੂੰ ਲਲਕਾਰ ਸਾਬਤ ਹੋਈ। ਆਜੀਵਕ ਦਰਸ਼ਨ ਮੂਲ ਨਿਵਾਸੀਆਂ ਵਿਚਾਲੇ ਉਨ੍ਹਾਂ ਦਿਨਾਂ ਵਿਚ ਪ੍ਰਚਲਿਤ ਸੀ। ਇਹ ਵੀ ਹਕੀਕਤ ਹੈ ਕਿ ਵਿਦਰੋਹ ਦੀਆਂ ਉੱਠੀਆਂ ਲਹਿਰਾਂ ਨੂੰ ਦਬਾਉਣ ਤੇ ਖ਼ਾਮੋਸ਼ ਕਰਨ ਨੂੰ ਇਨ੍ਹਾਂ ਕੁਝ ਨਵ-ਵਿਚਾਰਧਾਰਾਵਾਂ ਤੇ ਧਾਰਨਾਵਾਂ ਨੇ ਸਬਰ-ਸੰਤੋਖ ਵਾਲਾ ਜੀਵਨ ਜੀਣ ਲਈ ਇਛਾਵਾਂ ਘਟਾਉਣ, ਅਹਿੰਸਾ ਦੇ ਮਾਰਗ 'ਤੇ ਚੱਲਣ ਅਤੇ 'ਰੱਬ ਦੀ ਰਜ਼ਾ' ਵਿਚ ਰਹਿਣ ਲਈ ਪ੍ਰੇਰਿਤ ਕੀਤਾ। ਸਮਾਂ ਪਾ ਕੇ ਧਰਮ ਨੂੰ ਢਾਲ ਬਣਾ ਕੇ ਭਾਰਤ ਭਰ ਦੇ ਕੁਝ ਸੰਤਾਂ-ਮਹਾਂਪੁਰਸ਼ਾਂ ਨੇ ਵਰਣ-ਧਰਮ ਉਤੇ ਸਮਾਜਿਕ ਬਰਾਬਰੀ ਖਾਤਰ ਚੇਤਨਾ ਭਰੇ ਕਾਵਿਕ ਹਮਲੇ 'ਸਤਿਸੰਗਾਂ' ਦੇ ਬਹਾਨੇ ਕੀਤੇ। ਇਨ੍ਹਾਂ ਕਵੀ ਸੰਤਾਂ ਵਿਚ ਪ੍ਰਮੁੱਖ ਸਨ; ਨਾਮਦੇਵ, ਰਵਿਦਾਸ, ਕਬੀਰ, ਤ੍ਰਿਲੋਚਨ, ਸਧਨਾ, ਸੈਣ, ਪੀਪਾ ਆਦਿ। ਉਨ੍ਹਾਂ ਦੀਆਂ ਰਚਨਾਵਾਂ ਜਿਥੇ ਸਭ ਮਨੁੱਖਾਂ ਦੇ ਹੱਡ, ਮਾਸ, ਨਾੜੀ, ਪਿੰਜਰ ਤੇ ਉਨ੍ਹਾਂ ਅੰਦਰ ਵਗਦੇ ਲਾਲ ਰੰਗ ਦੇ ਲਹੂ ਦੀ ਸਮਤਾ ਤੇ ਸਮਾਨਤਾ ਨੂੰ ਉਭਾਰਦੀਆਂ ਉਥੇ ਸਮਾਜਿਕ ਚੇਤਨਾ ਦਾ ਜ਼ਰੀਆ ਬਣਦੀਆਂ। ਇਸੇ ਕਰ ਕੇ ਉਹ ਆਪਣੇ ਸਮਿਆਂ ਵਿਚ ਬੇਜ਼ਮੀਨੇ, ਮਿਹਨਤਕਸ਼ਾਂ ਤੇ ਕਾਰੀਗਰ ਬਰਾਦਰੀਆਂ ਨੂੰ ਆਪਣੇ ਨਾਲ ਜੋੜ ਲੈਣ ਵਿਚ ਕਾਮਯਾਬ ਹੋਏ। ਸੰਤਾਂ- ਮਹਾਂਪੁਰਸ਼ਾਂ ਦੀਆਂ ਇਨ੍ਹਾਂ ਕਵਿਤਾਵਾਂ ਵਿਚ

ਮੌਜੂਦ ਸਵੈਜੀਵਨੀ ਅੰਸ਼ ਤੇ ਸਮਕਾਲੀ ਸਥਿਤੀਆਂ ਤੇ ਇਤਿਹਾਸਕ ਘਟਨਾਵਾਂ ਦੇ ਹਵਾਲੇ ਮਿਲਦੇ ਹਨ। ਗੌਰਤਲਬ ਹੈ ਕਿ ਇਨ੍ਹਾਂ ਸੰਤ ਕਵੀਆਂ ਨੇ ਬ੍ਰਾਹਮਣਵਾਦੀ ਰੀਤੀਆਂ-ਕੁਰੀਤੀਆਂ ਤੋਂ ਛੁਟਕਾਰੇ ਲਈ ਸ਼ੂਦਰਾਂ ਤੇ ਅਛੂਤਾਂ ਯਾਨਿ ਮੂਲ ਨਿਵਾਸੀਆਂ ਨੂੰ ਨਵੇਂ ਸਮਾਜ ਦੀ ਸਿਰਜਣਾ ਲਈ ਇਕ ਸੰਕਲਪ ਪੇਸ਼ ਕੀਤਾ। ਉਦਾਹਰਣ ਵਜੋਂ, ਬੇਗਮਪੁਰਾ- 'ਦੁੱਖ-ਤਕਲੀਫ਼ ਮੁਕਤ ਸ਼ਹਿਰ' ਜੋ ਜਾਤ-ਰਹਿਤ, ਵਰਣ/ਵਰਗ ਰਹਿਤ ਸਮਾਜ, ਇਕ ਆਧੁਨਿਕ ਸਮਾਜ, ਮੰਦਰਾਂ ਦੇ ਜ਼ਿਕਰ ਤੋਂ ਰਹਿਤ; ਸ਼ਹਿਰੀ ਸਮਾਜ, ਉਹ ਖਿੱਤਾ ਜਿਸ ਵਿਚ ਕੋਈ ਟੈਕਸ ਨਹੀਂ ਦੇਣਾ ਪੈਂਦਾ ਜਾਂ ਪਰੇਸ਼ਾਨੀ ਨਹੀਂ, ਜਿੱਥੇ ਉੱਚੇ-ਨੀਵੇਂ ਦੀ ਦਰਜਾਬੰਦੀ ਨਹੀਂ ਸਗੋਂ ਸਾਰੇ ਬਰਾਬਰ ਹਨ। ਇਸ ਸ਼ਬਦ ਦੇ ਅਖ਼ੀਰ ਵਿਚ ਕਵੀ ਰਵਿਦਾਸ ਕਹਿੰਦੇ ਹਨ ਕਿ ਮੈਂ ਚਮਾਰ ਜਾਤੀ ਨਾਲ ਸੰਬੰਧਿਤ ਬੰਦਾ ਆਜ਼ਾਦ ਹੋ ਚੁੱਕਾ ਹਾਂ ਤੇ ਮੈਂ ਆਪਣੇ ਮਿੱਤਰਾਂ ਨਾਲ ਆਜ਼ਾਦ ਹੋ ਕੇ ਘੁੰਮਦਾ-ਫਿਰਦਾ ਹਾਂ, ਕਿੱਧਰੇ ਵੀ ਆਉਣ-ਜਾਣ ਦਾ ਅਧਿਕਾਰ ਹੈ, ਸ਼ਹਿਰ ਜਾਂ ਪਿੰਡ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਪੂਰਨ ਸ਼ਬਦ ਇਸ ਪ੍ਰਕਾਰ ਹੈ:-

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸ਼ਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਖਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ **-ਆਦਿ ਗ੍ਰੰਥ, ਪੰਨਾ 345**

ਜਾਂ ਫਿਰ

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਬਨ ਕੋ ਅੰਨ।
ਛੋਟੋ ਬੜੋ ਸਭ ਸਮ ਬਸੇ ਰਵਿਦਾਸ ਰਹੇ ਪ੍ਰਸੰਨ।

ਇਉਂ ਕਬੀਰ ਸਾਹਿਬ ਲਿਖਦੇ ਤੇ ਲਲਕਾਰ ਕੇ ਕਹਿੰਦੇ ਹਨ:-
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥ ਤਉ ਆਨ ਬਾਟ ਕਾਹੇ ਨਹੀ ਆਇਆ ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥ **-ਆਦਿ ਗ੍ਰੰਥ, ਪੰਨਾ 324**

ਉਪਰਲੀਆਂ ਕਾਵਿ-ਰਚਨਾਵਾਂ ਤੇ ਇਨ੍ਹਾਂ ਵਿਚਲੇ ਸੰਦਰਭ ਨੂੰ ਵਾਚਦਿਆਂ ਬਹੁਤੇ ਵਿਦਵਾਨਾਂ ਨੇ ਲਿਖਿਆ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਵਚਨ ਦਲਿਤ-ਪੱਖੀ ਹੈ। ਇਸ ਲਈ ਉਨ੍ਹਾਂ ਇਸ ਗ੍ਰੰਥ ਨੂੰ ਵਿਚਾਰਧਾਰਕ ਤੌਰ ਤੇ ਦਲਿਤ ਟੈਕਸਟ ਵਜੋਂ ਵਿਚਾਰਿਆ ਹੈ। ਦੂਜੇ ਸ਼ਬਦਾਂ ਵਿਚ ਇਹ ਮਹਾਨ ਗ੍ਰੰਥ ਛੂਤਛਾਤ ਤੇ ਜਾਤਪਾਤ ਦੇ ਮਿਥਿਆ ਪ੍ਰਵਚਨ ਨੂੰ ਨਕਾਰਦਾ ਹੈ ਤੇ ਅਧਿਆਤਮ ਦੇ ਨਾਲ-ਨਾਲ ਸਮਾਜਿਕ ਵਰਤਾਰੇ ਦੇ ਕੱਚ-ਸੱਚ ਤੇ ਕਰੂਰ ਯਥਾਰਥ ਨੂੰ ਬਿਨਾਂ ਕਿਸੇ ਲਗ-ਲਪੇਟ ਦੇ ਮਾਨਵੀ ਦ੍ਰਿਸ਼ਟੀ ਤੋਂ ਸਹਿਜ ਰੂਪ ਵਿਚ ਪ੍ਰਗਟਾਉਂਦਾ ਹੈ। ਇਸ ਦੇ ਨਾਲ ਹੀ ਉੱਪਰ ਵਰਣਿਤ ਸੰਤਾਂ ਦੇ ਸਮਕਾਲੀ ਸੰਤ ਤੁਕਾ ਰਾਮ, ਚੋਖਾਮੇਲਾ, ਬਾਂਕਾ, ਜਾਨਾਬਈ ਆਦਿ ਤੇ ਹੋਰ ਮਹਾਨ ਕਵੀ ਸੰਤ ਸਨ ਜਿਨ੍ਹਾਂ ਦੰਭ, ਪਾਖੰਡ, ਆਡੰਬਰ ਦੀ ਆਲੋਚਨਾ ਕੀਤੀ ਤੇ ਨਵ-ਸਮਾਜ ਉਸਾਰੀ ਵਿਚ ਵਿਸ਼ੇਸ਼ ਭੂਮਿਕਾ ਨਿਭਾਈ।

**ਦਲਿਤ ਚਿੰਤਨ ਤੇ ਚੇਤਨਾ**

ਉੱਨ੍ਹੀਵੀਂ ਸਦੀ ਦੀ ਆਖਰੀ ਚੌਥਾਈ ਦੌਰਾਨ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਸਮੁੱਚੇ ਹਿੰਦੁਸਤਾਨ ਵਿਚ ਦਲਿਤ ਲਹਿਰਾਂ ਉੱਠੀਆਂ ਜਿਨ੍ਹਾਂ ਦਾ ਮੁੱਖ ਮਨੋਰਥ ਭਾਰਤੀ ਸਮਾਜ, ਖ਼ਾਸ ਤੌਰ 'ਤੇ ਅਛੂਤਾਂ ਦੀ ਸਮਾਜਿਕ-ਆਰਥਿਕ, ਧਾਰਮਿਕ ਤੇ ਰਾਜਨੀਤਕ ਸਥਿਤੀ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਉਣਾ ਸੀ। ਕਹਿਣ ਦਾ ਮਤਲਬ ਕਿ ਜੋਤੀਰਾਓ ਫੂਲੇ (1827-1890) ਨੇ 1868 ਈ. ਵਿਚ ਅਛੂਤਾਂ ਨੂੰ ਆਪਣੇ ਘਰ ਵਿਚਲੇ ਤਲਾਅ ਵਿਚੋਂ ਪਾਣੀ ਭਰਨ ਦੀ ਆਗਿਆ ਦੇਣ ਨਾਲ 'ਸ਼ੂਦਰ-ਅਤਿ ਸ਼ੂਦਰ' ਦੀ ਏਕਤਾ ਦਾ ਮੁੱਢ ਬੰਨ੍ਹਿਆ ਤੇ 24 ਸਤੰਬਰ, 1873 ਨੂੰ 'ਸਤਿਆਸੋਧਕ ਸਮਾਜ' ਦੀ ਸਥਾਪਨਾ ਕੀਤੀ। ਉਪਰੰਤ 1870 ਵਿਚ ਹਿੰਦੂ ਸਰੇਯੋਭੀ ਵਰਧਿਨੀ ਸਭਾ (Sreyobhi Vardhini Sabha) ਮਦਰਾਸ ਤੇ 1872 ਵਿਚ ਨਾਮਾਸ਼ੂਦਰਾ (Namashudra) ਬੰਗਾਲ ਦੀ ਸਥਾਪਨਾ ਅਛੂਤਾਂ ਅੰਦਰ ਅਧਿਕਾਰ ਚੇਤਨਾ ਲਿਆਉਣ ਹਿਤ ਕੀਤੀ। ਇਉਂ ਹੀ, ਦੱਖਣ ਭਾਰਤ ਵਿਚ ਆਦਿ ਦਿਰਾਵੜ ਮਹਾਜਨ ਸਭਾ (Adi Dravida Mahajan Sabha) 1927 ਵਿਚ, ਕੇਰਲ ਵਿਚ ਪਹਿਲੇ ਦਲਿਤ ਕ੍ਰਾਂਤੀਕਾਰੀ ਤੇ ਭੂਮੀ ਸੁਧਾਰਕ ਆਇਨਕਲੀ (1863-1941), ਤਮਿਲਨਾਡੂ ਵਿਚ ਐਮ. ਸੀ. ਰਾਜਾ, ਆਂਧਰਾ ਪ੍ਰਦੇਸ਼ ਵਿਚ ਭਾਗਯ ਰੈਡੀ ਵਰਮਾ (1888-1939), ਆਦਿ ਹਿੰਦੂ ਮਹਾਂਸਭਾ (Adi Hindu Mahasabha) 1926 ਤੇ ਉੱਤਰ ਭਾਰਤ ਵਿਚ ਆਦਿ ਹਿੰਦੂ (ਸੰਸਥਾਪਕ, ਸਵਾਮੀ ਅਛੂਤਾਨੰਦ, 1839-1932), ਆਦਿ ਧਰਮ ਮੰਡਲ ਪੰਜਾਬ (ਬਾਨੀ, ਗਦਰੀ ਬਾਬਾ ਮੰਗੂ ਰਾਮ, 1886-1980), ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ (1891-1956) ਵੱਖੋ-ਵੱਖਰੇ ਇਲਾਕਿਆਂ ਵਿਚੋਂ ਇਕ ਸਮਾਨ ਏਜੰਡੇ ਲੈ ਕੇ ਲੋਕਾਂ ਤੇ ਬਿਟ੍ਰਿਸ਼ ਹਕੂਮਤ ਅੱਗੇ ਪੇਸ਼ ਹੋਏ। ਉਨ੍ਹਾਂ ਅਨੇਕ ਕਿਤਾਬਚੇ ਪ੍ਰਕਾਸ਼ਿਤ ਕੀਤੇ। ਉਦਾਹਰਣ ਵਜੋਂ, ਆਦਿ ਧਰਮ ਮੰਡਲ ਨੇ ਅੱਠ ਕਾਵਿ-ਪੁਸਤਕਾਂ (1) ਆਦੀ ਦੁੱਖੜੇ- ਦੋ

ਵਾਰ ਪ੍ਰਕਾਸ਼ਿਤ (2) ਸੱਚਾ ਪਟਾਕਾ-ਦੋ ਵਾਰ ਪ੍ਰਕਾਸ਼ਿਤ (3) ਅਛੂਤੋਂ ਕੀ ਪੁਕਾਰ (4) ਆਦਿ ਪੈਗਾਮ (5) ਵਿਹਾਰ ਸੁਧਾਰ – ਦੋ ਵਾਰ ਪ੍ਰਕਾਸ਼ਿਤ (6) ਭਰਮ ਤੋੜ (7) ਆਜ਼ਾਦੀ ਦੀ ਡੌਂਡੀ (8) ਕੌਮੀ ਅੱਲ੍ਹਾਂ ਆਦਿ। ਇਨ੍ਹਾਂ ਦੀ ਕੁੱਲ ਛਪਣ ਗਿਣਤੀ 50 ਹਜ਼ਾਰ ਕਾਪੀਆਂ ਸੀ। ਬਹੁਤ ਸਾਰੀ ਜੁਝਾਰੂ ਸਮੱਗਰੀ ਛਾਪ ਕੇ ਅਛੂਤਾਂ ਵਿਚਾਲੇ ਵੰਡੀ ਗਈ ਤੇ ਸਮਾਨ ਅਧਿਕਾਰ ਚੇਤਨਾ ਇਸ਼ਤਿਹਾਰ 1931 ਦੀ ਮਰਦਮਸ਼ੁਮਾਰੀ ਤੋਂ ਪਹਿਲਾਂ ਦਰਖਤਾਂ ਸਮੇਤ ਕੰਧਾਂ ਉਤੇ ਲਗਵਾਏ।

ਉਪਰੋਕਤ ਸਾਰੇ ਅਛੂਤ ਸੰਗਠਨਾਂ ਤੇ ਆਗੂਆਂ ਨੇ ਇਸ਼ਤਿਹਾਰਬਾਜ਼ੀ ਤੇ ਕਿਤਾਬਚਿਆਂ ਵਿਚ ਪ੍ਰਚਾਰਿਆ ਕਿ ਜਦੋਂ ਤੋਂ ਆਰੀਆ ਲੋਕਾਂ ਨੇ ਸਾਨੂੰ ਜਿੱਤਿਆ ਹੈ ਉਦੋਂ ਤੋਂ ਸਾਡੇ ਨਾਲ ਜੰਗੀ ਕੈਦੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਆਰੀਆ ਲੋਕਾਂ ਨਾਲ ਸਾਡੇ ਹਿੰਦੁਸਤਾਨ ਦੇ ਮੂਲ ਨਿਵਾਸੀਆਂ ਦੀ ਖ਼ੂਨ ਦੀ ਕੋਈ ਸਾਂਝ ਨਹੀਂ। ਉਹ ਸਾਡੇ ਵਿਚੋਂ ਨਹੀਂ ਤੇ ਨਾ ਅਸੀਂ ਉਨ੍ਹਾਂ ਵਿਚੋਂ। ਉਨ੍ਹਾਂ ਗੁਰੂ ਰਵਿਦਾਸ ਦੇ 'ਬੇਗਮਪੁਰਾ' ਸੰਕਲਪ ਦੀ ਧਾਰਨਾ-ਸਮਤਾ ਤੇ ਸਮਾਨਤਾ ਵਾਲੇ ਮਨੁੱਖੀ ਅਧਿਕਾਰਾਂ ਨੂੰ ਵਿਸ਼ਾਲ ਪੱਧਰ 'ਤੇ ਪ੍ਰਚਾਰਿਆ। ਇਸ ਤੋਂ ਉਲਟ ਮਹਾਤਮਾ ਗਾਂਧੀ ਨੇ 'ਹਿੰਦੂ ਰਾਸ਼ਟਰਵਾਦ' ਲਈ 'ਰਾਮਰਾਜ' ਦੀ ਸਥਾਪਨਾ ਦਾ ਬੀੜਾ ਚੁੱਕਿਆ ਜਿਸ ਦਾ ਮਨੋਰਥ ਛੂਤਛਾਤ ਨੂੰ ਖ਼ਤਮ ਕਰਨਾ ਸੀ। ਉਹ ਜਾਤਪਾਤ ਨੂੰ ਜਿਉਂ ਦਾ ਤਿਉਂ ਬਣਾ ਕੇ ਰੱਖਣਾ ਚਾਹੁੰਦੇ ਸਨ। ਹਾਂ, ਮਰਦਮਸ਼ੁਮਾਰੀ 1931 ਵਿਚ ਅਛੂਤਾਂ ਦੀ ਜਨਸੰਖਿਆ ਦਾ ਪਤਾ ਲਾਇਆ ਗਿਆ। ਇਕੱਲੇ ਪੰਜਾਬ ਵਿਚ ਸਵਾ ਚਾਰ ਲੱਖ ਲੋਕਾਂ ਨੇ ਆਪਣੇ-ਆਪ ਨੂੰ ਆਦਿ ਧਰਮੀ ਲਿਖਿਆ ਤੇ ਧਰਮ ਦੇ ਖ਼ਾਨੇ ਵਿਚ ਆਦਿ ਧਰਮ ਲਿਖਵਾ ਕੇ ਹਿੰਦੂਆਂ ਨਾਲੋਂ ਵਖਰੇਵਾਂ ਦਰਜ ਕਰਵਾਇਆ। ਜੇ ਮਰਦਮਸ਼ੁਮਾਰੀ 2011 ਦੇ ਅੰਕੜਿਆਂ ਨੂੰ ਦੇਖੀਏ ਤਾਂ ਪਤਾ ਲਗਦਾ ਹੈ ਕਿ ਦੇਸ਼ ਅੰਦਰ 17 ਕਰੋੜ ਆਬਾਦੀ ਅਨੁਸੂਚਿਤ ਜਾਤੀਆਂ ਦੀ ਸੀ। ਜੇ ਥੋੜ੍ਹਾ ਜਿਹਾ ਵਿਆਪਕ ਪੱਧਰ 'ਤੇ ਦੇਖੀਏ ਤਾਂ ਸਾਰਕ ਦੇ ਸੱਤ ਦੇਸ਼ਾਂ (ਹੁਣ ਅੱਠ) ਵਿਚ ਦਲਿਤ ਆਬਾਦੀ 201 ਮਿਲੀਅਨ ਸੀ, (ਨੇਪਾਲ 4.5 ਮਿਲੀਅਨ-ਅਨੁਮਾਨ 2005, ਯੂ. ਕੇ. ਵਿਚ 50 ਲੱਖ ਦਲਿਤ ਆਬਾਦੀ, ਅਨੁਮਾਨ 2011) ਤੇ ਕਨੇਡਾ ਵਿਚ 2 ਲੱਖ। ਇਸ ਵਿਚ ਮਲੇਸ਼ੀਆ, ਸ੍ਰੀਲੰਕਾ, ਸਿੰਗਾਪੁਰ, ਬੰਗਲਾਦੇਸ਼ ਤੇ ਪਾਕਿਸਤਾਨ ਦੇ ਦਲਿਤ ਆਬਾਦੀ ਦੇ ਅੰਕੜੇ ਸ਼ਾਮਿਲ ਨਹੀਂ ਹਨ।

**ਦਲਿਤ ਪੁਰਸ਼ ਸਵੈਜੀਵਨੀਆਂ**

ਪੁਰਾਤਨ ਗ੍ਰੰਥਾਂ ਵਿਚ ਮੂਲ ਨਿਵਾਸੀਆਂ ਨੂੰ ਵੱਖ-ਵੱਖ ਨਾਂ ਦਿਤੇ ਹੋਏ ਮਿਲਦੇ ਹਨ ਜਿਨ੍ਹਾਂ ਦਾ ਜ਼ਿਕਰ ਪਹਿਲਾਂ ਕੀਤਾ ਜਾ ਚੁੱਕਾ ਹੈ। ਆਧੁਨਿਕ ਸਮਿਆਂ ਵਿਚ ਇਹ ਨਾਂ ਬਦਲਦੇ ਗਏ। ਜਿਵੇਂ ਮਹਾਤਮਾ ਗਾਂਧੀ ਨੇ ਅਛੂਤਾਂ ਲਈ 'ਹਰੀਜਨ' (ਰੱਬ ਦੀ ਸੰਤਾਨ) ਸ਼ਬਦ ਦੀ ਵਰਤੋਂ ਕੀਤੀ। ਦੇਸ਼ ਸੇਵਕ (ਪੰਜਾਬੀ ਅਖ਼ਬਾਰ) ਦੇ 1928 ਦੇ ਇਕ ਅੰਕ ਵਿਚ ਆਦਿ ਧਰਮ ਮੰਡਲ ਪੰਜਾਬ ਵਲੋਂ ਸਾਇਮਨ ਕਮਿਸ਼ਨ ਨੂੰ ਦਿਤੇ ਇਕ ਮੈਮੋਰੰਡਮ ਦੇ ਅਨੁਵਾਦ ਵਿਚ ਅਛੂਤ ਲਈ ਦਲਿਤ ਸ਼ਬਦ ਦੀ ਵਰਤੋਂ ਹੋਈ ਮਿਲਦੀ ਹੈ। ਇਉਂ ਹੀ ਲਾਹੌਰ ਤੋਂ 1938 ਵਿਚ ਛਪੇ ਮੈਗਜ਼ੀਨ ਦਾ ਨਾਂ 'ਦਲਿਤ ਬੰਧੂ' ਜਿਸ ਦੇ ਸੰਪਾਦਕ ਜਸਵੰਤ ਰਾਏ ਤੇ ਪ੍ਰਿਥੀ ਸਿੰਘ ਆਜ਼ਾਦ ਸਨ। ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੰਸਕ੍ਰਿਤ ਦੇ ਦਲਿਤ ਸ਼ਬਦ ਨੂੰ ਪਹਿਲੀ ਵਾਰ ਮਰਾਠੀ ਵਿਚ ਇਸਤੇਮਾਲ ਕੀਤਾ। ਹੁਣ 'ਹਰੀਜਨ' ਸ਼ਬਦ ਦੀ ਵਰਤੋਂ ਉਤੇ ਅਦਾਲਤ ਵਲੋਂ ਪਾਬੰਦੀ ਹੈ। ਦਰਅਸਲ, ਦਲਿਤ ਸ਼ਬਦ ਬਹੁਤ ਹੀ ਕ੍ਰਾਂਤੀਕਾਰੀ ਹੈ। ਇਹ ਭਾਰਤ ਦੇ ਸਮੂਹ ਅਛੂਤਾਂ (ਹੁਣ ਅਨੁਸੂਚਿਤ ਜਾਤੀਆਂ) ਨੂੰ ਇਕ ਛੱਤਰੀ ਹੇਠ ਲਿਆਉਂਦਾ ਹੈ ਚਾਹੇ ਉਹ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਵੱਸਦੇ ਹੋਣ, ਕਿਸੇ ਵੀ ਧਰਮ, ਜਾਤ, ਭਾਸ਼ਾ ਆਦਿ ਨਾਲ ਸੰਬੰਧਿਤ ਹੋਣ। ਇਹ ਸ਼ਬਦ ਅਨੁਸੂਚਿਤ ਜਾਤੀ ਦੇ ਵਿਅਕਤੀ ਨੂੰ ਪਛਾਣ ਪ੍ਰਦਾਨ ਕਰਦਾ ਹੈ ਭਾਵੇਂ ਉਹ ਹਿੰਦੂ, ਬੁੱਧ ਮਤ ਜਾਂ ਸਿੱਖ ਧਰਮ ਵਿਚ ਵਿਸ਼ਵਾਸ ਰੱਖਦਾ ਹੋਵੇ।

ਸਪੱਸ਼ਟ ਕਰਨਾ ਉਚਿਤ ਹੋਵੇਗਾ ਕਿ ਦਲਿਤ ਸਾਹਿਤਕਾਰ ਦਲਿਤ ਅੰਦੋਲਨਾਂ ਦੇ ਚਿੰਤਨ ਤੇ ਚੇਤਨਾ ਦੇ ਪ੍ਰਭਾਵ ਤਹਿਤ ਬਹੁਤ ਕੁਝ ਨਵਾਂ, ਵਿਵੇਕਸ਼ੀਲ, ਪ੍ਰੇਰਨਾਦਾਇਕ ਤੇ ਮੰਤਵ-ਮੁਖੀ ਸਾਹਿਤ ਸਿਰਜਣਾ ਵਲ ਰੁਚਿਤ ਹੋਏ। ਸਿੱਟੇ ਵਜੋਂ, ਉਨ੍ਹਾਂ ਦਲਿਤ ਲਹਿਰਾਂ ਨੂੰ ਇਕ ਤਰਕ-ਭਰਪੂਰ ਹਥਿਆਰ ਦੇ ਰੂਪ ਵਿਚ ਪਰਤਾਇਆ। ਦਲਿਤ ਸਾਹਿਤਕਾਰਾਂ ਦੀਆਂ ਸਵੈਜੀਵਨੀਆਂ ਭਾਰਤੀ ਸਮਾਜ ਦਾ ਸ਼ੀਸ਼ਾ ਬਣ ਕੇ ਦੇਸ਼-ਵਿਦੇਸ਼ ਦੇ ਬੁੱਧੀਜੀਵੀਆਂ ਸਾਹਮਣੇ ਆਈਆਂ ਤੇ ਦੇਸ਼ ਦਾ ਕਰੂਪ ਚਿਹਰਾ ਦਿਖਾਉਣ ਵਿਚ ਸਫਲ ਹੋਈਆਂ। ਉਨ੍ਹਾਂ ਵਿਚਲਾ ਕਰੂਰ ਯਥਾਰਥ ਕਿਸੇ ਦੀ ਹਮਦਰਦੀ ਦਾ ਮੁਥਾਜ ਨਾ ਹੋ ਕੇ ਕ੍ਰਾਂਤੀਕਾਰੀ ਉਤੇਜਨਾ ਤੇ ਤਰਕਵਾਦੀ ਦ੍ਰਿਸ਼ਟੀ ਨਾਲ ਆਪਣੇ ਮਨੋਰਥ ਦੀ ਪ੍ਰਾਪਤੀ ਹਿਤ ਜੂਝਣ ਲਈ ਉਤਸਾਹਿਤ ਕਰਦਾ ਹੈ।

ਉੱਘੜਵੀਂ ਹਕੀਕਤ ਇਹ ਵੀ ਹੈ ਦਲਿਤ ਸਾਹਿਤਕਾਰ ਆਪਣੇ ਆਪ ਨੂੰ ਸਵੈਜੀਵਨੀ ਦੇ ਕੇਂਦਰ ਵਿਚ ਤਾਂ ਰੱਖਦੇ ਹਨ ਪਰ ਆਪਣੇ ਸਮੂਹ ਦਲਿਤ ਭਾਈਚਾਰੇ ਦੀਆਂ ਸਮਾਜਿਕ, ਧਾਰਮਿਕ ਤੇ ਆਰਥਿਕ ਸਥਿਤੀਆਂ ਨੂੰ ਵਧੇਰੇ ਉਭਾਰਦੇ ਹਨ। ਅਕਸਰ, ਦਲਿਤ ਸਵੈਜੀਵਨੀਕਾਰ ਉਹੋ ਕੁਝ ਹੀ ਲਿਖਦੇ ਹਨ ਜੋ ਉਨ੍ਹਾਂ ਦਾ ਹੱਡੀਂ ਹੰਢਾਇਆ ਅਨੁਭਵ ਹੁੰਦਾ ਹੈ। ਉਹ ਉੱਚ-ਜਾਤੀ ਦੇ ਸਵੈਜੀਵਨੀਕਾਰਾਂ ਵਾਂਗ ਮਨੋਰੰਜਨ-ਮੁਖੀ ਸ਼ਬਦਾਵਲੀ ਨਹੀਂ ਵਰਤਦੇ ਸਗੋਂ ਆਪਣੀਆਂ ਅਣਮਨੁੱਖੀ ਸਥਿਤੀਆਂ, ਆਪਣੇ ਨਾਲ ਹੁੰਦੀਆਂ ਵਧੀਕੀਆਂ, ਧੱਕੇਸ਼ਾਹੀ ਤੇ ਜਿਸਮਾਨੀ ਸ਼ੋਸ਼ਣ ਦੇ ਨਾਲ-ਨਾਲ ਅੰਧ-ਵਿਸ਼ਵਾਸ਼, ਵਹਿਮ-ਭਰਮ, ਪਾਖੰਡਵਾਦ, ਕਰਮਕਾਂਡ ਤੇ ਅਡੰਬਰਵਾਦ ਉਤੇ ਤਰਕ ਦੇ ਤੀਰ ਚਲਾਉਂਦੇ ਹਨ। ਇਉਂ ਵਰਤਮਾਨ ਸਮਿਆਂ ਵਿਚ ਦਲਿਤ ਸਾਹਿਤ ਮੁੱਖਧਾਰਾ ਵਾਲਾ ਸਾਹਿਤ ਬਣ ਚੁੱਕਾ ਹੈ। ਦੂਜੇ ਸ਼ਬਦਾਂ ਵਿਚ ਪਰੰਪਰਕ ਸਾਹਿਤ ਤੇ ਬ੍ਰਾਹਮਣਵਾਦੀ ਜੀਵਨੀ ਸਾਹਿਤ ਦਾ ਗ੍ਰਾਫ ਡਿਗ ਕੇ ਨਿਮਨ-ਮੁਖੀ ਰੁਝਾਨ ਵਾਲਾ ਹੋ ਗਿਆ ਹੈ। ਇਕ ਤੱਥ ਹੋਰ ਉੱਘੜ ਕੇ ਸਾਹਮਣੇ ਆਇਆ ਹੈ ਕਿ ਗੈਰ-ਦਲਿਤਾਂ ਵਲੋਂ ਦਲਿਤਾਂ ਬਾਰੇ ਲਿਖਿਆ ਜਾਂਦਾ

'ਦਲਿਤ ਸਾਹਿਤ' ਜਾਂ ਜੀਵਨੀ-ਨੁਮਾ ਸਾਹਿਤ ਦਾਹਵਾ ਥੋਥਾ ਤੇ ਬੋਦਾ ਸਾਬਤ ਹੋਇਆ ਹੈ ਕਿਉਂਕਿ ਉਹ ਬਾਹਰਮੁਖੀ, ਤਾਬੇਦਾਰੀ ਵਾਲਾ, ਹਮਦਰਦੀ ਵਾਲਾ ਤੇ ਅਸਲੀਅਤ ਤੋਂ ਦੂਰ ਹੁੰਦਾ ਹੈ। ਉਹ ਕਿਸੇ ਤਰ੍ਹਾਂ ਵੀ ਸਮਾਜਿਕ ਪਰਿਵਰਤਨ, ਸਮਾਜਿਕ ਨਿਆਂ ਤੇ ਮਨੁੱਖ-ਮੁਖੀ ਨਹੀਂ ਹੁੰਦਾ। ਇਸ ਸੰਦਰਭ ਵਿਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਇਸ ਟਿੱਪਣੀ ਨੂੰ ਡੂੰਘਾਈ ਨਾਲ ਦੇਖਿਆ-ਵਿਚਾਰਿਆ ਜਾ ਸਕਦਾ ਹੈ ਜੋ ਉਨ੍ਹਾਂ ਨੇ ਡਾ. ਰਾਜੇਂਦਰ ਪ੍ਰਸਾਦ ਨੂੰ 17 ਨਵੰਬਰ 1953 ਨੂੰ ਇਕ ਪੱਤਰ ਵਿਚ ਲਿਖੀ ਸੀ ਤੇ ਉਹ ਆਰਗੇਨਾਈਜ਼ਰ ਵੀਕਲੀ, ਨਵੀਂ ਦਿੱਲੀ ਵਿਚ 4 ਮਈ 1997 ਨੂੰ ਛਪੀ ਸੀ:-"ਹਿੰਦੂ ਨਿਸਚਿਤ ਤੌਰ ਤੇ ਉਦਾਰ ਤੇ ਸਹਿਣਸ਼ੀਲ ਨਹੀਂ ਹੈ। ਹਿੰਦੂ ਨਾਲੋਂ ਵਧੇਰੇ ਸੰਕੀਰਣ ਵਿਅਕਤੀ ਦੁਨੀਆ ਵਿਚ ਕੋਈ ਨਹੀਂ ਹੈ, ਯਹੂਦੀ ਨੂੰ ਛੱਡ ਕੇ।"

ਹੁਣ ਦਲਿਤ ਸਵੈਜੀਵਨੀਆਂ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਵੱਡੀ ਗਿਣਤੀ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਨ੍ਹਾਂ ਵਿਚੋਂ ਬਹੁ-ਗਿਣਤੀ ਮਰਾਠੀ ਦਲਿਤ ਸਵੈਜੀਵਨੀਆਂ ਦੀ ਹੈ। ਉਨ੍ਹਾਂ ਦਲਿਤ ਸਵੈਜੀਵਨੀਆਂ ਵਿਚੋਂ ਕਈ ਦਾ ਅੰਗਰੇਜ਼ੀ ਸਮੇਤ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ। ਜਿਵੇਂ ਅੰਬੇਡਕਰ: ਆਟੋਬਾਓਗ੍ਰਫੀਕਲ ਨੋਟਸ, ਦਇਆ ਪਵਾਰ ਦੀ 'ਬਲੂਤ', ਐੱਨ. ਐੱਸ. ਸੂਰੀਆਵੰਸ਼ੀ ਦੀ 'ਥਿੰਗਜ਼ ਆਈ ਨੈਵਰ ਇਮੇਜ਼ਨਡ', ਨਰੇਂਦਰ ਜਾਧਵ ਦੀ 'ਆਊਟਕਾਸਟ', ਵਸੰਤ ਮੂਨ ਦੀ 'ਗਿਵਿੰਗ ਅਪ ਅਨਟਚੇਬਲ ਇਨ ਇੰਡੀਆ', ਸ਼ਰਣ ਕੁਮਾਰ ਲਿੰਬਾਲੇ ਦੀ 'ਦਿ ਆਊਟ ਕਾਸਟ', ਲਕਸ਼ਮਨ ਗਾਇਕਵਾੜ ਦੀ 'ਦਿ ਬਰੈਂਡਡ', ਲਕਸ਼ਮਨ ਮਾਨੇ ਦੀ 'ਓਪਰਾ' ਆਦਿ। ਕੰਨੜ ਸਵੈਜੀਵਨੀਕਾਰ ਦੀ 'ਪੋਆਇਜ਼ਨਡ ਬ੍ਰੈੱਡ' ਅੱਜਕੱਲ੍ਹ ਚਰਚਾ ਵਿਚ ਹੈ। ਤਮਿਲ ਲੇਖਕ ਪੇਰੂਮਲ ਮੁਰੂਗਨ ਦਾ ਸਵੈਜੀਵਨੀ-ਨੁਮਾ ਨਾਵਲ 'ਵਨ ਪਾਰਟ ਵੋਮੈਨ' ਲਿਖ ਕੇ ਵਿਵਾਦਾਂ ਦੇ ਘੇਰੇ ਵਿਚ ਰਹੇ।

ਬਲਬੀਰ ਮਾਧੋਪੁਰੀ ਦੀ ਸਵੈਜੀਵਨੀ 'ਛਾਂਗਿਆ ਰੁੱਖ' (Changiya Rukh (*Against the Night*) 2010 ਵਿਚ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਨੇ ਛਾਪੀ ਜਿਸ ਵਿਚ ਉਦਾਰ ਸੋਚ ਦੇ ਧਾਰਨੀ ਪੰਜਾਬੀਆਂ ਦੀ ਜਾਤੀਵਾਦੀ ਕੱਟੜਤਾ ਤੇ ਖ਼ੁਸ਼ਹਾਲ ਸਮਝੇ ਜਾਂਦੇ ਪੰਜਾਬ ਸੂਬੇ ਵਿਚ ਦਲਿਤਾਂ ਦੀ ਗਰੀਬੀ ਤੇ ਕੰਗਾਲੀ ਦਾ ਬਿਰਤਾਂਤ ਹੈ। ਇਉਂ ਹੀ ਕੰਨੜ ਸਵੈਜੀਵਨੀਕਾਰ ਸਿੱਦਾਲਿੰਗੱਇਆ ਦੀ 'ਊਰੁਕੇਰੀ', ਪ੍ਰੋ. ਸਤਿਆਨਾਰਾਇਣ ਦੀ 'ਮਾਈ ਫਾਦਰ ਬੱਲਯਾ' (ਮੂਲ ਅੰਗਰੇਜ਼ੀ ਵਿਚ ਤੇ ਪਰ ਲੇਖਕ ਤੇਲਗੂ ਭਾਸ਼ੀ ਹੈ।)

ਇਉਂ ਹੀ ਹਿੰਦੀ ਭਾਸ਼ੀ ਖੇਤਰ ਵਿਚੋਂ ਪ੍ਰੋ. ਸ਼ਿਓਰਾਜ ਸਿੰਘ ਬੇਚੈਨ ਦੀ ਸਵੈਜੀਵਨੀ 'ਮਾਈ ਚਾਈਲਡਹੁੱਡ ਆਨ ਮਾਈ ਸ਼ੋਲਡਰਜ਼' ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਵਲੋਂ ਇਨ੍ਹਾਂ ਦਿਨਾਂ ਵਿਚ ਛਪ ਕੇ ਆ ਰਹੀ ਹੈ। ਓਮ ਪ੍ਰਕਾਸ਼ ਵਾਲਮੀਕੀ ਦੀ 'ਜੂਠਨ' ਪਹਿਲਾਂ ਹੀ ਅੰਗਰੇਜ਼ੀ ਵਿਚ ਅਨੁਵਾਦ ਹੋ ਚੁੱਕੀ ਹੈ। ਸੂਰਜਪਾਲ ਚੌਹਾਨ ਦੀ ਸਵੈਜੀਵਨੀ 'ਤ੍ਰਿਸਕ੍ਰਿਤ' ਜਰਮਨ ਵਿਚ ਅਨੁਵਾਦ ਹੋਈ ਹੈ। ਮੋਹਨਦਾਸ ਨੈਮਿਸ਼ਰਾਇ ਦੀ ਸਵੈਜੀਵਨੀ 'ਅਪਨੇ ਅਪਨੇ ਪਿੰਜਰੇ' ਤੇ ਉਸ ਦਾ ਦੂਜਾ ਭਾਗ ਚਰਚਾ ਦੇ ਨਾਲ-ਨਾਲ ਆਲੋਚਨਾ ਵਿਚ ਰਹੀ ਹੈ। ਡਾ. ਧਰਮਵੀਰ ਦੀ ਸਵੈਜੀਵਨੀ 'ਮੇਰੀ ਪਤਨੀ ਔਰ ਭੇੜੀਆ' ਤੇ ਪ੍ਰੋ. ਤੁਲਸੀ ਰਾਮ ਦੀ 'ਮੁਰਦਈਯਾ' ਕਈ ਪੱਖਾਂ ਤੋਂ ਵਿਸ਼ੇਸ਼ ਆਲੋਚਨਾ ਦੇ ਕੇਂਦਰ ਵਿਚ ਹਨ।

ਪੰਜਾਬੀ ਵਿਚ ਆਦਿ ਧਰਮ ਦੇ ਬਾਨੀ ਤੇ ਕਵੀ ਬਾਬੂ ਮੰਗੂ ਰਾਮ ਦੇ ਸਵੈਜੀਵਨੀ ਅੰਸ਼ 'ਮੇਰਾ ਜੀਵਨ ਬਿਰਤਾਂਤ ਤੇ ਮੇਰੀ ਵਿਦੇਸ਼ ਯਾਤਰਾ' ਨਾਂ ਹੇਠ ਅਤੇ ਕਵੀ ਗੁਰਦਾਸ ਰਾਮ ਆਲਮ ਦੇ ਸਵੈਜੀਵਨੀ ਅੰਸ਼ ਕ੍ਰਮਵਾਰ 'ਰਵਿਦਾਸ ਪੱਤ੍ਰਕਾ' ਤੇ 'ਜਨਤਕ ਲਹਿਰ' ਵਿਚ 1971 ਤੇ 1985 ਵਿਚ ਪ੍ਰਕਾਸ਼ਿਤ ਹੋਏ। ਕਹਾਣੀਕਾਰ ਪ੍ਰੇਮ ਗੋਰਖੀ ਦੀ 'ਗ਼ੈਰ-ਹਾਜ਼ਰ ਆਦਮੀ', ਲਾਲ ਸਿੰਘ ਦਿਲ ਦੀ 'ਦਾਸਤਾਨ', ਸਰੂਪ ਸਿਆਲਵੀ ਦੀ 'ਜ਼ਜਾਲਤ', ਮਲੂਕ ਚੰਦ ਕਲੇਰ ਦੀ 'ਕੋਰੇ ਘੜੇ ਦਾ ਪਾਣੀ', ਅਤਰਜੀਤ ਦੀ 'ਅੱਕ ਦਾ ਦੁੱਧ' ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ। ਪਿਛਲੇ ਦਿਨੀਂ ਡਾ. ਮੀਤ ਖਟੜਾ ਦੀ ਸਵੈਜੀਵਨੀ 'ਤਿਣਕਾ ਤਿਣਕਾ ਆਹਲਣਾ' ਸਮਾਜਿਕ-ਆਰਥਿਕ ਗੁਲਾਮੀ ਸਮੇਤ ਅਤਿਆਚਾਰਾਂ ਤੇ ਵਿਤਕਰਿਆਂ ਨੂੰ ਉਭਾਰਦੀ ਹੈ ਜਿਸ ਦੇ ਕੇਂਦਰ ਵਿਚ ਲੇਖਕ ਨਾਲੋਂ ਦਲਿਤ ਸਮਾਜ ਵਧੇਰੇ ਹੈ।

ਇਹ ਦਲਿਤ ਸਵੈਜੀਵਨੀਆਂ ਹੀ ਹਨ ਜਿਨ੍ਹਾਂ ਨੇ ਦਲਿਤ ਸਾਹਿਤ ਦੀ ਪਛਾਣ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਤੇ ਵੱਖਰੇ ਦਲਿਤ ਸਾਹਿਤ ਸ਼ਾਸਤਰ ਲਈ ਮਾਪਦੰਡ ਨਿਰਧਾਰਤ ਕੀਤੇ ਤੇ ਪਹਿਲੀਆਂ ਪਰੰਪਰਕ ਪੂਰਵ ਧਾਰਨਾਵਾਂ ਦੀ ਥਾਂ ਨਵਾਂ ਬਦਲ ਪੇਸ਼ ਕੀਤਾ। ਆਪਣੀਆਂ ਸਮਾਜਿਕ ਸਥਿਤੀਆਂ ਦੇ ਨਾਲ-ਨਾਲ ਜਾਤ, ਜਮਾਤ, ਧਰਮ ਤੇ ਨਸਲ ਦੇ ਮਸਲੇ ਗੰਭੀਰਤਾ ਤੇ ਸੁਹਿਰਦਤਾ ਨਾਲ ਅਤੇ ਇਕ ਆਦਰਸ਼ ਜਾਤ-ਰਹਿਤ ਸਮਾਜ ਦੀ ਸਿਰਜਣਾ ਲਈ ਆਪਣੇ ਮਾਨਦੰਡ ਸਾਹਮਣੇ ਲਿਆਂਦੇ।

ਸਮੁੱਚੀਆਂ ਸਵੈਜੀਵਨੀਆਂ ਦਾ ਵਰਨਣਯੋਗ ਸਾਂਝਾ ਪੱਖ ਇਹ ਹੈ ਕਿ ਇਨ੍ਹਾਂ ਦੇ ਬਿਰਤਾਂਤ ਲਈ ਸਿਰਫ ਲਿਪੀਆਂ ਦਾ ਫ਼ਰਕ ਹੈ ਪਰ ਸਥਿਤੀਆਂ ਦਾ ਨਹੀਂ। ਇਨ੍ਹਾਂ ਸਾਰੀਆਂ ਸਵੈਜੀਵਨੀਆਂ ਵਿਚੋਂ ਇਕੋ ਜੇਹੀ ਰੋਹ-ਵਿਦਰੋਹ ਤੇ ਸਮਜਿਕ ਪਰਿਵਰਤਨ ਦੀ ਸੁਰ ਨਿਕਲਦੀ ਹੈ। ਵਰਤਮਾਨ ਦਲਿਤ ਸਾਹਿਤ ਤੇ ਦਲਿਤ ਸਾਹਿਤਕਾਰਾਂ ਦੀਆਂ ਸਵੈਜੀਵਨੀਆਂ ਦੇ ਅਧਿਐਨ ਮਗਰੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਦਲਿਤ ਸਾਹਿਤ ਦਾ ਭਵਿੱਖ ਬਹੁਤ ਉੱਜਲ ਹੈ ਜਿਵੇਂ ਭਾਰਤ ਵਿਚ ਮੂਲ ਨਿਵਾਸੀ ਵਿਚਾਰਧਾਰਾ ਦਾ। ਜਦੋਂ ਨਸਲ, ਰੰਗ, ਜਾਤ, ਛੂਤਛਾਤ ਤੇ ਭਿੱਟ ਵਰਗੇ ਮਨੁੱਖ-ਦੋਖੀ ਜਾਂ ਇਉਂ ਕਿਹਾ ਜਾਵੇ ਕਿ ਮਨੁੱਖ ਨੂੰ ਮਨੁੱਖ ਮੰਨਣ ਤੋਂ ਇਨਕਾਰੀ ਹੋਣ ਦੀ ਸਮਾਜਿਕ ਵਿਵਸਥਾ ਸਮੁੱਚੇ ਭਾਰਤੀ ਉਪ-ਮਹਾਂਦੀਪ ਵਿਚ ਨਿਰਵਿਘਨ ਪ੍ਰਚਲਿਤ ਹੈ ਤਾਂ ਇਉਂ ਲਗਦਾ ਹੈ ਕਿ ਜਿਵੇਂ ਦਲਿਤ ਸਾਹਿਤਕਾਰ ਹੀ ਆਪਣੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਲਈ ਚੇਤਨਾ ਦਾ ਫੈਲਾਅ ਕਰ ਰਹੇ ਹਨ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਇਸ ਪੁਰਾਤਨ-ਸਨਾਤਨ ਸੰਸਕ੍ਰਿਤੀ ਵਿਰੁੱਧ ਦਲਿਤ ਸਾਹਿਤ ਹੀ ਆਪੋਜ਼ੀਸ਼ਨ ਦੀ ਨਿੱਗਰ ਭੂਮਿਕਾ ਨਿਭਾਅ ਰਿਹਾ ਹੈ। ਭਾਰਤੀ ਉਪ-ਮਹਾਂਦੀਪ ਤੋਂ ਅੱਗੇ ਤੁਲਨਾਤਮਕ ਤੌਰ ਤੇ ਦਲਿਤ ਸਾਹਿਤ ਦਾ ਪਸਾਰਾ ਦੱਖਣੀ ਅਫ਼ਰੀਕਾ ਦੇ ਅਠਵੰਜਾ ਦੇਸ਼ਾਂ ਤਕ ਸਹਿਜ ਹੀ ਰਲਦਾ-ਮਿਲਦਾ ਹੋ ਜਾਂਦਾ ਹੈ ਜਦ ਇਨ੍ਹਾਂ ਅਣਮਨੁੱਖੀ ਵਤੀਰੇ ਭਰੇ ਤੱਥਾਂ ਨੂੰ ਆਧੁਨਿਕ ਬਲੈਕ ਲਿਟਰੇਚਰ ਵਿਚ ਦੇਖਦੇ ਹਾਂ। ਉਦਾਹਰਣ ਵਜੋਂ, 'ਸਪਾਰਟਕਸ' ਨਾਵਲ ਲੂੰ-ਕੰਡੇ ਖੜ੍ਹੇ ਕਰਨ ਵਾਲਾ ਹੈ ਜਿਸਦਾ ਲੇਖਕ ਅਮਰੀਕੀ ਨਾਵਲਕਾਰ ਹਾਵਰਡ ਫਾਸਟ

(1914-1992) ਹੈ, ਨੇ ਗੁਲਾਮੀ ਦੀ ਪ੍ਰਥਾ ਨੂੰ ਖ਼ਤਮ ਕਰਨ ਲਈ ਖੱਬੇ ਪੱਖੀ ਦ੍ਰਿਸ਼ਟੀ ਤੋਂ ਜਿਵੇਂ ਦਾ ਬਿਰਤਾਂਤ ਪੇਸ਼ ਕੀਤਾ ਹੈ, ਉਹ ਬੇਮਿਸਾਲ ਹੈ। ਸੰਘਰਸ਼ ਲਈ ਪ੍ਰੇਰਨਾ ਦਾ ਵੱਡਾ ਸਰੋਤ ਹੈ- ਮਾਨਵੀ ਅਧਿਕਾਰਾਂ ਦੀ ਪ੍ਰਾਪਤੀ ਤਕ। ਜਦੋਂ ਨਗੂਗੀ ਵਾ ਥਿਓਂਗੋ, ਬੇਨ ਓਕਰੀ, ਰਿਚਰਡ ਰਾਇਵ, ਅਲੈਕਸ ਲਾਗੁਮਾ, ਐਲਨ ਪੈਟਨ ਦੀਆਂ ਰਚਨਾਵਾਂ ਪੜ੍ਹਦੇ ਹਾਂ- ਉਨ੍ਹਾਂ ਵਿਚ ਸਵੈਜੀਵਨੀ ਅੰਸ਼ ਤਾਂ ਹਨ ਹੀ, ਪੂਰੇ ਸਮਾਜਿਕ ਤੇ ਆਰਥਿਕ ਤਾਣੇ-ਬਾਣੇ ਉਤੇ ਗੋਰਾਸ਼ਾਹੀ ਦਾ ਨਸਲੀ ਰਵੱਈਆ ਕਾਬਜ਼ ਹੈ ਜਿਸ ਕਾਰਨ ਉਹ ਭਾਰਤ ਦੇ ਮੂਲ ਨਿਵਾਸੀਆਂ ਵਾਂਗ ਆਪਣੇ ਕੁਦਰਤੀ ਸਰੋਤਾਂ, ਪ੍ਰਕਿਰਤੀ ਨਾਲ ਸਹਿਵਾਸ ਦੇ ਨੇਮਾਂ, ਮਾਂ-ਬੋਲੀ ਤੇ ਸਮੁੱਚੇ ਸਭਿਆਚਾਰ ਤੋਂ ਵਿਰਵੇ ਹੋ ਗਏ ਹਨ। ਜੇ ਓਥੋਂ ਦੇ ਨਵੇਂ ਲੇਖਕਾਂ ਵਿਚੋਂ ਸਿਰਫ ਉਦਾਹਰਣ ਦੇ ਤੌਰ ਤੇ ਅਮਰੀਕਾ ਦੇ 44ਵੇਂ ਰਾਸ਼ਟਰਪਤੀ ਬਰਾਕ ਉਬਾਮਾ ਦੀ ਸਵੈਜੀਵਨੀ 'ਡਰੀਮਜ਼ ਫਰੌਮ ਮਾਈ ਫਾਦਰ' ਲਈਏ ਤਾਂ ਉਹ ਸੰਵੇਦਨਸ਼ੀਲ ਆਦਮੀ ਨੂੰ ਝੰਜੋੜਦੀ, ਨਸਲ ਤੇ ਵਿਰਾਸਤ ਨੂੰ ਤੱਥਾਂ ਤੇ ਹੱਕਾਂ ਦੇ ਟਕਰਾਅ ਵਜੋਂ ਦੁਨੀਆ ਸਾਹਮਣੇ ਪੇਸ਼ ਕਰਦੀ ਹੈ। ਮੁੱਕਦੀ ਗੱਲ ਕਿ ਦਲਿਤ ਸਾਹਿਤ ਤੇ ਬਲੈਕ ਲਿਟਰੇਚਰ ਹੀ ਹੁਣ ਵਿਸ਼ਵ ਸਾਹਿਤ ਵਜੋਂ ਵਿਚਾਰਿਆ ਜਾ ਰਿਹਾ ਹੈ। ਇਹ ਹਕੀਕਤ ਵੀ ਗੰਭੀਰ ਤਵੱਜੋ ਦੀ ਮੰਗ ਕਰਦੀ ਹੈ ਕਿ ਗ਼ੈਰ ਦਲਿਤ ਸਾਹਿਤਕਾਰ 'ਧਰਤੀ, ਧਨ ਨਾ ਆਪਣਾ' ਜਗਦੀਸ਼ ਚੰਦਰ ਨੂੰ ਕਿਸੇ ਤਰ੍ਹਾਂ ਵੀ ਦਲਿਤ ਸਾਹਿਤ ਵਿਚੋਂ ਖਾਰਜ ਨਹੀਂ ਕੀਤਾ ਜਾ ਸਕਦਾ ਜਿਵੇਂ ਬਲੈਕ ਲਿਟਰੇਚਰ ਵਿਚੋਂ ਹਾਵਰਡ ਫਾਸਟ ਨੂੰ ਕਿਉਂਕਿ ਇਨ੍ਹਾਂ ਲੇਖਕਾਂ ਅੰਦਰ ਮਾਨਵੀ-ਸੰਵੇਦਨਾ ਸਹਿਤ ਸੰਪੂਰਨ ਸੁਰਿਦਤਾ ਹੈ । ਇਹ ਵੱਖਰੀ ਗੱਲ ਹੈ ਕਿ ਸਿਰਫ 'ਰਾਖ ਜਾਣਦੀ ਹੈ ਸੜ ਜਾਣ ਦਾ ਦਰਦ।' ਕਾਸ਼ ! ਸ਼ਾਡੇ ਗ਼ੈਰ-ਦਲਿਤ ਸਾਹਿਤਕਾਰ ਵੀ ਏਹੋ ਜੇਹੀ ਦ੍ਰਿਸ਼ਟੀ ਅਪਣਾ ਲੈਣ।

**E-mail: bmadhopuri@yahoo.in**

### ਸਹਾਇਕ ਪੁਸਤਕਾਂ


1. Dalit Movement in India and Its Leaders, First Edition 1994 by R. K. Kshirsagar, MD Publication Pvt. Ltd, New Delhi- 110002.
2. Glimpse of Dalit Literature, First Edition: 2014, Edited by Dr. V. Munivenkataappa, Ambedkar Yuvasene (R), Dr. B. R. Ambedkar stadium, Basaveswara Nagar, Main Road, Agrahara Dasarahalli, Bangalore-79.
3. Seeking Begumpura (The Social Vision of Anticaste Intellectuals) by Gail Omvedt, Navayana Publishing, M-100, 1 Floor, Saket, New Delhi-110017.
4. Religious Rebels in the Punjab (The Social Vision of the Untouchables) by Mark Juergensmeyer, Ajanta Publication, Delhi,1988.
5. Changiya Ruk (*Against the Night*) an autobiography by Balbir Madhopuri, Published by Oxford University Press, India, 2010.
6. Hinduism: Dharma ya Kalank? By L. R. Balley, Bheem Patrika Publications, Jalandhar.
7. ਬਲਬੀਰ ਮਾਧੋਪੁਰੀ ਦੀ ਸਵੈਜੀਵਨੀ, 'ਛਾਂਗਿਆ ਰੁੱਖ' ਦਾ ਸਾਹਿਤਕ-ਸਮਾਜਿਕ ਮੁਲੰਕਣ, ਸੰਪਾਦਕ: ਡਾ. ਸੁਤਿੰਦਰ ਸਿੰਘ ਨੂਰ, ਪ੍ਰਕਾਸ਼ਕ: ਲੋਕਗੀਤ ਪ੍ਰਕਾਸ਼ਨ, ਐੱਸ. ਸੀ. ਓ. 26-27, ਸੈਕਟਰ 34 ਏ, ਚੰਡੀਗੜ੍ਹ-160022.

   ਜਨਸੱਤਾ (ਰਵਿਵਾਰ) 18 ਸਤੰਬਰ 2011, ਸਰਸਵਤੀ- ਖੋ ਗਈ ਥੀ ਜੋ ਨਦੀ।


ਕਵਿਤਾ

## ਵਰਿੰਦਰ ਭਾਟੀਆ

ਸਮੁੰਦਰ ਕੰਢੇ ਬਹਿ ਕੇ ਨਹੀਂ ਲਿਖੀ ਜਾਂਦੀ ਕਵਿਤਾ
ਸਮੁੰਦਰ ਬਾਰੇ ਕਵਿਤਾ

ਕਵਿਤਾ ਓਦੋਂ ਲਿਖੀ ਜਾਂਦੀ ਹੈ
ਜਦੋਂ ਸਮੁੰਦਰ ਅੰਦਰ ਸਮੋਅ ਜਾਂਦਾ ਹੈ
ਜਾਂ ਸਮੁੰਦਰ
ਅੰਦਰੋਂ ਬਾਹਰ ਆਉਣ ਲਈ ਤੜਫਦਾ ਹੈ



# ਨਿਵਲ ਦਈ ਦੀ ਲੋਕਗਾਥਾ :
# ਮਿਥ ਤੇ ਇਤਿਹਾਸ ਦੇ ਪੈਟਰਨ

-ਸਤਿੰਦਰ ਔਲਖ

ਨਿਵਲ ਦਈ ਦੀ ਲੋਕਗਾਥਾ ਆਰ. ਸੀ. ਟੈਂਪਲ ਵਲੋਂ ਇਕੱਤਰ ਕੀਤੀਆਂ ਗਾਥਾਵਾਂ 'Legends of the Punjba' (1884) ਦਾ ਹਿੱਸਾ ਹੈ। ਇਹ ਗਾਥਾ ਗਮੰਤਰਾ ਵਲੋਂ ਗਾਈਆਂ ਜਾਣ ਵਾਲੀਆਂ ਦੰਤ ਤੇ ਮਿਥਕ ਕਥਾਵਾਂ ਦੀ ਸ਼੍ਰੇਣੀ ਵਿਚ ਆਉਂਦੀ ਹੈ। ਇਹ ਗਾਥਾ ਰਾਜਾ ਪਰੀਕਸ਼ਿਤ ਤੇ ਜਨਮੇਜੇ ਦੀ ਪੌਰਾਣਿਕ ਕਥਾ ਤੇ ਆਧਾਰਿਤ ਹੈ ਪਰ ਪੌਰਾਣਿਕ ਕਥਾ ਤੋਂ ਬਹੁਤ ਵੱਖਰੀ ਹੈ। ਆਰ.ਸੀ.ਟੈਂਪਲ ਅਨੁਸਾਰ ਇਹ ਗਾਥਾ ਸਨਾਤਨੀ ਗ੍ਰੰਥਾਂ ਵਿਚਲੇ ਬ੍ਰਾਹਮਣੀ ਪ੍ਰਭਾਵ ਤੋਂ ਮੁਕਤ ਹੈ।[1]

ਰਾਜਕੁਮਾਰੀ ਨਿਵਲ ਦਈ ਨਾਗਾਂ ਦੇ ਰਾਜਾ ਬਾਸਕ ਤੇ ਉਸ ਦੀ ਪਤਨੀ ਪਦਮਾ ਦੇਵੀ ਦੀ ਧੀ ਹੈ।[2] ਬਾਸਕ ਨਾਗ (ਵਾਸੁਕੀ) ਦਾ ਨਿਵਾਸ ਸਥਾਨ 'ਧਰਤ ਮੰਡਲ' ਵਿਚ ਹੈ (ਇਹ ਥਾਂ ਧਰਤੀ ਦੇ ਉਤੇ ਹੈ ਜਾਂ ਥੱਲੇ, ਇਹ ਪਤਾ ਨਹੀਂ ਚਲਦਾ)। ਰਾਜਾ ਬਾਸਕ ਦਾ ਵਿਰੋਧ ਹਸਤਿਨਾਪੁਰ ਦੇ ਪਾਂਡੂ ਰਾਜਾ ਪਾਰਗ (ਪਰੀਕਸ਼ਿਤ) ਨਾਲ ਹੈ ਜੋ ਮਹਾਂਭਾਰਤ ਮਹਾਂਕਾਵਿ ਦੇ ਮਹਾਂਨਾਇਕ ਅਰਜੁਨ ਦਾ ਪੋਤਰਾ ਤੇ ਅਭੀਮੰਨਿਉ ਦਾ ਪੁੱਤਰ ਹੈ। ਇਹ ਆਪਣੇ ਪਿਤਾ ਦੀ ਵੀਰ ਨਾਇਕ ਦੀ ਤਰ੍ਹਾਂ ਮੌਤ ਤੋਂ ਬਾਅਦ ਪੈਦਾ ਹੋਇਆ ਤੇ ਇਕ ਮਹਾਨ ਰਾਜਾ ਬਣਿਆ। ਗਾਥਾ ਵਿਚ ਬਾਸਕ ਨਾਗ ਰਾਜਾ ਪਾਰਗ ਦੀ ਸ਼ਿਕਾਰਗਾਹ ਵਿਚ ਜਾ ਕੇ ਮਿਰਗ ਦਾ ਸ਼ਿਕਾਰ ਕਰਕੇ ਤੇ ਉਸ ਨੂੰ ਭੁੰਨ ਕੇ ਖਾਂਦਾ ਹੈ। ਰਾਜਾ ਪਾਰਗ ਨੂੰ ਪਤਾ ਚਲ ਜਾਂਦਾ ਹੈ। ਉਹ ਉਸ ਨੂੰ ਜਾਨੋ ਮਾਰਨ ਦਾ ਯਤਨ ਕਰਦਾ ਹੈ। ਬਾਸਕ ਆਪਣੀ ਜਾਨ ਬਚਾਉਣ ਲਈ ਰਾਜਾ ਦੀ ਇਹ ਸ਼ਰਤ ਮੰਨ ਲੈਂਦਾ ਹੈ ਕਿ ਉਹ ਠਾਕੁਰ ਦੇ ਤਿੰਨ ਵਚਨ ਲਿਖਕੇ ਮੁਆਫੀ ਮੰਗੇ ਤੇ ਨਾਲ ਹੀ ਆਪਣੀ ਧੀ ਨਿਵਲ ਦਈ ਦਾ ਡੋਲਾ ਰਾਜਾ ਨੂੰ ਦੇਵੇ।[3] ਬਾਸਕ ਇਹ ਸ਼ਰਤਾਂ ਮੰਨ ਕੇ ਆਪਣੀ ਜਾਨ ਬਚਾ ਕੇ ਵਾਪਿਸ ਆ ਜਾਂਦਾ ਹੈ ਪਰ ਉਹ ਮਨ ਤੋਂ ਆਪਣੇ ਦੁਸ਼ਮਣ ਨਾਲ ਆਪਣੀ ਧੀ ਦਾ ਰਿਸ਼ਤਾ ਕਰਨਾ ਆਪਣਾ ਅਪਮਾਨ ਸਮਝਦਾ ਹੈ, ਇਸ ਲਈ ਅਪਾਣੇ ਦਿਤੇ ਵਚਨ ਦੀ ਪਾਲਣਾ ਨਹੀਂ ਕਰਨਾ ਚਾਹੁੰਦਾ। ਉਸ ਦੀ ਪਤਨੀ ਤੇ ਭਾਈਚਾਰਾ ਉਸ ਨੂੰ ਵਚਨ ਪੂਰਾ ਕਰਨ ਦੀ ਸਲਾਹ ਦਿੰਦੇ ਹਨ, ਪਰ ਉਸ ਦੀ ਇਹ ਇੱਛਾ ਨਾ ਦੇਖਕੇ ਭਾਈਚਾਰਾ ਨਿਵਲ ਦਈ ਨੂੰ ਭੋਰੇ ਵਿਚ ਪਾਉਣ ਦੀ ਸਲਾਹ ਦਿੰਦਾ ਹੈ।[4] ਨਿਵਲ ਦਈ ਨੂੰ ਭੋਰੇ ਵਿਚ ਪਾ ਕੇ ਉੱਤੇ ਭਾਰੀ ਪੱਥਰ ਦੀ ਸਿਲ ਰੱਖ ਦਿੱਤੀ ਜਾਂਦੀ ਹੈ ਪਰ ਠਾਕੁਰ ਦੇ ਤਿੰਨ ਪਵਿੱਤਰ ਵਚਨਾ ਦੀ ਪਾਲਣਾਂ ਨਾਂ ਕਰਨ ਦੇ ਪਾਪ ਦਾ ਅਹਿਸਾਸ ਉਸ ਨੂੰ ਦੁਖੀ ਕਰਦਾ ਹੈ। ਉਹ ਇਕ ਪੰਡਿਤ ਨੂੰ ਬੁਲਾ ਕੇ ਇਸ ਪਾਪ ਤੋਂ ਬਚਣ ਦਾ ਉਪਾਅ ਕਰਨਾ ਚਾਹੁੰਦਾ ਹੈ। ਪੰਡਿਤ ਉਸ ਨੂੰ ਇਕ ਜੱਗ ਕਰਨ ਤੇ ਉਸ ਵਿਚ ਸਵਾ ਸੇਰ ਸੁਰਾ ਗਊ ਦਾ ਦੁੱਧ ਪਾਉਣ ਲਈ ਕਹਿੰਦਾ ਹੈ। ਜਿਸ ਪੰਡਿਤ ਦੇ ਘਰ ਅਜਿਹੀ ਗਊ ਹੈ ਉਸ ਕੋਲ ਬਾਸੁਕ ਦਾ ਆਦਮੀ ਦੁੱਧ ਲੈਣ ਜਾਂਦਾ ਹੈ ਪਰ ਉਹ ਪੰਡਿਤ ਦੁੱਧ ਦੇਣ ਤੋਂ ਇਨਕਾਰ ਕਰ ਦਿੰਦਾ ਹੈ ਕਿਉਂਕਿ ਉਸ ਦੀਆਂ ਪੰਜ ਬੇਟੀਆਂ ਉਹਨਾਂ ਗਾਵਾਂ ਦੇ ਦੁੱਧ ਦੇ ਸਹਾਰੇ ਹੀ ਪਲ ਰਹੀਆਂ ਸਨ। ਉਹਨਾਂ ਦੀ ਖੁਰਾਕ ਸਿਰਫ ਇਹ ਦੁੱਧ ਹੀ ਸੀ। ਇਨਕਾਰ ਸੁਣਕੇ ਬਾਸਕ ਨਾਗ ਨੂੰ ਅਜਿਹਾ ਗੁੱਸਾ ਚੜ੍ਹਦਾ ਹੈ ਕਿ ਉਹ ਸੱਪ ਦਾ ਰੂਪ ਧਾਰ ਕੇ ਉਸ ਗਾਂ ਨੂੰ ਜਾ ਕੇ ਡੱਸ ਲੈਂਦਾ ਹੈ। ਗਾਂ ਦਾ ਪੈਰ ਸੱਪ ਦੇ ਸਿਰ ਤੇ ਪੈਂਦਾ ਹੈ ਜੋ ਚੌੜਾ ਹੋ ਜਾਂਦਾ ਹੈ ਤੇ ਪੰਡਿਤ ਦੀਆਂ ਬੇਟੀਆਂ ਦੇ ਸ਼ਰਾਪ ਦੇਣ ਨਾਲ ਉਸ ਨੂੰ ਕੋਹੜ ਦਾ ਰੋਗ ਹੋ ਜਾਂਦਾ ਹੈ।[5] ਨਿਵਲ ਦਈ ਦੀ ਅਗਲੀ ਕਥਾ ਇਸ ਤੋਂ ਬਾਅਦ ਆਰੰਭ ਹੁੰਦੀ ਹੈ।

ਨਾਗ ਕਬੀਲੇ ਸਾਰੀ ਧਰਤੀ ਨੂੰ ਆਪਣੇ ਰਹਿਣ ਦੀ ਥਾਂ ਮੰਨਦੇ ਹਨ ਅਰਥਾਤ ਉਹ ਧਰਤੀ ਉਤੇ ਸਾਰੇ ਜੀਵਾਂ ਦੀ ਸਾਂਝੀ ਮਲਕੀਅਤ ਵਿਚ ਵਿਸ਼ਵਾਸ ਕਰਦੇ ਹਨ। ਇਸ ਲਈ ਸ਼ਾਇਦ ਉਹ ਰਾਜਾ ਪਾਰਗ ਦਾ ਧਰਤੀ ਤੇ ਅਧਿਕਾਰ ਮੰਨਣ ਨੂੰ ਤਿਆਰ ਨਹੀਂ। ਚੋਰੀ ਛੁੱਪੇ ਉਸ ਦੇ ਰਾਜ ਵਿਚ ਜਾ ਕੇ ਸ਼ਿਕਾਰ ਕਰਨਾ ਉਹਨਾਂ ਦੀ ਬਗਾਵਤ ਦਾ ਹੀ ਇਕ ਰੂਪ ਹੈ ਕਿਉਂਕਿ ਉਹ ਇਹਨੇ ਤੱਕੜੇ ਨਹੀਂ ਕਿ ਉਹ

ਸ਼ਕਤੀਸ਼ਾਲੀ ਖੱਤਰੀ ਰਾਜਾ ਪਾਰਗ ਦਾ ਸਿੱਧੇ ਯੁੱਧ ਵਿਚ ਮੁਕਾਬਲਾ ਕਰ ਸਕਣ। ਇਹ ਵਿਰੋਧ ਦੋ ਤਰ੍ਹਾਂ ਦੀ ਸੋਚ ਦਾ ਨਤੀਜਾ ਹੈ। ਧਰਤੀ ਤੇ ਹੋਰ ਕੁਦਰਤੀ ਵਸੀਲਿਆਂ ਉਤੇ ਸਾਂਝੀ ਮਲਕੀਅਤ ਦਾ ਸੰਕਲਪ ਨਿੱਜੀ ਜਾਇਦਾਦ ਦੇ ਸੰਕਲਪ ਆਉਣ ਤੋਂ ਪਹਿਲਾਂ ਦਾ ਹੈ। ਬਾਸਕ ਨਾਗ ਸਾਂਝੀ ਮਲਕੀਅਤ ਦੇ ਸੰਕਲਪ ਵਾਲੇ ਆਦਿ ਸਮੇਂ ਦੇ ਕਬੀਲਾਈ ਸਭਿਆਚਾਰ ਦਾ ਨੁਮਾਇੰਦਾ ਹੈ ਜੋ ਰਾਜਾ ਪਾਰਗ ਦਾ ਕਿਸੇ ਧਰਤੀ ਤੇ ਅਧਿਕਾਰ ਮੰਨਣ ਨੂੰ ਤਿਆਰ ਨਹੀਂ। ਪਰ ਆਪਣੀ ਕਮਜ਼ੋਰ ਸਥਿਤੀ ਕਰਕੇ ਉਹ ਆਪਣੀ ਗੱਲ ਰਾਜਾ ਪਾਰਗ ਤੋਂ ਮਨਵਾ ਨਹੀਂ ਸਕਦਾ। ਰਾਜਾ ਪਾਰਗ ਨਿੱਜੀ ਜਾਇਦਾਦ ਵਾਲੇ ਸਮਾਜ ਦਾ ਨੁਮਾਇੰਦਾ ਹੈ ਤੇ ਆਪਣੇ ਇਸ ਅਧਿਕਾਰ ਦੀ ਰੱਖਿਆ ਵੀ ਕਰ ਸਕਦਾ ਹੈ। ਰਾਜਾ ਪਾਰਗ ਵਲੋਂ ਬਾਸਕ ਤੋਂ ਉਸ ਦੀ ਧੀ ਦਾ ਡੋਲਾ ਮੰਗਣਾ ਉਸ ਦੀ ਕਮਜ਼ੋਰ ਸਥਿਤੀ ਵੱਲ ਇਸ਼ਾਰਾ ਕਰਦਾ ਹੈ, ਇਹ ਬਾਸਕ ਨੂੰ ਝੁਕਾਉਣ ਵਾਲਾ ਕਾਰਜ ਹੈ। ਇਸ ਦੁਸ਼ਮਣੀ ਵਿਚ ਬਾਸਕ ਦੀ ਧੀ ਨਿਵਲ ਦਈ ਦੀ ਜ਼ਿੰਦਗੀ ਦਾਉ ਤੇ ਲੱਗ ਜਾਂਦੀ ਹੈ।

ਬਾਸਕ ਨਾਗ ਵਲੋਂ ਪਵਿੱਤਰ ਵਾਅਦਾ ਤੋੜਨਾ ਇਕ ਟੈਬੂ ਦੇ ਤੋੜਨ ਦੀ ਤਰ੍ਹਾਂ ਹੈ ਸ਼ਾਇਦ ਇਕ ਟੈਬੂ ਦਾ ਤੋੜਨਾ ਸਾਰੀਆਂ ਬ੍ਰਹਿਮੰਡੀ ਨੂੰ ਨਾਰਾਜ਼ ਕਰਨ ਵਾਲਾ ਕਾਰਜ ਹੈ ਜੋ ਇਸ ਪਾਪ ਲਈ ਉਸ ਤੇ ਕਹਿਰ ਢਾਅ ਸਕਦੀਆਂ ਹਨ। ਇਸ ਸਾਰੀ ਸੋਚ ਦਾ ਸੰਬੰਧ ਜਾਦੂ ਚਿੰਤਨ ਨਾਲ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਟੈਬੂ ਤੋੜਨ ਦਾ ਉਪਾਅ ਕਰਨ ਨਾਲ ਇਹਨਾਂ ਸ਼ਕਤੀਆਂ ਤੇ ਕਾਬੂ ਪਾਇਆ ਜਾ ਸਕਦਾ ਹੈ ਪਰ ਉਪਾਅ ਕਰਦੇ ਹੋਏ ਕਿਸੇ ਨਿਯਮ ਦੇ ਟੁੱਟਣ ਨਾਲ ਬਹੁਤ ਵੱਡਾ ਨੁਕਸਾਨ ਵੀ ਹੋ ਸਕਦਾ ਹੈ। ਬਾਸਕ ਨਾਗ ਦਾ ਇਹ ਡਰ ਉਸ ਦੇ ਸਰੀਰ ਤੇ ਹੋਏ ਕੋਹੜ ਕਰਕੇ ਪੱਕਾ ਹੋ ਜਾਂਦਾ ਹੈ। ਨਿਵਲ ਦਈ ਉਸ ਵਕਤ ਭੋਰੇ ਵਿਚ ਹੈ ਪਰ ਉਸ ਨੂੰ ਬਾਹਰ ਤੋਂ ਦੁੱਖ ਤੇ ਡਰ ਭਰਪੂਰ ਅਵਾਜ਼ਾਂ ਸੁਣਾਈ ਦਿੰਦੀਆਂ ਹਨ ਜਿਸ ਕਰਕੇ ਉਹ ਭੋਰੇ ਵਿਚੋਂ ਬਾਹਰ ਆ ਜਾਂਦੀ ਹੈ। ਉਸ ਦੇ ਲਈ ਉਹਨੂੰ ਸਵਾ ਮਣ ਭਾਰ ਵਾਲੀ ਪੱਥਰ ਦੀ ਸਿਲ ਹਟਾਉਣੀ ਪੈਂਦੀ ਹੈ ਜੋ ਉਹ ਆਪਣੀ ਪਵਿੱਤਰਤਾ ਦੀ ਤਾਕਤ ਕਰਕੇ ਚੀਚੀ ਉਂਗਲੀ ਦੀ ਛੂਅ ਨਾਲ ਹਟਾਉਣ ਵਿਚ ਸਫਲ ਹੁੰਦੀ ਹੈ।[6] ਕੰਨਿਆ ਵਰਗੀ ਪਵਿੱਤਰਤਾ ਵਿਚ ਸ਼ਕਤੀ ਹੋਣਾ, ਕਿਸੇ ਮਾੜੀ ਘਟਨਾ ਨੂੰ ਰੋਕਣ ਲਈ ਭੋਰੇ ਵਿਚ ਪਾਉਣਾ, 12 ਸਾਲ ਦਾ ਮੋਟਿਫ ਆਦਿ ਵੀ ਸਭ ਉਸੇ ਚਿੰਤਨ ਦਾ ਹਿੱਸਾ ਹੈ ਜੋ ਇਸ ਗਾਥਾ ਵਿਚ ਉਨੀਵੀਂ ਸਦੀ ਦੀ ਲੋਕਧਾਰਾ ਦੇ ਪੈਟਰਨਾਂ ਦੀ ਲੜੀ ਅਨੁਸਾਰ ਬਿਰਤਾਂਤ ਦਾ ਹਿਸਾ ਬਣਿਆ ਹੈ।

ਲੋਕਧਾਰਾਈ ਬਿਰਤਾਂਤਾਂ ਵਿਚ ਨਾਗ ਚਾਹੇ ਮਨੁੱਖੀ ਰੂਪ ਵਿਚ ਵਿਚਰਦੇ ਹਨ ਪਰ ਇਹ ਆਪਣੀ ਇੱਛਾ ਅਨੁਸਾਰ ਸੱਪ ਦਾ ਜਾਂ ਕੋਈ ਹੋਰ ਰੂਪ ਅਖ਼ਤਿਆਰ ਕਰ ਸਕਦੇ ਹਨ। ਬਾਸਕ ਨਾਗ ਗਊ ਨੂੰ ਡੱਸਣ ਵਕਤ ਸੱਪ ਦਾ ਰੂਪ ਬਣਾ ਕੇ ਜਾਂਦਾ ਹੈ। ਨਿਵਲ ਦਈ ਵੀ ਰਾਜਾ ਪਰੀਕਸ਼ਿਤ (ਪਾਰਗ) ਦੇ ਹੱਥ ਨਾ ਆਉਣ ਲਈ ਸੱਪਣੀ ਦਾ ਰੂਪ ਬਣਾ ਲੈਂਦੀ ਹੈ। ਤਤੀਗ ਨਾਗ ਰਾਜਾ ਪਾਰਗ ਨੂੰ ਮਾਰਨ ਵਕਤ ਇਕ ਵਾਰ ਮੱਛਲੀ ਦਾ, ਫਿਰ ਇਕ ਬ੍ਰਾਹਮਣ ਦਾ ਤੇ ਕਈ ਹੋਰ ਰੂਪ ਅਖ਼ਤਿਆਰ ਕਰਦਾ ਹੈ। ਨਾਗ ਪਾਰਗ ਨੂੰ ਮਾਰਨ ਈ ਸੱਪ ਦੇ ਰੂਪ ਵਿਚ ਆਉਂਦੇ ਹਨ ਤੇ ਜਨਮੇਜੀ ਦੇ ਹੱਥੋਂ ਵੀ ਸੱਪ ਦੇ ਰੂਪ ਵਿਚ ਹੀ ਮਾਰੇ ਜਾਂਦੇ ਹਨ। ਲੋਕਧਾਰਾਈ ਬਿਰਤਾਂਤਾਂ ਵਿਚ ਸੱਪ ਬਹੁਤ ਸਾਰੇ ਰੂਪਾਂ ਵਿਚ ਆਉਂਦੇ ਹਨ ਤੇ ਗੁੰਝਲਦਾਰ ਪ੍ਰਤੀਕ ਪ੍ਰਬੰਧ ਦਾ ਹਿੱਸਾ ਬਣਦੇ ਹਨ। ਉਹ ਕਦੇ ਬੁਰਾਈ ਦਾ ਪ੍ਰਤੀਕ ਹਨ ਤੇ ਕਦੇ ਮਿਥਕ ਸ਼ਕਤੀਆਂ ਨਾਲ ਭਰਪੂਰ ਨੇਕੀ ਤੇ ਅਨੰਤ ਸਮੇਂ ਦੇ ਪ੍ਰਤੀਕ ਹੁੰਦੇ ਹਨ ਜਿਵੇਂ ਵਿਸ਼ਣੂ ਦੀ ਸੇਜ ਬਣਨ ਵਾਲਾ ਸ਼ੇਸ਼ਨਾਗ ਤੇ ਸ਼ਿਵ ਦੇ ਗਲੇ ਦਾ ਹਾਰ ਬਣਨ ਵਾਲਾ ਨਾਗ ਜੋ ਕਈ ਕੁੰਡਲਾ ਵਿਚ ਉਥੇ ਬਿਰਾਜਮਾਨ ਹੈ। ਤਕਸ਼ਕ, ਵਾਸੁਕੀ, ਸ਼ੇਸ਼ਨਾਗ ਆਦਿ ਸਭ ਮਿਥਕ ਨਾਗ ਅਮਰ ਹਨ। ਇਸ ਲਈ ਨਾਗਾਂ ਬਾਰੇ ਬਿਰਤਾਂਤਾਂ ਵਿਚ ਇਹ ਅਤੀ ਸ਼ਕਤੀਸ਼ਾਲੀ ਰੂਪ ਵਿਚ ਪ੍ਰਗਟ ਹੁੰਦੇ ਹਨ- ਚਾਹੇ ਉਹ ਇਸ ਰੂਪ ਵਿਚ ਵਿਸ਼ ਉਗਲਣ ਜਾਂ ਪਰਮਾਤਮਾ ਦੀ ਸ਼ਕਤੀ ਦਾ ਹਿੱਸਾ ਬਣਕੇ ਪ੍ਰਗਟ ਹੋਣ।

ਮੱਧਕਾਲੀਨ ਕਿੱਸਾ ਸਾਹਿਤ ਵਿਚ ਔਰਤ ਦੀ ਅਸਤਿੱਤਵੀ ਸਥਿਤੀ ਵਿਆਹੇ ਜਾਣ ਤੋਂ ਪਹਿਲਾਂ ਆਪਣੇ ਮਾਂ-ਬਾਪ, ਭਰਾ ਭੈਣ ਅਰਥਾਤ ਆਪਣੇ ਪੇਕੇ ਪਰਿਵਾਰ ਨਾਲ ਜੁੜੀ ਹੁੰਦੀ ਹੈ, ਵਿਆਹ ਤੋਂ ਬਾਅਦ ਪਤੀ, ਉਸ ਦੇ ਪਰਿਵਾਰ ਤੇ ਆਪਣੇ ਬੱਚਿਆਂ ਨਾਲ ਸੰਬੰਧਤ ਹੋ ਜਾਂਦੀ ਹੈ। ਗਾਥਾ ਦੇ ਆਰੰਭ ਵਿਚ ਨਿਵਲ ਦਈ ਇਕ ਨਾਗ-ਪੁੱਤਰੀ ਹੈ, ਨਾਗਾਂ ਦੇ ਰਾਜਾ ਬਾਸਕ ਦੀ ਬੇਟੀ। ਪਿਤਾ ਦੇ ਕਬੀਲੇ ਦੀ ਇੱਛਾ ਅਨੁਸਾਰ ਉਹ ਭੋਰੇ ਵਿਚ ਬੰਦ ਹੁੰਦੀ ਹੈ ਪਰ ਪਿਉ ਉੱਤੇ ਵਿਪਦਾ ਪੈਣ ਤੇ ਉਹ ਬਾਹਰ ਆ ਕੇ ਉਸ ਦੀ ਬੀਮਾਰੀ ਦੂਰ ਕਰਨ ਲਈ ਖਤਰੇ ਦੇ ਬਾਵਜੂਦ ਪਾਂਡੂ ਰਾਜੇ ਪਾਰਗ ਦੇ ਖੇਤਰ ਵਿਚ ਪੈਂਦੇ ਸਵਰਨ ਖੂਹ ਤੋਂ ਪਾਣੀ ਲੈ ਕੇ ਆਉਣ ਲਈ, ਤਿਆਰ ਹੋ ਜਾਂਦੀ ਹੈ। ਉਸ ਪਾਣੀ ਨੂੰ ਕੋਈ ਕੰਨਿਆ ਹੀ ਲੈ ਕੇ ਆ ਸਕਦੀ ਹੈ[7] ਪਰ ਰਾਜਾ ਪਾਰਗ ਦੇ ਡਰ ਕਾਰਣ ਕਬੀਲੇ ਵਿਚੋਂ ਕੋਈ ਪਾਣੀ ਲੈ ਕੇ ਆਉਣ ਨੂੰ ਤਿਆਰ ਨਹੀਂ ਹੁੰਦਾ। ਪਿਤਾ ਦੇ ਪਿਆਰ ਵਿਚੋਂ ਰਾਜਕੁਮਾਰੀ ਆਪਣੀ ਸੁਰੱਖਿਆ ਦਾ ਖ਼ਿਆਲ ਮਨ ਵਿਚੋਂ ਕੱਢ ਦਿੰਦੀ ਹੈ। ਰਸਤੇ ਵਿਚ ਉਸ ਨੂੰ ਕਈ ਮੁਸ਼ਕਿਲਾਂ ਆਉਂਦੀਆਂ ਹਨ। ਇੰਦਰ, ਸੂਰਜ, ਚੰਦਰਮਾ ਆਦਿ ਦੇਵਤੇ ਤੇ ਹੀਰਾ ਹਿਰਨ ਸਭ ਉਸ ਦਾ ਰਾਹ ਰੋਕਦੇ ਹਨ ਪਰ ਉਹ ਹਰ ਮੁਸ਼ਕਿਲ ਨੂੰ ਪਾਰ ਕਰਕੇ ਸਵਰਨ ਖੂਹ ਤੋਂ ਪਾਣੀ ਲੈਣ ਲਈ ਪਹੁੰਚਦੀ ਹੈ। ਰਾਜਾ ਪਾਰਗ ਤੋਂ ਬੱਚਣ ਲਈ ਉਹ ਸੱਪਣੀ ਦਾ ਰੂਪ ਧਾਰ ਲੈਂਦੀ ਹੈ ਪਰ ਆਖ਼ਿਰ ਉਸ ਨੂੰ ਰਾਜਾ ਪਾਰਗ ਦੇ ਸਾਹਮਣੇ ਆਉਣਾ ਪੈਂਦਾ ਹੈ। ਉਸ ਦੇ ਲਈ ਪਾਣੀ ਲੈ ਕੇ ਜਾਣਾ ਜ਼ਰੂਰੀ ਹੈ। ਸਵਰਨ ਖੂਹ ਦਾ ਪਾਣੀ ਉਸ ਨੂੰ ਇਸੇ ਸ਼ਰਤ ਤੇ ਮਿਲਦਾ ਹੈ ਕਿ ਉਹ ਰਾਜਾ ਪਾਰਗ ਨਾਲ ਵਿਆਹ ਕਰੇਗੀ। ਨਿਵਲ ਦਈ ਆਪਣਾ ਵਾਅਦਾ ਪੂਰਾ ਕਰਦੀ ਹੈ। ਉਹ ਆਪਣੇ ਪਿਤਾ ਦਾ ਉਸ ਪਾਣੀ ਨਾਲ ਕੋਹੜ ਦੂਰ ਕਰ ਦਿੰਦੀ ਹੈ ਪਰ ਉਸ ਦੇ ਇਕ ਪੈਰ ਦੇ ਅੰਗੂਠੇ ਤੇ ਪਾਣੀ ਨਾ ਪਾ ਕੇ ਉਥੇ ਬੀਮਾਰੀ ਰਹਿਣ ਦਿੰਦੀ ਹੈ ਤਾਕਿ ਹੋਰ ਪਾਣੀ ਲੈ ਕੇ ਆਉਣ ਦੇ ਲਈ ਉਹ ਦੁਬਾਰਾ ਪਾਂਡੂ ਰਾਜ ਜਾ ਸਕੇ। ਇਸ ਤਰ੍ਹਾਂ ਸਵਰਨ ਖੂਹ ਤੇ ਜਾ ਕੇ ਉਹ ਆਪਣਾ ਵਾਅਦਾ ਪੂਰਾ ਕਰਦੀ ਹੈ ਤੇ ਰਾਜਾ ਪਾਰਗ ਨਾਲ ਵਿਆਹ ਕਰਵਾ ਕੇ ਉਸ ਦੇ ਮਹਿਲ ਵਿਚ ਆ ਜਾਂਦੀ ਹੈ।[8] ਇਸ ਵਿਆਹ ਨਾਲ ਨਾਗਾਂ ਤੇ ਰਾਜਾ ਪਾਰਗ ਦੀ ਦੁਸ਼ਮਣੀ ਹੋਰ ਪੱਕੀ ਹੋ ਜਾਂਦੀ ਹੈ। ਨਾਗ ਸ਼ਕਤੀਸ਼ਾਲੀ ਰਾਜਾ ਪਾਰਗ ਦਾ ਮੁਕਾਬਲਾ ਕਰਨ ਦੀ ਸਥਿਤੀ ਵਿਚ ਨਾ ਹੋਣ ਕਰਕੇ ਚੋਰੀ ਛਿੱਪੇ ਰਾਜੇ ਨੂੰ ਡੱਸ ਕੇ ਮਾਰ ਦੇਣ ਦਾ ਰਾਹ ਅਪਣਾਉਂਦੇ ਹਨ।

ਨਿਵਲ ਦਈ ਆਪਣੀ ਸਮਾਜਕ ਸਥਿਤੀ ਅਨੁਸਾਰ ਪਹਿਲਾਂ ਚੰਗੀ ਬੇਟੀ ਤੇ ਫਿਰ ਚੰਗੀ ਪਤਨੀ ਹੋਣ ਦੀ ਮਰਿਆਦਾ ਨਿਭਾਉਂਦੀ ਹੈ ਪਰ ਨਾਗਾਂ ਤੇ ਰਾਜਾ ਪਾਰਗ ਦੀ ਦੁਸ਼ਮਣੀ, ਤਾਕਤ ਤੇ ਵਿਰੋਧ ਦੀ ਜੰਗ ਵਿਚ ਔਰਤ ਹੋਣ ਕਰਕੇ ਉਸ ਦੀ ਸਥਿਤੀ ਹਮੇਸ਼ਾਂ ਕਮਜ਼ੋਰ ਪੈ

ਮੇਰੇ ਨਾਟਕ 'ਅਗਨੀ ਕੁੰਡ' ਲੋਕ-ਗਾਥਾ ਵਿਚ ਪੇਸ਼ ਕੀਤੇ ਗਏ ਕਿਰਦਾਰ ਨਿਵਲ ਦੇਈ ਦੀ ਕਹਾਣੀ ਦੀ ਤੰਦ ਲੈ ਕੇ ਸ਼ੁਰੂ ਹੁੰਦਾ ਹੈ (ਨਾਟਕ ਵਿਚ ਮੈਂ ਉਸ ਦਾ ਨਾਂ ਨਿਮਲ ਰੱਖਿਆ ਹੈ)। ਇਹ ਨਿਵਲ ਦੇਈ ਕੌਣ ਹੈ ? ਇਸ ਦਾ ਮਹਾਭਾਰਤ ਜਾਂ ਪੁਰਾਣਾਂ ਵਿਚ ਜ਼ਿਕਰ ਕਿਉਂ ਨਹੀਂ ਹੈ ? ਇਸ ਪ੍ਰਸ਼ਨ ਦਾ ਉੱਤਰ ਰਿਚਰਡ ਟੈਂਪਲ ਦੁਆਰਾ ਰਿਕਾਰਡ ਕੀਤੀ ਗਈ ਗਾਥਾ ਵਿਚ ਸਪੱਸ਼ਟ ਹੈ। ਉਹ ਲਿਖਦਾ ਹੈ, "ਇਸ ਵਿਚ ਬਹੁਤ ਕੁਝ ਅਜਿਹਾ ਹੈ ਜਿਹੜਾ ਮਹਾਭਾਰਤ ਅਤੇ ਭਗਵਤ ਗੀਤਾ ਵਿਚ ਨਹੀਂ ਮਿਲਦਾ ਅਤੇ ਬਹੁਤ ਕੁਝ ਅਜਿਹਾ ਵੀ ਹੈ, ਜਿਹੜਾ ਪ੍ਰਤੱਖ ਰੂਪ ਵਿਚ ਸਨਾਤਨੀ ਕਹਾਣੀ ਦੀਆਂ ਨੀਹਾਂ 'ਤੇ ਆਧਾਰਿਤ ਹੈ।...ਸ਼ੈਲੀ ਬਹੁਤ ਬੇਢੱਬੀ ਹੈ ਪਰ ਕਹਾਣੀ ਦੀ ਮਹਾਨਤਾ ਇਸ ਤੱਥ ਕਰਕੇ ਬਣ ਜਾਂਦੀ ਹੈ ਕਿ ਜਿਹੜੀ ਸ਼੍ਰੇਣੀ ਇਸ ਨੂੰ ਗਾਉਂਦੀ ਤੇ ਸਾਂਭਦੀ ਆਈ ਹੈ, ਉਸ ਦੇ ਸਮਾਜਕ ਤੌਰ 'ਤੇ ਵੱਖਰੇ ਰਹਿਣ ਨੇ ਕਹਾਣੀ ਨੂੰ ਵਿਸ਼ੇਸ਼ ਤੌਰ 'ਤੇ ਉਸ ਬ੍ਰਾਹਮਣੀ ਅਸਰ ਤੋਂ ਮੁਕਤ ਰੱਖਿਆ ਹੈ, ਜਿਸ ਨਾਲ ਪੁਰਾਤਨ ਸੰਸਕ੍ਰਿਤ ਸਨਾਤਨੀ ਰਚਨਾਵਾਂ ਭਰਪੂਰ ਹਨ।" ਧਿਆਨ ਨਾਲ ਵੇਖਣ ਵਾਲੀ ਗੱਲ ਹੈ ਆਰ.ਸੀ. ਟੈਂਪਲ ਵੀ ਇਹ ਗੱਲ ਵੇਖ ਤੇ ਸਮਝ ਰਿਹਾ ਕਿ ਪੰਜਾਬ ਦੀਆਂ ਪੁਰਾਤਨ ਕਹਾਣੀਆਂ 'ਤੇ ਬ੍ਰਾਹਮਣੀ ਮੁਲੰਮੇ ਚੜ੍ਹੇ ਹੋਏ ਹਨ।

-*ਸਵਰਾਜਬੀਰ* (ਕਥਾ ਕਥਾ ਵਿਚ ਫੇਰ—ਨਾਟਕ **ਅਗਨੀ ਕੁੰਡ** ਦਾ ਮੁੱਖ ਬੰਧ 'ਚੋਂ)

ਜਾਂਦੀ ਹੈ। ਹਰ ਲੜਾਈ ਦੇ ਕੇਂਦਰ ਵਿਚ ਉਸ ਦਾ ਵਜੂਦ ਸ਼ਾਮਿਲ ਹੈ ਕਿਉਂਕਿ ਦੋ ਵਿਰੋਧੀ ਸ਼ਕਤੀਆਂ ਦੇ ਵਿਚਕਾਰ ਲੜਾਈ ਦਾ ਕਾਰਣ ਜ਼ਮੀਨ, ਧੰਨ ਦੌਲਤ ਤੇ ਔਰਤ ਹੀ ਹੁੰਦਾ ਹੈ। ਰਾਜਾ ਪਾਰਗ ਤੇ ਬਾਸਕ ਨਾਗ ਦੀ ਆਪਸੀ ਲੜਾਈ ਵਿਚ ਉਸ ਦਾ ਡੋਲਾ ਮੰਗਿਆ ਜਾਂਦਾ ਹੈ, ਫਿਰ ਬਾਸਕ ਨਾਗ ਦੇ ਬਦਲੇ ਦੀ ਭਾਵਨਾ ਕਰਕੇ ਉਸ ਦੇ ਪਤੀ ਦੀ ਮੌਤ ਹੁੰਦੀ ਹੈ, ਉਸ ਦਾ ਬੇਟਾ ਜਨਮੇਜੀ ਆਪਣੇ ਪਿਤਾ ਰਾਜਾ ਪਾਰਗ ਦੀ ਮੌਤ ਦਾ ਬਦਲਾ ਲੈਣ ਲਈ ਉਸ ਦੇ ਕਬੀਲੇ ਦੇ ਲੋਕਾਂ ਤੇ ਰਿਸ਼ਤੇਦਾਰਾਂ ਨੂੰ ਜਾਨੋ ਮਾਰਦਾ ਹੈ। ਇਹਨਾਂ ਸਾਰੀਆਂ ਲੜਾਈਆਂ ਤੇ ਦੁਸ਼ਮਣੀਆਂ ਵਿਚ ਉਸ ਦਾ ਵਜੂਦ ਚਾਹੇ ਜਖ਼ਮੀ ਹੋਇਆ ਹੋਵੇਗਾ ਪਰ ਉਸ ਦੇ ਪਤੀ, ਪਿਤਾ, ਪੁੱਤਰ ਨੇ ਕਦੇ ਫੈਸਲਾ ਕਰਦੇ ਵਕਤ ਉਸ ਦੇ ਬਾਰੇ ਨਹੀਂ ਸੋਚਿਆ। ਉਸਦੀ ਜ਼ਿੰਦਗੀ ਇਕ ਤੋਂ ਬਾਅਦ ਦੂਜੇ ਇਮਤਿਹਾਨ ਵਿਚ ਪੈਂਦੀ ਰਹੀ। ਉਹ ਪਹਿਲਾਂ ਪਿਤਾ, ਫਿਰ ਪਤੀ ਤੇ ਉਸ ਤੋਂ ਬਾਅਦ ਆਪਣੇ ਪੁੱਤਰ ਤੇ ਆਪਣੇ ਰਿਸ਼ਤੇਦਾਰਾਂ ਖ਼ਾਸ ਤੌਰ ਤੇ ਪਿਤਾ ਤੇ ਭਰਾਵਾਂ ਦੀ ਜਾਨ ਨੂੰ ਬਚਾਉਣਾ ਚਾਹੁੰਦੀ ਹੈ। ਇਹ ਗਾਥਾ ਇਕ ਪਾਸੇ ਨਾਗ ਕਬੀਲੇ ਤੇ ਖੱਤਰੀ ਰਾਜਾ ਪਾਰਗ ਵਿਚਕਾਰ ਮਾਣ ਸਨਮਾਣ, ਪ੍ਰਭੂਸੱਤਾ ਤੇ ਦੁਸ਼ਮਣੀ ਕਰਕੇ ਚੱਲਣ ਵਾਲੀ ਲੜਾਈ ਦੀ ਕਹਾਣੀ ਹੈ ਜੋ ਪਾਰਗ ਦੀ ਮੌਤ ਤੋਂ ਪਿਛੋਂ ਉਸ ਦੇ ਪੁੱਤਰ ਜਨਮੇਜੀ ਵਲੋਂ ਜਾਰੀ ਰੱਖੀ ਜਾਂਦੀ ਹੈ। ਦੂਜੇ ਪਾਸੇ ਇਹ ਨਾਗ ਪੁੱਤਰੀ ਨਿਵਲ ਦਈ ਦੀ ਕਹਾਣੀ ਹੈ ਜਿਸ ਦੇ ਹਵਾਲੇ ਨਾਲ ਇਹ ਲੜਾਈ ਲੜੀ ਜਾਂਦੀ ਹੈ ਪਰ ਉਹ ਆਪਣੇ ਨਾਲ ਸੰਬੰਧਿਤ ਹਰ ਰਿਸ਼ਤੇ ਦੀ ਰੱਖਿਆ ਕਰਨ ਦਾ ਜਤਨ ਕਰਦੀ ਹੈ। ਇਸ ਵਿਚ ਕੁੱਝ ਹੱਦ ਤਕ ਉਹ ਸਫ਼ਲ ਵੀ ਹੁੰਦੀ ਹੈ, ਪਰ ਆਪਣੇ ਪਤੀ ਦੀ ਜਾਨ ਦੀ ਰੱਖਿਆ ਕਰਨ ਵਿਚ ਉਹ ਕਾਮਯਾਬ ਨਹੀਂ ਹੁੰਦੀ।

ਰਾਜਾ ਪਾਰਗ ਨੂੰ ਮਾਰਨ ਲਈ ਆਉਣ ਵਾਲੇ ਨਾਗਾਂ ਦੀ ਲੰਮੀ ਸੂਚੀ ਹੈ ਜਿਹਨਾਂ ਦੇ ਆਉਣ ਤੇ ਦਾਅ ਲਾ ਕੇ ਰਾਜੇ ਨੂੰ ਕੱਟਣ ਦੀ ਕਥਾਵਾਂ ਨਾਲ ਇਕ ਲੰਮੇ ਤੇ ਗੁੰਝਲਦਾਰ ਬਿਰਤਾਂਤਕ ਪਾਠ ਦੀ ਸਿਰਜਣਾ ਹੁੰਦੀ ਹੈ। ਹਰ ਵਾਰ ਨਿਵਲ ਦਈ ਆਪਣੇ ਪਤੀ ਦੀ ਰੱਖਿਆ ਕਰਨ ਲਈ ਇਕ ਲੰਮੀ ਜਦੋ ਜਹਿਦ ਕਰਦੀ ਹੈ। ਪਹਿਲੀ ਵਾਰ ਉਸ ਨੂੰ ਬਹੁਤ ਚਾਲਾਕੀ ਨਾਲ ਛੀਬਾਂ ਸੱਪ ਵਲੋਂ ਡਸਿਆ ਜਾਂਦਾ ਹੈ[9], ਨਿਵਲ ਦਈ ਮੰਤਰਾ ਰਾਹੀਂ ਉਹਨੂੰ ਜਿੰਦਾ ਕਰਦੀ ਹੈ। ਇਹ ਮੰਤਰ ਨਾਗ-ਕੰਨਿਆ ਹੋਣ ਕਰਕੇ ਉਹ ਸ਼ੁਰੂ ਤੋਂ ਜਾਣਦੀ ਹੈ। ਫਿਰ ਉਸ ਦੇ ਜੁੜਵੇਂ ਭਰਾਵਾਂ ਸੂਤਕ ਪਾਤਕ ਵਲੋਂ ਰਾਜਾ ਡੱਸਿਆ ਜਾਂਦਾ ਹੈ ਪਰ ਨਿਵਲ ਦਈ ਸੂਤਕ ਪਾਤਕ ਨੂੰ ਮਜਬੂਰ ਕਰਦੀ ਹੈ ਕਿ ਉਹ ਰਾਜੇ ਦੇ ਸਾਂਹ ਉਸ ਵਿਚ ਵਾਪਿਸ ਪਾਉਣ। ਰਾਜਾ ਜਿੰਦਾ ਹੋ ਜਾਂਦਾ ਹੈ ਪਰ ਉਹ ਸੂਤਕ ਪਾਤਕ ਦੀ ਬੇਇਜ਼ਤੀ ਕਰਕੇ ਉਹਨਾਂ ਨੂੰ ਉਥੋਂ ਭੱਜਾ ਦਿੰਦੀ ਹੈ।[10] ਉਹ ਰਾਜੇ ਦੀ ਰੱਖਿਆ ਲਈ ਸ਼ੀਸ਼ੇ ਦਾ ਮਹਿਲ ਬਣਾਉਣ ਦੀ ਸਲਾਹ ਦਿੰਦੀ ਹੈ। ਮਹਿਲ ਦੇ ਚਾਰੇ ਪਾਸੇ ਸੂਈਆਂ ਦੀ ਕੰਧ ਉਸਾਰੀ ਜਾਂਦੀ ਹੈ ਤੇ ਇਕ ਖਾਈ ਪੱਟ ਕੇ ਵਿਚ ਪਾਣੀ ਛਿੜਕਵਾ ਕੇ ਨਮਕ ਦੀ ਪਰਤ ਪਾ ਕੇ ਸੱਪਾਂ ਦੇ ਅੰਦਰ ਜਾਣ ਦਾ ਹਰ ਰਸਤਾ ਬੰਦ ਕਰ ਦਿੱਤਾ ਜਾਂਦਾ ਹੈ।[11] ਸੱਪ ਫਿਰ ਬਹੁਤ ਵੱਡੀ ਗਿਣਤੀ ਵਿਚ ਆ ਕੇ ਹਮਲਾ ਬੋਲ ਦਿੰਦੇ ਹਨ। ਸਾਰੇ ਸ਼ਹਿਰ ਵਿਚ ਨਾਗ ਗਲੀਆਂ ਵਿਚ ਘੁੰਮਣ ਲਗਦੇ ਹਨ ਪਰ ਮਹਿਲ ਸ਼ੀਸ਼ੇ ਦਾ ਹੋਣ ਕਰਕੇ ਉਹ ਰਾਜੇ ਪਾਰਗ ਤਕ ਨਹੀਂ ਪਹੁੰਚ ਸਕਦੇ। ਉਹਨਾਂ ਵਿਚੋਂ ਇਕ ਨਾਗ ਜਿਸਦਾ ਨਾਂ 'ਜੀਵਨ' ਹੈ, ਉਹ ਰਾਜਾ ਦੇ ਬਾਗ ਵਿਚ ਬੇਰੀ ਦੇ ਦਰਖ਼ਤ ਵਿਚ ਫਲ ਬਣ ਕੇ ਲੱਗ ਜਾਂਦਾ ਹੈ ਤੇ ਫਲਾਂ ਦੀ ਟੋਕਰੀ ਵਿਚ ਮਹਿਲ ਦੇ ਅੰਦਰ ਪਹੁੰਚ ਜਾਂਦਾ ਹੈ। ਜਦੋਂ ਰਾਜਾ ਫਲ ਦੀ ਖੁਸ਼ਬੂ ਸੁੰਘ ਕੇ ਦੇਖ ਰਿਹਾ ਹੁੰਦਾ ਹੈ ਤਾਂ ਉਹ ਉਸ ਨੂੰ ਡੱਸ ਲੈਂਦਾ ਹੈ। ਇਸ ਤੇ ਨਿਵਲ ਦਈ ਦੇ ਮੰਤਰ ਅਸਰ ਨਹੀਂ ਕਰਦੇ। ਧਨਵੰਤਰੀ/ਧਨਥਰ ਵੈਦ ਨੂੰ ਬੁਲਾਇਆ ਜਾਂਦਾ ਹੈ ਪਰ ਉਸ ਦੇ ਆਉਣ ਤੋਂ ਪਹਿਲਾਂ ਰਾਜੇ ਦੀ ਦੇਹ ਇਹਨੀ ਗਲ ਜਾਂਦੀ ਹੈ ਕਿ ਉਸ ਨੂੰ ਅਗਨੀ ਦੀ ਭੇਂਟ ਕਰਨਾ ਪੈਂਦਾ ਹੈ। ਫਿਰ ਵੀ ਵੈਦ ਉਸ ਦੀ ਸੁਆਹ ਨੂੰ ਸੇਜੂਨ (ਸੰਜੀਵਨੀ) ਬੂਟੀ ਨਾਲ ਜਿੰਦਾ ਕਰਕੇ ਰਾਜੇ ਨੂੰ ਨਵੀਂ ਜ਼ਿੰਦਗੀ ਦੇ ਦਿੰਦਾ ਹੈ।[12] ਨਾਗ ਫਿਰ ਵੀ ਹਾਰ ਨਹੀਂ ਮੰਨਦੇ ਹੁਣ ਉਹ ਵੈਦ ਦਾ ਵੀ ਕੋਈ ਉਪਾਅ ਕਰਨਾ ਚਾਹੁੰਦੇ ਹਨ ਤਾਕਿ ਉਹ ਰਾਜੇ ਨੂੰ ਮੁੜ ਜ਼ਿੰਦਾ ਨਾ ਕਰ ਸਕੇ। ਬਾਸਕ ਨਾਗ ਆਪਣੇ ਭਾਣਜੇ ਤਤੀਗ/ਤਕਸ਼ਕ ਨਾਗ ਨੂੰ ਰਾਜਾ ਪਾਰਗ ਦੀ ਜਾਨ ਲੈਣ ਦੀ ਜਿੰਮੇਵਾਰੀ ਦਿੰਦਾ ਹੈ।[13] ਉਹ ਪਾਨ ਦਾ ਬੀੜਾ ਮੂੰਹ ਵਿਚ ਪਾ ਕੇ ਤੇ ਨੰਗੀ ਤਲਵਾਰ ਚੁੱਕ ਕੇ ਰਾਜਾ ਪਾਰਗ ਨੂੰ ਮਾਰਨ ਦਾ ਵਾਅਦਾ ਕਰਦਾ ਹੈ। ਉਹ ਇੰਦਰ ਦੇਵ, ਗੁਰੂ ਮਛੰਦਰ ਨਾਥ, ਗੁਰੂ ਗੋਰਖ ਨਾਥ ਦਾ ਧਿਆਨ ਕਰਕੇ ਜਾਂਦਾ

ਹੈ। ਇੰਦਰ ਦੇਵਤਾ ਮੀਂਹ ਪਾ ਕੇ ਉਸ ਦੀ ਸਹਾਇਤਾ ਕਰਦਾ ਹੈ ਤੇ ਉਹ ਪਾਈ ਵਿਚ ਪਾਣੀ ਭਰਨ ਨਲਾ ਮੱਛਲੀ ਬਣੇ ਮੱਛਲੀ ਬਣਕੇ ਮਹਿਲ ਦੀ ਛੱਤ ਦੇ ਨੇੜੇ ਬਣੇ ਝਰੋਖੇ ਵਿਚੋਂ ਮਹਿਲ ਦੇ ਅੰਦਰ ਜਾ ਕੇ ਰਾਜੇ ਨੂੰ ਡੱਸ ਲੈਂਦਾ ਹੈ। ਧਨਥਰ ਵੈਦ ਨੂੰ ਉਹ ਵੱਲ ਛੱਲ ਨਾਲ ਰਾਜੇ ਦੀ ਦੇਹ ਤਕ ਪਹੁੰਚਣ ਨਹੀਂ ਦਿੰਦਾ, ਆਖਿਰ ਵੈਦ ਨੂੰ ਵੀ ਡਸ ਕੇ ਮਾਰ ਦਿੰਦਾ ਹੈ। ਰਾਜਾ ਆਖਿਰ ਮਰ ਜਾਂਦਾ ਹੈ। ਵੈਦ ਆਪਣੇ ਚੇਲਿਆਂ ਨੂੰ ਆਪਣਾ ਗਿਆਨ ਦੇਣਾ ਚਾਹੁੰਦਾ ਹੈ ਤਾਕਿ ਉਹ ਰਾਜੇ ਨੂੰ ਮੁੜ ਜਿੰਦਾ ਕਰ ਸਕਣ ਪਰ ਉਹਨੂੰ ਇਸ ਕੰਮ ਵਿਚ ਵੀਤਤੀਗ ਨਾਗ ਵਲੋਂ ਸਫ਼ਲ ਨਹੀਂ ਹੋਣ ਦਿੱਤਾ ਜਾਂਦਾ। ਰਾਣੀ ਵਿਧਵਾ ਹੋ ਜਾਂਦੀ ਹੈ।

ਜਨਮੇਜੀ ਰਾਜੇ ਦੀ ਮੌਤ ਤੋਂ ਛੇ ਮਹੀਨੇ ਬਾਅਦ ਪੈਦਾ ਹੁੰਦਾ ਤੇ ਉਸ ਨੂੰ ਬਾਰ੍ਹਾਂ ਸਾਲ ਦੀ ਉਮਰ ਵਿਚ ਰਾਜਗੱਦੀ ਤੇ ਬਿਠਾ ਦਿੱਤਾ ਜਾਂਦਾ ਹੈ। ਉਸ ਨੂੰ ਜਦੋਂ ਆਪਣੇ ਪਿਤਾ ਦੀ ਨਾਗਾਂ ਦੁਆਰਾ ਕੱਟੇ ਜਾਣ ਕਾਰਣ ਹੋਈ ਮੌਤ ਬਾਰੇ ਦੱਸਿਆ ਜਾਂਦਾ ਹੈ ਤਾਂ ਉਹ ਸੱਪਾਂ ਤੋਂ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਦਾ ਫੈਸਲਾ ਕਰਦਾ ਹੈ। ਉਹ ਨਾਗਾਂ ਨੂੰ ਮਾਰਨ ਲਈ ਸੋਚ ਵਿਚਾਰ ਕੇ ਇਕ ਯੋਜਨਾ ਬਣਾਉਂਦਾ ਹੈ।[15] ਸਾਰੇ ਨਾਗ ਕਬੀਲੇ ਨੂੰ ਮਹਿਲ ਵਿਚ ਆਉਣ ਦਾ ਸੱਦਾ ਦਿੰਦਾ ਹੈ ਫਿਰ ਉਹਨਾਂ ਤੇ ਹਮਲਾ ਬੋਲ ਕੇ ਉਹਨਾਂ ਨੂੰ ਮਾਰ ਦਿੰਦਾ ਹੈ। ਬਹੁਤੀ ਵੱਡੀ ਗਿਣਤੀ ਵਿਚ ਨਾਗ ਮਾਰੇ ਜਾਂਦੇ ਹਨ, ਕੁਝ ਆਪਣੇ ਤੇ ਆਪਣੇ ਪਰਿਵਾਰ ਦੀ ਜਾਨ ਬਚਾ ਕੇ ਭੱਜ ਜਾਂਦੇ ਹਨ। ਉਹ ਬਾਸਕ ਨਾਗ ਨੂੰ ਵੀ ਮਾਰਨਾ ਚਾਹੁੰਦਾ ਸੀ ਪਰ ਨਿਵਲ ਦਈ ਦੇ ਕਹਿਣ ਤੇ ਉਸ ਨੂੰ ਮੁਆਫ਼ ਕਰ ਦਿੰਦਾ ਹੈ। ਤਕਸ਼ਕ/ਤਤੀਗ ਨਾਲ ਇੰਦਰ, ਗੋਰਖਨਾਥ, ਸ਼ਿਵ ਸਭ ਨੂੰ ਆਪਣੀ ਜਾਨ ਬਚਾਉਣ ਲਈ ਬੇਨਤੀ ਕਰਦਾ ਹੋਇਆ ਇੰਦਰਪੁਰੀ, ਸ਼ਿਵਪੁਰੀ ਜਾਂਦਾ ਹੈ ਪਰ ਜਨਮੇਜੀ ਉਸ ਨੂੰ ਹਰ ਥਾਂ ਤੋਂ ਵਾਪਿਸ ਲੈ ਆਉਂਦਾ ਹੈ। ਆਪਣੇ ਨਾਨਾ ਬਾਸਕ ਨਾਗ ਦੇ ਕਹਿਣ ਤੇ ਉਹ ਤਤੀਗ ਨਾਗ ਦੀ ਜਾਨ ਤਾਂ ਨਹੀਂ ਲੈਂਦਾ ਪਰ ਉਸ ਦੀ ਪੂਛ ਤਪਦੇ ਤੇਲ ਦੇ ਕੜਾਹੇ ਵਿਚ ਪਾ ਕੇ ਦਾਗੀ ਬਣਾਕੇ ਅਰਥਾਤ ਉਸਦਾ ਮਾਣ ਤੋੜ ਕੇ ਉਸ ਨੂੰ ਛੱਡ ਦਿੰਦਾ ਹੈ। ਆਪਣੀ ਜਾਨ ਬਚਾਉਣ ਲਈ ਉਹ ਜਨਮੇਜੀ ਦੇ ਕਹਿਣ ਤੇ ਕ੍ਰਿਸ਼ਨ ਦਾ ਨਾਮ ਲੈਂਦਾ ਹੈ।[16]

ਇਸ ਸਾਰੀ ਗਾਥਾ ਵਿਚ ਚਾਹੇ ਮਹਾਂਭਾਰਤ ਮਹਾਂਕਾਵਿ ਤੇ ਪੁਰਾਣਾ ਖਾਸ ਤੌਰ ਤੇ ਭਗਵਤ ਪੁਰਾਣ ਵਿਚ ਦਰਜ ਮਿਥ ਕਥਾ ਵੀ ਨਾਲ ਨਾਲ ਹੀ ਚਲਦੀ ਹੈ ਪਰ ਅਸਲ ਵਿਚ ਇਸ ਸਾਰੀ ਗਾਥਾ ਦਾ ਬਿਰਤਾਂਤ ਮੱਧਕਾਲੀ ਕਥਾ ਪਰੰਪਰਾ ਦੇ ਅਨੁਸਾਰ ਸਰੰਚਿਤ ਹੋਇਆ ਹੈ। ਇਥੇ ਰਾਜਾ ਪਾਰਗ ਮਿਥਕ ਆਰੀਆ ਰਾਜਾ ਪਰੀਕਸ਼ਿਤ ਦੇ ਜਲੌ ਤਕ ਨਹੀਂ ਪਹੁੰਚਦਾ ਕਿਉਂਕਿ ਉਹ ਮਿਥ ਵਿਚ ਅਜਿਹਾ ਧਰਮੀ ਰਾਜਾ ਹੈ ਜੋ ਕਲਿਯੁੱਗ ਨੂੰ ਆਪਣੇ ਰਾਜ ਵਿਚ ਦਾਖਿਲ ਨਹੀਂ ਹੋਣ ਦਿੰਦਾ। ਪਰ ਇਥੇ ਇਹ ਮੱਧਕਾਲੀ ਰਾਜਿਆਂ ਵਰਗਾ ਰਾਜਾ ਹੈ ਜਿਸ ਪਾਸ ਤਾਕਤ ਹੈ ਪਰ ਉਸ ਤਾਕਤ ਦੀ ਵਰਤੋਂ ਕਰਕੇ ਉਹ ਨਾਗ ਲੋਕਾਂ ਨੂੰ ਨੀਵਾਂ ਦਿਖਾਉਣ ਲਈ ਆਪਣੇ ਵਿਰੋਧੀ ਰਾਜਾ ਬਾਸਕ ਦੀ ਧੀ ਦਾ ਡੋਲਾ ਮੰਗਦਾ ਹੈ। ਮਿਥਕ ਆਰੀਆ ਰਾਜਾ ਪਰੀਕਸ਼ਿਤ ਇਕ ਰਿਸ਼ੀ ਪੁੱਤਰ ਸਰਿੰਗੀ ਦੇ ਸ਼ਰਾਪ ਕਰਕੇ ਤਕਸ਼ਕ ਨਾਗ ਦੇ ਕੱਟੇ ਜਾਣ ਨਾਲ ਮਰਦਾ ਹੈ ਕਿਉਂਕਿ ਰਾਜਾ ਪਰੀਕਸ਼ਿਤ ਨੇ ਰਿਸ਼ੀ ਪੁੱਤਰ ਦੇ ਪਿਤਾ ਦੇ ਗਲ ਵਿਚ ਮਰਿਆ ਸੱਪ ਪਾਕੇ ਉਸਦਾ ਉਸ ਵਕਤ ਅਪਮਾਨ ਕੀਤਾ ਜਦੋਂ ਉਹ ਤੱਪਸਿਆ ਕਰਦਾ ਹੋਇਆ ਸਮਾਧੀ ਵਿਚ ਲੀਨ ਸੀ। ਇਸ ਤਰ੍ਹਾਂ ਮਿਥ ਕਥਾ ਤਪੱਸਵੀ ਬ੍ਰਾਹਮਣ ਤੇ ਰਾਜਾ ਦੀ ਸ਼ਕਤੀ ਵਿਚਕਾਰ ਵਿਰੋਧ ਬਾਰੇ ਸੰਕੇਤ ਕਰਦੀ ਹੈ ਕਿਉਂਕਿ ਬ੍ਰਾਹਮਣ ਰਿਸ਼ੀ ਰਾਜਾ ਤੋਂ ਉਪਰ ਤੇ ਵੱਧ ਸਨਮਾਨਿਤ ਵਿਅਕਤੀ ਹੈ।[17] ਪਰ ਇਸ ਗਾਥਾ ਵਿਚ ਰਾਜਾ ਪਾਰਗ ਨੂੰ ਮਰਨ ਦਾ ਸ਼ਰਾਪ ਉਹ ਹਿਰਨੀ ਦਿੰਦੀ ਹੈ ਜਿਸ ਦੇ ਪਤੀ ਹਿਰਨ ਨੂੰ ਰਾਜਾ ਸ਼ਿਕਾਰ ਬਣਾ ਕੇ ਮਾਰ ਦਿੰਦਾ ਹੈ।[18] ਉਹ ਹਿਰਨ ਬਹੁਤ ਸਾਰੀਆਂ ਹਿਰਨੀਆਂ ਨਾਲ ਇਕ ਝੁੰਡ ਵਿਚ ਰਹਿੰਦਾ ਸੀ। ਰਾਜੇ ਨੇ ਹਿਰਨ ਨੂੰ ਮਾਰ ਕੇ ਜੀਵ-ਜਗਤ ਦੀ ਜ਼ਿੰਦਗੀ ਜੀਣ ਦੀ ਇੱਛਾ ਨੂੰ ਪਵਿੱਤਰ ਮੰਨਣ ਤੇ ਉਹਨਾਂ ਦੀ ਨਸਲ ਵੱਧਣ ਦੇ ਮੌਕੇ ਖ਼ਤਮ ਕਰਕੇ ਜ਼ਿੰਦਗੀ ਦਾ ਅਪਮਾਨ ਕੀਤਾ ਹੈ ਤੇ ਉਹ ਇਸ ਦੀ ਗਤੀ ਨੂੰ ਰੋਕ ਕੇ ਸਿਰਜਣਾਤਮਿਕਤਾ ਦੇ ਸਿਧਾਂਤ ਦੇ ਉਲਟ ਭੁਗਤਿਆ ਹੈ। ਰਾਜੇ ਨੇ ਕਈ ਹਿਰਨੀਆਂ ਨੂੰ ਵਿਧਵਾ ਬਣਾ ਕੇ ਉਹਨਾਂ ਦਾ ਮਨ ਦੁਖਾਇਆ ਹੈ। ਇਸ ਲਈ ਹਿਰਨੀ ਉਸ ਨੂੰ ਸ਼ਰਾਪ ਦਿੰਦੀ ਹੈ ਕਿ ਉਹ ਵੀ ਆਪਣੀ ਪਤਨੀ ਨੂੰ ਵਿਧਵਾ ਬਣਾ ਦੇਵੇ ਅਰਥਾਤ ਰਾਜੇ ਦੀ ਮੌਤ ਹੋ ਜਾਵੇ।

ਇਸ ਗਾਥਾ ਵਿਚ ਨਿਵਲ ਦਈ ਨੂੰ ਸੁੰਦਰਤਾ ਦੇ ਬਿਆਨ ਲਈ ਵੀ ਮੱਧਕਾਲ ਦੇ ਬਿਰਤਾਂਤਕ ਸਾਹਿਤ ਦੀ ਪਰੰਪਰਾ ਸ਼ਾਸਤਰੀ ਸਾਹਿਤ ਦੀ ਪਰੰਪਰਾ ਦੀ ਨਿਰੰਤਰਤਾ ਵਿਚ ਅਪਣਾਈ ਗਈ ਹੈ। ਪੰਜਾਬੀ ਸਾਹਿਤ ਤੇ ਲੋਕ ਸਾਹਿਤ ਵਿਚ ਨਾਗ ਔਰਤਾਂ ਬਹੁਤ ਖ਼ੂਬਸੂਰਤ, ਰਹੱਸਮਈ ਸ਼ਕਤੀਆਂ ਦੀ ਮਾਲਿਕ ਤੇ ਬਹੁਤ ਦਿਲਕਸ਼ ਮੰਨਿਆਂ ਜਾਂਦੀਆ ਹਨ। ਇਥੇ ਵੀ ਨਿਵਲ ਦਈ ਦੀ ਸੁੰਦਰਤਾ ਕਰਕੇ ਦੇਵਰਾਜ ਇੰਦਰ, ਸੂਰਜ ਤੇ ਚੰਦਰਮਾ ਵਰਗੇ ਅਕਾਸ਼ੀ ਦੇਵਤੇ, ਹੀਰੇ ਹਰਨ ਵਰਗੇ ਬਣ ਵਿਚ ਰਹਿਣ ਵਾਲੇ ਜਾਨਵਰ ਤੇ ਪਾਰਗ ਵਰਗੇ ਰਾਜਾ ਉਸ ਵੱਲ ਆਕਰਸ਼ਿਤ ਹੁੰਦੇ ਹਨ, ਪਰ ਨਿਵਲ ਦਈ ਪਰੰਪਰਾਗਤ ਔਰਤ ਦੀ ਤਰ੍ਹਾਂ ਉਹ ਫੈਸਲਾ ਕਰਦੀ ਹੈ ਜਿਸ ਵਿਚ ਉਸ ਦੇ ਪਿਤਾ ਤੇ ਨਾਗ ਕਬੀਲੇ ਦਾ ਭਲਾ ਹੈ। ਰਾਜਾ ਪਾਰਗ ਨਾਲ ਵਿਆਹ ਕਰਵਾਉਣ ਤੋਂ ਬਾਅਦ ਪੂਰੀ ਵਫਾਦਰੀ ਨਾਲ ਆਪਣੇ ਪਤੀ ਨਾਲ ਰਿਸ਼ਤਾ ਨਿਭਾਉਂਦੀ ਹੈ। ਉਹ ਆਪਣੇ ਪਤੀ, ਪੁੱਤਰ ਤੇ ਭਰਾਵਾਂ ਨੂੰ ਮੌਤ ਤੋਂ ਬਚਾਉਣ ਦਾ ਯਤਨ ਕਰਦੀ ਹੈ। ਉਹ ਆਪਣੇ ਪਰਿਵਾਰ ਦੀ ਸੁਰੱਖਿਆ ਚਾਹੁਣ ਵਾਲੀ ਔਰਤ ਹੈ। ਇਸ ਕਾਰਜ ਲਈ ਉਹਨੂੰ ਇਮਤਿਹਾਨਾਂ ਵਿਚੋਂ ਗੁਜਰਾਨਾ ਪੈਂਦਾ ਹੈ। ਉਸ ਵਿਚ ਪਰੰਪਰਾਗਤ ਔਰਤ ਦੇ ਸਾਰੇ ਗੁਣ ਲੱਛਣਾਂ ਦੇ ਨਾਲ ਨਾਗ ਔਰਤਾਂ ਵਾਲੀ ਚੁਸਤੀ ਫੁਰਤੀ ਵੀ ਹੈ।

ਇਸ ਗਾਥਾ ਦਾ ਮੁੱਖ ਵਿਸ਼ਾ ਨਾਗਾਂ ਤੇ ਖੱਤਰੀ ਰਾਜਿਆਂ ਵਿਚਕਾਰ ਵਿਰੋਧ, ਦੁਸ਼ਮਣੀ ਤੇ ਸੰਘਰਸ਼ ਨਾਲ ਸਬੰਧ ਹੈ। ਇਹ ਦੁਸ਼ਮਣੀ ਇਕ ਦੂਜੇ ਪ੍ਰਤੀ ਨਫ਼ਰਤ ਵਿਚੋਂ ਪੈਦਾ ਹੋਈ। ਨਾਗ ਤੇ ਨਾਗ ਕਬੀਲੇ ਦੇ ਲੋਕ ਇਥੇ ਰਹਿਣ ਵਾਲੇ ਮੂਲ ਆਦਿਵਾਸੀ ਕਬੀਲਿਆਂ ਦੇ ਉਹ ਲੋਕ ਹਨ ਜੋ ਜੰਗਲਾ ਵਿਚ ਜਾਂ ਪਹਾੜਾਂ ਤੇ ਰਹਿੰਦੇ ਹਨ। ਮੰਨਿਆ ਜਾਂਦਾ ਹੈ ਇਹਨਾਂ ਲੋਕਾਂ ਨੂੰ ਆਪਣੇ ਘਰਾਂ ਤੋਂ ਉਖਾੜ ਕੇ ਆਰੀਆ ਭਾਸ਼ੀ ਲੋਕਾਂ ਨੇ ਜੰਗਲਾਂ ਵਿਚ ਜਾਣ ਲਈ ਮਜ਼ਬੂਰ ਕਰ ਦਿੱਤਾ ਸੀ। ਆਮ ਤੌਰ ਤੇ ਨੀਵੀਆਂ ਮੰਨੀਆਂ ਜਾਂਦੀਆਂ ਜਾਤੀਆਂ ਦੇ ਲੋਕ ਵੀ ਉਹਨਾਂ ਮੂਲ ਵਾਸੀਆਂ ਵਿਚੋਂ ਹੀ ਮੰਨੀਆਂ ਜਾਂਦੀਆਂ ਜਾਤੀਆਂ ਦੇ ਲੋਕ ਵੀ ਉਹਨਾਂ ਮੂਲ ਵਾਸੀਆਂ ਵਿਚੋਂ ਹੀ ਮੰਨ ਜਾਂਦੇ ਹਨ। ਇਹਨਾਂ ਬਾਰੇ ਡੀ.ਡੀ. ਕੋਸਾਂਬੀ ਤੇ ਪੁਰਾਤਨ ਭਾਰਤੀ ਇਤਿਹਾਸ ਦੇ ਵਿਦਵਾਨ ਇਹ ਮੰਨਦੇ ਹਨ ਕਿ ਆਰੀਆ ਭਾਸ਼ੀ ਕਬੀਲੇ ਤਕਰੀਬਨ

1700 ਈਸਾ ਪੂਰਵ ਭਾਰਤ ਵਿਚ ਆਉਣੇ ਸ਼ੁਰੂ ਹੋਏ। ਉਸ ਵਕਤ ਇਥੋਂ ਦਾ ਸਭਿਆਚਾਰ ਬਹੁਤ ਵਿਕਸਿਤ ਸੀ। ਇਹਨਾਂ ਮੂਲ ਵਾਸੀ ਲੋਕਾਂ ਨਾਲ ਉਹਨਾਂ ਦਾ ਵਿਰੋਧ ਆਰੰਭ ਹੋਇਆ ਜੋ ਸੱਤਾ ਦੇ ਆਰੀਆ ਲੋਕਾਂ ਪਾਸ ਆਉਣ ਨਾਲ ਹੌਲੀ ਹੌਲੀ ਇਥੋਂ ਦੇ ਸਭਿਆਚਾਰ ਨੂੰ ਖ਼ਤਮ ਜਾਂ ਤਬਦੀਲ ਕਰਨ ਵੱਲ ਚਲਿਆ। ਰਿਗਵੇਦ ਵਿਚ ਇਸ ਲਈ ਦੋ ਤਰ੍ਹਾਂ ਦੀ ਵਰਗ ਵੰਡ ਨਜ਼ਰ ਆਉਂਦੀ ਹੈ ਇਕ ਆਰੀਆ ਦੂਜਾ 'ਦਾਸਾ' ਜਾਂ ਸ਼ੂਦਰ। ਚਾਰ ਜਾਤੀਆਂ ਵਿਚ ਸਮਾਜ ਦੀ ਵੰਡ ਅਰਥਾਤ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਦੇ ਪੈਦਾ ਹੋਣ ਸੰਬੰਧੀ ਮੰਤਰ ਰਿਗਵੇਦ[20] ਵਿਚ ਕਾਫੀ ਬਾਅਦ ਵਿਚ ਸ਼ਾਮਿਲ ਹੋਇਆ। ਸ਼ੂਦਰ ਜਾਂ ਦਾਸ ਅਰਥਾਤ ਹੱਥੀਂ ਕੰਮ ਕਰਨ ਵਾਲਾ ਵਰਗ ਚਹੇ ਸਭਿਆਚਾਰ ਦੇ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਪਾਉਂਦਾ ਰਿਹਾ ਹੈ ਪਰ ਸੱਤਾ ਜਾਂ ਤਾਕਤ ਦੂਜੇ ਵਰਗ ਦੇ ਹੱਥ ਵਿਚ ਰਹੀ। ਮੂਲ ਵਾਸੀਆਂ ਤੇ ਬਾਹਰੋਂ ਆਏ ਆਰੀਆ ਕਬੀਲਿਆਂ ਵਿਚ ਸੰਘਰਸ਼ ਬਹੁਤ ਵੱਡੇ ਪੱਧਰ ਤੇ ਜਾਂ ਬਹੁਤ ਹਿੰਸਕ ਰੂਪ ਵਿਚ ਚਲਦੀ ਰਹੀ ਹੋਇਆ ਹੋਵੇ ਇਸਦੇ ਸਬੂਤ ਨਹੀਂ ਮਿਲਦੇ[21] ਪਰ ਸੱਤਾ ਲਈ ਲੜਾਈ ਕਿਸੇ ਨਾ ਕਿਸੇ ਨਾ ਕਿਸੇ ਰੂਪ ਵਿਚ ਚਲਦੀ ਰਹੀ ਹੋਵੇਗੀ, ਇਸ ਦੀ ਕਲਪਨਾ ਕੀਤੀ ਜਾ ਸਕਦੀ ਹੈ ਇਸ ਲੜਾਈ ਸਥਾਨਕ ਪੱਧਰ ਤੇ ਹਿੰਸਕ ਵੀ ਹੋ ਸਕਦੀ ਹੈ। ਇਸ ਸੰਘਰਸ਼ ਵਿਚੋਂ ਹੀ ਸਮਾਜ ਦੀ ਚਾਰ ਵਰਗਾਂ ਵਿਚ ਵੰਡ ਵੀ ਵਿਕਸਿਤ ਹੋਈ ਕਿਉਂਕਿ ਅਧੀਨਤਾ ਸਵੀਕਾਰ ਕਰਨ ਵਾਲੇ ਮੂਲਵਾਸੀ ਕਬੀਲਿਆਂ ਨੂੰ ਜਾਤੀ ਵੰਡ ਵਿਚ ਸਭ ਤੋਂ ਹੇਠਥੀ ਥਾਂ ਅਰਥਾਤ ਸ਼ੂਦਰਾਂ ਵਿਚ ਸ਼ਾਮਿਲ ਕੀਤਾ ਗਿਆ।[22] ਮੂਲਵਾਸੀ ਕਬੀਲਿਆਂ ਵਿਚੋਂ ਕੁੱਝ ਲੋਕ ਉਪਰਲੇ ਤਿੰਨ ਵਰਗਾਂ ਜਿਵੇਂ ਬ੍ਰਾਹਮਣ ਖੱਤਰੀ ਤੇ ਵੈਸ਼ ਵਿਚ ਵੀ ਸ਼ਾਮਿਲ ਹੋਏ ਪਰ ਜ਼ਿਆਦਾ ਗਿਣਤੀ ਵਿਚ ਮੂਲਵਾਸੀ ਹੱਥੀਂ ਕੰਮ ਕਰਨ ਵਾਲੇ ਸ਼ੂਦਰ ਅਰਥਾਤ ਸਮਾਜ ਦੇ ਹੇਠਲੇ ਵਰਗ ਵਿਚ ਸ਼ਾਮਿਲ ਕੀਤੇ ਗਏ, ਬਹੁਤ ਵਾਰੀ ਇਹਨਾਂ ਨੂੰ ਅਛੂਤ ਵੀ ਕਿਹਾ ਜਾਂਦਾ ਹੈ।ਇਸ ਤਰ੍ਹਾਂ ਦੀ ਵਰਣ-ਵੰਡ ਭਾਰਤ ਵਿਚ ਨਵੇਲਕੀ ਕਿਸਮ ਦੀਹੈ ਜਿਸ ਦੇ ਪੱਕੇ ਹੋਣ ਦੇ ਪਿਛੇ ਕਈ ਸੱਦੀਆਂ ਦਾ ਇਤਿਹਾਸ ਹੈ। ਜਾਤੀ ਜਨਮ ਤੋਂ ਮੰਨੇ ਜਾਣ ਦਾ ਕਾਰਣ ਇਥੋਂ ਦਾ ਆਰਥਿਕ ਆਧਾਰ ਹੈ ਕਿਉਂਕਿ ਇਸ ਤਰ੍ਹਾਂ ਹਰ ਵਿਅਕਤੀ ਆਪਣੇ ਮਾਂ ਬਾਪ ਦਾ ਕਿੱਤਾ ਅਪਣਾਉਂਦਾ ਹੈ। ਇਸ ਨਾਲ ਕਿੱਤਾ ਸਿੱਖਣ ਤੇ ਉਸ ਕਿਤੇ ਵਿਚ ਮੁਹਾਰਤ ਹਾਸਿਲ ਕਰਨਾ ਆਸਾਨ ਹੋ ਜਾਂਦਾ ਹੈ ਪਰ ਧਰਮ ਨੇ ਇਸ ਨੂੰ ਪੱਕੇ ਕਰਨ ਵਿਚ ਆਪਣਾ ਰੋਲ ਅਦਾ ਕੀਤਾ ਹੈ ਖਾਸ ਤੌਰ ਤੇ ਬ੍ਰਾਮਣ ਵਰਗ ਦੇ ਹੱਥ ਵਿਚ ਵੱਧ ਤਾਕਤ ਆਉਣ ਨਾਲ ਤੇ ਜਾਤੀ ਨੂੰ ਜਨਮ ਨਾਲ ਸੰਬੰਧਤ ਕਰਨ ਨਾਲ ਇਹ ਇਹ ਵਰਗ ਵੰਡ ਜਿਸ ਰੂਪ ਵਿਚ ਸਥਾਪਿਤ ਹੋਈ ਉਹ ਹੁਣ ਤਕ ਚਲ ਰਹੀ ਹੈ। ਮੂਲ ਆਦਿਵਾਸੀ ਕਬੀਲੇ ਨਾਸ਼ਾਦ, ਅਸੁਰ, ਚੰਡਾਲ, ਕਿਰਾਤ, ਭੀਲ, ਨਾਗ, ਰਾਕਸ਼ਸ਼ ਆਦਿ ਦੇ ਨਾਂ ਭਾਰਤੀ ਸਨਾਤਨੀ ਗ੍ਰੰਥਾਂ ਵਿਚ ਕਈ ਵਾਰ ਲਏ ਗਏ ਹਨ। ਇਹਨਾਂ ਵਿਚੋਂ ਅਸੁਰ ਤੇ ਰਾਕਸ਼ਸ਼ ਦੇਵਤਿਆਂ ਦੇ ਵਿਰੋਧ ਵਿਚ ਪ੍ਰਤੀਕਾਤਮਕ ਤੌਰ ਤੇ ਬੁਰਾਈ ਦੇ ਪ੍ਰਤੀਕ ਹਨ ਜੋ ਰਾਵਣ, ਕੁੰਭਕਰਣ, ਹਰਾਕਸ਼, ਹਰਨਾਕਸ਼ਿਪੂ, ਕੰਸ ਆਦਿ ਬੁਰੇ ਵਿਅਕਤੀਆਂ ਦੇ ਰੂਪ ਵਿਚ ਭਗਵਾਨ ਵਿਸ਼ਣੂ ਦੇ ਵਿਰੋਧ ਵਿਚ ਧਰਤੀ ਦੇ ਵਿਚਰਦੇ ਹਨ। ਨਾਸ਼ਾਦ, ਕਿਰਾਤ, ਚੰਡਾਲ ਆਦਿ ਕਬੀਲੇ ਨੀਵੀਆਂ ਸ਼ੂਦਰ ਜਾਤੀਆਂ ਦੇ ਨਾਂ ਹਨ ਜੋ ਜੰਗਲ ਵਿਚ ਜਾਂ ਸ਼ਹਿਰਾਂ ਤੋਂ ਬਾਹਰ ਰਹਿੰਦੇ ਹਨ । ਆਰੀਆ ਭਾਸ਼ੀ ਲੋਕਾਂ ਨਾਲ ਇਹਨਾਂ ਦਾ ਵਿਰੋਧ ਦਾ ਰਿਸ਼ਤ ਹੈ ਜੋ ਧਰਮ ਗ੍ਰੰਥਾਂ ਵਿਚ ਕਈ ਥਾਵੀਂ ਨਜ਼ਰ ਆਉਂਦਾ ਹੈ। ਜਿਵੇਂ ਪੁਰਾਤਨ ਮਿਥ ਵਿਚ ਪ੍ਰਿਥੂ ਤੋਂ ਪਹਿਲਾਂ ਇਕ ਨਾਸ਼ਾਦ ਪੈਦਾ ਹੋਇਆ ਜੋ ਇਹਨਾਂ ਕਾਲਾ, ਬਦਸੂਰਤ ਤੇ ਛੋਟੇ ਕਦ ਦਾ ਸੀ ਕਿ ਇਸ ਨੂੰ ਰਾਜਾ ਬਣਾਇਆ ਨਹੀਂ ਗਿਆ ਬਲਕਿ ਉਹਨੂੰ ਜੰਗਲ ਵਲ ਭੇਜ ਦਿੱਤਾ ਗਿਆ। ਉਹ ਜੰਗਲ ਵਿਚ ਜਾ ਕੇ ਨਾਸ਼ਾਦਾਂ ਦਾ ਪੂਰਜਵ ਬਣਿਆ।[23] ਇਸ ਤਰ੍ਹਾਂ ਦੀਆਂ ਕਹਾਣੀਆਂ ਆਰੀਆ ਦੇ ਦਾਸ ਜਾਂ ਦਸਿਊ ਲੋਕਾਂ ਵਿਚ ਵਿਰੋਧ ਦੀ ਗੱਲ ਕਰਦੀਆਂ ਹਨ ਪਰ ਇਹ ਵਿਰੋਧ ਕਿਸੇ ਲੜਾਈ ਜਾਂ ਲੰਮੇ ਸੰਘਰਸ਼ ਦੀ ਗੱਲ ਨਹੀਂ ਕਰਦਾ। ਭਾਰਤ ਦੇ ਮਿਸ਼ਰਿਤ ਸਭਿਆਚਾਰ ਵਿਚ ਵੀ ਆਪਸੀ ਮਿਲਵਰਤਨ ਜਾਂ ਸਭਿਆਚਾਰਕ ਆਦਾਨ-ਪ੍ਰਦਾਨ ਦੇ ਸਬੂਤ ਮਿਲਦੇ ਹਨ। ਮੂਲਵਾਸੀ, ਪੂਰਵ ਆਰੀਆਂ ਲੋਕਾਂ ਦੇ ਇਸ਼ਟ ਦੇਵ ਤੇ ਦੇਵੀਆਂ ਦੀ ਪੂਜਾ ਮਾਨਤਾ ਦਾ ਵੀ ਇਥੋਂ ਦੇ ਪੁਰਾਤਨ ਪੂਰਵ-ਆਰੀਆ ਸਭਿਆਚਾਰ ਨਾਲ ਰਿਸ਼ਤਾ ਹੈ। ਪਰੰਪਰਾਗਤ ਰੂਪ ਵਿਚ ਪ੍ਰਾਪਤ ਬਹੁਤ ਸਾਰੇ ਵਿਸ਼ਾਵਸ ਰਹੁ ਰੀਤਾਂ, ਸਾਹਿਤ, ਲੋਕ ਸਾਹਿਤ, ਕਾਲਵਾਂ ਆਦਿ ਵਿਚੋਂ ਇਹ ਮਿਸ਼ਰਣ ਬਹੁਤ ਉਘੜਵੇਂ ਰੂਪ ਵਿਚ ਪ੍ਰਪਾਤ ਬਹੁਤ ਸਾਰੇ ਵਿਸ਼ਵਾਸ ਰਹੁ ਰੀਤਾਂ, ਸਾਹਿਤ, ਲੋਕ ਸਾਹਿਤ, ਕਲਾਵਾਂ ਆਦਿ ਵਿਚੋਂ ਇਹ ਮਿਸ਼ਰਣ ਬਹੁਤ ਉਘੜਵੇਂ ਰੂਪ ਵਿਚ ਉਜਾਗਰ ਹੁੰਦਾ ਹੈ। ਇਸ ਸੰਮਿਸ਼ਰਣ ਤੇ ਮਿਲਵਰਤਨ ਦੇ ਬਾਵਜੂਦ ਭਾਰਤ ਵਿਚ ਦੋ ਪਰੰਪਰਾਵਾਂ ਇਤਿਹਾਸ ਦੇ ਹਰ ਪੜਾਅ ਤੇ ਸਮਾਨਾਂਤਰ ਚਲਦੀਆਂ ਨਜ਼ਰ ਆਉਂਦੀਆਂ ਹਨ। ਇਹਨਾਂ ਪਰੰਪਰਾਵਾਂ ਵਿਚ ਆਪਸੀ ਸੰਘਰਸ਼ ਦੇ ਸਬੂਤ ਵੀ ਮਿਲਦੇ ਹਨ। ਵੱਖ ਵੱਖ ਧਾਰਮਿਕ ਸੰਪਰਦਾਇਆਂ ਜਿਵੇਂ ਸ਼ੈਵ ਤੇ ਵੈਸ਼ਣਵ, ਬੌਧ ਜਾਂ ਜੈਨ ਤੇ ਵੈਸ਼ਣਵ ਧਰਮ, ਬ੍ਰਾਹਣ ਗ੍ਰੰਥਾਂ ਵਿਚ ਚਾਰਵਾਕਾਂ, ਅਜੈਵਿਕਾਂ, ਸਾਂਖ ਤੇ ਤੰਤਰ ਦੇ ਵਿਰੋਧ ਵਿਚ ਲਿਖੇ ਸ਼ਬਦ ਇਸੇ ਵਿਰੋਧ ਵੱਲ ਇਸ਼ਾਰਾ ਕਰਦੇ ਹਨ। ਭਾਰਤ ਦੇ ਪੁਰਾਤਨ ਕਲਾਸੀਕਲ ਸਾਹਿਤ ਵਿਚ ਇਹ ਸੰਘਰਸ਼ ਕਈ ਵਾਰ ਸਿਰਫ ਪ੍ਰਤੀਕਾਰਮਕ ਤੌਰ ਤੇ ਨਜ਼ਰ ਆਉਂਦਾ ਹੈ ਜਿਵੇਂ ਕ੍ਰਿਸ਼ਨ ਤੇ ਅਰਜੁਨ ਵੱਲੋਂ ਖਾਂਡਵ ਬਣ ਤੇ ਉਸ ਦੇ ਅੰਦਰ ਹਰ ਤਰ੍ਹਾਂ ਦੀ ਜ਼ਿੰਦਗੀ ਸਾੜਨ ਦੀ ਮਿਥ ਕਥਾ ਵਿਚ।[24] ਲੋਕਧਾਰਾਈ ਕਥਾ ਬਿਰਤਾਂਤਾਂ ਵਿਚ ਇਹ ਸੰਘਰਸ਼ ਆਪਸੀ ਦੁਸ਼ਮਣੀ ਤੇ ਯੁੱਧ ਦਾ ਰੂਪ ਗ੍ਰਹਿਣ ਕਰਦਾ ਹੈ। ਮੱਧਕਾਲੀਨ ਸਮੇਂ ਵਿਚ ਜਦੋਂ ਭਗਤੀ ਲਹਿਰ ਦਾ ਜੋਰ ਵਧਿਆ, ਉਸੇ ਵਕਤ ਸੂਫੀ ਵਿਚਾਰਧਾਰਾ, ਨਾਥਾ ਜੋਗੀਆਂ, ਕੰਨਪਟੇ ਜੋਗੀਆਂ, ਸ਼ਿਵ ਨੂੰ ਮੰਨਣ ਵਾਲੇ ਭਗਤਾਂ, ਤਾਂਤਰਿਕਾਂ ਆਦਿ ਦੀ ਵੀ ਮਾਨਤਾ ਵਧੀ। ਇਸ ਤਰ੍ਹਾਂ ਇਸ ਬਿਤਾਂਤ ਵਿਚ ਕਥਾ ਇਹਨਾਂ ਸਰੋਕਾਰਾਂ, ਵਿਰੋਧਾਂ, ਹਾਲਤਾਂ ਤੇ ਵਿਚਾਰਧਾਕਰ ਪਿਛੋਕੜ ਵਿਚੋਂ ਅਜਿਹਾ ਰੂਪ ਗ੍ਰਹਿਣ ਕਰਦੀ ਹੈ ਕਿ ਇਹ ਸਮਾਜ ਵਿਚਲੀਆਂ ਦੋ ਉਹਨਾਂ ਧਿਰਾਂ ਵਿਚਕਾਰ ਵਿਰੋਧ ਦੀ ਕਹਾਣੀ ਬਣ ਸਕੇ ਇਕ ਜਿਹਨਾਂ ਦੇ ਹੱਥ ਵਿਚ ਸੱਤਾ ਹੈ ਤੇ ਦੂਜੀ ਉਹ ਜੋ ਉਸ ਦੀ ਸੱਤਾ ਨੂੰ ਵੰਗਾਰ ਪੇਸ਼ ਕਰਦੀ ਹੈ। ਇਹ ਲੜਾਈ ਦੋ ਕਿਸਮ ਦੀ ਜੀਵਨ ਜਾਚ ਵਿਚਾਲੇ ਵੀ ਹੈ ਤੇ ਆਰਥਿਕ ਤੌਰ ਤੇ ਉਪਰਲੇ ਵਰਗ ਤੇ ਪਹਾੜਾਂ, ਜੰਗਲਾਂ ਵਿਚ ਰਹਿਣ ਵਾਲੇ ਆਦਿ ਮੂਲ ਵਾਸੀ ਲੋਕ ਵਿਚਕਾਰ ਵੀ। ਕਈ ਵਾਰ ਇਹ ਵਿਰੋਧ ਉਗਰ ਪ੍ਰਤੀਰੋਸ ਦਾ ਰੂਪ ਅਖ਼ਤਿਆਰ ਕਰਦਾ ਹੈ। ਆਮ ਕਿਸਾਨਾਂ, ਮਿਹਨਤਕਸ਼ਾਂ, ਦਲਿਤਾਂ ਦਾ ਰਾਜਸੱਤਾ ਦੇ ਨੇੜੇ ਰਹਿਣ ਵਾਲੀਆਂ ਜਮਾਤਾਂ ਨਾਲ ਵਿਰੋਧ ਵੀ ਇਸੇ ਸ਼੍ਰੇਣੀ ਵਿਚ ਆਉਂਦਾ ਹੈ। ਉਪਰਲੀਆਂ ਜਮਾਤਾਂ ਕਈ ਵਾਰ ਵਿਕਾਸ ਤੇ ਉਦਯੋਗੀਕਰਨ ਦੇ ਨਾਂ ਤੇ ਜੰਗਲਾ, ਬਣਾਂ, ਖੇਤੀਯੋਗ ਜਮੀਨਾਂ ਤੇ ਅਧਿਕਾਰ ਕਰਨ ਜਾਂ ਸਸਤੇ ਭਾਅ ਤੇ ਜ਼ਬਰੀ ਖ਼ਰੀਦਣ ਦਾ ਯਤਨ ਕਰਦੀਆਂ ਹਨ। ਇਸ ਤਰ੍ਹਾਂ ਇਹ ਗਾਥਾ

'ਮਹਾਂਭਾਤਰ' ਵਿਚ ਖਾਂਡਣ ਵਣ ਦੇ ਸਾੜਨ ਨਾਲ ਹੋਏ ਵੱਡੇ ਨਰ-ਸੰਘਾਰ, ਪਸ਼ੂ-ਪੰਛੀਆਂ ਤੇ ਵਨਸਪਤੀ ਦੇ ਘਾਣ ਨਾਲ ਵੀ ਸੰਬਧਤ ਹੈ। ਇਹ ਜਨਮੇਮਜੇ ਦੁਆਰਾ ਨਾਗ ਕਬੀਲੇ ਦੀ ਬਰਬਾਦੀ ਨਾਲ ਤਾਕਤ ਹਾਸਿਲ ਕਰਕੇ ਮਹਾਨ ਰਾਜਾ ਬਣਨ ਦੀ ਕਹਾਣੀ ਵੀ ਹੈ। ਸੱਤਾ ਨਾਲ ਮਿਲੀ ਤਾਕਤ ਨਾਲ ਵਿਰੋਧੀ ਧਿਰ ਦੀ ਔਰਤ ਨੂੰ ਪ੍ਰਾਪਤ ਕਰਨ ਦੀ ਕਹਾਣੀ ਮਨੁੱਖੀ ਲਾਲਸਾਵਾਂ ਦੀ ਕਹਾਣੀ ਹੈ ਜੋ ਧੰਨ, ਦੌਲਤ, ਜ਼ਮੀਨ, ਜਮੀਨ ਦੇ ਥੱਲੇ ਛੁੱਪੇ ਖ਼ਜਾਨਿਆਂ ਲਈ ਧੱਕਾ, ਜ਼ਬਰ ਤੇ ਹਿੰਸਾ ਦੇ ਰਸਤੇ ਤੇ ਚਲਣ ਦੀ ਕਹਾਣੀ ਵੀ ਬਣ ਸਕਦੀ ਹੈ। ਇਸ ਅੰਨਿਆ ਦਾ ਵਿਰੋਧ ਹੁੰਦਾ ਹੈ, ਵਿਰੋਧੀ ਧਿਰ ਕਈ ਵਾਰ ਹਾਰਦੀ ਹੈ ਪਰ ਸੰਘਰਸ਼ ਕਦੇ ਖ਼ਤਮ ਨਹੀਂ ਹੁੰਦਾ। ਸੰਘਰਸ਼ ਕਦੇ ਉਗਰ ਰੂਪ ਵਿਚ ਜਾਂ ਕਦੇ ਧੀਮੀ ਰਫ਼ਤਾਰ ਵਿਚ ਨਿਰੰਤਰ ਹੁੰਦਾ ਰਹਿੰਦਾ ਹੈ ਕਿਉਂਕਿ ਸਮਾਜ ਦੀ ਵਰਗ ਵੰਡ, ਦੋ ਧਿਰਾਂ ਦਾ ਆਪਸੀ ਵਿਰੋਧ, ਤਾਕਤਵਰ ਦਾ ਜ਼ਬਰ-ਜ਼ੁਲਮ ਤੇ ਦੂਜੀ ਧਿਰ ਦਾ ਆਪਣੀ ਰੱਖਿਆ ਲਈ ਕੀਤਾ ਜਾਣ ਵਾਲ ਸੰਘਰਸ਼ ਇਕ ਨਿਰੰਤਰ ਚਲਣ ਵਾਲਾ ਵਰਤਾਰਾ ਹੈ। ਮਿਥ ਇਸ ਨੂੰ ਪ੍ਰਤੀਕਾਤਮਕ ਢੰਗ ਨਾਲ ਪੇਸ਼ ਕਰਦੀ ਹੈ ਪਰ ਮੱਧਕਾਲੀ ਕਥਾ ਬਿਰਤਾਂਤਾਂ ਵਿਚ ਇਹ ਲੜਾਈ ਤੇ ਵਿਰੋਧ ਧਿਰ ਨਾਲ ਸਹਿਯੋਗ, ਮਿਲਵਰਤਨ ਦੀ ਗੱਲ ਵੀ ਕਰਦੀ ਹੈ ਕਿਉਂਕਿ ਆਖ਼ਿਰ ਤਤੀਗ ਨਾਲ ਨੂੰ ਮੁਆਫ ਕਰਕੇ ਲੜਾਈ ਨੂੰ ਕਿਸੇ ਨੁਕਤੇ ਤੇ ਬੰਦ ਕਰਨਾ ਵੀ ਰਾਜਸੱਤਾ ਲਈ ਲਾਜ਼ਮੀ ਹੈ ਕਿਉਂਕਿ ਵਿਰੋਧੀ ਨੂੰ ਪੂਰੀ ਤੌਰ ਤੇ ਖ਼ਤਮ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਇਸ ਗਾਥਾ ਵਿਚ ਸੱਤਾ ਦੀ ਲੜਾਈ, ਵਿਰੋਧੀ ਧਿਰਾਂ ਦੀ ਕੁਲ ਖ਼ਤਮ ਕਰਨ ਤਕ ਜਾਣਾ, ਬਦਲ ਲੈਣਾ, ਘੱਟ ਤਾਕਤ ਹੁੰਦੇ ਹੋਏ ਵੀ ਵਿਰੋਧੀ ਨਾਲ ਕਿਸੇ ਹੋਰ ਤਰ੍ਹਾਂ ਦੇ ਢੰਗ ਆਪਣਾ ਕੇ ਲੜਾਈ ਕਰਨੀ ਆਦਿ ਜੋ ਪੇਸ਼ ਹੋਇਆ ਹੈ ਉਹ ਸਵਰਾਜਬੀਰ ਦੇ ਨਾਟਕ 'ਅਗਨੀਕੁੰਡ' ਵਿਚ ਵੀ ਇਸ ਕਥਾ ਦੇ ਹਵਾਲੇ ਨਾਲ ਪੇਸ਼ ਕੀਤਾ ਗਿਆ ਹੈ। ਇਸ ਗਾਥਾ ਨੂੰ ਆਧਾਰ ਬਣਾ ਕੇ ਲਿਖੇ ਇਸ ਨਾਟਕ ਵਿਚ ਡਾ. ਸਵਰਾਜਬੀਰ ਨੇ ਨਾਟਕ ਦੀ ਭੂਮਿਕਾ ਲਿਖਦੇ ਹੋਏ ਕਿਹਾ ਹੈ ਕਿ ਇਹ ਸੰਘਰਸ਼ ਜ਼ਿੰਦਗੀ ਦਾ ਅਜਿਹਾ ਅਗਨੀ-ਕੰਡ ਹੈ ਜਿਜ਼ ਵਿਚ ਘੱਟ ਅਧਿਕਾਰਾਂ ਵਾਲੇ ਲੋਕਾਂ ਦੀ ਅਹੂਤੀ ਦਿੱਤੀ ਜਾਂਦੀ ਹੈ।[25] ਜੋ ਜਨਮੇਜੇ ਨੇ ਨਾਗ ਲੋਕਾਂ ਨਾਲ ਕੀਤਾ, ਉਹ ਅੱਜ ਵੀ ਸਾਰੇ ਸੰਸਾਰ ਵਿਚ ਹੋ ਰਿਹਾ ਹੈ। ਵ

## *ਹਵਾਲੇ*


1. ਰਿਚਰਡ ਟੈਂਪਲ, **ਪੰਜਾਬ ਦੀ ਲੋਕ-ਗਾਥਵਾਂ**, ਜਿਲਦ ਪਹਿਲੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971, ਸਫਾ 238.
2. ਨਿਵਲ ਦਈ ਦੀ ਲੋਕਗਾਥਾ ਰਿਚਾਰਡ ਟੈਂਪਲ ਵਲੋਂ ਇਕੱਤਰ ਕੀਤੀਆਂ ਗਾਥਾਵਾਂ ਵਿਚ **'ਰਾਜਕੁਮਾਰੀ ਨਿਵਲ ਦਈ'** ਸਿਰਲੇਖ ਨਾਲ ਸਫਾ 238 ਤੋਂ 294 ਤਕ **'ਪੰਜਾਬ ਦੀਆਂ ਲੋਕ-ਗਾਥਾਵਾਂ**, ਜਿਲਦ ਪਹਿਲੀ ਵਿਚ ਸ਼ਾਮਿਲ ਹੈ। ਲੇਖ ਵਿਚ ਕਥਾ ਦੇ ਸਾਰੇ ਹਵਾਲੇ ਇਸੇ ਵਿਚੋਂ ਲਏ ਗਏ ਹਨ।
3. ਰਿਚਰਡ ਟੈਂਪਲ, ਪੰਜਾਬ ਦੀਆਂ ਲੋਕ-ਗਾਥਾਵਾਂ, ਜਿਲਦ ਪਹਿਲੀ, ਸਫਾ 241.
4. ਸਫਾ 243.
5. ਸਫਾ 245.
6. ਸਫਾ 247.
7. ਸਫਾ 249.
8. ਸਫਾ 258.
9. ਸਫਾ 266.
10. ਸਫਾ 270.
11. ਸਫਾ 272, 273.
12. ਸਫਾ 274, 275.
13. ਸਫਾ 277, 278.
14. ਸਫਾ 282.
15. ਸਫਾ 286.
16. ਸਫਾ 294.
17. **The Srimad Bhagavatam**, tr. into English by J.M sanyal Vol-I, Munshiram Monoharlal Publishers Pvt. Ltd., 1970, pages 75,76.
18. ਪੰਜਾਬ ਦੀਆਂ **ਲੋਕ-ਗਾਥਾਵਾਂ**, ਜਿਲਦ ਪਹਿਲੀ, ਸਫਾ 262.
19. D.D Kosambi, **Combined Methods in Indology and other writings** ed. Brajadulal Chattoladhyaya, Oxford paperbacks, 205, page 52
20. Ibid, page 63
21. Romila Thapar Cultural pasts, oxford University press, 2000, page 981
22. Irfan Habib, Essays in Indian History, Tulika Books, New Delhi, 1955, Reprint 2010, page 165,166
23. **The Srimad Bhagavatam**, vol-I, 1970, page 357
24. ਸਵਰਾਜਬੀਰ, **ਅਗਨੀ-ਕੁੰਡ**, ਯੂਨੀਸਟਾਰ ਬੁਕਸ, ਚੰਡੀਗੜ੍ਹ, 2016 ਸਫਾ 16.
25. ਸਫਾ 28.




ਭੁਪਿੰਦਰ ਪੁਰੇਵਾਲ (1951 ਹਕੀਮਪੁਰ–2009 ਲੰਦਨ) ਬੜਾ ਜੀਅਦਾਰ ਬੰਦਾ ਸੀ। ਕਵਿਤਾ ਦੀਆਂ ਦੀਆਂ ਦੋ ਕਿਤਾਬਾਂ ਛਪੀਆਂ: ਮਿੱਟੀ ਦਾ ਰੰਗ (1982) ਤੇ ਬੰਸਰੀ (1998)। ਹਰਿਭਜਨ ਸਿੰਘ ਇਹਦੀ ਕਵਿਤਾ ਦਾ ਮੱਦਾਹ ਸੀ। ਨਾਮੁਰਾਦ ਬੀਮਾਰੀ ਨਾਲ਼ ਕੁਵੇਲੇ ਚਲੇ ਗਏ ਨੂੰ ਕਈ ਸਾਲ ਹੋ ਗਏ, ਪਰ ਯਾਦ ਆਉਣੋਂ ਨਹੀਂ ਹਟਦਾ। ਇਹ ਗੱਲਾਂ ਮੈਂ ਇਹਨੂੰ ਆਖ ਕੇ ਲਿਖਵਾਈਆਂ ਸੀ। ਹੁਣ ਫੋਲ਼ਾਫਾਲ਼ੀ ਕਰਦਿਆਂ ਲੱਭ ਪਈਆਂ।
–ਅਮਰਜੀਤ ਚੰਦਨ

# ਘਰ ਦੇ ਜੀਅ

## ਭੁਪਿੰਦਰ ਪੁਰੇਵਾਲ

ਇਹ ਉਨ੍ਹਾਂ ਦਿਨਾਂ ਦੀਆਂ ਗੱਲਾਂ ਹਨ, ਜਦੋਂ ਪੰਜਾਬ ਚ ਕਮਿਉਨਿਸਟ ਪਾਰਟੀ ਦਾ ਮੈਂਬਰ ਹੋਣਾ ਹੁਣ ਵਾਂਗ ਸੌਖਾ ਨਹੀਂ ਸੀ। ਥੋਹੜੇ–ਕੀਤੇ ਆਮ ਆਦਮੀ ਨੂੰ ਮੈਂਬਰਸ਼ਿਪ ਮਿਲਣੀ ਬਹੁਤ ਮੁਸ਼ਕਿਲ ਹੁੰਦੀ ਸੀ। ਹਰ ਵਕਤ ਤਾਂ ਇਨ੍ਹਾਂ ਦੇ ਵਾਰੰਟ ਨਿਕਲ਼ੇ ਰਹਿੰਦੇ ਸੀ। ਮੈਂਬਰ ਬਣਨ ਲਈ ਵੀ ਸੂਈ ਦੇ ਨੱਕੇ ਥਾਣੀਂ ਲੰਘਣਾ ਪੈਂਦਾ ਸੀ। ਰਿਸ਼ਤੇਦਾਰ ਤੇ ਜਾਣੂ ਇਨ੍ਹਾਂ ਨੂੰ ਨੰਗ–ਮਲੰਗ ਸਮਝਦੇ ਸੀ। ਇਨ੍ਹਾਂ ਨੂੰ 'ਕੌਮਨਸ਼ਟ' ਤੇ ਪੱਕੇ ਨਾਸਤਿਕ ਸੱਦਦੇ ਸੀ, ਰੱਬ ਦੇ ਤੇ ਧਾਰਮਿਕ ਰਹੁਰੀਤਾਂ ਦੇ ਵੈਰੀ।

1959 ਚ ਖ਼ੁਸ਼ਹੈਸੀਅਤੀ ਮੋਰਚੇ ਵਕਤ ਕੈਰੋਂ ਸਰਕਾਰ ਦਾ ਦਮਨ ਜ਼ੋਰਾਂ 'ਤੇ ਸੀ। ਐਤੀਆਣੇ ਪਿੰਡ ਚ ਗੋਲ਼ੀ ਚੱਲ ਗਈ। ਉਨ੍ਹਾਂ ਦਿਨਾਂ ਵਿਚ ਹੀ ਇਹ ਗੀਤ ਮਸ਼ਹੂਰ ਹੋਇਆ ਸੀ – ਐਤੀਆਣੇ ਪਿੰਡ ਵਿਚ ਸਾਨੂੰ ਰੱਬ ਦਿੱਸਦਾ।

ਇਨ੍ਹਾਂ ਦਿਨਾਂ ਵਿਚ ਮੇਰਾ ਬਾਪ ਜਗਤ ਸਿੰਘ ਪਾਰਟੀ ਦੇ ਕੰਮਾਂ ਵਿਚ ਬਹੁਤ ਸਰਗਰਮ ਸੀ। ਮੇਰਾ ਬਾਬਾ ਵੀ ਉਹਨੂੰ ਇਨ੍ਹਾਂ ਕੰਮਾਂ ਤੋਂ ਰੋਕਦਾ ਨਹੀਂ ਸੀ। ਉਹ ਸਮਝਦਾ ਸੀ ਕਿ ਇਹ ਗ਼ਰੀਬਾਂ ਦਾ ਭਲਾ ਮੰਗਣ ਵਾਲ਼ੀ ਪਾਰਟੀ ਆ; ਗੁਰੂ ਗੋਬਿੰਦ ਸਿੰਘ ਦੇ ਸੁਨੇਹੇ ਨੂੰ ਅੱਗੇ ਲਿਜਾਣ ਵਾਲ਼ੀ।

ਪਰ ਸਰਕਾਰ ਨੂੰ ਇਹ ਗੱਲ ਜਚਦੀ ਨਾ ਸੀ, ਜਿਸ ਕਰਕੇ ਉਨ੍ਹਾਂ ਦੇ ਸਦਾ ਹੀ ਵਾਰੰਟ ਨਿਕਲ਼ੇ ਰਹਿੰਦੇ। ਉਹ ਵੀ ਡਾਹੀ ਨਹੀਂ ਸੀ ਦਿੰਦੇ। ਕਦੇ ਪੁਲਸ ਦੇ ਹੱਥ ਨਹੀਂ ਲੱਗੇ ਸੀ।

ਕੁਝ ਹਾਸੇ ਵਾਲ਼ੀਆਂ ਇਸ ਤਰ੍ਹਾਂ ਦੀਆਂ ਗੱਲਾਂ ਹਨ, ਜੋ ਕਦੇ ਨਹੀਂ ਭੁੱਲਣੀਆਂ।

ਬਾਪ ਮੇਰਾ ਖੂਹ ਤੋਂ ਆ ਰਿਹਾ ਸੀ ਤੇ ਥਾਣੇਦਾਰ ਖੂਹ ਨੂੰ ਜਾ ਰਿਹਾ ਸੀ, ਬਾਪ ਨੂੰ ਗ੍ਰਿਫ਼ਤਾਰ ਕਰਨ। ਨਾਲ਼ ਹੋਰ ਸਿਪਾਹੀ। ਉਨ੍ਹਾਂ ਨੇ ਮੇਰੇ ਬਾਪ ਨੂੰ ਪੁੱਛਿਆ, "ਤੂੰ ਕਾਮਰੇਡ ਤਾਂ ਨਈਂ ਦੇਖਿਆ?" ਥਾਣੇਦਾਰ ਨੂੰ ਬਾਪ ਦੇ ਮੁਹਾਂਦਰੇ ਦਾ ਪਤਾ ਨਹੀਂ ਸੀ।

"ਦੇਖਿਆ! ਅੰਬਾਂ ਥੱਲੇ ਬੈਠਾ।" ਉਨ੍ਹਾਂ ਨੇ ਜਾ ਕੇ ਤਾਏ ਪ੍ਰੀਤਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਤਾਏ ਨੇ ਬੜਾ ਰੌਲ਼ਾ ਪਾਇਆ, "ਓਏ, ਮੈਂ

ਉਹ ਨਈਂ, ਜੋ ਤੁਸੀਂ ਸਮਝਦੇ ਹੋ।''

ਪਰ ਉਨ੍ਹਾਂ ਤਾਏ ਦੀ ਇਕ ਨਾ ਸੁਣੀ। ਜਦੋਂ ਲੰਬੜਦਾਰ ਨੇ ਗ਼ਲਤ ਬੰਦੇ ਦੇ ਫੜੇ ਜਾਣ ਦੀ ਤਸਦੀਕ ਕਰ ਦਿੱਤੀ, ਤਾਂ ਜਾ ਕੇ ਉਨ੍ਹਾਂ ਤਾਏ ਨੂੰ ਛੱਡਿਆ। ਥਾਣੇਦਾਰ ਛਿੱਥਾ ਪਿਆ ਖ਼ਾਲੀ ਹੱਥ ਮੁੜ ਗਿਆ।

ਕਾਮਰੇਡ ਪੁਲਸ ਨਾਲ਼ ਲੁਕਣਮੀਚੀ ਖੇਡਦੇ ਸੀ। ਉਨ੍ਹਾਂ ਦਿਨਾਂ ਚ ਕੋਈ ਹੀ ਐਸਾ ਕਾਮਰੇਡ ਹੋਏਗਾ, ਜਿਹਦੇ ਵਾਰੰਟ ਨਾ ਨਿਕਲ਼ੇ ਹੋਣ।

***

ਬਾਬਾ ਭਾਗ ਸਿੰਘ ਕੈਨੇਡੀਅਨ ਸਾਡੇ ਪਿੰਡ ਹਕੀਮਪੁਰ ਸਾਡੇ ਘਰਾਂ ਚ ਵਿਆਹਿਆ ਹੋਣ ਕਰਕੇ ਉਹਦਾ ਸਾਡੇ ਘਰ ਬਹੁਤ ਆਉਣ ਜਾਣ ਸੀ। ਮੇਰੇ ਬਾਪ ਨਾਲ਼ ਉਹਦੀ ਬਹੁਤ ਮੁਹੱਬਤ ਸੀ। ਉਹਦੇ ਨਾਲ਼ ਸਰਕਾਰ ਦਾ ਤਾਇਨਾਤ ਕੀਤਾ ਸਿਪਾਹੀ ਹਰ ਵੇਲੇ ਰਹਿੰਦਾ ਸੀ। ਭਾਵੇਂ ਇਹ ਸਿਪਾਹੀ ਪਹਿਲਾਂ-ਪਹਿਲਾਂ ਅੰਗਰੇਜ਼ਾਂ ਦਾ ਲਾਇਆ ਸੀ, ਪਰ ਭਾਰਤੀ ਸਰਕਾਰ ਨੇ ਅੰਗਰੇਜ਼ਾਂ ਦਾ ਕਈ ਕੁਝ ਅਣਬਦਲਿਆ ਰਹਿਣ ਦਿੱਤਾ ਸੀ। ਬਾਬਾ ਵੀ ਸਿਪਾਹੀ ਤੋਂ ਪੂਰੀ ਸੇਵਾ ਕਰਵਾਉਂਦਾ ਸੀ। ਸਿਪਾਹੀ ਨੂੰ ਸਾਈਕਲ ਚਲਾਉਣ ਲਾ ਲੈਣਾ ਤੇ ਆਪ ਆਰਾਮ ਨਾਲ਼ ਸਾਈਕਲ ਦੇ ਪਿੱਛੇ ਬੈਠ ਜਾਣਾ।

ਸਿਪਾਹੀ ਸਾਈਕਲ ਚਲਾਉਂਦਾ ਪਿੱਛੇ ਬਾਬੇ ਨੂੰ ਬੈਠਾਈ ਅਪਣੇ ਪਿੰਡੋਂ ਸਾਡੇ ਖੂਹ ਨੂੰ ਆ ਰਿਹਾ ਸੀ। ਬਾਪ ਤਾਏ ਨੂੰ ਕਹਿਣ ਲੱਗਾ: ''ਲੈ ਬਈ, ਲਾਲ ਪੱਗਾਂ ਵਾਲ਼ੇ ਚੌਪਾਏ ਆ ਗਏ।'' ਇਹ ਕਹਿਕੇ ਉਹ ਕਮਾਦੀਆਂ ਵਲਾਂ ਦੌੜ ਗਿਆ।

ਬਾਅਦ ਵਿਚ ਬਾਪ ਨੂੰ ਪਤਾ ਲੱਗਾ ਕਿ ਇਹ ਬਾਬੇ ਭਾਗ ਸਿੰਘ ਦਾ ਸਿਪਾਹੀ ਸੀ।

***

ਦਥਾਣੇਦਾਰ ਸਿਪਾਹੀ ਅਪਣੇ ਖ਼ਾਸ-ਖ਼ਾਸ ਬੰਦਿਆਂ ਦੇ ਘਰੋਂ ਰੋਟੀ, ਦਾਰੂ ਤੇ ਕੁੱਕੜ ਛੱਕਦੇ। ਜ਼ਿਆਦਾ ਕਰਕੇ ਇਹ ਬੰਦੇ ਪੁਲਸ ਦੇ ਟਾਊਟ ਹੁੰਦੇ ਸੀ। ਥਾਣੇਦਾਰ ਤੇ ਸਿਪਾਹੀ ਇਨ੍ਹਾਂ ਕੋਲ਼ੋਂ ਖਾਣਾ ਅਪਣਾ ਹੱਕ ਸਮਝਦੇ। ਦੂਸਰਾ ਕਾਰਣ ਇਹ ਵੀ ਸੀ ਕਿ ਇਹ ਕਾਮਰੇਡਾਂ ਦੇ ਘਰੋਂ ਰੋਟੀ-ਪਾਣੀ ਛੱਕਣ ਤੋਂ ਝੇਂਪ ਖਾਂਦੇ ਸੀ। ਉਂਜ ਵੀ ਪੁਲ਼ਸ ਵਾਲ਼ਿਆਂ ਦਾ ਦਬਕਾ ਇਨ੍ਹਾਂ ਟਾਊਟਾਂ 'ਤੇ ਹੀ ਚਲਦਾ ਸੀ। ਇਹ ਹੀ ਪੁਲ਼ਸ ਤੋਂ ਡਰਦੇ ਸੀ, ਕਾਮਰੇਡ ਨਹੀਂ।

ਮੈਨੂੰ ਯਾਦ ਹੈ ਕਿ ਸਾਰੇ ਟੱਬਰ ਦੇ ਆਦਮੀਆਂ ਦੇ ਵਾਰੰਟ ਨਿਕਲ਼ੇ ਹੋਏ ਸੀ ਤੇ ਸਾਰੇ ਹੀ ਦੌੜ ਗਏ। ਅਪਣੀਆਂ-ਅਪਣੀਆਂ ਠਾਹਰਾਂ ਥਾਂ ਛੁੱਪ ਗਏ। ਇਕੱਲਾ ਮੈਂ ਹੀ ਪਸ਼ੂਆਂ ਨੂੰ ਪੱਠੇ ਪਾਉਣ ਲਈ ਰਹਿ ਗਿਆ। ਥੋੜੀ ਉਮਰ ਦਾ ਹੋਣ ਕਰਕੇ ਇਹ ਕੰਮ ਮੇਰੇ ਲਈ ਬੜਾ ਮੁਸ਼ਕਿਲ ਸੀ; ਦੂਸਰੇ ਕੱਟੜੂ-ਵੱਛੜੂ ਵੀ ਬਥੇਰੇ ਸੀ।

ਪਹਿਲਾਂ ਏਨੇ ਪਸ਼ੂਆਂ ਲਈ ਪੱਠੇ ਵੱਢਣੇ ਤੇ ਫਿਰ ਖੇਤੋਂ ਢੋਣੇ। ਟੋਕਰਿਆਂ ਦੇ ਟੋਕਰੇ ਕੁਤਰਨੇ। ਇਹ ਕੰਮ ਬਾਹਲ਼ਾ ਔਖਾ ਸੀ।

ਮੈਂ ਨਿਆਣੀ ਉਮਰ ਦਾ ਕਈਆਂ ਗੱਲਾਂ ਤੋਂ ਅਣਜਾਣ ਸੀ। ਵੱਡੀ ਗੱਲ ਇਹ ਕਿ ਮੈਨੂੰ ਖੁੰਢ ਦੁਆਲ਼ੇ ਰੱਸਾ ਨਹੀਂ ਸੀ ਬੰਨ੍ਹਣਾ ਆਉਂਦਾ; ਏਨੇ ਪਸ਼ੂਆਂ ਨੂੰ ਪੱਠੇ ਪਾਉਣ ਦੀ ਗੱਲ ਤਾਂ ਬਾਅਦ ਦੀ ਸੀ।

ਮੈਂ ਸ਼ੁਕਰ ਕੀਤਾ, ਜਦੋਂ ਕੁਝ ਕਾਮਰੇਡ ਪਿੰਡ ਵੱਲੋਂ ਸਾਈਕਲਾਂ 'ਤੇ ਆਉਂਦੇ ਦਿਸੇ। ਇਹ ਕਾਮਰੇਡ ਘਰ ਦੇ ਜੀਅ ਹੀ ਸਮਝੇ ਜਾਂਦੇ ਸੀ। ਕਾਮਰੇਡ ਵੀ ਅਪਣੇ ਆਪ ਨੂੰ ਓਪਰੇ ਨਹੀਂ ਸਮਝਦੇ ਸੀ। ਇੱਜ਼ਤਾਂ ਦੇ ਸਾਂਝੀ। ਜੋ ਤੇਰਾ ਘਰ ਸੋ ਮੇਰਾ ਘਰ। ਮੈਂ ਇਨ੍ਹਾਂ ਕਾਮਰੇਡਾਂ ਨੂੰ ਨਵੀਂ ਪਈ ਬਿਪਤਾ ਦੱਸੀ ਕਿ ''ਪੱਠੇ ਕਿੱਦਾਂ ਏਨੇਆਂ ਪਸ਼ੂਆਂ ਦੇ ਕੁਤਰਨੇ ਆ? ਮੇਰਾ ਤਾਂ ਹੱਥੀ 'ਤੇ ਹੱਥ ਵੀ ਨਹੀਂ ਉਪੜਦਾ।''

ਇਨ੍ਹਾਂ ਨੇ ਖੇਤੋਂ ਪੱਠੇ ਵੀ ਵੱਢੇ, ਢੋਏ ਵੀ, ਕੁਤਰੇ ਵੀ ਤੇ ਪਸ਼ੂਆਂ ਨੂੰ ਪਾਣੀ ਵੀ ਪਿਆਇਆ। ਜਿਹੜਾ ਕੰਮ ਮੈਨੂੰ ਪਹਾੜ ਲੱਗਦਾ ਸੀ, ਉਹ ਹੱਲ ਹੋ ਗਿਆ। ਇਹ ਕਾਮਰੇਡ ਮੇਰੇ ਲਈ ਫ਼ਰਿਸ਼ਤੇ ਬਣ ਕੇ ਬਹੁੜੇ ਸੀ।

ਮੈਂ ਇਨ੍ਹਾਂ ਨੂੰ ਕਿਹਾ: ''ਮੈਂ ਹੁਣ ਸਕੂਲ ਪੜ੍ਹਨ ਚੱਲਿਆਂ।''

ਇਨ੍ਹਾਂ ਚੋਂ ਕੋਈ ਕਾਮਰੇਡ ਕਹਿਣ ਲੱਗਾ: ''ਪੜ੍ਹਕੇ ਤੈਂ ਕੀ ਲੈਣਾ, ਇਨਕਲਾਬ ਤਾਂ ਆ ਹੀ ਜਾਣਾ।''

ਹੋਰ ਕਾਮਰੇਡ ਉਹਨੂੰ ਕਹਿੰਦੇ: ''ਬਕਵਾਸ ਨਾ ਕਰ।''

ਸਾਰਾ ਦੁਪਹਿਰਾ ਉਨ੍ਹਾਂ ਦਾ ਬਹਿਸ ਕਰਦਿਆਂ ਲੰਘ ਗਿਆ ਕਿ ਪੜ੍ਹਨਾ ਚਾਹੀਦਾ ਜਾਂ ਨਹੀਂ।

***

ਸਾਡਾ ਕੋਈ ਰਿਸ਼ਤੇਦਾਰ ਪੁਲ਼ਸ ਵਿਚ ਸਿਪਾਹੀ ਤੋਂ ਤਰੱਕੀ ਕਰਦਾ ਹੌਲਦਾਰ ਮਸਾਂ-ਮਸਾਂ ਬਣਿਆ ਸੀ। ਉਹ ਅਗਾਂਹ ਹੋਰ ਤਰੱਕੀ ਲਈ ਵੀ ਨੱਠ-ਭੱਜ ਕਰਦਾ ਸੀ। ਮੇਰਾ ਬਾਪ ਤੇ ਉਹ ਕਿਸੇ ਹੋਰ ਰਿਸ਼ਤੇਦਾਰ ਦੇ ਇਕੱਠੇ ਹੋ ਗਏ। ਬਾਪ ਅੰਡਰਗਰਾਊਂਡ ਸੀ। ਵਾਰੰਟਾਂ ਦੀ ਤਲਵਾਰ ਲਟਕ ਰਹੀ ਸੀ। ਬਾਪ ਨੇ ਸੋਚਿਆ ਕਿ ਹੁਣ ਤਾਂ ਗ੍ਰਿਫ਼ਤਾਰ ਹੋਏ ਕਿ ਹੋਏ।

ਬਾਪ ਉਹਨੂੰ ਕਹਿਣ ਲੱਗਾ: ''ਮੈਂ ਫੜ ਤਾਂ ਹੋਈ ਜਾਣਾ। ਮੈਂ ਚਾਹੁੰਦਾਂ ਤੂੰ ਫੜ ਕੇ ਤਰੱਕੀ ਲਵੇਂ। ਮੈਂ ਸ਼ਹਿਰ ਆਊਂਗਾ, ਤੂੰ ਮੈਨੂੰ ਫੜ ਲਵੀਂ।'' ਉਸ ਹੌਲਦਾਰ ਦੇ ਵੀ ਇਹ ਗੱਲ ਮਨ ਨੂੰ ਲੱਗ ਗਈ।

ਉਹ ਮਿੱਥੀ ਤਾਰੀਖ਼ 'ਤੇ ਕੜੀ ਲੈ ਕੇ ਬਾਜ਼ਾਰ ਪਹੁੰਚ ਗਿਆ। ਬਾਪ ਨੇ ਨਾ ਆਉਣਾ ਸੀ, ਨਾ ਆਇਆ। ਉਹ ਕਿੰਨੀ ਦੇਰ ਖੜ੍ਹ ਕੇ ਥਾਣੇ ਮੁੜ ਗਿਆ। ਬਾਅਦ ਵਿਚ ਉਹਨੇ ਕਿਸੇ ਕੋਲ਼ ਉਲਾਂਭਾ ਵੀ ਭੇਜਿਆ। ਬਾਪ ਕਹਿੰਦਾ: ''ਉਹਨੂੰ ਕਹੀਂ, ਮੈਨੂੰ ਹੋਰ ਕੰਮ ਪੈ ਗਿਆ ਸੀ।''

ਬਾਪ ਨੂੰ ਪੁੱਛਿਆ, ਤਾਂ ਕਹਿਣ ਲੱਗਾ: ''ਉਸ ਮੂਰਖ ਦੀ ਗੱਲ ਨਾ ਕਰੋ, ਕੋਈ ਹੋਰ ਕਰੋ।''

ਪੁਲਸ ਵਾਲ਼ਿਆਂ ਨੂੰ ਤਾਂ ਤਰੱਕੀ ਮਿਲ਼ਦੀ ਸੀ, ਜੇ ਉਹ ਕਿਸੇ ਦੀ ਚਲਦੀ ਭੱਠੀ ਫੜ ਲੈਣ, ਕਿਸੇ ਦੀ ਸ਼ਰਾਬ ਫੜ ਲੈਣ, ਕੋਈ ਡਕੈਤੀ ਦਾ ਕੇਸ ਹੱਥ ਲੱਗ ਜਾਵੇ, ਹੋਰ ਕੋਈ ਵੱਡਾ ਕੇਸ ਜਾਂ ਕੋਈ ਕਾਮਰੇਡ ਹੱਥ ਲੱਗ ਜਾਵੇ।

ਪੰਜਾਬ ਵਿਚ ਇਹ ਰੀਤ ਹੀ ਬਣੀ ਹੋਈ ਹੈ ਕਿ ਥੋਹੜੇ-ਕੀਤੇ ਪਿੰਡ ਦਾ ਬੰਦਾ ਪੁਲ਼ਸ ਕੋਲ਼ ਮੁਖਬਰੀ ਨਹੀਂ ਕਰਦਾ।

ਬਾਪ ਮੇਰਾ ਰਾਤ ਨੂੰ ਜਿਹਦੇ ਖੂਹ 'ਤੇ ਸੌਂਦਾ ਸੀ, ਉਹ ਪੁਲ਼ਸ ਦਾ ਟਾਊਟ ਵੀ ਸੀ। ਪਰ ਉਹਨੇ ਕਦੀ ਕੋਈ ਪਿੰਡ ਦੇ ਬੰਦੇ ਦੀ ਥਾਣੇ ਚੁਗਲੀ



ਬਾਬਾ ਭਾਗ ਸਿੰਘ ਕੈਨੇਡੀਅਨ ਹਕੀਮਪੁਰੀਆਂ ਨਾਲ਼। ਸੰਨ 1968 ਦੇ ਨੇੜੇ-ਤੇੜੇ

ਨਹੀਂ ਕੀਤੀ ਸੀ। ਬਾਪ ਮੇਰੇ ਨੇ ਰੋਜ਼ ਰਾਤ ਨੂੰ ਉਹਦੇ ਕੋਲ਼ ਹੀ ਸੌਣ ਜਾਣਾ। ਬਾਕੀ ਘਰਦਿਆਂ ਕਹਿਣਾ ਵੀ, "ਉਹਨੇ ਤੈਨੂੰ ਫੜਾ ਦੇਣਾ।"

"ਤੁਹਾਨੂੰ ਕੀ ਪਤਾ, ਉਹ ਮੈਨੂੰ ਨਹੀਂ ਫੜਾਉਂਦਾ," ਬਾਪ ਅੱਗਿਉਂ ਜਵਾਬ ਦਿੰਦਾ। ਉਸ ਟਾਊਟ ਨੇ ਸਗੋਂ ਬਾਪ ਦੀ ਚੰਗੀ ਚੋਖੀ ਸੇਵਾ ਕਰਨੀ। ਰਾਤ ਨੂੰ ਦੁੱਧ ਵਿਚ ਘਿਉ ਪਾ ਕੇ ਸਿਰਹਾਣੇ ਰੱਖਣਾ। ਹੋਰ ਵੀ ਧਿਆਨ ਰੱਖਣਾ; ਬਿੜਕ ਰੱਖਣੀ।

ਬਾਪ ਹਾਲੇ ਮੰਜੇ 'ਤੇ ਪਿਆ ਹੀ ਸੀ ਕਿ ਕੋਲ਼ ਮੰਜਿਆਂ 'ਤੇ ਆ ਕੇ ਥਾਣੇਦਾਰ ਤੇ ਸਿਪਾਹੀ ਪੈ ਗਏ। ਇਹ ਤਾਂ ਚੰਗੀ ਗੱਲ ਸੀ ਕਿ ਥਾਣੇਦਾਰ ਨੂੰ ਬਾਪ ਦੀ ਸ਼ਕਲ ਦਾ ਨਹੀਂ ਸੀ ਪਤਾ। ਬਾਪ ਉਸ ਥਾਣੇਦਾਰ ਨੂੰ ਪੁੱਛਣ ਲੱਗਾ: "ਅੱਜ ਸਰਕਾਰਾਂ ਕਿਧਰੋਂ ਆਈਆਂ, ਫ਼ੌਜਾਂ ਨੇ ਕਿਧਰ ਦੀਆਂ ਚੜ੍ਹਾਈਆਂ ਕੀਤੀਆਂ?"

"ਆਇਆਂ ਤਾਂ ਥਾਣਿਉਂ, ਪਰ ਇਸ ਪਿੰਡ ਦੇ ਕਾਮਰੇਡ ਨੂੰ ਫੜਨ ਤੜਕੇ ਜਾਣਾ ਆ।"

"ਛਾਪਾ ਮਾਰਨ ਦਾ ਐਹ ਚੰਗਾ ਵੇਲਾ ਆ!"

"ਦੇਖੀਏ ਹਾਲੇ ਤਕ ਤਾਂ ਸਾਨੂੰ ਡਾਹੀ ਨਹੀਂ ਦਿੱਤੀ।"

ਬਾਪ ਨੂੰ ਹੁਣ ਸਾਰੀ ਸੂਹ ਪਹਿਲਾਂ ਹੀ ਲੱਗ ਗਈ ਸੀ। ਇਹ ਗੱਲ ਤਾਂ ਪੱਕ ਸੀ ਕਿ ਥਾਣੇਦਾਰ ਨੇ ਸਵੇਰ ਨੂੰ ਖ਼ਾਲੀ ਹੱਥ ਪਰਤਣਾ ਸੀ।

***

## ਖ਼ੁਸ਼ਹੈਸੀਅਤੀ

ਸੰਨ 1959 ਚ ਜਦ ਖ਼ੁਸ਼ਹੈਸੀਅਤੀ ਦਾ ਮੋਰਚਾ ਲੱਗਾ, ਤਾਂ ਮੇਰੇ ਪਿਤਾ ਦੀ ਵੀ ਪਾਰਟੀ ਨੇ ਡਿਊਟੀ ਲਾਈ ਕਿ ਅਪਣੇ ਪਿੰਡੋਂ ਜੱਥਾ ਲੈ ਕੇ ਜਾਵੇ। ਇਸ ਜੱਥੇ ਵਿਚ ਉਹ ਬੰਦਾ ਵੀ ਸੀ, ਜਿਹਨੂੰ ਸਵੇਰੇ ਭੰਗ ਦੀ ਗੋਲ਼ੀ ਖਾਣ ਦੀ ਆਦਤ ਸੀ। ਪਹਿਲੇ ਦੋ ਦਿਨਾਂ ਦਾ ਤਾਂ ਉਹਨੇ ਮਾਲ ਜੇਲਰਾਂ ਨਾਲ਼ ਮਿਲ਼ ਕੇ ਅੰਦਰ ਲੰਘਾ ਲਿਆ, ਪਰ ਤੀਸਰੇ ਦਿਨ ਕਿਧਰੋਂ ਕੋਈ ਗੱਲ ਨਾ ਬਣੀ ਤੇ ਉਹਦੀਆਂ ਲੱਤਾਂ ਵਿਚ ਚੀਸਾਂ ਪੈਣ ਲੱਗੀਆਂ। ਉਹ ਮੇਰੇ ਪਿਤਾ ਨੂੰ ਕਹਿਣ ਲੱਗਾ: "ਕਾਮਰੇਟਾ, ਜੇਲ ਤਾਂ ਭਾਵੇਂ ਸਾਰੀ ਉਮਰ ਦੀ ਦੇਣ, ਪਰ ਭੰਗ ਦੀ ਗੋਲ਼ੀ ਬਿਨਾ ਇਕ ਦਿਨ ਹੋਰ ਨਹੀਂ ਲੰਘਾਈ ਜਾਣੀ।"

## ਗੱਡੇ-ਜਿੱਡੀ ਦਿੱਲੀ

ਇੰਗਲੈਂਡ ਨੂੰ ਕਿਸੇ ਨੂੰ ਚੜ੍ਹਾਉਣ ਦਿੱਲੀ ਆਏ। ਇਕ ਹੋਰ ਆਦਮੀ ਵੀ ਕਿਸੇ ਨੂੰ ਚੜ੍ਹਾਉਣ ਦਿੱਲੀ ਸਾਡੇ ਨਾਲ਼ ਆਇਆ। ਮੇਰਾ ਵੱਡਾ ਭਾਈ ਦਿੱਲੀ ਰਹਿੰਦਾ ਰਿਹਾ; ਇਸ ਲਈ ਉਹ ਦਿੱਲੀ ਦਾ ਕਾਫ਼ੀ ਵਾਕਿਫ਼ ਸੀ। ਨਾਲ਼ ਆਇਆ ਕਹਿਣ ਲੱਗਾ: "ਮੈਨੂੰ ਪੰਜਾਬ ਵਾਲੀ ਰੇਲ ਗੱਡੀ ਚੜ੍ਹਾ ਦੇਵੋ। ਅੱਗੇ ਮੈਂ 'ਕੱਲਾ ਹੀ ਚਲਾ ਜਾਊਂਗਾ।" ਮੇਰਾ ਭਰਾ ਕਹਿਣ ਲੱਗਾ: "ਇਥੋਂ ਖੱਬੇ ਇਥੋਂ ਸੱਜੇ ਫਿਰ ਖੱਬੇ ਫਿਰ ਸੱਜੇ ਅੱਗੇ ਰੇਲਵੇ ਸਟੇਸ਼ਨ ਆ

ਜਾਣਾ।'' ਦੂਸਰਾ ਆਦਮੀ ਕਹਿਣ ਲੱਗਾ: ''ਦਿੱਲੀ ਦਾ ਪਤਾ ਲੱਗਦਾ; ਗੱਡੇ ਜਿੱਡੀ ਤਾਂ ਦਿੱਲੀ ਆ।''

## ਕੁੱਕੜ ਦਾ ਮਾਸ

ਕਿਸੇ ਪੜ੍ਹੇ-ਲਿਖੇ ਆਦਮੀ ਨੂੰ ਕਿਹਾ: ''ਤੂੰ ਕੁੱਕੜੀ ਦਾ ਮੀਟ ਤਾਂ ਹਮੇਸ਼ਾ ਲਿਆਉਂਦੈਂ, ਅੱਜ ਕੁੱਕੜ ਦਾ ਮੀਟ ਲਿਆ?'' ਉਹ ਚਿਕਨ ਮਾਰਕੀਟ ਜਾ ਕੇ ਕਹਿਣ ਲੱਗਾ: ''ਮੈਨੂੰ ਚਿਕਨ ਚਾਹੀਦਾ।'' ਉਨ੍ਹਾਂ ਨੇ ਕੁੱਕੜੀ ਅੱਗੇ ਕਰ ਦਿੱਤੀ। ''ਨਹੀਂ ਨਹੀਂ, ਮੈਨੂੰ ਤਾਂ ਚਿਕਨ ਚਾਹੀਦਾ।'' ਉਨ੍ਹਾਂ ਨੇ ਹੋਰ ਚਿਕਨ ਅੱਗੇ ਕਰ ਦਿੱਤਾ। ਇਸ ਤਰ੍ਹਾਂ ਕਈ ਵਾਰ ਹੋਇਆ। ਹੁਣ ਜੇ ਉਹ ਕੁੱਕੜ ਦਾ ਅੰਗਰੇਜ਼ੀ ਵਿਚ ਤਰਜਮਾ ਕਰਦਾ, ਤਾਂ ਬਰਦਾਸ਼ਤ ਤੋਂ ਬਾਹਰਾ ਅਰਥ ਬਣ ਜਾਣਾ ਸੀ। ਦੁਕਾਨ ਵਿਚ ਹਾਸਾ ਪੈ ਜਾਣਾ ਸੀ। ਹਾਰ ਕੇ ਉਹ ਕਹਿਣ ਲੱਗਾ : ''ਨੋ ਆਈ ਵਾਂਟ ਏ ਮੇਲ ਚਿਕਨ।''

## ਪੜਦਾਦਾ ਤੇ ਸੀਲ ਪਸ਼ੂ

ਮੇਰੇ ਪੜਦਾਦੇ ਨੂੰ ਅੰਧਰਾਤਾ ਹੋ ਗਿਆ। ਕਿਸੇ ਵੀ ਟੱਬਰ ਦੇ ਜੀਅ ਨੂੰ ਨਾ ਦੱਸਿਆ। ਕਿਸੇ ਸੀਲ ਪਸ਼ੂ ਦੀ ਪੂਛ ਫੜ ਕੇ ਰਾਤ ਦੇ ਵਕਤ ਖੇਤਾਂ ਨੂੰ ਚਲੇ ਜਾਂਦਾ। ਕਿਸੇ ਨੂੰ ਕੋਈ ਸ਼ੱਕ ਨਾ ਹੋਈ। ਇਸ ਤਰ੍ਹਾਂ ਹੀ ਇਕ ਦਿਨ ਖੇਤਾਂ ਨੂੰ ਜਾਂਦਾ ਸੀ ਕਿ ਰਸਤੇ ਵਿਚ ਰਾਤ ਦੇ ਅੰਧੇਰੇ ਵਿਚ ਪਿੰਡ ਦੀ ਜ਼ਨਾਨੀ ਉਹਦੇ ਵਿਚ ਲੱਗੀ। ਉਹਨੇ ਤਾਂ ਰੌਲਾ ਪਾ ਦਿੱਤਾ :''ਲੋਕੋ ਖਾ ਲਿਆ ਚੁੜੇਲਾਂ ਆ ਪਈਆਂ।'' ਘਰ ਦੇ ਸਾਰੇ ਘਰੋਂ ਦੌੜੇ ਗਏ ਕਹਿੰਦੇ : ''ਖਬਰੇ ਪੜਦਾਦੇ ਨੂੰ ਕੀ ਆ ਪਿਆ।'' ਜ਼ਨਾਨੀ ਗੂੰਗੀ ਸੀ। ਜਿਉਂ ਉਹ ਹੋਰ ''ਉਰਲ ਉਰਲ'' ਕਰੇ, ਪੜਦਾਦਾ ਹੋਰ ਡਰੇ। ਜਦ ਤਾਈਂ ਬਾਕੀ ਜੀਅ ਵੀ ਆ ਗਏ। ਪੜਦਾਦਾ ਕਹਿੰਦਾ: ''ਖਾ ਹੀ ਲਏ ਸੀ।'' ਬਾਅਦ ਵਿਚ ਉਹਨੂੰ ਪਤਾ ਲੱਗਾ ਕਿ ਪਿੰਡ ਦੀ ਹੀ ਤੀਵੀਂ ਸੀ।

## ਸਾਈਕਲ ਭੰਬੀਰੀ

ਸਾਡੇ ਖੂਹ ਮੂਹਰ ਦੀ ਕੋਈ ਅਫ਼ਰੀਕਾ ਤੋਂ ਆਇਆ ਸਾਈਕਲ ਚਲਾਉਂਦਾ ਲੰਘਿਆ। ਪੜਦਾਦੇ ਨੇ ਪਹਿਲਾਂ ਸਾਇਕਲ ਨਹੀਂ ਸੀ ਦੇਖਿਆ। ਉਹਦੇ ਮਗਰ-ਮਗਰ ਕੋਈ ਹੋਰ ਉਹਦੇ ਘਰ ਦਾ ਜੀਅ ਆਇਆ 'ਤੇ ਪੁੱਛਣ ਲੱਗਾ: ''ਫ਼ਲਾਨਾ ਸੂੰਹ ਤਾਂ ਨਹੀਂ ਏਧਰ ਦੀ ਲੰਘਿਆ?'' ਪੜਦਾਦਾ ਕਹਿਣ ਲੱਗਿਆ: ''ਕੋਈ ਲੰਘਿਆ ਤਾਂ ਹੈਗਾ। ਚਿੱਤੜਾਂ 'ਚ ਭੰਬੀਰੀ ਲਈ ਹੋਈ ਬਸ ਦੌੜਦਾ ਜਾਂਦਾ ਸੀ।''

## ਹੱਟੀ ਤੇ ਕੁੱਕੜੀ ਦੀਆਂ ਲੱਤਾਂ

ਹਾਲੇ ਅਪਣੇ ਬੰਦੇ ਥੋੜ੍ਹੇ ਹੀ ਵਲਾਇਤ ਆਏ ਸੀ। ਦੁਕਾਨਾਂ ਵੀ ਥੋੜ੍ਹੀਆਂ ਸੀ। ਕਿਸੇ ਭਾਈਬੰਦ ਨੇ ਨਵੀਂ-ਨਵੀਂ ਦੁਕਾਨ ਖੋਲ੍ਹੀ। ਦੁਕਾਨ ਵਿਚ ਗਰੌਸਰੀ ਦੇ ਸਾਮਾਨ ਨਾਲ਼ ਮੀਟ ਵੀ ਵੇਚਣ ਲੱਗ ਪਿਆ। ਇਸ ਕਰਕੇ ਉਹਦੀ ਦੁਕਾਨ 'ਤੇ ਸ਼ਨਿਚਰਵਾਰ ਕਾਫ਼ੀ ਭੀੜ ਹੁੰਦੀ।

ਭੀੜ ਵਾਲ਼ੇ ਦਿਨ ਕੋਈ ਬਜ਼ੁਰਗ ਔਰਤ ਆਈ: ''ਵੇ ਭਾਈ ਪਹਿਲਾਂ ਮੇਰਾ ਮੀਟ ਕੱਟ ਦੇ।'' ਕਈ ਮੁਸਕਰਾਏ।

ਮਾਈ ਨੇ ਕੁੱਕੜੀ ਦੀਆਂ ਲੱਤਾਂ ਦਾ ਆਰਡਰ ਦਿੱਤਾ। ਦੁਕਾਨ ਵਾਲ਼ੇ ਨੇ ਦੁਕਾਨ ਦੇ ਪਿੱਛੇ ਮੀਟ ਕੱਟਿਆ ਤੇ ਕਾਉਂਟਰ 'ਤੇ ਆ ਕੇ ਮੀਟ ਵਾਲ਼ਾ ਲਿਫ਼ਾਫ਼ਾ ਉੱਚਾ ਕਰਕੇ ਬੋਲਿਆ: ''ਇਹ ਕਿਹੜੀ ਮਾਈ ਦੀਆਂ ਲੱਤਾਂ?''

## ਖ਼ਬਰਾਂ ਦਾ ਪ੍ਰਬੰਧ

ਸਾਡੇ ਗਵਾਂਢੀ ਮੁਕੰਦਪੁਰ ਦੇ ਕਿਸੇ ਖਾਂਦੇ-ਪੀਂਦੇ ਬੰਦੇ ਨੇ ਅਪਣਾ ਮੁੰਡਾ ਵਲੈਤ ਪੜ੍ਹਨ ਭੇਜਿਆ। ਉਸ ਵਕਤ ਹਾਲਾਂ ਰੇਡੀਓ ਦੀ ਕਾਢ ਨਹੀਂ ਸੀ ਨਿਕਲ਼ੀ। ਉਹਨੇ ਅਪਣੇ ਬਾਪ ਨੂੰ ਚਿੱਠੀ ਲਿਖੀ - ''ਇੱਥੇ ਇਕ ਐਸੀ ਚੀਜ਼ ਨਿਕਲ਼ੀ ਹੈ ਕਿ ਵਲੈਤ ਦੇ ਬੋਲ ਹਿੰਦੋਸਤਾਨ ਸੁਣਨਗੇ।'' ਬਾਪ ਕਹਿੰਦਾ: ''ਮੁੰਡੇ ਦਾ ਬਹੁਤਾ ਪੜ੍ਹਨ ਨਾਲ਼ ਡਮਾਕ ਖਰਾਬ ਹੋ ਗਿਆ। ਛੇਤੀ ਵਾਪਸ ਸੱਦ ਲਉ। ਇਕ ਖੇਤ ਤੋਂ ਦੂਜੇ ਖੇਤ ਤਕ ਤਾਂ ਹਾਕ ਸੁਣਦੀ ਨਈਂ; ਇਹ ਵਲੈਤ ਤੋਂ ਕਹਿੰਦਾ।''

## ਕਾਰਤੂਸ ਸੁਕਾਉਣ ਦਾ ਤਰੀਕਾ

ਸਾਡੇ ਪਿੰਡ ਦਾ ਕੋਈ ਫ਼ੌਜੀ ਆਉਂਦਾ ਹੋਇਆ ਬੰਦੂਕ ਲੈ ਕੇ ਆਇਆ। ਸ਼ਿਕਾਰ ਖੇਡਣਾ ਤੇ ਦੂਰ-ਦੂਰ ਤਕ ਬੰਦੂਕ ਲੈ ਕੇ ਜਾਣਾ। ਇਕ ਵਾਰ ਦੂਰ ਗਏ ਤੋਂ ਮੀਂਹ ਪੈਣ ਲੱਗ ਗਿਆ ਤੇ ਬੰਦੂਕ ਦੇ ਸਾਰੇ ਹੀ ਕਾਰਤੂਸ ਗਿੱਲੇ ਹੋ ਗਏ। ਉਹਨੇ ਤੱਤੇ ਤਵੇ 'ਤੇ ਰੱਖਕੇ ਸੁਕਾਉਣੇ ਸ਼ੁਰੂ ਕਰ ਦਿੱਤੇ। ਕਾਰਤੂਸ ਚੱਲ ਗਏ। ਮੌਤ ਨੂੰ ਤਾਂ ਭਾਵੇਂ ਭੁਲੇਖਾ ਦੇ ਦਿੱਤਾ, ਪਰ ਸਾਰੀ ਉਮਰ ਲਈ ਰੱਦੀ ਹੋ ਗਿਆ।

## ਨਿਗ੍ਹਾ

ਸਾਹਿਤ ਸਭਾ ਦੇ ਸੱਕਤਰ ਨੇ ਅਪਣੇ ਮੈਂਬਰ ਨੂੰ ਪੁੱਛਿਆ: ''ਤੂੰ ਮੀਟਿੰਗ ਚ ਨਹੀਂ ਆਇਆ?''

''ਮੇਰੀਆਂ ਅੱਖਾਂ ਦੀ ਲੋਅ ਚਲੇ ਗਈ; ਤਾਂ ਨਹੀਂ ਆ ਹੋਇਆ।''

''ਤੂੰ ਗੱਲ ਹੀ ਨਹੀਂ ਕੀਤੀ। ਤੇਰੀ ਖ਼ਬਰ ਹੀ ਲੈਂਦੇ।''

''ਅਸਲ ਵਿਚ ਯਾਰ ਮੈਨੂੰ ਵੀ ਨਹੀਂ ਪਤਾ ਲੱਗਾ। ਉਹ ਤਾਂ ਡਾਕਟਰ ਨੇ ਦੱਸਿਆ, ਤਾਂ ਪਤਾ ਲੱਗਾ।''

## ਸ਼ਰਾਬ, ਛੜਾ-ਛਟਾਂਗ ਤੇ ਸੱਪ

ਬਜ਼ੁਰਗਾਂ ਨੇ ਸ਼ਰਾਬ ਲਈ ਘੜੇ ਪਾਏ। ਵੱਡੇ ਸਾਰੇ ਮੱਟ ਵਿਚ ਮਿੱਠਾ ਘੋਲ਼ ਕੇ ਕਣਕ ਦੇ ਖੇਤ ਵਿਚ ਰੱਖ ਦਿੱਤਾ। ਜਦੋਂ ਸ਼ਰਾਬ ਬਣਾ ਹਟੇ, ਤਾਂ ਮੱਟ ਦੇ ਥੱਲੇ ਮਰਿਆ ਹੋਇਆ ਸੱਪ ਦਿਸ ਪਿਆ। ਘਰ-ਦਿਆਂ ਨੇ ਸਲਾਹ ਕੀਤੀ ਕਿ ਸ਼ਰਾਬ ਡੋਲ੍ਹ ਦਿੱਤੀ ਜਾਵੇ। ਕੋਈ ਰਿਸ਼ਤੇਸਾਰ ਆਇਆ ਕੋਲ਼

ਬੈਠਾ ਸੀ। ਛੜਾ-ਛਟਾਂਗ ਨਾ ਧੀ ਨਾ ਪੁੱਤ। ਕਹਿਣ ਲੱਗਾ: ''ਮੈਂ ਪਹਿਲਾਂ ਪੀ ਕੇ ਦੇਖ ਲੈਂਦਾਂ। ਜੇ ਮੈਨੂੰ ਕੁਝ ਨਾ ਹੋਇਆ, ਤਾਂ ਪੀ ਲਵਾਂਗੇ ਤੇ ਜੇ ਮੈਂ ਮਰ ਗਿਆ, ਤਾਂ ਡੋਲ੍ਹ ਦੇਈਉ।''

ਸਾਰਿਆਂ ਦੇ ਇਹ ਗੱਲ ਮਨ ਨੂੰ ਲੱਗ ਗਈ। ਉਨ੍ਹੇ ਸ਼ਰਾਬ ਬਾਟੀ ਵਿਚ ਪਾ ਕੇ ਪੀ ਲਈ। ਮੈਂ ਛੋਟਾ-ਹੁੰਦਾ ਨੀਝ ਲਾ ਕੇ ਪੈਰਾਂ ਭਾਰ ਬੈਠਾ ਦੇਖਦਾ ਰਿਹਾ ਕਿ ਸੱਪ ਵਾਲ਼ੀ ਸ਼ਰਾਬ ਨਾਲ਼ ਉਹ ਹੁਣ ਵੀ ਮਰਦਾ; ਹੁਣ ਵੀ ਮਰਦਾ।

## ਜਹਾਜ਼ ਦੀ ਪੂਛ

ਸਾਡੇ ਪਿੰਡ ਦਾ ਕੋਈ ਬੰਦਾ ਅਪਣੀ ਭਰਜਾਈ ਨੂੰ ਦਿੱਲੀ ਹਵਾਈ ਜਹਾਜ਼ ਵਿਚ ਵਲਾਇਤ ਨੂੰ ਚੜ੍ਹਾ ਕੇ ਮੁੜਿਆ। ਆ ਕੇ ਕਹਿਣ ਲੱਗਾ: ''ਇਕ ਆਦਮੀ ਜਹਾਜ਼ ਦੀ ਪੂਛ ਨਾਲ਼ ਲਮਕ ਕੇ ਲੰਡਨ ਜਾ ਪਹੁੰਚਿਆ।''

## ਜਾਅਲੀ ਬੰਦੇ ਕਿ ਖਿਡਾਰੀ

ਮੇਰੀ ਮਿਸਜ਼ ਦਾ ਚਾਚਾ ਦੱਸ ਰਿਹਾ ਸੀ ਕਿ ਅਸੀਂ ਜਦੋਂ ਵਲਾਇਤ ਵਿਚ ਆਏ ਸੀ, ਤਾਂ ਹਾਕੀ ਖੇਡਣ ਆਏ ਸੀ। ਸਾਡਾ ਜੱਥਾ ਸਾਊਥਾਲ ਨੂੰ ਤੁਰਿਆ ਆ ਰਿਹਾ ਸੀ ਤੇ ਸਭ ਨੇ ਹਾਕੀਆਂ ਖੂੰਡੇ ਵਾਂਗਰ ਫੜੀਆਂ ਸੀ।

## ਗੁਰੂ ਨਾਨਕ ਦੇਵ ਜੀ ਦੀ ਤਸਵੀਰ

ਕੋਈ ਕਹਿੰਦਾ: ''ਗੁਰੂ ਨਾਨਕ ਦੇਵ ਜੀ ਦੀ ਅਸਲੀ ਤਸਵੀਰ ਫ਼ਲਾਨੇ ਬਾਬਿਆਂ ਕੋਲ਼ ਹੈ। ਉਨ੍ਹਾਂ ਨੇ ਕਿਸੇ ਆਰਟਿਸਟ ਨੂੰ ਕਿਹਾ ਕਿ ਤੂੰ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਬਣਾ। ਉਹ ਆਰਟਿਸਟ ਕਹਿਣ ਲੱਗਾ – ਮੈਂ ਤਾਂ ਗੁਰੂ ਨਾਨਕ ਦੇਵ ਜੀ ਨੂੰ ਦੇਖਿਆ ਨਹੀਂ; ਤਸਵੀਰ ਕਿੱਦਾਂ ਬਣਾਵਾਂ? ਬਾਬਿਆਂ ਨੇ ਅਪਣਾ ਸੀਨਾ ਪਾੜ ਕੇ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਨੂੰ ਪ੍ਰਗਟ ਕੀਤਾ। ਫਿਰ ਉਸ ਆਰਟਿਸਟ ਨੇ ਤਸਵੀਰ ਬਣਾਈ। ਇਸ ਤੋਂ ਬਾਅਦ ਉਹ ਆਰਟਿਸਟ ਬਾਬਿਆਂ ਦੀ ਕਿਰਪਾ ਨਾਲ ਮਰ ਗਿਆ।''

## ਊਠ ਦੀ ਲੱਤ

ਸਾਡੀ ਭੂਆ ਦਾ ਲੜਕਾ ਬੋਤੇ 'ਤੇ ਮਿਲਣ ਆਇਆ। ਕੁੱਤੇ ਹੱਡਾਂ ਰੋੜੀ ਤੋਂ ਮਰੇ ਹੋਏ ਪਸ਼ੂ ਦੀ ਲੱਤ ਖਿੱਚ ਲਿਆਏ। ਭੂਆ ਦਾ ਲੜਕਾ ਅਪਣੇ ਪਿੰਡ ਮੁੜ ਗਿਆ। ਮੈਥੋਂ ਵੱਡਾ ਕੁੱਤਿਆਂ ਨੂੰ ਡਰਾ ਕੇ ਪਸ਼ੂ ਦੀ ਲੱਤ ਚੁੱਕ ਲਿਆਇਆ ਤੇ ਨਾਲ਼ ਹੀ ਕਹਿਣ ਲੱਗਾ: ''ਕੈਲਾ ਬੋਤੇ ਦੀਆਂ ਤਿੰਨ ਲੱਤਾਂ' ਤੇ ਹੀ ਅਪਣੇ ਪਿੰਡ ਚਲਾ ਗਿਆ ਤੇ ਇਕ ਲੱਤ ਇੱਥੇ ਭੁੱਲ ਗਿਆ।''

ਅਮੀਨ ਮੁਗ਼ਲ ਤੇ ਪਠਾਣਾਂ ਦੇ ਲਤੀਫ਼ੇ

ਮੈਂ ਪਠਾਣਾਂ ਦੇ ਲਤੀਫ਼ੇ ਸੁਣਾ-ਸੁਣਾ ਕੇ ਘਸਾ ਦਿੱਤੇ। ਕਾਮਰੇਡ ਅਮੀਨ ਮੁਗ਼ਲ ਕਹਿਣ ਲੱਗਾ: ''ਭਿੰਦੇ, ਪਠਾਣਾਂ ਦਾ ਉਹ ਲਤੀਫ਼ਾ ਸੁਣਾ; ਜਿਹੜਾ ਮੈਂ ਕਦੇ ਨਾ ਸੁਣਿਆ ਹੋਵੇ।''

## ਵਿੰਗੀ ਸੜਕ

ਸਾਡੇ ਗਵਾਂਢੀ ਦਾ ਕਾਰ ਦਾ ਐਕਸੀਡੈਂਟ ਹੋ ਗਿਆ। ਉਹ ਕਹਿੰਦਾ: ਮੈਂ ਤਾਂ ਕਾਰ ਠੀਕ ਲਿਜਾਈ ਜਾਂਦਾ ਸੀ। ਅੱਗੇ ਸੜਕ ਹੀ ਵਿੰਗੀ ਹੋ ਗਈ।

ਇੰਗਲਸ਼ ਨਾ ਆਉਣ ਦਾ ਹੱਲ

ਮੈਂ ਜਦੋਂ ਪਹਿਲਾਂ-ਪਹਿਲਾਂ ਵਲਾਇਤ ਆਇਆ, ਤਾਂ ਅੰਗਰੇਜ਼ੀ ਇੰਨੀ ਸਮਝ ਨਹੀਂ ਸੀ ਆਉਂਦੀ। ਜਦੋਂ ਟੈਲੀਵਿਜ਼ਨ 'ਤੇ ਕੋਈ ਹਾਸਿਆਂ ਦਾ ਸ਼ੋਅ ਆਉਣਾ, ਤਾਂ ਮੈ ਉਂਜ ਹੀ ਬੌਕਸ ਵੱਲਾਂ ਦੇਖਦੇ ਰਹਿਣਾ। ਇਕ ਦਿਨ ਮੇਰੀ ਮਾਸੀ ਦੇ ਲੜਕੇ ਕਹਿਣ ਲੱਗੇ: ''ਭਾ ਜੀ, ਤੂੰ ਨਹੀਂ ਹੱਸਦਾ?'' ਇਹਦਾ ਹੱਲ ਮੈਂ ਲੱਭ ਲਿਆ। ਜਦੋਂ ਉਹ ਹੱਸਣ, ਮੈਂ ਵੀ ਉਨ੍ਹਾਂ ਦੇ ਮੂੰਹਾਂ ਵਲ ਦੇਖ ਕੇ ਹੱਸ ਪਵਾਂ। ਜਦੋਂ ਉਹ ਸੰਜੀਦਾ ਹੋਣ, ਮੈਂ ਵੀ ਸੰਜੀਦਾ ਹੋ ਜਾਣਾ।

## ਛੱਲੀ ਵਰਗਾ ਜੁਆਨ

ਮੈਂ ਜਦੋਂ ਇੰਗਲੈਂਡ ਆਇਆ ਹੀ ਸੀ, ਤਾਂ ਸਾਡੇ ਸ਼ਹਿਰ ਡਰਬੀ ਚ ਵੱਸਦੇ ਕਈ ਪਿੰਡ ਦੇ ਬੰਦੇ ਮਿਲਣ ਆਏ। ਸਾਰੇ ਹੀ ਇਹ ਜਾਨਣਾ ਚਾਹੁੰਦੇ ਸੀ ਕਿ 'ਫਲਾਨਿਆਂ ਦਾ ਮੁੰਡਾ ਕਿੰਨਾ ਕੁ ਜੁਆਨ ਹੋ ਗਿਆ।' ਮੈਂ ਦੱਸਿਆ ਕਿ ਵਾਹਵਾ ਲੰਮਾ ਚੌੜਾ ਆ। ਜਦੋਂ ਇਹ ਹੀ ਗੱਲ ਕਈ ਵਾਰ ਪੁੱਛੀ ਗਈ, ਤਾਂ ਮੈਂ ਬੜੇ ਠਰ੍ਹੰਮੇ ਨਾਲ਼ ਕਹਿਣ ਲਗ ਪਿਆ: ''ਹੁਣ ਉਹ ਇੱਕੋ ਵਾਰ ਸਾਬਤੀ ਛੱਲੀ ਮੂੰਹ ਚ ਪਾ ਲੈਂਦਾ।''

## ਐਨਕਾਂ ਲਾ ਕੇ ਅੱਖਾਂ ਮਾਰਨ ਦਾ ਸੁਆਦ

ਸਾਡੇ ਮਕਾਨ ਛੱਤਣ ਲੱਗੇ ਰਾਜ ਨੂੰ ਤੇ ਮੈਨੂੰ ਇਕੱਠਿਆਂ ਨੂੰ ਵਿਆਹ ਦਾ ਸੱਦਾ ਆਇਆ।

ਰਾਜ ਕਹਿਣ ਲੱਗਾ: ''ਭਾਅ ਜੀ, ਇਹ ਕਾਲ਼ੀਆਂ ਐਨਕਾਂ ਤਾਂ ਦੇਵੀਂ।''

ਮੈਂ ਕਿਹਾ: ''ਤੂੰ ਐਨਕਾਂ ਕੀ ਕਰਨੀਆਂ?''

ਉਹ ਕਹਿੰਦਾ: ''ਐਨਕਾਂ ਲਾ ਕੇ ਅੱਖਾਂ ਮਾਰਨੀਆਂ।''

## ਬੇਗੀਆਂ ਦਾ ਜੋੜਾ

ਕਾਮਰੇਡ ਰਤਨ ਸਿੰਘ ਸੰਧੂ ਸੰਧਵਾਂ ਵਾਲ਼ਾ ਕਿਸਾਨ ਸਭਾ ਦਾ ਜਾਂ ਕਮਿਊਨਿਸਟਾਂ ਦਾ ਜ਼ਿਲ੍ਹਾ ਸਕੱਤਰ ਹੁੰਦਾ ਸੀ। ਬਹੁਤ ਪਹਿਲਾਂ ਵਲਾਇਤ ਵਿਚ ਆ ਗਿਆ। ਇੱਥੇ ਆ ਕੇ ਕਿਸੇ ਪੰਜਾਬੀ ਮੁਸਲਮਾਨ ਨਾਲ਼ ਸਾਂਝੀ ਦੁਕਾਨ ਪਾ ਲਈ। ਪਾਕਿਸਤਾਨੀ ਨੇ ਹੁੱਕਾ ਮਘਾਉਣਾ ਤੇ ਤਿੰਨ ਪੱਤੀ ਨਾਲ਼ ਥੋਹੜੇ-ਥੋਹੜੇ ਪੈਸੇ ਲਾ ਕੇ ਖੇਲਣ ਬੈਠ ਜਾਣਾ। ਜਦੋਂ ਗੇਮ ਭਖਣ ਲੱਗਣੀ, ਤਾਂ ਕਾਮਰੇਡ ਰਤਨ ਸੰਧੂ ਨੇ ਵੀ ਸ਼ਾਮਲ ਹੋ ਜਾਣਾ।

ਰਤਨ ਸੰਧੂ ਤੇ ਪਾਕਿਸਤਾਨੀ ਨੇ ਤਾਸ਼ ਦੀ ਤਿੰਨ ਪੱਤੀ ਬੜੀ ਖੁੱਭ ਕੇ ਖੇਲ੍ਹਣੀ; ਪਰ ਦੁਕਾਨ ਖੁੱਲ੍ਹੀ ਹੀ ਰੱਖਣੀ। ਸੌਦਾ ਲੈਣ ਆਈ ਕਿਸੇ ਬੁੜ੍ਹੀ ਨੇ ਜਦੋਂ ਦਰਵਾਜ਼ਾ ਖੋਲ੍ਹਿਆ, ਤਾਂ ਘੰਟੀ ਵੱਜਣ ਨਾਲ਼ ਅੰਦਰਲਿਆਂ ਦੇ ਤਾਸ਼ ਖੇਲਦਿਆ ਦੇ ਕੰਨ ਵੀ ਓਧਰ ਲੱਗ ਗਏ। ਰਤਨ ਸੰਧੂ ਕਹਿਣ ਲੱਗਾ: "ਇਹਨੇ ਦੋ ਸ਼ਲਿੰਗਾਂ ਦੀ ਮਸਾਂ ਚੀਜ਼ ਲੈਣੀ ਆ, ਮੇਰੇ ਕੋਲ਼ ਐਧਰ ਦੋ ਬੇਗੀਆਂ ਆਈਆਂ ਆ।"

## ਅਣਜਾਣ ਡਾਕਟਰ

ਫ਼ੈਮਿਲੀ ਡਾਕਟਰ ਬੀਮਾਰ ਬਾਪ ਨੂੰ ਦੇਖਣ ਘਰ ਆਇਆ। ਬਾਪ ਨੂੰ ਦੇਖਣ ਤੋਂ ਬਾਅਦ ਡਾਕਟਰ ਮੈਨੂੰ ਪੁੱਛਣ ਲੱਗਾ: "ਤੂੰ ਬਈ ਕਦੇ ਸਰਜਰੀ ਨਹੀਂ ਆਇਆ?" ਡਾਕਟਰ ਨੇ ਹਮਦਰਦੀ ਜਤਲਾਉਂਦੇ ਨੇ ਪੁੱਛਿਆ।

"ਕਦੇ ਬਮਾਰ ਹੋਮਾਂ ਤਾਂ ਆਵਾਂ। ਕਦੇ ਬਿਮਾਰ ਈ ਨ੍ਹੀਂ ਹੋਇਆ," ਮੈਂ ਡਾਕਟਰ ਨੂੰ ਬੜਾ ਹੁੱਬ ਕੇ ਦੱਸਿਆ।

"ਇਹ ਤਾ ਬਹੁਤ ਮਾੜੀ ਗੱਲ ਆ। ਬੰਦੇ ਨੂੰ ਬਮਾਰ ਤਾਂ ਜ਼ਰੂਰ ਹੋਣਾ ਚਾਹੀਦਾ; ਐਦਾਂ ਫਿਰ ਸਿਹਤ ਠੀਕ ਰਹਿੰਦੀ ਆ," ਡਾਕਟਰ ਦਾ ਜਵਾਬ ਸੀ।

## ਗਣੇਸ਼ ਦਾ ਅਸਲ

ਪੱਕੀ ਸੜਕ ਨਿਕਲਣ ਤੋਂ ਪਹਿਲਾਂ ਸਾਡੇ ਪਿੰਡ ਹਕੀਮਪੁਰ ਖੇਤਾਂ ਦੇ ਮੋਹਰਲਾ ਰਾਹ ਬਹੁਤ ਚਲਦਾ ਸੀ। ਕਈ ਆਲ਼-ਦੁਆਲ਼ੇ ਪਿੰਡਾਂ ਵਾਲ਼ਿਆਂ ਨੇ ਤੇ ਸਾਡੇ ਪਿੰਡ ਵਾਲ਼ਿਆਂ ਨੇ ਸ਼ਹਿਰ ਜਾਣ ਲਈ ਤੇ ਹੋਰ ਕਿੱਧਰੇ ਜਾਣ ਲਈ ਇਸੇ ਰਾਹ ਦੀ ਹੀ ਵਰਤੋਂ ਕਰਨੀ।

ਸਾਧੂ ਪੰਡਤ ਸ਼ਹਿਰੋਂ ਅਪਣੀ ਹੱਟੀ ਲਈ ਥੋਕ ਦੇ ਭਾਅ ਮਾਲ ਲੈ ਕੇ ਇਸੇ ਰਾਹ ਤੋਂ ਲੰਘ ਰਿਹਾ ਸੀ। ਬਾਪ ਨੇ ਹਾਕ ਮਾਰ ਕੇ ਰੋਕ ਲਿਆ ਤੇ ਕਹਿਣ ਲੱਗਾ: "ਪੰਡਤਾ, ਮੈਨੂੰ ਤਾਂ ਗਣੇਸ਼ ਨੇ ਬੜਾ ਤੰਗ ਕੀਤਾ ਆ। ਪਹਿਲਾਂ ਤਾਂ ਸ਼ਿਵ ਨੇ ਪਾਰਬਤੀ ਨਾਲ਼ ਖਾਰ ਖਾ ਕੇ ਗਣੇਸ਼ ਦਾ ਸਿਰ ਕਿਰਪਾਨ ਮਾਰ ਕੇ ਸਿਰ ਵੱਢ 'ਤਾ। ਫਿਰ ਹਾਥੀ ਦੇ ਬੱਚੇ ਦਾ ਸਿਰ ਵੱਡ ਕੇ ਜੋੜ 'ਤਾ। ਮੈਨੂੰ ਇਹ ਗੱਲ ਨ੍ਹੀਂ ਸਮਝ ਆ ਰਹੀ ਕਿ ਏਨੀਆ ਨਾੜਾਂ ਤੇ ਕਈ ਬਰੀਕ ਬਰੀਕ ਬੀ ਹੋਊਗੀਆਂ; ਜੋੜੀਆਂ ਕਿੱਦਾਂ ਹੋਊ?"

"ਅਸਲ ਚ ਜਗਤ ਸਿਆਂ, ਗਣੇਸ਼ ਕਾਮਰੇਡਾਂ ਦੀ ਪਾਰਟੀ ਦਾ ਮੈਂਬਰ ਨ੍ਹੀਂ ਸੀ ਬਣਿਆ।"

## ਅਣਜਾਣ ਨਰਸ

ਹਸਪਤਾਲ ਵਿਚ ਮੈਨੂੰ ਸ੍ਰੀ ਲੰਕਾ ਦੀ ਨਰਸ ਨਹਾਉਣ ਲੱਗੇ ਨੂੰ ਕਹਿਣ ਲੱਗੀ, "ਤੈਨੂੰ ਨੰਗੇ ਹੁੰਦੇ ਨੂੰ ਸੰਗ ਤਾਂ ਨਹੀਂ ਲੱਗਦੀ?"

"ਤੂੰ ਕਿਹੜਾ ਅੱਗੇ ਨੰਗਾ ਨੰਗਾ ਆਦਮੀ ਦੇਖਿਆ ਨਹੀਂ ਹੋਣਾ।"

"ਮੈਂ ਅਪਣੀ ਨਹੀਂ, ਤੇਰੀ ਗੱਲ ਕਰਦੀ ਆਂ।"

"ਮੈਂ ਕਿਹੜਾ ਤੀਮੀਂ ਸਾਹਮਣੇ ਅੱਗੇ ਨੰਗਾ ਨਹੀਂ ਹੋਇਆ?"

## ਬੇਈਮਾਨ

ਮੇਰੇ ਨਾਨੇ ਹੁਰੀਂ ਚਾਰ ਭਰਾ ਸਨ। ਚਾਰੋ ਅਪਣੇ-ਅਪਣੇ ਘਰ ਜੁਦੇ-ਜੁਦੇ। ਨਾਨੇ ਨੇ ਫ਼ੌਜ ਵਿੱਚੋਂ ਰਿਟਾਇਰ ਹੋ ਕੇ ਯੂ. ਪੀ. ਚ ਅਪਣੇ ਖੇਤਾਂ ਵਿਚ ਰਿਹਾਇਸ਼ ਰੱਖੀ। ਯੂ.ਪੀ. ਦੀ ਜ਼ਮੀਨ ਤੇ ਪੰਜਾਬ ਦੀ ਸਾਰੀ ਜ਼ਮੀਨ ਬਹੁਤ ਹੀ ਸਸਤੇ ਭਾਅ ਸਮਝੋ ਕਿ ਮੁਫ਼ਤ ਵਿਚ ਹੀ ਲਈ ਸੀ। ਨਾਨਾ ਵੀ ਰੱਜ ਕੇ ਕੰਜੂਸ। ਨਾਨੇ ਤੇ ਹੋਰ ਫ਼ੌਜੀਆਂ ਰਲ਼ਕੇ ਫ਼ੌਜੀ ਕਲੋਨੀ ਵਸਾਈ।

ਜਦੋਂ ਇਨ੍ਹਾਂ ਭਰਾਵਾਂ ਨੇ 'ਕੱਠੇ ਹੋਣਾ, ਤਾਂ ਖਾਰ ਦਾ ਬਦਲਾ ਲੜ ਕੇ ਲੈਣਾ।

ਨਾਨਾ ਵੀ ਯੂ. ਪੀ. ਤੋਂ ਆਇਆ ਹੋਇਆ ਸੀ। ਇਹ ਲੜਾਈ ਦਾ ਕੋਈ ਠੁਣਾ ਭਾਲ਼ ਕੇ ਲੜਨ ਲਗ ਪਏ। ਇਕ ਦੂਜੇ ਨੂੰ ਆਖੀ ਜਾਣ -ਤੂੰ ਬੇਈਮਾਨ ਆਂ। ਨਹੀਂ ਤੂੰ ਆਂ।

ਕੋਲ਼ ਬੈਠੇ ਮੇਰੇ ਬਾਪ ਤੋਂ ਰਿਹਾ ਨਾ ਗਿਆ: "ਇਹ ਤਾਂ ਪਤਾ ਲੱਗ ਗਿਆ ਕਿ ਤੁਸੀਂ ਸਾਰੇ ਬੇਈਮਾਨ ਆਂ; ਕੌਣ ਜਾਦਾ ਬੇਈਮਾਨ ਆ, ਬੱਸ ਇਹ ਵੀ ਦੱਸ ਦਿਓ!"

## ਬੰਦ ਅੱਖਾਂ

ਮੇਰਾ ਵੱਡਾ ਭਰਾ ਪੰਜ-ਛੇ ਸਾਲ ਦਾ ਹੋ ਕੇ ਸਦਾ ਦੀ ਨੀਂਦਰ ਸੌਂ ਗਿਆ; ਇਸ ਲਈ ਘਰ-ਦਿਆਂ ਨੂੰ ਉਹਦਾ ਬਹੁਤ ਵਿਗੋਚਾ ਸੀ। ਉਹਦੀ ਮੌਤ ਤੋਂ ਦੋ ਸਾਲ ਬਾਅਦ ਮੇਰਾ ਜਨਮ ਹੋਇਆ। ਬਹੁਤ ਲਾਡਲਾ ਰੱਖਿਆ। ਇਕ ਦਿਨ ਮੈਂ ਮਾਂ ਨੂੰ ਕਹਿਣ ਲੱਗਾ: "ਬੀਬੀ ਜਦੋਂ ਮੈਂ ਮਰ ਗਿਆ, ਇੰਨਾ ਚਿਰ ਮੈਥੋਂ ਅੱਖਾਂ ਨਹੀਂ ਬੰਦ ਕਰ ਹੋਣੀਆਂ।" ੴ



ਨਿੱਕਾ ਹੁੰਦਾ ਭੁਪਿੰਦਰ ਪੁਰੇਵਾਲ

# ਕਮਿਊਨਿਸਟ

## -ਬਰਾਂਕੋ ਆਂਦਰਿਚ

"ਤੂੰ ਕਮਿਊਨਿਸਟ ਏਂ?", ਸਟੇਸ਼ਨ ਮਾਸਟਰ ਨੇ ਦੋਹਰਾ ਕੇ ਪੁੱਛਿਆ। ਉਸਦੇ ਵਰਤਾਰੇ ਵਿਚੋਂ ਡੂੰਘੀ ਬੇਯਕੀਨੀ ਸਾਫ਼ ਝਲਕਦੀ ਸੀ।

ਜਿਸ ਛਿਣ ਮੈਂ ਉਸਦੇ ਦਫ਼ਤਰ ਵਿਚ ਦਾਖਲ ਹੋਇਆ ਸਾਂ, ਉਹ ਕੁਝ ਚੌਂਕ ਜਿਹਾ ਗਿਆ ਸੀ, ਅਤੇ ਆਪਣੀ ਮੇਜ਼ ਤੇ ਆਪਣੇ ਟੈਲੀਫ਼ੋਨ ਦੇ ਹੋਰ ਨੇੜੇ ਹੋ ਕੇ ਬਹਿ ਗਿਆ ਸੀ। ਰਾਤ ਚੋਖੀ ਢਲ ਚੁੱਕੀ ਸੀ ਅਤੇ ਆਪਣੇ ਲੰਮੇ ਤੇ ਥਕਾਊ ਸਫ਼ਰ ਤੋਂ ਬਾਦ ਮੈਂ ਥੱਕਿਆ ਤੇ ਗੰਦਾ-ਮੰਦਾ ਜਿਹਾ ਸਾਂ। ਛੋਟੀ ਲਾਈਨ ਦੇ ਏਸ ਨਿੱਕੇ ਤੇ ਇੱਕਲਵਾਂਝੇ ਸਟੇਸ਼ਨ ਕੋਈ ਭੁੱਲਿਆ ਭਟਕਿਆ ਹੀ ਆਂਦਾ ਸੀ। ਜੇ ਕੋਈ ਆਂਦਾ ਵੀ ਸੀ ਤਾਂ ਉਹ ਆਮ ਤੌਰ ਤੇ ਬੁੱਢੇ ਸਟੇਸ਼ਨ ਮਾਸਟਰ ਦਾ ਜਾਣੂੰ ਕੋਈ ਰੇਲ ਕਰਮਚਾਰੀ ਜਾਂ ਨੇੜਲੇ ਪਿੰਡਾਂ ਵਿਚੋਂ ਆਇਆ ਕੋਈ ਵਸਨੀਕ ਹੁੰਦਾ ਸੀ।

ਮੈਂ ਦੇਸ ਦੇ ਬਿਲਕੁਲ ਵੱਖਰੇ ਹਿੱਸੇ ਤੋਂ ਆਇਆ ਸਾਂ, ਜਿੱਥੇ ਲੋਕਾਂ ਦੇ ਪਹਿਨਣ, ਬੋਲਣ ਤੇ ਵਰਤਣ ਦਾ ਢੰਗ ਤਰੀਕਾ ਢੇਰ ਵੱਖਰਾ ਸੀ। ਮੈਂ ਇਕ ਦੁਰੇਡਲੇ, ਅਣਪਛਾਤੇ ਸ਼ਹਿਰ ਤੋਂ ਆਇਆ ਸਾਂ। ਮੈਂ ਜਾਣਨਾ ਚਾਂਹਦਾ ਸਾਂ ਕਿ ਕੀ ਅਜ ਕੋਈ ਗੱਡੀ ਸੀ ਜਿਸ ਨੇ ਕਿਸੇ ਵੇਲੇ ਏਥੋਂ ਲੰਘਣਾ ਹੋਵੇ ਤੇ ਜਿਸਦੀ ਟਿਕਟ ਲੈ ਕੇ ਮੈਂ ਕਿਸੇ ਵੀ ਦਿਸ਼ਾ ਵਲ ਮੂੰਹ ਕਰ ਸਕਾਂ। ਪਤਾ ਲੱਗਾ ਕਿ ਇਕ ਗੱਡੀ ਨੇ ਕੁਝ ਘੰਟਿਆਂ ਬਾਦ ਏਥੋਂ ਲੰਘਣਾ ਸੀ।

ਸਟੇਸ਼ਨ ਦੇ ਆਲੇ ਦੁਆਲੇ ਦਾ ਸਾਰਾ ਇਲਾਕਾ ਬਿਲਕੁਲ ਬੀਆਬਾਨ ਸੀ। ਇਮਾਰਤ ਦੇ ਬਾਹਰ ਲੱਗੇ ਬਿਜਲੀ ਦੇ ਖੰਭੇ ਤੇ ਲਗੇ ਲਾਟੂ ਵਲ ਵੱਡੇ ਵੱਡੇ ਭਮੱਕੜ ਉਡਦੇ ਜਾਂਦੇ ਸਨ। ਉਨ੍ਹਾਂ ਦੇ ਸੂਤੇ ਅੰਗ ਪਲੈਟਫ਼ਾਰਮ ਦੀ ਬਜਰੀ ਤੇ ਡਿਗਦਿਆਂ ਭੀਂ-ਭੀਂ ਦੀ ਆਵਾਜ਼ ਕਰਦੇ ।ਜ਼ਮੀਨ ਪਿੱਠ ਭਾਰ ਡਿੱਗੇ ਹੋਏ ਇਨ੍ਹਾਂ ਕਾਲੇ ਕੀਟਾਂ ਨਾਲ ਕੱਜੀ ਗਈ ਸੀ, ਜੋ ਪੁੱਠੇ ਪਏ ਆਪਣੀਆਂ ਲੱਤਾਂ ਨੂੰ ਘਿਨੌਣੇ ਜਿਹੇ ਢੰਗ ਨਾਲ ਫੜਕਾਈ ਜਾ ਰਹੇ ਸਨ।ਕੁਝਨਾ ਨੂੰ ਮੈਂ ਮਦਦ ਕਰਕੇ ਉਡਾਰੀ ਮਾਰਨ ਜੋਗਾ ਕਰ ਵੀ ਦਿੱਤਾ, ਪਰ ਉਹ ਮੁੜ ਉੱਸੇ ਰਾਹ ਫ਼ਟ ਜ਼ਮੀਨ ਤੇ ਵਾਪਸ ਆਣ ਡਿਗਦੇ।

ਰੇਲ ਲਾਈਨ ਦੇ ਪਰਲੇ ਪਾਸੇ ਵੱਡੀ ਸਾਰੀ ਦਲਦਲ ਸੀ। ਕਈ ਸੈਂਕੜੇ ਡੱਡੂਆਂ ਦੀ ਟਰ-ਟਰ ਦਾ ਪਾਗਲਾਨਾ ਆਲਾਪ ਰਾਤ ਦੀ ਹਵਾ ਨੂੰ ਚੀਰ ਰਿਹਾ ਸੀ। ਮੈਨੂੰ ਆਪਣਾ ਬਚਪਨ ਚੇਤੇ ਆ ਗਿਆ ਜਦੋਂ ਮੈਂ ਬਿਸਤਰੇ ਵਿਚ ਪਿਆ ਇਹੋ ਜਿਹੇ ਆਲਾਪ ਸੁਣਦਾ ਹੁੰਦਾ ਸਾਂ। ਜਿੱਥੇ ਪਹਿਲੋਂ ਕਦੇ ਦਲਦਲ ਹੁੰਦੀ ਸੀ, ਮੇਰੇ ਸ਼ਹਿਰ ਵਿਚ ਹੁਣ ਉੱਥੇ ਘਰਾਂ ਅਤੇ ਫ਼ਲੈਟਾਂ ਦੇ ਸਿਲਸਿਲੇ ਉੱਸਰ ਚੁੱਕੇ ਸਨ। ਮੈਂ ਵੀ ਡੱਡੂ ਵਾਂਗ ਟਰਟਰਾਣ ਦੀ ਆਵਾਜ਼ ਕੱਢਣ ਦੀ ਕੋਸ਼ਿਸ਼ ਕੀਤੀ।ਆਪਣੀ ਕੋਸ਼ਿਸ਼ ਮੈਨੂੰ ਬਹੁਤੇ ਡੱਡੂਆਂ ਦੀ ਟਰ-ਟਰ ਤੋਂ ਵੱਖਰੀ ਨਾ ਜਾਪੀ।

ਸਟੇਸ਼ਨ ਮਾਸਟਰ ਨੇ ਆਪਣੀ ਟਿਕਟ-ਖਿੜਕੀ ਦੀ ਝੀਥ ਵਿਚੋਂ ਬਾਹਰ ਝਾਕਿਆ। ਜਦੋਂ ਠੰਡ ਉਤਰਨ ਲਗ ਪਈ ਤਾਂ ਉਸਦੀ ਜ਼ਮੀਰ ਨੇ ਮੈਨੂੰ ਅੰਦਰ ਸੱਦ ਲੈਣ ਲਈ ਮਜਬੂਰ ਕੀਤਾ। ਮੈਂ ਚੁਪਚਾਪ ਉਸ ਥਾਂ ਬਹਿ ਗਿਆ, ਜਿਸਦੀ ਮੈਨੂੰ ਪੇਸ਼ਕਸ਼ ਹੋਈ ਸੀ, ਤੇ ਆਪਣੀ ਕੋਰਸ ਦੀ ਕਿਤਾਬ ਪੜ੍ਹਨ ਦੀ ਤਿਆਰੀ ਕਰਨ ਲਗਾ। ਪਰ ਉਸਨੇ ਗਲਬਾਤ ਸ਼ੁਰੂ ਕਰ ਦਿਤੀ।

ਜਿਉਂ ਜਿਉ ਸਾਡੀਆਂ ਗੱਲਾਂ ਤੁਰਦੀਆਂ ਗਈਆਂ, ਉਸ ਲਈ ਆਪਣੀ ਉਤਸੁਕਤਾ ਨੂੰ ਲੁਕਾਣਾ ਔਖਾ ਹੁੰਦਾ ਗਿਆ। ਸ਼ਾਇਦ ਇਹ ਸੋਚ ਕੇ ਕਿ ਮੈਂ ਬੇਰੋਜ਼ਗਾਰ ਸਾਂ ਤੇ ਕੰਮ ਦੀ ਭਾਲ ਵਿਚ ਸਾਂ, ਉਸਨੇ ਮੇਰੇ ਲਈ ਕੁਝ ਕਰਨ ਦੀ ਸੋਚੀ। ਉਸਦੀ ਸਲਾਹ ਸੀ, ਕਿ ਮੈਨੂੰ ਅੰਗੂਰਾਂ ਦੇ ਬਾਗ਼ ਲਈ ਜ਼ਮੀਨ ਪੁੱਟਣ ਦਾ ਕੰਮ ਮਿਲ ਸਕਦਾ ਸੀ।

ਜਦੋਂ ਮੈਂ ਉਸਦਾ ਧੰਨਵਾਦ ਕਰਦਿਆਂ ਇਹ ਦਸਿਆ ਕਿ ਮੈਂ ਵਿਦਿਆਰਥੀ ਸਾਂ, ਮੇਰੇ ਕੋਲ ਲੋੜ ਜੋਗਾ ਪੈਸਾ ਹੈ ਸੀ, ਤੇ ਮੈਂ ਭੋਖੜੇ ਦਾ ਮਾਰਿਆ ਵੀ ਨਹੀਂ ਸਾਂ, ਤਾਂ ਉਸਨੂੰ ਬੜੀ ਹੈਰਾਨੀ ਹੋਈ। ਬਾਦ ਵਿਚ ਜਦੋਂ ਗਲਬਾਤ ਦੌਰਾਨ ਮੈਂ ਉਸਨੂੰ ਦਸਿਆ ਕਿ ਮੈਂ ਕਮਿਊਨਿਸਟਾਂ ਦੀ ਲੀਗ ਦਾ ਮੈਂਬਰ ਸਾਂ, ਤਾਂ ਉਸਦੀ ਹੈਰਾਨੀ ਸਖ਼ਤ ਅਚੰਭੇ ਵਿਚ ਬਦਲ ਗਈ।

ਮੈਂ ਉਸਨੂੰ ਆਪਣਾ ਪਾਰਟੀ-ਕਾਰਡ ਫੜਾਇਆ।

ਉਸਨੇ ਧਿਆਨ ਨਾਲ ਉਸਨੂੰ ਵਾਚਿਆ, ਵਾਰ-ਵਾਰ ਕਦੇ ਮੇਰੀ ਤਸਵੀਰ ਤੇ ਨਾਂਅ ਵਲ ਦੇਖੇ ਤੇ ਕਦੇ ਭਰੀ ਲੈਵੀ ਦੀਆਂ ਦਰਜ ਰਕਮਾਂ ਨੂੰ, ਅਤੇ ਫੇਰ ਮੇਰੇ ਵੱਲ; ਇਵੇਂ ਕਰਦਿਆਂ ਉਸਨੇ ਮੇਰੇ ਸਰੀਰ ਦੇ ਇਕ ਇਕ ਸੈਂਟੀਮੀਟਰ ਨੂੰ ਸੱਜਿਓਂ ਖੱਬੇ, ਉੱਪਰੋਂ ਹੇਠਾਂ ਜੋਖਿਆ। ਉਸ ਨੂੰ ਆਪਣੇ ਹਥ ਵਿਚ ਫੜੇ ਕਾਰਡ ਤੇ ਮੇਰੇ ਚਿਹਰੇ-ਮੋਹਰੇ ਵਿਚ ਕੋਈ ਤਾਲਮੇਲ ਨਹੀਂ ਸੀ ਬੈਠਦਾ ਜਾਪਦਾ।

" ਇਕ ਮਿਨਟ ਦੱਸ..", ਬਿੰਦ ਕੁ ਲਈ ਜਾਪਿਆ ਜਿਵੇਂ ਉਹ 'ਤੂੰ' ਦੀ ਥਾਂ 'ਤੁਸੀ' ਦਾ ਸੰਬੋਧਨ ਵਰਤਣਾ ਸ਼ੁਰੂ ਕਰਨ ਲਗਾ ਹੈ, ਪਰ ਸ਼ਾਇਦ ਸਾਡੀਆਂ ਉਮਰਾਂ ਵਿਚ ਏਨੇ ਵੱਡੇ ਫ਼ਰਕ ਕਾਰਨ, ਉਸਨੇ ਪਹਿਲਾਂ ਵਾਲੀ ਸੁਰ ਹੀ ਜਾਰੀ ਰਖੀ, " ਮਾਫ਼ ਕਰੀਂ, ਮੈਂ ਏਨਾ ਹੈਰਾਨ ਹੋਇਆ ਜਾਪ ਰਿਹਾ ਹਾਂ, ਪਰ ਕਮਿਊਨਿਸਟਾਂ ਬਾਰੇ ਜੋ ਮੇਰਾ ਖਿਆਲ ਹੈ ਤੇ ਜਿੰਨੇ ਵੀ ਮੈਂ ਦੇਖੇ ਹਨ ਜਾਂ ਜਿਨ੍ਹਾਂ ਨੂੰ ਮਿਲਿਆ ਹਾਂ, ਹੋਰ ਤਰ੍ਹਾਂ ਦੇ ਦਿਸਦੇ ਹਨ। ਕਮਿਊਨਿਸਟ ਗੰਭੀਰ ਦਿਸਦੇ ਲੋਕ ਹੁੰਦੇ ਹਨ, ਚੰਗੇ ਕਪੜੇ ਪਾਕੇ, ਟਾਈ ਲਾ ਕੇ ਰਹਿਣ ਵਾਲੇ, ਜਿਨ੍ਹਾਂ ਦੀ ਜੁੱਤੀਆਂ ਲਿਸ਼ਕਦੀਆਂ ਹਨ ਤੇ ਵੱਡੀਆਂ ਕਾਲੀਆਂ ਕਾਰਾਂ ਤੇ ਚੜ੍ਹ ਕੇ ਆਂਦੇ ਹਨ। ਤੇ ਘੰਟਿਆਂ ਬੱਧੀ ਉਨ੍ਹਾਂ ਚੀਜ਼ਾਂ ਬਾਰੇ ਗੱਲਾਂ ਕਰਦੇ ਹਨ, ਜਿਨ੍ਹਾਂ ਵਿਚ ਸਾਡੀ ਦਿਲਚਸਪੀ ਹੈ, ਸਮਾਜਵਾਦ, ਯੂਗੋਸਲਾਵੀਆ, ਆਰਥਕ ਸਮੱਸਿਆਵਾਂ, ਕੌਮਾਂ ਦੀਆਂ ਸਮੱਸਿਆਵਾਂ, ਅੰਤਰ-ਰਾਸ਼ਟਰੀ ਸਬੰਧ ਤੇ ਇਹੋ ਜਿਹੀਆਂ ਹੋਰ ਗੱਲਾਂ, ਅਸੀ ਉਨ੍ਹਾਂ ਨੂੰ ਸੁਣਦੇ ਤੇ ਸੋਚਦੇ ਹਾਂ ਕਿ ਉਹ ਕਿੰਨੇ ਪੜ੍ਹੇ-ਲਿਖੇ ਬੰਦੇ ਹਨ! ਉਨ੍ਹਾਂ ਨੇ ਜ਼ਰੂਰ ਢੇਰ ਸਾਰੀਆਂ ਕਿਤਾਬਾਂ ਪੜ੍ਹੀਆਂ ਹੋਣਗੀਆਂ ਅਤੇ ਬਹੁਤ ਸਾਰੇ ਸਿਆਣੇ ਲੋਕਾਂ ਨਾਲ ਗਲਬਾਤ ਕੀਤੀ ਹੋਏਗੀ। ਨਾਲੇ ਉਹ ਇੱਕੋ ਵੇਲੇ ਕਰੜੇ ਸੁਭਾਅ ਵਾਲੇ ਵੀ, ਤੇ ਆਪਣੇ ਆਪੇ ਵਿਚ ਖੁਭੇ ਜਿਹੇ ਵੀ ਜਾਪਦੇ ਹਨ। ਤੁਸੀ ਉਨ੍ਹਾਂ ਨਾਲ ਹਾਸਾ-ਮਖ਼ੌਲ ਕਰਨ ਦੀ ਨਹੀਂ ਸੋਚ ਸਕਦੇ। ਸਚ ਪੁਛੇਂ ਤਾਂ ਗਲ ਇਹ ਹੈ ਕਿ ਜੇ ਤੁਸੀ ਉਨ੍ਹਾਂ ਨੂੰ ਗੁੱਸੇ ਕਰ ਲਉ ਤਾਂ ਉਹ ਬੜੀ ਛੇਤੀ ਖਿਝ ਜਾਣ ਵਾਲੇ ਨਿਕਲ ਸਕਦੇ ਹਨ। ਉਨ੍ਹਾਂ ਤੈਨੂੰ ਕਿਵੇਂ ਸਵੀਕਾਰ ਕਰ ਲਿਆ? ਉਹ ਹਰ ਕਿਸੇ ਨੂੰ ਤਾਂ ਆਪਣੇ ਨਾਲ ਸ਼ਾਮਲ ਨਹੀਂ ਕਰ ਸਕਦੇ"।

" ਇਹ ਕੋਈ ਔਖਾ ਨਹੀਂ," ਮੈਂ ਉਸਨੂੰ ਦੱਸਣ ਦੀ ਕੋਸ਼ਿਸ਼ ਕੀਤੀ। "ਆਸਾਨ ਜਿਹੀ ਗੱਲ ਹੈ। ਮੈਂ ਮੈਂਬਰ ਬਣਨ ਲਈ ਅਰਜ਼ੀ ਦਿਤੀ ਤੇ ਉਡੀਕ ਕਰਨ ਲਗ ਪਿਆ। ਜਦੋਂ ਉਹ ਮੈਨੂੰ ਚੰਗੀ ਤਰ੍ਹਾਂ ਜਾਣ ਗਏ ਤਾਂ ਉਨ੍ਹਾਂ ਨੇ ਮੈਨੂੰ ਸਵੀਕਾਰ ਕਰਨ ਲਈ ਸਹਿਮਤੀ ਦੇ ਦਿੱਤੀ। ਬਸ ਏਨੀ ਕੁ ਗੱਲ ਸੀ। ਕਿਉਂ, ਹੈ ਕਿ ਨਹੀਂ ਆਸਾਨ ਗੱਲ?"

ਉਹ ਕੁਝ ਖੁਸ਼ ਜਿਹਾ ਹੋ ਗਿਆ ਜਾਪਿਆ।

ਉਸਨੇ ਕੁਝ ਪਲ ਹੋਰ ਮੇਰੇ ਪਾਰਟੀ-ਕਾਰਡ ਨੂੰ ਫੜੀ ਰਖਿਆ ਤੇ ਫੇਰ ਬੜੇ ਧਿਆਨ ਨਾਲ ਤੇ ਥੋੜੇ ਡਰ ਜਿਹੇ ਨਾਲ ਮੈਨੂੰ ਵਾਪਸ ਮੋੜ ਦਿੱਤਾ। ਪਰ ਕਿਸੇ ਅਜੀਬ ਜਿਹੀ ਬੇਯਕੀਨੀ ਦੇ ਭਾਵ ਨਾਲ, ਜਿਵੇਂ ਉਸਨੂੰ ਜਾਪ ਰਿਹਾ ਹੋਵੇ ਕਿ ਉਹ ਕਾਰਡ ਮੇਰੇ ਕੋਲ ਸੁਰੱਖਿਅਤ ਨਹੀਂ ਤੇ ਉਹ ਮੇਰਾ ਧਿਆਨ ਇਸ ਗੱਲ ਵੱਲ ਦੁਆਣਾ ਚਾਹ ਰਿਹਾ ਹੋਵੇ ਕਿ ਇਹੋ ਜਿਹੀ ਚੀਜ਼ ਨੂੰ ਸਾਂਭ ਕੇ ਰਖਣ ਦੀ ਜ਼ਰੂਰਤ ਹੈ।

ਉਸਦੇ ਖ਼ਦਸ਼ੇ ਦਾ ਮਾਣ ਰਖਣ ਲਈ, ਮੈਂ ਵੀ ਕਾਰਡ ਨੂੰ ਬੜੇ ਇਹਤਿਆਤ ਨਾਲ ਫੜਿਆ ਅਤੇ ਆਪਣੇ ਹੋਰ ਦਸਤਾਵੇਜ਼ਾਂ ਨਾਲ ਬਟੂਏ ਵਿਚ ਸਾਂਭ ਦਿਤਾ।

" ਤੇ ਉਹ ਤੈਨੂੰ ਇਸ ਮੈਲੀ ਜਿਹੀ ਪੈਂਟ ਤੇ ਖਿੰਡਰੇ ਵਾਲਾਂ ਨਾਲ ਥਾਂ-ਥਾਂ ਘੁੰਮਣ ਦੀ ਇਜਾਜ਼ਤ ਦੇ ਦੇਂਦੇ ਹਨ," ਬਜ਼ੁਰਗ ਆਦਮੀ ਨੇ ਬੋਲਣਾ ਜਾਰੀ ਰਖਿਆ ਕਿਉਂਕਿ ਉਹ ਆਪਣੀ ਹੈਰਾਨੀ ਤੇ ਅਜੇ ਵੀ ਕਾਬੂ ਨਹੀਂ ਸੀ ਪਾ ਸਕਿਆ।

" ਦਰਅਸਲ, ਪਤਾ ਜੇ, ਮੈਂ ਯੂਨੀਵਰਸਟੀ ਵਿਚ ਬਿਲਕੁਲ ਹੋਰ ਤਰ੍ਹਾਂ ਦਾ ਦਿਸਦਾ ਹਾਂ। ਮੈਂ ਸਾਫ਼-ਸੁਥਰਾ ਰਹਿੰਦਾਂ, ਮਿਹਨਤ ਨਾਲ ਪੜ੍ਹਾਈ ਕਰਦਾਂ ,ਵਗੈਰਾ ਵਗੈਰਾ। ਪਰ ਜਦੋਂ ਮੈਂ ਸਫ਼ਰ ਤੇ ਨਿਕਲਦਾਂ, ਜਿਵੇਂ ਹੁਣ ਨਿਕਲਿਆ ਹੋਇਆ ਹਾਂ, ਮੈਂ ਸਭ ਕੁਝ ਭੁਲਾ ਦੇਨਾਂ ਤੇ ਮੇਰਾ ਥੋੜਾ ਫੱਕੜ ਬਣ ਕੇ ਰਹਿਣ ਦਾ ਜੀ ਕਰਦੈ। ਇੰਜ ਮੈਨੂੰ ਆਪਣਾ ਆਪ ਥੋੜਾ ਸੁਖਾਲਾ ਜਾਪਦੈ। ਤੇ ਮੈਨੂੰ ਇੰਜ ਬੇਮੰਜ਼ਲ ਸਫ਼ਰ ਕਰਨਾ ਚੰਗਾ ਲਗਦੈ, ਜਿਧਰ ਮੂੰਹ ਕੀਤਾ ਤੁਰ ਪਏ। ਮੈਂ ਕਿਸੇ ਦਾ ਕੋਈ ਨੁਕਸਾਨ ਨਹੀਂ ਕਰਦਾ। ਕਿਸੇ ਨੂੰ ਕੋਈ ਦੁਖ ਨਹੀਂ ਪੁਚਾਂਦਾ ਤੇ ਤੇ ਕਿਸੇ ਦੇ ਰਾਹ ਵਿਚ ਅਟਕਾਅ ਨਹੀਂ ਬਣਦਾ। ਜੇ ਕਿਸੇ ਨੂੰ ਥੋੜੀ ਬਹੁਤ ਮਦਦ ਚਾਹੀਦੀ ਹੋਏ ਤਾਂ ਮੈਂ ਜੋ ਵੀ ਸਰੇ, ਕਰ ਦੇਨਾਂ। ਲੋਕਾਂ ਨੂੰ ਜਾਣਨ ਦਾ ਇਹ ਸਭ ਤੋਂ ਵਧੀਆ ਢੰਗ ਹੈ। ਮੈਂ ਓਨ੍ਹਾਂ ਨਾਲ ਗਪਸ਼ਪ ਕਰਦਾ ਹਾਂ। ਲੋਕ ਕਿਸੇ ਆਕੜੇ ਹੋਏ ਜਾਂ ਰੁੱਖੇ ਬੰਦੇ ਨਾਲ ਗਲਬਾਤ ਕਰਨਾ ਪਸੰਦ ਨਹੀਂ ਕਰਦੇ। ਤੁਹਾਨੂੰ ਹਰ ਕਿਸਮ ਦੇ ਲੋਕ ਮਿਲਦੇ ਹਨ। ਹਰ ਆਦਮੀ ਇਕ ਖੁਲ੍ਹੀ ਕਿਤਾਬ ਵਾਂਗ ਹੁੰਦਾ ਹੈ, ਪਰ ਕਿਤਾਬਾਂ ਵਿਚ ਦਰਜ ਸਿਆਣਪ ਦੇ ਸ਼ਬਦਾਂ ਜਾਂ ਕਿਸੇ ਵੀ ਪਾਠ ਪੁਸਤਕ ਵਿਚਲੇ ਗਿਆਨ ਨਾਲੋਂ ਵਧ ਦਿਲਚਸਪ। ਲੋਕ ਚੰਗੇ ਵੀ ਹੁੰਦੇ ਹਨ, ਮਾੜੇ ਵੀ..."

" ਬਿਲਕੁਲ ਸਹੀ ਹੈ," ਬਜ਼ੁਰਗ ਨੇ ਹਾਮੀ ਭਰੀ, "ਲੋਕ ਚੰਗੇ ਵੀ ਹੁੰਦੇ ਹਨ, ਮਾੜੇ ਵੀ"।

ਸਾਡੀ ਗਲਬਾਤ ਰਵਾਂ ਹੁੰਦੀ ਹੁੰਦੀ ਹੁਣ ਆਪੇ ਤੁਰਦੀ ਜਾ ਰਹੀ ਸੀ।

ਪਹੁ-ਫੁਟਾਲੇ ਵੇਲੇ, ਦਿਸਹੱਦੇ ਤੋਂ ਚਾਨਣ ਦਾ ਇਕ ਗੋਲਾ ਆਂਦਾ ਦਿਸਿਆ; ਇਹ ਇੰਜਣ ਦੀ ਬੱਤੀ ਸੀ।

ਮੈਨੂੰ ਟਿਕਟ ਕਟ ਕੇ ਫੜਾਂਦਿਆਂ ਬਜ਼ੁਰਗ ਨੇ ਮੇਰੇ ਹੱਥ ਨੂੰ ਤਕੜੇ ਹੱਥੀਂ ਘੁੱਟਿਆ।

" ਫੇਰ ਕਦੇ ਏਧਰੋਂ ਲੰਘਣ ਦਾ ਸਬੱਬ ਬਣਿਆ ਤਾਂ... ਮਿਲ ਕੇ ਜਾਈਂ," ਮੈਨੂੰ ਜਾਂਦੇ ਨੂੰ ਉਸ ਨੇ ਪਿੱਛੋਂ 'ਵਾਜ ਮਾਰ ਕੇ ਕਿਹਾ।

**- ਪੰਜਾਬੀ ਰੂਪ : ਸੁਕੀਰਤ**

# ਚਾਰ ਸਿਆਣੇ

-ਬਲਰਾਜ ਸਿੰਘ

ਜਿਹੜਾ ਜ਼ਮਾਨਾ ਹੋਇਆ ਹੈ ਨਾ ਮੁਗ਼ਲਾਂ ਕੋਲੋਂ ਲੱਗ ਕੇ ਸਿੱਖਾਂ ਤਾਈਂ, ਇਥੋਂ ਤਾਈਂ ਦਾ ਪਤਾ ਹੈ, ਪੱਗ ਰੱਖਦੇ ਹੈਨ ਸਰਦਾਰ ਦੇ ਸਿਰ ਉੱਤੇ। ਸਾਰੀ ਕੌਮ ਰਿਆਇਆ ਰਲ ਕੇ। ਪੱਗ ਆਲਾ ਸਰਦਾਰ ਹੁੰਦਾ ਹਾ। ਹਰ ਕੰਮ ਦਾ ਜ਼ਿੰਮੇਵਾਰ ਹੁੰਦਾ ਹਾ। ਬਿਰਾਦਰੀ ਵਿੱਚ ਵੀ, ਓਹਦੀ ਸਰਦਾਰੀ ਮੰਨੀ ਵੇਂਹਦੀ ਹਾਈ। ਹਰ ਖ਼ੂਹ ਤੋਂ ਪੰਜ ਮਰਲੇ ਉਸਦੇ ਨਿਕਲਦੇ ਹੈਨ। ਖ਼ਰਚ ਵੀ ਓਸੇ ਦੇ ਜ਼ਿੰਮੇ ਹੁੰਦਾ ਹਾ। ਡੇਰਾ ਵੀ ਓਹੋ ਪਕੀਂਦਾ ਹਾ।

ਹਿਕ ਜ਼ਮੀਨਦਾਰ ਹੈ। ਚਾਰ ਪੁੱਤਰ ਹਨ ਓਸ ਦੇ। ਉਹ ਜ਼ਮੀਨਦਾਰ ਮਰ ਗਿਆ। ਜਿਸ ਵੇਲੇ ਚਾਲ੍ਹੀਆ ਹੋਇਆ, ਕੌਮ ਸਾਰੀ ਇਕੱਠੀ ਹੋਈ। ਵੱਡੇ ਨੂੰ ਆਖਿਓ ਨੇ, "ਸਿਰ ਉੱਤੇ ਪੱਗ ਰੱਖ। " ਉਸ ਆਖਿਆ, "ਪੱਗ ਉਮਰ ਦੇ ਲਿਹਾਜ਼ ਨਾਲ ਨਹੀਂ, ਪੱਗ ਦਾ ਹੱਕਦਾਰ ਉਹ ਹੁੰਦਾ ਹੈ, ਜਿਹੜਾ ਖ਼ਰਚਾਈਂ ਹੋਵੇ, ਨੇਕ ਹੋਵੇ, ਬਿਰਾਦਰੀ ਦਾ ਖ਼ਿਦਮਤਗਾਰ ਹੋਵੇ ਤੇ ਰਿਆਇਆ ਦਾ ਵਫ਼ਾਦਰ ਹੋਵੇ। ਪੱਗ ਦੇ ਕਾਬਿਲ ਹੈ ਅਸਾਡਾ ਨਿਕੜਾ ਭਰਾ।" ਪਰ੍ਹੇਂ ਨਿਕੜੇ ਨੂੰ ਆਖਿਆ, "ਤੂੰ ਪੱਗ ਰੱਖ।" ਉਸ ਆਖਿਆ, "ਮੇਰਾ ਇਕ ਪਿਓ ਮੋਇਆ ਹੈ ਤੇ ਤ੍ਰਾਏਂ (ਤਿੰਨੇ) ਬੈਠੇ ਨੇ। ਮੈਨੂੰ ਇੰਜ ਹਯਾ ਆਉਂਦੀ ਹੈ ਕਿ ਤ੍ਰਾਏਂ ਵੱਡਿਆਂ ਭਰਾਵਾਂ ਦੇ ਹੁੰਦਿਆਂ ਮੈਂ ਸਿਰ ਉੱਤੇ ਪੱਗ ਰੱਖਾਂ।" ਅੱਜ ਉਹ ਜ਼ਮਾਨਾ ਹੈ ਜੋ ਪੱਗ ਦੇ ਮਗ਼ਰ ਭਰਾ-ਭਰਾ ਦਾ ਸਿਰ ਕਪੀਂਦਣ।

ਅਖ਼ੀਰ ਲੋਕਾਂ ਆਖਿਆ, "ਫਲਾਣਾ ਸੱਥੀ ਹੈ। ਉਸ ਤੇ ਸੱਥ ਲੈ ਜਾਵੀਏ।" ਜ਼ਾਮਨ ਲੈ ਦੇ ਲੈਵਨੇ ਭਈ ਜਿਹਦੇ ਸਿਰ ਉੱਤੇ ਉਹ ਪੱਗ ਰੱਖੇ, ਉਹ ਕਬੂਲ ਕਰੇ। ਉਹ ਜੋ ਚਾਰੇ ਨਾਹਨ (ਨਹੀਂ) ਰੱਖਦੇ। ਉਹ ਚਾਰੇ ਭਰਾ ਟੁਰ ਪਏ ਨੇ। ਜਿਸ ਵੇਲੇ ਬਾਰ ਨੂੰ ਵੜਨ ਲੱਗੇ ਤਾਂ ਵੱਡਾ ਬੋਲਿਆ ਹੈ,"ਮਾਰਕਾ ਇਹ ਜਨਾਵਰ (ਜਾਨਵਰ) ਹੈ, ਹਕਲਾ ਟੱਪਿਆ ਖਲੋਤਾ, ਨਾਲ ਬੰਦਾ ਕੋਈ ਨਹੀਂ।"ਖੁਰਾ ਵੇਖ ਕੇ ਉਸ ਤੋਂ ਨਿਕੜੇ ਆਖਿਆ "ਡਾਚੀ ਹੈ"। ਤ੍ਰਿਆ ਬੋਲਿਆ, "ਇਕ ਅੱਖੋਂ ਕਾਣੀ ਹੈ"। ਚਉਥੇ ਆਖਿਆ," ਉੱਤੇ ਮਾਖੀ ਲੱਦਿਆ ਹੋਇਆ ਹੈ। ਥੋੜੀ ਜਿਹੀ ਢਿੱਲ ਪਿਛੋਂ ਵੱਡੇ ਹਿਕ ਖ਼ੁਰਾ ਵੇਖ ਕੇ ਆਖਿਆ,"ਜ਼ਨਾਨਾ ਹੈ"। ਦੂਏ ਆਖਿਆ, "ਪਾਓਲਿਆਣੀ (ਪੈਰੋਂ ਲੰਙੀ) ਹੈ"। ਤ੍ਰੀਏ ਆਖਿਆ, "ਰੁਠੀ ਹੋਈ ਹੈ"। ਚਉਥੇ ਆਖਿਆ, "ਪੈਰ ਭਾਰਾ ਸੂ"। ਇਤਨੇ ਤਾਈਂ ਮਗਰੋਂ ਇਕ ਡੰਡ ਕੇ ਆਲਾ ਆਣ ਰਲਿਆ।

ਕੀਹ ਮਾਰਕਾ।"ਏਥੋਂ ਕੋਈ ਜ਼ਨਾਵਰ ਲੰਘਦਾ ਡਿੱਠਾ ਨੀਂ?"ਅਖੇ, "ਡਾਚੀ ਹੈ?" "ਹਾ" "ਕਾਣੀ ਹੈ?" "ਹਾ"। "ਮਾਖੀ ਲੱਦਿਆ ਹੋਇਆ ਸੂ?"ਅਖੇ, "ਹਾ"।

"ਅਸਾਨੂੰ ਤਾਂ ਕੋਈ ਪਤਾ ਨਹੀਂ"। ਉਸ ਆਖਿਆ, "ਬੰਦੇ ਦੇ ਬੱਚੇ ਬਣੋ ਤੇ ਮੈਨੂੰ ਡਾਚੀ ਦੇਵੋ।"

ਅਕੇ , "ਫਲਾਣਾ ਸੱਥੀ ਸੁਣਿਆ ਹੋਇਆ ਈ?" "ਹਾ"। " ਅਸੀਂ ਵੀ ਸੱਥ ਲਈ ਵੇਖਨੇ ਆਂ, ਤੂੰ ਵੀ ਲਗਾ ਆ। ਡਾਚੀ ਅਸਾਨੂੰ ਪੈ ਗਈ ਤਾਂ ਲੈ ਲਵੀਂ।" ਹੁਣ ਉਹ ਪੰਜ ਹੋ ਗਏ। ਝੱਟ ਹੋਇਆ ਤਾਂ ਮਗਰੋਂ ਤ੍ਰਿਏ ਡੰਡਕਿਆਂ ਆਲੇ ਜਣੇ (ਜਨੇ) ਆਣ ਰਲੇ। "ਕੀਹ ਮਾਰਕਾ, ਏਥੋਂ ਕੋਈ ਬੰਦਾ ਲੰਘਦਾ ਡਿੱਠਾ ਹੈ ਨੇਂ?" "ਜ਼ਨਾਨੀ ਹੈ", "ਹਾ?" ਅਖੇ, "ਅਸਾਨੂੰ ਤਾਂ ਕੋਈ ਪਤਾ ਨਹੀਂ।" ਉਹਨਾਂ ਆਖਿਆ, "ਅਸਾਨੂੰ ਬਾਹੀਂ ਦੇਵੋ।" ਅਖੇ, "ਆਹੇ ਡਾਚੀ ਆਲਾ ਵੀ ਹੈ, ਤੁਸੀਂ ਵੀ ਲੱਗੇ ਆਓ।" ਓਥੋਂ ਸੱਥੀ ਕੋਲੋਂ ਗੱਲ ਕਰ ਲੈਨੇ ਹਾਂ। ਅਸਾਨੂੰ ਘਤਿਓਸ ਤਾਂ ਲੈ ਲਵੇਓ। ਹੁਣ ਇਹ ਅੱਠ ਜਣੇ ਹੋ ਗਏ।

ਟੁਰਦੇ-ਟੁਰਦੇ ਜਿਹੜੇ ਵੇਲੇ ਸੱਥੀ ਦੇ ਸ਼ਾਹਿਰ ਵਿੱਚ ਆਏ ਨੇ ਤਾਂ ਹਿਕ ਮਾਈ ਮਿਲੀ। ਉਸ ਤੋਂ ਪੁੱਛਓ ਨੇ,"ਫਲਾਣਾ ਸੱਥੀ?" ਓਸ ਆਖਿਆ, " ਓਹ ਤਾਂ ਸਾਲ ਦਾ ਮਰ ਗਿਆ ਹੋਇਆ ਹੈ।" "ਬੇੜਾ ਬੁੱਡ ਗਿਆ।" ਉਹਨਾਂ ਆਖਿਆ "ਉੱਡ ਗਇਓਸੇ"। ਹੈਰਾਨ ਖਲੋਤੇ। ਕੁਵਾਰੀ ਜਿਹੀ ਇੱਕ ਛੋਹਰ ਲੰਘੀ। ਸਿਰ ਦੇ ਉੱਤੇ ਘੜੇ। ਉਸ ਪੁੱਛਿਆ, "ਕਿਉਂ ਖਲੇ ਓ?" ਉਹਨਾਂ ਦੱਸਿਆ, "ਫਲਾਣੇ ਸੱਥੀ ਤੇ ਸੱਥ ਆਂਦੀ ਹਈ। ਪਰ ਏਥੇ ਆਣ ਕੇ ਸੁਣਿਆ ਹੈ, ਉਹ ਸਾਲ ਦਾ ਮਰ ਗਿਆ ਹੈ।" ਉਸ ਆਖਿਆ,"ਮਰ ਕੋਈ ਨਹੀਂ ਗਿਆ। ਉਹ ਡੇਰੇ ਉੱਤੇ ਸੁੱਤਾ ਪਿਆ ਹੈ। ਪਰ ਤ੍ਰੈ ਸਾਲ ਦਾ ਅੰਨ੍ਹਾਂ ਹੋ ਗਿਆ ਹੈ । ਖ਼ੈਰ ਉਹਨਾਂ ਆਖਿਆ, " ਮੁੜ ਗੱਲ ਤਾਂ ਸੁਣ ਸਕਦਾ ਹੈ।"

ਅਗਾਂਹ ਗਏ ਤਾਂ ਹਵਾ ਤ੍ਰਿੱਖੀ ਘੁਲੀ ਹੋਈ ਹੈ। ਸੱਥੀ ਦੀਆਂ ਲੱਤਾਂ ਉਦਾਈਂ ਹਵਾ  ਅਲ ਹਨ। ਮਝਲਾ ਸੱਥੀ ਦਾ ਗਲ ਆਇਆ ਪਿਆ ਹੈ। ਉਹਨਾਂ ਇੱਕ ਦੂਏ ਨੂੰ ਆਖਿਆ, "ਇਹ ਫੈਸਲਾ ਲਿਖੀ ਪਿਆ ਨੇ। ਪੜ੍ਹ ਆਪ ਲਵੋ। ਏਸ ਕਿਹੜੀ ਸੱਥ ਭੰਨਣੀ ਹੈ? ਜਿਹਨੂੰ ਇਤਨਾ ਵੀ ਹੋਸ਼ ਨਹੀਂ।"ਬੁਲਾਰੇ ਤੇ ਉਹ ਜਾਗ ਪਿਆ। ਉਸ ਪਹਿਲੇ ਲੜ੍ਹ ਕੁੰਜਿਆ ਤੇ ਆਖਿਓਸੂ," ਮਾਰਕਾ! ਸੱਤਵੀਂ ਪੀੜ੍ਹੀ ਮੇਰੇ ਨਾਨਕੇ ਅਯਾਲ ਹੈਨ। ਉਹ ਖ਼ੂਨ ਜਦੋਂ ਛਿੱਕੇ ਤਾਂ ਹੋਸ਼ ਨਹੀਂ ਰਹਿੰਦਾ। ਵੇਖਦਾ ਜੋ ਪਿਆ ਹਾਮ, ਤੇਜ਼ ਹਵਾ ਅਲ ਸਿਆਣਾ ਬੰਦਾ ਤਾਂ ਲੱਤਾਂ ਨਹੀਂ ਕਰੇਂਦਾ। ਤੁਹਾਡੀ ਸੱਥ ਨਾ ਭੰਨਾਂ ਤਾਂ

ਜਿਵੇਂ ਤੁਹਾਡਾ ਦਿਲ ਹੋਵੇ, ਉਂਝ ਕਰ ਲਿਆਏ।''ਉਹਨਾਂ ਆਖਿਆ, ''ਪਹਿਲੇ ਤਾਂ ਤੂੰ ਆਪਣੀ ਮੁਕਾ ਇਕ ਮਾਈ ਮਿਲੀ ਹੈ ਤੇ ਉਸ ਆਖਿਆ ਹੈ ਕਿ ਤੂੰ ਸਾਲ ਦਾ ਮਰ ਗਿਆ ਹੈ। ਹਿੱਕ ਛੋਹਰ ਮਿਲੀ ਹੈ ਤੇ ਉਸ ਆਖਿਆ ਕਿ ਤੂੰ ਤ੍ਰਿਏ ਸਾਲ ਦਾ ਅੰਨ੍ਹਾ ਹੈਂ। ਮਰਿਆ ਵੀ ਕੋਈ ਨਹੀਂ। ਇਹ ਕੀ ਵੱਟ ਹੈ?'' ਸੱਥੀ ਆਖਿਆ, ''ਉਹਨਾਂ ਸੱਚ ਆਖਿਆ ਹੈ, ਜਿਹੜੀ ਪਹਿਲੀ ਮਿਲੀ ਹੈ, ਉਹ ਮੇਰੀ ਸਵਾਣੀ ਹੈ ਤੇ ਮੈਂ ਸਾਲ ਦਾ ਉਸ ਕਾਨ ਮਰ ਗਿਆ ਹਾਂ। ਜਿਹੜੀ ਛੋਹਰ ਮਿਲੀ ਹੈ ਉਹ ਮੇਰੀ ਧੀ ਹੈ। ਤ੍ਰਿਏ ਸਾਲ ਦੀ ਜਵਾਨ ਹੈ। ਉਸ ਵੀ ਠੀਕ ਆਖਿਆ ਹੈ ਕਿ ਮੇਰਾ ਪਿਓ ਅੰਨ੍ਹਾ ਹੋ ਗਿਆ ਹੈ।''

ਚੰਗਾ, ਹੁਣ ਏਸ ਡਾਚੀ ਆਲੇ ਦੀ ਸੁਣੇ। ਡਾਚੀ ਆਲੇ ਆਖਿਆ, ''ਮੈਂ ਇਹਨਾਂ ਤੋਂ ਪੁੱਛਿਆ ਹੈ ਜ਼ਨਾਵਰ ਕਰਕੇ। ਇਹਨੇ ਆਖਿਆ ਹੈ ਡਾਚੀ ਹੈ। ਕਾਣੀ ਹੈ। ਮਾਖੀ ਲੱਦਿਆ ਹੋਇਆ ਸੂ। ਹੁਣ ਆਂਹਦਨ (ਆਖਣ) ਕਿ ਪਤਾ ਕੋਈ ਨਹੀਂ। ਉਸ ਉਹਨਾਂ ਚੌਹਾਂ ਭਰਾਵਾਂ ਅੱਲ ਮੂੰਹ ਕੀਤਾ। ਵੱਡੇ ਆਖਿਆ, '' ਏਸ ਪੁੱਛਿਆ ਹੈ ਜ਼ਨਾਵਰ ਟੱਪਿਆ ਹੈ।'' ਮੈਂ ਆਖਿਆ, ''ਜੀ ਡਾਚੀ ਹੈ।'' ਕਿਉਂ ਜੋ ਉਸਦਾ ਮੂਤਰ ਖੁਰਿਆਂ ਉੱਤੇ ਹੈ। ਦੂਏ ਆਖਿਆ, ''ਡਾਚੀ ਨਾਲ ਮਰਦਾਵਾਂ ਖੁਰਾ ਕੋਈ ਨਾ। ਮੈਂ ਏਸ ਤੋਂ ਆਖਿਆ ਹਕਲੀ ਹੈ।'' ਤ੍ਰਿਏ ਭਰਾ ਆਖਿਆ, ''ਮੈਂ ਆਖਿਆ ਜੀ ਕਾਣੀ ਏ। ਕਿਉਂ ਜੋ ਹਿਕ ਪਾਸੋਂ ਰੁੱਖਾਂ ਨੂੰ ਚਰਦੀ ਹੈ ਤੇ ਦੂਏ ਪਾਸੇ ਮੂੰਹ ਨਹੀਂ ਮਰੇਂਦੀ।''ਚਉਥੇ ਆਖਿਆ, ''ਜੀ ਮੈਂ ਆਖਿਆ, ''ਮਾਖੀ ਲੱਦਿਆ ਹੋਇਆ ਸੂ, ਕਿਉਂ ਜੋ ਜਿਹਨਾਂ ਝਾੜੀਆਂ ਨੂੰ ਖੰਨ ਕੇ ਲੰਘਦੀ ਹੈ ਉੱਥੇ ਮਾਖੀ ਦੀਆਂ ਮੱਖੀਆਂ ਮੈਂ ਡਿੱਠੀਆਨ।''ਸੱਥੀ ਡਾਚੀ ਆਲੇ ਨੂੰ ਆਖਿਆ, ''ਤੂੰ ਵਗ ਜਾ। ਡਾਚੀ ਇਹਨਾਂ ਕੋਲ ਕਾਈ ਨਹੀਂ। ਐਂਵੇ ਢੂੰਡ ਨਾ ਵੰਜ੍ਹਾ।

ਹੁਣ ਵਾਰੀ ਸਵਾਣੀ ਆਲੇ ਬੇਲੀਆਂ ਦੀ ਆ ਗਈ। ਸੱਥੀ ਆਖਿਆ, '' ਹਲਾ ਭਈ ਤੁਸੀਂ ਗੱਲ ਕਰੋ।'' ਉਹਨਾਂ ਗੱਲ ਕੀਤੀ, ਅਸਾਂ ਪੁੱਛਿਆ ਹੈ ਕਿ ਏਥੋਂ ਕੋਈ ਬੰਦਾ ਲੰਘਿਆ ਹੈ। ਇਹਨਾਂ ਆਖਿਆ ਹੈ। ਜ਼ਨਾਨੀ ਹੈ। ਪਾਓਲਿਆਣੀ (ਪੈਰੋਂ ਲੰਗੀ) ਹੈ। ਰੁਠੀ ਹੋਈ ਹੈ ਤੇ ਪੈਰ ਭਾਰਾ ਸੂ। ਹੁਣ ਆਂਹਦਨ (ਆਖਣ) ਪਤਾ ਨਹੀਂ। ਪਹਿਲੇ ਆਖਿਆ, ''ਜੀ ਮੈਂ ਆਖਿਆ ਹੈ ਕਿ ਜ਼ਨਾਨਾ ਖੁਰਾ ਹੈ।'' ਦੂਏ ਆਖਿਆ, ''ਜੀ ਮੈਂ ਆਖਿਆ ਹੈ ਕਿ ਪਾਓਲਿਆਣੀ ਹੈ। ਕਿਉਂ ਜੋ ਇਕ ਕਦਮ ਲੰਮਾ ਪਟੇਂਦੀ (ਪੁੱਟਦੀ) ਹੈ ਤੇ ਦੂਆ ਨਿੱਕਾ। ਇਹ ਤਾਣੇ ਦੀ ਹਿੱਲੀ ਹੋਈ ਹੋਣੀ ਹੈ।''ਤ੍ਰੀਏ ਆਖਿਆ ''ਹੈ ਜੀ, ਰੁਠੀ ਹੋਈ। ਅਗਾਂਹ ਭੱਜਦੀ ਹੈ ਤੇ ਖੁਰੇ ਪਿਛਾਂਹ ਮੁੜਵੇਂ। ਮਗਰੋਂ (ਭਓਂ-ਭਓਂ ) ਕੇ ਵੇਖਦੀ ਹੈ। ਭਈ ਪਿਛੋਂ ਕੋਈ ਆਉਂਦਾ ਤਾਂ ਨਹੀਂ ਪਿਆ। ਚਉਥਾ ਬੋਲਿਆ, ''ਜਿੱਥੇ ਪਿਸ਼ਾਬ ਕੀਤਾ ਸੂ, ਉਥੇ ਦੋਵਾਂ ਹੱਥਾਂ ਦੀਆਂ ਤਲੀਆਂ ਦੇ ਨਿਸ਼ਾਨ ਲੱਗੇ ਖਲੋਤੇ ਹਨ। ਟੇਕ ਨਾਲ ਉੱਠੀ ਹੈ। ਜੇਸ ਤੋਂ ਮੈਂ ਆਖਿਆ ਪੈਰ ਭਾਰਾ ਸੂ।''

ਹਲਾ ਹੁਣ ਸਾਡੀ ਸੁਣ। ਅਸੀਂ ਚਾਰੋਂ ਭਰਾ ਹਾਂ। ਪਿਓ ਫੌਤ ਹੋ ਗਿਆ ਹੈ। ਪੱਗ ਉੱਤੇ ਸਾਡਾ ਝੇੜਾ ਹੈ। ਚੌਹਾਂ ਵਿਚੋਂ ਕੋਈ ਵੀ ਸਿਰ ਉੱਤੇ ਨਹੀਂ ਰੱਖਦਾ। ਏਹ ਹੁਣ ਤੂੰਹੀ ਰੱਖਣੀ ਹੈ। ਜ਼ਾਮਨ ਅਸੀਂ ਪਹਿਲੇ ਲਏ ਦਿੱਤੇ ਹੋਏਨ। ਸੱਥੀ ਉਠੀਕੇ ਘਰ ਲਗਾ ਗਿਆ। ਉਹਦੀ ਸੁਲਾਹੋਂ ਹੈਨ, ਉਹਾ ਧੀ ਤੇ ਉਹਾ ਸੁਆਣੀ। ਉਸ ਆਖਿਆ, ''ਜਿਹੜੇ ਏਹ ਚਾਰ ਪਰਾਹੁਣੇ ਆਏ ਬੈਠੇਨ ਏਹਾ ਚਾਰੇ ਮੈਥੋਂ ਦਾਅਨਾ ਹਨ। ਦਾਅਨਾ ਦੀ ਸੱਥ ਭੰਨਣੀ ਅਉਖੀ ਹੁੰਦੀ ਹੈ। ਬੇਦਾਅਨਾ ਆਪਣੀਆਂ ਗੱਲਾਂ ਵਿੱਚ ਫਸ ਵਹਿੰਦਾ ਹੈ (ਬਹਿੰਦਾ ਹੈ) ਏਹਾ ਤਾਂ ਚਾਰੋਂ ਵਕੀਲ ਹਨ ਤੇ ਮੈਥੋਂ ਵਧੀਕ ਹਨ। ਦੱਸੋ ਹੁਣ ਕੀ ਕਰਾਂ ?'' ਧੀ ਤੇ ਸਵਾਣੀ ਆਖਿਆ, '' ਸੌਖੀ ਗੱਲ ਹੈ। ਚਾਰੇ ਹਨ ਅਮੀਰ ਬੰਦੇ। ਚੌਹਾਂ ਨੂੰ ਹਿਕ-ਹਿਕ ਨੌਕਰ ਤੇ ਹਿਕ-ਹਿਕ ਕਮਰਾ ਆਪੋ-ਆਪ ਦੇਹ, ਰਾਤ ਦੇ ਰਹਿਣ ਵਾਸਤੇ। ਵੱਤ ਇਹਨਾਂ ਚੌਹਾਂ ਤੋਂ ਪੁੱਛ ਤੁਹਾਡੀ ਰਾਤ ਕਿਵੇਂ ਟੱਪਦੀ ਹੈ? ਇਨਾਂ ਦੀਆਂ ਗੱਲਾਂ ਵਿਚੋਂ ਪਤਾ ਲੱਗ ਜਾਸੀ ਕਿ ਪੱਗ ਦੇ ਕਾਬਲ ਕਿਹੜਾ ਹੈ?''

ਸੱਥੀ ਉਹਨਾਂ ਨੂੰ ਰਾਤ ਰਿਹਾਈ। ਚੌਹਾਂ ਨੂੰ ਚਾਰੇ ਕਮਰੇ ਤੇ ਚਾਰੇ ਨੌਕਰ ਦਿੱਤੇ। ਵੱਡੇ ਤੋਂ ਨੌਕਰ ਪੁੱਛਿਆ ''ਘਰ ਦੇ ਪਏ ਪੁੱਛਦੇਨ ਤੁਹਾਡੀ ਰਾਤ ਕਿਵੇਂ ਟੱਪਦੀ ਹੈ?'' ਉਸ ਆਖਿਆ, ''ਮੈਂ ਕੋਈ ਅੰਨ ਨਹੀਂ ਖਾ ਸਕਦਾ ਸਿਵਾਏ ਕਣਕ ਦੇ। '' ਕਣਕ ਓਦੋਂ ਔਖੀ ਹੁੰਦੀ ਹੈ। ਖੂਹਾਂ ਦੇ ਜ਼ਮਾਨੇ ਹੋਏਨ ਤੇ ਕਣਕਾਂ ਬੰਦਿਆਂ ਤੇ ਘੱਟ ਹੁੰਦੀਆਂ ਹੈਨ। ਖ਼ੈਰ ਉਹਨਾਂ ਕਣਕ ਦੀ ਰੋਟੀ ਦਿਵਾ ਘੱਲੀ । ਜਦੋਂ ਉਹ ਰੋਟੀ ਖਾ ਰਹਿਆ ਤਾਂ ਨੌਕਰ ਪੁੱਛਿਆ,''ਕਣਕ ਦੀ ਹੈ?'' ਅਖੇ, ''ਹੈ ਤਾਂ ਕਣਕ ਦੀ ਪਰ ਛਿੜਗਾਹ ਗੱਧੜਿਆ ਦਾ ਘੱਤੀ ਰੱਖਿਆ ਨੇ, ਵਿਚੋਂ ਮੂਤਰ ਦੀ ਹਵਾੜ ਆਉਂਦੀ ਹੈ। ਉਸ ਜਾ ਕੇ ਸਾਰੀ ਗੱਲ ਸਥੀ ਨੂੰ ਦੱਸੀ। ਸੱਥੀ ਆਖਿਆ, '' ਓਸ ਭੜਵੇ ਤੋਂ ਕੋਈ ਪੁੱਛੇ ਅਸਾਥੇ ਥੱਬੀ ਕਣਕ ਦੀ ਹੈ। ਅਸੀਂ ਦਾਨਦਾ (ਦਾਨ ਦਾਂ) ਦਾ ਘਾਹ ਕਿਵੇਂ ਘੱਤੀਏ ਹਾ। ਉਸ ਗੱਲ ਠੀਕ ਕੀਤੀ ਹੈ।''ਦੂਏ ਭਰਾ ਕੋਲੋਂ ਨੌਕਰ ਪੁੱਛਿਆ,''ਤੁਹਾਡੀ ਰਾਤ ਕਿਵੇਂ ਲੰਘਦੀ ਹੈ?''ਉਸ ਵਲਦਾ ਦਿੱਤਾ,'' ਤਿਰ ਵੱਸ ਮੱਝ ਹੋਵੇ ਰੱਤੀ ਕੇਲ। ਤ੍ਰੀਏ ਸਾਲ ਦੀ ਸੂਈ ਹੋਵੇ, ਉਹਦਾ ਲੋਟਾ ਦੁੱਧ ਦਾ ਨਾਂ ਹੋਵੇ ਤਾਂ ਮੈਨੂੰ ਨੀਂਦਰ ਨਹੀਂ ਆਉਂਦੀ।'' ਉਹਨਾਂ ਉਹਦੀ ਮਰਜ਼ੀ ਦਾ ਦੁੱਧ ਦਿਵਾ ਘੱਲਿਆ। ਨੌਕਰ ਦੁੱਧ ਪਿਆ ਕੇ ਪੁੱਛਿਆ, ''ਤ੍ਰੀਓਸ ਦਾ ਹੈ?'' ਅਖੇ, ''ਹੈ ਤਾਂ ਤ੍ਰੀਓਸ ਦਾ , ਬੰਨ੍ਹੀ ਹੋਈ ਨਾ ਹੁੰਦੀ ਤਾ ਨਾਰੇ ਦਾ ਸਾਅ ਨਾ ਆਵੇ ਹਾ''। ਨੌਕਰ ਜਾ ਕੇ ਸੱਥੀ ਨੂੰ ਦੱਸਿਆ, ਉਸ ਆਖਿਆ, ਵਾਕਿਆ! ਤ੍ਰੀਏ ਮਹੀਨੇ ਦੀ ਬੰਨ੍ਹੀ ਹੋਏ ਹੈ।''ਤ੍ਰੀਏ ਭਰਾ ਕੋਲੋਂ ਨੌਕਰ ਪੁੱਛਿਆ, ''ਤੁਹਾਡੀ ਰਾਤ ਕਿਵੇਂ ਲੰਘਦੀ ਹੈ?'' ਅਖੇ, ''ਲੱਪ ਸ਼ਰਾਬ ਦੀ ਨਾ ਹੋਵੇ ਤਾਂ ਮੈਨੂੰ ਨੀਂਦਰ ਨਹੀਂ ਆਉਂਦੀ। ਉਹਨਾਂ ਸ਼ਰਾਬ ਦਵਾ ਘੱਲੀ। ਜਦੋਂ ਸਰਾਬ ਪੀ ਰਿਹਾ ਤਾਂ ਨੌਕਰ ਪੁੱਛਿਆ, ''ਕੋਹੇ ਜਿਹੀ ਹੈ?'' ਆਖਿਓਸ, ''ਸ਼ਰਾਬ ਤਾ ਹਾਈ ਪਰ ਬਨਾਉਣ ਵੇਲੇ ਹੇਠ ਹੱਡੀ ਧੁੱਖ਼ਦੀ ਰਹੀ ਹੈ। ਸਵਾਦ ਨਹੀਂ ਆਇਆ।'' ਨੌਕਰ ਸਭ ਤੋਂ ਨਿਕੜੇ ਤੋਂ ਪੁੱਛਿਆ, ''ਤੁਹਾਡੀ ਰਾਤ ਕਿਵੇਂ ਲੰਘਦੀ ਹੈ?'' ਉਸ ਆਖਿਆ, ''ਜ਼ਨਾਨੀ (ਦੀ) ਬਾਂਹ ਸਿਰ ਹੇਠ ਹੋਵੇ, ਤਾਂ ਮੈਨੂੰ ਨੀਂਦਰ ਆਉਂਦੀ ਹੈ। ਉਹਨਾਂ ਕੰਜਰੀ ਘੱਲੀ। ਜਿਸ ਵੇਲੇ ਕੰਜਰੀ ਬੂਹਿਓਂ ਵੜੀ ਤਾਂ ਉਸ ਆਖਿਆ, ਅੰਦਰ ਨਾ ਵੜੀਂ, ਖ਼ੁਦਾ ਵੇਖਦਾ ਪਿਆ ਹੈ। ਜਦੋਂ ਤਾਈਂ ਬਚਪਨਾ ਰਿਹਾ ਹੈ, ਅੰਮਾਂ ਦੀ ਬਾਹ ਸਿਰ ਹੇਠ ਰਹੀ ਹੈ। ਜਦੋਂ ਦੀ ਸ਼ਾਦੀ ਹੋਈ ਹੈ। ਆਪਣੀ ਸੁਆਣੀ ਦੀ ਬਾਂਹ ਮੇਰੇ ਸਿਰ ਹੇਠ ਹੁੰਦੀ ਹੈ। ਗ਼ੈਰ ਸਵਾਣੀ ਵੱਲੋਂ ਤਾਂ ਅੱਜ ਤਾਈਂ ਅੱਖ ਚਾਅ ਕੇ ਨਹੀਂ ਵੇਖੀ।'' ਓਸ ਵੇਲੇ ਨੌਕਰ ਘਰ ਗਿਆ ਤੇ ਓਸ ਸਾਰੀ ਗੱਲ ਸੁਣਾਈ।

ਫ਼ਜ਼ਰ ਨੂੰ ਸੱਥੀ ਡੇਰੇ ਉੱਤੇ ਆਇਆ। ਉਸ ਆਖਿਆ,'' ਮੇਰੀ ਨਜ਼ਰ ਵਿੱਚ ਪੱਗ ਦੇ ਕਾਬਲ ਏਹ ਨਿਕੜਾ ਨੇ।'' ਤ੍ਰੀਏ (ਤਿੰਨੇ) ਭਰਾ ਉੱਠੇ ਉਹਨਾਂ ਨਿਕੜੇ ਨੂੰ ਹਾ ਨਾਲ ਚਾ ਲਾਇਆ ਤੇ ਆਖਿਓ ਨੇ ''ਏਹ ਭੈੜਾ ਬੰਦਾ ਨਾ, ਅਸਾਡੀ ਨਜ਼ਰ ਵਿੱਚ ਵੀ ਏਹੋ ਹਾ।''

ਇਕ ਪਾਤਰੀ ਨਾਟਕ



# ਖ਼ੁਸ਼ਬੂ

-ਸਵਰਾਜਬੀਰ

(ਉਜਾਗਰ ਸਿੰਘ, ਉਮਰ 54-56 ਸਾਲ, ਤਗੜਾ ਸਰੀਰ, ਕਰੜੀ-ਬਰੜੀ ਦਾੜ੍ਹੀ, ਪਰ ਜ਼ਿਆਦਾ ਚਿੱਟੀ, ਕੈਦੀਆਂ ਵਾਲੇ ਕੱਪੜੇ, ਜੇਲ ਵਿਚ ਤੁਰ ਫਿਰ ਰਿਹਾ ਹੈ। ਉਹ ਜਿਉਂਦਾ ਏ ਜਾਂ ਜਿਉਂਦੀ ਲਾਸ਼ ਏ, ਕੌਣ ਕਹਿ ਸਕਦਾ ਏ? ਪਰ ਉਹ ਹੈ ਬੜੇ ਰੋਹਬ ਵਾਲਾ। ਉਹਦਾ ਤੁਰਨ ਦਾ ਅੰਦਾਜ਼ ਅਣਖੀਆਂ ਵਾਲਾ ਹੈ ਪਰ ਤੋਰ ਵਿਚ ਕਿਤੇ ਉਦਾਸੀ ਵੀ ਏ।)

ਉਜਾਗਰ ਸਿੰਘ :

ਫੁੱਲ ਸੁੱਕ ਜਾਂਦੇ
ਮਹਿਕਾਂ ਦੇ ਪੰਧ ਮੁੱਕ ਜਾਂਦੇ
ਖ਼ੁਸ਼ਬੂ ਵਿਹੂਣੇ ਵਿਹੜੇ
ਖਾਂਘੜ ਰੁੱਖ
ਜ਼ੋਰ ਜ਼ੋਰ ਦੀ ਖੰਘਦੇ
ਜਿਊਣ ਲਈ ਆਸਰਾ ਮੰਗਦੇ

ਇਹ ਖ਼ੁਸ਼ਬੂ...ਇਹ ਕੀ ਹੁੰਦੀ ਏ?
ਇਹ ਇਨਸਾਨ ਦੀ ਰੂਹ...ਇਹ ਕੀ ਹੁੰਦੀ ਏ...?

ਕੌਣ ਹਾਂ ਮੈਂ
ਧਰਤ 'ਤੇ ਖਲੋਤਾ ਹੋਇਆ
ਹਵਾ ਵਿਚ ਕੰਬਦਾ
ਆਪਣੇ ਅੰਦਰ ਅੰਦਰ ਹੀ ਰੰਭਦਾ

ਕੌਣ ਹਾਂ ਮੈਂ...?

ਨਾਮ ਉਜਾਗਰ ਸਿੰਘ...! ਕੌਮ ਜੱਟ!...ਕਿੱਤਾ ਖੇਤੀਬਾੜੀ!...ਪਿੰਡ ਸਰਾਏ ਨੱਥੂ ਮੱਲ...!

(ਉਹ ਆਪਣੀ ਜ਼ਿੰਦਗੀ ਦੇ ਤੱਥਾਂ ਬਾਰੇ ਬੜੀ ਅਲਹਿਦਗੀ ਵਾਲੇ ਲਹਿਜੇ ਨਾਲ ਦੱਸ ਰਿਹਾ ਹੈ, ਜਿਵੇਂ ਇਹ ਉਹਦੀ ਜ਼ਿੰਦਗੀ ਦੀਆਂ ਨਹੀਂ, ਸਗੋਂ ਕਿਸੇ ਹੋਰ ਦੀ ਜ਼ਿੰਦਗੀ ਦੀਆਂ ਗੱਲਾਂ ਹੋਣ।)

ਤੀਹ ਇਕੱਤੀ ਵਰ੍ਹੇ ਪਹਿਲਾਂ ਮੇਰਾ ਵਿਆਹ ਹੋਇਆ...ਮੇਰੀ ਘਰਵਾਲੀ ਜਸਵਿੰਦਰ ਕੌਰ...ਉਹਦਾ ਘਰ ਦਾ ਨਾਂ ਗੋਗੀ ਏ...ਜ਼ਨਾਨੀਆਂ ਵਰਗੀ ਜ਼ਨਾਨੀ!...(ਥੋੜ੍ਹੀ ਵੱਖਰੀ ਰੌਅ ਵਿਚ, ਅਲਹਿਦਗੀ ਵਾਲਾ ਲਹਿਜਾ ਛੱਡ, ਥੋੜ੍ਹੇ ਪੁਰਜ਼ੋਰ ਪਰ ਸੰਜਮੀ ਲਹਿਜ਼ੇ ਵਿਚ...ਉਸ ਆਦਮੀ ਦੇ ਅੰਦਾਜ਼ ਵਿਚ ਜੋ ਇਹ ਕਹਿਣਾ ਚਾਹ ਰਿਹਾ ਹੋਵੇ ਕਿ ਜੋ ਉਹ ਕਹਿਣ ਜਾ ਰਿਹਾ ਹੈ ਉਹ ਇਕ ਵੱਡੀ ਗੱਲ ਹੈ, ਜੀਵਨ ਦਾ ਕੋਈ ਵੱਡਾ ਸੱਚ।)...ਤੁਸੀਂ ਸਮਝਦੇ ਓ ਨਾ, ਮੈਂ ਕੀ ਕਹਿ ਰਿਹਾਂ...! ਉਹ ਆਮ ਜ਼ਨਾਨੀਆਂ ਵਰਗੀ ਜ਼ਨਾਨੀ ਏ...ਹਾਂ ਜਨਾਬ! ਜਿੱਦਾਂ ਦੀਆਂ ਜ਼ਨਾਨੀਆਂ ਹੁੰਦੀਆਂ ਨੇ...। ਆਮ ਜਿਹੀ ਜ਼ਨਾਨੀ ਤੋਂ ਮੇਰਾ ਮਤਲਬ ਏ...ਜਿਹੜੀ ਜਿੱਥੇ ਉਹਦੇ ਘਰ ਦੇ ਕਹਿਣ, ਓਥੇ ਵਿਆਹ ਕਰਾਊ...ਨਿਆਣੇ ਜੰਮਾਊ...ਕਦੇ ਘਰ ਵਾਲੇ ਨਾਲ ਲੜ ਲਊ ਤੇ ਕਦੇ ਸੱਸ ਨਾਲ... ਕਦੇ ਘਰਵਾਲੇ ਨਾਲ ਚੰਗੀ ਤਰ੍ਹਾਂ ਨਾਲ ਬੋਲ ਲਊ...ਤੇ ਕਦੇ...ਉਹਨੂੰ ਹਲਕਾਈ ਕੁੱਤੀ ਆਂਗੂੰ ਕੁੱਦ ਕੇ ਪੈ ਜੂ...ਆਪਣੇ ਪੇਕਿਆਂ ਦੀ ਤਾਰੀਫ਼ ਕਰੀ ਜਾਊ!...ਹਾਂ...ਏਦਾਂ ਦੀ ਹੁੰਦੀ ਏ ਸਾਡੇ ਏਥੇ ਆਮ ਜਹੀ ਜ਼ਨਾਨੀ!...ਤੇ ਜਨਾਬ...ਹੋਣੀ ਵੀ ਏਦਾਂ ਈ ਚਾਹੀਦੀ ਏ!...ਏਹਦੇ ਤੋਂ ਵੱਧ ਜਾਂ ਘੱਟ...ਆਪਣੇ ਏਥੇ ਫਿਟ ਈ ਨਹੀਂ ਹੁੰਦੀ!...ਤੇ ਏਸ ਆਮ ਜਹੀ ਜ਼ਨਾਨੀ ਗੋਗੀ ਤੋਂ ਮੇਰੇ ਤਿੰਨ ਬੱਚੇ ਹੋਏ...ਪਹਿਲੀ ਧੀ...ਫੇਰ ਪੁੱਤਰ... ਤੇ ਫੇਰ ਧੀ...!...(ਥੋੜ੍ਹਾ ਉੱਚੀ ਤੇ ਹਰ ਸ਼ਬਦ ਨੂੰ ਅਲਹਿਦਾ ਅਲਹਿਦਾ ਤੇ ਬਹੁਤ ਜ਼ੋਰ ਦੇ ਕੇ ਬੋਲਦਾ ਹੋਇਆ)...ਹਾਂ ਮੇਰੀਆਂ...ਦੋ...ਧੀਆਂ...ਤੇ...ਇਕ...ਪੁੱਤਰ...ਸਨ।

(ਉਸ ਨੇ ਪਿਛਲੇ ਵਾਕ ਵਿਚ 'ਹਾਂ' ਅਤੇ 'ਸਨ' 'ਤੇ ਬਹੁਤ ਜ਼ੋਰ ਦਿੱਤਾ। ਸ਼ਬਦ 'ਸਨ' ਕਿਸੇ ਹਥੌੜੇ ਵਾਂਗ ਵੱਜਦਾ ਹੈ। ਇਕ ਪਲ ਦਾ ਵਕਫ਼ਾ। ਇਕ ਪਲ ਦੀ ਬੋਝਲ ਚੁੱਪ। ਉਹ ਫਿਰ ਬੋਲਣਾ ਸ਼ੁਰੂ ਕਰਦਾ ਹੈ। ਕੁਝ ਸ਼ਬਦਾਂ 'ਤੇ ਖ਼ਾਸ ਜ਼ੋਰ ਦਿੰਦਾ ਹੋਇਆ)

...ਤੇ ਹੁਣ...ਹੁਣ ਤਿੰਨ ਨਹੀਂ, ਦੋ ਨੇ...ਇਕ ਧੀ ਤੇ ਇਕ ਪੁੱਤਰ...! (ਉਤੇਜਿਤ ਹੁੰਦਾ ਹੋਇਆ) ਛੋਟੀ ਧੀ...ਹਾਂ...ਮੇਰੀ ਛੋਟੀ ਧੀ...ਅਸੀਂ ਉਹਨੂੰ ਛੋਟੀ ਹੀ ਕਹਿੰਦੇ ਸਾਂ...ਉਹ ਮਰ ਗਈ!...ਹਾਂ ਮਰ ਗਈ ਛੋਟੀ!...ਏਸ ਦੁਨੀਆ ਵਿਚ ਕਿੰਨੇ ਲੋਕ ਨੇ ਜੋ ਜਵਾਨ ਉਮਰੇ ਹੀ ਮਰ ਜਾਂਦੇ ਨੇ...ਤੇ ਉਹ ਮਰ ਗਈ....! (ਜ਼ੋਰ ਨਾਲ, ਲਗਭਗ ਚੀਖ਼ਦਾ ਹੋਇਆ) ਨਹੀਂ...ਨਹੀਂ...ਉਹ ਮਾਰ ਦਿੱਤੀ ਗਈ!...ਹਾਂ, ਉਹ ਮਾਰ ਦਿੱਤੀ ਗਈ!... ਉਹਦਾ ਕਤਲ ਹੋਇਆ!...ਹਾਂ, ਉਹਦਾ ਕਤਲ ਹੋਇਆ!...ਤੇ ਉਹ ਕਤਲ...ਉਹ ਕਤਲ ਮੈਂ ਕੀਤਾ!...ਮੈਂ ਕੀਤਾ ਤੇ ਮੇਰੇ ਪੁੱਤ ਨੇ...ਅਸਾਂ 'ਕੱਠਿਆ!...ਤੇ ਸਾਰਾ ਜ਼ਿੰਮਾ ਮੈਂ ਲੈ ਲਿਆ...ਆਪਣੇ ਉੱਤੇ...ਤੇ ਹੁਣ, ਮੈਂ ਕੈਦ ਆਂ!...ਉਮਰ ਕੈਦ ਹੋਈ ਏ ਮੈਨੂੰ!...(ਹੋਰ ਉਤੇਜਨਾ ਨਾਲ)...ਤੇ ਮੈਨੂੰ ਇਹਦਾ ਕੋਈ ਗ਼ੁੱਸਾ, ਕੋਈ ਰੋਸ, ਕੋਈ ਮਲਾਲ ਨਈਂ!...ਮੈਂ ਤੇ ਮੇਰੇ ਪੁੱਤ ਨੇ ਜੋ ਕੀਤਾ...ਉਹ ਠੀਕ ਕੀਤਾ...! ਉਹ ਛੋਟੀ...ਉਹ ਆਮ ਜਹੀ ਕੁੜੀ ਨਈਂ ਸੀ!...ਉਹ ਆਮ ਤੋਂ ਕਿਤੇ ਵੱਧ ਸੀ!...ਸਾਡੀ ਅਣਖ ਨੂੰ ਵੱਟਾ ਲਾਉਣ 'ਤੇ ਤੁਲੀ ਹੋਈ ਸੀ...! ਕਮਜਾਤ ਨਾਲ ਵਿਆਹ ਕਰਾਉਣਾ ਚਾਹੁੰਦੀ ਸੀ...ਸਾਡਾ ਨੱਕ ਵਢਾਉਣਾ ਚਾਹੁੰਦੀ ਸੀ...! ਤੇ ਅਸੀਂ...ਅਸੀਂ ਇਹ ਕਿੱਦਾਂ ਹੋਣ ਦੇ ਸਕਦੇ ਸਾਂ?...ਸਾਡੀ ਜੱਟਾਂ ਦੀ ਧੀ...ਕੰਮੀਆਂ ਦੇ ਮੁੰਡੇ ਨਾਲ ਵਿਆਹ ਕਰਾਵੇ!...ਜੇ ਏਦਾਂ ਹੋ ਜਾਂਦਾ, ਤਾਂ ਸਾਡਾ ਕੀ ਜੀਣਾ ਸੀ?...ਕਿਥੋਂ ਦੇ ਰਹਿ ਜਾਣਾ ਸੀ ਅਸੀਂ?...ਬੜਾ ਸਮਝਾਇਆ, ਬੜਾ ਵਰਜਿਆ ਉਹਨੂੰ...ਪਰ ਹਟਦੀ ਨਈਂ ਸੀ, ਉਸ ਮੁੰਡੇ ਨੂੰ ਮਿਲਣੋਂ...!

(ਇਕ ਪਲ ਦਾ ਵਕਫ਼ਾ)

...ਤੇ ਇਕ ਦਿਨ ਉਹ ਕਾਲਜ ਗਈ ਸੀ...ਤਾਂ ਮੈਂ ਵੀ ਉਹਦੇ ਪਿੱਛੇ-ਪਿੱਛੇ ਗਿਆ।...ਮੈਂ ਖ਼ੁਦ ਵੇਖੀ...ਉਸ ਮੁੰਡੇ ਨਾਲ ਖਲੋਂਦੀ, ਬਹਿੰਦੀ, ਗੱਲਾਂ ਕਰਦੀ...। ਮੇਰਾ ਖ਼ੂਨ ਖੌਲ ਉੱਠਿਆ...ਮੇਰਾ ਜੀ ਕਰੇ ਓਥੇ ਈ ਉਹਦਾ ਤੇ ਉਸ ਮੁੰਡੇ ਦਾ ਗਲਾ ਘੁੱਟ ਦਿਆਂ!...ਫਿਰ ਬੜੀ ਕੋਸ਼ਿਸ਼ ਕਰਕੇ ਮੈਂ ਆਪਣੇ ਆਪ 'ਤੇ ਕਾਬੂ ਪਾਇਆ।...ਘਰ ਆ ਕੇ ਗੱਲ ਕੀਤੀ...ਮੈਂ ਕਿਹਾ, ਮੈਂ ਜਿਉਂਦੀ ਨਈਂ ਛੱਡਣਾ, ਏਸ ਹਰਾਮਜ਼ਾਦੀ ਨੂੰ!...ਮੇਰੀ ਘਰਵਾਲੀ ਗੋਗੀ ਨੇ ਰੋਣਾ ਪਿੱਟਣਾ ਪਾ ਦਿੱਤਾ...ਕਹਿੰਦੀ ਇਹ ਕਾਰਾ ਨਾ ਕਰਿਓ...ਮੈਂ ਇਹਨੂੰ ਸਮਝਾਊਂ...ਤੇ ਗੋਗੀ ਨੇ ਉਹਨੂੰ ਸਮਝਾਇਆ ਵੀ...। ਅੰਦਰ ਵੜ ਕੇ ਸਮਝਾਇਆ, ਕੁੱਟਿਆ, ਮਾਰਿਆ!...ਪਰ ਉਹ ਏਨੀ ਜ਼ਿੱਦੀ ਸੀ...ਏਨੀ ਜ਼ਿੱਦੀ ਸੀ ਕਿ ਬੰਦਾ ਕੀ ਕਰੇ!...ਪਤਾ ਨਈਂ...ਉਹਦੇ ਦਿਲ ਵਿਚ ਕੀ ਆ ਗਿਆ ਸੀ...ਇਕੋ ਅੜੀ...ਕਿ ਮੈਂ ਤੇ ਏਸੇ ਮੁੰਡੇ ਨਾਲ ਵਿਆਹ ਕਰਾਉਣੈ!...ਤੇ ਹੱਠ ਵੇਖੋ...ਕਹਿੰਦੀ, ਜੇ ਤੁਸੀਂ ਨਾ ਕਰੋਗੇ ਤਾਂ ਮੈਂ ਆਪੇ ਈ ਕਰਾ ਲਊਂ!...ਮੈਂ ਕਿਹਾ, ਮੈਂ ਵੀ ਜੱਟ ਦਾ ਪੁੱਤ ਆਂ...ਏਦਾਂ ਤੇ ਮੈਂ ਵੀ ਨਈਂ ਹੋਣ ਦੇਣਾ...!

(ਇਕ ਪਲ ਦਾ ਵਕਫ਼ਾ)

ਇਕ ਦਿਨ ਗੋਗੀ ਆਪਣੇ ਪੇਕੇ ਗਈ ਹੋਈ ਸੀ...!...ਉਸ ਸ਼ਾਮ ਮੈਂ ਆਪਣੇ ਪੁੱਤਰ ਨਾਲ ਸਲਾਹ ਕੀਤੀ...ਤੇ ਰਾਤ ਨੂੰ, ਛੋਟੀ ਨਾਲ ਗੱਲ ਛੇੜੀ...ਸਾਫ਼ ਸਾਫ਼ ਕਿਹਾ ਕਿ ਜੇ ਉਹਨੇ ਸਾਡੀ ਗੱਲ ਨਾ ਮੰਨੀ ਤਾਂ ਅਸੀਂ ਉਹਦੇ ਡੱਕਰੇ ਡੱਕਰੇ ਕਰ ਦਿਆਂਗੇ!...ਪਰ ਉਹ ਪਿਉ ਦੀ ਧੀ, ਉਹ ਕਿੱਥੇ ਮੰਨਣ ਵਾਲੀ ਸੀ...ਤੇ ਮੇਰੇ ਪੁੱਤ ਨੂੰ ਗ਼ੁੱਸਾ ਆ ਗਿਆ!...ਮੇਰੇ ਪੁੱਤ ਨੇ ਡਾਂਗ ਮਾਰੀ ਉਹਦੇ ਸਿਰ 'ਚ!...ਉਹ ਜ਼ੋਰ ਦੀ ਚੀਕ਼ੀ...ਉਹਨੇ ਹੋਰ ਡਾਂਗ ਮਾਰੀ...ਫਿਰ ਉਹ ਜ਼ੋਰ ਜ਼ੋਰ ਦੀ ਚੀਕ਼ੀ...ਤੇ ਫਿਰ ਮੈਂ...ਮੈਂ ਗੰਡਾਸੀ ਮਾਰੀ ਉਹਦੇ ਸਿਰ 'ਤੇ...ਸਿਰ ਖੱਖੜੀ ਖੱਖੜੀ ਹੋ ਗਿਆ...! ਸਾਰਾ ਪਿੰਡ 'ਕੱਠਾ ਹੋ ਗਿਆ... ਸਾਨੂੰ ਥਾਣੇ ਲੈ ਗਏ...ਮੈਂ ਸਾਰਾ ਜੁਰਮ ਕਬੂਲ ਕਰ ਲਿਆ!...ਮੈਂ ਕਿਹਾ, ਇਹ ਕਾਰਾ ਮੈਂ ਤੇ ਸਿਰਫ਼ ਮੈਂ ਕੀਤਾ ਏ!...ਮੇਰਾ ਵੱਡਾ ਭਰਾ, ਪਿੰਡ ਦਾ ਸਰਪੰਚ...ਉਹਨੇ ਮੇਰੀ ਪਿੱਠ ਥਾਪੜੀ...ਕਹਿੰਦਾ, "ਸ਼ੇਰ ਮਰਦਾਂ ਵਾਲੀ ਗੱਲ ਕੀਤੀ ਏ ਤੂੰ!...ਸਾਡਾ ਸਿਰ ਨੀਵਾਂ ਨਈਂ ਹੋਣ ਦਿੱਤਾ!...ਤੈਨੂੰ ਫਾਹੇ ਨਈਂ ਲੱਗਣ ਦਿੰਦੇ!"...ਮੁਕੱਦਮਾ ਚੱਲਿਆ...ਤੇ ਮੈਨੂੰ ਉਮਰ ਕੈਦ ਹੋ ਗਈ!...ਤੇ ਹੁਣ ਮੈਂ ਜੇਲ੍ਹ 'ਚ ਆਂ!...ਪੰਜਾਬ ਸੈਂਟ੍ਰਲ ਜੇਲ੍ਹ ਵਿਚ... ਪੰਜਾਬ ਦੀ ਸਭ ਤੋਂ ਵੱਡੀ ਜੇਲ ਵਿਚ...!

(ਸੰਗੀਤ ਦੀ ਕੱਲਮਕਾਰੀ ਧੁਨ। ਇਕ ਪਲ ਦਾ ਵਕਫ਼ਾ।)

ਲੋਕੀਂ ਐਵੇਂ ਜੇਲ੍ਹ ਤੋਂ ਡਰਦੇ ਨੇ!...ਏਥੇ ਮੇਰੀ ਬੜੀ ਇੱਜ਼ਤ ਹੁੰਦੀ ਏ!...ਆਮ ਕੈਦੀ ਤਾਂ ਮੇਰੇ ਸਾਮ੍ਹਣੇ ਸਿਰ ਨਈਂ ਚੁੱਕਦੇ!...ਸਾਰੇ ਕਹਿੰਦੇ ਨੇ "ਕਿੱਡੀ ਅਣਖ ਵਾਲਾ ਬੰਦਾ ਏ!...ਬੰਦਾ ਹੋਵੇ ਤਾਂ ਏਹੋ ਜਿਹਾ!"...ਜੇਲ੍ਹ ਦੇ ਮੁਲਾਜ਼ਮ ਵੀ ਮੇਰੀ ਬੜੀ ਇੱਜ਼ਤ ਕਰਦੇ ਨੇ...ਮੈਂ ਬਾਹਰੋਂ ਕੁਝ ਵੀ ਮੰਗਵਾ ਸਕਦਾਂ!...ਕੋਈ ਬੰਦਿਸ਼ ਨਈਂ!...ਸਾਰੇ ਕੈਦੀ ਮੈਨੂੰ ਸਲਾਮਾਂ ਕਰਦੇ ਨੇ!...ਉਹ ਜਾਣਦੇ ਨੇ...ਮੈਂ ਉਨ੍ਹਾਂ ਤੋਂ ਵੱਖਰਾ ਆਂ!...ਮੈਂ ਜੋ ਕੀਤਾ...ਉਹ ਇੱਜ਼ਤ ਦੀ ਖ਼ਾਤਰ ਕੀਤਾ!...ਕੋਈ ਦੁਸ਼ਮਣ, ਕੋਈ ਵੈਰ ਪਗਾਉਣ ਲਈ ਨਹੀਂ!...ਪੈਸੇ ਧੇਲੇ ਜਾਂ ਜ਼ਮੀਨ ਖ਼ਾਤਰ ਨਹੀਂ...! ਜੋ ਕੀਤਾ, ਆਪਣੇ ਘਰ, ਆਪਣੇ ਖ਼ਾਨਦਾਨ ਦੀ ਇੱਜ਼ਤ ਬਚਾਉਣ ਲਈ ਕੀਤਾ! (ਆਪਣ ਸ਼ਬਦਾਂ 'ਤੇ ਅੰਤਾਂ ਦਾ ਜ਼ੋਰ ਦਿੰਦਾ ਹੋਇਆ)...ਹਾਂ...ਆਪਣੇ ਘਰ ਦੀ ਇੱਜ਼ਤ ਬਚਾਉਣ ਲਈ...ਮੈਂ... ਆਪਣੀ ਧੀ ਦਾ...ਖ਼ੂਨ ਕੀਤਾ!...ਹਾਂ...ਮੈਂ ਆਪਣੀ ਧੀ ਦਾ ਖ਼ੂਨ ਕੀਤਾ!

(ਇਕ ਪਲ ਦਾ ਸੰਨਾਟਾ। ਵਕਫ਼ਾ। ਦੁਬਾਰਾ ਬੋਲਣਾ ਸ਼ੁਰੂ ਕਰਦਾ ਹੈ ਪਰ ਵੱਖਰੀ ਤਰ੍ਹਾਂ ਦੀ ਉਤੇਜਨਾ ਨਾਲ। ਜੋ ਉਸ ਨੇ ਕੀਤਾ ਹੈ, ਉਸ ਨੂੰ ਜਾਇਜ਼ ਠਹਿਰਾਉਣ ਦੇ ਲਹਿਜੇ ਵਿਚ।)

...ਤੇ ਮੇਰੀ ਉਹ ਧੀ...ਮੇਰੀ ਉਹ ਛੋਟੀ...ਉਹ ਆਮ ਜਹੀ ਕੁੜੀ ਨਹੀਂ ਸੀ!...ਉਹ ਆਮ ਤੋਂ ਕਿਤੇ ਵੱਧ ਸੀ!...ਜੇ ਉਹ ਮੇਰੀ ਵੱਡੀ ਧੀ ਵਰਗੀ ਹੁੰਦੀ?...ਮੇਰੀ ਵੱਡੀ ਧੀ ਬਹੁਤ ਚੰਗੀ ਏ...ਆਮ ਜਿਹੀ ਕੁੜੀ...ਪਰ ਉਹ ਬੜੀ ਚੰਗੀ ਏ!...ਜੇ ਛੋਟੀ ਵੀ ਉਹਦੇ ਵਰਗੀ ਹੁੰਦੀ ਤਾਂ ਉਹਦੇ ਵਾਂਗ ਵਿਆਹੀ ਜਾਂਦੀ...ਸਹੁਰੇ ਜਾਂਦੀ...ਸੁਖੀ ਰਹਿੰਦੀ!...ਪਰ ਇਹ ਛੋਟੀ ਬੜੀ ਅੜੀਅਲ ਸੀ...ਇਕ ਦਿਨ ਮੈਂ ਉਹਨੂੰ ਦੋ ਤਿੰਨ ਚਪੇੜਾਂ ਮਾਰੀਆਂ ਤੇ ਪੁੱਛਿਆ...ਤੂੰ ਉਹ ਹਰਾਮਜ਼ਾਦੇ ਨਾਲ ਵਿਆਹ ਕਿਉਂ ਕਰਾਉਣਾ ਚਾਹੁੰਦੀ ਏਂ...ਤੇ ਜਵਾਬ ਸੁਣੋ...ਕਹਿੰਦੀ...ਮੈਨੂੰ ਉਹਦੇ ਨਾਲ ਪਿਆਰ ਏ...!

(ਇਕ ਪਲ ਦਾ ਵਕਫ਼ਾ)

ਪਿਆਰ...!

(ਸੰਗੀਤ ਦੀ ਕੱਲਮਕਾਰੀ ਧੁਨ। ਉਜਾਗਰ ਸਿੰਘ ਹਵਾ ਵਿਚ ਘੂਰਦਾ ਹੈ ਜਿਵੇਂ ਇਹ ਹਿਸਾਬ ਕਿਤਾਬ ਲਾਉਣ ਜਾਂ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਕਿ ਇਹ ਪਿਆਰ ਕੀ ਹੁੰਦਾ ਹੈ ਤੇ ਫਿਰ ਦੰਦਾ ਪੀਂਹਦਾ ਹੋਇਆ ਬੜੇ ਗ਼ੁੱਸੇ ਨਾਲ ਬੋਲਦਾ ਹੈ।)

ਪਿਆਰ!

(ਹੋਰ ਗ਼ੁੱਸੇ ਨਾਲ ਤੇ ਬਹੁਤ ਉੱਚੀ, ਆਪਣੇ ਸ਼ਬਦਾਂ 'ਤੇ ਜ਼ੋਰ ਦਿੰਦਾ ਹੋਇਆ।)

ਤੇ...ਮੈਨੂੰ ਨਫ਼ਰਤ ਏ, ਏਸ ਸ਼ਬਦ ਤੋਂ!...ਏਸ ਸ਼ਬਦ ਨੇ ਮੇਰਾ ਘਰ ਉਜਾੜ ਦਿੱਤਾ!...ਮੇਰੀ ਧੀ, ਉਸ ਹਰਾਮਜ਼ਾਦੇ ਨਾਲ ਫਸ ਗਈ!...ਆਪਣੀ ਜਾਤ ਪਾਤ, ਆਪਣਾ ਖ਼ਾਨਦਾਨ...ਸਭ ਕੁਝ ਭੁੱਲ ਗਈ!...ਮੇਰੀ ਪੱਗ ਮਿੱਟੀ ਵਿਚ ਰੋਲਣ 'ਤੇ ਤੁਲ ਗਈ!... ਪਿਆਰ...?...ਹੂੰ...ਪਿਆਰ ਦੀ ਕੁਝ ਲੱਗਦੀ ਨਾ ਹੋਵੇ ਤਾਂ...!

(ਇਕਦਮ ਚੁੱਪ ਕਰ ਜਾਂਦਾ ਹੈ। ਹਵਾ ਵਿਚ ਘੂਰਦਾ ਹੈ।)

ਪਿਆਰ...?

(ਥੋੜ੍ਹੀ ਧੀਮੀ ਆਵਾਜ਼ ਵਿਚ)

ਮੇਰੀ ਮਾਂ ਮੈਨੂੰ ਪਿਆਰ ਕਰਦੀ ਸੀ...ਮੈਨੂੰ ਯਾਦ ਏ...ਮੈਨੂੰ ਚੂਰੀ ਖਵਾਉਂਦੀ ਸੀ... ਸਕੂਲੋਂ ਆਉਂਦਾ ਸਾਂ ਤਾਂ ਸਿੱਧਾ ਮਾਂ ਦੀ ਬੁੱਕਲ ਵਿਚ ਜਾ ਵੜਦਾ ਸਾਂ...ਜੱਫੀ ਪਾਉਂਦਾ ਸਾਂ...ਠੰਡ ਜਿਹੀ ਪੈ ਜਾਂਦੀ ਸੀ...! ਮੈਂ ਵੱਡਾ ਹੋਇਆ ਤਾਂ ਮਾਂ ਦੇ ਪਿਆਰ ਤੋਂ ਆਜ਼ਾਦ ਹੋ ਗਿਆ!...ਝੀਰਾਂ ਦੀ ਨਿੰਦੋ, ਪਹਿਲੀ ਕੁੜੀ ਸੀ ਜੀਹਦੇ ਨਾਲ ਮੇਰੀ ਸਾਂਝ ਪਈ!...ਤੇ ਇਕ ਵਾਰ ਬਾਗਾਂ ਵਾਲਿਆਂ ਦਾ ਭੋਲਾ...ਸ਼ਹਿਰੋਂ ਕੁੜੀ ਲੈ ਆਇਆ...ਤੇ ਅਸੀਂ ਉਨ੍ਹਾਂ ਦੇ ਬਾਗ਼ ਵਿਚ ਨਜ਼ਾਰੇ ਲਏ!...ਪਰ ਪਿਆਰ ਪਿਊਰ...ਏਹੋ ਜਿਹੀ ਗੱਲ ਕਦੇ ਵੀ ਨਈ੍ਹਂ ਹੋਈ!

(ਸੰਗੀਤ ਦੀ ਕੱਲਮਕਾਰੀ ਧੁਨ। ਇਕ ਪਲ ਦਾ ਵਕਫ਼ਾ। ਬਹੁਤ ਗ਼ੁੱਸੇ ਵਿਚ ਤੇ ਬਹੁਤ ਉੱਚੀ।)

ਹਾਂ...ਹਾਂ...ਏਦਾਂ ਦੀ ਗੱਲ, ਕਦੇ ਵੀ ਨਈ੍ਹਂ ਹੋਈ...!

(ਗ਼ੁੱਸਾ ਕੁਝ ਘਟਦਾ ਹੈ। ਕੁਝ ਸੋਚਦਾ ਹੋਇਆ।)

ਕੀ ਏਹੋ ਜਿਹੀ ਗੱਲ, ਕਦੇ ਵੀ ਨਈ੍ਹਂ ਹੋਈ...? ਮੈਂ ਝੂਠ ਬੋਲ ਰਿਹਾਂ!...(ਹੋਰ ਡੂੰਘਾਈ ਵਿਚ ਜਾਣ ਦੀ ਕੋਸ਼ਿਸ਼ ਕਰਦਾ ਹੋਇਆ)...ਹਾਂ, ਮੈਂ ਝੂਠ ਈ ਤੇ ਬੋਲ ਰਿਹਾਂ!... ਬੰਦਾ, ਬੰਦਾ ਏ ਜਨਾਬ!...ਮੋਹ, ਮੁਹੱਬਤ ਤੇ ਡੰਗਰਾਂ ਨੂੰ ਵੀ ਹੋ ਜਾਂਦੀ ਏ!...ਮੈਂ ਤੇ ਫਿਰ ਬੰਦਾ ਆਂ!...(ਪੰਘਰਦਾ ਹੋਇਆ)...ਕੁਝ ਮੋਹ ਮੁਹੱਬਤ ਮੈਨੂੰ ਆਪਣੀ ਜ਼ਨਾਨੀ ਗੋਗੀ ਨਾਲ ਵੀ ਏ...ਤੇ ਕੁਝ ਵੱਡੀ ਧੀ ਨਾਲ ਵੀ...!...ਹਾਂ, ਦੋਵਾਂ ਨਾਲ...ਦੋਵੇਂ ਜਿਹੜੀਆਂ ਆਮ ਜਿਹੀਆਂ ਜ਼ਨਾਨੀਆਂ ਨੇ...!...ਤੇ ਸਭ ਤੋਂ ਜ਼ਿਆਦਾ ਮੋਹ ਮੁਹੱਬਤ ਮੈਨੂੰ ਆਪਣੇ ਪੁੱਤਰ ਨਾਲ ਏ...!...ਮੈਂ ਉਹਦੇ ਤੋਂ ਜਾਨ ਵਾਰ ਸਕਦਾਂ!...ਹਾਂ, ਏਸੇ ਲਈ...ਮੈਂ ਸਾਰਾ ਜ਼ੁਰਮ ਆਪਣੇ ਸਿਰ ਲੈ ਲਿਆ ਏ...! ਉਹ, ਮੇਰੀਆਂ ਅੱਖਾਂ ਦਾ ਤਾਰਾ ਏ!...ਉਹ ਸੁਖੀ ਰਹੇ!...ਅਗਲੇ ਵਰ੍ਹੇ ਉਹਦਾ ਵਿਆਹ ਕਰ ਦੇਣਾ ਏ!...ਉਹ ਵਿਆਹਿਆ ਜਾਏ...ਰੱਬ ਕਰੇ, ਉਹਦੇ ਘਰ ਪੁੱਤਰ ਜੰਮੇ!...ਸਾਡੀ ਵੇਲ ਵਧੇ...ਉਹਦੇ ਬਿਨਾਂ ਸਾਡਾ ਕੀ ਜੀਣਾ ਏ...!...ਮੈਨੂੰ ਉਹਦੇ ਨਾਲ ਬਹੁਤ ਪਿਆਰ ਏ!...ਹਾਂ, ਮੈਨੂੰ ਆਪਣੇ ਪੁੱਤਰ ਨਾਲ ਬਹੁਤ ਪਿਆਰ ਏ...!

(ਧੀਮਾ ਧੀਮਾ ਸੰਗੀਤ। ਪਿਆਰ ਦੇ ਜਜ਼ਬੇ ਨੂੰ ਫੜਨ ਦੀ ਕੋਸ਼ਿਸ਼ ਕਰਦਾ ਹੋਇਆ। ਉਜਾਗਰ ਸਿੰਘ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਨੇ। ਖੱਬੇ ਹੱਥ ਦੇ ਅੰਗੂਠੇ ਤੇ ਉਂਗਲੀ ਨਾਲ ਦੋਹਾਂ ਅੱਖਾਂ ਦੇ ਕੋਇਆਂ ਨੂੰ ਦਬਾਉਂਦਾ ਤੇ ਉਮੜ ਰਹੇ ਜਜ਼ਬੇ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੋਇਆ।)

ਤੂੰ ਐਵੇਂ ਦਿਲ ਛੋਟਾ ਕਰ ਰਿਹੈਂ, ਉਜਾਗਰ ਗਿਆਂ!...ਪਰ ਉਜਾਗਰ ਸਿੰਘ ਕੀ ਕਰੇ?...ਕੀ ਕਰੇ ਉਹ?...ਪਿਆਰ ਤੇ ਉਜਾਗਰ ਸਿੰਘ ਨੂੰ ਆਪਣੀ ਛੋਟੀ ਨਾਲ ਵੀ ਸੀ!...ਤੇ ਜਿੱਦਾਂ ਮੈਂ ਤੁਹਾਨੂੰ ਦੱਸਿਐ...ਛੋਟੀ ਆਮ ਜਿਹੀ ਕੁੜੀ ਨਹੀਂ ਸੀ!...ਉਹ ਆਮ ਤੋਂ ਕੁਝ ਵੱਧ ਸੀ...!...ਤੇ ਛੋਟੇ ਹੁੰਦਿਆਂ ਤੋਂ ਈ ਉਹ ਮੈਨੂੰ ਬਹੁਤ ਪਿਆਰ ਕਰਦੀ ਸੀ!...ਜਦ ਉਹ ਜੰਮੀ ਤਾਂ ਮੈਂ ਖ਼ੁਸ਼ ਨਈ੍ਹਂ ਸਾਂ ਹੋਇਆ!...ਮੈਂ ਇਕ ਹੋਰ ਪੁੱਤਰ ਚਾਹੁੰਦਾ ਸਾਂ!...ਪਰ ਛੋਟੀ ਜੰਮ ਪਈ!...ਕਦੇ ਕਦੇ ਮੇਰੇ ਮਨ ਵਿਚ ਸੋਚ ਆਉਂਦੀ ਏ ਕਿ ਜੋ ਮੈਂ, ਉਹਦੇ ਨਾਲ ਵੱਡੀ ਹੋਣ 'ਤੇ ਕੀਤਾ...ਉਹਦੇ ਨਾਲੋਂ ਤੇ, ਜਦੋਂ ਜੰਮੀ ਸੀ...ਉਦੋਂ ਈ ਕਰ ਦਿੰਦਾ....ਗਲ 'ਚ ਗੂਠਾ ਦੇ ਕੇ ਮਾਰ ਦਿੰਦੇ...ਕਿਸੇ ਨੂੰ ਪਤਾ ਵੀ ਨਈ੍ਹਂ ਸੀ ਲੱਗਣਾ!...ਸਾਡੀ ਬਦਖੋਹੀ ਨਾ ਹੁੰਦੀ...ਏਹ ਜੇਲ੍ਹ ਨਾ ਵੇਖਣੀ ਪੈਂਦੀ!...ਪਰ ਬੰਦਾ ਉੱਕ ਜਾਂਦਾ ਏ ਨਾ!...ਹਰ ਗੱਲ, ਵੇਲੇ ਸਿਰ ਨਹੀਂ ਕਰ ਸਕਦਾ...!...ਹਾਂ, ਜੇ ਓਦੋਂ ਈ...ਜੰਮਦਿਆਂ ਈ...ਉਹਦੇ ਗਲੇ 'ਚ ਗੂਠ ਦੇ ਮਾਰ ਦਿੰਦਾ! ਓ ਮੇਰਿਆ ਰੱਬਾ!... ਉਜਾਗਰ ਸਿੰਘ ਕੀ ਕਰੇ?...ਉਹ ਮਰ ਜਾਣੀ, ਬਹੁਤ ਯਾਦ ਆਉਂਦੀ ਏ...!

(ਸੰਗੀਤ ਦੀ ਕੱਲਮਕਾਰੀ ਧੁਨ। ਉਜਾਗਰ ਸਿੰਘ ਪ੍ਰੇਸ਼ਾਨੀ ਵਿਚ ਏਧਰ ਓਧਰ ਘੁੰਮਦਾ ਹੈ। ਇਕ ਪਲ ਦਾ ਵਕਫ਼ਾ।)

ਹਾਂ...ਉਹ ਬਹੁਤ ਯਾਦ ਆਉਂਦੀ ਏ!...ਕਹਿੰਦੇ ਨੇ, ਟਾਹਣੀ ਤੋਂ ਪੱਤਾ ਟੁੱਟ ਜਾਏ ਤਾਂ ਓਥੋਂ ਵੀ ਪਾਣੀ ਸਿੰਮ ਆਉਂਦਾ ਏ!...ਤੇ ਉਹ ਤਾਂ ਫਿਰ ਮੇਰੀ ਧੀ ਸੀ...ਉਹਨੇ ਯਾਦ ਆਉਣਾ ਈ ਹੋਇਆ!...ਤੇ ਮੈਂ ਕਹਿ ਰਿਹਾ ਸਾਂ...ਜਦ ਉਹ ਜੰਮੀ ਸੀ ਤਾਂ ਮੈਂ ਖ਼ੁਸ਼ ਨਹੀਂ ਸਾਂ ਹੋਇਆ!...ਪੂਰਾ ਵਰ੍ਹਾ ਏਦਾਂ ਈ ਲੰਘ ਗਿਆ...ਮੈਨੂੰ ਜ਼ਹਿਰ ਦੀ ਪੁੜੀ ਲਗਦੀ ਸੀ ਉਹ!...(ਯਾਦਾਂ ਵਿਚ ਗੁੰਮਦਾ ਹੋਇਆ)...ਤੇ ਫਿਰ ਉਹ ਤੁਰਨ ਲੱਗੀ... ਤੋਤਲੀ ਆਵਾਜ਼ ਵਿਚ ਬੋਲਣ ਲੱਗੀ!...ਮੈਂ ਸ਼ਾਮ ਨੂੰ ਘਰ ਆ ਕੇ ਵਿਹੜੇ 'ਚ ਮੰਜੀ 'ਤੇ ਬਹਿਣਾ...ਤੇ ਉਹਨੇ ਮੂੰਹ 'ਚ ਅੰਗੂਠਾ ਪਾਈ, ਮੇਰੇ ਕੋਲ ਆ ਜਾਣਾ...ਤੋਤਲੀ ਆਵਾਜ਼ ਵਿਚ ਗੱਲਾਂ ਕਰਨੀਆਂ...ਹੌਲੀ-ਹੌਲੀ ਮੇਰਾ ਦਿਲ ਪੰਘਰ ਗਿਆ!...ਕਿਸੇ ਦਿਨ ਜਦ ਮੈਂ ਘਰ ਆਉਣਾ ਤੇ ਉਹਨੇ ਸੁੱਤੀ ਹੋਣਾ ਤਾਂ ਮੈਨੂੰ ਘਰ ਹੋਰ ਤਰ੍ਹਾਂ ਦਾ ਲੱਗਣਾ...ਸੱਖਣਾ ਜਿਹਾ...! ਮੈਂ ਉਡੀਕਣਾ ਪਈ ਛੋਟੀ ਜਾਗੇ...ਤੇ ਆਪਣੀਆਂ ਤੋਤਲੀਆਂ, ਫੋਤਲੀਆਂ ਬੋਲੇ!...ਮੈਂ ਉਹਨੂੰ ਚੁੱਕ ਕੇ ਬਾਹਰ ਲੈ ਜਾਣਾ...! ਗੱਜੀ ਦੀ

ਦੁਕਾਨ ਤੋਂ ਟਾਫ਼ੀਆਂ ਲੈ ਕੇ ਦੇਣੀਆਂ!...(ਬੜੀ ਆਜਜ਼ੀ ਨਾਲ)...ਹਾਂ ਜਨਾਬ, ਮੈਂ ਛੋਟੀ ਨੂੰ ਬਹੁਤ ਪਿਆਰ ਕਰਦਾ ਸਾਂ!

(ਇਕ ਪਲ ਦਾ ਵਕਫ਼ਾ।)

ਤੇ ਸਾਡੇ ਘਰ ਦਾ ਵਿਹੜਾ ਕਾਫ਼ੀ ਵੱਡਾ ਸੀ!...ਤੇ ਮੈਨੂੰ ਸਬਜ਼ੀਆਂ ਲਾਉਣ ਦਾ ਬਹੁਤ ਸ਼ੌਕ ਸੀ...ਕਿਹੜੀ ਸਬਜ਼ੀ ਏ ਜਿਹੜੀ ਮੈਂ ਵਿਹੜੇ 'ਚ ਨਹੀਂ ਸਾਂ ਲਾਉਂਦਾ?...ਮੇਥੀ, ਪਾਲਕ, ਟਮਾਟਰ, ਧਨੀਆ, ਗੰਢੇ, ਕੱਦੂ, ਭਿੰਡੀਆਂ, ਕਈ ਕੁਝ...!ਮੂਲੀਆਂ ਤੇ ਸ਼ਲਗਮ ਦੇ ਬੀਅ ਤੇ ਛਟਾਲੇ 'ਚ ਸੁੱਟ ਦਈਦੇ ਸੀ...ਪਰ ਬਾਕੀ ਦੀਆਂ ਸਾਰੀਆਂ ਸਬਜ਼ੀਆਂ, ਮੈਂ ਘਰ ਦੇ ਵਿਹੜੇ 'ਚ ਲਾਉਂਦਾ ਸੀ।...ਘਰ 'ਚ ਉਗਾਈ ਸਬਜ਼ੀ ਦਾ ਸੁਆਦ ਈ ਹੋਰ ਹੁੰਦਾ ਏ ਜਨਾਬ!...ਤੇ ਮੇਰੀ ਛੋਟੀ, ਜਦੋਂ ਚੌਥੀ ਪੰਜਵੀਂ ਵਿਚ ਪੜ੍ਹਦੀ ਸੀ ਤਾਂ ਕਿਸੇ ਸਹੇਲੀ ਦੇ ਘਰੋਂ ਫੁੱਲਾਂ ਦੇ ਬੂਟੇ ਤੇ ਬੀਅ ਲੈ ਆਈ।...ਤੇ ਇਕ ਕਿਆਰੀ ਵਿਚ ਉਹਨੇ ਬੂਟੇ ਲਾ ਦਿੱਤੇ...ਤੇ ਇਕ 'ਚ ਬੀਅ ਸੁੱਟ ਦਿੱਤੇ!...ਮੈਂ ਉਨ੍ਹਾਂ ਕਿਆਰੀਆਂ 'ਚ ਗੰਢੇ ਤੇ ਟਮਾਟਰ ਲਾਉਣੇ ਸਨ। ਪਨੀਰੀ ਤਿਆਰ ਸੀ!...ਮੈਂ ਉਹਦੇ ਬੀਜੇ ਫੁੱਲ ਪੁੱਟ ਕੇ ਓਥੇ ਗੰਢੇ ਤੇ ਟਮਾਟਰ ਲਾ ਦਿੱਤੇ!...ਅਗਲੇ ਦਿਨ ਸ਼ਾਮੀਂ ਘਰ ਆਇਆ ਤਾਂ ਕੀ ਵੇਂਹਦਾ ਆਂ?...ਪਈ ਛੋਟੀ ਨੇ ਟਮਾਟਰ ਤੇ ਗੰਢੇ ਪੁੱਟ ਕੇ ਘਰ ਦੇ ਬੂਹੇ ਲਾਗੇ ਸੁੱਟੇ ਹੋਏ ਨੇ!...ਮੈਨੂੰ ਬਹੁਤ ਗ਼ੁੱਸਾ ਆਇਆ...ਮੈਂ ਉਹਨੂੰ ਡਾਂਟਿਆ।...ਤੇ ਅੱਗੋਂ ਮੈਨੂੰ ਕਹਿੰਦੀ ਆ..."ਜੇ ਤੁਸੀਂ ਮੇਰੇ ਲਾਏ ਫੁੱਲ ਪੁੱਟ ਸਕਦੇ ਓ...ਤਾਂ ਮੈਂ ਤੁਹਾਡੇ ਲਾਏ ਟਮਾਟਰ ਤੇ ਗੰਢੇ ਨਹੀਂ ਪੁੱਟ ਸਕਦੀ?"...ਤੇ ਮੈਨੂੰ ਉਸ ਨਿੱਕੀ ਜਿਹੀ ਕੁੜੀ ਦੀ ਇਸ ਮਾਮੂਲੀ ਜਹੀ ਗੱਲ 'ਤੇ ਹਾਸਾ ਆ ਗਿਆ!...ਓਸ ਦਿਨ ਉਹ ਮੈਨੂੰ ਬਹੁਤ ਈ ਪਿਆਰੀ ਲੱਗੀ!...ਮੈਂ ਉਹਨੂੰ ਬੁੱਕਲ ਵਿਚ ਲੈ ਕੇ ਪਿਆਰ ਕੀਤਾ!...ਫਿਰ ਅਸਾਂ...ਪਿਉ ਤੇ ਧੀ ਨੇ ਸੁਲਾਹ ਕਰ ਲਈ...!...ਤੇ ਓਸ ਦਿਨ...ਉਹ ਮਰ ਜਾਣੀ ਨਿੱਕੀ ਜਹੀ ਕੁੜੀ, ਢਾਕਾਂ 'ਤੇ ਹੱਥ ਰੱਖ ਕੇ ਮੇਰੇ ਨਾਲ ਏਦਾਂ ਗੱਲਾਂ ਕਰ ਰਹੀ ਸੀ...ਜਿਵੇਂ ਮੇਰੇ ਬਰਾਬਰ ਦੀ ਹੋਵੇ...!...ਤੇ ਉਹਨੇ ਕਿਹਾ..."ਏਸ ਕਿਆਰੀ ਵਿਚ ਤੁਸੀਂ ਟਮਾਟਰ ਲਾ ਲਓ ਤੇ ਏਸ ਵਿਚ ਗੰਢੇ...ਤੇ ਏਸ ਕਿਆਰੀ ਵਿਚ ਮੈਂ ਫੁੱਲ ਲਾਵਾਂਗੀ...ਤੇ ਝਗੜਾ ਖ਼ਤਮ!"...ਤੇ ਉਹਨੇ ਫੁੱਲ ਲਾਏ...ਮੌਸਮ ਆਇਆ ਤਾਂ ਫੁੱਲ ਖਿੜੇ!...ਤੇ ਉਨ੍ਹਾਂ 'ਚੋਂ ਮਹਿਕ ਆਉਂਦੀ ਸੀ!...ਤੇ ਇਕ ਸ਼ਾਮ ਜਦ ਮੈਂ ਵਾਹਵਾ ਦੇਰ ਨਾਲ ਘਰ ਆਇਆ ਤਾਂ ਰਾਤ ਪੈ ਗਈ ਸੀ...ਤੇ ਸਾਡੇ ਘਰ 'ਚ ਕਿੰਨੀ ਸੋਹਣੀ ਮਹਿਕ ਫੈਲੀ ਹੋਈ ਸੀ!...ਉਹਨੇ ਰਾਤ ਦੀ ਰਾਣੀ ਬੀਜੀ ਹੋਈ ਸੀ!...ਐਂ ਲੱਗਦਾ ਸੀ ਜਿਵੇਂ ਸਾਰਾ ਘਰ ਖ਼ੁਸ਼ਬੋਅ ਨਾਲ ਭਰ ਗਿਆ ਹੋਵੇ...ਓਸ ਦਿਨ...ਹਾਂ, ਓਸ ਦਿਨ ਮੈਨੂੰ ਆਪਣਾ ਘਰ ਬਹੁਤ ਹੀ ਚੰਗਾ ਲੱਗਾ...ਇਉਂ ਲੱਗਾ...ਜਿਵੇਂ ਇਹ ਕੋਈ ਬਹਿਸ਼ਤ ਹੋਵੇ!...ਉਹਨੇ ਕਈ ਤਰ੍ਹਾਂ ਦੇ ਫੁੱਲ ਲਾਏ ਹੋਏ ਸਨ...ਗੁੱਟਾ...ਸੂਰਜਮੁਖੀ...ਦੋ ਬੂਟੇ ਗੁਲਾਬਾਂ ਦੇ ਵੀ ਸਨ...!...ਤੇ ਫਿਰ ਮੈਂ ਉਹਨੂੰ ਫੁੱਲਾਂ ਦੇ ਬੀਅ ਲਿਆ ਦੇਣੇ...ਤੇ ਉਹਨੇ ਬੀਜ ਲੈਣੇ!...ਤੇ ਉਹਦੀ ਮਾਂ ਕਹਿੰਦੀ, "ਤੁਸੀਂ ਇਹਨੂੰ ਸਿਰ 'ਤੇ ਚੜ੍ਹਾ ਰੱਖਿਐ"!...ਛੋਟੀ ਦੀ ਮਾਂ ਤੇ ਉਹਨੂੰ ਕਾਲਜ ਭੇਜਣਾ ਈ ਨਈਂ ਸੀ ਚਾਹੁੰਦੀ!...ਮੈਂ ਈ ਹਾਮੀ ਭਰੀ!...ਉਹ ਸ਼ਹਿਰੋਂ ਤਰ੍ਹਾਂ ਤਰ੍ਹਾਂ ਦੇ ਫੁੱਲਾਂ ਦੇ ਬੀਅ ਲੈ ਆਉਂਦੀ ਤੇ ਵਿਹੜੇ 'ਚ ਬੀਜਦੀ!...ਤੇ ਉਹ ਕੱਪੜੇ ਵੀ ਉਹ ਪਾਉਂਦੀ ਸੀ, ਜਿਨ੍ਹਾਂ 'ਤੇ ਫੁੱਲ ਛਪੇ ਹੁੰਦੇ ਸਨ...!...ਤੇ ਕਈ ਵਾਰ ਉਹ ਕਢਾਈ ਵੀ ਕਰਦੀ ਸੀ...ਕੁੜਤੇ ਦੇ ਗਲਮੇ 'ਤੇ, ਹੇਠਾਂ ਘੇਰੇ 'ਤੇ, ਬਾਹਾਂ 'ਤੇ...ਹਰ ਪਾਸੇ ਫੁੱਲ ਹੀ ਫੁੱਲ...ਕਈ ਵਾਰ ਮੈਨੂੰ ਲੱਗਦਾ ਸੀ...ਇਹ ਕੁੜੀ ਨਿਰੀ ਸ਼ੁਦੈਣ ਐ...ਫੁੱਲਾਂ ਪਿੱਛੇ ਸ਼ੁਦਾਈ!...ਫੁੱਲਾਂ ਦੀ ਕਢਾਈ ਕਰਦੀ, ਫੁੱਲ ਬੀਜਦੀ!...ਤੇ ਸਿਰ੍ਹਾਣਿਆਂ ਦੇ ਗਿਲਾਫ਼ਾਂ 'ਤੇ ਫੁੱਲ ਪਾਉਂਦੀ...ਦਸੂਤੀ ਵਾਲੇ ਕੱਪੜੇ 'ਤੇ ਫੁੱਲ ਕੱਢਦੀ ਤੇ ਸ਼ੀਸ਼ੇ 'ਚ ਮੜ੍ਹਾ ਲੈਂਦੀ...!(ਉਤੇਜਿਤ ਹੁੰਦਾ ਹੋਇਆ)...ਪਰ ਉਹ ਕਿੱਦਾਂ ਦਾ ਫੁੱਲ ਸੀ ਜੋ ਉਹ ਆਪਣੀ ਜ਼ਿੰਦਗੀ ਦੇ ਵਿਹੜੇ ਵਿਚ ਬੀਜਣਾ ਚਾਹੁੰਦੀ ਸੀ!...(ਹੋਰ ਉਤੇਜਨਾ ਤੇ ਗ਼ੁੱਸੇ ਨਾਲ ਉੱਚੀ ਆਵਾਜ਼ ਵਿਚ)...ਤੇ ਮੈਨੂੰ...ਇਹ ਮਨਜ਼ੂਰ ਨਹੀਂ ਸੀ!...(ਥੋੜ੍ਹਾ ਘੱਟ ਉੱਚੀ)... ਜਿਸ ਸ਼ਾਮ ਦਾ ਇਹ ਵਾਕਿਆ ਏ...ਉਸ ਦਿਨ ਮੈਂ ਤੇ ਮੇਰੇ ਪੁੱਤ ਨੇ ਸਲਾਹ ਕੀਤੀ ਸੀ...ਸਲਾਹ ਕੀਤੀ ਸੀ ਕਿ ਪਹਿਲਾਂ ਸਮਝਾਵਾਂਗੇ...ਤੇ ਜੇ ਨਾ ਸਮਝੀ ਤਾਂ ਇਹਦੇ ਵਾਲਾ ਕੰਮ ਸਾਨੂੰ ਕਰਨਾ ਈ ਪੈਣਾ ਏ!...ਸਲਾਹ ਕਰਕੇ, ਮੈਂ ਤੇ ਮੇਰਾ ਪੁੱਤ ਗੁਰਦੁਆਰੇ ਗਏ!...ਵਾਹਿਗੁਰੂ ਅੱਗੇ ਅਰਦਾਸ ਕੀਤੀ...ਮੈਂ ਕਿਹਾ (ਅਰਦਾਸ ਕਰਦਾ ਹੋਇਆ)... "ਵਾਹਿਗੁਰੂ, ਸਾਨੂੰ ਇਹ ਕੰਮ ਕਰਨ ਦਾ ਬਲ ਬਖ਼ਸ਼!...ਇਹ ਸਾਡੇ ਘਰ ਦੀ ਇੱਜ਼ਤ, ਸਾਡੀ ਅਣਖ ਦਾ ਸਵਾਲ ਏ...!"...ਤੇ ਫਿਰ...ਫਿਰ ਮੈਂ ਉਸ ਫੁੱਲ ਲਾਉਣ ਵਾਲੀ ਦਾ ਸਿਰ ਫੇਹ ਦਿੱਤਾ!...(ਬਹੁਤ ਉੱਚੀ, ਆਪਣੇ ਸ਼ਬਦਾਂ ਨੂੰ ਵੱਖ ਵੱਖ ਕਰਕੇ ਤੇ ਇੰਤਹਾ ਜ਼ੋਰ ਨਾਲ ਬੋਲਦਾ ਹੋਇਆ) ਹਾਂ...ਮੈਂ...ਉਹਦਾ ਸਿਰ ਫੇਹ ਦਿੱਤਾ!...ਮੈਂ ਆਪਣੀ ਧੀ ਨੂੰ...ਮਾਰ ਦਿੱਤਾ!

(ਹਿੰਸਾਤਮਕ ਸੰਗੀਤ ਦੀਆਂ ਧੁਨਾਂ। ਡਾਢੀ ਪ੍ਰੇਸ਼ਾਨੀ ਵਿਚ ਘਿਰਿਆ ਉਜਾਗਰ ਸਿੰਘ ਏਧਰ ਓਧਰ ਘੁੰਮਦਾ ਹੈ ਤੇ ਆਪਣੇ ਆਪ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਉਹਦੀ ਕੋਸ਼ਿਸ਼ ਕਾਮਯਾਬ ਹੁੰਦੀ ਹੈ ਤੇ ਉਹ ਆਪਣੇ ਕੁਦਰਤੀ ਲਹਿਜੇ ਵਿਚ ਬੋਲਣਾ ਸ਼ੁਰੂ ਕਰਦਾ ਹੈ।)

ਮੈਂ ਕਈ ਵਾਰ ਸੋਚਦਾਂ...ਮੈਨੂੰ ਉਹਨੂੰ ਛੋਟੀ ਹੁੰਦੀ ਨੂੰ ਈ...ਫੁੱਲ ਬੀਜਣ ਦੀ ਇਜਾਜ਼ਤ ਨਹੀਂ ਸੀ ਦੇਣੀ ਚਾਹੀਦੀ!...ਧੀਆਂ ਨੂੰ ਸਿਰ 'ਤੇ ਨਹੀਂ ਚੜ੍ਹਨ ਦੇਣਾ ਚਾਹੀਦਾ!...ਫਿਰ ਮੈਂ ਸੋਚਦਾਂ...ਜੇ ਉਹ ਆਪਣੀ ਮਰਜ਼ੀ ਦਾ ਫੁੱਲ ਲਾ ਲੈਂਦੀ...ਤਾਂ ਕੀ ਹੁੰਦਾ?...ਇਹ ਸੋਚਦਾ ਤਾਂ...ਮੇਰੇ ਸਿਰ ਵਿਚ ਝੱਖੜ ਜਿਹਾ ਝੁੱਲਦਾ ਏ!...(ਉੱਚੀ ਆਵਾਜ਼ ਵਿਚ)...ਮੈਂ ਉਸ ਫੁੱਲ ਨੂੰ ਬਰਦਾਸ਼ਤ ਨਹੀਂ ਸਾਂ ਕਰ ਸਕਦਾ!...ਮੈਨੂੰ ਉਹ ਫੁੱਲ ਮਸਲਣਾ ਈ ਪੈਣਾ ਸੀ...ਤੇ ਮੈਂ ਉਹ ਫੁੱਲ ਲਾਉਣ ਬਾਰੇ ਸੋਚਣ ਵਾਲੀ ਨੂੰ ਮਸਲ ਦਿੱਤਾ!...ਅਸਲੀ ਗੱਲ ਜਨਾਬ ਇੱਜ਼ਤ ਦੀ ਏ...ਇੱਜ਼ਤ ਬਣੀ ਰਹਿਣੀ ਚਾਹੀਦੀ ਏ...ਤੇ ਸਾਡੇ ਕਾਰੇ ਕਰਕੇ...ਸਾਡੀ ਇੱਜ਼ਤ ਬਣੀ ਰਹੀ ਏ!...ਕੀ ਹੋਇਆ, ਜੇ ਏਸ ਵਿਚ ਫੁੱਲਾਂ ਦੀ ਖ਼ੁਸ਼ਬੋਅ ਨਹੀਂ ਤਾਂ?... ਇੱਜ਼ਤ ਤਾਂ ਫਿਰ ਇੱਜ਼ਤ ਏ!...ਗੱਲ, ਬੰਦੇ ਦੀ ਅਣਖ, ਬੰਦੇ ਦੀ ਇੱਜ਼ਤ ਦੀ ਹੁੰਦੀ ਏ!...ਖ਼ੁਸ਼ਬੋਅ ਦਾ ਕੀ ਏ?...ਖ਼ੁਸ਼ਬੋਅ ਨਾ ਵੀ ਹੋਵੇ ਤਾਂ ਬੰਦਾ ਜੀ ਲੈਂਦਾ ਏ!...ਪਰ ਇੱਜ਼ਤ...ਇੱਜ਼ਤ ਉਹ ਚਾਦਰ ਏ, ਜੋ ਪਾਟ ਜਾਏ ਤਾਂ ਬੰਦਾ ਨੰਗਾ ਹੋ ਜਾਂਦਾ

ਏ...ਤੇ ਨੰਗਾ ਬੰਦਾ ਜੀਅ ਨਹੀਂ ਸਕਦਾ...ਹਾਂ ਜਨਾਜਬ, ਇੱਜ਼ਤ ਬਿਨਾਂ ਜੀਅ ਨਹੀਂ ਸਕਦਾ!...ਇੱਜ਼ਤ ਹੀ ਬੰਦੇ ਦੀ ਜ਼ਿੰਦਗੀ ਏ...! ਖ਼ੁਸ਼ਬੋਅ ਦਾ ਕੀ ਏ?...ਇਹ ਤਾਂ ਫ਼ਜ਼ੂਲ ਜਿਹੀ ਚੀਜ਼ ਏ!...ਅੱਜ ਸਾਰੇ ਇਲਾਕੇ ਵਿਚ ਮੇਰੀ ਇੱਜ਼ਤ ਏ!...ਕੀ ਹੋਇਆ, ਜੇ ਏਸ ਵਿਚ ਖ਼ੁਸ਼ਬੋਅ ਨਹੀਂ ਤਾਂ...?

(ਇਕ ਪਲ ਦਾ ਵਕਫ਼ਾ। ਕੁਝ ਸੋਚਦਾ ਹੋਇਆ।)

ਖ਼ੁਸ਼ਬੋਅ...?

(ਸੰਗੀਤ ਦੀ ਕੱਲਮਕਾਰੀ ਧੁਨ। ਇਕ ਪਲ ਦਾ ਵਕਫ਼ਾ। ਉਜਾਗਰ ਸਿੰਘ ਦੂਰ ਦੁਮੇਲ ਵੱਲ ਵੇਖ ਰਿਹਾ ਹੈ ਜਿਵੇਂ ਖ਼ੁਸ਼ਬੂ ਕੋਈ ਬੁੱਤ ਜਾਂ ਤਸਵੀਰ ਹੋਵੇ। ਜਿਸ ਨੇ ਦੁਮੇਲ 'ਤੇ ਸਾਕਾਰ ਹੋ ਜਾਣਾ ਹੋਵੇ। ਪਰ ਏਦਾਂ ਨਹੀਂ ਹੁੰਦਾ। ਉਹ ਕੱਚਾ ਜਿਹਾ ਹੋ ਗਿਆ ਹੈ। ਬੁੜਬੁੜਾਉਂਦਾ ਹੈ।)

ਖ਼ੁਸ਼ਬੋਅ...?

(ਥੋੜ੍ਹਾ ਹੋਰ ਉੱਚੀ ਆਵਾਜ਼ ਵਿਚ)

ਇਹ ਖ਼ੁਸ਼ਬੋਅ ਕੀ ਚੀਜ਼ ਏ...? ਮਹਿਕ ਜਹੀ...? ਤੇ ਇਹ ਬੰਦੇ ਨੂੰ ਚੰਗੀ ਕਿਉਂ ਲੱਗਦੀ ਏ...? ਕਿਉਂ ਬਣਦੇ ਨੇ, ਇਹ ਤਰ੍ਹਾਂ ਤਰ੍ਹਾਂ ਦੇ ਇਤਰ, ਮਹਿਕਾਂ, ਖ਼ੁਸ਼ਬੋਆਂ...? ਇਹ ਖ਼ੁਸ਼ਬੋਅ ਕੇਹੋ ਜਿਹੀ ਚੀਜ਼ ਏ...ਜਿਹਦਾ ਵਜੂਦ ਹੈ ਵੀ ਤੇ ਨਹੀਂ ਵੀ...! ਤੇ ਛੋਟੀ ਦੇ ਲਾਏ ਫੁੱਲਾਂ ਦੀ ਖ਼ੁਸ਼ਬੋਅ ਅਜੇ ਵੀ ਮੇਰੀਆਂ ਯਾਦਾਂ ਵਿਚ ਵੱਸੀ ਹੋਈ ਏ..! ਉਜਾਗਰ ਸਿੰਘ ਕੀ ਕਰੇ...?...ਛੋਟੀ ਬਹੁਤ ਯਾਦ ਆਉਂਦੀ ਏ...!

(ਇਕ ਪਲ ਦਾ ਵਕਫ਼ਾ)

ਯਾਦਾਂ...? ਓ ਮੇਰਿਆ ਰੱਬਾ, ਇਹ ਤੂੰ ਕੀ ਚੀਜ਼ ਬਣਾਈ ਏ...ਯਾਦਾਂ?

(ਸੰਗੀਤ ਦੀ ਕੱਲਮਕਾਰੀ ਧੁਨ। ਇਕ ਪਲ ਦਾ ਵਕਫ਼ਾ।)

ਮੈਂ ਕਈ ਵਾਰ ਸੋਚਦਾਂ...ਮੈਨੂੰ ਛੋਟੀ ਦੀ ਯਾਦ ਕਿਉਂ ਆਉਂਦੀ ਏ...? ਯਾਦ...? ਯਾਦ ਕੀ, ਉਹ ਮਰਜਾਣੀ ਤੇ ਭੁੱਲਦੀ ਈ ਨਹੀਂ!...ਲੱਗਦਾ ਏ...ਉਹ ਹਰ ਵੇਲੇ ਮੇਰੇ ਨਾਲ ਏ!...ਕਦੇ ਹੱਸਦੀ ਤੇ ਕਦੇ ਰੋਂਦੀ ਹੋਈ!...ਕਦੇ ਰੁਸਦੀ, ਕਦੇ ਮੁਸਕਰਾਉਂਦੀ ਤੇ ਕਦੇ ਗੱਲਾਂ ਕਰਦੀ ਹੋਈ...!...ਤੇ ਕਈ ਵਾਰ ਮੈਨੂੰ ਭੈੜੇ ਭੈੜੇ ਸੁਫ਼ਨੇ ਆਉਂਦੇ ਨੇ...ਇਕ ਸੁਫ਼ਨੇ ਵਿਚ ਛੋਟੀ ਡੈਣ ਜਹੀ ਬਣੀ ਹੋਈ ਏ...ਤੇ ਮੈਨੂੰ ਡੱਕਰੇ ਡੱਕਰੇ ਕਰਕੇ ਵੱਢ ਰਹੀ ਏ...ਤੇ ਆਪਣੇ ਭਰਾ ਦੇ ਡੱਕਰੇ ਡੱਕਰੇ ਕਰ ਰਹੀ ਏ!...ਤੇ ਡੱਕਰੇ ਡੱਕਰੇ ਕਰਕੇ ਨਹਿਰ ਵਿਚ ਸੁੱਟੀ ਜਾਂਦੀ ਏ!...ਤੇ ਇਕ ਹੋਰ ਸੁਫ਼ਨੇ ਵਿਚ...ਉਹ ਮੈਨੂੰ ਰੱਖੜੀ ਬੰਨ੍ਹਦੀ ਏ... ਤੇ ਹੋਰ ਇਕ ਸੁਫ਼ਨੇ ਵਿਚ ਛੋਟੀ ਦਾ ਵਿਆਹ ਹੋ ਰਿਹਾ ਏ...ਲਾਵਾਂ ਹੋ ਰਹੀਆਂ ਨੇ...ਚੌਥੀ ਲਾਂਵ ਪੜ੍ਹੀ ਜਾਂਦੀ ਹੈ...ਛੋਟੀ ਘਰਵਾਲੇ ਦੇ ਪਿੱਛੇ ਪਿੱਛੇ ਤੁਰ ਰਹੀ ਹੈ...ਮਾਮੇ ਮਾਮੀਆਂ, ਭੈਣ ਭਰਾ ਜੋੜੇ 'ਤੇ ਫੁੱਲ ਸੁੱਟਦੇ ਨੇ...ਗੁਲਾਬ ਦੀਆਂ ਪੱਤੀਆਂ ਸੁੱਟਦੇ ਨੇ...!...ਤੇ ਫਿਰ ਛੋਟੀ ਫੁਲਕਾਰੀ 'ਚ ਸਿਮਟੀ ਹੋਈ ਲਾੜੇ ਦੇ ਕੋਲ ਬੈਠੀ ਏ...!... ਉਹ ਕਿੰਨੀ ਸੋਹਣੀ ਲੱਗ ਰਹੀ ਏ...! ਤੇ ਫਿਰ ਲਾੜਾ ਸਿਹਰਾ ਚੁੱਕਦਾ ਏ...ਸਿਹਰਾ ਚੁੱਕਦਾ ਏ ਤਾਂ ਮੈਂ ਕੀ ਵੇਖਦਾਂ...?...ਇਹ ਤਾਂ ਓਹੀ ਮੁੰਡਾ ਏ, ਜਿਦ੍ਹੇ ਨਾਲ ਉਹ ਪਿਆਰ ਕਰਦੀ ਸੀ...ਤੇ ਮੈਂ ਲਾੜੇ ਦੀ ਕ੍ਰਿਪਾਨ ਖਿੱਚ ਕੇ ਲਾੜੇ ਨੂੰ ਪੈ ਜਾਂਦਾਂ...ਲਾੜੇ ਨੂੰ ਵੱਢ ਦਿੰਦਾ ਆਂ...ਤੇ ਫੁਲਕਾਰੀ ਨੂੰ ਲੀਰੋ ਲੀਰ ਕਰ ਦਿੰਦਾ ਆਂ...ਤੇ ਫਿਰ ਛੋਟੀ ਦੇ ਮਹਿੰਦੀ ਰੱਤੇ ਹੱਥਾਂ 'ਚੋਂ ਖ਼ੂਨ ਵਗਣ ਲੱਗਦੈ...!...ਤੇ ਲੀਰੋ ਲੀਰ ਹੋਈ ਫੁਲਕਾਰੀ, ਲਾੜੇ ਦੇ ਲਹੂ ਨਾਲ ਤੇ ਛੋਟੀ ਦੇ ਲਹੂ ਨਾਲ ਹੋਰ ਲਾਲ ਹੋ ਜਾਂਦੀ ਏ...!...ਮੈਂ ਜ਼ੋਰ ਜ਼ੋਰ ਦੀ ਹੱਸਦਾਂ...ਤੇ ਲਾਗੇ ਖਲੋਤੇ ਲੋਕ ਵੀ ਜ਼ੋਰ ਜ਼ੋਰ ਦੀ ਹੱਸਦੇ ਨੇ...ਜ਼ੋਰ ਜ਼ੋਰ ਦੀ ਹੱਸਦੇ ਨੇ ਤੇ ਰੋਂਦੇ ਨੇ...ਤੇ ਲੀਰੋ ਲੀਰ ਹੋਈ, ਲਹੂ ਨਾਲ ਸਣੀ ਫੁਲਕਾਰੀ ਸੁੱਕ ਜਾਂਦੀ ਏ...ਤੇ ਫੁਲਕਾਰੀ 'ਤੇ ਪਏ ਫੁੱਲ ਫੁਲਕਾਰੀ 'ਚੋਂ ਨਿਕਲ ਕੇ ਹਵਾ ਵਿਚ ਉੱਡਣ ਲੱਗਦੇ ਨੇ...ਹਵਾ ਉਨ੍ਹਾਂ ਫੁੱਲਾਂ ਦੀ ਖ਼ੁਸ਼ਬੂ ਨਾਲ ਭਰ ਜਾਂਦੀ ਏ...ਹਾਂ, ਹਵਾ ਉਨ੍ਹਾਂ ਫੁੱਲਾਂ ਦੀ ਖ਼ੁਸ਼ਬੂ ਨਾਲ ਭਰ ਜਾਂਦੀ ਏ...ਲਹੂ...ਮਹਿੰਦੀ...ਤੇ ਫੁੱਲਾਂ ਦੀ ਖ਼ੁਸ਼ਬੂ...!

(ਸੰਗੀਤ ਦੀ ਕੱਲਮਕਾਰੀ ਧੁਨ। ਵਕਫ਼ਾ।)

ਹਾਂ...ਖ਼ੁਸ਼ਬੋਅ!...ਇਹ ਖ਼ੁਸ਼ਬੋਅ...ਕੈਸੀ ਖ਼ੁਸ਼ਬੋਅ ਏ...?

(ਸੰਗੀਤ ਦੀ ਕੱਲਮਕਾਰੀ ਧੁਨ। ਵਕਫ਼ਾ।)





ਨਾਟਕ 'ਖ਼ੁਸ਼ਬੂ' ਦੇ ਮੰਚਨ ਦੀਆਂ ਤਸਵੀਰਾਂ

ਇਹ ਖ਼ੁਸ਼ਬੋਅ ਕਿੱਥੋਂ ਆਉਂਦੀ ਏ?

(ਸੰਗੀਤ ਦੀ ਕੱਲਮਕਾਰੀ ਧੁਨ। ਏਧਰ ਓਧਰ ਵੇਖਦਾ ਜਿਵੇਂ ਉਹ ਦਿਸ਼ਾ, ਉਹ ਖੂੰਜਾ, ਉਹ ਵਿੱਥ ਲੱਭ ਰਿਹਾ ਹੋਵੇ, ਜਿਥੋਂ ਏਹੋ ਜਿਹੀ ਖ਼ੁਸ਼ਬੋਅ ਆਉਂਦੀ ਏ ਜਾਂ ਆਉਂਦੀ ਪ੍ਰਤੀਤ ਹੁੰਦੀ ਹੈ। ਪਰ ਉਸ ਨੂੰ ਕੁਝ ਨਹੀਂ ਲੱਭਦਾ। ਫਿਰ ਉਹ ਆਪਣੀ ਕਹਾਣੀ ਅੱਗੇ ਤੋਰਦਾ ਹੈ।)

ਤੇ ਮੈਂ ਸੁਫ਼ਨਿਆਂ ਦੀਆਂ ਗੱਲਾਂ ਕਰ ਰਿਹਾ ਸਾਂ...ਇਕ ਅਜੀਬ ਜਿਹਾ ਸੁਫ਼ਨਾ ਮੈਨੂੰ ਵਾਰ ਵਾਰ ਆਉਂਦਾ ਏ...ਉਸ ਸੁਫ਼ਨੇ ਵਿਚ ਰਾਤ ਏ...ਕਾਲੀ ਡਰਾਉਣੀ ਰਾਤ!...ਤੇ ਸਾਡਿਆਂ ਸਾਰਿਆਂ ਦੀਆਂ ਧੀਆਂ ਅੱਧੀ ਰਾਤੀਂ ਉੱਠ ਕੇ...ਆਪਣੀ ਆਪਣੀ ਮਰਜ਼ੀ ਦੇ ਫੁੱਲ ਲਾਉਣ ਲੱਗ ਪਈਆਂ ਨੇ!...ਤੇ ਫਿਰ...ਉਨ੍ਹਾਂ ਦੇ ਮਾਂ ਪਿਉ ਉੱਠਦੇ ਨੇ, ਤਾਏ ਚਾਚੇ ਤੇ ਭਰਾ ਉੱਠਦੇ ਨੇ...ਤੇ ਉਨ੍ਹਾਂ ਦਿਆਂ ਸਿਰਾਂ 'ਚ ਡਾਂਗਾਂ ਮਾਰਦੇ ਨੇ...ਚਪੇੜਾਂ, ਠੁੱਡੇ ਮਾਰਦੇ ਨੇ...ਧੂਹ ਘਸੀਟ ਹੁੰਦੀ ਹੈ...ਗੋਲੀਆਂ ਚੱਲਦੀਆਂ ਨੇ...ਖ਼ੂਨ ਫਰਲ ਫਰਲ ਵਹਿੰਦਾ ਏ...ਜਿੱਦਾਂ ਛੋਟੀ ਦੇ ਸਿਰ 'ਚੋਂ ਵਗਿਆ ਸੀ...ਕੁੜੀਆਂ ਚੀਖ਼ਾਂ ਮਾਰਦੀਆਂ ਨੇ...ਤੇ ਮੈਂ ਪਸੀਨੋ ਪਸੀਨੀ ਹੋਇਆ, ਜਾਗ ਪੈਂਦਾ ਆਂ!...ਤੇ ਆਸੇ ਪਾਸੇ...ਇਸ ਜੇਲ੍ਹ ਵਿਚ ਡੂੰਘੀ ਚੁੱਪ ਹੁੰਦੀ ਏ...ਏਥੇ ਕੋਈ ਫੁੱਲ ਨਹੀਂ...ਪਰ ਮੈਨੂੰ ਛੋਟੀ ਦੇ ਲਾਏ ਫੁੱਲਾਂ ਦੀ ਖ਼ੁਸ਼ਬੋਅ ਆਉਂਦੀ ਏ!...ਪਤਾ ਨਹੀਂ ਕਿਉਂ...ਉਹ ਖ਼ੁਸ਼ਬੋਅ ਮੇਰੀਆਂ ਨਾਸਾਂ ਵਿਚ ਵੜੀ ਹੋਈ ਏ...ਮੇਰੇ ਦਿਮਾਗ਼ ਵਿਚ ਵੱਸੀ ਹੋਈ ਏ...?...ਤੇ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾਂ..."ਹੇ ਵਾਹਿਗੁਰੂ! ਮੈਨੂੰ ਏਸ ਖ਼ੁਸ਼ਬੋਅ ਤੋਂ ਛੁਟਕਾਰਾ ਦਿਵਾ!...ਮੈਂ ਇਹ ਸਾਰਾ ਕਾਰਾ ਤੇਰੇ ਕੋਲੋਂ ਇਜਾਜ਼ਤ ਲੈ ਕੇ ਕੀਤਾ ਸੀ...ਆਪਣੀ...ਤੇ ਆਪਣੇ ਘਰ ਦੀ ਇੱਜ਼ਤ ਬਚਾਉਣ ਲਈ...ਵਾਹਿਗੁਰੂ ਤੂੰ ਮਿਹਰ ਕੀਤੀ...ਮੈਨੂੰ ਹਿੰਮਤ ਦਿੱਤੀ ਤੇ ਮੇਰੀ ਇੱਜ਼ਤ ਬਣੀ ਰਹੀ...! ਹੁਣ ਮੇਰੇ ਤੇ ਇਕ ਮਿਹਰ ਹੋਰ ਕਰ!...ਮੈਨੂੰ ਇਸ ਖ਼ੁਸ਼ਬੋਅ ਤੋਂ ਛੁਟਕਾਰਾ ਦਿਵਾ!...ਲਾਗੇ ਚਾਗੇ ਦੇ ਪਿੰਡਾਂ ਵਿਚ ਲੋਕ ਮੇਰੀ ਕਹਾਣੀ, ਇਕ ਦੂਜੇ ਨੂੰ ਸੁਣਾਉਂਦੇ ਨੇ!...ਜੇ ਇਸ ਕਹਾਣੀ ਵਿਚ ਖ਼ੁਸ਼ਬੋਅ ਨਹੀਂ ਤਾਂ ਫਿਰ ਕੀ ਏ?...ਮੈਨੂੰ ਇਸ ਖ਼ੁਸ਼ਬੋਅ ਤੋਂ ਛੁਟਕਾਰਾ ਦਿਵਾ। ਮੈਂ ਤੇਰੇ ਤੋਂ ਹੋਰ ਕੁਝ ਨਹੀਂ ਮੰਗਦਾ!...ਇਹ ਭੈੜੇ ਭੈੜੇ ਸੁਫ਼ਨੇ ਵੀ ਓਸੇ ਖ਼ੁਸ਼ਬੋ ਕਰਕੇ ਆਉਂਦੇ ਨੇ!...ਵਾਹਿਗੁਰੂ, ਮੈਂ ਇੱਜ਼ਤਦਾਰ ਬੰਦਾ ਆਂ...!...ਤੇ ਖ਼ੁਸ਼ਬੋ ਦਾ ਕੀ ਏ... ਖ਼ੁਸ਼ਬੋਅ ਤਾਂ ਫ਼ਜ਼ੂਲ ਜਿਹੀ ਚੀਜ਼ ਏ...ਤੂੰ ਮੇਰੀ ਇੱਜ਼ਤ ਬਣਾਈ ਰੱਖੀਂ...ਮੇਰੇ ਲਈ ਏਨਾ ਈ ਬਹੁਤ ਏ...ਖ਼ੁਸ਼ਬੋਅ ਤਾਂ ਫ਼ਜ਼ੂਲ ਜਿਹੀ ਚੀਜ਼ ਏ...!...ਤੇ ਸਵਾਲ ਇਹ ਐ...ਬੰਦਾ ਆਪਣੀ ਇੱਜ਼ਤ ਦੀ ਰਾਖੀ ਕਰੇ ਜਾਂ ਨਾ ਕਰੇ?...ਮੈਂ ਬਹੁਤ ਸੋਚਦਾਂ...ਤੇ ਜਵਾਬ ਏਹੋ ਮਿਲਦਾ ਏ...ਜੇ ਬੰਦੇ ਨੇ ਆਪਣੀ ਇੱਜ਼ਤ ਆਬਰੂ ਦੀ ਰਾਖੀ ਨਾ ਕੀਤੀ ਤਾਂ...ਤੇ...ਉਹ ਬੰਦਾ ਈ ਨਾ ਨਾ ਹੋਇਆ!...ਜੇ ਬੰਦੇ 'ਚ ਅਣਖ ਏ ਤਾਂ ਈ ਬੰਦਾ ਬੰਦਾ ਏ!...ਵਾਹਿਗੁਰੂ, ਮੈਂ ਤੇਰਾ ਬੰਦਾ ਆਂ...!...ਮੈਂ ਤੇਰੇ ਸਾਮ੍ਹਣੇ ਹਾਜ਼ਰ ਹੋ ਕੇ, ਆਪਣੀ ਇੱਜ਼ਤ ਬਣਾਈ ਰੱਖਣ ਲਈ, ਇਹ ਕਾਰਾ ਕਰਨ ਦੀ ਇਜਾਜ਼ਤ ਮੰਗੀ...!...ਤੂੰ ਇਜਾਜ਼ਤ ਦਿੱਤੀ...ਤੇ ਮੇਰੀ ਇੱਜ਼ਤ ਬਣਾਈ ਰੱਖੀ...!...ਹੁਣ ਸਾਡੇ ਵਿਹੜੇ ਵਿਚ ਫੁੱਲ ਨਹੀਂ...ਏਸ ਜੇਲ੍ਹ ਵਿਚ ਫੁੱਲ ਨਹੀਂ...ਤੇ ਫਿਰ ਮੈਨੂੰ ਖ਼ੁਸ਼ਬੋਅ ਕਿਉਂ ਆਉਂਦੀ ਏ?...ਵਾਹਿਗੁਰੂ, ਮੈਨੂੰ ਇਸ ਖ਼ੁਸ਼ਬੋਅ ਤੋਂ ਛੁਟਕਾਰਾ ਦਿਵਾ...! ਖ਼ੁਸ਼ਬੋਅ ਤਾਂ ਫ਼ਜ਼ੂਲ ਜਹੀ ਚੀਜ਼ ਏ...ਮੈਨੂੰ ਇਸ ਤੋਂ ਛੁਟਕਾਰਾ ਦਿਵਾ...! ਖ਼ੁਸ਼ਬੋਅ ਫਜ਼ੂਲ ਜਿਹੀ ਚੀਜ਼ ਏ...! ਵਾਹਿਗੁਰੂ, ਮੈਨੂੰ ਏਸ ਖ਼ੁਸ਼ਬੋਅ ਤੋਂ ਛੁਟਕਾਰਾ ਦਿਵਾ...! ਮੈਨੂੰ ਇਸ ਖ਼ੁਸ਼ਬੂ ਤੋਂ ਛੁਟਕਾਰਾ ਦਿਵਾ...!...ਵਾਹਿਗੁਰੂ, ਮੈਨੂੰ ਇਸ ਖ਼ੁਸ਼ਬੋਅ ਤੋਂ ਛੁਟਕਾਰਾ ਦਿਵਾ...!

(ਉਹਦੇ ਹੱਥ ਵਾਹਿਗੁਰੂ ਅੱਗੇ ਜੁੜ ਗਏ ਹਨ। ਪਰਦਾ ਡਿੱਗਦਾ ਹੈ।) ◙



# ਹੁੱਲੜ ਗਾਇਕੀ ਦੀ ਤਾਕੀ ਚੋਂ ਦਿਸਦਾ ਭਵਿੱਖ

## ਪ੍ਰੋ. ਰਮਨ

ਰੂਸ ਦੀ ਸਮਾਜਵਾਦੀ ਕ੍ਰਾਂਤੀ ਦੇ ਮਹਾਨਾਇਕ ਵਲਾਦੀਮੀਰ ਇਲੀਅਚ ਲੈਨਿਨ ਨੇ ਗਾਇਕੀ ਬਾਰੇ ਜੋ ਟਿਪਣੀ ਕੀਤੀ ਸੀ, ਅਜੋਕੀ ਪੰਜਾਬੀ ਹੁੱਲੜ ਗਾਇਕ ਉਸ ਟਿੱਪਣੀ ਦੀ ਪ੍ਰੋੜ੍ਹਤਾ ਕਰਦੀ ਜਾਪਦੀ ਹੈ। ਲੈਨਿਨ ਨੇ ਕਿਹਾ ਸੀ ਕਿ ਤੁਸੀਂ ਮੈਨੂੰ ਆਪਣੇ ਦੇਸ਼ ਦੇ ਨੌਜਵਾਨਾਂ ਵਿਚ ਪ੍ਰਚਲਿਤ ਗਾਇਕੀ ਬਾਰੇ ਦੱਸ ਦਿਓ, ਮੈਂ ਤੁਹਾਨੂੰ ਤੁਹਾਡੇ ਦੇਸ਼ ਦਾ ਭਵਿੱਖ ਦੱਸ ਦੇਵਾਂਗਾ। ਸੱਚਮੁੱਚ ਹੀ, ਸਮਕਾਲੀ ਪੰਜਾਬੀ ਗਾਇਕੀ ਦਾ ਵੱਡਾ ਹਿੱਸਾ ਦੇਸ਼ ਅਤੇ ਖ਼ਾਸ ਕਰਕੇ ਪੰਜਾਬੀ ਨੌਜਵਾਨਾਂ ਦੇ ਭਵਿੱਖ ਬਾਰੇ ਬੜੇ ਖ਼ਤਰਨਾਕ ਸੰਕੇਤ ਦੇ ਰਿਹਾ ਹੈ। ਇੰਨਾ ਬਾਰੂਦ ਉਸ ਗਾਇਕੀ ਵਿਚ ਭਰਿਆ ਜਾ ਰਿਹਾ ਹੈ ਕਿ ਇਸ ਦੁਆਰਾ ਮੱਚਣ ਵਾਲੀ ਤਬਾਹੀ ਦਾ ਕੋਈ ਸ਼ੁਮਾਰ ਨਹੀਂ ਹੋਵੇਗਾ। ਮਨੁੱਖੀ ਕਦਰਾਂ-ਕੀਮਤਾਂ ਦੀ ਚੀਥੜੇ ਜੋ ਹੁਣ ਉੱਡਦੇ ਦਿਖਾਈ ਦੇ ਰਹੇ ਹਨ, ਉਸ ਤੋਂ ਕਿਤੇ ਜ਼ਿਆਦਾ ਭਵਿੱਖ ਵਿਚ ਉੱਡਣਗੇ। ਹੁੱਲੜ ਗਾਇਕੀ ਵਿਚ ਸਮਾਜ ਅਤੇ ਸਮਾਜ ਵਿਚ ਨੌਜਵਾਨ ਦੀ ਭੂਮਿਕਾ ਦਾ ਜੋ ਖਾਕਾ ਪੇਸ਼ ਹੈ, ਉਹ ਇਹੋ ਜਿਹੀਆਂ ਸੰਭਾਵਨਾਵਾਂ ਹੀ ਪੇਸ਼ ਕਰ ਰਿਹਾ ਹੈ।

ਪੰਜਾਬੀ ਦੀ ਹੁੱਲੜ ਗਾਇਕੀ ਹਰ ਤਰ੍ਹਾਂ ਦਾ ਐਬ ਬੜੇ ਧੂਮ-ਧੜੱਕੇ ਨਾਲ ਉਛਾਲ ਰਹੀ ਹੈ। ਕੋਈ ਵੀ ਅਜਿਹਾ ਨਸ਼ਾ ਨਹੀਂ ਹੈ, ਜਿਸ ਦਾ ਜ਼ਿਕਰ ਇਸ ਗਾਇਕੀ ਵਿਚ ਬੜੇ ਮਾਣ ਨਾਲ ਕੀਤਾ ਜਾਂਦਾ ਹੋਵੇ। ਹਿੰਸਕ ਰੁਚੀਆਂ ਦੇ ਪ੍ਰਗਟਾਵੇ ਵਿਚ ਤਾਂ ਇਹ ਗਾਇਕੀ ਸਭ ਹੱਦ-ਬੰਨੇ ਟੱਪ ਗਈ ਹੈ। ਇਸ ਗਾਇਕੀ ਵਿਚ ਪਰੰਪਰਕ ਮਾਨਵੀ ਰਿਸ਼ਤਿਆਂ ਦਾ ਤ੍ਰਿਸਕਾਰ, ਅਸ਼ਲੀਲਤਾ ਅਤੇ ਗੁੰਡਾਗਰਦੀ ਦਾ ਵੀ ਖੁੱਲ੍ਹ ਕੇ ਪ੍ਰਗਟਾਵਾ ਕੀਤਾ ਜਾਂਦਾ ਹੈ। ਇਹ ਸਾਰੇ ਐਬ ਅਜੋਕੇ ਵਿਗੜੈਲ ਗਾਇਕਾਂ ਦੇ ਹਥਿਆਰ ਹਨ, ਜਿਨ੍ਹਾਂ ਨਾਲ ਲੈਸ ਹੋ ਕੇ ਉਹ ਪਿਛਲੇ ਲਗਪਗ ਇਕ ਦਹਾਕੇ ਤੋਂ ਮਾਰੂ ਹਮਲੇ ਪੰਜਾਬੀ ਸਭਿਆਚਾਰ ਉੱਪਰ ਕਰਦੇ ਆ ਰਹੇ ਹਨ। ਨਿਰਸੰਦੇਹ, ਇਸ ਗਾਇਕੀ ਨੇ ਪੰਜਾਬੀ ਨੌਜਵਾਨ ਦੀ ਸੋਚ, ਉਸ ਦੇ ਤੌਰ-ਤਰੀਕਿਆਂ ਅਤੇ ਉਸ ਦੀ ਜੀਵਨ-ਸ਼ੈਲੀ ਨੂੰ ਨਾਕਾਰਾਤਮਕ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਹੁੱਲੜ ਗਾਇਕ ਜਿਥੇ ਮਾਰ-ਧਾੜ ਵਾਲੇ ਗੀਤ ਹਥਿਆਰਾਂ ਦੇ ਪ੍ਰਦਰਸ਼ਨ ਵਾਲੀਆਂ ਵੀਡੀਓਜ਼ ਜ਼ਰੀਏ 'ਗਾ' ਦੇ ਖ਼ੂਬ ਕਮਾਈ ਕਰ ਰਹੇ ਹਨ, ਉਥੇ ਪੰਜਾਬੀ ਨੌਜਵਾਨ ਇਨ੍ਹਾਂ ਗੀਤਾਂ ਨੂੰ 'ਜੀਅ' ਕੇ ਤ੍ਰਾਸਦਿਕ ਹੋਣੀ ਭੋਗ ਰਹੇ ਹਨ।

ਕੀ ਹੋਰ ਭਾਸ਼ਾਵਾਂ ਦੀ ਗਾਇਕੀ ਵਿਚ ਵੀ ਹੁੱਲਬੜਬਾਜ਼ੀ ਦਾ ਰੁਝਾਨ ਪੰਜਾਬੀ ਦੀ ਹੁੱਲੜ ਗਾਇਕੀ ਜਿੰਨਾ ਹੀ ਹੈ ? ਇਹ ਸਵਾਲ ਖੋਜ ਦਾ ਵਿਸ਼ਾ ਹੈ, ਪਰ ਜਿਥੋਂ ਤਕ ਹੋਰ ਭਾਸ਼ਾਵਾਂ ਦੀ ਗਾਇਕੀ ਸੰਬੰਧੀ ਆਮ ਜਾਣਕਾਰੀ ਹੈ, ਉਹ ਗਾਇਕੀ ਪੰਜਾਬੀ ਜਿੰਨੀ ਲੱਠਮਾਰ ਨਹੀਂ

“ਹੁੱਲੜ ਗਾਇਕੀ ਜੇ ਮੰਚ ਪੇਸ਼ਕਾਰੀ ਭੂਤਰੇ ਹੋਏ ਸਾਨ੍ਹ ਵਾਂਗ ਨਾ ਕਰਨ ਤਾਂ ਫਿਰ ਹੁੱਲੜਬਾਜ਼ ਕਾਹਦੇ ਹੋਏ। ਅਜਿਹੇ ਗਾਇਕ ਦਾ ਇਕ ਪ੍ਰੋਗਰਾਮ ਦੇਖਣਾ ਪਿਆ। ਮੰਚ ਦੇ ਆਲੇ-ਦੁਆਲੇ ਸਕਿਉਰਟੀ ਗਾਰਡ ਲੱਗੇ ਦੇਖ ਕੇ ਮੇਰਾ ਸਾਥੀ ਕਹਿਣ ਲੱਗਾ, “ਇਹ ਸ਼ਾਇਦ ਇਸ ਕਰਕੇ ਲਾਏ ਗਏ ਹਨ ਤਾਂ ਕਿ ਭੂਤਰਿਆ ਹੋਇਆ ਗਾਇਕ ਦਰਸ਼ਕਾਂ ਵਿਚ ਨਾ ਆ ਵੜੇ...ਕਿਤੇ ਕੋਈ ਨੁਕਸਾਨਿਆ ਹੀ ਨਾ ਜਾਵੇ...।” ਇਸ ਗਾਇਕ ਦੀ ਸਰੀਰਕ ਭਾਸ਼ਾ ਅਜਿਹੀ ਸੀ ਜਿਵੇਂ ਕਿਸੇ ਦੇ ਢੁੱਡ ਮਾਰਨੀ ਹੋਵੇ ਜਾਂ ਕਿਸੇ ਨੂੰ ਢਾਹ ਲੈਣਾ ਹੋਵੇ। ਮੰਚ-ਸੰਚਾਲਨ ਨੇ ਇਸ ਗਾਇਕ ਦੀ ਤਾਰੀਫ਼ ਦੇ ਪੁਲ ਬੰਨ੍ਹਦਿਆਂ ਇਸ ਨੂੰ ਕਈ ਸੰਸਥਾਵਾਂ ਤੋਂ ਗੋਲਡ ਮੈਡਲ ਹਾਸਲ ਕਰ ਚੁੱਕਾ ਗਾਇਕ ਐਲਾਨਿਆ ਸੀ।”

ਹੈ। ਉਸ ਵਿਚ ਕਾਮੁਕ ਹਰਕਮਾਂ ਦੀ ਬਹੁਤਾਤ ਤਾਂ ਹੈ ਪਰ ਹਥਿਆਰਬੰਦ ਕਸਰਤਾਂ ਤੋਂ ਉਹ ਹਾਲ ਦੀ ਘੜੀ ਮੁਕਤ ਹੈ। ਪੰਜਾਬੀ ਦੀ ਹੁੱਲਰ ਗਾਇਕੀ ਕਤਲ ਕਰਨ ਲਈ ਉਕਸਾਉਂਦੀ, ਖਰੂਦ ਮਚਾਉਣ ਲਈ ਚਮਲਾਉਂਦੀ ਅਤੇ ਕਾਨੂੰਨ ਤੋਂ ਉੱਪਰ ਹੋਣ ਉੱਪਰ ਆਪਣਾ ਹੱਕ ਜਤਾਉਂਦੀ ਹੈ। ਵੀਡੀਓਜ਼ ਵਿਚ ਗਾਇਕ ਅਜੀਬੋ-ਗ਼ਰੀਬ ਬਾਣਿਆਂ ਵਿਚ ਹੱਥਾਂ ਵਿਚ ਸਾਜ਼ਾਂ ਦੀ ਥਾਂ ਹਥਿਆਰ ਲੈ ਕੇ ਘੁੰਮਦੇ ਤੇ ਧਮੱਚੜ ਪਾਉਂਦੇ ਦਿਖਾਈ ਦਿੰਦੇ ਹਨ। ਅਜਿਹਾ ਕਰਦਿਆਂ ਉਨ੍ਹਾਂ ਦਾ ਹੰਕਾਰ ਆਪਣੀ ਚਰਮ-ਸੀਮਾ ਉੱਪਰ ਹੁੰਦਾ ਹੈ। ਉਹ ਅਜਿਹਾ ਪ੍ਰਭਾਵ ਦੇਣ ਲਈ ਹਰ ਹੀਲਾ ਕਰਦੇ ਹਨ, ਜਿਵੇਂ ਦੁਨੀਆ ਦੀ ਕੁਲ ਤਾਕਤ ਉਨ੍ਹਾਂ ਦੇ ਹੱਥਾਂ ਵਿਚ ਹੀ ਕੇਂਦ੍ਰਿਤ ਹੋਵੇ। ਉਹ ਸਭ ਕੁਝ ਕਰ ਸਕਦੇ ਹਨ, ਮੰਦਾ-ਚੰਗਾ ਬੋਲ ਸਕਦੇ ਹਨ ਪਰ ਕੋਈ ਵੀ ਉਨ੍ਹਾਂ ਨੂੰ ਕੁਝ ਨਹੀਂ ਕਹਿ ਸਕਦਾ। ਦਲੀਲ ਦੀ ਥਾਂ ਹਥਿਆਰ ਦਾ ਸਹਾਰਾ ਲੈਣ ਵਾਲੇ ਵਿਅਕਤੀ ਕੋਲੋਂ ਅਜਿਹੇ ਵਿਵਹਾਰ ਦੀ ਆਸ ਹੀ ਕੀਤੀ ਜਾ ਸਕਦੀ ਹੈ। ਅਜਿਹਾ ਵਿਅਕਤੀ ਲਚੀਲਾ ਵੀ ਨਹੀਂ ਹੁੰਦਾ, ਸੁਰੀਲਾ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਔਰਤ ਜਾਤ ਦੀ ਨਿਰਾਦਰੀ ਕਰਨ ਦੇ ਮਾਮਲੇ ਵਿਚ ਹੁੱਲਰ ਗਾਇਕੀ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਇਸ ਗਾਇਕੀ ਦਾ ਗਾਇਕ ਜਿਥੇ ਆਪਣੇ ਆਪ ਨੂੰ ਬਲਾਤਕਾਰੀ ਕਹਿਣ ਵਿਚ ਫ਼ਖ਼ਰ ਮਹਿਸੂਸ ਕਰਦਾ ਹੈ, ਉਥੇ ਆਪਣੀ ਸਹਿ-ਗਾਇਕਾ ਨੂੰ ‘ਚਪੇੜ ਮਾਰੂੰ’ ਕਹਿਣ ’ਚ ਵੀ ਗੁਰੇਜ਼ ਨਹੀਂ ਕਰਦਾ। ਕੁਝ ਸਮਾਂ ਪਹਿਲਾਂ ਇਕ ਇੰਜੀਨੀਅਰਿੰਗ ਕਾਲਜ ਵਿਚ ਜਾਣ ਦਾ ਸਬੱਬ ਬਣਿਆ। ਉਥੇ ਕਿਸੇ ਗਾਣੇ ਦੀ ਸ਼ੂਟਿੰਗ ਦੀ ਤਿਆਰੀ ਕੀਤੀ ਜਾ ਰਹੀ ਨਾਂਹ-ਮਾਤਰ ਕੱਪੜਿਆਂ ਵਾਲੀ ਇਕ ਨੌਜਵਾਨ ਲੜਕੀ ਮੁੰਡੇ-ਕੁੜੀਆਂ ਦੀ ਟੋਲੀ ਦੇ ਵਿਚਕਾਰ ਬੈਠੀ ਸੀ। ਉਸ ਦੀਆਂ ਹਰਕਤਾਂ ਤੋਂ ਸਾਫ਼ ਪਤਾ ਲੱਗਦਾ ਸੀ ਕਿ ਉਹ ਆਪਣੇ ਨੰਗੇਜ਼ ਤੋਂ ਕਾਫ਼ੀ ਪਰੇਸ਼ਾਨ ਸੀ। ਉਹਦੇ ਹਾਵ-ਭਾਵ ਦਰਸਾ ਰਹੇ ਸਨ ਕਿ ਉਸ ਨੂੰ ਮਜਬੂਰਨ ਨੰਗੇ ਹੋਣਾ ਪੈ ਰਿਹਾ ਸੀ। ਔਰਤ ਦਾ ਗਲੈਮਰ ਦੇ ਨਾਂ ’ਤੇ ਹੋ ਰਿਹਾ ਜਜ਼ਬਾਤੀ ਸੋਸ਼ਣ ਹੁੱਲੜ ਗਾਇਕੀ ਦੀਆਂ ਵੀਡੀਓਜ਼ ਵਿਚ ਆਮ ਹੋ ਗਿਆ ਹੈ। ਮੈਂ ਪ੍ਰਬੰਧਕਾਂ ਤੋਂ ਜ਼ਰਾ ਤਨਜ਼ੀਆ ਲਹਿਜ਼ੇ ’ਚ ਪੁੱਛਦਾ ਹਾਂ, ‘ਕਿਓਂ ਬਈ, ਕਾਲਜ ਵਿਚ ਸੈਕਸ-ਇੰਜੀਨੀਅਰਿੰਗ ਦਾ ਕੋਈ ਕੋਰਸ ਸ਼ੁਰੂ ਕਰਨ ਜਾ ਰਹੇ ਹੋ?’ ਪ੍ਰਬੰਧਕਾਂ ’ਚੋਂ ਇਕ ਛਿੱਥਾ ਜਿਹਾ ਪੈ ਕੇ ਕਹਿਣ ਲੱਗਾ, “ਨਹੀਂ ਜੀ, ਇਹ ਤਾਂ ਸਭ ਕਾਲਜ ਦੀ ਮਸ਼ਹੂਰੀ ਲਈ ਕੀਤਾ ਜਾ ਰਿਹਾ ਹੈ।” ਲਾਹਨਤ ਹੈ ਸਾਡੇ ਸਮਾਜਿਕ ਪ੍ਰਬੰਧ ਦੇ ਜਿਸ ਵਿਚ ਇਕ ਵਿਦਿਅਕ ਅਦਾਰੇ ਦੀ ਮਸ਼ਹੂਰੀ ਵੀ ਸਾਬਣ-ਤੇਲ ਦੀ ਮਸ਼ਹੂਰੀ ਵਾਂਗ ਕੀਤੀ ਜਾਣ ਲੱਗ ਪਈ ਹੈ। ਫਿਰ ਜਦੋਂ ਗਾਣੇ ਦੀ ਸ਼ੂਟਿੰਗ ਸ਼ੁਰੂ ਹੋਈ ਤਾਂ ਉਹ ਹੜਦੁੰਗ ਮੱਚਿਆ ਕਿ ਮੇਰੇ ਲਈ ਉਥੋਂ ਛੇਤੀ ਨਾਲ ਨੱਠ ਆਉਣ ਤੋਂ ਬਿਨਾਂ ਹੋਰ ਕੋਈ ਵਿਕਲਪ ਨਹੀਂ ਸੀ ਬਚਿਆ। ਮੁੰਡੇ ਕੁੜੀਆਂ ਨਾਲ ਜੋ ਹਰਕਤਾਂ ਕਰ ਰਹੇ ਸਨ, ਉਹ ਉਨ੍ਹਾਂ ਦੀ ਬੇਇਜ਼ਤੀ ਹੀ ਤਾਂ ਸੀ ਤੇ ਕੁੜੀਆਂ ਇਸ ਬੇਇਜ਼ਤੀ ਨੂੰ ਸਵੀਕਾਰ ਕਰ ਰਹੀਆਂ ਸਨ। ਦਰਅਸਲ, ਸਦੀਆਂ ਤੋਂ ਮਰਦ ਦੇ ਦਾਬੇ ਥੱਲੇ ਰਹੀ ਔਰਤ ਇਸ ਬੇਇਜ਼ਤੀ ਦੇ ਅਰਥਾਂ ਨੂੰ ਨਾ ਤਾਂ ਸਮਝਦੀ ਹੈ ਤੇ ਨਾ ਹੀ ਮਹਿਸੂਸ ਕਰਦੀ ਹੈ।

ਹੁੱਲੜ ਗਾਇਕੀ ਜੇ ਮੰਚ ਪੇਸ਼ਕਾਰੀ ਭੂਤਰੇ ਹੋਏ ਸਾਨ੍ਹ ਵਾਂਗ ਨਾ ਕਰਨ ਤਾਂ ਫਿਰ ਹੁੱਲੜਬਾਜ਼ ਕਾਹਦੇ ਹੋਏ। ਅਜਿਹੇ ਗਾਇਕ ਦਾ ਇਕ ਪ੍ਰੋਗਰਾਮ ਦੇਖਣਾ ਪਿਆ। ਮੰਚ ਦੇ ਆਲੇ-ਦੁਆਲੇ ਸਕਿਉਰਟੀ ਗਾਰਡ ਲੱਗੇ ਦੇਖ ਕੇ ਮੇਰਾ ਸਾਥੀ ਕਹਿਣ ਲੱਗਾ, “ਇਹ ਸ਼ਾਇਦ ਇਸ ਕਰਕੇ ਲਾਏ ਗਏ ਹਨ ਤਾਂ ਕਿ ਭੂਤਰਿਆ ਹੋਇਆ ਗਾਇਕ ਦਰਸ਼ਕਾਂ ਵਿਚ ਨਾ ਆ ਵੜੇ...ਕਿਤੇ ਕੋਈ ਨੁਕਸਾਨਿਆ ਹੀ ਨਾ ਜਾਵੇ...।” ਇਸ ਗਾਇਕ ਦੀ ਸਰੀਰਕ ਭਾਸ਼ਾ ਅਜਿਹੀ ਸੀ ਜਿਵੇਂ ਕਿਸੇ ਦੇ ਢੁੱਡ ਮਾਰਨੀ ਹੋਵੇ ਜਾਂ ਕਿਸੇ ਨੂੰ ਢਾਹ ਲੈਣਾ ਹੋਵੇ। ਮੰਚ-ਸੰਚਾਲਨ ਨੇ ਇਸ ਗਾਇਕ ਦੀ ਤਾਰੀਫ਼ ਦੇ ਪੁਲ ਬੰਨ੍ਹਦਿਆਂ ਇਸ ਨੂੰ ਕਈ ਸੰਸਥਾਵਾਂ ਤੋਂ ਗੋਲਡ ਮੈਡਲ ਹਾਸਲ ਕਰ ਚੁੱਕਾ ਗਾਇਕ ਐਲਾਨਿਆ ਸੀ।

ਗਾਇਕੀ ਤਹਿਜ਼ੀਬ ਦਾ ਇਕ ਅਤਿ ਕੋਮਲ ਪਹਿਲੂ ਹੈ। ਇਸ ਦੀਆਂ ਅੰਤਰ ਪ੍ਰੇਰਨਾਵਾਂ ਬਹੁਤ ਸੂਖ਼ਮ ਅਤੇ ਗਹਿਰੀਆਂ ਹੁੰਦੀਆਂ ਹਨ। ਸੰਗੀਤ ਇਸ ਦਾ ਆਧਾਰ ਹੈ, ਜਿਸ ਦੀ ਆਪਣੀ ਨਿਆਰੀ ਭਾਸ਼ਾ ਹੁੰਦੀ ਹੈ। ਇਸ ਪੱਖੋਂ ਹੁੱਲੜ ਗਾਇਕੀ ਗਾਇਕੀ ਦੇ ਨੇੜੇ ਤੇੜੇ ਵੀ ਨਹੀਂ ਢੁਕਦੇ। ਤਹਿਜ਼ੀਬ ਦੇ ਸੰਬੰਧ ਵਿਚ ਇਕ ਇੰਟਰਵਿਊ ਦੌਰਾਨ ਹੁੱਲੜ ਗਾਇਕੀ ਕੋਲੋਂ ਸਵਾਲ ਪੁੱਛਿਆ ਗਿਆ, “ਕੀ ਤੁਹਾਡੇ ਘਰ ਕੋਈ ਮਾਂ ਭੈਣ ਨਹੀਂ ਹੈ?” ਗਾਇਕ ਨੇ ਤੁਰੰਤ ਜਵਾਬ ਦਿੱਤਾ, “ਕਿਉਂ ਨਹੀਂ, ਉਨ੍ਹਾਂ ਦੀ ਪ੍ਰੇਰਨਾ ਨਾਲ ਤਾਂ ਮੈਂ ਇਸ ਲਾਈਨ ਵਿਚ ਆਇਆਂ, ਉਹ ਵੀ ਗਾਇਕੀ ਦੇ ਪਿੜ ਵਿਚ ਹਨ।” ਆਵਾ ਊਤ ਗਿਆ ਹੈ ਤੇ ਹੁੱਲੜ ਗਾਇਕੀ ਦੀ ਤਾਕੀ ’ਚੋਂ ਦਿਖਦਾ ਭਵਿੱਖ ਬੜਾ









# ਕੰਮ/ਕਿਰਤ ਦਾ ਦੁਖਾਂਤ

(**ਕੋਰਟ** ਤੇ **ਮਸਾਣ** ਫ਼ਿਲਮਾਂ ਦੇ ਪ੍ਰਸੰਗ 'ਚ)

*ਜਤਿੰਦਰ ਸਿੰਘ*

ਹਿੰਦੋਸਤਾਨੀ ਨਿਜ਼ਾਮ ਦਾ ਤਾਣਾ-ਬਾਣਾ ਬੜਾ ਗੁੰਝਲਦਾਰ ਤੇ ਪੇਚੀਦਾ ਹੈ। ਇਥੋਂ ਦੇ ਲੋਕ ਕਈ ਜਾਤਾਂ, ਜਮਾਤਾਂ, ਮਜ਼ਹਬਾਂ ਤੇ ਜ਼ੁਬਾਨਾਂ ਦੀਆਂ ਤੰਦਾਂ ਵਿਚ ਬੱਝੇ ਹੋਏ ਹਨ। ਜਾਤ, ਜਮਾਤ, ਮਜ਼ਹਬ ਤੇ ਜ਼ੁਬਾਨ ਦੇ ਤੰਦ ਪੇਚੀਦਾ ਵੀ ਹਨ ਜਿਨ੍ਹਾਂ ਤੰਦਾਂ ਨੂੰ ਸਮਝਣਾ ਤੇ ਸੁਲਝਾਉਣਾ ਉਦੋਂ ਬਹੁਤ ਕਠਿਨ ਬਣ ਜਾਂਦਾ ਹੈ ਜਦੋਂ ਨਿਜ਼ਾਮ ਤੰਗ ਤੇ ਬੰਦ ਤਰ੍ਹਾਂ ਦਾ (Close Society) ਦਾ ਹੋਵੇ। ਜੇਕਰ ਇਸ ਨਿਜ਼ਾਮ ਦੇ ਇਤਿਹਾਸ ਤੇ ਝਾਤੀ ਮਾਰੀਏ ਤਾਂ ਮਜ਼ਹਬ ਤੋਂ ਪ੍ਰੇਰਿਤ ਦੇਸ਼ ਵੰਡ ਬਾਅਦ ਸੂਬਿਆਂ ਦੀ ਤਕਸੀਮ ਕਹਿਣ ਨੂੰ ਜ਼ੁਬਾਨ ਦੀ ਥਾਂ, ਵਧੇਰੇ ਮਜ਼ਹਬ ਅਨੁਸਾਰ ਕੀਤੀ ਗਈ। ਫਿਰ ਸੂਬਿਆਂ ਦੀ ਅੱਗੋਂ ਹੋਰ ਵੰਡੀਆਂ ਉੱਭਰ ਆਈਆਂ ਜਿਨ੍ਹਾਂ ਦਾ ਆਧਾਰ ਖਿੰਡਿਆ ਪੁੰਡਿਆ ਹੈ। ਜਮਾਤ ਦਾ ਜਿਥੇ ਸਿੱਧਾ ਸੰਬੰਧ ਅਰਥ ਵਿਵਸਥਾ ਹੈ ਨਾਲ ਜਾਤ ਨੂੰ ਸਮਝਣ ਲਈ ਸਮਾਜ ਵਿਗਿਆਨੀਆਂ ਵਲੋਂ ਪੁਸ਼ਤਾਂ, ਉਸਾਰ-ਨਿਵਾਣ, ਸਜਾਤੀ, ਦਰਜਾਬੰਦੀ ਜਿਹੇ ਸੰਕਲਪਾਂ ਨੂੰ ਆਧਾਰ ਬਣਾਇਆ ਗਿਆ।

ਜਾਤ ਵਰਗੇ ਗੰਭੀਰ ਮੁਦੇ ਨੂੰ ਸਮਝਣ ਲਈ ਅਸੀਂ ਉਸ ਖਿੱਤੇ ਦੇ ਭੂਗੋਲਿਕ, ਰਾਜਨੀਤਕ, ਸਮਾਜਕ ਤੇ ਆਰਥਿਕ ਪਹਿਲੂਆਂ ਨੂੰ ਜਾਣਨ ਤੋਂ ਬਗ਼ੈਰ ਕਿਸੇ ਨਿਰਣੇ ਤੱਕ ਨਹੀਂ ਅੱਪੜ ਸਕਦੇ। ਬਿਹਾਰ, ਪੰਜਾਬ, ਮਹਾਰਾਸ਼ਟਰ ਤੇ ਉੱਤਰ ਪੂਰਬੀ ਹਿੰਦੋਸਤਾਨ ਦੇ ਬਾਕੀ ਸੂਬਿਆਂ ਵਿਚ ਸਥਿਤੀ ਇਕੋ ਜਿਹੀ ਨਹੀਂ ਹੈ। ਇਸ ਲਈ ਉਥੋਂ ਦੇ ਲੋਕਾਂ ਦਾ ਜਨ-ਜੀਵਨ ਇਕ ਦੂਜੇ ਤੋਂ ਅੱਡ ਹੈ। ਜਾਤ ਹਿੰਦੋਸਤਾਨੀ ਨਿਜ਼ਾਮ ਦੀ ਚੂਲ ਮੰਨੀ ਗਈ ਹੈ। ਇਸ ਨਾਲ ਜੁੜੀਆਂ ਅਲਾਮਤਾਂ ਹਰੇਕ ਸੂਬੇ ਦੀਆਂ ਅੱਡੋ-ਅੱਡ ਹਨ।

ਇਸ ਲੇਖ ਵਿਚ ਉੱਤਰ ਤੇ ਦੱਖਣੀ ਹਿੰਦੋਸਤਾਨ ਦੇ ਅੱਡ-ਅੱਡ ਸੂਬਿਆਂ ਵਿਚਲੇ ਨਿਜ਼ਾਮ ਨੂੰ **ਕੋਰਟ** ਤੇ **ਮਸਾਣ** ਫ਼ਿਲਮਾਂ ਰਾਹੀਂ ਸਮਝਣ ਦਾ ਯਤਨ ਹੈ। ਇਹ ਫ਼ਿਲਮਾਂ ਮਹਾਰਾਸ਼ਟਰ ਤੇ ਉੱਤਰ ਪ੍ਰਦੇਸ਼ ਵਿਚ ਰਹਿੰਦੇ ਕਾਮਿਆਂ ਦੇ ਜੀਵਨ ਦਾ ਬਿਰਤਾਂਤ ਪੇਸ਼ ਕਰਦੀਆਂ ਹਨ। ਇਹ ਦੋਵੇਂ ਸੂਬੇ ਭਿੰਨ ਕਾਰਨਾਂ ਵਸ ਬਹੁਤ ਅਹਿਮ ਹਨ। ਮਹਾਰਾਸ਼ਟਰ ਦਾ ਭੀਮ ਰਾਉ ਅੰਬੇਦਕਰ ਅਤੇ ਉੱਤਰ ਪ੍ਰਦੇਸ਼ ਕਾਮਿਆਂ ਦੀ ਸਭ ਤੋਂ ਵੱਡੀ ਪਾਰਟੀ ਬਹੁਜਨ ਸਮਾਜ ਪਾਰਟੀ ਨਾਲ ਤੁਆਲੁਕ ਹੈ। ਦੋਨਾਂ ਸੂਬਿਆਂ ਵਿਚ ਦਲਿਤ ਵਸੋਂ ਦੀ ਗਿਣਤੀ ਖ਼ਾਸ ਮਹੱਤਵ ਰੱਖਦੀ ਹੈ। ਦਲਿਤ ਲੋਕਾਂ ਦੀ ਪਹਿਚਾਣ ਕਾਮਿਆਂ ਵਜੋਂ ਹੁੰਦੀ ਹੈ। ਗੁਰਬਾਣੀ ਵਿਚ ਗੁਰੂ ਨਾਨਕ ਸਾਹਿਬ ਨੇ ਕੰਮ ਨੂੰ ਕਿਰਤ ਜਾਣ ਇਸ ਦੀ ਹੋਂਦ ਨੂੰ ਇੰਝ ਦਰਸਾਇਆ ਹੈ ਅਤੇ ਜਾਤ ਪਾਤ ਨੂੰ ਖ਼ੂਬ ਭੰਡਿਆ ਹੈ:

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥* **(ਵਾਰ ਸਾਰੰਗ ੧, ਅੰਗ 1245)**

ਜਾਤ ਤੇ ਜਮਾਤ ਤੋਂ ਰਹਿਤ ਨਿਜ਼ਾਮ ਦੀ ਸੰਭਾਵਨਾ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਕਿਰਤ ਦੀ ਮਹਾਨਤਾ ਦੇ ਭਾਵ ਤੋਂ ਜਾਣੂ ਹੋਇਆ ਜਾਵੇ।

**ਕੋਰਟ** ਨਾਮੀ ਮਰਾਠੀ ਫ਼ਿਲਮ ਵਿਚ ਇਹ ਗੱਲ ਬੜੀ ਸੁੱਘੜਤਾ ਨਾਲ ਉਭਰਦੀ ਹੈ। ਇਸ ਫ਼ਿਲਮ ਦਾ ਨਿਰਦੇਸ਼ਨ ਚੇਤਨਿਆ ਤਮਹਨੇ ਨੇ ਕੀਤਾ ਹੈ। ਮਹਾਂਨਗਰੀ ਵਿਵਸਥਾ ਵਿਚ ਕਾਮਿਆਂ ਦੀ ਜੋ ਹਾਲਤ ਹੈ ਉਸ ਦੀ ਇਹ ਫ਼ਿਲਮ ਮੂੰਹ ਬੋਲਦੀ ਤਸਵੀਰ ਹੈ ਨਾਲ ਹੀ ਹਿੰਦੋਸਤਾਨੀ ਨਿਆਂਇਕ ਪ੍ਰਬੰਧ ਦੀਆਂ ਖ਼ਾਮੀਆਂ ਨੂੰ ਨਿਝੱਕ ਰੂਪ ਵਿਚ ਪੇਸ਼ ਕਰਦੀ ਹੈ। ਫ਼ਿਲਮ ਦਾ ਬਿਰਤਾਂਤ ਸਮਾਜਕ ਕਾਰਕੁਨ ਨਰਾਇਣ ਕਾਬਲੇ ਦੇ ਗੀਤ ਤੋਂ ਸ਼ੁਰੂ ਹੁੰਦਾ ਹੈ। ਉਹ ਮੁੰਬਈ ਦੀਆਂ ਬਸਤੀਆਂ ਵਿਚ ਜਾ ਕੇ ਕਾਮਿਆਂ ਦੀਆਂ ਪੀੜਾਂ ਨੂੰ ਸਮਝਦਿਆਂ ਹੋਇਆ ਉਨ੍ਹਾਂ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਲੋਕ ਗੀਤਾਂ ਰਾਹੀਂ ਜਾਗਰੂਕ ਕਰਦਾ ਹੈ। ਇਹ ਬਸਤੀ ਸ਼ਹਿਰ ਦੇ ਗੰਦੇ ਨਾਲੇ ਤੇ ਸੀਵਰੇਜ

ਸਾਫ਼ ਕਰਨ ਵਾਲੇ ਲੋਕਾਂ ਦੀ ਹੈ। ਲੋਕ ਗੀਤ ਰਾਹੀਂ ਉਹ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕਰਦਿਆਂ ਹੋਇਆਂ ਉਹਨਾਂ ਲੋਕਾਂ ਅਜਿਹੇ ਕੰਮ ਕਰਨ ਲਈ ਪੂਰੀਆਂ ਸਹੂਲਤਾਂ ਮਹੁੱਈਆ ਨਹੀਂ ਕਰਵਾਈਆਂ ਜਾ ਰਹੀਆਂ ਅਤੇ ਸਮਾਜ ਵਿਚ ਇਹੋ ਜਿਹੇ ਕੰਮ ਨੂੰ ਭੈੜਾ ਵੀ ਸਮਝਿਆ ਜਾਦਾ ਹੈ। ਸੀਵਰੇਜ ਦੀ ਸਫ਼ਾਈ ਕਰਨਾ ਕੋਈ ਆਮ ਕੰਮ ਨਹੀਂ ਹੈ ਪਰ ਉਸ ਵਕਤ ਹੋਰ ਵੀ ਔਖਾ ਹੋ ਜਾਂਦਾ ਹੈ ਜਦੋਂ ਬੰਦੇ ਨੂੰ ਸੀਵਰੇਜ ਸਾਫ਼ ਕਰਨ ਲਈ ਪੂਰੀਆਂ ਸਹੂਲਤਾਂ ਤੇ ਸੁਰੱਖਿਆ ਦੇ ਸਮਾਨ ਨਾ ਦਿੱਤੇ ਜਾਣ। ਨਾਲ ਹੀ ਕੰਮ ਦੀ ਕੋਈ ਕਦਰ ਨਾ ਹੋਵੇ ਅਤੇ ਆਰਥਿਕ ਪੱਖੋਂ ਵੀ ਹਾਲਤ ਖਸਤਾ ਹੋਵੇ।'' ਇਸ ਤਰ੍ਹਾਂ ਦੀ ਜ਼ਿੰਦਗੀ ਨਾਲੋਂ ਮਰਨਾ ਚੰਗਾ ਕੁਝ ਇਸ ਤਰ੍ਹਾਂ ਦੇ ਬੋਲ ਸਨ ਜੋ ਕਾਂਬਲੇ ਨੇ ਬਸਤੀ ਦੇ ਲੋਕਾਂ ਸਾਹਮਣੇ ਪੇਸ਼ ਕੀਤੇ।

ਅਚਾਨਕ ਅਗਲੇ ਦਿਨ ਸੀਵਰੇਜ ਸਾਫ਼ ਕਰਨ ਲਈ ਇਕ ਕਾਮਾ ਮੇਨ ਹੋਲ ਵਿਚ ਉਤਰਿਆ ਜਿਥੇ ਉਹ ਜ਼ਹਿਰੀਲੀ ਗੈਸ ਚੜ੍ਹਣ ਕਾਰਨ ਮਰ ਜਾਂਦਾ। ਸਰਕਾਰੀ ਤੰਤਰ, ਦਫ਼ਤਰਸ਼ਾਹੀ ਨੇ ਆਪਣੇ ਗੱਲੋਂ ਮੁਸੀਬਤ ਲਾਹੁਣ ਖ਼ਾਤਿਰ ਸਾਰੀ ਜ਼ਿੰਮੇਵਾਰੀ ਕਾਂਬਲੇ ਦੇ ਸਿਰ ਮੜ੍ਹ ਦਿੱਤੀ। ਉਸ ਨੂੰ ਖ਼ੁਦਕੁਸ਼ੀ ਕਰਨ ਲਈ ਉਤੇਜਿਤ ਕਰਨ ਦੇ ਇਲਜ਼ਾਮ ਵਿਚ ਪੁਲਿਸ ਫੜ ਕੇ ਲੈ ਜਾਂਦੀ ਹੈ। ਇਹ ਫ਼ਿਲਮ ਦਾ ਪਹਿਲਾ ਭਾਗ ਹੈ। ਦੂਜਾ ਭਾਗ ਕੋਰਟ ਰੂਮ ਵਿਚ ਚਲਦਾ ਹੈ। ਨਿਆਂ ਵਿਵਸਥਾ ਤੇ ਭਰਪੂਰ ਕਟਾਖਸ਼ ਕਰਦਾ ਨਜ਼ਰ ਆਉਂਦਾ ਹੈ। ਕਿਸ ਤਰ੍ਹਾਂ ਸਰਕਾਰੀ ਵਕੀਲ ਨੂਤਨ ਆਪਣੇ ਕੰਮ ਦੀ ਨਿਪੁੰਨਤਾ ਵਿਚ ਮਾਹਿਰ ਹੈ ਉਹ ਬਣੀ ਬਣਾਈਆਂ ਕਾਨੂੰਨ ਦੀਆਂ ਧਰਾਵਾਂ ਨੂੰ ਉਸ ਸਮਾਜਕ ਕਾਰਕੁਨ ਨਰਾਇਣ ਕਾਂਬਲੇ ਸਿਰ ਮੜ੍ਹ ਦੇਂਦੀ ਹੈ। ਉਸ ਦੇ ਮੁਤਾਬਿਕ ਅਸਲੀ ਦੋਸ਼ੀ ਨਰਾਇਣ ਕਾਂਬਲੇ ਹੀ ਹੈ ਪਰ ਵਿਨਯ ਵੋਹਰਾ ਜੋ ਪੇਸ਼ੇ ਵਜੋਂ ਵਕੀਲ ਹੈ ਬੜੀ ਸੂਝਬੂਝ ਨਾਲ ਸਰਕਾਰੀ ਵਕੀਲ ਦੇ ਘੜੇ ਘੜਾਏ ਦੋਸ਼ਾਂ ਨੂੰ ਨਕਾਰਦਾ ਹੈ ਅਤੇ ਕਾਂਬਲੇ 'ਤੇ ਲੱਗੇ ਦੋਸ਼ਾਂ ਦੀ ਬਜਾਏ ਸਮਾਜਕ ਨਿਜ਼ਾਮ ਤੇ ਸਰਕਾਰੀ ਤੰਤਰ ਨੂੰ ਕਟਹਿਰੇ ਵਿਚ ਖੜ੍ਹੇ ਕਰਦਾ ਹੈ। ਫ਼ਿਲਮ ਦਾ ਸਿਖ਼ਰ ਉਦੋਂ ਹੁੰਦਾ ਹੈ ਜਦੋਂ ਮਰਨ ਵਾਲੇ ਕਾਮੇ ਦੀ ਬੀਵੀ ਦੇ ਬਿਆਨਾਂ ਨੂੰ ਕਲਮ ਬੰਦ ਕੀਤਾ ਜਾਂਦਾ ਹੈ। ਵਿਨਯ ਵੋਹਰਾ ਵੱਲੋਂ ਉਸ ਔਰਤ ਨੂੰ ਸੁਆਲ ਪੁੱਛੇ ਜਾਂਦੇ ਹਨ। ਉਸ ਦਾ ਪਤੀ ਇਸ ਗੱਲ ਬਾਰੇ ਕਿਵੇਂ ਵਾਕਿਫ਼ ਹੁੰਦਾ ਸੀ ਕਿ ਸੀਵਰੇਜ ਵਿਚ ਜ਼ਹਿਰੀਲੀ ਗੈਸ ਹੈ ਜਾ ਨਹੀਂ ? ਪੁੱਛੇ ਜਾਣ ਤੇ ਕੋਈ ਵਿਸ਼ੇਸ਼ ਸਾਮਾਨ ਸਰਕਾਰ ਵਲੋਂ ਜਾਂ ਮਿਉਂਸਪਲ ਕਾਰਪੋਰੇਸ਼ਨ ਵਲੋਂ ਦਿੱਤਾ ਗਿਆ ਸੀ ਤਾਂ ਉਸ ਦਾ ਜਵਾਬ ਸੀ ਕਿ ਉਹ ਇਸ ਗੱਲ ਤੋਂ ਹੀ ਅੰਦਾਜ਼ਾ ਲਗਾ ਲੈਂਦਾ ਸੀ ਕਿ ਜੇਕਰ ਮੇਨ ਹੋਲ ਦਾ ਢੱਕਨ ਖੋਲ੍ਹਣ ਉਪਰੰਤ ਕੀੜੇ ਮਕੌੜੇ ਜਾਂ ਕੋਕਰੇਚ ਬਾਹਰ ਨਿਕਲਣ ਤਾਂ ਉਸ ਸੀਵਰੇਜ ਵਿਚ ਜ਼ਹਿਰੀਲੀ ਗੈਸ ਨਹੀਂ ਹੈ ਵਿਚ ਜਾ ਕੇ ਸਫ਼ਾਈ ਕੀਤੀ ਜਾ ਸਕਦੀ ਸੀ। ਬੀਵੀ ਦੇ ਕਹਿਣ ਮੁਤਾਬਿਕ ਉਸ ਦਾ ਪਤੀ ਜ਼ਹਿਰੀਲੀ ਗੈਸ ਕਰਕੇ ਆਪਣੀ ਇਕ ਅੱਖ ਪਹਿਲਾਂ ਹੀ ਗੁਆ ਚੁੱਕਾ ਸੀ। ਵਕੀਲ ਵੱਲੋਂ ਦੂਜਾ ਸੁਆਲ ਪੁਛਿਆ ਗਿਆ ਕਿ ਉਸਦਾ ਪਤੀ ਕਿਸ ਵਕਤ ਸ਼ਰਾਬ ਪੀਂਦਾ ਸੀ ? ਤਾਂ ਉਸ ਦਾ ਜਵਾਬ ਸੀ ਕਿ ਉਹ ਸਵੇਰੇ ਹੀ ਗਟਰ ਵਿਚ ਉਤਰਨ ਤੋਂ ਪਹਿਲਾਂ ਸ਼ਰਾਬ ਪੀ ਲੈਂਦਾ ਤਾਂ ਜੋ ਉਸ ਨੂੰ ਗਟਰ ਵਿਚ ਉਤਰਨਾ 'ਤੇ ਭੈੜੀ ਬਦਬੋ ਨਾ ਆਵੇ।

ਫ਼ਿਲਮਸਾਜ਼ ਨੇ ਫ਼ਿਲਮ ਵਿਚ ਬੜੇ ਹੀ ਸੰਵੇਦਨਸ਼ੀਲ ਮੁਦਿਆਂ ਨੂੰ ਛੋਹਿਆ। ਫ਼ਿਲਮ ਵਿਚ ਦਰਸਾਇਆ ਗਿਆ ਕਿ ਜਿਸ ਜੱਜ ਤੋਂ ਨਿਰਪੱਖ ਫੈਸਲੇ ਦੀ ਆਸ ਰੱਖੀ ਗਈ ਉਹ ਪਹਿਲਾਂ ਹੀ ਜੋਤਿਸ਼ ਵਿਚ ਗ੍ਰਸਤ ਹੈ। ਇਹ ਫ਼ਿਲਮ ਹਿੰਦੋਸਤਾਨ ਦੀ ਸਮਾਜਕ ਤੇ ਨਿਆਇਕ ਵਿਵਸਥਾ ਦੀ ਛਾਣਬੀਨ ਕਰਕੇ ਸਮੁੱਚੀ ਤਸਵੀਰ ਪੇਸ਼ ਕਰਦੀ ਹੈ।

ਦੂਜੀ ਫ਼ਿਲਮ **ਮਸਾਣ** ਨੀਰਜ਼ਾ ਗਿਆਵਾਨ ਦੇ ਨਿਰਦੇਸ਼ਨ ਹੇਠ ਤਿਆਰ ਹੋਈ। ਨਿਰਦੇਸ਼ਕਾ ਨੇ ਇਸ ਫ਼ਿਲਮ ਰਾਹੀਂ ਦੋ ਤਰ੍ਹਾਂ ਦੇ ਮਸਲਿਆਂ ਨੂੰ ਉਭਾਰਿਆ। ਔਰਤ ਤੇ ਦਲਿਤ ਬਾਰੇ।

ਇਸ ਫ਼ਿਲਮ ਦੇ ਬਿਰਤਾਂਤ ਰਾਹੀਂ ਹਿੰਦੋਸਤਾਨ ਦੇ ਇਤਿਹਾਸਕ ਸ਼ਹਿਰ ਵਾਰਾਨਸੀ ਦੇ ਜਨ ਜੀਵਨ ਪੇਸ਼ ਕਰਨ ਦਾ ਸਫ਼ਲ ਉਪਰਾਲਾ ਹੈ। ਇਸ ਸ਼ਹਿਰ ਦੀਆਂ ਧਾਰਮਿਕ, ਰਾਜਨੀਤਕ, ਸਭਿਆਚਾਰ ਤੇ ਆਰਥਿਕ ਪਹਿਲੂਆਂ ਤੋਂ ਪਰਤਾ ਨੂੰ ਫਰੋਲਿਆ ਜਾਵੇ ਤਾਂ ਮੌਜੂਦਾ ਹਿੰਦੋਸਤਾਨ ਦੇ ਹਾਲਾਤ ਨੂੰ ਸਮਝਣਾ ਵਧੇਰੇ ਸੁਖਾਲਾ ਹੈ ਜੋ ਬੜੇ ਸੰਵੇਦਨਸ਼ੀਲ ਵਿਸ਼ੇ ਰਹੇ ਹਨ ਘੱਟ ਗਿਣਤੀਆਂ, ਦਲਿਤ, ਹਿੰਦੂ ਸਾਮਰਾਜ ਆਦਿ।

ਗਿਆਨ ਵਿਗਿਆਨ ਦੇ ਏਸ ਦੌਰ ਵਿਚ ਜਿਥੇ ਸਰਕਾਰਾਂ ਡਿਜੀਟਲ ਇੰਡੀਆ, ਕੈਸ਼ ਲੈਸ ਇਕੋਨਮੀ ਵਰਗੇ ਸੰਕਲਪਾਂ ਨੂੰ ਉਭਾਰ ਰਹੀ ਹੈ ਉਥੇ ਸਮਾਜਕ ਵਿਵਸਥਾ ਦੇ ਵਿਗੜਦੇ ਸੰਤੁਲਨ ਤੋਂ ਬੇਵਾਕਿਫ਼ ਬਣਦੀ ਜਾ ਰਹੀ ਹੈ ਨਾਲ ਲੋਕਾਂ ਦੀ ਸੋਚ ਵੀ ਕਿੰਨੀ ਸੁੰਗੜਦੀ ਜਾ ਰਹੀ ਨਿਜ਼ਾਮ ਦੇ ਦੋ ਅਜਿਹੇ ਵਰਗ ਔਰਤ ਅਤੇ ਦਲਿਤ ਜੋ ਸਦੀਆਂ ਤੋਂ ਆਪਣੀ ਹੋਂਦ ਦੀ ਲੜਾਈ ਵਿਚ ਮੁਬਤਲਾ ਹਨ ਅਜੇ ਵੀ ਆਪਣੀਆਂ ਖਾਹਿਸ਼ਾ ਨੂੰ ਦੱਬ ਕੇ ਜਿਉਂ ਰਹੇ ਹਨ। ਫ਼ਿਲਮ ਦੇ ਸ਼ੁਰੂ ਵਿਚ ਦੇਵੀ ਨਾਮ ਦੀ ਪੜ੍ਹੀ ਲਿਖੀ ਕੁੜੀ ਜੋ ਪ੍ਰਾਇਵੇਟ ਨੌਕਰੀ ਕਰਦੀ ਹੈ ਪੀਯੂਸ਼ ਨਾਮੀ ਮੁੰਡੇ ਨਾਲ ਸ਼ਹਿਰ ਦੇ ਇਕ ਹੋਟਲ ਦੇ ਕਮਰੇ ਵਿਚ ਨੰਗਨ ਅਵਸਥਾ ਵਿਚ ਪੁਲਸ ਵਲੋਂ ਫੜੀ ਜਾਂਦੇ ਹੈ। ਉਹ ਦੋਵੇਂ ਆਪਸ ਵਿਚ ਇਕ ਦੂਜੇ ਦੀਆਂ ਸਰੀਰ ਖਾਹਿਸ਼ਾਂ ਪੂਰੀਆਂ ਕਰਨ ਲਈ ਜੁੜੇ ਹਨ। ਭਾਵੇਂ ਕਿ ਉਹ ਦੋਵੇਂ ਹੀ ਬਾਲਗ ਹਨ ਪਰ ਸਮਾਜਕ ਵਿਵਸਥਾ ਉਹਨਾਂ ਦੋਵਾਂ ਜਾਨਿਆਂ ਨੂੰ ਇਕ ਦੂਜੇ ਨਾਲ ਵਿਆਹ ਤੋਂ ਬਗ਼ੈਰ ਸਰੀਰਕ ਸੰਬੰਧ ਕਾਇਮ ਰੱਖਣ ਦੀ ਇਜ਼ਾਜਤ ਨਹੀਂ ਦਿੰਦੀ । ਉਹ ਲੁਕ ਛੁਪ ਕੇ ਮਿਲਦੇ ਹਨ। ਜਿਥੇ ਪੁਲਿਸ ਤੇ ਸਰਕਾਰ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੁਰੱਖਿਅਤ ਕਰਨਾ ਹੈ ਉਥੇ ਪੀਯੂਸ਼ ਪੁਲਿਸ ਦੀ ਕਾਰਵਾਈ ਅਤੇ ਸਮਾਜਕ ਬਦਨਾਮੀ ਦੇ ਡਰ ਤੋਂ ਗੁਸਲਖਾਨੇ ਵਿਚ ਜਾ ਕੇ ਖ਼ੁਦਕੁਸ਼ੀ ਕਰਨ ਦਾ ਯਤਨ ਕਰਦਾ ਹੈ ਅਤੇ ਬਾਅਦ ਵਿਚ ਉਹ ਮਰ ਵੀ ਜਾਂਦਾ ਹੈ। ਦੇਵੀ ਦਾ ਪੁਲਿਸ ਐੱਮ.ਐੱਮ.ਐੱਸ ਬਣਾ ਲੈਂਦੀ ਹੈ। ਉਸ ਨੂੰ ਬਦਚਲਣੀ ਦੇ ਦੋਸ਼ ਤੇ ਪੀਯੂਸ ਦੇ ਕਤਲ ਦੇ ਦੋਸ਼ ਅਧੀਨ ਹਿਰਾਸਤ ਵਿਚ ਲੈ ਲੈਂਦੀ ਹੈ ਅਤੇ ਉਸ ਨੂੰ ਅਤੇ ਉਸ ਦੇ ਪਿਤਾ ਨੂੰ ਡਰਾ ਧਮਕਾ ਕੇ ਗ਼ਲਤ ਤਰੀਕੇ ਨਾਲ ਮੋਟੀ ਰਕਮ ਵਸੂਲ ਕਰਦੇ ਹਨ।

ਫ਼ਿਲਮ ਵਿਚਲਾ ਦੂਜਾ ਬਿਰਤਾਂਤ ਡੂਮ ਜਾਤੀ ਨਾਲ ਵਾਸਤਾ ਰੱਖਣ ਵਾਲੇ ਲੋਕਾਂ ਦੀ ਦਾਸਤਾਂ ਬਿਆਨ ਕਰਦਾ ਹੈ। ਇਸੇ ਸ਼ਹਿਰ ਵਿਚ ਡੂਮ ਜਾਤੀ ਦੇ ਲੋਕ ਗੰਗਾ ਨਦੀ ਦੇ ਘਾਟ ਉੱਤੇ ਮੁਰਦਿਆਂ ਨੂੰ ਸਾੜਣ ਦਾ ਕੰਮ ਕਰਦੇ ਹਨ। ਇਸ ਕੰਮ ਨੂੰ ਕਰਨ ਵਾਲੇ ਲੋਕਾਂ ਨੂੰ ਸਮਾਜ ਵਿਚ ਸਭ ਤੋਂ ਹੇਠਲੇ ਦਰਜ਼ੇ ਤੇ ਰੱਖਿਆ ਗਿਆ। ਏਸੇ ਪਰਿਵਾਰ ਦਾ ਮੁੰਡਾ ਦੀਪਕ ਆਪਣੇ ਬਾਪ ਦੇ ਪੇਸ਼ੇ ਵਾਲਾ ਕੰਮ ਕਰਨ ਦੇ

## ਵਿਜੇ ਮਾਲਯਾ ਤੇ ਸੀਵਰੇਜ ਸਫ਼ਾਈ



ਕੁਝ ਚਿਰ ਪਹਿਲਾਂ ਜਦੋਂ ਬਾਬਾ ਸਾਹਿਬ ਅੰਬੇਦਕਰ ਦੀ 125ਵੀਂ ਵਰ੍ਹੇ-ਗੰਢ ਮਨਾਈ ਜਾ ਰਹੀ ਸੀ ਤਾਂ 125 ਪਰਿਵਾਰ ਦਿੱਲੀ 'ਚ ਇਕੱਠੇ ਹੋਏ। ਉਹ ਹਿੰਦੋਸਤਾਨ ਦੇ ਵੱਖ-ਵੱਖ ਪਾਸਿਓਂ ਤੁਰ ਕੇ ਆਏ ਸਨ ਤੇ ਇਸ ਉਦਮ ਦਾ ਨਾ ਧਰਿਆ : ਭੀਮ ਯਾਤਰਾ। ਕੌਣ ਸਨ ਇਹ ਲੋਕ ? ਇਹ ਸਨ ਜਿਨ੍ਹਾਂ ਦੇ ਪਰਿਵਾਰ 'ਚੋਂ ਕੋਈ ਇਕ ਜਣਾ ਮਰਿਆ ਸੀ ਸੀਵਰੇਜ ਸਫ਼ਾਈ ਕਰਦਿਆਂ, ਸੈਂਪਟਿਕ ਟੈਂਕ ਜਾਂ ਗਟਰ 'ਚ ਹੇਠਾਂ ਉਤਰ ਕੇ ਕੰਮ ਕਰਦਿਆਂ। ਮੀਡੀਆ ਕੋਲ ਇਨ੍ਹਾਂ ਲਈ ਵਿਹਲ ਨਹੀਂ ਸੀ...ਗ਼ਲਤੀ ਨਾਲ ਉਸ ਵੇਲੇ ਜੰਤਰ-ਮੰਤਰ ਤੇ ਆਈ.ਆਈ.ਟੀ. ਦੇ ਵਿਦਿਆਰਥੀ ਧਰਨੇ 'ਤੇ ਸਨ। ਕਿਸੇ ਨੇ ਗ਼ਲਤੀ ਨਾਲ ਏਨ੍ਹਾਂ ਨਾਲ ਵੀ ਗੱਲ ਕਰ ਲਈ। ਖ਼ਬਰ ਬਣ ਗਈ। ਪੂਰੀ ਦੁਨੀਆ 'ਚ ਹਿੰਦੋਸਤਾਨ ਇਕੋ ਇਕ ਮੁਲਕ ਹੈ ਜਿਥੇ ਹੱਥ ਨਾਲ ਗੰਦ ਸਾਫ਼ ਕਰਨ ਦੀ ਪ੍ਰਥਾ ਹੈ।

ਦੂਸਰੀ ਦੁਖਦੀ ਰਗ ਹੈ ਕਿ ਇਹ ਪੇਸ਼ਾ ਜਾਤੀਵਾਦ ਦਾ ਸਿੱਟਾ ਵੀ ਹੈ। ਲੋਕ ਗਟਰ ਸਾਫ਼ ਕਰਨ ਵਾਲੀ ਜਾਤ 'ਚ ਪੈਦਾ ਹੁੰਦੇ ਹਨ, ਸਿਰਫ਼ ਆਰਥਿਕ ਕਾਰਨਾਂ ਕਰਕੇ ਹੀ ਨਹੀਂ ਇਸ ਕੰਮ ਲਈ ਤੁਰ ਜਾਂਦੇ। ਤੀਸਰੀ ਗੱਲ : ਏਨ੍ਹਾਂ 'ਚ ਕੰਮ ਕਰਨ ਵਾਲੀਆਂ ਜ਼ਿਆਦਾਤਰ ਔਰਤਾਂ ਹਨ। ਸੋ ਲਫ਼ਜ਼ ਮੈਮ-ਹੋਲ ਆਪਣੇ ਆਪ 'ਚ ਹੀ ਵਿਡੰਬਨਾ ਹੈ। ਸਰਕਾਰੀ ਤੱਥਾਂ ਮੁਤਾਬਕ ਤਿੰਨ ਲੱਖ ਲੋਕ ਇਸ ਕਿੱਤੇ ਨਾਲ ਜੁੜੇ ਹਨ। ਇਸ ਪੇਸ਼ੇ ਤੋਂ ਮੁਕਤੀ ਲਈ ਹਰ ਬੰਦੇ ਲਈ ਤਿੰਨ ਲੱਖ ਰੁਪਏ ਚਾਹੀਦੇ ਹਨ। ਇਹ ਇਤਫ਼ਾਕ ਹੀ ਹੈ ਕਿ ਕੁਲ ਬਣਦੇ ਨੇ 9600 ਕਰੋੜ, ਜੋ ਵਿਜੇ ਮਾਲਯਾ ਦੇ ਕਰਜ਼ੇ ਦੇ ਬਰਾਬਰ ਹੈ। ਸਰਕਾਰ, ਮੀਡੀਆ...ਸਭ ਲਈ ਇਹ ਬੇਸ਼ਰਮੀ ਤੇ ਢੀਠਪੁਣੇ ਦੀ ਜ਼ਿੰਦਾ ਮਿਸਾਲ ਹੈ। ਵ

-*ਪੀ. ਸਾਈਨਾਥ* (ਰੈਮਨ ਮੈਗਸੇਸੇ ਇਨਾਮ ਜੇਤੂ ਸਮਾਜ ਸੇਵਕ ਤੇ ਚਿੰਤਕ)

ਨਾਲ-ਨਾਲ ਇੰਜਨਰਿੰਗ ਦੀ ਪੜ੍ਹਾਈ ਵੀ ਕਰ ਰਿਹਾ ਹੁੰਦਾ ਹੈ। ਦੀਪਕ ਜੋ ਮਿਹਨਤੀ, ਹੋਣਹਾਰ ਤੇ ਸਾਊ ਹੈ। ਉਸ ਨੂੰ ਉਸੇ ਕਾਲਜ ਦੀ ਕੁੜੀ ਸਾਲੂ ਗੁਪਤਾ ਮੋਹਿਤ ਕਰਦੀ ਹੈ ਜੋ ਉਸ ਦੀ ਚਾਹਤ ਬਣਦੀ ਹੈ। ਸਾਲੂ ਗੁਪਤਾ ਉੱਚੀ ਜਾਤ ਨਾਲ ਸੰਬੰਧਤ ਹੈ। ਦੀਪਕ ਤੇ ਸਾਲੂ ਗੁਪਤਾ ਆਪਸ ਵਿਚ ਇਕ ਦੂਜੇ ਨੂੰ ਪਸੰਦ ਕਰਦੇ ਹਨ। ਦੀਪਕ ਦੇ ਮਨ ਵਿਚ ਡਰ ਪਨਪਦਾ ਹੈ ਕਿ ਜੇਕਰ ਉਹ ਕੁੜੀ ਨੂੰ ਆਪਣੀ ਅਸਲੀਅਤ ਦੱਸ ਦੇਵੇਗਾ ਤਾਂ ਸ਼ਾਇਦ ਉਹ ਉਸ ਨੂੰ ਪਸੰਦ ਨਾ ਕਰੇ। ਦੀਪਕ ਦੇ ਮਨ ਅੰਦਰ ਕਈ ਅਜੀਬ ਤਰ੍ਹਾਂ ਦੇ ਸਵਾਲ ਤੇ ਡਰ ਪੈਦਾ ਹੁੰਦੇ ਹਨ ਅਤੇ ਕਈ ਤਰ੍ਹਾਂ ਦੀਆਂ ਕਸ਼ਮਕਸ਼ ਵਿਚੋਂ ਗੁਜ਼ਰਦਾ ਹੈ। ਫ਼ਿਲਮ ਦਾ ਸਿਖ਼ਰ ਉਦੋਂ ਹੁੰਦਾ ਹੈ ਜਦੋਂ ਇਕ ਦੁਰਘਟਨਾ ਵਿਚ ਸਾਲੂ ਨੂੰ ਦਿੱਤੀ ਮੁੰਦਰੀ ਇਕ ਲਾਸ਼ ਦੇ ਸੜਣ ਉਪਰੰਤ ਸਵਾਹ ਵਿਚੋਂ ਮਿਲਦੀ ਹੈ। ਫ਼ਿਲਮ ਦੇ ਕਿਰਦਾਰ ਦੇਵੀ ਅਤੇ ਦੀਪਕ ਬੜੀ ਕਸ਼ਮਕਸ਼ ਸਥਿਤੀਆਂ ਦਾ ਸਾਹਮਣਾ ਕਰਦੇ ਹਨ। ਦੇਵੀ ਜਿਸ ਦੀ ਸਮਾਜਕ ਹੋਂਦ ਹੈ ਉਹ ਪੜ੍ਹੀ ਲਿਖੀ ਅਤੇ ਕੰਮ (ਨੌਕਰੀ) ਕਰਦੀ ਹੈ, ਉਸਦੀ ਸਰੀਰਕ ਲੋੜ ਨੂੰ ਅੱਖੋਂ ਪਰੇ ਨਹੀਂ ਕੀਤਾ ਜਾ ਸਕਦਾ ਦੀਪਕ ਦਾ ਛੋਟੀ ਜਾਤ ਵਾਲੇ ਘਰ ਜੰਮਣਾ ਉਸ ਦੀ ਦੁਬਿਧਾ ਦਾ ਕਾਰਨ ਬਣਦਾ ਹੈ। ਉਸ ਦਾ ਸਾਲੂ ਨਾਲ ਸਨੇਹ ਤੇ ਪਿਆਰ ਉਸ ਦੀ ਮਾਨਸਿਕ ਤ੍ਰਿਪਤੀ ਦੀ ਪੂਰਤੀ ਕਰਦਾ ਪ੍ਰਤੀਤ ਹੁੰਦਾ ਹੈ। ਇਸ ਫ਼ਿਲਮ ਵਿਚ ਔਰਤ ਅਤੇ ਦਲਿਤ ਜੋ ਸਥਿਤੀ ਉਭਰ ਕੇ ਸਾਹਮਣੇ ਆਉਂਦੀ ਹੈ ਅਤੇ ਨਾਲ ਹੀ ਸਮਾਜ ਵਿਚ ਲੋਕਾਂ ਦੀ ਸੌੜੀ ਸੋਚ ਕਾਰਨ ਇਹ ਵਰਗ ਕਿੰਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ ਉਸਦਾ ਅੰਦਾਜ਼ਾ ਭਲੀਭਾਂਤ ਹੀ ਲੱਗ ਜਾਂਦਾ ਹੈ।

ਦੋਨਾਂ ਫ਼ਿਲਮਾਂ 'ਤੇ ਧਿਆਨ ਕਰੀਏ ਤਾਂ ਜਾਤ ਵਰਗੇ ਗੰਭੀਰ ਮਸਲੇ ਬਾਰੇ ਜ਼ਿਕਰ ਕਰਦਿਆਂ ਕੋਰਟ ਫ਼ਿਲਮ ਵਿਚ ਸੀਵਰਜ ਸਾਫ਼ ਕਰਨ ਵਾਲਾ ਕਾਮਾ ਆਪਣੇ ਕੰਮ ਕਰਨ ਨਾ ਆਰਥਿਕ ਪੱਖੋਂ, ਨਾ ਸਿਹਤ ਪੱਖੋਂ ਅਤੇ ਨਾ ਹੀ ਸਮਾਜਕ ਰੁਤਬੇ ਪੱਖੋਂ ਚੰਗੀ ਸਥਿਤੀ ਵਿਚ ਹੈ। **ਮਸਾਣ** ਫ਼ਿਲਮ ਦਾ ਮੁੱਖ ਕਿਰਦਾਰ ਦੀਪਕ ਦੇ ਸਾਹਮਣੇ ਚੁਣੌਤੀ ਸਮਾਜਕ ਰੁਤਬੇ ਦੀ ਬਣੀ ਹੋਈ ਹੈ ਕਿਉਂਕਿ ਆਰਥਿਕ ਪੱਖੋਂ ਏਨਾ ਕਮਜ਼ੋਰ ਨਹੀਂ ਹੈ। ਪਰ ਦਾਦੇ ਲਾਹੇ ਦੀ (ਪੁਸ਼ਤਾਂ) ਪੇਸ਼ਾ ਉਸਦਾ ਪਿੱਛਾ ਨਹੀਂ ਛੱਡਦਾ। ਭਾਵੇਂ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਉਹ ਮਾਇਕ ਪੱਖੋਂ ਚੰਗੀ ਸਥਿਤੀ ਵਿਚ ਆ ਜਾਵੇ, ਉਸ ਉਪਰ ਲੱਗਾ ਜਨਮ ਜਾਤ ਦਾ ਧੱਬਾ ਕਦੇ ਨਹੀਂ ਮਿਟਦਾ।

ਜਾਤ ਦਾ ਮਸਲਾ ਬੜਾ ਹੀ ਉਲਝਿਆ ਹੋਇਆ ਹੈ। ਜਾਤ ਕੰਮ ਕਿਰਤ 'ਤੇ ਅਧਾਰਿਤ ਹੈ ਜਾਤ ਤੇ ਕਿਰਤ/ਕੰਮ ਦਾ ਦੋਹਰਾ ਸੰਬੰਧ ਹੈ, ਜਿਥੇ ਕਿਰਤ ਨੇ ਬੰਦੇ ਨੂੰ ਉੱਚਾ ਚੁੱਕਣਾ ਸੀ ਬ੍ਰਾਹਮਣਵਾਦੀਆਂ ਤੇ ਮਨੂੰਵਾਦੀਆਂ ਨੇ ਉਸ ਨੂੰ ਜਾਤ ਨਾਲ ਜੋੜ ਕੇ ਛੁਟਿਆ ਦਿੱਤਾ ਹੈ। ਕਿਰਤ ਦੇ ਮੱਥੇ 'ਤੇ ਪਵਿੱਤਰ ਤੇ ਅਪਵਿੱਤਰ ਜਿਹੀਆਂ ਮਨੌਤਾਂ ਮੜ੍ਹ ਦਿੱਤੀਆਂ। ਫਲਾਣਾ ਕੰਮ ਚੰਗਾ ਤੇ ਫਲਾਣਾ ਮਾੜਾ। ਜਦ ਕਿ ਕਿਰਤ/ਕੰਮ ਵਰਗੇ ਸੰਕਲਪ ਨੂੰ ਵਰਗਾਂ ਤੋਂ ਮੁਕਤ ਹੋਣਾ ਲੋੜਦਾ ਸੀ ਜਿਸ ਨਾਲ ਮਾਨਵਤਾ ਦੀ ਭਲਾਈ ਹੁੰਦੀ। ਜਦੋਂ ਕਿਰਤ ਨੂੰ ਜਾਤ ਨਾਲ ਜੋੜਿਆ ਗਿਆ ਉਹ ਹਿੰਦੋਸਤਾਨ ਦੀ ਤਾਰੀਖ਼ ਵਿਚ ਸਭ ਤੋਂ ਮਾੜਾ ਅਧਿਆਇ ਸੀ। ਮੌਜੂਦਾ ਹਾਲਾਤ ਵਿਚ ਕਾਨੂੰਨੀ ਤੇ ਸੰਵਿਧਾਨਕ ਤੌਰ 'ਤੇ ਕਿਰਤ ਦੇ ਲਈ ਲੋੜੀਂਦੀ ਵਿਚਾਰ ਚਰਚਾ ਸਾਮਹਣੇ ਨਹੀਂ ਆਉਂਦੀ ਭਾਵੇਂ ਕਿ ਇਸ ਦੇ ਸਮਰੂਪ ਜਾਤ ਤੇ ਜਮਾਤ 'ਤੇ ਕਈ ਸੰਵਾਦ ਰਚਾਏ ਜਾਂਦੇ ਹਨ ਕਿਉਂਕਿ ਉਸ ਦੇ ਕਈ ਰਾਜਨੀਤਕ/ਸੱਤਾ ਪ੍ਰਾਪਤੀ ਦੇ ਮਨੋਰਥ ਹਨ। ਜਾਤ ਤੇ ਜਮਾਤ ਨੂੰ ਲੈ ਕੇ ਕਈ ਤਰ੍ਹਾਂ ਦੇ ਸਰੁੱਖਿਆ ਉਪਾਅ ਹਨ। ਠੀਕ ਉਸੇ ਤਰ੍ਹਾਂ ਕੋਰਟ ਤੇ ਮਸਾਣ ਫ਼ਿਲਮਾਂ ਨੂੰ ਦੇਖਦਿਆਂ ਉਹਨਾਂ ਲੋਕਾਂ ਨੂੰ ਨਾ ਸਿਰਫ਼ ਜਾਤ ਦੇ ਆਧਾਰ ਤੇ ਸਮਾਜਕ ਤੇ ਆਰਥਿਕ ਸਰੁੱਖਿਆ ਦੇਣੀ ਬਣਦੀ ਸਗੋਂ ਕਿਰਤ ਦੇ ਆਧਾਰ 'ਤੇ ਵੀ ਸਮਾਨਤਾ ਦਾ ਹੱਕ ਦੇਣਾ ਲਾਜ਼ਮੀ ਹੈ। ਵ

# ਪੱਪੂ ਜੀ

**ਮ੍ਰਿਤਯੂੰਜਯ ਅਵਸਥੀ**

ਧਰਤੀ ਗੋਲ ਏ ਤੇ ਲਾਗਤਾਰ ਘੁੰਮਦੀ ਏ। ਅਜਿਹਾ ਈ ਏ ਸਾਡਾ ਜੀਵਣਾ। ਸਥਿਰਤਾ ਲਈ ਸਭ ਆਪੋ-ਆਪਣੇ ਨਜ਼ਰੀਏ ਨਾਲ ਇਹਨੂੰ ਜਿਥੇ ਚਿਤ ਕਰੇ ਖੜ੍ਹਾ ਲੈਂਦੇ ਨੇ, ਤੇ ਗੱਲ ਕੋਈ ਮਾੜੀ ਨਹੀਂ। ਕੋਈ; ਜਿਸ ਨੂੰ ਦੱਸਿਆ ਨਾ ਗਿਆ ਹੋਵੇ, ਆਖੇਗਾ: "ਮੈਨੂੰ ਤਾਂ ਖੜ੍ਹੀ ਦੀਹਦੀ ਏ।" ਨਾ ਪਤਾ ਹੋਣਾ ਵੀ ਨਜ਼ਰੀਆ ਏ, ਪਤਾ ਹੋਣਾ ਜਾਂ ਕਹਿਣਾ ਕਿ ਪਤਾ ਏ ਤਾਂ ਹੈ ਹੀ। ਗਿਆਨ ਸਾਡੇ ਚੁੱਲ੍ਹਿਆਂ ਦੀ ਅੱਗ ਬਾਲ ਰੱਖਦੈ, ਕੰਮ ਦੀ ਚੀਜ਼ ਏ। ਗਿਆਨ ਦਾ ਮੰਤਕ, ਮਕਸਦ ਹੋਂਦੈ। ਕਿੰਨਾ-ਕੁ ਗਿਆਨ ਬਥੇਰਾ ਹੋਂਦਾ? ਜਿੰਨੇ ਨਾਲ ਜਾਨ ਬਚ ਜਾਵੇ। ਮ੍ਹੈਂਸ ਮਹਾ-ਗਿਆਨੀ ਏ, ਹਰਾ ਪੱਠਾ ਵੇਖ ਕੇ ਦੁਚਿੱਤੀ ਚ ਨਹੀਂ ਪੈਂਦੀ। ਬੰਦੇ ਦੀ ਭੁੱਖ ਵਿਚਿਤ੍ਰ ਵੀ ਏ, ਵੱਡੀ ਵੀ। ਡੰਗਰ-ਵੱਛਾ ਨਾ ਹੋਣ ਦਾ ਮੁੱਲ ਤਾਰਨਾ ਪੈਂਦਾ। ਬੰਦੇ ਦੀ ਉਮਰ ਵੀ ਵਿਚਿਤ੍ਰ ਏ, ਪੂਰੀ ਨਹੀਂ ਦਿਸਦੀ। ਉਮਰ ਜੋ ਹੁਣ ਏ ਮੇਰੀ, ਲੰਮੀ ਵਹੀ ਦਾ ਹਿੰਦਸਾ। ਪਿੱਛੋਂ ਆਈ, ਅਜੇ ਅੱਗੇ ਜਾਣੀ। ਇਹ ਜੀਉਣਾ, ਚਿਰਜੀਵੇ ਦੀਆਂ ਕਾਤਰਾਂ ਤੋਂ ਬਣਿਆ ਨਵਾਂ ਨਮੂਨਾ ਏ। ਹਰ ਨਮੂਨਾ ਅਨੂਠਾ, ਉਹਦੀ ਭੁੱਖ ਅਨੂਠੀ, ਧਿਆਨ ਅਰ ਗਿਆਨ ਵੀ। ਅੱਟੀ ਵਾਲੇ ਦੀ ਖੋਜ ਤੇ ਉਸ 'ਤੇ ਦਾਅਵੇ ਵੀ ਅਨੂਠੇ, ਐਪਰ ਹੋਂਦੇ ਆਏ। ਧਰਤੀ ਘੁੰਮਣੋਂ ਨਹੀਂ ਹਟਦੀ, ਮਿਤਲੀ ਦਾ ਇਲਾਜ ਲੱਭ ਲੈਣਾ ਕੋਈ ਮਾੜੀ ਗੱਲ ਨਹੀਂ। ਕੋਈ ਰਾਕਟ ਛਡਦੇ ਬਾਹਰ ਨੂੰ, ਕੋਈ ਅੱਖਾਂ ਬੰਦ ਕਰ ਛੱਡਦੇ। ਸਾਡਾ ਹਰੇ-ਕਚੂਰ ਕੱਖ ਨਾਲ ਢਿੱਡ ਨਹੀਂ ਭਰਦਾ। ਸਾਡੀ ਭੁੱਖ 'ਕੱਲੇ ਢਿੱਡ ਚ ਨਹੀਂ। ਸਾਨੂੰ ਜ਼ਿਹਨੀ ਕੱਖ ਵੀ ਚਾਹੀਦਾ। ਚਾਰੇ ਦਾ ਫ਼ਰਕ ਏ ਤਾਂ ਡੰਗਰ-ਡੰਗਰ ਦਾ ਫ਼ਰਕ ਵੀ ਹੋਣਾ ਈ ਸੀ। ਹੈ ਤਾਂ ਉਹ ਵੀ ਜੀਵ, ਇਹ ਵੀ ਜੀਵ।

ਡੰਗਰ ਹੋਂਦੇ ਤਾਂ ਖੁੰਡੇ ਵੀ ਹੋਂਦੇ, ਤੇ ਪਾਲੀ ਵੀ। ਸਾਡੇ ਪਿੰਡ ਸਭਨਾਂ ਜੀਆਂ ਕਾ ਇਕ ਦਾਤਾ; ਪੱਪੂ ਪਾਲੀ ਹੋਂਦਾ ਸਾ। ਪੱਪੂ ਜੀਵ ਦਾ ਢਿੱਡ ਭਰ ਲਿਆਂਦਾ, ਲੋਕ 'ਦੂਆ' ਕੰਮ ਕਰ ਲੈਂਦੇ। ਅਸੀਂ ਜਦੋਂ ਸਕੂਲ ਪੜ੍ਹਦੇ ਸਾਂ, ਤਾਂ ਫੱਟੀਆਂ ਸੁਕਾਉਣ ਲਈ ਗਾਣਾ ਗਾਉਂਦੇ: "ਚੂਹੇ-ਚੂਹੇ ਮੈਂ ਤੇਰੀ ਰੁੱਡ ਕਢਦਾਂ, ਤੂੰ ਮੇਰੀ ਫੱਟੀ ਸੁਕਾ।" ਫੱਟੀਆਂ ਦਾ ਕੰਮ ਵੀ ਮੁੱਕਿਆ, ਚੂਹਾ ਜਾਣੇ। ਕੱਖ-ਲਵੇਰੇ ਦਾ ਪੱਪੂ ਨੇ ਸਾਂਭ ਲੈਣਾ। ਅਸੀਂ ਹੁਣ ਨਿੱਠ ਕਰ ਦੂਆ ਕੰਮ ਕਰ ਸਕਦੇ ਹਾਂ। ਚੂਹੇ ਤੇ ਪੱਪੂ ਦੀ ਸਿਫ਼ਤ-ਸਲਾਹ, ਜਾਂ ਨੁਕਤਾਚੀਨੀ। ਸਦੀਵੀ ਬਹਿਸ ਕਿ ਫੱਟੀ ਆਪ ਸੁੱਕਦੀ ਏ ਜਾਂ ਚੂਹਾ ਸੁਕਾਉਂਦਾ ਏ; ਜਾਂ ਪੱਪੂ ਦਾ ਕੰਮ-ਕਾਰ ਠੀਕ ਏ ਜਾ ਨਹੀਂ। ਯਾਨੀ ਵੱਡੇ, ਰੂਹਾਨੀ ਅਰ ਤੂਫ਼ਾਨੀ ਮਸਲ੍ਹੇ। ਪੱਪੂ ਕੁਝ ਸਾਲਾਂ ਨੂੰ ਪਿੰਡ ਛੱਡ ਸ਼ਹਿਰ ਵਸ ਗਿਆ ਤੇ ਚੰਗਾ ਹਲਵਾਈ ਬਣਿਆ, ਸ਼ਹਿਰ ਦੇ ਲੋਕਾਂ ਨੂੰ ਛੱਤੀ ਭੋਗ ਲਵਾਉਂਦਾ। ਸਾਡੇ ਘਰਾਂ ਚ ਲਵੇਰਾ ਹੌਲੀ-ਹੌਲੀ ਮੁੱਕ ਈ ਗਿਆ। ਹੁਣ ਸਾਰੇ ਪਿੰਡ ਦਾ ਦੁੱਧ ਜਾਂ ਦੋ-ਚਾਰ ਘਰਾਂ ਤੋਂ ਆਉਂਦਾ ਜਾਂ ਪਿੰਡੋਂ ਬਾਹਰ ਵਸਦੇ ਗੁੱਜਰਾਂ ਦੇ ਡੇਰੇ ਤੋਂ। ਨਵੇਂ ਨਿਆਣੇ ਵੀ ਪਿੰਡ ਛੱਡ ਸ਼ਹਿਰਾਂ ਨੂੰ ਹੋ ਪਏ ਨੇ। ਬਹੁਤ ਹਾਲੀਆਂ-ਪਾਲੀਆਂ ਵਾਲਿਆਂ ਦੇ ਚੁੱਲ੍ਹੇ ਵੀ ਠੰਢੇ ਪਏ ਨੇ ਰਹਿੰਦੇ। ਗਿਆਨ ਦਾ ਪੁੱਠਾ ਗੇੜਾ, ਹੁਣ ਜਾਨ ਬਚਾਉਣੀ ਵੀ ਔਖੀ। ਭੁੱਖੇ ਰਹਿ-ਰਹਿ ਆਖ਼ਿਰ ਭੁੱਖ ਵੀ ਮਰ ਜਾਂਦੀ ਏ। ਜਿਥੋਂ ਮੈਂ ਵਾਂ, ਓਥੇ ਮੈਥੋਂ ਪਹਿਲਾਂ ਪੱਪੂ ਪਹਿਲਾਂ ਤੁਰ ਗਿਆ, ਮੈਂ ਤਾਂ ਕੱਲ੍ਹ ਨੱਸ ਕੇ ਆਇਆ ਵਾਂ। ਜ਼ਿਹਨੀ ਮੰਦਹਾਲੀ 'ਚ ਲੱਕ ਲੱਗਿਆ ਸਾ; ਬਸ ਗੋਡੇ ਲੱਗਣ ਦੀ ਦੇਰ ਸੀ। ਜੇ ਮੈਂ ਹੁਣ ਕੱਖ ਨੂੰ ਮੂੰਹ ਲਾ ਲੈਵਾਂ, ਤਾਂ ਗੁੱਸਾ ਨਾ ਕਰਨਾ ਭਾਈ। ਕੱਖ ਹਰੀ ਕਾ, ਕੋਈ ਪੂਰਬ-ਪੱਛਮ ਨਹੀਂ ਹੋਂਦਾ। ਮੈਂ ਪੈਂਤੀ ਤੋਂ ਛੱਤੀ ਨਹੀਂ ਕਰ ਲੈਣੇ, ਇਹ ਬਹੁਤ ਨੇ। ਪੱਪੂ ਕੀ ਫ਼ੋਟੋ ਨਾਲ ਢਿਡ ਨਹੀਂ ਭਰਦਾ।

ਗੱਲ ਕਰਨਾ ਔਖੀ ਗੱਲ ਏ। ਨਾ ਕੀਤਿਆਂ ਹੋਂਦੀ ਨਹੀਂ, ਕਰਿਆਂ ਹੋ ਜਾਂਦੀ ਏ। ਨਾ ਕੀਤੀ ਤਾਂ ਨਾ ਹੋਈ, ਕੀਤੀ ਤਾਂ ਮੰਨਣ ਨਾ ਮੰਨਣ ਦੇ ਸਿਵਾਏ ਕੀ ਰਹਿ ਜਾਂਦਾ? ਮੈਂ ਵਿਚੋਂ-ਵਿਚ ਕੁਝ ਲਭਦਾ ਰਿਹਾਂ। ਕੀਤੀ ਅਰ ਨਾ ਕੀਤੀ ਵਿਚ, 'ਤੁਰਦੀ-ਵਧਦੀ ਗੱਲ'। ਸਾਡੇ ਗੱਲਾਂ ਬਹੁਤੀਆਂ ਹੋਂਦੀਆਂ ਸਨ, ਪਰ ਬਹੁਤੀਆਂ ਸਿਆਣੀਆਂ। ਸਿਆਣੀ ਗੱਲ ਦਾ ਹੋਰ ਵੀ ਔਖਾ; ਤੁਰਦੀ ਨਹੀਂ। ਸਿਆਣ ਦੀ ਉਮਰ ਮਸਾਂ ਸਿਆਣੇ ਜਿੰਨੀ ਹੋਂਦੀ ਏ, ਤੇ ਅਕਸਰ ਓਨੀਂ ਵੀ ਨਹੀਂ। ਸਿਆਣੇ ਵੀ ਪੱਪੂ ਪਾਲੀ ਵਾਕਣ ਜਦੋਂ ਆਪ ਗਏ, ਲਵੇਰਾਵੀ ਲੈ ਗਏ। ਹੁਣ ਪੱਪੂ ਦੀ ਮਿਠਿਆਈ ਨਾਲ ਸਾਰਦੇ, ਬਦਹਜ਼ਮੀ ਨਾਲ ਮਰਦੇ ਹਾਂ। ਚਲੋ, ਭੁੱਖੇ ਤਾਂ ਨਹੀਂ ਮਰਦੇ। ਜ਼ਿਹਨੀ ਕੰਗਾਲੀ ਏ, ਪਰ ਸੱਚ-ਝੂਠ ਦੀ ਬੂੰਦੀ ਸਾਡੀਆਂ ਦਾੜ੍ਹੀਆਂ 'ਚ ਪੱਕੀ ਫਸ ਗਈ ਏ। ਸਾਰਾ ਕਸੂਰ ਬੇਚਾਰੇ ਪੱਪੂ ਦਾ। ਭਾਈ ਉਹ ਵੀ ਢਿੱਡ ਹੀ ਪਾਲਦਾ ਸਾ, ਅਪਣਾ ਵੀ ਤੇ ਸਾਡਾ ਵੀ। ਹੁਣ ਉਹਨੂੰ ਕਿਥੋਂ ਲੱਭੀਏ ਤੇ ਪੁੱਛੀਏ: "ਭਲਿਆਮਾਣਸਾ, ਤੂੰ ਦੱਸ ਜਾਂਦੋਂ ਲਵੇਰਾ ਕਿਵੇਂ ਪਾਲੀਦਾ ਜਾਂ ਪੇੜਾ ਕਿਵੇਂ ਵੱਟੀਦਾ?"

ਸਾਡੇ ਸਿੱਖਣਾ-ਸਿਖਾਉਣਾ ਵੀ ਅਮਲੀ ਦੇ ਫੇਰਨ-ਫਿਰਾਉਣ ਵਾਕਣ ਏ।· ਯਾਨੀ ਪਹਿਲੀ-ਵਿਚਲੀ ਰਹਿਣ ਦੇ, ਸਾਰ-ਤੱਤ ਕੱਢ ਕੇ ਮੇਰੇ ਬੋਝੇ ਪਾ; ਮੈਂ ਅੱਗੇ ਜਾਣਾ। ਦੂਏ ਕੰਮ ਬਹੁਤ ਮੈਨੂੰ। ਮੇਰੀ ਬਾਲਟੀ ਭਰ ਦੇ, ਲਵੇਰੇ ਦਾ ਆਪ ਵੇਖ ਲੈ। ਪੱਪੂ ਜੀ ਕੀ ਗਏ, ਸਭ ਥਾਂ ਹੋ ਗਏ। ਇਹ ਲਵੇਰੇ ਦਾ ਭਾਰੀ ਭਰਕਮ ਸਰਵਿਸ-ਮੈਨੁਅਲ ਪਿੱਛੇ ਛੱਡ ਗਏ ਨੇ, ਜਿਹਦੇ 'ਚ ਅੱਖਰਾਂ ਦੀ ਥਾਂ ਲੱਡੂ-ਪੇੜਿਆਂ ਦੀਆਂ ਫੋਟੂਆਂ ਨੇ। ਭਾਖਾ ਕੀ, ਸੌਦੇ ਦੀ ਸੂਚੀ ਰਹਿ ਗਈ। ਅੰਨ੍ਹੇ ਨੂੰ ਸੈਣਤਾਂ। ਚੱਟੋ ਕਾਗਤ। ਜਦ ਤਕ ਗਲ ਨਹੀਂ ਜਾਂਦ, ਜਾਂ ਜਦ ਤਕ ਚੱਟ-ਚੱਟ ਸਿਰ ਨੂੰ ਭੁਆਂਟਣੀ ਨਹੀਂ ਚੜ੍ਹਦੀ। ਧਰਤੀ ਘੁੰਮਦੀ, ਸਾਨੂੰ ਕਿਹਨੇ ਰੋਕਿਆ?

∗ ਕੋਈ ਅਮਲੀ ਆਪਣੇ ਨਾਲਦੇ ਨੂੰ ਪੁੱਛਦਾ; "ਫੇਰ?" ਨਾਲਦਾ ਬੋਲਿਆ: "ਹੁਣ ਫੇਰਨਾ ਫਰਾਉਣਾ ਕੀ ਆ?"

ਸ੍ਵੈ-ਪਰੀਖਣ

# ਸ਼ਹਿ ਤੇ ਮਾਤ

## -ਅਰਸ਼ਦੀਪ ਕੌਰ ਬਾਜਵਾ



ਅੱਜ 23 ਸਾਲ ਉਮਰ ਹੈ ਮੇਰੀ। ਆਪਣੀ ਵੱਡੀ ਭੈਣ ਦੀ ਜਨਮ ਤੋਂ ਕੁਝ ਦਿਨਾਂ ਬਾਅਦ ਮੌਤ ਤੋਂ ਸਹਿਮੇ ਹੋਏ ਮਾਪਿਆਂ ਦੀ ਧੀ ਹਾਂ ਮੈਂ। ਬੜੀਆਂ ਸੁੱਖਾਂ ਸੁੱਖੀਆਂ ਹੋਣਗੀਆਂ ਮੇਰੀ ਮਾਂ, ਮੇਰੀ ਨਾਨੀ ਤੇ ਮੇਰੇ ਪਾਪਾ ਨੇ ਮੇਰੇ ਇਸ ਧਰਤੀ ਤੇ ਆਉਣ ਦੀਆਂ। ਮੰਮੀ ਦੱਸਦੇ ਹੁੰਦੇ ਕਿ ਜਦ ਮੇਰੀ ਵੱਡੀ ਭੈਣ ਜੰਮੀ ਸੀ ਤਾਂ ਐਣ ਦੁੱਧ-ਚਿੱਟੀ ਤੇ ਬੜੀ ਸੋਹਣੀ ਸੀ। ਉਸ ਤੋਂ ਪੰਜ ਸਾਲ ਬਾਅਦ ਮੇਰਾ ਜਨਮ ਹੋਇਆ। ਮੇਰੀ ਨਾਨੀ ਦੀਆਂ ਮੰਨਤਾਂ ਸਦਕੇ ਇਸ ਦੋਹਤੀ ਨੇ ਜਨਮ ਲਿਆ। ਮੰਮੀ ਨੇ ਨਾਂ ਰੱਖਿਆ ਅਰਸ਼ਦੀਪ।ਮੁੰਡਿਆਂ ਵਾਲਾ ਨਾਂ ਸੀ। ਮੁੰਡਾ ਹੀ ਸਮਝਦੇ ਘਰਦੇ ਹੁਣ ਤੱਕ ਮੈਨੂੰ। ਜਦ ਦੀ ਸੁਰਤ ਸੰਭਾਲੀ ਇੱਕ ਵਾਰ ਵੀ ਮੇਰੇ ਪਾਪਾ ਨੇ ਕਦੇ ਘੂਰੀ ਨਹੀਂ ਵੱਟੀ ਮੈਨੂੰ, ਅੱਜ ਤੱਕ। ਮੇਰੇ ਤੋਂ ਦੋ ਸਾਲ ਛੋਟਾ 'ਮੇਰਾ ਗੁੱਗੂ' ਸੋਹਣਾ, ਗੋਰਾ, ਉੱਚਾ-ਲੰਮਾ। ਪਤੈ ਮੇਰੀ ਨਾਨੀ ਨੇ ਰੱਬ ਤੋਂ ਦੋਹਤੀ ਤਾਂ ਲੈ ਲਈ ਪਰ ਮੇਰੇ ਸਾਂਵਲੇ (ਅੱਜ ਦੇ ਅਨੁਸਾਰ ਕਾਲੇ) ਰੰਗ ਨੇ ਉਹਨਾਂ ਨੂੰ ਫਿਕਰਾਂ 'ਚ ਹੀ ਪਾਈ ਰੱਖਿਆ। ਬਾਕੀ ਸਾਰੀਆਂ ਦੋਹਤੀਆਂ-ਪੋਤੀਆਂ ਰੰਗ ਦੀਆਂ ਗੋਰੀਆਂ ਤੇ ਸੋਹਣੀਆਂ ਸੀ ਤੇ ਇੱਕ ਮੈਂ ਹੀ ਸੀ, ਕਾਲੀ।

ਜਦੋਂ ਦੀ ਮੇਰੀ ਸੁਰਤ ਸੰਭਾਲੀ ਹਮੇਸ਼ਾ ਨਾਨੀ ਪੁੱਛਦੇ ਹੀ ਰਹਿੰਦੇ ਸੀ ਮੰਮੀ ਨੂੰ ਫ਼ੋਨ ਉੱਤੇ ਕਿ ਉਹਦਾ ਰੰਗ ਸਾਫ਼ ਹੋਇਆ ਕਿ ਨਹੀਂ। ਉਹ ਮੰਮੀ ਨੂੰ ਕਹਿੰਦੇ ਸੀ ਕੋਈ ਨਹੀਂ ਲੱਗੀ ਰਹਿ ਹੋਜੂਗਾ ਸਾਫ਼ ਰੰਗ। ਕਦੇ ਕੋਈ ਉਪਾਅ ਦਿੰਦੇ ਸੀ ਤੇ ਕਦੇ ਕੋਈ ਹੋਰ। ਵੇਸਣ-ਦਹੀਂ, ਚੰਦਨ ਤੇ ਦੁੱਧ, ਮਲਾਈ ਸ਼ਹਿਦ ਅਤੇ ਬਥੇਰੀਆਂ ਚੀਜ਼ਾਂ। ਮੈਨੂੰ ਕੋਈ ਐਸਾ ਐਤਵਾਰ ਜਾਂ ਛੁੱਟੀ ਦਾ ਦਿਨ ਯਾਦ ਨਹੀਂ ਜਦੋਂ ਮੈਂ ਇਹਨਾਂ 'ਚੋਂ ਕੋਈ ਇੱਕ ਨੁਸਖਾ ਆਪਣੀ ਚਮੜੀ ਤੇ ਨਾਂ ਲਗਾਇਆ ਹੋਵੇ।

ਨਾਨੀ ਦੀ ਮੌਤ 2006 'ਚ ਹੋ ਗਈ - ਅਧਰੰਗ ਕਰਕੇ। ਪਰ ਦੇਖੋ ਕਿ ਉਹਨਾਂ ਨੂੰ ਮੌਤ ਵੇਲੇ ਵੀ ਇਸ ਦੋਹਤੀ ਦੀ ਯਾਦ ਨਹੀਂ ਭੁੱਲੀ। ਆਈ.ਸੀ.ਯੂ. ਵਿੱਚ ਆਕਸੀਜਨ ਤੇ ਸਾਹ ਲੈ ਰਹੀ ਨਾਨੀ ਸੁਰਜੀਤ ਕੌਰ ਨੇ ਮੰਮੀ ਨੂੰ ਪੁੱਛਿਆ ਇਸ਼ਾਰੇ ਨਾਲ ਕਿ ਉਹਦਾ ਰੰਗ ਸਾਫ਼ ਹੋਇਆ ਕਿ ਨਹੀਂ? ਮੰਮੀ ਤੇ ਮਾਮੇ ਬਹੁਤ ਹੈਰਾਨ ਹੋਏ। ਕਿਉਂਕਿ ਸੁਰਜੀਤ ਕੌਰ ਸਾਡੇ ਨਾਨਕੇ ਵਾਲੇ ਪਿੰਡ ਦੀ ਸਿਆਣਪ ਦੀ ਮਿਸਾਲ ਸੀ। ਉਹ ਪਿੰਡ ਦੀ ਸੱਭ ਤੋਂ ਸਿਆਣੀ, ਸੁਚੱਜੀ , ਸਮਝਦਾਰ ਅਤੇ ਘਰ ਤਿਲ-ਤਿਲ ਕਰਕੇ ਜੋੜਨ ਵਾਲੀ; ਘਰ ਦੀ ਸਫ਼ਾਈ ਐਨੀ ਰਖਦੀ ਸੀ ਕਿ ਭਾਂਡਿਆ ਅਤੇ ਫਰਸ਼ 'ਚ ਚਾਹੇ ਅਗਲਾ ਮੂੰਹ ਦੇਖ ਲਵੇ। ਸੁਰਜੀਤ ਕੌਰ ਦਾ ਬੰਨ੍ਹਿਆਂ ਘਰ ਅੱਜ ਸ਼ੋਹਰਤ ਦੇ ਸਿਖਰ ਉੱਤੇ ਹੈ। ਦੋਨੋਂ ਪੁੱਤਰ ਸਮਝਦਾਰ ਅਤੇ ਸਫਲ ਹਨ। ਚੰਗੀ ਸੀਰਤ ਦੀ ਮਾਲਕਣ ਸੀ - ਮੇਰੀ ਨਾਨੀ, ਸੁਰਜੀਤ ਕੌਰ।

ਪਰ ਅੱਜ ਜੇ ਮੈਂ ਉਹਨਾਂ ਦੇ ਇੱਕੋ ਇੱਕ ਮੇਰੇ ਰੰਗ ਦੇ ਫਿਕਰ ਬਾਰੇ ਸੋਚਦੀ ਹਾਂ ਤਾਂ ਲ਼ੱਗਦਾ ਕੀ ਪਤਾ ਉਹਨਾਂ ਨੇ ਜੂਨ ਬਹੁਤ ਬੁਰੀ ਤਰ੍ਹਾਂ ਹੰਡਾਈ ਹੋਵੇ, ਜੋ ਮੈਂ ਵੀ ਹੰਡਾ ਰਹੀ ਹਾਂ, ਜਾਂ ਅਜੇ ਹੰਢਾਉਣੀ ਹੈ। ਸ਼ਾਇਦ ਇਸੇ ਲਈ ਉਹਨਾਂ ਨੂੰ ਮੇਰੀ ਚਿੰਤਾ ਸਤਾਉਂਦੀ ਸੀ। ਮੈਂ ਆਪਣੇ ਸਕੂਲ ਦੀ ਹਰ ਵੇਲੇ ਟਾਪਰ ਰਹੀ। ਹਰ ਇੱਕ ਕੰਮ ਵਿੱਚ ਅੱਗੇ - ਸਪੀਕਰ, ਠੀਕ-ਠਾਕ ਲਿਖਾਰੀ, ਪੜ੍ਹਾਈ ਵਿੱਚ ਬੜੀ ਤੇਜ਼।ਮੰਮੀ ਕਹਿੰਦੇ ਕਿ ਮੈਂ ਬਿਲਕੁਲ ਨਾਨੀ ਵਰਗੀ ਹਾਂ, ਕਹਿੰਦੇ ਨੇ - ਗੁੜ੍ਹਤੀ ਜੋ ਨਾਨੀ ਨੇ ਦਿੱਤੀ ਸੀ।

ਸਕੂਲ ਦੇ ਵਿੱਚ ਬੜੀਆਂ ਗੱਲਾਂ ਸੁਣਨੀਆਂ ਪੈਂਦੀਆਂ ਸਨ, ਸਾਂਵਲੇ ਰੰਗ ਕਾਰਣ।ਇੱਕ ਮੁੰਡਾ ਕਰਨ ਮੇਰੀ ਹੀ ਜਮਾਤ ਵਿੱਚ ਪੜ੍ਹਦਾ ਸੀ। ਉਹ ਆਪ ਰੰਗ ਦਾ ਕਾਲਾ ਸੀ। ਪਰ ਉਹ ਮੈਨੂੰ ਕਦੇ 'ਕਾਲੋ' ਤੇ ਕਦੇ ਹੋਰ ਕੁਝ ਕਹਿ ਕੇ ਮੈਨੂੰ ਤੰਗ ਕਰਦਾ ਰਹਿੰਦਾ। ਬਹੁਤ ਮਹੀਨੇ ਏਦਾਂ ਹੀ ਚਲਦਾ ਰਿਹਾ। ਇੱਕ ਦਿਨ ਮੇਰੇ ਸਬਰ ਦਾ ਬੰਨ੍ਹ ਟੁੱਟ ਕੇ ਹੰਝੂਆਂ ਨਾਲ ਬਹਿ ਗਿਆ। ਮੇਰੀ ਮੰਮੀ ਨੇ ਉਹਦੀ ਮੰਮੀ ਕੋਲ ਸ਼ਿਕਾਇਤ ਕੀਤੀ ਅਤੇ ਹਾਸੇ ਵਾਲੀ ਗੱਲ ਤਾਂ ਇਹ ਕਿ ਕਰਨ ਦੀ ਮਾਂ ਦਾ ਰੰਗ ਵੀ ਕਾਲਾ ਸਾਂਵਲਾ ਸੀ। ਪਰ ਉਹ ਆਂਟੀ ਇੱਕ ਪ੍ਰਾਈਵੇਟ ਸਕੂਲ ਵਿੱਚ ਪ੍ਰਿੰਸੀਪਲ ਸੀ, ਬੜੀ ਸੂਝਬਾਨ ਅਤੇ ਕਾਬਿਲ ਸੀ। ਉਹਨਾਂ ਨੇ ਕਰਨ ਨੂੰ ਝਿੜਕਾਂ ਮਾਰ ਕੇ ਮੈਨੂੰ ਅੱਗੇ ਤੋਂ ਕੁਝ ਵੀ ਕਹਿਣ ਤੋਂ ਬੰਦ ਤਾਂ ਕਰਵਾ ਦਿੱਤਾ, ਪਰ ਉਸ ਦੀ ਨਿਗਾਹ ਵਿੱਚ ਮੈਂ ਅੱਜ ਤਾਈਂ ਮੇਰੇ ਲਈ ਕੋਈ ਇੱਜਤ ਨਹੀਂ ਵੇਖੀ। ਉਹਨੂੰ ਕਨੇਡਾ ਜਾਣਾ ਪਿਆ, ਬਾਰ੍ਹਵੀਂ ਤੋਂ ਬਾਅਦ ਉਸਨੂੰ ਏਥੇ ਕਿਸੇ ਵੀ ਕਾਲਜ ਵਿੱਚ ਦਾਖ਼ਲਾ ਨਹੀਂ ਸੀ ਮਿਲਿਆ। ਪਰ ਮੈਂ ਇੱਥੇ ਯੂਨੀਵਰਸਿਟੀ 'ਚ ਉਸ ਤੋਂ ਕਿਤੇ ਬੇਹਤਰ ਡਿਗਰੀ ਕਰ ਰਹੀ ਹਾਂ।

ਇੱਕ ਹੋਰ ਐਸਾ ਵਾਕਿਯਾ ਯਾਦ ਹੈ ਮੈਨੂੰ - ਇੱਕ ਜਮਾਤਣ ਸੀ ਮੇਰੀ ਡਿੰਪੀ।ਡਿੰਪੀ ਮੈਨੂੰ ਸਦਾ ਕਹਿੰਦੀ ਰਹਿੰਦੀ, "ਤੇਰੇ ਹੱਥ ਸਾਡੀ ਨੌਕਰਾਣੀ ਵਰਗੇ, ਭਾਵ ਕਿ - ਕਾਲੇ ਹਨ। ਉਹ ਡਿੰਪੀ, ਵੱਡੀ ਹੋਕੇ ਮਾੜੇ ਕੰਮਾਂ ਵਿੱਚ ਪੈ ਗਈ ਅਤੇ ਫੇਰ ਉਸਦੀ ਮੌਤ ਵੀ ਹੋ ਗਈ। ਇਹੋ ਜਿਹੇ ਹਜ਼ਾਰਾਂ ਵਾਕਿਆ ਚੇਤੇ ਨੇ ਮੈਨੂੰ। ਉਹ ਜ਼ਿੱਲਤ ਭੁਲਾਇਆਂ ਨਹੀਂ ਭੁੱਲਦੀ। ਬਚਪਨ ਵਿੱਚ ਘਟੇ ਇਹੋ ਜਿਹੇ

ਵਾਕਿਆਂ ਨੇ ਮੇਰੇ ਦਿਮਾਗ ਉਤੇ ਬੜੇ ਡੂੰਘੇ ਛਾਪ ਛੱਡੇ। ਜੇ ਮੈਨੂੰ ਮਾਪਿਆਂ ਦੀ ਪੂਰੀ ਪੈਰਵਾਈ ਨਾ ਮਿਲਦੀ ਤਾਂ ਸ਼ਾਇਦ ਮੈਂ ਵੀ ਆਪਦਾ ਅਸਤਿੱਤਵ ਹਨੇਰਿਆਂ ਵਿੱਚ ਗਵਾ ਆਉਂਦੀ।

ਹੁਣ ਮੈਂ ਸੋਲਾਂ ਵਰ੍ਹਿਆਂ ਦੀ ਹੋ ਗਈ ਸੀ ਅਤੇ ਗਿਆਰਵੀ ਤੋਂ ਬਾਰ੍ਹਵੀਂ ਵਿੱਚ ਆ ਗਈ ਸੀ। ਮੇਰੀ ਸੱਭ ਤੋਂ ਪਿਆਰੀ ਸਹੇਲੀ, ਜੋ ਕਿ ਆਪ ਬੜੀ ਸੋਹਣੀ ਸੀ, ਨੇ ਮੇਰੇ ਤੇ ਇੱਕ ਬਾਰ ਤਾਨ੍ਹਾਂ ਕਸਿਆ – ਤੇਰੇ 'ਚ ਹੈ ਕੀ, ਜੋ ਤੈਨੂੰ ਲੈ ਕੇ ਜਾਊ, ਕੋਈ ਵਿਆਹ ਕੇ? ਉਸ ਦੀ ਸੋਚ ਮੁਤਾਬਕ ਜਿਸਮਾਨੀ ਗੋਰੇਪਨ ਤੋਂ ਖ਼ੂਬਸੂਰਤੀ ਸ਼ੁਰੂ ਅਤੇ ਖ਼ਤਮ ਹੁੰਦੀ ਸੀ। ਪਰ ਇੱਤਫ਼ਾਕ ਦੀ ਗੱਲ ਸੀ ਕਿ ਉਸਦੇ ਮਾਪਿਆਂ ਨੂੰ ਉਸਦੀ ਸਾਂਵਲੀ ਤੇ ਸਲੇਰੀ ਸਹੇਲੀ – ਮੈਂ, ਬੜੀ ਪਿਆਰੀ ਲੱਗਦੀ ਸੀ। ਉਸਦੇ ਪਿਤਾ ਮੇਰੀ ਇਸ ਗੱਲ ਤੋਂ ਬੜੀਆਂ ਸਿਫ਼ਤਾਂ ਕਰਦੇ ਸਨ ਕਿ ਮੈਂ ਸਦਾ ਪਹਿਲੀ ਤੋਂ ਬਾਰਹਵੀਂ ਜਮਾਤ ਤੀਕ ਸੱਭ ਤੋਂ ਪਹਿਲਾਂ ਸਕੂਲ ਦੇ ਗੇਟ 'ਤੇ ਮੱਥਾ ਟੇਕ ਅੰਦਰ ਵੜਦੀ ਸੀ। ਮਜ਼ੇਦਾਰ ਗੱਲ ਇਹ ਹੈ ਕਿ ਮੇਰੀ ਪਿਆਰੀ ਸਹੇਲੀ ਦੀ ਸੋਚ ਅਜੇ ਵੀ ਉਹੀ ਹੈ ਅਤੇ ਉਸਦੇ ਮਾਪਿਆਂ ਦਾ ਰੱਵਈਆ ਵੀ ਅਜੇ ਤਾਈਂ ਮੇਰੇ ਪ੍ਰਤੀ ਬਦਲਿਆ ਨਹੀਂ। ਏਦਾਂ, ਵੇਖਿਆ ਜਾਵੇ ਤਾਂ ਸੱਚੀਂ ਪਿਛਲੇ 10-12 ਵਰ੍ਹਿਆਂ 'ਚ ਕੁਝ ਵੀ ਨਹੀਂ ਸੀ ਬਦਲਿਆ, ਹਾਂ ਸਮਾਂ ਆਪਣੀ ਚਾਲ ਚੱਲ ਰਿਹਾ ਸੀ।

ਇਸ ਵਿਚਾਲੇ ਖ਼ੁਸ਼ੀ ਦੀ ਗੱਲ ਇਹ ਹੋਈ ਕਿ ਮੇਰੀ ਨਾਨੀ ਦੇ ਨੁਸਖਿਆਂ ਸਦਕਾ ਮੇਰਾ ਰੰਗ ਜਿਹੜਾ ਕਾਲਾ ਸਦੀਂਦਾ ਹੁਣ ਸਾਂਵਲਾ ਜਾਂ ਸਲੇਰਾ ਹੋ ਗਿਆ ਸੀ। ਇਹਨਾਂ ਦੋਹਾਂ ਲਫ਼ਜ਼ਾਂ ਨੇ ਮੇਰੇ ਸਹੁੱਪਣ ਦੇ ਮਿਹਾਰ ਨੂੰ ਭਾਵੇਂ ਉੱਚਾ ਕੀਤਾ ਸੀ। ਪਰ ਫੇਰ ਵੀ ਜੇ ਮੈਂ ਕਿਸੇ ਵਿਆਹ-ਸ਼ਾਦੀ ਵਿੱਚ ਸ਼ਰੀਕ ਹੁੰਦੀ ਤਾਂ ਔਰਤਾਂ ਦੀ ਖੁਸਰ-ਫੁਸਰ ਮੱਲੋਮੱਲੀ ਮੇਰੇ ਕੰਨਾਂ ਤੱਕ ਅੱਪੜਦੀ – ਕਦ ਦਾ ਭੈਣੇ ਆਮ ਤੌਰ ਤੇ ਕੁੜੀਆਂ ਦਾ ਏਨਾ ਲੱਭਦਾ ਨਹੀਂ, ਪੰਜ ਫੁੱਟ ਸੱਤ ਇੰਚ ਦੀ ਤਾਂ ਇਹ ਹੋਊ, ਪੜ੍ਹਾਈ ਵਿੱਚ ਵੀ ਹੁਸ਼ਿਆਰ ਹੈ; ਜੇ ਇਥੋਂ ਪੜ੍ਹ ਕੇ ਅੱਗਾਂਹ ਇਹ ਅਮਰੀਕਾ ਚਲੀ ਗਈ ਤਾਂ ਆਪਣੀ ਡਿਗਰੀ ਦੇ ਸਿਰ ਤੇ ਇਹ ਡਾਲਰਾਂ ਦਾ ਏਨਾ ਢੇਰ ਲਾਊ ਕਿ ਇਸਨੂੰ ਗਿਣਨ ਲਈ ਮਸ਼ੀਨ ਲਾਉਣੀ ਪਊ। ਹੈ ਤਾਂ ਇਹ ਸਿੱਧੀ-ਸਾਧੀ, ਸਿਆਣੀ, ਨਾਲੇ ਹੱਸਮੁੱਖ ਵੀ ਹੈ, ਘਰੋਂ ਵੀ ਠੀਕਠਾਕ ਹੈ, ਬੱਸ ਇੱਕੋ ਖੋਟ ਹੈ – ਰੰਗ ਸਾਂਵਲਾ ਹੈ! ਵਿੱਚੋਂ ਕੋਈ ਬੋਲਦੀ, "ਕੀ ਪਤੈ, ਸ਼ਾਇਦ ਹੋਰ ਨਿੱਖਰ ਜਾਵੇ, ਅਗਲੇ ਸਮਿਆਂ ਵਿੱਚ।"

ਹੁਣ ਵੀ ਹਰ ਐਂਤਵਾਰ ਤੇ ਹਰ ਛੁੱਟੀ ਆਪਣੀ ਚੰਮੜੀ ਨੂੰ ਰਗੜ-ਰਗੜ ਕੇ ਗੋਰਾ ਕਰਨ ਵਿੱਚ ਹੀ ਲੰਘ ਜਾਂਦੀ ਸੀ। ਆਪਣੇ ਆਪ ਨੂੰ ਰਗੜਦਿਆਂ ਮੈਨੂੰ ਖ਼ਿਆਲ ਆਉਂਦਾ ਕਿ ਮੇਰੀ ਮੰਮੀ ਆਖਦੀ ਸੀ ਅਰਸ਼ ਤੇਰੀ ਜਿਹੀਆਂ ਮੈਨੂੰ ਭਾਵੇਂ ਦੋ ਹੋਰ ਕੁੜੀਆਂ ਦੇ ਦਿੰਦਾ, ਰੱਬ। ਪਰ, ਸੱਚੀ ਦੱਸਾਂ, ਮੈਂ ਕਦੇ ਨਹੀਂ ਮੰਗਾਂਗੀ ਰੱਬ ਤੋਂ ਕਿ ਮੇਰੀ ਕੋਈ ਧੀ ਕਾਲੀ ਜਾਂ ਸਾਂਵਲੀ ਹੋਵੇ ਤੇ ਉਸਨੂੰ ਤਾ-ਉਮਰ ਮੇਰੇ ਵਾਂਗ ਆਹ ਜ਼ਲਾਲਤਾਂ ਝੇਲਣੀਆਂ ਪੈਣ। ਹਾਂ ਭਾਵੇਂ ਉਸਦਾ ਸੁਭਾਉ, ਰਹਿਣ-ਸਹਿਣ, ਬੋਲਚਾਲ, ਹੋਸ਼ਿਆਰੀ ਅਤੇ ਸੱਭ ਤੋਂ ਵੱਡੀ ਗੱਲ ਕਿਸਮਤ ਮੇਰੇ ਵਰਗੀ ਹੋਵੇ, ਪਰ ਫੇਰ ਵੀ ਉਸ ਦਾ ਰੰਗ ਮੇਰੇ ਵਰਗਾ ਨਾ ਹੋਵੇ। ਕਿਉਂਕਿ ਮੈਨੂੰ ਨਹੀਂ ਜਾਪਦਾ ਕਿ ਜਿਹੜੀ ਘਾਲਣਾ ਮੇਰੀ ਮਾਂ ਨੇ ਮੇਰਾ ਰੰਗ ਕਾਲੇ ਤੋਂ ਸਾਂਵਲਾ ਕਰਨ ਲਈ ਘਾਲੀ, ਉਨੀ ਹਿੰਮਤ ਮੇਰੇ ਵਿੱਚ ਹੁਣ ਬਚੀ ਹੋਵੇਗੀ। ਅਜੇ ਕੁਝ ਚਿਰ ਦੀ ਗੱਲ ਹੈ ਕਿ ਮੇਰੀ ਮਾਸੀ ਦੀ ਧੀ, ਦੀਦੀ, ਮਾਂ ਬਣਨ ਵਾਲੀ ਸੀ ਤਾਂ ਮੇਰੇ ਜੀਜਾ ਜੀ ਨੂੰ ਫਿਕਰ ਪੈ ਗਿਆ। ਹਾਲਾਂਕਿ ਮੇਰੀ ਦੀਦੀ ਤਾਂ ਗੋਰੀ-ਚਿੱਟੀ ਸੀ, ਪਰ ਜੀਜਾ ਜੀ ਸਾਂਵਲੇ ਸਨ। ਇਹ ਉਹੀਓ ਹਨ ਜੋ ਮੈਨੂੰ ਕਹਿੰਦੇ ਸਨ, "ਅਰਸ਼, ਜੇ ਕੁੜੀ ਤੇਰੇ ਵਰਗੀ ਹੋਵੇ ਤਾਂ ਮਾਪਿਆਂ ਨੂੰ ਦੱਸ-ਵੀਹ ਲੱਖ ਦਾਜ ਵਿੱਚ ਵੱਧ ਦੇਣੇ ਪੈਂਦੇ ਹਨ।" ਆਹ ਗੱਲ ਜੀਜਾ ਜੀ ਤੋਂ ਸੁਣ ਕੇ, ਉਦੋਂ ਤੋਂ, ਮੈਨੂੰ ਹੋਰ ਫਿਕਰ ਪੈ ਗਿਆ ਕਿ ਮੇਰੇ ਪਾਪਾ ਨੂੰ ਮੇਰੇ ਵਿਆਹ ਤੇ ਵੱਧ ਖਰਚਾ ਕਰਨਾ ਪਊ।

ਮੈਂ ਆਪਣੇ ਰੰਗ ਨੂੰ ਕਾਲੇ ਤੋਂ ਗੋਰਾ ਕਰਨ ਲਈ ਸਿਰਫ਼ ਸਾਬਣਾਂ ਜਾਂ ਪਯੁਮਿਸ ਸਟੋਨਾਂ ਨਾਲ ਆਪਣੇ ਚੰਮ ਦੇ ਚੱਪੇ ਚੱਪੇ ਨੂੰ ਰਗੜਿਆਂ ਈ ਨਹੀਂ ਸਗੋਂ ਹੋਰ ਅਨੇਕ ਉਪਰਾਲਿਆਂ ਉੱਤੇ ਹਜ਼ਾਰਾਂ ਰੁਪਈਏ ਵੀ ਖਰਚ ਕੀਤੇ ਹਨ। ਲੋਕਾਂ ਨੇ ਜੇ ਕਿਹਾ – ਸੇਊ ਖਾਣ ਤੇ ਮੇਰਾ ਰੰਗ ਗੋਰਾ ਹੋਉਗਾ, ਤਾਂ ਮੈਂ ਦਰਜਣਾਂ ਪੇਟੀਆਂ ਸੇਉ ਦੀਆਂ ਖਾਧੀਆਂ। ਜੇ ਕਿਸੇ ਗੋਰਾ ਕਰਨ ਵਾਲੀ ਦਵਾਈ ਬਾਰੇ ਕਿਸੇ ਨੇ ਮੈਨੂੰ ਕਿਹਾ ਤਾਂ ਮੈਂ ਉਸ ਤੇ ਝੱਟ ਸੈਂਕੜੇ ਰੁਪਈਏ ਵਾਰ ਦਿੱਤੇ। ਹਰ ਤੀਜੇ-ਚੌਥੇ ਮਹੀਨੇ ਮੈਂ ਸਕਿਨ ਡਾਕਟਰ ਤੋਂ ਇਲਾਜ ਕਰਾਉਣ ਲਈ ਪੁੱਜ ਜਾਂਦੀ ਹਾਂ ਤੇ ਉਸ ਵੱਲੋਂ ਲਿਖੀਆਂ ਕਰੀਮਾਂ ਉਤੇ ਕਈ ਹਜ਼ਾਰਾਂ ਦੀ ਚਪੇੜ ਖਾਅ ਕੇ ਮੈਂ ਅਗਲੀ ਪੇਸ਼ੀ ਲਈ ਉਸ ਕੋਲ ਫੇਰ ਹਾਜ਼ਰ ਹੋ ਜਾਂਦੀ ਹਾਂ, "ਡਾਕਟਰ ਜੀ, ਮੇਰਾ ਰੰਗ ਭੁਸਲਿਆ ਜਿਹਾ ਹੁੰਦਾ ਪਿਆ ਏ। ਕੋਈ ਹੋਰ ਵਧੀਆ ਦਵਾਈ ਲਿਖ ਦਿਉ।"

ਮੇਰੀ ਅਸਲੀ ਸ਼ਾਮਤ ਤਾਂ ਉਦੋਂ ਆਉਂਦੀ ਜਦੋਂ ਨੇੜੇ ਦੀ ਰਿਸ਼ਤੇਦਾਰੀ ਵਿੱਚ ਵਿਆਹ ਹੁੰਦਾ। ਮੇਰੀਆਂ ਰਿਸ਼ਤੇਦਾਰ ਔਰਤਾਂ ਵਿਆਹ ਤੋਂ ਦੋ ਮਹੀਨੇ ਪਹਿਲਾਂ ਤੋਂ ਮੈਨੂੰ ਵੱਟਣਾ ਲਾਣਾ ਸ਼ੁਰੂ ਕਰ ਦਿੰਦਿਆਂ ਸਨ। ਪਹਿਲਾਂ ਮੈਨੂੰ ਇਹ ਭਰਮਜਾਲ ਬੜਾ ਭੈੜਾ ਤੇ ਥਕੇਵਾਂ ਭਰਿਆ ਜਾਪਦਾ ਸੀ। ਪਰ ਹੁਣ ਮੈਨੂੰ ਇਸ ਸੱਭ ਦੀ ਆਦਤ ਹੋ ਗਈ ਹੈ। ਕੁਝ ਰਿਸ਼ਤੇਦਾਰ ਔਰਤਾਂ ਅਜੇ ਵੀ ਮੇਰੇ ਗਾੜ੍ਹੇ ਰੰਗ ਦੀ ਅਲੋਚਨਾ ਕਰਦੀਆਂ ਹਨ ਤਾਂ ਮੈਂ ਦੜ ਵੱਟ ਕੇ ਸਬਰ ਕਰ ਜਾਂਦੀ ਹਾਂ। ਹੁਣ, ਨਾਂ ਤਾਂ ਅਥੱਰੂ ਡਿੱਗਦੇ ਹਨ ਅਤੇ ਨਾ ਹੀ ਮੈਂ ਭੱਜ ਕੇ ਮਾਪਿਆਂ ਕੋਲ ਉਸ ਦੀ ਸ਼ਿਕਾਇਤ ਕਰਨ ਲਈ ਜਾਂਦੀ ਹਾਂ। ਡਾਕਟਰੀ ਜ਼ਬਾਨ ਵਿੱਚ ਆਖਾਂ ਤਾਂ ਮੇਰੀ ਇਸ ਬਾਰੇ 'ਇਮਯੂਨਿਟੀ' ਵੱਧ ਗਈ ਹੈ। ਪਰ ਇਹ ਕਹਿਣਾ ਵੀ ਝੂਠ ਹੋਵੇਗਾ ਕਿ ਹੁਣ ਮੇਰੇ ਉੱਤੇ ਮੇਰੇ ਰੰਗ ਬਾਰੇ ਕੱਸੇ ਗਏ ਤੰਜਾਂ ਤਾਂ ਕੋਈ ਅਸਰ ਨਹੀਂ ਹੁੰਦਾ। ਇੱਥੇ ਗੜਵਾਸੁ ਵਿਖੇ ਮੇਰੀ ਗਿਣਤੀ ਉਹਨਾਂ ਵੀਹ ਫ਼ੀਸਦੀ ਕੁੜੀਆਂ ਵਿੱਚ ਹੁੰਦੀ ਹੈ, ਜਿਹਨਾਂ ਦਾ ਰੰਗ ਸਾਂਵਲਾ ਹੈ। ਅੱਜੇ ਕੱਲ੍ਹ ਦੀ ਹੀ ਗੱਲ ਹੇ ਕਿ ਮੇਰੇ ਸਕੂਲ ਵੇਲੇ ਤੋਂ ਨਾਲ ਪੜ੍ਹਦੇ ਇੱਕ ਗੜਵਾਸੁ ਦੇ ਜਮਾਤੀ ਨੇ ਮੇਰੇ ਤੇ ਬੋਲੀ ਪਾਈ, "ਅਖੇ ਕਪੜੇ ਧੋਂਦੀ ਨੂੰ ਅੱਖ ਵੀ ਨਾਂ ਮਾਰੇ ਡੱਡੂ।" ਮੈਂ ਉਸਦੇ ਅਖੌਤ ਨੂੰ ਉਸ ਵੇਲੇ ਤਾਂ ਹੱਸ ਕੇ ਟਾਲ ਦਿੱਤਾ। ਪਰ ਦਰਅਸਲ ਉਸ 15 ਸਾਲ ਪੁਰਾਣੇ ਜਮਾਤੀ ਵੱਲੋਂ ਸ਼ਰਾਬੀ ਹਾਲਤ ਵਿੱਚ ਮੇਰੇ ਹੋਰ 56 ਜਮਾਤੀਆਂ ਮੂਹਰੇ ਆਪਣੀ ਬੇਜ਼ਤੀ ਮੇਰੇ ਲਈ ਨਾਕਾਬਲੇ-ਬਰਦਾਸ਼ਤ ਸੀ। ਮੈਂ ਤਾਹੀਓਂ ਕਲਮ ਚੁੱਕ ਕੇ ਇਹ ਸਵੈ-ਨਿਰੀਖਣ ਵਾਲੀ ਕਹਾਣੀ ਲਿਖਣ ਬਹਿ ਗਈ ਹਾਂ। ਸੱਚੀਂ ਦੱਸਾਂ, ਪਹਿਲਾਂ ਇਹੋ ਜਿਹੇ ਬੋਲ ਮੈਨੂੰ ਕਈ ਮਹੀਨਿਆਂ ਤਾਈ ਤੋੜ ਦਿੰਦੇ ਸਨ। ਪਰ ਹੁਣ, ਮੈਨੂੰ ਬੇਜ਼ਤੀ ਨੂੰ ਹਜ਼ਮ ਕਰਕੇ ਖ਼ੁਦ ਨੂੰ ਜੋੜਣ ਲਈ, ਦੋ-ਤਿੰਨ ਘੰਟੇ ਹੀ ਲੋੜੀਂਦੇ ਹੁੰਦੇ ਹਨ।

ਜੇ ਮੈਂ ਪੰਜਾਬ ਦੀ ਜੱਟੀ ਨਹੀਂ, ਬੰਗਾਲ ਜਾਂ ਤਮਿਲਨਾਡੂ ਦੀ ਮੁਟਿਆਰ ਹੁੰਦੀ ਤਾਂ ਸਾਂਵਲੇ ਰੰਗ ਦੀ ਹੋਣ ਦਾ ਮੈਨੂੰ ਬੜਾ ਫਖ਼ਰ ਹੁੰਦਾ। ਪਰ ਪੰਜਾਬ ਦਾ ਸੱਚ ਮੇਰੇ ਵਰਗੀ ਸਾਂਵਲੀ ਕੁੜੀ ਨੂੰ ਬਾਰ ਬਾਰ ਜ਼ਹਿਰ ਦਾ ਅਹਿਸਾਸ ਕਰਵਾ ਜਾਂਦਾ ਹੈ। ਸ਼ਾਇਦ ਮੇਰਾ ਵਜੂਦ ਸਮਾਜ ਅਤੇ ਜਹਾਨ ਦੀ ਵਿਛੀ ਹੋਈ ਕਿਸੇ ਸ਼ਤਰੰਜ ਉੱਤੇ ਮੱਨਸਰ ਹੈ, ਜਿਸਦੇ ਖੇਡ ਵਿੱਚ ਸ਼ਹਿ ਅਤੇ ਮਾਤ, ਦੋ ਕੌੜੇ ਸੱਚ ਹਨ। ਅੱਜ ਤਾਈਂ ਮੇਰੇ ਹਿੱਸੇ ਸਹੁੱਪਣ ਦੀ ਮਾਤ ਆਈ ਹੈ। ਪਰ ਮੈਨੂੰ ਪਤੈ ਇਹ ਟੈਂਪਰੇਰੀ ਹੈ। ਕਿਉਂਕਿ ਸੂਰਤ ਅਤੇ ਸੀਰਤ ਦੇ ਖੇਡ ਵਿੱਚ ਸੀਰਤ ਹੀ ਅਖੀਰ ਵਿੱਚ ਜਿੱਤਦੀ ਹੈ।

...

# ਸਾਹਿਤ ਸਮਾਜ ਦਾ ਸ਼ੀਸ਼ਾ

## *ਡਾ. ਹਰਭਜਨ ਸਿੰਘ ਕਾਹਲੋਂ*

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਇਹ ਇਕ ਬਹੁਤ ਹੀ ਮਹੱਤਵਪੂਰਨ ਕਥਨ ਹੈ। ਇਹ ਕਥਨ ਜਿੰਨਾ ਸਾਧਾਰਨ ਲੱਗਦਾ ਹੈ, ਓਨੀ ਹੀ ਗੰਭੀਰਤਾ ਆਪਣੇ ਅੰਦਰ ਸਮੋਈ ਬੈਠਾ ਹੈ, ਕਿਉਂਕਿ ਸ਼ੀਸ਼ਾ ਕੇਵਲ ਬਾਹਰਲੀ ਦਿੱਖ ਅਤੇ ਬਣਤਰ ਹੀ ਪ੍ਰਗਟ ਕਰਦਾ ਹੈ। ਪਰ ਸਾਹਿਤ ਵਿਚੋਂ ਜਿਹੜੀ ਦਿੱਖ ਅਤੇ ਬਣਤਰ ਪ੍ਰਗਟ ਹੋ ਰਹੀ ਹੁੰਦੀ ਹੈ, ਉਹ ਆਪਣੇ ਆਪ ਵਿਚ ਕਈ ਪ੍ਰਕਿਰਿਆਵਾਂ ਨਾਲ ਸੰਬੰਧ ਰੱਖਦੀ ਹੈ। ਸਾਹਿਤ ਵਿਚ ਇਕੋ ਵੇਲੇ ਵਿਅਕਤੀ ਤੇ ਸਮੂਹਕਤਾ, ਵਿਚਾਰ ਤੇ ਅਨੁਭਵ, ਇਤਿਹਾਸ ਤੇ ਮਿਥਿਹਾਸ, ਸਮਕਾਲ ਤੋਂ ਭੂਤਕਾਲ ਅਤੇ ਭਵਿੱਖ ਦੀਆਂ ਕਈ ਅਗੋਚਰ ਕਲਪਨਾਵਾਂ ਪ੍ਰਗਟ ਹੋ ਰਹੀਆਂ ਹੁੰਦੀਆਂ ਹਨ।

ਸਾਹਿਤ ਦਾ ਸਿੱਧਾ ਸੰਬੰਧ ਚੇਤਨ ਪ੍ਰਕਿਰਿਆ ਨਾਲ ਹੈ। ਚੇਤਨਾ ਆਪਣੇ ਆਪ ਵਿਚ ਵਿਚਾਰ ਦੀ ਇਕ ਸੰਘਣੀ ਪ੍ਰਕਿਰਿਆ ਹੈ। ਇਸ ਵਿਚ ਸਰੀਰ ਮਨ ਅਤੇ ਆਤਮਾ ਦੇ ਧਰਾਤਲ ਇਕੋ ਵੇਲੇ ਅਤੇ ਇਕੋ ਬਿੰਦੂ ਉੱਪਰ ਇਕੱਠੇ ਕਾਰਜਸ਼ੀਲ ਹੁੰਦੇ ਹਨ। ਸਿਰਜਣ ਪ੍ਰਕਿਰਿਆ ਵੇਲੇ ਸਰੀਰ, ਮਨ ਅਤੇ ਆਤਮਿਕ ਪਾਸਾਰਾਂ ਦਾ ਸੰਜੋਗ ਹੀ ਸਾਹਿਤ ਨੂੰ ਸਦੀਵੀ ਅਰਥਾਂ ਦੀ ਗਹਿਰਾਈ ਪ੍ਰਦਾਨ ਕਰਦਾ ਹੈ। ਪਰ ਜਿਸ ਅਵਸਥਾ ਵਿਚ ਇਸ ਸੰਜੋਗ ਦੀ ਅਣਹੋਂਦ ਰਹਿ ਜਾਦੀ ਹੈ, ਉਸ ਵਿਚ ਸਾਹਿਤ ਦੀ ਆਪਣੀ ਰੂਪ-ਰੇਖਾ ਅਤੇ ਅਰਥ ਵੀ ਸਕਤੇ ਵਿਚ ਪੈ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸਾਹਿਤ ਵਿਚ ਜਿਹੜਾ ਸਮਾਂ ਚੱਲ ਰਿਹਾ ਹੁੰਦਾ ਹੈ, ਉਹ ਘੜੀ ਜਾਂ ਕਲਾਕ ਵਾਲਾ ਜਾਂ ਬਾਹਰਰੂਪੀ ਨਹੀਂ ਹੁੰਦਾ। ਉਸ ਵਿਚਲਾ ਸਮਾਂ ਪ੍ਰਕਿਰਤੀ ਦੇ ਸਦੀਵੀ ਤੱਤਾਂ ਨਾਲ ਡੂੰਘਾ ਸੰਬੰਧ ਰੱਖਦਾ ਹੈ। ਪ੍ਰਕਿਰਤੀ ਦੇ ਇਨ੍ਹਾਂ ਸਦੀਵੀ ਤੱਤਾਂ ਦੀ ਸਕਾਰਤਾ ਮਨੁੱਖੀ ਅਮਲ ਵਿਚ ਆਪਣੇ ਸਭ ਤੋਂ ਸ਼ੁੱਧ ਰੂਪ ਵਿਚ ਪਈ ਹੁੰਦੀ ਹੈ। ਪਲੈਟੋ ਜਦੋਂ ਇਨ੍ਹਾਂ ਤੱਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ, ਤਾਂ ਉਸ ਨੇ ਇਸ ਨੂੰ ਇਕ ਵੱਖਰੇ ਵਿਚਾਰਤਮਕ ਜਹਾਨ (World of ideas) ਦੀ ਪਹੁੰਚ ਤੋਂ ਬਾਹਰ ਰੱਖ ਦਿੱਤਾ। ਭਾਵੇਂ ਉਹ ਕਹਿੰਦਾ ਹੈ ਕਿ ਤਰਕ (logic/reason) ਦੇ ਰਾਹੀਂ ਅਸੀਂ ਉਸ ਤੱਕ ਪਹੁੰਚ ਸਕਦੇ ਹਾਂ, ਪਰ ਪੂਰਨ ਰੂਪ ਵਿਚ ਉਸ ਨੂੰ ਹਾਸਲ ਨਹੀਂ ਕਰ ਸਕਦੇ। ਅਰਸਤੂ ਨੇ ਪ੍ਰਕਿਰਤੀ ਦੇ ਇਨ੍ਹਾਂ ਸਦੀਵੀ ਤੱਤਾਂ ਨੂੰ ਵਸਤੂ-ਯਥਾਰਥ ਦੀ ਕਾਲਿਕ (time) ਅਵਸਥਾ ਤੋਂ ਹੀ ਸ਼ੁਰੂ ਕੀਤਾ ਹੈ। ਉਸ ਅਨੁਸਾਰ ਸਦੀਵਤਾ ਹੁੰਦੀ ਹੀ ਨਹੀਂ। ਹਰੇਕ ਚੀਜ਼ ਦੀ ਆਪਣੀ ਅਉਧ ਹੈ ਅਤੇ ਉਹ ਉਸ ਅਉਧ ਨੂੰ ਭੋਗ ਕੇ ਖਤਮ ਹੋ ਜਾਂਦੀ ਹੈ ਤੇ ਤੱਤਾਂ ਦਾ ਰੂਪਾਂਤਰਣ ਹੋ ਜਾਂਦਾ ਹੈ।

ਪ੍ਰਕਿਰਤੀ ਦੇ ਤੱਤਾਂ ਵਿਚਲਾ ਸਦੀਵਤਾ ਦਾ ਅਹਿਸਾਸ ਤੱਤਾਂ ਦੇ ਜੋੜ-ਤੋੜ ਵਿਚ ਨਹੀਂ ਪਿਆ ਹੋਇਆ। ਜਿਵੇਂ ਕਿ ਅਜਿਹਾ ਉਹ ਉਪਰੋਕਤ ਦੋਵੇਂ ਵਿਦਵਾਨ ਮੰਨਦੇ ਹਨ। ਇਹ ਸਦੀਵਤਾ ਇਨ੍ਹਾਂ ਤੱਤਾਂ ਨਾਲ ਸੰਬੰਧ ਰੱਖਦੀ ਹੋਈ ਵੀ ਇਕ ਅਜਿਹੀ ਅਸੀਮਤਾ ਅਤੇ ਸੂਖ਼ਮਤਾ ਹੈ, ਜਿਸ ਨੂੰ ਕਾਲ-ਅਕਾਲ ਦੇ ਆਪਸੀ ਸੰਬੰਧਾਂ ਵਿਚ ਸਪੱਸ਼ਟ ਰੂਪ ਵਿਚ ਅਨੁਭਵ ਕੀਤਾ ਜਾ ਸਕਦਾ ਹੈ ਜਿਵੇਂ ਕਿ ਵੱਖ-ਵੱਖ ਸਮਾਜਾਂ ਨਾਲ ਸੰਬੰਧਿਤ ਧਰਮਾਂ ਵਿਚ ਜੀਵਨ ਅਤੇ ਮੌਤ ਦਾ ਇਕ ਸ਼ਾਸਤਰ ਹੈ। ਇਨ੍ਹਾਂ ਵਿਚ ਜੀਵਨ ਅਤੇ ਮੌਤ ਦੋਵਾਂ ਨੂੰ ਸਦੀਵੀ ਗ੍ਰਹਿਣ ਕੀਤਾ ਗਿਆ ਹੈ, ਪਰ ਮੌਤ ਦਾ ਅਨੁਭਵ ਅਨੰਤਕਾਲੀ ਹੋਣ ਦੇ ਬਾਵਜੂਦ ਵੀ ਸਥੂਲਤਾ ਅਤੇ ਜੜ੍ਹ ਪ੍ਰਕਿਰਿਆ ਨੂੰ ਪੈਦਾ ਕਰਦਾ ਹੈ। ਇਸ ਲਈ ਇਸ ਸਥੂਲਤਾ ਦੀ ਪ੍ਰਕਿਰਿਆ ਦੀ ਪਕੜ ਤੋਂ ਬਾਹਰ ਹੋ ਜਾਣਾ ਹੀ ਅਸਲ ਜੀਵਨ ਦੀ ਨਿਸ਼ਾਨੀ ਹੈ। ਗੁਰਬਾਣੀ ਵਿਚ ਇਸ ਅਨੰਤ ਸੁਤੰਤਰਤਾ ਦੇ ਇਸ ਅਹਿਸਾਸ ਨੂੰ ਅਮਲੀ ਰੂਪ ਵਿਚ ਗ੍ਰਹਿਣ ਕਰਨ ਵਾਲੇ ਮਰਜੀਵੜਾ ਕਿਹਾ ਗਿਆ ਹੈ।

ਸਾਹਿਤ ਦਾ ਸਿੱਧਾ ਸੰਬੰਧ ਮਨੁੱਖ ਨਾਲ ਹੈ। ਮਨੁੱਖ ਦਾ ਸੰਬੰਧ ਸਮਾਜ ਨਾਲ ਹੁੰਦਾ ਹੈ। ਮਨੁੱਖ ਅਤੇ ਸਮਾਜ ਦੋਵੇਂ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਕਦੇ ਮਨੁੱਖ ਤੋਂ ਸਮਾਜ ਪ੍ਰਭਾਵਿਤ ਹੁੰਦਾ ਹੈ। ਕਦੇ ਸਮਾਜ ਤੋਂ ਮਨੁੱਖ ਪ੍ਰਭਾਵਿਤ ਹੁੰਦਾ ਹੈ। ਇਸ ਤਰ੍ਹਾਂ ਇਨ੍ਹਾਂ ਦੋਵਾਂ ਦੀ ਆਪਸੀ ਪ੍ਰਕਿਰਿਆ ਇਕ ਦੂਜੇ ਉੱਪਰ ਆਧਾਰਿਤ ਹੁੰਦੀ ਹੈ। ਪਰ ਇਹ ਜ਼ਰੂਰੀ ਨਹੀਂ ਹੈ ਕਿ ਦੋਵਾਂ ਦਾ ਇਹ ਆਪਸੀ ਸੰਬੰਧ ਹਾਂ-ਮੁਖੀ ਹੀ ਹੋਵੇ। ਇਹ ਨਾ-ਮੁਖੀ ਅਤੇ ਸੁਤੰਤਰ ਇਕਾਈਆਂ ਵਾਲਾ ਵੀ ਹੋ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸਮਾਜ ਸਦਾ ਹੀ ਆਪਣੀ ਜੀਵੰਤਤਾ ਜਾਂ ਸੁਤੰਤਰ ਅਨੁਭਵ ਨੂੰ ਆਪਣੀ ਬਤਤਰ ਦੇ ਕਿਸੇ ਗੁਪਤ ਸੋਮੇ ਵਿਚ ਸੁੱਟੀ ਜਾਂਦਾ ਹੈ ਅਤੇ ਬਾਹਰਮੁਖੀ ਪ੍ਰਕਰਣਾਂ ਦੇ ਹਵਾਲੇ ਦੇ ਕੇ ਜੀਵਨ ਦੀਆਂ ਸੀਮਤ ਇਕਾਈਆਂ ਵਿਚ ਬੱਝ ਜਾਂਦਾ ਹੈ। ਸਾਹਿਤਕਾਰ ਆਪਣੀ ਸਿਰਜਣਾਤਮਕ ਚੇਤਨਾ ਨਾਲ ਉਨ੍ਹਾਂ ਗੁਪਤ ਸੋਮਿਆਂ ਦੀ ਪਛਾਣ ਕਰ ਲੈਂਦਾ ਹੈ, ਜਿਹੜੇ ਮਨੁੱਖੀ ਹੋਂਦ ਦੀ ਅਸਲ ਰੂਪ-ਰੇਖਾ ਅਤੇ ਕਾਰਜ-ਵਿਧੀ ਨੂੰ ਨੁਮਾਇਆ ਕਰਦੇ ਹਨ। ਪਰ ਸਾਹਿਤ ਦਾ ਇਹ ਕਾਰਜ ਹੋਰ ਵੀ ਕਈ ਚੇਤਨਾ ਬਿੰਦੂਆਂ ਤੋਂ ਜਾਰੀ ਰਹਿੰਦਾ ਹੈ ਜਿਵੇਂ ਮਾਰਕਸਵਾਦੀ ਚਿੰਤਨ ਪ੍ਰਕਿਰਿਆ ਵਿਚ ਸਾਹਿਤ ਸਮਾਜ ਦੀ ਬਾਹਰ-ਮੁਖੀ ਰੂਪ ਰੇਖਾ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਉਸ ਅਨੁਸਾਰ ਸਮਾਜ ਵਿਚ ਦੋ-ਧਿਰਾਂ ਹੁੰਦੀਆਂ ਹਨ। ਇਕ ਪ੍ਰੋਲੋਤਾਰੀ ਅਤੇ ਦੂਜੀ ਬੁਰਜੂਆ। ਬੁਰਜੂਆ ਧਿਰ ਕੋਲ ਸਮਾਜ ਦੀ ਸਮੁੱਚੀ ਚਾਲਕ ਸ਼ਕਤੀ ਹੈ, ਜਿਸ ਦੀ ਮਦਦ ਦੇ ਨਾਲ ਉਨ੍ਹਾਂ ਨੇ ਬਹੁਗਿਣਤੀ ਪਰ ਸ਼ਕਤੀਹੀਣ ਵਰਗ-ਪ੍ਰੋਲੋਤਾਰੀ ਨੂੰ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਹੈ। ਉਸ ਅਨੁਸਾਰ ਸਾਹਿਤ ਸਮਾਜ ਦੀ ਇਸ ਪ੍ਰਕਿਰਿਆ ਨੂੰ ਨਾਂਹ-ਮੁਖੀ ਅੰਦਾਜ਼ ਵਿਚ ਗ੍ਰਹਿਣ ਕਰਕੇ ਉਸਾਰੂ ਮਾਹੌਲ ਦੀ ਸਿਰਜਣਾ ਦਾ ਅਲੰਬਰਦਾਰ ਹੋਵੇਗਾ।

ਮਾਰਕਸਵਾਦੀ ਚਿੰਤਨ ਪ੍ਰਕਿਰਿਆ ਵਿਚ ਸਮਾਜ ਮਨੁੱਖ ਦੀ ਨਿਰੋਲ ਵਸਤੂ ਆਧਾਰਿਤ ਹੋਂਦਮਈ ਇਕਾਈ ਹੈ, ਜਿਸ ਵਿਚ ਦੋ ਹੀ ਮਨੁੱਖ ਨਜ਼ਰ ਆਉਂਦੇ ਹਨ—ਇਕ ਜੋ ਲੁੱਟ ਰਿਹਾ ਹੈ, ਦੂਜਾ ਜੋ ਲੁੱਟਿਆ ਜਾ ਰਿਹਾ ਹੈ। ਇਸ ਸਮਾਜ ਵਿਚ ਧਰਤੀ ਤੇ ਵੰਨ-ਸੁਵੰਨਤਾ ਦੇ ਰੂਪ ਅਤੇ ਅਕਾਸ਼ਾਂ ਦੀਆਂ ਉੱਚਾਈਆਂ-ਡੂੰਘਾਈਆਂ ਦੇ ਵਿਸਥਾਰ ਬਿਲਕੁਲ ਹੀ ਨਾਮਾਤਰ ਹਨ। ਇਸ ਵਿਚ ਮਨੁੱਖ ਦਾ ਮਨੁੱਖ ਨਾਲ ਦਵੰਦ ਅਤੇ ਦਵੈਤ ਵਾਲਾ ਰਿਸ਼ਤਾ ਹੈ। ਇਸ ਵਿਚ ਉਨ੍ਹਾਂ ਵਿਚਾਰਾਂ, ਅਨੁਭਵਾਂ ਅਤੇ ਅਕਾਂਖਿਆਵਾਂ ਦੀ ਹੋਂਦ ਹੀ ਨਹੀਂ ਹੈ, ਜੋ ਇਕ-ਦੂਜੇ ਦੇ ਵਿਰੋਧੀ ਹੋਣ ਦੇ ਬਾਵਜੂਦ ਵੀ ਇਕੋ ਹੀ ਦਿਸ਼ਾ ਵਿਚ ਸਫ਼ਰ ਕਰਦੇ ਹਨ, ਇਸ ਵਿਚ ਜੀਵਨ ਦੇ ਸੰਘਣੇ ਅਤੇ ਗੁਪਤ ਭੇਤਾਂ, ਤਸੱਵਰਾਂ, ਸੁਪਨਿਆਂ ਦੇ ਅਮਿਣਵੇਂ ਪਸਾਰਾਂ ਅਤੇ ਪ੍ਰਕਿਰਤੀ ਦੇ ਅਸੀਮ ਵਹਿਣਾ ਦਾ ਸਾਰ ਨਹੀਂ ਹੈ।

ਜੀਵਨ ਦੇ ਕਾਲ-ਵੰਤ ਰੂਪ ਵਿਚ  ਅਨੇਕ ਉਤਰਾਅ-ਚੜ੍ਹਾਅ ਹਨ, ਪਰ ਇਨ੍ਹਾਂ ਉਤਰਾਵਾਂ-ਚੜ੍ਹਾਵਾ ਦਾ ਪਹਿਲਾ ਅਤੇ ਆਖਰੀ ਰੂਪ ਵਸਤੂਗਤ ਅਤੇ ਗਰੀਬੀ ਨਹੀਂ। ਸਾਹਿਤ ਦੀ ਸ਼ੁੱਧ ਸੰਵੇਦਨਾ ਵਸਤੂਗਤ ਅਮਲ ਦੇ ਸਥਿਤੀਗਤ ਵਿਸਥਾਰ ਵਿਚੋਂ ਅਸੀਮ ਸੁਤੰਤਰਤਾ ਦੇ ਲੜ ਨਾਲ ਬੰਨ੍ਹਣਾ ਹੈ। ਇਸ  ਲਈ ਸਾਹਿਤ ਸਮਾਜ ਦੇ ਸ਼ੀਸ਼ੇ ਦੇ ਰੂਪ ਵਿਚ ਦ੍ਰਿਸ਼ਟ ਵਿਚ  ਅਦ੍ਰਿਸ਼ਟ ਵਸਤੂ ਵਿਚ ਅਵਸਤੂ ਅਤੇ ਕਾਲ ਵਿਚ ਅਕਾਲ ਆਦਿ ਪਸਾਰਾਂ ਨੂੰ ਅੰਗੀਕਾਰ ਕਰਦਾ ਹੋਇਆ, ਉਨ੍ਹਾਂ ਨੂੰ ਰੇਖਾਂਕਿਤ ਕਰਦਾ ਹੈ। ਸਾਹਿਤ ਦਾ ਅਮਲ ਕਿਉਂਕਿ ਮਨੁੱਖੀ ਹੋਂਦ ਦੇ ਅਨੇਕਾਂ ਧਰਾਤਲਾਂ ਨੂੰ ਇਕੱਠੇ ਹੀ ਆਪਣੇ ਆਗੋਸ਼ ਵਿਚ ਲੈ ਕੇ ਉੱਡ ਰਿਹਾ ਹੁੰਦਾ ਹੈ। ਇਸ ਲਈ ਇਹ ਸਮਾਜ ਦੀ ਬਾਹਰੀ ਤਸਵੀਰ ਹੀ ਨਹੀਂ, ਸਗੋਂ ਉਸ ਤਸਵੀਰ ਦੇ ਪਿੱਛੇ ਦੀ ਤਸਵੀਰ ਨੂੰ ਨਾਲ ਹੀ ਪੇਸ਼ ਕਰ ਰਿਹਾ ਹੁੰਦਾ ਹੈ। ਕਿਸੇ ਵੀ ਸਮਾਜਿਕ ਪ੍ਰਾਣੀ ਦੀ ਅੱਖ ਵਿਚ ਆਇਆ ਹੋਇਆ ਅੱਥਰੂ ਕੇਵਲ ਪਾਣੀ ਦਾ ਰੂਪ ਨਹੀਂ ਹੁੰਦਾ, ਉਹ ਜੀਵਨ ਅਤੇ ਮੌਤ ਦੇ ਦੋਵਾਂ ਸਿਰਿਆਂ ਨੂੰ ਚਿਹਨਿਤ ਕਰ ਰਿਹਾ ਹੁੰਦਾ ਹੈ। ਜੀਵਨ ਅਤੇ ਮੌਤ ਦੇ ਇਨ੍ਹਾਂ ਦੋਵਾਂ ਸਿਰਿਆਂ ਦਾ ਕਿਸੇ ਖ਼ਾਸ ਸਮਾਜਿਕ ਰਹਿਤਲ ਵਿਚ ਕੀ ਸਥਾਨ ਹੈ, ਦਾ ਚਿਤਰਣ ਹੀ ਸਾਹਿਤ ਦੀ ਅਸਲੀ ਪੇਸ਼ਕਾਰੀ ਹੈ। ਇਹ ਸਹੀ ਹੈ ਕਿ ਕਿਸੇ ਸਮਾਜ ਵਿਚ ਉਸ ਦੀ ਰਹਿਤਲ ਦਾ ਅਨੁਭਵ ਇਕਹਿਰਾ ਹੋ ਸਕਦਾ ਹੈ ਅਤੇ ਕਿਸੇ ਵਿਚ ਬਹੁ-ਪਰਤੀ। ਸ਼ੁਰੂ ਤੋਂ ਹੀ ਸਾਹਿਤ ਨੇ ਸਮਾਜ ਇਨ੍ਹਾਂ ਦੋਵਾਂ ਬਿੰਦੂਆਂ ਨੂੰ ਪ੍ਰਗਟ ਕੀਤਾ ਹੈ। ਹਰੇਕ ਸਮਾਜ ਜਾਂ ਸਭਿਆਚਾਰਕ ਇਕਾਈ ਵਿਚ ਇਸ ਪ੍ਰਕਿਰਿਆ ਦੀ ਇਕ ਸਾਹਿਤਕ ਲੜੀ ਬਣਾਈ ਜਾ ਸਕਦੀ ਹੈ। ਪੱਛਮੀ ਸੰਦਰਭ ਵਿਚ ਇਹ ਲੜੀ ਹੇਠ ਲਿਖੇ ਅਨੁਸਾਰ ਹੈ : (1) ਮਿੱਥ ਆਧਾਰਿਤ ਕਲਪਨਾਸ਼ੀਲ ਸਾਹਿਤ, (2) ਇਤਿਹਾਸਕ ਚੇਤਨਾ ਆਧਾਰਿਤ ਸਾਹਿਤ, (3) ਵਿਅਕਤੀਗਤ ਚੇਤਨਾ ਆਧਾਰਿਤ ਸਾਹਿਤ

(ੳ) ਪੁਨਰ ਜਾਗ੍ਰਿਤੀ ਕਾਲ ਨਾਲ ਸੰਬੰਧਿਤ ਸਾਹਿਤ, (ਅ) ਰੋਮਾਂਸਵਾਦੀ ਸਾਹਿਤ ਤੇ (ੲ) ਪ੍ਰਗਤੀਵਾਦੀ ਸਾਹਿਤ

ਪੱਛਮੀ ਸੰਦਰਭ ਵਿਚ ਵਿਚਾਰਿਆਂ ਇਸ ਦੇ ਲੰਮੇ ਇਤਿਹਾਸਕ ਕਾਲ ਵਿਚ ਬਹੁਤ ਘੱਟ ਅਜਿਹੀਆਂ ਸਾਹਿਤਕ ਰਚਨਾਵਾਂ ਹੋਈਆਂ ਹਨ, ਜਿਨ੍ਹਾਂ ਵਿਚ ਸਮਾਜ ਨੂੰ ਉਸ ਦੇ ਸਮੁੱਚੇ ਸਥਿਤੀਗਤ ਅਤੇ ਸਥਿਤੀ ਬਾਹਰੇ ਸੰਬੰਧਾਂ ਵਿਚ ਇਕੱਠਿਆਂ ਹੀ ਚਿਤਰਿਆ ਗਿਆ ਹੋਵੇ। ਕਦੀ ਹੋਮਰ ਦੇ ਮਹਾਂਕਾਵਿ, ਕਵੀ ਦਾਤੇ ਦੀ ਡਿਵਾਇਨ ਕਾਮੇਡੀ ਇਤਿਆਦ ਤੋਂ ਬਿਨਾਂ ਦੋਸਤੋਵਾਕੀ, ਚੈਖ਼ੋਵ, ਪਾਸਤਰਨਾਕ, ਵਿਕਟਰ ਹਿਊਗੋ ਆਦਿ ਦੀਆਂ ਰਚਨਾਵਾਂ ਆਪੋ-ਆਪਣੇ ਦ੍ਰਿਸ਼ਟੀਕੋਣਾਂ ਤੋਂ ਸਮਾਜ ਨੂੰ ਮਨੁੱਖ ਹੋਂਦ ਦੇ ਚਿਰਾਕਲੀ ਪਸਾਰਾਂ ਵਿਚ ਚਿਤਰਣ ਦੀ ਕੋਸ਼ਿਸ਼ ਕਰਦੇ ਹਨ। ਉਹ ਇਤਿਹਾਸ ਨੂੰ ਉਸ ਦਿਸ਼ਾ ਵੱਲ ਲਿਜਾਂਦੇ ਨਜ਼ਰ ਆਉਂਦੇ ਹਨ, ਜਿਥੇ ਇਤਿਹਾਸ ਆਪਣੇ ਇਕ-ਮਾਰਗੀ ਅਨੁਭਵ ਤੋਂ ਨਿਕਲ ਕੇ ਅਨੇਕਾਂ ਮਾਰਗਾਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਤਰ੍ਹਾਂ ਉਪਰੋਕਤ ਸਾਹਿਤਕਾਰਾਂ ਦੀਆਂ ਰਚਨਾਵਾਂ ਵਿਚ ਸਮਾਜ ਇਕਹਿਰੀ ਵੀ ਥਾਂ ਬਹੁ-ਪਰਤੀ ਸੰਵੇਦਨਾ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਨ੍ਹਾਂ ਸਾਹਿਤਕਾਰਾਂ ਦੀਆਂ ਰਚਨਾਵਾਂ ਵਿਚ ਸਮਾਜ ਕੇਵਲ ਲੋਕਾਂ ਦਾ ਸਮੂਹ ਮਾਤਰ ਨਹੀਂ ਹੈ, ਸਗੋਂ ਉਹ ਇਕ ਅਜਿਹੀ ਹੋਂਦ ਹੈ, ਜਿਸ ਦੇ ਸਥਿਤੀਗਤ ਅਤੇ ਸਥਿਤੀ ਬਾਹਰੇ ਦੋਵੇਂ ਪਾਸਾਰ ਹਨ।

ਸ਼ੁੱਧ ਸਾਹਿਤ ਸੰਵੇਦਨਾ ਸਮਾਜ ਦੇ ਬਾਹਰੀ ਰੂਪ ਦੀ ਘੱਟ, ਪਰ ਉਸ ਦੇ ਅੰਤਰੀਵੀ ਤਾਲਾਂ ਨੂੰ ਵੱਧ ਉਜਾਗਰ ਕਰਨ ਦੀ ਕੋਸ਼ਿਸ਼ ਕਰਦੀ ਹੈ। ਸ਼ੁੱਧ ਸਾਹਿਤ ਸੰਵੇਦਨਾ ਦੇ ਨੁਕਤੇ ਤੋਂ ਸਾਹਿਤ ਦੀ ਵੰਡ ਨੂੰ ਪਹਿਲਾਂ ਹੀ ਦੋ ਪ੍ਰਕਾਰਾਂ ਵਿਚ ਵੰਡਿਆ ਹੋਇਆ ਹੈ। ਇਹ ਵੰਡ ਹੇਠ ਲਿਖੇ ਅਨੁਸਾਰ ਹੈ : (ੳ) ਵਿਸ਼ਿਸ਼ਟ ਸਾਹਿਤ, (ਅ) ਲੋਕ ਸਾਹਿਤ

ਇਥੇ ਅਸੀਂ ਇਨ੍ਹਾਂ ਦੋਵਾਂ ਸਾਹਿਤ ਰੂਪਾਂ ਦੀ ਪਰਿਭਾਸ਼ਤ ਪ੍ਰਕਿਰਿਆ ਵਿਚ ਨਾ ਪੈਂਦੇ ਹੋਏ, ਇਨਾਂ ਹੀ ਕਹਿੰਦੇ ਹਾਂ ਕਿ ਵਿਸ਼ਿਸ਼ਟ ਸਾਹਿਤ ਸਮਾਜ ਦੇ ਬਾਹਰਮੁਖੀ ਪਾਸਾਰਾਂ ਅਤੇ ਲੋਕ ਸਾਹਿਤ ਸਮਾਜ ਦੇ ਅੰਤਰੀਵ ਵਹਿਣਾਂ ਦੀ ਪ੍ਰਤੀਨਿਧਤਾ ਕਰਦਾ ਹੈ। ਜੇਕਰ ਅਧਿਐਨ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਵਿਸ਼ਿਸ਼ਟ ਸਾਹਿਤ ਵਿਚ ਵੀ ਉਹੀ ਰਚਨਾ ਜਾਂ ਕ੍ਰਿਤ ਚਿਰਕਾਲੀ ਅਰਥਾਂ ਦੀ ਧਾਰਨੀ ਬਣੀ ਹੈ, ਜਿਸ ਨੇ ਆਪਣੀ ਤਾਸੀਰ ਵਿਚ ਲੋਕ-ਸਾਹਿਤ ਦੀ ਸੰਵੇਦਨਾ ਨੂੰ ਸਮਾਇਆ ਹੋਇਆ ਹੈ। ਚੈਖ਼ੋਵ ਦੀਆਂ ਕਹਾਣੀਆਂ, ਦੋਸਤੋਵਸਕੀ ਦੇ ਨਾਵਲਾਂ, ਰਾਬਿੰਦਰ ਨਾਥ ਟੈਗੋਰ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ ਕਵਿਤਾ ਵਿਚ ਇਸ ਅਮਲ ਦੀ ਸ਼ਾਹਦੀ ਭਰੀ ਜਾ ਸਕਦੀ ਹੈ।

ਲੋਕ ਸਾਹਿਤ ਵਿਚ ਸਮਾਜ ਦੀ ਤਸਵੀਰ ਉਸ ਦੀ ਭਾਵ-ਦਸ਼ਾ ਦੇ ਦੂਰ-ਰਸਾਂ ਵਿਚ ਵਿਗਸ ਰਹੀ ਹੁੰਦੀ ਹੈ। ਲੋਕ ਸਾਹਿਤ ਵਿਚ ਸਥਿਤੀਗਤ ਅਮਲ ਵਸਤੂ ਤੋਂ ਅਵਸਤੂ ਦੇ ਸੰਬੰਧਾਂ ਨਾਲ ਜੁੜਿਆ ਹੁੰਦਾ ਹੈ। ਸਮਾਜ ਦਾ ਹਰ ਬਾਸ਼ਿੰਦਾ ਭਾਵੇਂ ਰਾਜਾ ਨਹੀਂ ਹੁੰਦਾ, ਪਰ ਲੋਕ ਸਾਹਿਤ ਵਿਚ ਹਰ ਧੀ ਦਾ ਬਾਬਲ ਰਾਜਾ ਹੁੰਦਾ ਹੈ। ਲੋਕ ਸਾਹਿਤ ਵਿਚ ਸੰਵੇਦਨਾ ਦਾ ਇਹ ਵਿਸਥਾਰ ਉਸ ਦੇ ਹਰ ਰਗੋ-ਰੇਸ਼ੇ ਵਿਚ ਰਮਿਆ ਹੁੰਦਾ ਹੈ। ਲੋਕ ਸਾਹਿਤ ਵਿਚਲੀ ਸੰਵੇਦਨਾ ਜੀਵਨ ਨੂੰ ਛੋਟੇ ਘੇਰਿਆਂ ਵਿਚ ਤਸੱਵਰ ਨਹੀਂ ਕਰਦੀ ਅਤੇ ਨਾ ਹੀ ਇਸ ਤਰ੍ਹਾਂ ਮੰਨ ਕੇ ਚੱਲਦੀ ਹੈ। ਲੋਕ ਸਾਹਿਤ ਵਿਚ ਹੋਂਦ ਦਾ ਇਕ ਸੁਤੰਤਰ ਅਤੇ ਵਿਸ਼ਾਲ ਪਰਿਪੇਖ ਹੈ, ਜਿਸ ਵਿਚ ਕਦੇ ਸਮਾਜ ਦਾ ਚਿਹਰਾ ਓਨਾ ਹੀ ਸੁੰਦਰ ਅਤੇ ਸਪੱਸ਼ਟ ਦਿਖਾਈ ਦਿੰਦਾ ਹੈ, ਜਿੰਨਾ ਉਸ ਵਿਸ਼ੇਸ਼ ਸਮਾਜ ਦਾ ਅਮਲੀ ਵਰਤਾਰਾ ਹੁੰਦਾ ਹੈ।

ਸਾਹਿਤ ਵਿਚ ਸਮਕਾਲ ਦਾ ਚਿਤਰਣ ਉਸ ਦੇ ਰੂਪਗਤ ਪਾਸਾਰਾਂ ਦਾ ਅਨੁਯਾਈ ਹੈ। ਇਸ ਰੂਪਗਤ ਪਾਸਾਰਾਂ ਵਿਸ਼ੇਸ਼ ਸਮਾਜ ਦੇ ਨਕਸ ਉਘਾੜਨ ਦਾ ਯਤਨ ਕਰਦੇ ਹਨ। ਇਸ ਦਿਸ਼ਾ ਵਿਚ ਸਾਹਿਤ ਯਥਾਰਥਵਾਦੀ, ਪ੍ਰਗਤੀਵਾਦੀ, ਰੋਮਾਂਸਵਾਦੀ ਅਤੇ ਹੋਰ ਵਿਗਿਆਨਕ ਪ੍ਰਕਿਰਿਆਵਾਂ ਨਾਲ ਸੰਬੰਧਿਤ ਹੁੰਦਾ ਹੈ। ਸਾਹਿਤ ਦੇ ਇਸ ਰੂਪ ਵਿਚ ਵਿਅਕਤੀ ਸਮਾਜ ਦੇ ਇਕ ਨੁਮਾਇੰਦੇ ਵਜੋਂ ਹਾਜ਼ਰ ਹੋ ਕੇ ਚੱਲਦਾ ਹੈ। ਉਸ ਦੀ ਇਹ ਨੁਮਾਇੰਦੀ ਆਪਣੀ ਹੋਂਦ ਵਿਚ ਸਮਾਜ ਦੀ ਹੋਂਦ ਨਾਲ ਜੁੜਨ ਦੇ ਅਮਲ ਵਿਚੋਂ ਗੁਜ਼ਰਦੀ ਹੈ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਵਿਅਕਤੀ ਦੀ ਚੇਤਨਾ ਆਪਣੇ ਅਮਲ ਦੇ ਪੂਰਨ ਮਾਰਗ ਉੱਪਰ ਨਹੀਂ ਚੱਲਦੀ ਅਤੇ ਉਹ ਅੱਧਵਾਟੇ ਹੀ ਰਹਿ ਜਾਂਦੀ ਹੈ। ਇਸ ਦਾ ਅਰਥ ਇਹ ਹੈ ਕਿ ਵਿਅਕਤੀ ਵਿਸ਼ੇਸ਼ (ਸਾਹਿਤਕਾਰ) ਸਮਾਜ ਨੂੰ ਆਪਣੇ ਨਾਲ ਉਸ ਦੇ ਸਮੁੱਚੇ ਰੂਪ ਵਿਚ ਨਹੀਂ ਤੋਰ ਸਕਦਾ। ਉਹ ਉਸ ਦੇ ਉਨ੍ਹਾਂ ਹਿੱਸਿਆਂ ਤੱਕ ਹੀ ਸੰਬੰਧ ਰੱਖਦਾ ਹੈ, ਜਿੰਨਾਂ ਦਾ ਸਰੋਕਾਰ ਉਸ ਦੀ ਨਿੱਜੀ ਹੋਂਦ ਨਾਲ ਹੈ। ਇਸ ਨਾਲ ਉਹ ਸਮਾਜ ਨੂੰ ਨਕਾਰਨ ਦੇ ਰਾਹ ਵੀ ਤੁਰ ਪੈਂਦਾ ਹੈ।

## ਤੱਤੀ ਵਾ, ਠੰਡੀ ਵਾ

ਦਿੱਲੀ ਸਰਕਾਰ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ 'ਪੰਜਾਬੀ ਚੇਅਰ' ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਖੋਜ ਕਾਰਜਾਂ ਨੂੰ ਨਵਾਂ ਹੁੰਗਾਰਾ ਮਿਲੇਗਾ। ਚਿਰ ਨਾਲ ਹੀ ਸਹੀ, ਅਦਾਰਾ 23 ਮਾਰਚ ਦੀਆਂ ਮੋਮਬੱਤੀਆਂ ਦੀ ਲੋਅ ਦਾ ਲਿਸ਼ਕਾਰਾ ਨਜ਼ਰ ਆਇਆ ਹੈ ?

ਆਰ.ਐੱਸ.ਐੱਸ. ਨਾਲ ਜੁੜੀ ਇਕ ਸੰਸਥਾ ਦੇ ਪ੍ਰਧਾਨ ਵਿਜੈ ਭਟਕਰ ਨੂੰ ਨਲੰਦਾ ਵਿਸ਼ਵਵਿਦਿਆਲੇ ਦਾ ਨਵਾਂ ਚਾਂਸਲਰ ਨਿਯੁਕਤ ਕੀਤਾ ਗਿਆ ਹੈ। ਵਿਦਿਅਕ ਅਦਾਰਿਆਂ ਦੇ ਭਗਵਾਕਰਨ ਵਲ ਮੌਜੂਦਾ ਸਰਕਾਰ ਦਾ ਇਕ ਹੋਰ ਕਦਮ। ਵਿਜੈ ਭਟਕਰ 'ਸਵਦੇਸ਼ੀ ਸਾਇੰਸ' ਦੇ ਪੈਰੋਕਾਰ ਹਨ। ਇਸ ਤੋਂ ਇਲਾਵਾ ਪਹਿਲਾਂ ਵਾਲੇ ਚਾਂਸਲਰ ਜਾਰਜ ਯੀਓ ਨੇ ਪਹਿਲੇ ਗਵਰਨਿੰਗ ਬੋਰਡ ਤੋਂ ਅਮ੍ਰਤਯਾ ਸੇਨ ਨੂੰ ਤੇ ਵਾਈਸ ਚਾਂਸਲਰ ਗੋਪਾ ਸਭਰਵਾਲ ਨੂੰ ਬਰਖ਼ਾਸਤ ਕਰਨ 'ਤੇ ਰੋਸ ਵਜੋਂ ਅਸਤੀਫ਼ਾ ਦੇ ਦਿੱਤਾ ਸੀ।

---

ਇਸ ਅਵਸਥਾ ਵਿਚ ਉਸ ਦੀ ਚੇਤਨਾ ਵਿਚਲਾ ਸਮਾਜ ਜਾਂ ਤਾਂ ਬਹੁ-ਵਿਸ਼ਾਲਤਾ ਦਾ ਧਾਰਨੀ ਹੁੰਦਾ ਹੈ, ਜਾਂ ਫਿਰ ਅੱਤ-ਨਿੱਜੀ ਅਹਿਸਾਸ ਨਾਲ ਸੰਬੰਧਿਤ ਹੁੰਦਾ ਹੈ। ਅੱਤ-ਨਿੱਜੀ ਅਹਿਸਾਸ ਵਿਚ ਉਹ ਆਪਣੀ ਹੋਂਦ ਨੂੰ ਇਸ ਕਦਰ ਵਿਸਥਾਰ ਪ੍ਰਦਾਨ ਕਰ ਦਿੰਦਾ ਹੈ ਕਿ ਉਹ ਉਸ ਨੂੰ ਸਮਾਜ ਦਾ ਰੂਪ ਮੰਨਦਾ ਹੋਇਆ, ਸਮਾਜ ਦੇ ਅਸਲ ਰੂਪ ਤੋਂ ਦੂਰ ਹੋ ਜਾਂਦਾ ਹੈ। ਉਸ ਦੇ ਆਲੇ-ਦੁਆਲੇ ਇਕ ਵਿਸ਼ੇਸ਼ ਤਰ੍ਹਾਂ ਦਾ ਸੁੰਨ ਪੈਦਾ ਹੋ ਜਾਂਦਾ ਹੈ। ਕਈ ਵਾਰ ਉਹ ਇਸ ਨੂੰ ਭਟਕਣ ਦਾ ਨਾਮ ਦਿੰਦਾ ਹੈ। ਕਈ ਵਾਰ ਇਸ ਨੂੰ ਇਕੱਲਤਾ ਦਾ ਅਨੁਭਵ ਕਹਿੰਦਾ ਹੈ ਅਤੇ ਕਈ ਵਾਰ ਉਹ ਇਸ ਨੂੰ ਤਿਆਗ ਦੀ ਭਾਵਨਾ ਨਾਲ ਜੋੜਦਾ ਲੱਗਦਾ ਹੈ। ਇਨ੍ਹਾਂ ਤਿੰਨਾਂ ਰੂਪਾਂ ਵਿਚ ਉਹ (ਸਾਹਿਤਕਾਰ) ਸਮਾਜ ਨੂੰ ਅੱਖੋਂ ਪਰੋਖੇ ਹੀ ਰੱਖਦਾ ਹੈ। ਇਕ ਤਰ੍ਹਾਂ ਉਹ ਸਮਕਾਲ ਦੇ ਉਸ ਬਿੰਦੂ ਉੱਪਰ ਖੜ੍ਹਾ ਹੁੰਦਾ ਹੈ, ਜਿਥੇ ਭੂਤ ਅਤੇ ਭਵਿੱਖ ਦੀ ਕੋਈ ਅਨੁਪਾਤਕ ਹਾਜ਼ਰੀ ਨਹੀਂ ਹੈ। ਉਹ ਭੂਤ ਨੂੰ ਬੀਤਿਆ ਹੋਇਆ ਕਹਿ ਕੇ ਛੁਟਿਆਉਂਦਾ ਹੈ ਅਤੇ ਭਵਿੱਖ ਨੂੰ ਨਾ-ਹੋਇਆ ਕਹਿ ਕੇ ਰੱਦ ਕਰ ਦਿੰਦਾ ਹੈ। ਸਮਕਾਲ ਵਿਚ ਵੀ ਉਹ ਆਪਣੇ ਆਲੇ-ਦੁਆਲੇ ਤੋਂ ਬੇਮੁਖ ਹੋਇਆ ਆਪਣੀ ਹੋਂਦ ਨੂੰ ਬੇਅਰਥ ਕਲਪਨਾਵਾਂ ਨਾਲ ਗਠਜੋੜ ਕਰਦਾ ਰਹਿੰਦਾ ਹੈ। ਸਾਹਿਤ ਦਾ ਇਹ ਰੂਪ ਭਾਵਾ ਦੇ ਮੰਡਲਾਂ ਉੱਪਰ ਉਸਰਿਆ ਹੁੰਦਾ ਹੈ, ਪਰ ਇਨ੍ਹਾਂ ਭਾਵਾਂ ਕੋਲ ਨਾ ਤਾਂ ਧਰਤੀ ਦੀ ਸਾਰਥਿਕ ਆਧਾਰਸ਼ਿਲਾ ਹੈ ਅਤੇ ਨਾ ਹੀ ਰੰਗਲਾ ਅਸਮਾਨੀ ਸ਼ਾਮਿਆਨਾ ਹੈ। ਉਸ ਦੇ ਇਹ ਭਾਵ ਉਸ ਦੀ ਹੋਂਦ ਨੂੰ ਨਿਰਾਧਾਰ ਸੁਪਨਮਈ ਧਰਾਤਲਾਂ ਵਿਚੋਂ ਪੈਦਾ ਹੁੰਦੇ ਹਨ ਅਤੇ ਇਸ ਵਿਚ ਹੀ ਖਤਮ ਹੋਈ ਜਾਂਦੇ ਹਨ।

ਇਸ ਦਿਸ਼ਾ ਵਿਚ ਸਾਹਿਤਕਾਰ ਦੀ ਚੇਤਨਾ ਜਿਨ੍ਹਾਂ ਆਕਾਸ਼ਾਂ ਵਿਚ ਉਡਾਰੀਆਂ ਮਾਰਦੀ ਹੈ, ਉਸ ਵਿਚ ਬੋਲੀ ਦੀ ਰਸਿਕਤਾ, ਭਾਵਾਂ ਦੀ ਤੀਬਰਤਾ, ਬਿੰਬਾਂ ਅਤੇ ਦ੍ਰਿਸ਼ਾਂ ਦੀ ਇਕ ਦਿਲਕਸ਼ ਇਮਾਰਤ ਜ਼ਰੂਰ ਉਸਰਦੀ ਹੈ, ਪਰ ਉਸ ਦੀ ਅਸਲੀਅਤ ਜਿੰਨੀ ਸਮਾਜ ਤੋਂ ਦੂਰ ਹੁੰਦੀ ਹੈ, ਉਨ੍ਹੀਂ ਹੀ ਉਹ ਮਨੁਖੀ ਹੋਂਦ ਦੀ ਸਗਲੀ ਸਾਬਤ-ਸੂਰਤ ਤੋਂ ਵੀ ਵਿਰਵੀ ਹੁੰਦੀ ਹੈ।

ਸਾਹਿਤਕਾਰ ਸਮਾਜ ਨੂੰ ਦੋ ਢੰਗ ਤਰੀਕਿਆਂ ਨਾਲ ਪੇਸ਼ ਕਰਦਾ ਹੈ। ਇਕ ਉਹ ਸਮਾਜ ਨੂੰ ਉਸ ਦੇ ਸੰਰਚਨਾਤਮਕ ਇਕਾਈ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ ਅਤੇ ਦੂਜਾ ਉਹ ਕਿਸੇ ਪਾਰਾਗਾਮੀ ਆਦਰਸ਼ ਵਿਚੋਂ ਸਮਾਜ ਨਾਲ ਸੰਬੰਧ ਸਥਾਪਿਤ ਕਰਦਾ ਹੈ।

ਉਸ ਦਾ ਸਮਾਜ ਦੇ ਇਸ ਰਚਨਾਤਮਕ ਰੂਪ ਨਾਲ ਸੰਬੰਧਾਂ ਤੋਂ ਭਾਵ ਹੈ ਕਿ ਸਮਾਜ ਦੀ ਰੂਪਰੇਖਾ ਨੂੰ ਉਸ ਦੇ ਇਤਿਹਾਸਕ ਪ੍ਰਕਰਣਾਂ ਦੇ ਜੋੜ-ਤੋੜ ਵੇਖਣਾ ਹੈ। ਇਸ ਸਥਿਤੀ ਵਿਚ ਸਾਹਿਤਕਾਰ ਇਕ ਚੇਤੰਨ-ਚੇਤਨਾ ਦਾ ਰੂਪ ਬਣ ਜਾਂਦਾ ਹੈ। ਇਹਿਹਾਸਕ ਪ੍ਰਕਰਣਾਂ ਵਿਚ ਸਮਾਜ ਵਿਕਾਸ ਦੀ ਪ੍ਰਕਿਰਿਆ ਵਿਚ ਗੁਜ਼ਰ ਰਿਹਾ ਹੈ। ਜਿਵੇਂ ਸਮਾਂ ਬੀਤਦਾ ਜਾਂਦ ਹੈ, ਕਾਲ ਦੇ ਪੜਾਅ ਬਦਲਦੇ ਜਾਂਦੇ ਹਨ, ਤਿਵੇਂ-ਤਿਵੇਂ ਸਮਾਜ ਦਾ ਰੂਪ ਬਦਲਦਾ ਜਾਂਦਾ ਹੈ। ਇਸ ਸਥਿਤੀ ਵਿਚ ਮੁੱਢਲੀ ਤਰਾਸਦੀ ਰੂਪ ਬਦਲ ਕੇ ਉਵੇਂ ਦੀ ਉਵੇਂ ਰਹਿੰਦੀ ਹੈ। ਇਸ ਲਈ ਅੱਗੋਂ ਚੇਤਨਾ ਦੀ ਸਿਖ਼ਰ ਉੱਤੇ ਇਹ ਤਰਾਸਦੀ ਖਤਮ ਹੋ ਜਾਵੇਗੀ ਅਤੇ ਸਮਾਜ ਦੀ ਸੰਰਚਨਾ ਸਾਵੀਂ ਅਤੇ ਪੱਧਰੀ ਬਣਤਰ ਵਾਲੀ ਹੋ ਸਕਦੀ ਹੈ। ਸਮਾਜ ਦਾ ਜੋ ਚਿੱਤਰ ਸਾਹਿਤ ਦੀ ਅਜਿਹੀ ਸੰਵੇਦਨਾ ਵਿਚੋਂ ਪੈਦਾ ਹੁੰਦਾ ਹੈ, ਉਹ ਇਕ ਗੰਭੀਰ ਆਸਾ ਨਾਲ ਭਰੂਪਰ ਹੋਣ ਦੇ ਬਾਵਜੂਦ ਦੀ ਪੂਰਨਤਾ ਦੇ ਅਰਥਾਂ ਵਿਚ ਨਹੀਂ ਸਮਾਉਂਦਾ, ਇਸ ਸਥਿਤੀ ਵਿਚ ਸਮਾਜ ਉਸ ਲਈ ਇਕ ਮਕੈਨਕੀ ਕਿਰਿਆ ਤੋਂ ਵੱਧ ਕੁਝ ਨਹੀਂ ਹੈ। ਇਸ ਵਿਚ ਚੇਤਨਾ ਤੇ ਗਤੀਸ਼ੀਲ ਅਤੇ ਸੂਖ਼ਮ ਵਰਤਾਰੇ ਦੀ ਘਾਟ ਹੈ। ਇਸ ਸਾਹਿਤ-ਰੂਪ ਵਿਚ ਸਮਾਜ ਸਿਰਜਣਾਤਮਕ ਅਮਲ ਵਿਚ ਨਹੀਂ, ਸਗੋਂ ਇਕ ਚੇਤੰਨ ਇਕਾਈ ਦੇ ਰੂਪ ਵਿਚ ਆ ਰਿਹਾ ਹੈ। ਇਹ ਚੇਤੰਨ ਇਕਾਈ ਹੀ ਇਸ ਸਾਹਿਤ ਦੀ ਦਾਰੋਮਦਾਰ ਹੈ। ਇਸ ਵਿਚ ਵਿਅਕਤੀਗਤ ਸੰਵੇਦਨਾ ਸਮੂਹ ਸਮਾਜ ਨੂੰ ਆਪਣੇ ਨਾਲ ਲੈ ਕੇ ਤਾਂ ਚੱਲਦੀ ਹੈ ਅਤੇ ਸਮਾਜ ਦੀ ਪਛਾਣ 'ਚੋਂ ਹੀ ਆਪਣੀ ਪਛਾਣ ਦੀ ਰਾਹ ਹੀ ਤਲਾਸ਼ ਕਰਦੀ ਹੈ, ਕਿਉਂਕਿ ਇਸ ਵਿਚ ਵਿਅਕਤੀਗਤ-ਚੇਤਨਾ ਇਕਾਈ ਸਮਾਜ ਦੀ ਚੇਤਨਾ ਇਕਾਈ ਨਾਲ ਸੰਬੰਧ ਸਾਜਦੀ ਹੈ। ਇਸ ਲਈ ਇਸ ਦੀ ਦੂਰਰਸੀ ਵਿਸ਼ਾਲਤਾ ਵੀ ਕਿਸੇ ਰੂਪ ਵਿਚ ਉਜਾਗਰ ਨਹੀਂ ਹੁੰਦੀ। ਜਦੋਂ ਇਕ ਵਿਅਕਤੀ ਦੀ ਨਿੱਜੀ-ਚੇਤਨਾ ਸਮੂਰਕਤਾ ਦੀ ਚੇਤਨਾ ਨਾਲ ਮੇਲ ਸਥਾਪਿਤ ਕਰਦੀ ਹੈ ਤਾਂ ਉਥੇ ਕੁਝ ਵੀ ਨਵਾਂ ਪ੍ਰਗਟ ਨਹੀਂ ਹੁੰਦਾ। ਇਹ ਇਕ ਦਾ ਆਪਣੇ ਇਕਹਿਰੇ ਰੂਪ ਵਿਚ ਸਮੂਰਕਤਾ ਦੇ ਇਕਹਿਰੇ ਰੂਪ ਵਿਚ ਸ਼ਾਮਿਲ ਹੋਣ ਤੱਕ ਦਾ ਵੀ ਵਰਤਾਰਾ ਹੈ, ਜਿਹੜਾ ਕਿ ਅਮਲੀ ਰੂਪ ਵਿਚ ਆਪਣੇ ਸਵੈ ਦਾ ਹੀ ਨਿੱਕਾ-ਵੱਡਾ ਰੂਪ ਹੈ। ਇਸ ਵਿਚ ਫ਼ਰਕ ਇਹ ਹੈ ਕਿ ਇਥੇ ਨਿੱਜਤਾ ਸਮੂਹਕਤਾ ਵਿਚ ਘੁਲ ਕੇ ਪੇਸ਼ ਹੋ ਰਹੀ ਹੈ। ਸਮੂਹਕਤਾ ਆਪਣੇ ਅਰਥਗਤ ਅਤੇ ਅਨੁਭਵੀ ਰੂਪ ਵਿਚ ਨਿੱਜੀ ਚੇਤਨਾ ਹੀ ਫੈਲਿਆ ਹੋਇਆ ਰੂਪ ਹੁੰਦਾ ਹੈ।

ਇਸ ਤਰ੍ਹਾਂ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਇਕ ਪਾਸੇ ਸਾਹਿਤ ਸਮਾਜ ਦੀ ਸਿੱਧੀ ਤਸਵੀਰਕਸ਼ੀ ਕਰਦਾ ਹੈ, ਦੂਜੇ ਪਾਸੇ ਉਹ ਸਮਾਜ ਦੇ ਸੂਹਜ ਅਤੇ ਦੂਰ-ਰਸ਼ੀ ਅਰਥਾਂ ਨੂੰ ਵੀ ਪ੍ਰਗਟ ਕਰਦਾ ਹੈ। ਸਾਹਿਤ ਅਤੇ ਸਮਾਜ ਜਦੋਂ ਆਪਣੇ ਸ਼ੁੱਧ ਰੂਪ ਵਿਚ ਇਕ ਦੂਜੇ ਨੂੰ ਆਤਮ-ਸਾਤ ਕਰਦੇ ਹਨ ਤਾਂ ਜਿਥੇ ਸਾਹਿਤ ਚਿਰਕਾਲੀ ਅਰਥਾਂ ਦਾ ਧਾਰਨੀ ਹੋ ਜਾਂਦਾ ਹੈ, ਉਥੇ ਸਮਾਜ ਵੀ ਜੀਵਨ ਦੇ ਸੁੱਚੇ ਤੇ ਸੁਤੰਤਰ ਆਦਰਸਾਂ ਨਾਲ ਜੁੜਦਾ ਹੈ।

ਅਮਰਜੀਤ ਚੰਦਨ, ਸੁਰਜੀਤ ਪਾਤਰ, ਨਵਤੇਜ ਭਾਰਤੀ
ਮਦਨ ਗੋਪਾਲ ਸਿੰਘ ਤੇ ਮ੍ਰਿਤਯੂੰਜਯ ਅਵਸਥੀ

# ਫ਼ਰਤੂਲ ਚੰਦ ਫੱਕਰ



ਸਟੇਜੀ ਸ਼ਾਇਰੀ ਦੀ ਆਕਾਸ਼ ਗੰਗਾ: ਖੱਬਿਓਂ: ਸ. ਸ. ਮੀਸ਼ਾ, ਸੁਰਜੀਤ ਰਾਮਪੁਰੀ, ?, ਹਜ਼ਾਰਾ ਸਿੰਘ ਮੁਸ਼ਤਾਕ, ਸੂਬਾ ਸਿੰਘ, ?, ਮੋਹਨ ਸਿੰਘ, ਫ਼ਰਤੂਲ ਚੰਦ ਫੱਕਰ, ?, ਤਖ਼ਤ ਸਿੰਘ, ਰਣਧੀਰ ਸਿੰਘ ਚੰਦ, ਦਰਸ਼ਨ ਸਿੰਘ ਅਵਾਰਾ

## ਕਲਾਮ ਅਮਰਜੀਤ ਚੰਦਨ:

ਜੁਲਾਈ 2015 ਵਿਚ ਸੁਰਜੀਤ ਪਾਤਰ ਨੇ ਮੈਨੂੰ ਮੋਹਨ ਸਿੰਘ ਦੀਆਂ ਕੁਝ ਫ਼ੋਟੋਆਂ ਘੱਲੀਆਂ। ਇਨ੍ਹਾਂ ਚ ਇਕ ਤਸਵੀਰ ਕਿਸੇ ਮੁਸ਼ਾਇਰੇ ਦੀ ਸੀ। ਕੁਝ ਕਵੀ ਸਿਆਣ ਚ ਨਾ ਆਏ। ਪਾਤਰ ਨੇ ਲਿਖਿਆ: "ਬਾਜਵਾ ਕਹਿੰਦਾ ਕਵੀ ਦਰਬਾਰ ਵਾਲੀ ਫ਼ੋਟੋ ਜਲੰਧਰ ਦੀ ਹੈ। ਸੰਨ 72, 73 ਦੀ। ਮੋਹਨ ਸਿੰਘ ਪਿਛਾੜੀ ਕਵੀ ਫ਼ਰਤੂਲ ਚੰਦ ਫੱਕਰ ਹੈ। ਹੁਣ ਉਸ ਦੀ ਉਮਰ 84-85 ਸਾਲਾਂ ਦੀ ਹੈ। ਨਾਂ ਦਾ ਮਤਲਬ ਫ਼ਰਤੂਲ ਹੋਰਾਂ ਕੋਲੋਂ ਹੀ ਪੁੱਛਣਾ ਪਊ। ਮੈਂ ਕਿਸੇ ਦੇ ਜ਼ਿਮੇ ਲਾਇਆ। ਫ਼ਾਰਸੀ ਸ਼ਬਦਕੋਸ਼ ਵਿਚ ਤਾਂ ਫ਼ਰਤੂਤ ਹੈ, ਜਿਹਦਾ ਮਤਲਬ: ਬਹੁਤ ਬੁੱਢਾ।"

ਮੈਂ ਪਾਤਰ ਨੂੰ ਲਿਖਿਆ: "ਫ਼ਰੀਦੁਲ=ਅ਼ਰਬੀ=ਇਕੱਲਾ, ਅਨੁਪਮ, ਬੇਮਿਸਾਲ। ਜਵਾਨ ਨੇ ਆਪ ਜਾਂ ਯਾਰਾਂ ਨੇ ਜਾਂ 'ਲੋਕਾਂ' ਨੇ ਫ਼ਰੀਦੁਲ ਤੋਂ ਫਰਤੂਲ ਬਣਾ ਦਿੱਤਾ ਹੋਣਾ।

ਫਰਤੂਲ ਜੀ ਫਰਤੂਲ ਜੀ ਮੇਰੇ ਦਿਲ ਚ ਪੈਂਦਾ ਸੂਲ਼ ਜੀ
ਮੇਰੀ ਜੀਵਨ ਮੰਜੀ ਦੀ ਕਿਉਂ ਰਹਿੰਦੀ ਢਿੱਲੀ ਚੂਲ਼ ਜੀ॥

ਇਸਨੂੰ ਅੱਗੇ ਵਧਾਓ ਕਵੀਸ਼ਰ ਜੀਓ।''

ਫ਼ਰਤੂਲ ਇੱਲਤੀ ਸ਼ਬਦ ਲੱਗਾ। ਅੰਗਰੇਜ਼ੀ ਵਾਲ਼ਾ 'ਫੱਕਰ' ਵਾਧੂ। ਕੁਤਕੁਤਾਰੀਆਂ ਕੱਢਣੋਂ ਨਾ ਸੀ ਹਟਦਾ।

ਮੈਂ ਸਾਧ ਪੁਰਖ ਮਨੂ ਉਰਫ਼ ਮ੍ਰਿਤਯੂੰਜਯ ਅਵਸਥੀ ਦਾ ਤਰਲਾ ਕੀਤਾ: ''ਇਹ 'ਫੱਕਰ' ਮੈਨੂੰ ਤੰਗ ਕਰੀ ਜਾਂਦਾ। ਇਹਨੂੰ ਅੱਗੋ ਤੋਰ।''

ਸਤ ਜਨਮਾਂ ਦੇ ਫੱਕਰ ਨੂੰ ਇਸ ਜੱਗ ਦੇ ਮੇਲੇ ਦੇ ਅੰਦਰ
ਦਿਲ ਵੱਟੇ ਦਿਲ ਨਹੀਂ ਮਿਲਿਆ, ਕੀ ਹੋ ਗੀ ਸਾਤੋਂ ਭੂਲ ਜੀ?
ਤੁਸੀਂ ਕ਼ਤਲ ਵੀ ਕਰਦੇ ਓ, ਥੋਨੂੰ ਕੋਈ ਨਾ ਪੁੱਛਦਾ ਜੀ।
ਅਸੀਂ ਹਉਕਾ ਭਰੀਏ ਤਾਂ ਛਿੱਤਰ ਪੈਂਦੇ ਆ, ਇਹ ਕਿੱਥੋਂ ਦਾ ਹੈ ਰੂਲ ਜੀ?
ਖੁੱਲ੍ਹੇ ਦਰਸ਼ਨ ਦੇਵਣ ਦੀ ਅਸਾਂ ਨਿਤ ਅਰਜ ਗੁਜਾਰੀ ਹੈ।
ਫੁੱਲ ਖਿੜ ਪੈਂਦੇ ਆ ਜਦ ਆਪ ਉਚੱਰਦੇ ਓ: ਯੂ ਬਲੱਡੀ ਫੂਲ ਜੀ।
ਜੋ ਫ਼ਰਤੂਲ ਚੰਦ ਫੱਕਰ ਹੈ, ਓਹ ਸਰਦੂਲ ਸਕੰਦਰ ਹੈ।
ਇਨਕੀ ਮਹਮਾ ਬਰਨ ਨਾ ਸਾਕੋ, ਸੰਗਤ ਬੜੀਓ ਕੂਲ ਜੀ॥

***

## ਮਨੂ ਲਿਖ ਭੇਜਿਆ:

ਫਰਤੂਲ ਜੀ ਫਰਤੂਲ ਜੀ, ਮੈਂਡੇ ਸੀਨੇ ਡਾਢੀ ਸੂਲ਼ ਜੀ।
ਹਮ ਮੰਜੇ ਬਿਨਾਂ ਪੁਆਂਦ ਕੇ ਅਰ ਰਹਿਸੀ ਢਿੱਲੀ ਚੂਲ਼ ਜੀ॥
ਮੈਂਡੇ ਸਤ ਜਨਮ, ਨਾ-ਹੱਕ ਜਨਮ, ਸਭ ਨੀਚ ਕਰਮ, ਮੈਂਡਾ ਵੱਡ ਭਰਮ।
ਮੈਂਡਾ ਖ਼ਾਲੀ ਕਾਸਾ ਜਨਮ-ਜਨਮ, ਤੈਂਡੀ ਜਾਂ ਮੈਂਡੜੀ ਭੂਲ ਜੀ॥
ਤੁਮ ਕਤਲ ਕਰਨ, ਤੁਮ ਦੰਮ ਭਰਨ, ਤੁਮ ਚੀਰ ਹਰਨ, ਹਰ ਜੀਵ ਮਰਨ।
ਹਮ ਬਾਤ ਕਰਨ ਮੇਂ ਬਹੁਤ ਡਰਨ, ਏਹੋ ਤੁਮ ਕਾ ਪੁੱਠੜਾ ਰੂਲ ਜੀ॥
ਤੁਮ ਛਪਨ ਛਪਨ ਨਾ ਦਿਖਨ ਦਿਖਨ, ਹਮ ਲਭਨ ਲਭਨ ਕੀ ਬਹੁਤ ਲਗਨ।
ਹਮ ਭੇਟ ਕਰਨ ਤੁਧ ਫੂਲ ਬਦਨ, ਤੁਮ ਕਹਿਨ: ਬਲੱਡੀ ਫੂਲ ਜੀ॥
ਫਰਤੂਲ ਚੰਦ ਮੁਸਕਾਵੈ ਮੰਦ, ਤੁਮ ਗਗਨ ਚੰਦ, ਹਮ ਗੰਦ ਮੰਦ।
ਹਮ ਢੀਠ-ਢੀਠ, ਹਮ ਠੀਕ ਠੀਕ, ਤੁਮ ਬਾਹਲ਼ੇ ਔਸਮ awesome ਕੂਲ ਜੀ॥

***

ਗੱਲ ਹੋਰ ਅੱਗੇ ਵਧਣ ਲੱਗੀ। ਮੈਂ ਸੁਰਜੀਤ ਪਾਤਰ ਨੂੰ ਲਿਖਿਆ:

ਫਰਮ ਫਿਆਰੇ ਫਾਤਰ ਜੀ

ਫ਼ਰਤੂਲ ਚੰਦ ਫੱਕਰ ਤੋਂ ਫ੍ਰੇਰਣਾ ਲੈ ਕਰ ਕੇ ਮੈਂ ਹੁਣੇ ਨਵਤੇਜ ਫਾਰਤੀ ਨਾਲ਼ ਗੱਲ ਕੀਤੀ। ਬਹੁਤ ਫਰਸੰਨ ਹੋਏ। ਤੁਸੀਂ ਧੰਨਵਾਦ ਤੇ ਫਰਸੰਸਾ ਦੇ ਵੀ ਫਾਤਰ ਹੋ।

ਫੈਸਲਾ ਹੋਇਆ ਕਿ ਇਨ੍ਹਾਂ ਦੀ ਅਗਲੀ ਫੁਸਤਕ ਦਾ ਨਾਂ ਫਰਚੀਆਂ ਹੋਵੇਗਾ। ਫੁਸਤਕ ਫੋਇਟਰੀ ਦੀ ਨਹੀਂ, ਫਰੋਜ਼ ਦੀ ਹੋਵੇਗੀ। ਇਹ ਅਫਣੀਆਂ ਫਰੇਮ ਕਵਿਤਾਵਾਂ 'ਉੱਤੇ' ਵੀ ਫੂਰੀ ਤਰ੍ਹਾਂ ਕੰਮ ਕਰ ਰਹੇ ਹਨ।

ਫਿਆਰ ਨਾਲ਼

ਅ.

(ਪੱਪੇ ਦਾ ਰੂਫਾਂਤਰਨ ਜਾਂ ਫੱਫਾਕਰਨ ਅਰਧ-ਸੁਫਨ ਅਵੱਸਥਾ ਵਿਚ ਨਵਤੇਜ ਨੇ ਕੀਤਾ; ਮੈਂ ਨਹੀਂ।)

***

ਫੇਰ ਧੁਰੰਤਰ ਵਿਦਵਾਨ ਮਦਨ ਗੋਪਾਲ ਸਿੰਘ ਵੀ ਆਣ ਰਲ਼ੇ:

ਸਾਡਾ ਹੌਜ਼ ਤੇ ਖ਼ਾਸਮ ਖ਼ਾਸ ਹੈ
ਜਿਹੜਾ ਕਿਸੇ ਕਿਸੇ ਨੂੰ ਰਾਸ ਹੈ
ਕਯਾ ਅਨੋਖੀ ਇਹਦੀ ਬਾਸ ਹੈ
ਕਵਿਤਾ ਇਉਂ ਉਤਰੀ ਆਉਂਦੀ ਹੈ
ਜਿਉਂ ਆ'ਮੁਹਾਰੀ ਚਾਸ ਹੈ।
ਕੋਈ ਬੀਬੀ ਹੈ ਕੋਈ ਬੌਸ ਹੈ

ਤੁਸੀਂ ਸੁਣ ਤਾਂ ਲਓ ਹਜ਼ੂਰ ਜੀ
ਫ਼ਰਤੂਲ ਜੀ ਫ਼ਰਤੂਲ ਜੀ

ਬਤਰਜ਼ ਬੁੱਲ੍ਹੇ ਸ਼ਾਹ

ਮੈਂ ਫ਼ਰਤੂਲ ਮੈਂ ਫ਼ਰਤੂਲ

ਯਾਦ ਤੇਰੀ ਮੈਨੂੰ ਆਵੇ ਕਿਉਂ ਕਰ
ਕਿਉਂ ਜਾਵਾਂ ਮੈਂ ਤੁਝ ਕੋ ਭੂਲ

***

ਜੇ ਰੱਬ ਤੁਕਬੰਦ ਸ਼ਾਇਰ ਹੁੰਦਾ, ਖੜ੍ਹਦਾ ਵਿਚ ਅਖਾੜੇ
ਬੰਨ੍ਹ ਲੰਗੋਟ ਕੋਈ ਸ਼ਾਇਰਾਂ ਵਾਲ਼ਾ, ਗੱਜਦਾ ਪੱਟ ਖੜਕਾ ਕੇ॥
ਦੂਰੋਂ ਵੇਖ ਕੇ ਪੱਠਾ ਮੁਰਸ਼ਦ, ਮੱਠਾ ਮੱਠਾ ਹੱਸਦਾ
ਯਾ ਫਰਤੂਲ ਤੇਰੀ ਦੁਨੀਆ ਤੋਂ, ਤੁਕਹੀਣਾ ਪਿਆ ਨੱਸਦਾ॥

***

ਨਾ ਮੈਂ ਉਰਦੂ ਨਾ ਮੈਂ ਹਿੰਦੀ

ਨਾ ਮੈਂ ਦੇਸ ਬੰਗਾਲੇ ਰਿੰਦੀ
ਚੰਡੀਗੜ੍ਹ ਦੇ ਡੂਡਾਂ ਡੱਡੀਆਂ
ਭਿਓਂ ਭਿਓਂ ਕੀਤਾ ਹਮਕੋ ਕੂਲ

ਮੈਂ ਫ਼ਰਤੂਲ ਮੈਂ ਫ਼ਰਤੂਲ
ਯਾਦ ਤੇਰੀ ਮੈਨੂੰ ਆਵੇ ਕਿਉਂਕਰ
ਕਿਉਂ ਜਾਵਾਂ ਮੈਂ ਤੁਝਕੋ ਭੂਲ

ਨਾ ਮੈਂ ਮਾਝੀ ਨਾਹੀਂ ਦੁਆਬੀ
ਨਾ ਮਲਵੈਣ ਤੇ ਨਾਹੀਂ ਪੁਆਧੀ
ਪੋਠੋਹਾਰੀ ਮਿਸਟਰ ਸ਼ੈਕਲ
ਕਹਿੰਦੇ ਸਾਨੂੰ ਨਹੀਂ ਕੁਬੂਲ

ਮੈਂ ਫ਼ਰਤੂਲ ਮੈਂ ਫ਼ਰਤੂਲ
ਯਾਦ ਤੇਰੀ ਮੈਨੂੰ ਆਵੇ ਕਿਉਂਕਰ
ਕਿਉਂ ਜਾਵਾਂ ਮੈਂ ਤੁਝਕੋ ਭੂਲ

## ਕਲਾਮ ਸੁਰਜੀਤ ਪਾਤਰ:

ਉੱਠ ਕੇ ਫੱਕਰ ਸ਼ਾਇਰ ਕਹਿੰਦਾ: ਨਿੱਤਰ ਮੀਆਂ ਅੱਲਾ, ਹੋ ਗਿਆ ਹੱਲਾ॥
ਸੌਖਾ ਬਹੁਤ ਦਵੱਈਆ ਕਹਿਣਾ, ਡਿਓਡਾ ਕਹਿਣ ਅਵੱਲਾ, ਕੰਮ ਕੁਵੱਲਾ॥
ਮੁਨਕਰ ਅਤੇ ਨਕੀਰ ਨਾ ਅਪਣੇ ਨਾਲ਼ ਲਿਆਈਂ ਅੱਲਾ, ਆਈਂ ਕੱਲਾ॥
ਐ ਫਰਤੂਲ ਅਸੂਲ ਤਾਂ ਏਹੀ, ਆ ਕੱਲੇ ਨਾਲ਼ ਕੱਲਾ, ਕਾਦਰ ਮੱਲਾ॥

## ਕਲਾਮ ਨਵਤੇਜ ਭਾਰਤੀ:

ਫਰਤੂਲਵਾਦ ਦੀ ਕਵਿਤਾ ਫੜੋ ਤੇ ਫਰਸੰਨ ਹੋਵੋ:

(ਫਰਤੂਲ ਨੂੰ ਫੁਰਤੀਲ ਲਿਖਿਆ ਗਿਆ):

ਭੁੱਲ ਹੋਈ ਫਰਤੂਲ ਜੀ ਦਿਓ ਮਾਫ਼ੀ

ਬੋਨੂੰ ਆਖ ਬੈਠਾ ਫ਼ੁਰਤੀਲ ਮੀਆਂ।
ਝੱਗਾ ਸਿੱਧਾ ਸੀ ਪਾਉਣ ਤੇ ਹੋਇਆ ਪੁੱਠਾ
ਦੇਵਾਂ ਏਸਦੀ ਕੀ ਦਲੀਲ ਮੀਆਂ।
ਜੀਭ ਗ਼ਜ਼ਲ ਗਜਰੈਲਾ ਕਰ ਦਿੰਦੀ
ਮੈਨੂੰ ਮਾਹਰਾਂ 'ਚ ਕਰੇ ਜ਼ਲੀਲ ਮੀਆਂ।
ਭੰਡ ਜੀਭ ਨੂੰ ਐਵੇਂ ਨਾ ਮੇਹਰ ਸਿੰਘਾ *
ਗਾਜਰ ਗ਼ਜ਼ਲ ਤੋਂ ਹੁੰਦੀ ਰਸੀਲ ਮੀਆਂ॥

॥ਇਤਿਸ਼੍ਰੀ॥

* ਮੇਹਰ ਸਿੰਘ: ਨਵਤੇਜ ਭਾਰਤੀ ਦਾ ਅਸਲ ਨਾਂ



ਫ਼ੋਟੋਕਾਰ: ਨਿਸ਼ਾਦ

ਫ਼ਰਤੂਲ ਚੰਦ ਜੀ ਫੱਕਰ ਅਪਣੇ ਘਰ.
ਪਿੰਡ ਭੋਆ ਜ਼ਿਲਾ ਗੁਰਦਾਸਪੁਰ, 9 ਜੁਲਾਈ 2016

ਹੁਣ ਪਤਾ ਲੱਗਾ ਹੈ ਕਿ ਇਨ੍ਹਾਂ ਦਾ ਪਹਿਲਾ ਨਾਂ ਪਰਤੂ (ਰੋਸ਼ਨੀ ਦਾ ਸ੍ਰੋਤ) ਸੀ।
ਸੰਨ ਸੰਤਾਲ਼ੀ ਵਿਚ ਰਾਵੀ ਪਾਰ ਕਰਨ ਮਗਰੋਂ ਇਹ ਨਾਂ ਵਿਗੜਦਾ-ਵਿਗੜਦਾ ਪਰਤੂ ਤੋਂ ਫਰਤੂ, ਫਰਤੂ ਤੋਂ ਫਰਤੂਲ ਬਣ ਗਿਆ।
ਫੱਕਰ ਤਖ਼ੱਲੁਸ ਇਨ੍ਹਾਂ ਅਪਣੇ ਰੂਹਾਨੀ ਗੁਰੂ ਫ਼ੈਜ਼ ਸਵਾਮੀ ਦੇਵ ਦੀ ਸੰਗਤ ਵਿਚ ਜੋੜਿਆ।

ਅਲਵਿਦਾ

# ਦਲਜੀਤ ਮੋਖਾ

ਦਲਜੀਤ ਮੋਖਾ ਨੇ ਥੋੜ੍ਹਾ ਪਰ ਅਰਥਵਾਨ ਲਿਖਿਆ। ਅੱਜ ਤੋਂ ਕੋਈ ਚਾਰ ਦਹਾਕੇ ਪਹਿਲਾਂ ਜਸਵੰਤ ਦੀਦ ਨੇ ਮੋਖੇ ਨਾਲ ਮਿਲਾਇਆ ਸੀ। ਉਸ ਦੀਆਂ ਕਵਿਤਾਵਾਂ ਸੁਣੀਆਂ। ਉਹਦੇ ਗਿਆਨ ਦੇ ਵਿਕਾਰ ਅਤੇ ਜ਼ਬਾਨਦਾਨੀ ਨੇ ਕੀਲ ਲਿਆ। ਫਿਰ ਉਹਦੀ ਕਿਤਾਬ ਆਈ *ਸਮੁੰਦਰੀ ਹਵਾ*। ਵੱਖਰੀ ਤਰ੍ਹਾਂ ਦਾ ਸ਼ਾਇਰ ਤਾਂ ਉਹ ਹੈ ਈ ਸੀ, ਕਮਾਲ ਦਾ ਬੰਦਾ ਵੀ ਸੀ। ਜੋ ਵੀ ਉਹਨੂੰ ਮਿਲਿਆ, ਉਹਦਾ ਹੋ ਗਿਆ। ਸਿਆਣਪ ਵਾਲੀ ਬੋਲਚਾਲ ਸੀ ਉਹਦੀ। ਮਜ਼ਾਕ 'ਚ ਸ਼ੋਖੀ। ਦਿਲਫਰੇਬ ਹਾਸਾ। ਕੁਝ ਚਿਰ ਬਾਅਦ ਪਤਾ ਲੱਗਾ ਅਮਰੀਕਾ ਚਲਾ ਗਿਆ ਹੈ। ਉਥੇ ਬੈਂਕ 'ਚ ਨੌਕਰੀ ਕਰ ਲਈ। ਜਦੋਂ ਵੀ ਦਿੱਲੀ ਆਉਂਦਾ, ਮਹਿਫ਼ਲ ਲੱਗਦੀ। ਪਿਛਲੀ ਵਾਰ ਆਇਆ ਤਾਂ ਅੱਠ ਦਸ ਦੋਸਤ ਇਕੱਠੇ ਹੋ ਗਏ। ਸਹਿਵਨ ਇੰਗਲੈਂਡ ਤੋਂ ਸ਼ਾਇਰਾ ਦੇਵਿੰਦਰ ਕੌਰ ਤੇ ਕੈਨੇਡਾ ਤੋਂ ਸੁਖਿੰਦਰ ਹੋਰੀਂ ਆਏ ਹੋਏ ਸਨ। ਸਵਰਾਜਬੀਰ ਦੇ ਨਾਟਕ ਦੀ ਪੜ੍ਹਤ ਰੱਖ ਲਈ। ਸ਼ਾਇਰੀ ਵੇਲੇ ਮੋਖੇ ਦੀਆਂ ਕਵਿਤਾਵਾਂ ਨੇ ਉਚੇਚਾ ਧਿਆਨ ਖਿੱਚਿਆ। ਉਹ ਤਰੱਕੀ ਪਸੰਦ ਵਿਚਾਰਾਂ ਦਾ ਮਾਨਵੀ ਕਦਮਾਂ ਨੂੰ ਪਰਨਾਇਆ ਸ਼ਾਇਰ ਸੀ। ਸਮਾਜ ਸੇਵਾ ਦੇ ਪਿੜ 'ਚ ਸਰਗਰਮ ਸੀ। ਬੱਚਿਆਂ ਦੇ ਕੈਂਸਰ ਦੀ ਖੋਜ ਵਿਚ ਦਿਲਚਸਪੀ ਰੱਖਦਾ ਸੀ। 1984 ਵਿਚ *ਸਮੁੰਦਰੀ ਹਵਾ* ਦੀ ਨਵੀਂ ਛਾਪ ਆਈ। ਚਰਚਾ ਦਾ ਸਬੱਬ ਬਣੀ। ਉਹਦਾ ਮਨ ਸੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਕੁਲਵਕਤੀ ਲੇਖਕ ਬਣੇਗਾ। ਕੁਦਰਤ ਦੀ ਕੁਝ ਹੋਰ ਈ ਮਰਜ਼ੀ ਸੀ। 27 ਦਸੰਬਰ 2016 ਦਾ ਉਹਦਾ ਸਦੀਵੀ ਅਲਵਿਦਾ ਦਾ ਦਿਨ ਸੀ। ਅਦਾਰਾ 'ਵਾਹਗਾ' ਪਰਿਵਾਰ ਅਤੇ ਦੋਸਤਾਂ ਦੇ ਗ਼ਮ 'ਚ ਸ਼ਰੀਕ ਹੈ।

*-ਮੋਹਨਜੀਤ*



ਕਵਿਤਾਵਾਂ

# ਦਲਜੀਤ ਮੋਖਾ

## *ਖੜਾਵਾਂ*

-1-
ਘਰ, ਕਾਰਾਂ ਤੇ ਬੈਂਕ ਖ਼ਾਤੇ
ਸ਼ੇਅਰ, ਲਾਕਰ ਤੇ ਗਹਿਣੇ-ਗੱਟੇ
ਸੋਚਦੇ ਹੋ ਤੁਸੀਂ ਵਾਰ ਵਾਰ
ਯਕੀਨਨ, ਇਹ ਤੁਹਾਡੇ ਨੇ,
ਪਰ ਕਿਆਸਿਆ ਹੈ ਕਦੇ
ਅੰਤਰ-ਝਾਤਿਆ ਹੈ ਕਦੇ
ਇਹ ਨਾ ਝੱਲਣ ਤੁਹਾਡੀ ਮਾਲਕੀ
ਇਹ ਨਾ ਕਰਨ ਤੁਹਾਡੀ ਚਾਕਰੀ
ਤੁਸੀਂ ਹੋ ਇਹਨਾਂ ਦੀ ਮਲਕੀਅਤ, ਦਰਅਸਲ
ਤੁਸੀਂ ਹੋ ਇਹਨਾਂ ਦੀ ਜ਼ਦ 'ਚ
ਨਹੀਂ-ਨਹੀਂ? ਨਹੀਂ ਤਾਂ ਸੁਣੋ
ਤੁਸੀਂ ਇਹਨਾਂ ਦੀ ਸੇਵਾ 'ਚ ਮਾਲਕੋ
ਕਿਉਂ ਕਰਦੇ ਹੋ ਨੱਠ-ਭੱਜ ਨਿਰੰਤਰ
ਕਿਉਂ ਰਹਿੰਦੇ ਹੋ ਸੋਚਾਂ ਸੋਚਦੇ
ਪਲ-ਛਿਣ, ਚੱਤੋ ਪਹਿਰ, ਰਾਤ-ਦਿਨ
ਇਹ ਆਏ ਤਾਂ ਮਲੰਗੀ ਉਡੀ
ਇਹ ਆਏ ਤਾਂ ਫ਼ਕੀਰੀ ਤਿਆਗੀ
ਇਹ ਆਏ ਤਾਂ ਬਸੰਤੀ ਚੋਲਾ
ਜੀਨਾਂ 'ਚ, ਸਨੀਕਰਾਂ 'ਚ ਬਦਲਿਆ
ਇਹ ਆਏ ਤਾਂ ਸੂਰਜ ਦਾ ਸੁਫਨਾ
ਮਾਰਟਗੇਜ ਦੀ ਕਿਸ਼ਤ 'ਚ
ਰੋਜ਼ਾਨਾ ਅਸਤ ਹੁੰਦਾ ਵੇਖਿਆ
ਇਹ ਆਏ ਤਾਂ ਪਲ ਪਲ
ਘੜੀ ਦੀ ਸੂਈ ਨਾਲ ਨੂੜਿਆ ਪਿਆ
ਇਹ ਆਏ ਤਾਂ ਵਾਲ ਸਟਰੀਟੇ, ਕਲਪਨਾ,
ਖ਼ਿਆਲ, ਉਦਾਸੀ, ਪੱਥਰਾਂ 'ਚ ਚਿਣੇ ਗਏ
ਇਹ ਆਏ ਤਾਂ ਉਡਦੇ ਖੰਭ
ਸਟਾਕ ਐਕਸਚੇਂਜ ਦੀ
ਖਿੜਕੀ 'ਚ ਟੀਪ ਹੋ ਗਏ

-2-
ਹੋਸ਼, ਜੋਸ਼ ਨੇ ਲਈ ਹੈ ਅੰਗੜਾਈ
ਕੀ ਸੁਰਤੀ ਵੀ ਹੈ ਪਰਤ ਆਈ-
ਕੀ ਬਹੁਤ ਦੇਰ ਹੋ ਚੁੱਕੀ ਸੀ ਭਲਾ:

ਕੀ ਬਹੁਤ ਦੇਰ ਹੋ ਚੁੱਕੀ ਹੈ ਭਲਾ
ਦ੍ਰਿਸ਼ਟੀ ਦੇਖ ਸਕਦੀ ਹੈ ਦੂਰ ਤਕ
ਦ੍ਰਿਸ਼ਟੀ ਦੇਖ ਰਹੀ ਹੈ ਅੰਦਰੂਨ ਥਾਣੀਂ
ਡਰੈਸ ਸ਼ੂਅਜ਼ ਨਰੜ ਰਹੇ ਨੇ ਸਫ਼ਰ
ਸੂਟ-ਟਾਈਆਂ ਚਿਪਕ ਗਏ ਨੇ ਤਾਲੂ ਹੇਠ
ਵੇਖ ਸਕਦਾਂ ਹਾਂ ਮਲੰਗੀ ਚੋਲਾ ਲਹਿਰਦਾ
ਘੂਰ ਰਹੀਆਂ ਨੇ ਖੜਾਵਾਂ ਇਕ ਵਿੱਥ 'ਤੇ
ਜੇ ਚੋਲਾ ਪਾ ਲਵਾਂ ਤਾਂ...
ਜੇ ਖੜਾਵਾਂ ਪਾ ਲਵਾਂ ਤਾਂ...
ਜੇ ਉਦਾਸੀ 'ਤੇ ਨਿਕਲ ਪਵਾਂ ਤਾਂ...

## *ਆਵਾਜ਼ਾਂ*

-1-
ਸੱਤਰੰਗੀ ਪੀਂਘ 'ਚ ਭਿੱਜੀ
ਉਸਨੇ ਮਾਰੀ ਸੀ ਆਵਾਜ਼
ਧੁੱਪ 'ਚ ਤਿੱਤਲੀ-ਰੰਗਾ
ਲਹਿਰਾਇਆ ਸੀ ਪਰਚਮ, ਪਰ
ਪੈਰਾਂ 'ਚ ਧਸ ਗਏ ਪਹਾੜ
ਕੰਨਾਂ 'ਚ ਪਿਘਲ ਗਿਆ ਸਿੱਕਾ
ਜੋਤ ਵਿਚ ਜੜਿਆ ਗਿਆ ਤਾਂਬਾ
ਹੱਥਾਂ 'ਚ ਢਲ਼ ਗਿਆ ਫ਼ੌਲਾਦ

-2-
ਉਸਨੇ ਨੇਹ-ਭਿੱਜੀ
ਨਹੀਂ ਮਾਰੀ ਸੀ ਆਵਾਜ਼
ਤੇ ਨਾ ਹੀ ਲਹਿਰਾਇਆ ਸੀ ਸੱਤਰੰਗਾ ਝੰਡਾ
ਉਸਨੇ ਤਾਂ ਮਾਰੀ ਸੀ ਚੀਖ਼ ਬੁਲਬਲੀ
ਜੋ ਖੜੋਤ ਦੀ ਝਖ਼ ਠੰਢੀ
ਹਿੱਕ ਚੀਰਦੀ ਚੱਲ ਵੰਝੀ
ਹਵਾ ਰੁਮਕਣ ਲੱਗੀ
ਪੰਛੀ ਚਹਿਚਹਾਉਣ ਲੱਗੇ
ਧੁੱਪ ਦੀ ਕਾਤਰ ਫੈਲਣ ਲੱਗੀ
ਖ਼ਲਕਤ ਗੂੜ੍ਹੀ ਨੀਂਦ 'ਚੋਂ
ਜਾਗ ਉਠਣ ਲੱਗੀ, ਪਰ
ਸਾਡੇ ਕੰਨਾਂ ਅੰਦਰ ਫਿਰ ਪਿਘਲ ਗਿਆ ਸਿੱਕਾ
ਪੁਤਲੀਆਂ ਦੇ ਆਰ-ਪਾਰ, ਫਿਰ
ਜੜਿਆ ਗਿਆ ਤਾਂਬਾ
ਆਵਾਜ਼ ਸਾਡੀ ਚਿਣੀ ਗਈ
ਐਮ. ਐਨ. ਸੀ. ਦੀ ਸੋਨ-ਦਾੜ੍ਹ ਅੰਦਰ...
ਪਰ ਪਰਚਮ ਤਾਂ ਅਜੇ ਵੀ ਹਵਾ 'ਚ ਲਹਿਰਾ ਰਿਹਾ
ਧੁੱਪ ਦੀ ਕਾਤਰ ਤਾਂ ਅਜੇ ਵੀ
ਰਹੀ ਹੈ ਫੈਲ, ਦੁਮੇਲ ਤੱਕ
ਕਿੱਥੇ ਹੈ ਆਵਾਜ਼ ਮੇਰੀ...
ਕਿੱਥੇ ਨੇ ਆਵਾਜ਼ਾਂ... ਵ



# ਸੁੰਦਰ ਸਿਲਾਈ ਮਸ਼ੀਨ

## ਮੋਨੀਕਾ ਕੁਮਾਰ

ਸਿਲਾਈ ਮਸ਼ੀਨ ਮਨੁੱਖੀ ਕਲਪਨਾ, ਕਿਰਤ, ਵਿਗਿਆਨ ਦੇ ਸੰਜੋਗ ਤੋਂ ਬਣੀ।ਮਨੁੱਖ ਤੇ ਮਸ਼ੀਨ ਦਾ ਕੀ ਰਿਸ਼ਤਾ ਹੋਵੇ– ਇਹਦਾ ਸੰਕੇਤ ਮਨੁੱਖ ਦੇ ਸਿਲਾਈ ਮਸ਼ੀਨ ਨਾਲ਼ ਬਣੇ ਲੰਮੇ ਰਿਸ਼ਤੇ ਤੋਂ ਮਿਲ਼ ਸਕਦਾ ਏ। ਜਿਸ ਸੁਹਜ ਨਾਲ਼ ਸਿਲਾਈ ਮਸ਼ੀਨ ਘਰਾਂ ਚ ਗ੍ਰਹਿਸਥਣ ਹੋਈ, ਘਰਾਂ ਦੇ ਅੰਦਰਾਂ ਚ ਰਚੀ–ਵਸੀ ਏ, ਲਗਦਾ ਹੈ; ਇਹ ਓਨੀ ਪੁਰਾਣੀ ਏ, ਜਿੰਨੇ ਪੁਰਾਣੇ ਅਸੀਂ ਹਾਂ। ਹਿੰਦੀ ਕਵੀ ਆਲੋਕ ਧੰਨਵਾ ਲਿਖਦੇ ਨੇ ਕਿ ਹਰ ਭਲੇਮਾਣਸ ਦੀ ਰੇਲਗੱਡੀ ਹੁੰਦੀ ਏ, ਜਿਹੜੀ ਉਹਦੀ ਮਾਂ ਦੇ ਘਰ ਤਕ ਜਾਂਦੀ ਏ।ਅਸੀਂ ਇੰਜ ਵੀ ਕਹਿ ਸਕਦੇ ਹਾਂ ਕਿ ਕਿਸੇ ਭਲੇ ਘਰ ਤਕ ਜਾਂਦੀ ਸਿਲਾਈ ਮਸ਼ੀਨ ਵੀ ਹੁੰਦੀ ਏ। ਕੁਝ ਸਾਲ ਪਹਿਲਾਂ ਤਕ ਤਾਂ ਤਕਰੀਬਨ ਇਹ ਪੰਜਾਬ ਦੇ ਹਰ ਘਰ ਵਿਚ ਹੀ ਸੀ।ਜਿਸ ਘਰ ਵਿਚ ਨਹੀਂ ਵੀ ਸੀ, ਤਾਂ ਉਸ ਘਰ ਵਿਚ ਇਹਨੂੰ ਲੈਣ ਦਾ ਸੁਪਨਾ ਤੇ ਰੀਝ ਸੀ। ਨਵੇਂ ਕਪੜੇ ਸਿਉਣ ਲਈ ਤੇ ਕਦੇ ਉਧੜੇ ਕਪੜੇ ਨੂੰ ਤੋਪਾ ਮਾਰਨ ਵਾਸਤੇ ਇਹ ਨਿਤ ਹੀ ਗਿੜਦੀ ਸੀ। ਦਰਜ਼ੀ ਦਰਜ਼ਿਆਣੀ ਤਾਂ ਅਪਣੀ ਸਿਲਾਈ ਮਸ਼ੀਨ ਨਾਲ਼ ਪਰਣਾਏ ਹੁੰਦੇ ਨੇ, ਇਕ ਦੂਜੇ ਦਾ ਭੇਤ ਪਾ ਕੇ, ਇਕ ਨੇ ਕਹੀ ਦੂਜੇ ਨੇ ਮੰਨੀ ਦੇ ਸੁਰ ਚ ਘੰਟਿਆਂ–ਬੱਧੀ ਕਪੜੇ ਨੂੰ ਤੋਰਦਿਆਂ ਉਹ ਕਪੜੇ ਦੇ ਟੋਟੇ ਵਿੱਚੋਂ ਚਿਹਰਾ–ਮੋਹਰਾ ਕਢ ਦਿੰਦੇ ਨੇ। ਪਰ ਕਦੇ–ਕਦੇ ਪ੍ਰੇਮ ਸਰਬੰਧ ਵਿਗੜਦੇ ਵੀ ਨੇ ਤੇ ਫੇਰ ਮਸ਼ੀਨ ਤੇਲ ਦਿੱਤਿਆਂ ਵੀ ਨਹੀਂ ਚਲਦੀ; ਧੁੱਪੇ ਰੱਖਿਆਂ ਵੀ ਕੂਲ਼ੀ ਨਹੀਂ ਹੁੰਦੀ; ਰਤਾ ਏਧਰ–ਓਧਰ ਪੁਚਕਾਰਿਆਂ ਵੀ ਨਹੀਂ ਮੰਨਦੀ, ਤਾਂ ਇਹਨੂੰ ਬਾਜ਼ਾਰ ਮੁਰੰਮਤ ਵਾਸਤੇ ਭੇਜਣਾ ਪੈਂਦਾ ਹੈ।

ਸਿਲਾਈ ਮਸ਼ੀਨ ਮੁਰੰਮਤ ਕਰਨ ਵਾਲ਼ੀ ਇਸ ਹੱਟੀ ਦੀ ਫ਼ੋਟੋ ਅਮਰਜੀਤ ਚੰਦਨ ਨੇ ਅਪਣੇ ਨਕੋਦਰ ਦੇ ਬਾਬਾ ਮਲਿਕ ਬਾਜ਼ਾਰ ਚ ਖਿੱਚੀ ਏ। ਫ਼ੋਟੋ ਦੇਖ ਕੇ ਮੇਰੇ ਦਿਲ ਨੂੰ ਜੋ ਖੋਹ ਪਈ, ਉਹਨੂੰ ਕਹਿ ਸਕਣਾ ਤਾਂ ਅਸੰਭਵ ਏ, ਜਿਵੇਂ ਕਿਸੇ ਇਕ ਟੁਣਕ ਨਾਲ਼ ਕਈ ਸਾਜ਼ ਛੇੜ ਦਿੱਤੇ ਹੋਣ; ਤਾਂ ਵੀ ਕੁਝ ਕਿਹਾਂ ਸ਼ਾਇਦ ਕੁਝ ਗੱਲ ਬਣ ਜਾਏ।

ਇਹ ਫ਼ੋਟੋ ਵਿਹੰਦਿਆਂ ਇੱਕੋ ਸਾਹੇ ਏਨਾ ਕੁਝ ਯਾਦ ਆਉਂਦਾ ਹੈ, ਜਿਸ ਵਿੱਚੋਂ ਕੋਈ ਇਕ ਸਿਰਾ ਫੜਨਾ ਬੜਾ ਔਖਾ ਏ। ਜਿਵੇਂ ਪੂਰੇ ਸ਼ਹਿਰ, ਅਪਣੇ ਪਰਿਵਾਰ, ਦੂਰ–ਦੁਰਾਡੇ ਰਹਿੰਦੇ ਰਿਸ਼ਤੇਦਾਰ, ਗਲ਼ੀ–ਮੁਹੱਲੇ ਦੇ ਲੋਕ, ਅੱਜ ਤਕ ਮੈਂ ਜਿਨਾਂ ਦਰਜ਼ੀਆਂ ਦਰਜ਼ਾਣੀਆਂ ਤੋਂ ਕਪੜੇ ਸੁਆਏ ਤੇ ਸਿਲਾਈ ਮਸ਼ੀਨ ਨਾਲ਼ ਮੇਰੀ ਅਪਣੀ ਸਾਂਝ ਦੀ ਡੂੰਘੀ ਯਾਦ ਇਹ ਫ਼ੋਟੋ ਦੇਖਦਿਆਂ ਆਉਂਦੀ ਹੈ। ਇਹਨੂੰ ਵੇਖਣਾ ਕੇਵਲ ਅਪਣੇ ਕਿਸੇ ਥਾਂ ਜੀਵੇ ਜੀਵਨ ਦੇ ਖੁਸ ਜਾਣ ਨੂੰ ਮਹਿਸੂਸ ਕਰਨਾ ਨਹੀਂ, ਇਹਕਿਸੇ ਸੰਸਕ੍ਰਿਤੀ ਦੀ ਜੀਵਨ ਸ਼ੈਲੀ ਦੇ ਖੁਸਣ ਨੂੰ ਯਾਦ ਕਰਨਾ ਏ। ਇਹਨੂੰ ਯਾਦ ਕਰਕੇ ਲਿਖਣਾ ਮਨ ਦਾ ਨਿਰਾ ਖੇੜਾ ਤਾਂ ਨਹੀਂ ਹੋ ਸਕਦਾ।

ਵੀਹ ਪੱਚੀ ਸਾਲ ਪਹਿਲਾਂ ਦੇ ਪੰਜਾਬੀ ਸਮਾਜ ਵਿਚ ਦਸਵੀਂ ਦੇ ਬੋਰਡ ਦੇ ਪੇਪਰਾਂ ਤੋਂ ਬਾਅਦ ਆਮਤੌਰ 'ਤੇ ਹਰ ਕੁੜੀ ਸਿਲਾਈ ਸਿਖਣ ਘੱਲੀ ਜਾਂਦੀ ਸੀ। ਘਰ ਦੀ ਆਰਥਿਕ ਹਾਲਤ ਜੋ ਹੋਵੇ, ਕੁੜੀ ਨੂੰ ਸਿਲਾਈ ਸਿੱਖਣ ਭੇਜਣ ਦੀ ਰਵਾਇਤ ਸੀ। 'ਸਲਾਈ ਕਢਾਈ ਦਾ ਕੋਰਸ' ਕੁੜੀ ਦੇ ਵਿਆਹ ਦੇ ਰਿਸ਼ਤੇ ਦੀ ਯੋਗਤਾ ਹੁੰਦੀ ਸੀ। ਮੈਂ ਕਈ ਮਾਵਾਂ ਨੂੰ ਇਹ ਕਹਿੰਦਿਆਂ ਵੀ ਸੁਣਿਆ:“ਜ਼ਰੂਰੀ ਨਹੀਂ ਤੂੰ ਲੋਕਾਂ ਦਾ ਕੱਪੜੇ ਸੀਵੇਂ, ਸੌਖੇ ਘਰ ਵਿਆਹ ਕੇ ਵੀ ਅਪਣੇ ਘਰ ਦਾ ਤੋਪਾ-ਟਾਂਕਾ ਤਾਂ ਕਰੇਂਗੀ ਹੀ, ਮਾੜੀ-ਜਿਹੀ ਸੀਣ ਲਵਾਉਣ ਦਰਜ਼ੀਆਂ ਕੋਲ਼ ਭੱਜੀ ਜਾਂਦੀ ਕਿੱਡੀ-ਕੁ ਸੁਹਣੀ ਲਗੇਂਗੀ?” ਇਹ ਕਿਸੇ ਸਮਾਜ ਦੀ ਉਸਾਰੂ ਹੈਂਕੜ ਹੈ ਕਿ ਮੁੱਲ ਤਾਰ ਕੇ ਹੋਰਾਂ ਤੋਂ ਕੰਮ ਕਰਾ ਲੈਣਾ ਇਕ ਪਾਸੇ ਪਰ ਅਪਣੇ ਨਿੱਕੇ-ਮੋਟੇ ਕੰਮ ਹੱਥੀਂ ਕਰਨ ਦੇ ਸਮਰੱਥ ਨਾ ਹੋਣ ਨਾਲ਼ ਆਤਮਸਨਮਾਨ ਤੇ ਸਮਾਜਿਕ ਪ੍ਰਤਿਸ਼ਠਾ ਵਿਚ ਤੋਟ ਆਉਂਦੀ ਏ। ਜੋ ਸਮਾਜ-ਆਤਮਸਨਮਾਨ ਦੀ ਇਸ ਧਾਰਨਾ 'ਤੇ, ਇਹੋ-ਜਿਹੀ ਹੈਂਕੜ 'ਤੇ ਉਸਰਿਆ ਹੋਵੇ, ਇਹ ਗੱਲ ਕੁਝ ਸੁਨਿਸਚਿਤ ਕਰਦੀ ਏ ਕਿ ਇਸ ਸਮਾਜ ਚ ਹੱਥੀਂ ਕਿਰਤ ਕਰਨ ਦਾ ਕਿੰਨਾ ਮਹਾਤਮ ਏ। ਸਮਾਜ ਕਿਵੇਂ ਬਦਲਿਆ ਹੈ- ਇਸ ਵਾਕ ਨੂੰ ਅੱਜ ਦੇ ਪ੍ਰਸੰਗਚ ਵੀ ਸਮਝਿਆ ਜਾ ਸਕਦਾ ਏ । ਜਿਸ ਸਮਾਜ ਵਿਚ ਪੈਸਾ ਹੀ ਪਿਓ ਬਣ ਜਾਵੇ; ਤਾਂ ਹੱਥੀਂ ਕੰਮ ਕਰਨ ਨੂੰ ਨਹੀਂ, ਸਾਰੇ ਹੁਨਰ ਖ਼ਰੀਦ ਲੈਣ ਨੂੰ ਸ਼ਾਨ ਸਮਝਿਆ ਜਾਂਦਾ ਏ।

ਰਾਜੀ ਤੇ ਮੰਜੂ ਬੋਰਡ ਦੇ ਪੇਪਰਾਂ ਤੋਂ ਬਾਅਦ ਜਦੋਂ ਪੁਸ਼ਪਾ ਭੈਣ ਜੀ ਕੋਲ਼ ਸਿਲਾਈ ਸਿਖਣ ਲੱਗੀਆਂ, ਤਾਂ ਭੈਣ ਜੀ ਕਈ ਦਿਨ ਤਾਂ ਜੋੜੀ ਸਹੇਲੀ ਨੂੰ ਕਪੜੇ ਨੂੰ ਹੱਥ ਨਾ ਲਾਉਣ ਦਿੰਦੇ। ਉਹ ਅਖ਼ਬਾਰਾਂ 'ਤੇ ਕਟਿੰਗ ਕਰਨੀ ਸਿਖਦੀਆਂ, ਤੁਰਪਾਈਆਂ ਕਰਦਿਆਂ, ਸਿੱਧੀਆਂ ਆਢੀਆਂ ਸੀਣਾਂ ਮਾਰਨ ਦਾ ਖ਼ੂਬ ਅਭਿਆਸ ਕਰਕੇ ਪਤਾ ਨਹੀਂ ਕਿੱਦਣ ਉਨ੍ਹਾਂ ਮੋਢਿਆਂ ਦੀ ਨਾਜ਼ੁਕ ਕਾਟ ਵੀ ਪਾਉਣੀਆ ਗਈ, ਹੋਮ ਵਰਕ ਵਜੋਂ ਜੋ ਕੰਮ ਘਰੋਂ ਕਰ ਕੇ ਲਿਆਉਣ ਨੂੰ ਮਿਲ਼ਦਾ, ਤਾਂ ਮਾਂ ਉਨ੍ਹਾਂ ਨੂੰ ਪੁਰਾਣੇ ਕਪੜੇ ਦਿੰਦੀ ਮਤਾ ਪਹਿਲਾਂ ਹੱਥ ਸਾਫ਼ ਹੋ ਜਾਵੇ, ਫੇਰ ਨਵੇਂ ਕਪੜੇ ਨੂੰ ਸਿਉਵੀਂ।

ਸਿਲਾਈ ਮਸ਼ੀਨ ਉਨ੍ਹਾਂ ਅਨਮੋਲ ਮਸ਼ੀਨਾਂ ਵਿੱਚੋਂ ਏ, ਜੋ ਮਨੁੱਖ ਨੂੰ ਸਿਰਫ਼ ਆਤਮ ਨਿਰਭਰ ਨਹੀਂ ਕਰਦੀਆਂ, ਉਹਨੂੰ ਹੁਨਰਵਾਨ ਤੇ ਸੰਜਮੀ ਹੋਣਾ ਵੀ ਸਿਖਾਉਂਦੀਆਂ ਨੇ। ਇਹ ਗਾਂਧੀ ਦੇ ਚਰਖਾ ਚਲਾਉਣ ਦੇ ਸੰਦੇਸ਼ ਨੂੰ ਅਗਾਂਹ ਤੋਰਨ ਵਾਲ਼ੀ ਮਸ਼ੀਨ ਏ। ਗਾਂਧੀਜੀ ਨੇ ਜਦੋਂ ਹਰ ਦੇਸ਼ਵਾਸੀ ਨੂੰ ਰੋਜ਼ ਚਰਖਾ ਫੇਰਨ ਦੀ ਅਪੀਲ ਕੀਤੀ, ਤਾਂ ਉਹਦਾ ਮਤਲਬ ਲੋਕਾਂ ਨੂੰ ਕੇਵਲ ਆਰਥਿਕ ਤੌਰ 'ਤੇ ਉਨਤ ਹੋਣ ਲਈ ਪ੍ਰੇਰਣਾ ਨਹੀਂ ਸੀ,ਇਹਦੇ ਗਹਿਰੇ ਅਧਿਆਤਮਿਕ ਅਰਥ ਵੀ ਨੇ- ਚਰਖਾ ਫੇਰਦੇ ਲੋਕਉਸ ਵੇਲੇ ਕੁਝ ਅਪਣੇ ਬਾਰੇ ਵੀ ਸੋਚਦੇ ਹੋਣਗੇ। ਚਰਖਾ ਫੇਰਦਿਆਂਐਸੇ 'ਅਵਕਾਸ਼' ਦੀ ਸੰਭਾਵਨਾ ਵੀ ਬਣਦੀ ਏ, ਜਿਸ ਵਿਚ ਬੰਦਾ ਆਪ ਨਾਲ਼ ਗੱਲਾਂ ਕਰਦਾ ਅਪਣੀਆਂ ਉਲਝਣਾਂ ਦਾ ਵੀ ਨਿਤਾਰਾ ਕਰ ਸਕਦਾ ਹੈ। ਸਿਲਾਈ ਦਾ ਹੁਨਰ ਉਹਨੂੰ ਕਦੇ ਭੁੱਖਾ ਨਹੀਂ ਮਰਨ ਦੇਵੇਗਾ- ਇਹ ਹੌਸਲਾ ਤਾਂ ਹੈ ਹੀ। ਇਹ ਗੱਲ ਦਾ ਦੋਖੀ ਦਰਜ਼ੀ ਨਹੀਂ, ਜੇ ਉਹ ਹੁਨਰ ਦੇ ਬਾਵਜੂਦ ਭੁੱਖਾ ਮਰਦਾ ਏ ਜਾਂ ਮਿਹਨਤ ਕਰਨ ਦੇ ਬਾਵਜੂਦ ਭੁੱਖ ਕੱਟਦਾ ਏ। ਕਿਉਂਕਿ ਅਸੀਂ ਕਿਰਤ ਦਾ, ਕਿਰਤੀਆਂ ਦਾ ਸਨਮਾਨ ਨਹੀਂ ਕਰਦੇ; ਕਿਉਂਕਿ ਅਸੀਂ ਸਮਾਜ ਵਿਚ ਵਿਚ ਸਰਮਾਏ ਦੀ ਵੰਡ ਦੇ ਈਮਾਨਦਾਰ ਨਿਯਮ ਨਹੀਂ ਬਣਾਏ, ਕਿਉਂਕਿ ਸਾਨੂੰ ਕਿਰਤ ਦੀ ਕਦਰ ਕਰਨੀ ਭੁੱਲ ਰਹੀ ਹੈ; ਇਸੇ ਲਈ ਸਾਡਾ ਕਿਸਾਨ ਸਰੀਰਿਕ 'ਤੌਰ ਤੇ ਏਡਾ ਔਖਾ, ਕਲਾਤਮਕ ਤੇ ਜੋਖੋਂ ਭਰਿਆ ਕੰਮ ਕਰਕੇ ਵੀ ਆਪ ਕਾਤਰ ਜੀਵਨ ਜਿਉਂ ਲਈ ਬੇਬਸ ਏ। ਵੱਡੇ ਵੱਡੇ ਦਫ਼ਤਰਾਂ ਹਾਰ ਬਣੀਆਂ ਬੁਟੀਕਾਂ ਅੱਜ ਵੀ ਦਰਜ਼ੀਆਂ ਦੇ ਸਿਰ 'ਤੇ ਹੀ ਚਲਦੀਆਂ ਨੇ। ਪਰ ਦਰਜ਼ੀ ਦੇ ਅਪਣੇ ਭਵਿੱਖ ਦਾ ਰੱਬ ਆਪ ਹੀ ਸਹਾਈ ਏ।

ਅਮਰਜੀਤ ਚੰਦਨ ਨੇ ਜੋ ਫ਼ੋਟੋ ਖਿੱਚੀ ਏ, ਉਹਨੂੰ ਵੇਖ ਕੇ ਹਰ ਕਿਸੇ ਨੂੰ ਸਿਲਾਈ ਮਸ਼ੀਨ ਨਾਲ਼ ਜੁੜੀ ਅਪਣੇ ਜੀਵਨ ਦੀ ਕੋਈ ਯਾਦ ਆਵੇਗੀ, ਪਰ ਇਹਨੂੰ ਜਦੋਂ ਕੋਈ ਨਕੋਦਰ ਰਹਿੰਦਾ ਤੇ ਓਥੋਂ ਵਿਛੜਿਆ ਦੇਖੇਗਾ, ਤਾਂ ਉਹਨੂੰ ਸਾਰਾ ਬਾਬਾ ਮਲਿਕ ਬਾਜ਼ਾਰ ਯਾਦ ਆਵੇਗਾ; ਜਿਹਦੀ ਭੀੜੀ ਗਲ਼ੀ ਵਿਚ ਇਹ ਦੁਕਾਨ ਏ। ਜਿਹੜਾ ਬਾਜ਼ਾਰ ਸਵੇਰੇ ਲਾਗਲੇ ਪਿੰਡੋਂ ਸੌਦਾ ਲੈਣ ਆਏ ਤੇ ਦੁਪਿਹਰੋਂ ਬਾਅਦ ਸ਼ਹਿਰੀ ਗਾਹਕਾਂ ਜਾਂ ਘੁਮੰਤੂਆਂ ਨਾਲ਼ ਭਰਿਆ ਰਹਿੰਦਾ ਸੀ, ਦਸਾਂ ਪੰਦਰਾਂ ਸਾਲਾਂ ਤੋਂ ਵੱਡੇ ਦੁਕਾਨਦਾਰਾਂ ਦੁਕਾਨਾਂ ਇਥੋਂ ਚੱਕ ਕੇ ਬਾਹਰਵਾਰ ਪਾ ਲਈਆਂ, ਤਾਂ ਜੋ ਗਾਹਕ ਬਸ ਗੱਡੀ ਤੋਂ ਲਹਿੰਦਾ ਸਿਧਾ ਝੋਲ਼ੀ ਆਉਣ ਡਿੱਗੇ। ਨਾਲ਼ੇ ਸਾਮਾਨ ਦੀ ਸਪਲਾਈ ਏਨੀ ਹੋ ਗਈ ਕਿ ਉਹਦੇ ਲਈ ਮੰਗ ਖੜ੍ਹੀ ਕਰਨ ਵਾਸਤੇ ਨਵੇਂ ਬਾਜ਼ਾਰ ਦੀ ਲੋੜ ਤਾਂ ਹੋਵੇਗੀ ਹੀ। ਇਹ ਬਾਜ਼ਾਰ ਹੁਣ ਸੁੰਨਾ ਹੋ ਗਿਆ; ਦੁਕਾਨਾਂ ਤਾਂ ਹੈਨ, ਪਰ ਰੌਣਕਾਂ ਨਹੀਂ। ਏਸ ਗੱਲ ਨੂੰ ਰੋਣ ਦਾ ਕੋਈ ਲਾਭ ਨਹੀਂ, ਸਮਾਂ ਜਦੋਂ ਬਦਲਦਾ ਹੈ, ਦੇਸ਼ ਨੂੰ ਚਲਾਉਣ ਵਾਲੀ ਵਿਚਾਰਧਾਰਾ ਜਦੋਂ ਬਦਲਦੀ ਏ, ਤਾਂ ਉਹਦੀ ਧਮਕ ਚਵੀਂ ਪਾਸੀਂ ਪੈਂਦੀ ਏ। ਨਾਲ਼ੇ ਕੋਈ ਵਕਤ ਤੋਂ ਨਿਖੜ ਕੇ ਪ੍ਰਸੰਗ ਤੋਂ ਬਾਹਰ ਨਹੀਂ ਹੋਣਾ ਚਾਹੁੰਦਾ।ਇਸ ਲਈ ਦੁਕਾਨਦਾਰ ਵੀਚਾਹੇ ਅਣਚਾਹੇ ਧਨੀ-ਸਮਰਥ ਹੋਣੇ ਦੇ ਸੁਪਨੇ ਲੈਂਦਾ ਜ਼ਮਾਨੇ ਦੀ ਸੁਰ ਚ ਸੁਰ ਰਲ਼ਾ ਲੈਂਦਾ ਏ। ਘਰ ਚੋਂ ਸਿਲਾਈ ਮਸ਼ੀਨ ਵਿਦਿਆ ਕਰਕੇ ਅਸੀਂ ਕਿੰਨੇ ਕੁ ਹੋਰ ਸੁਖੀ ਹੋਏ ਹਾਂ, ਇਹ ਤਾਂ ਸਾਨੂੰ ਆਪ ਸੋਚਣਾ ਪਵੇਗਾ।

ਅਮਰਜੀਤ ਚੰਦਨ ਦੀ ਇਸ ਫ਼ੋਟੋ ਨੇ ਮੈਨੂੰ ਇਹ ਸੋਚਣ ਲਾਇਆ ਹੈ ਕਿ ਕਿਸੇ ਸੰਸਕ੍ਰਿਤੀ ਵਿਚ ਕਿਸੇ ਸਮੇਂ ਵਿਚਰ ਰਹੇ ਲੋਕਾਂ ਨੂੰ ਤਬਦੀਲੀ ਬੜੇ ਨਿੱਗਰ ਸੁਭਾਅ ਨਾਲ਼ ਕਰਨੀ ਚਾਹੀਦੀ ਹੈ। ਨਿੱਗਰ ਸਿਰਫ਼ ਸੁਨਿਆਰੇ ਤੋਂ ਬਣਵਾਏ ਸੋਨੇ ਦੇ ਕੜੇ ਨਹੀਂ ਹੋਣੇ ਚਾਹੀਦੇ, ਸਾਡੀ ਜੀਵਨਜਾਚ ਵੀ ਨਿੱਗਰ ਹੋਣੀ ਚਾਹੀਦੀ ਹੈ। ਨਵੀਆਂ ਹਵਾਵਾਂ ਚ ਸੁੱਖ ਦੀ ਲਸ਼ਕੋਰ ਬੱਧੀ ਵੀ ਹੋਵੇ, ਤਾਂ ਵੀ ਠੋਕ ਪਰਖ ਕੇ ਉਹਦੇ ਨਾਲ਼ ਝੂਟਾ ਲੈਣਾ ਚਾਹੀਦਾ। ਕੇਵਲ ਪੁਰਾਣੀਆਂ ਚੀਜ਼ਾਂ ਨੂੰ ਬਾਹਰ ਕਢ ਕੇ ਨਹੀਂ ਕਿਸੇ ਦਾਨੇ-ਬੀਨੇ ਨਹੀਂ ਹੋ ਜਾਣਾ, ਜੇ ਸੋਚ ਵਿਚ ਅਜੇ ਵੀ ਬੰਦੇ ਨੂੰ ਬੰਦਾ ਨਾ ਸਮਝਣ ਦਾ ਹੰਕਾਰ ਵਸਿਆ ਹੋਇਆ। ਕੇਵਲ ਪਦਾਰਥ ਦੇ ਸਿਰ 'ਤੇ ਸੁੱਖ ਨੂੰ ਘਰ ਤੇ ਸਮਾਜ ਚ ਨਹੀਂ ਟਿਕਾਇਆ ਜਾ ਸਕਦਾ। ਸਮਾਜ ਨੂੰ ਅਪਣੀ ਸਮ੍ਰਿਤੀ ਦੀ ਰਖਿਆ ਕਰਨੀ ਚਾਹੀਦੀ ਹੈ, ਬਾਹਰ ਉਹ ਕਢਣਾ ਚਾਹੀਦਾ, ਜੋ ਦਿਲਾਂ ਨੂੰ ਦੂਰ ਕਰਦਾ ਏ। ਸਾਂਭ ਸੰਭਾਲ਼ ਸਿਰਫ਼ ਧਾਰਮਿਕ ਚਿੰਨ੍ਹਾਂ ਦੀ ਨਹੀਂ ਹੁੰਦੀ, ਸਗੋਂ ਸਿਲਾਈ ਮਸ਼ੀਨ ਵਰਗੀਆਂ ਨਿੱਘੀਆਂ ਵਸਤਾਂ ਦੀ ਵੀ ਹੋਣੀ ਚਾਹੀਦੀ ਹੈ। ਜੋ ਵਸਤ ਆਤਮਸਨਮਾਨ, ਕਲਾਤਮਕਤਾ ਤੇ ਘਰ ਦੇ ਜੀਆਂ ਦੇ ਦੁੱਖ ਸੁੱਖ ਦੀ ਗਵਾਹ

## ਗਾਉਂਦੀ 'ਸਿੰਗਰ' ਸਿਲਾਈ ਮਸ਼ੀਨ

ਸੰਨ ਉੱਨੀ ਸੌ ਪੰਜਾਹਵਾਂ ਚ ਕੀਨੀਆ ਅਫ਼ਰੀਕਾ ਗਏ ਪੰਜਾਬੀ ਘਰ ਮੁੜਦੇ ਦੋ ਸੁਗ਼ਾਤਾਂ ਲਿਆਉਂਦੇ ਹੁੰਦੇ ਸੀ – ਵਲਾਇਤ ਦਾ ਬਣਿਆ ਰੈਲੇ ਬਾਈਸਾਈਕਲ ਤੇ ਸਿੰਗਰ ਸਿਲਾਈ ਮਸ਼ੀਨ ਨਕੋਦਰ ਸਾਡੇ ਘਰ ਚ ਮੇਰੀ ਭੈਣ ਅਮਰੋ ਸਿੰਗਰ ਮਸ਼ੀਨ ਚਲਾਉਂਦੀ ਹੈ। ਸਾਰੇ ਟੱਬਰ ਨੂੰ ਘਰ ਚ ਬੱਝੀ ਮੱਝ ਵਰਗੀ ਅਪਣੱਤ ਇਸ ਮਸ਼ੀਨ ਨਾਲ਼ ਵੀ ਹੈ। ਇਹ ਸਾਡਾ ਨੰਗ ਢਕਦੀ ਹੈ; ਸਾਨੂੰ ਨਿੱਘ ਦਿੰਦੀ ਹੈ। ਇਹਦਾ ਹਰ ਅੰਗ ਹਰ ਪੁਰਜ਼ਾ ਅੱਜ ਵੀ ਛੁਹਵੰਤਾ ਹੈ – ਸੁਡੌਲ ਧਾਤ ਦੀਆਂ ਗੁਲ਼ਾਈਆਂ 'ਤੇ ਵਿਛਿਆ ਸ਼ਾਹ ਰੋਗ਼ਨ ਤੇ ਸੁਨਹਿਰੀ ਵੇਲ ਬੂਟੇ, ਹੱਥੀ, ਕੋਰੇ ਕਪੜੇ ਨਾਲ਼ ਕੁੱਪੀ ਚ ਮਸ਼ੀਨੀ ਤੇਲ ਤੇ ਲੱਕੜ ਦੀ ਗੰਧ ਵੀ। ਚਲਦੀ ਤੇਜ਼ ਤੇ ਮੱਧਮ ਹੁੰਦੀ ਘੱਰਰ ਘੱਰਰ ਦੀ ਆਵਾਜ਼।

ਥੱਲੇ ਬੈਠੀ ਭੈਣ ਮਸ਼ੀਨ ਸੱਜੇ ਹੱਥ ਨਾਲ਼ ਇੰਜ ਚਲਾਉਂਦੀ ਹੈ, ਜਿਵੇਂ ਗਰਾਰੀ ਵਾਲ਼ਾ ਵਾਜਾ ਹੋਵੇ।ਸਭ ਕੁਝ ਸੁਰ ਵਿਚ ਹੈ – ਘੁੰਮਦੀ ਹੱਥੀ ਨਾਲ਼ ਘੁੰਮਦੀ ਧਾਗੇ ਦੀ ਰੀਲ। ਕਪੜੇ ਦੀਆਂ ਤਹਿਆਂ ਨੂੰ ਵਿੰਨ੍ਹਦੀ ਜੋੜਦੀ ਇੱਕੋ ਥਾਂ ਟੱਪੀ ਜਾਂਦੀ ਸੂਈ।

ਭੈਣ ਕਿੰਨੀ ਪਿਆਰੀ ਲਗਦੀ ਹੈ, ਜਦ ਅੰਗੜਾਈ ਲੈਣ ਵਾਂਙ ਸੱਜੇ ਪਾਸੇ ਮੂੰਹ ਕਰ ਬਾਂਹ ਪਸਾਰ ਖੱਬੇ ਮੋਢੇ ਤੋਂ ਲੈ ਕੇ ਕਪੜੇ ਦੀ ਲੰਬਾਈ ਮਿਣਦੀ ਹੈ (ਇਹ ਕਿਸ ਨ੍ਰਿਤ ਦੀ ਭੰਗਿਮਾ ਹੈ?) ਤੇ ਜਦ ਸੀਣ ਪਾ ਕੇ ਦੰਦਾਂ ਨਾਲ਼ 'ਤਾਗਾ' ਟੁੱਕਦੀ ਹੈ।

ਫੇਰ ਅੰਦਰ ਜਾ ਕੇ ਨਵੀਂ ਸੀਤੀ ਕਮੀਜ਼ ਪਾ ਕੇ ਆਉਂਦੀ ਹੈ। ਵੱਡਾ ਸ਼ੀਸ਼ਾ ਘਰ ਚ ਨਹੀਂ। ਮਾਂ ਦੇਖ ਕੇ ਦਸਦੀ ਹੈ: ਠੀਕ ਬਣੀ ਹੈ!

ਭੈਣ ਦੋਹਵੇਂ ਹੱਥ ਦਬਾ ਕੇ ਅਪਣੇ ਪਿੰਡੇ 'ਤੇ ਫੇਰਦੀ ਨਵੀਂ ਕਮੀਜ਼ ਦੇ ਵੱਟ ਕੱਢਦੀ ਹੈ।

ਮਾਂ ਕਹਿੰਦੀ ਹੈ: ਸੁਹਣੀ ਐ। ਸੁਹੰਢਣੀ ਹੋਵੇ!

–ਅਮਰਜੀਤ ਚੰਦਨ

ਹੁੰਦੀ ਏ ਉਹ ਕੇਵਲ ਇਕ ਵਸਤ ਨਹੀਂ ਹੁੰਦੀ, ਉਸ ਵਿਚ ਜਾਣ ਪ੍ਰਾਣ ਹੁੰਦੇ ਨੇ। ਆਉਣ ਵਾਲ਼ੀ ਪੁਸ਼ਤ ਨੂੰ ਅਸੀਂ ਕੇਵਲ ਸਾਮਾਨ ਤੇ ਜ਼ਮੀਨ ਜਾਇਦਾਦ ਨਹੀਂ ਦੇਣੀ ਹੁੰਦੀ, ਸਮ੍ਰਿਤੀ ਸਰੂਪ ਉਹ ਵਸਤਾਂ ਵੀ ਦੇਣੀਆਂ ਹੁੰਦੀਆਂ ਨੇ, ਜੀਹਦੀ ਕੰਨੀ ਫੜ ਕੇ ਉਹ ਅਪਣੇ ਆਪ ਨੂੰ ਲਭ ਸਕੇ। ਪਿਛਲੇ ਸਾਲਾਂ ਚ ਜਿੰਨਾ ਇਲੈਕਟ੍ਰੋਨਿਕ ਕੂੜਾ ਇਕੱਠਾ ਹੋਇਆ ਏ, ਉਹਨੂੰ ਕਿਵੇਂ ਨਜਿੱਠਣਾਹੈ– ਇਹਦੇ ਬਾਰੇ ਸਾਨੂੰ ਕੋਈ ਖ਼ਿਆਲ ਨਹੀਂ; ਜਦਕਿ ਇਕ ਸਿਲਾਈ ਮਸ਼ੀਨ ਘੱਟੋ-ਘੱਟ ਦੋ ਪੁਸ਼ਤਾਂ ਹੰਢਾ ਲੈਂਦੀਆਂ ਸਨ।ਮਾਵਾਂ ਧੀਆਂ, ਨੂੰਹ ਸੱਸਾਂ ਨੂੰ ਜੋੜਨ ਵਾਲ਼ੀ ਸਿਲਾਈ ਮਸ਼ੀਨ ਵੀ ਏ। ਸਿਲਾਈ ਮਸ਼ੀਨ ਲੋਕਾਂ, ਫ਼ਰਿਜਾਂ, ਰੇਡੀਓ, ਟੀਵੀ ਦੇ ਕੱਜਣ ਨਹੀਂ ਬਣਾਉਂਦੀ, ਸਗੋਂ ਇਹਦੇ ਅਪਣੇ ਵੀ ਝਾਲਰ ਵਾਲੇ ਬਸਤਰ ਹੁੰਦੇ ਸਨ, ਜੋ ਉਸੇ ਮਸ਼ੀਨ 'ਤੇ ਸੀਤੇ ਜਾਂਦੇ ਸੀ।

ਸਿਲਾਈ ਮਸ਼ੀਨ ਪ੍ਰਗਤੀ ਦੇ ਸੱਚੇ ਭੌਤਿਕ ਸਰੂਪ ਦੀ ਯਾਦਗਾਰ ਤੇ ਸਦਾ ਪ੍ਰਾਸੰਗਿਕ ਮਸ਼ੀਨ ਏ। ਸਮਾਂ ਕਦੇ ਇਕ ਥਾਂ ਨਹੀਂ ਟਿਕ ਸਕਦਾ।ਸਮਾਜ ਵੀ ਸਦਾ ਇੱਕੋ ਵਿਚਾਰ 'ਤੇ ਨਹੀਂ ਟਿਕ ਸਕਦਾ। ਪਰ ਏਨਾ ਗ਼ਾਫ਼ਿਲ ਤਾਂ ਨਹੀਂ ਹੋਣਾ ਚਾਹੀਦਾ ਕਿ ਸੋਝੀ ਹੀ ਨਾ ਰਹੇ – ਕਿਹੜਾ ਪੈਰ ਅੱਗੇ ਪੁੱਟ ਰਹੇ ਤੇ ਕਿਹੜਾ ਪਿੱਛੇ। ਇਸਫ਼ੋਟੋ ਵਿਚ ਨੁੱਕਰ ਵਿਚ ਬੈਠੇ ਭਾਈ ਜੀ ਦੀ ਇਕਾਗਰਤਾ ਦੇ ਕੀ ਕਹਿਣੇ। ਇਹ ਇਕਾਗਰਤਾ ਕਲਾਕਾਰ ਦੀ ਇਕਾਗਰਤਾ ਹੈ, ਇਹ ਮਿਸਤਰੀ ਦਾ ਵਿਵੇਕ ਹੈ; ਜੋ ਕਿਰਤ ਕਰਕੇ ਨਾਂਹ ਨੂੰ ਹਾਂ ਬਣਾ ਦਿੰਦਾ ਹੈ। ਮੈਂ ਵੀ ਇਨ੍ਹਾਂ ਭਾਈ ਸਾਹਿਬ ਨੂੰ ਕਈ ਵਾਰ ਵੇਖਿਆ ਏ। ਜਦੋਂ ਅਮਰਜੀਤ ਚੰਦਨ ਨੇ ਬਾਜ਼ਾਰ ਤੁਰੇ ਜਾਂਦੇ ਇਨ੍ਹਾਂ ਦੀ ਫ਼ੋਟੋ ਖਿੱਚੀ ਹੋਏਗੀ, ਹੋ ਸਕਦੈ ਇਨ੍ਹਾਂ ਨੂੰ ਪਤਾ ਵੀ ਨਾ ਲੱਗਾ ਹੋਵੇ।ਪਰ ਇਹ ਫ਼ੋਟੋ ਵੇਖ ਕੇ ਮੇਰੇ ਦਿਲ ਚ ਜੋ ਵਾਪਰਦਾ, ਮੇਰੇ ਲਈ ਸਾਡੇ ਲਈ ਓਹੋ ਇਹਦਾ ਹਾਸਿਲ ਏ।



# ਪ੍ਰਭਜੋਤ ਕੌਰ ਦੀ
## ਅਲਵਿਦਾ

ਉਮਰ ਦੇ ਅੰਤਮ ਦਿਨੀਂ ਆਪਣੀ ਕਲਮਕਾਰੀ ਦੀ ਗੱਲ ਕਰਦਿਆਂ ਪ੍ਰਭਜੋਤ ਹੋਰਾਂ ਲਿਖਿਆ—

'ਪਿਆਰ ਤੇ ਵਿਸ਼ਾਦ ਮੇਰੀ ਕਵਿਤਾ ਦਾ ਅੰਤ੍ਰੀਵ ਸੱਚ ਹੈ। ਧੁਰਲਾ ਸੱਚ। ਕਵਿਤਾ ਪਹਿਨ ਭਟਕਣ ਦਾ ਸ੍ਰੋਤ ਹੈ ਤੇ ਰਚਨਾ ਕਰਕੇ ਪ੍ਰਾਪਤੀ ਦਾ ਅਹਿਸਾਸ ਹੁੰਦਾ ਹੈ।

ਇਨਸਾਨ ਦੇ ਅੰਦਰ ਅਨੇਕ ਬੰਦ ਦਰਵਾਜ਼ੇ ਹਨ—ਚੇਤਨ ਤੇ ਅਵਚੇਤਨ ਦੇ। ਇਹ ਖੁੱਲ੍ਹਦੇ ਤੇ ਬੰਦ ਹੁੰਦੇ ਰਹਿੰਦੇ ਨੇ। ਭਟਕਣਾ ਦੀ ਪ੍ਰਾਪਤੀ ਹੈ।"

ਇੰਨਾ ਘੁਲ ਕੇ ਸਹਿਜ–ਭਾ ਹੀ ਲਿਖਿਆ ਜਾਂਦਾ ਹੈ। ਪ੍ਰਭਜੋਤ ਹੋਰਾਂ ਤਤਕਾਲੀ ਵਿਸ਼ਿਆਂ 'ਤੇ ਵੀ ਲਿਖਿਆ ਪਰ ਬੇਬਸੀ, ਉਦਾਸੀ, ਗ਼ਮਗੀਨੀ, ਨਿਰਾਸ਼ਾ ਇਸ ਕਵਿਤਾ ਦੇ ਕੇਂਦਰ 'ਚ ਰਹੇ। ਕਈ ਕਾਵਿ–ਸੰਗ੍ਰਹਿ ਹਨ ਪ੍ਰਭਜੋਤ ਹੋਰਾਂ ਦੇ ਪਰ ਚਿੰਤਨ ਅਤੇ ਦਰਸ਼ਨ ਵੀ। ਇਸ ਦੇ ਬਾਵਜੂਦ ਕਿ ਉਨ੍ਹਾਂ ਦੀ ਜ਼ਿੰਦਗੀ ਘਟਨਾ ਭਰਪੂਰ ਸੀ। ਨਿੱਜੀ ਜ਼ਿੰਦਗੀ ਦੇ ਜਸ਼ਨ ਨੇ ਕਾਵਿ ਦੇ ਕੈਨਵਸ ਨੂੰ ਸੀਮਤ ਕਰ ਦਿੱਤਾ।

ਪ੍ਰਭਜੋਤ ਹੋਰਾਂ ਦਾ ਰੁਝੇਵੇਂ ਵਾਲਾ ਜੀਵਨ ਸੀ। ਕਵਿਤਾ ਰਚਣ ਦੇ ਨਾਲ ਨਾਲ ਉਸ ਦੂਜੀਆਂ ਜ਼ਬਾਨਾਂ ਦੀ ਕਵਿਤਾ ਨੂੰ ਪੰਜਾਬੀ ਵਿਚ ਉਲਥਾਇਆ ਅਤੇ ਪਤੀ ਅਤੇ ਨਾਵਲਕਾਰ ਨਰਿੰਦਰਪਾਲ ਸਿੰਘ ਹੋਰਾਂ ਨਾਲ ਰਲ ਕੇ ਅਤੇ *ਵਿਕੇਂਦਰਤ* ਅਤੇ *ਬਾਈਵਰਤ* ਪਰਚਿਆਂ ਦੀ ਸੰਪਾਦਨਾ ਕੀਤੀ।

ਨਰਿੰਦਰਪਾਲ ਸਿੰਘ ਡਿਪਲੋਮੈਟਿਕ ਸੇਵਾਵਾਂ ਨਾਲ ਸੰਬੰਧਤ ਰਹੇ। ਪ੍ਰਭਜੋਤ ਕੌਰ ਹੋਰਾਂ ਨੂੰ ਕਈ ਮੁਲਕਾਂ ਵਿਚ ਜਾਣ ਦਾ ਮੌਕਾ ਮਿਲਿਆ। ਇਨ੍ਹਾਂ ਮੌਕਿਆਂ ਨੂੰ ਉਨ੍ਹਾਂ ਸਭਿਆਚਾਰਕ ਖੇਤਰ ਵਿਚ ਵਿਚਰਨ ਲਈ ਵਰਤਿਆ। ਸਥਾਨਕ ਲੇਖਕਾਂ ਨਾਲ ਸੰਵਾਦ ਰਚਾਇਆ। ਉਨ੍ਹਾਂ ਦੀਆਂ ਰਚਨਾਵਾਂ ਨੂੰ ਪੰਜਾਬੀ ਵਿਚ ਉਲਥਾਇਆ। ਕਈ ਅਵਾਰਡ ਹਾਸਿਲ ਕੀਤੇ। ਸਭਿਆਚਾਰਕ ਵਿਸ਼ਿਆਂ ਬਾਰੇ ਪੁਸਤਕਾਂ ਲਿਖੀਆਂ। ਕੰਮ ਵਿਚ ਲੀਨ ਰਹਿਣਾ ਵੀ ਸਾਧਨਾ ਹੈ। ਇਹੋ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਵਾਲਾ ਪਹਿਲੂ ਹੈ। ਇਸ ਕਰਕੇ ਪੰਜਾਬੀ ਪਾਠਕ ਦਾ ਉਨ੍ਹਾਂ ਨੂੰ ਯਾਦ ਰੱਖਣਾ ਬਣਦਾ ਹੈ।

ਉਨ੍ਹਾਂ ਸਮਿਆਂ ਵਿਚ ਜਦੋਂ ਔਰਤਾਂ ਲਈ ਘਰ ਦੀਆਂ ਬਰੂਹਾਂ ਅੰਦਰ ਰਹਿਣਾ ਈ ਉਹਦੀ ਹੋਣੀ ਸੀ, ਪ੍ਰਭਜੋਤ ਹੋਰਾਂ ਕਾਵਿ–ਖੇਤਰ 'ਚ ਸਰਗਰਮੀ ਨਾਲ ਹਿੱਸਾ ਲਿਆ। ਨਾ ਸਿਰਫ਼ ਕਵਿਤਾ ਲਿਖੀ ਸਗੋਂ ਕ ਨਾਲ ਵੀ ਪੂਰੀ ਤਰ੍ਹਾਂ ਜੁੜੇ ਰਹੇ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ :

*ਮੈਂ ਛੇ ਜੁਲਾਈ 1923 ਦੀ / ਸਵੇਰ ਨੂੰ ਜਨਮ ਲਿਆ*
*ਉਨ੍ਹਾਂ — ਮੇਰੇ ਪਿਤਾ ਤੇ ਮਾਤਾ ਨੇ / ਮੈਨੂੰ ਲਾਡ ਲਡਾਉਂਦਿਆਂ*
*ਸੁਪਨਿਆਂ ਦੀ ਇਕ ਜਗੀਰ ਬਖ਼ਸ਼ੀ / ਤੇ ਕਿਹਾ—ਕਿ ਤੂੰ ਸਮੇਂ ਦੇ ਇਸ ਖ਼ਲਾਅ ਦੇ ਟੋਟੇ ਨੂੰ*
*ਚਾਨਣ ਸੰਗ ਭਰਨਾ ਹੈ / ਸੰਕੋਚ ਨਹੀਂ ਸੰਜਮ ਜ਼ਰੂਰੀ ਹੈ*
*ਸੰਜਮ ਬਿਨਾਂ ਸਾਗਰ ਦਾ ਮੰਥਨ ਨਹੀਂ ਹੁੰਦਾ / ਜੋ ਵਿਸ਼ ਨੂੰ ਅੰਮ੍ਰਿਤ ਨਾਲੋਂ ਵੱਖ ਕਰਨ ਦਾ ਕਰਮ ਹੈ !*
*ਮੈਂ ਅੰਮ੍ਰਿਤ ਰਸ ਦਾ ਕਟੋਰਾ / ਹੋਰਾਂ ਨੂੰ ਵੰਡ ਦਿੱਤਾ*
*ਤੇ ਵਿਸ਼ ਦਾ ਪਿਆਲਾ / ਆਪ ਹੀ ਪੀ ਗਈ*
*ਬਿਨਾਂ ਸੋਚਣ ਦੇ, ਸਮਝਣ ਦੇ ਤੇ ਪਛਾਨਣ ਦੇ /ਮੈਂ ਆਪ ਹੀ ਨੀਲਕੰਠ ਬਣ ਬੈਠੀ*

–ਮੋਹਨਜੀਤ



# ਜਦੋਂ ਬਾਬਾ ਬੋਲਦਾ ਹੈ...

## *ਹਰਪ੍ਰੀਤ ਲਵਲੀ*

ਚੌਥੀ ਜਮਾਤ ਵੇਲੇ ਦੇਖੇ ਭਾ'ਜੀ ਦੇ ਨਾਟਕ ਮੈਨੂੰ ਕਾਲਜ ਵਿਚ ਪੜ੍ਹਨ ਵੇਲੇ ਰੰਗਮੰਚ ਤਕ ਲੈ ਆਏ। ਇੰਡੀਅਨ ਥੀਏਟਰ ਵਿਚ ਐੱਮ.ਏ. ਕਰਨ ਤੋਂ ਬਾਅਦ ਜਦੋਂ ਮੈਂ ਭਾਅ ਜੀ ਨਾਲ ਜੁੜਿਆ ਤਾਂ ਮੈਨੂੰ ਰੰਗਮੰਚੀ ਸਰੋਕਾਰਾਂ ਦਾ ਇਲਮ ਹੋਇਆ। ਭਾ'ਜੀ ਨਾਲ ਵਿਚਰਦਿਆਂ ਮੈਂ ਉਨ੍ਹਾਂ ਦੀ ਸੋਚ, ਫ਼ਿਕਰ, ਲੋਕਾਂ ਤਕ ਨਾਟਕ ਪਹੁੰਚਾਉਣ ਦੀਆਂ ਉਨ੍ਹਾਂ ਦੀਆਂ ਯੋਜਨਾਵਾਂ, ਆਦਤਾਂ ਅਤੇ ਉਨ੍ਹਾਂ ਦਾ ਆਪਣੇ ਕਲਾਕਾਰਾਂ ਨਾਲ ਵਰਤ ਵਰਤਾਓ ਆਦਿ ਨੂੰ ਛੋਟੇ-ਛੋਟੇ ਡਾਇਰੀ ਨਾਟ ਰੂਪਾਂ ਵਿਚ ਪ੍ਰੋਇਆ ਹੈ। ਭਾ'ਜੀ ਦੇ 52 ਸਾਲਾਂ ਰੰਗਮੰਚੀ ਸਫ਼ਰ ਵਿਚੋਂ ਸਾਡਾ 7-8 ਕਲਾਕਾਰਾਂ ਦਾ ਇਹ ਆਖ਼ਰੀ ਬੈਚ ਸੀ। ਸੋ ਪੇਸ਼-ਏ-ਖਿਦਮਤ ਨੇ ਗੁਰਸ਼ਰਨ ਭਾ'ਜੀ ਤੇ ਸਾਡੇ ਵਿਚਕਾਰ ਵਾਪਰੀਆਂ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਮੇਰੇ ਛੋਟੇ-ਛੋਟੇ ਡਾਇਰੀ ਨਾਟ-ਰੂਪ 'ਜਦੋਂ ਬਾਬਾ ਬੋਲਦਾ ਹੈ ਤਾਂ ਕੋਈ ਨਹੀਂ ਬੋਲਦਾ'। ਪਾਤਰ : ਇਕੱਤਰ ਸਿੰਘ, ਹਰਪ੍ਰੀਤ ਜੱਜ, ਵਿਕਰਮਜੀਤ, ਜਸਵੀਰ ਕੁਮਾਰ ਜੱਸੀ, ਅਨੀਤਾ ਸ਼ਬਦੀਸ, ਕੇਵਲ ਧਾਲੀਵਾਲ ਤੇ ਲਵਲੀ।

### *ਦ੍ਰਿਸ਼ 1 : ਵੱਡੇ ਨਾਟਕਕਾਰ ਦੀ ਸ਼ਾਹਕਾਰ ਕਹਾਣੀ*

**ਭਾ' ਜੀ :** ਅਜਮੇਰ ਔਲਖ ਵੱਡਾ ਨਾਟਕਕਾਰ ਏ, ਦੁਨੀਆ ਦੇ ਵੱਡੇ ਨਾਟਕਕਾਰਾਂ ਵਿਚੋਂ ਇਕ ਏ, ਦੁਨੀਆ ਦੇ ਵੱਡੇ ਨਾਟਕਕਾਰਾਂ ਵਿਚੋਂ। ਉਸ ਦੀ ਮੁਹਾਵਰੇਦਾਰ ਬੋਲੀ ਤੇ ਬਹੁਤ ਵੱਡੀ ਪਕੜ ਏ ਮਤਲਬ ਜੇ ਉਸ ਦੇ ਨਾਟਕ ਹੋਰਨਾਂ ਜ਼ੁਬਾਨਾਂ ਵਿਚ ਅਨੁਵਾਦ ਕੀਤੇ ਜਾਣ ਤਾਂ ਸਾਡੇ ਵਿਚ ਇਸ ਨਾਟਕਕਾਰ ਨੂੰ ਪੂਰੀ ਦੁਨੀਆ ਜਾਣੇਗੀ। ਸ਼ਾਇਦ ਬਹੁਤ ਘੱਟ ਬੰਦਿਆ ਨੂੰ ਪਤਾ ਏ ਔਲਖ ਨਾਟਕਕਾਰ ਹੋਣ ਦੇ ਨਾਲ-ਨਾਲ ਕਹਾਣੀਕਾਰ ਵੀ ਬਹੁਤ ਵੱਡਾ ਏ।

**ਲਵਲੀ :** ਹਾਂ ਜੀ ਭਾ'ਜੀ, ਉਨ੍ਹਾਂ ਦੀ ਕਹਾਣੀ 'ਬਹਿਕਦਾ ਰੋਹ' ਛਪੀ। ਬਾਅਦ ਵਿਚ ਉਨ੍ਹਾਂ ਨੇ ਉਸ 'ਤੇ ਆਧਾਰਿਤ ਨਾਟਕ ਲਿਖਿਆ 'ਜਦੋਂ ਬੋਹਲ ਰੋਂਦੇ ਨੇ'।

**ਭਾ'ਜੀ :** ਹਾਂ ਤੇ ਮੇਰਾ ਮਤਲਬ ਉਸ ਦੀਆਂ ਕਹਾਣੀਆਂ ਦਾ ਵੀ ਨੋਟਿਸ ਲੈਣਾ ਬਣਦਾ ਏ। ਇਕ ਉਸ ਦੀ ਕਹਾਣੀ ਏ 'ਉਲਟੀ'। ਇਕ ਬੱਸ ਵਿਚ ਇਕ ਸੀਟ ਕੋਲੇ ਕਿਸੇ ਨੇ ਉਲਟੀ ਕੀਤੀ ਹੋਈ ਸੀ। ਸਾਰੀਆਂ ਚੜ੍ਹਨ ਵਾਲੀਆਂ ਸਵਾਰੀਆਂ ਉਸ ਨੂੰ ਦੇਖ ਕੇ ਅਗਾਂਹ ਲੰਘ ਰਹੀਆਂ ਸਨ। ਕੋਈ ਉਸ ਸੀਟ 'ਤੇ ਬੈਠਣ ਲਈ ਤਿਆਰ ਨਹੀਂ ਸੀ। ਬੱਸ ਦਾ ਕੰਡਕਟਰ ਐ...ਹ...ਹ...ਹ... (ਐਹ ਨੂੰ ਲੰਬਾ ਕਰਕੇ) ਮਤਲਬ ਐਹ ਜਿਹੜੇ ਦੋ ਤਿੰਨ ਕਿੱਲਿਆਂ ਵਾਲੇ ਜੱਟ ਕੰਡਕਟਰ ਨੇ ਇਹ ਐ...ਹ...ਹ...ਹ...ਹੰਕਾਰੇ ਹੋਏ ਨੇ ਮਤਲਬ ਬੰਦੇ ਨੂੰ ਬੰਦਾ ਨਈਂ ਸਮਝਦੇ। ਪੰਜਾਬ ਦੇ ਲੋਕਾਂ ਕੋਲ ਚਾਰ ਫੂਕਾਂ ਨੇ ਇਕ ਐਹ ਕਿ ਅਸੀਂ ਪੰਜਾਬੀ ਆਂ, ਦੂਸਰਾ ਅਸੀਂ ਦਾਰੂ ਪੀਂਦੇ ਆਂ, ਤੀਸਰਾ ਅਸੀਂ ਮਰਦ ਆਂ, ਚੌਥਾ ਅਸੀਂ ਜੱਟ ਆਂ...ਐ....ਹ ਬਣੇ ਫਿਰਦੇ ਆਂ। ਇਸ ਤਰ੍ਹਾਂ ਦੇ ਕੰਡਕਟਰ ਸਮਾਜ ਲਈ ਖ਼ਤਰਨਾਕ ਨੇ। ਚਲੋ ਖ਼ੈਰ, ਇਕ ਪਰਵਾਸੀ ਮਜ਼ਦੂਰ ਬੱਸ ਵਿਚ ਚੜ੍ਹਦਾ ਏ, ਉਹ ਵੀ ਉਲਟੀ ਦੇਖ ਕੇ ਅਗਾਂਹ ਨੱਸਣ ਦੀ ਕੋਸ਼ਿਸ਼ ਕਰਦਾ ਹੈ। ਉਹ ਕੰਡਕਟਰ ਉਸ ਨੂੰ ਗਰਦਨ ਤੋਂ ਪਕੜਦਾ ਏ ਤੇ ਉਲਟੀ ਵਾਲੀ ਸੀਟ 'ਤੇ ਬਿਠਾ ਦਿੰਦਾ ਏ। ਮੇਰਾ ਮਤਲਬ ਇਹ ਪੰਜਾਬੀ ਦੀ ਸ਼ਾਹਕਾਰ ਕਹਾਣੀ ਏ ਜਿਸ ਨੂੰ ਜ਼ਿਅਦਾ ਤੋਂ ਜ਼ਿਆਦਾ ਲੋਕ ਪੜ੍ਹਨ।

### *ਦ੍ਰਿਸ਼ 2 : ਇਕ ਹੋਰ ਵੱਡਾ ਫ਼ਿਕਰ*

**ਭਾ'ਜੀ :** ਹੁਣ ਮੇਰਾ ਇਕ ਵੱਡਾ ਫ਼ਿਕਰ ਏ। ਦਵਿੰਦਰ ਸਤਿਆਰਥੀ ਦੀ ਕਿਤਾਬ 'ਗਿੱਧਾ'। ਉਸ ਨੂੰ 50 ਸਾਲ ਹੋ ਚੱਲੇ ਨੇ ਮਤਲਬ

ਉਸ ਕਿਤਾਬ ਦਾ 50 ਸਾਲਾ ਸਮਾਗਮ ਕਰਨਾ ਬਣਦਾ ਏ।

### *ਦ੍ਰਿਸ਼ 3 : ਭੂਆ ਲਫ਼ਜ਼ ਸਮਾਜ ਦਾ ਵਾਇਰਸ*

(ਪ੍ਰਾਚੀਨ ਕਲਾ ਕੇਂਦਰ 'ਚ ਰੀਹਰਸਲ ਚੱਲ ਰਹੀ ਸੀ। ਅਨੀਤਾ ਆਪਣੇ ਭਰਾ ਦੇ ਵਿਆਹ ਦਾ ਕਾਰਡ ਦੇਣ ਆਈ।) **ਅਨੀਤਾ :** ਭਾ'ਜੀ ਮੇਰੇ ਬ੍ਰਦਰ ਦੀ ਮੈਰਿਜ਼ ਆ, ਐਤਵਾਰ। ਆਹ ਕਾਰਡ ਆ, ਜ਼ਰੂਰ ਆਉਣਾ। ਭਾ'ਜੀ ਬੜੀ ਮੁਸ਼ਕਿਲ ਨਾਲ ਤਹਿ ਹੋਇਆ ਵਿਆਹ।

**ਭਾ'ਜੀ :** ਚਲੋ ਜੀ, ਹੋ ਗਿਆ ਬੜਾ ਚੰਗਾ ਹੋਇਆ।

**ਅਨੀਤਾ :** ਭਾ'ਜੀ ਇੰਟਰਕਾਸਟ ਮੈਰਿਜ਼ ਹੋਣ ਕਰਕੇ, ਕੁੜੀ ਦੀ ਭੂਆ ਨੇ ਤਿੰਨ ਚਾਰ ਸਾਲਾਂ ਤੋਂ ਕਾਫ਼ੀ ਰੇੜਕਾ ਪਾਇਆ ਹੋਇਆ ਸੀ। ਮਸਾਂ ਈ ਮੰਨੀ ਆਂ।

**ਭਾ'ਜੀ :** (ਤੈਸ਼ 'ਚ ਆ ਗਏ) ਇਹ ਭੂਆ ਲਫ਼ਜ਼ ਸਮਾਜ 'ਚ ਖ਼ਤਮ ਹੋਣਾ ਚਾਹੀਦਾ ਏ। ਭੂਆ, ਐਹਹਹ...ਭੂਆ ਲਫ਼ਜ਼ ਮੇਰਾ ਮਤਲਬ ਖ਼ਤਮ ਹੋਣਾ ਚਾਹੀਦਾ ਏ। ਜਦੋਂ ਇਹ ਪੇਕਿਆਂ ਦੇ ਘਰ ਹੁੰਦੀਆਂ ਨੇ ਬੜੀਆਂ ਚੰਗੀਆਂ ਹੁੰਦੀਆਂ ਨੇ ਪਰ ਜਦੋਂ ਵਿਆਹੀਆਂ ਜਾਂਦੀਆਂ ਨੇ ਫੇਰ ਪੇਕਿਆਂ 'ਚ ਦਖ਼ਲਅੰਦਾਜ਼ੀ ਕਰਦੀਆਂ ਨੇ। ਆਪਣੀਆਂ ਭਰਜਾਈਆਂ ਨੂੰ ਤੰਗ ਕਰਦੀਆਂ ਨੇ। ਮਤਲਬ ਉਨ੍ਹਾਂ ਦੇ ਹਰ ਕੰਮ 'ਚ ਟੰਗ ਅੜਾਉਂਦੀਆਂ ਨੇ (ਫੇਰ ਪਾਰਾ ਚੜ੍ਹ ਗਿਆ) ਇਹ ਭੂਆ ਲਫ਼ਜ਼, ਭੂਆ ਲਫ਼ਜ਼ ਹੋਣਾ ਈ ਨਹੀਂ ਚਾਹੀਦਾ ਸਮਾਜ 'ਚ।

**ਲਵਲੀ :** (ਮਨ ਵਿਚ) ਭਾ'ਜੀ ਨੇ ਪੂਰਾ ਜ਼ੋਰ ਲਗਾ ਕੇ ਆਪਣੇ ਅੰਦਰੋਂ ਤਾਂ ਇਹ ਲਫ਼ਜ਼ ਕੱਢ ਦਿੱਤਾ ਤੇ ਸਮਾਜ 'ਚ ਏਦਾਂ ਦੀਆਂ ਭੂਆ ਹਾਲੇ ਵੀ ਆਪਣੀਆਂ ਭੂਮਿਕਾਵਾਂ ਅਦਾ ਕਰ ਰਹੀਆਂ ਨੇ।

### *ਦ੍ਰਿਸ਼ 4 : ਭਾ' ਜੀ ਵਰਸਿਜ਼ ਉਦਾਸੀ ਤੇ ਗੁਰਸ਼ਰਨ ਸਿੰਘ ਯਾਦਗਾਰੀ ਪੁਰਸਕਾਰ*

(ਅਸੀਂ ਫ਼ਾਜ਼ਿਲਕਾ ਦੇ ਨੇੜੇ ਕਿਸੇ ਪਿੰਡ ਦੇ ਇਕ ਘਰ ਵਿਚ ਬੈਠੇ ਸੀ।)

**ਭਾ'ਜੀ :** ਸੰਤ ਰਾਮ ਉਦਾਸੀ ਸਾਡਾ ਯੁੱਗ ਕਵੀ ਏ। ਮੈਨੂੰ ਹਾਲੇ ਵੀ ਯਾਦ ਏ ਉਸ ਨੇ ਬੜੀ ਵੱਡੀ ਗ਼ਲਤੀ ਕੀਤੀ ਸੀ। ਉਸ ਨੂੰ ਪ੍ਰੋ. ਮੋਹਨ ਸਿੰਘ ਮੇਲੇ ਵਿਚ ਸਨਮਾਨਿਤ ਕੀਤਾ ਗਿਆ। ਐਵੇਂ ਥੋੜ੍ਹੇ ਬਹੁਤੇ ਪੈਸੇ ਵੀ ਦਿੱਤੇ ਗਏ। ਜਦੋਂ ਮੈਨੂੰ ਪਤਾ ਲੱਗਾ ਤਾਂ ਮੈਂ ਉਦਾਸੀ ਦੇ ਘਰ ਗਿਆ।

**ਲਵਲੀ :** ਵਧਾਈ ਦੇਣ ਵਾਸਤੇ ?

**ਭਾ'ਜੀ :** (ਖਿਝ ਕੇ) ਨਈਂ, ਉਸ ਨੂੰ ਕੁੱਟਣ ਲਈ। ਨਸੀਬ ਕੌਰ ਉਸ ਦੀ ਘਰਵਾਲੀ ਵਿਹੜੇ ਵਿਚ ਬੈਠੀ ਸੀ। ਮੈਂ ਕਿਹਾ ਉਦਾਸੀ ਕਿੱਥੇ ਵੇ ? ਨਸੀਬ ਕੌਰ ਕਹਿਣ ਲੱਗੀ—ਬੈਠੋ ਭਾ'ਜੀ, ਮੈਂ ਚਾਹ ਬਨਾਨੀ ਆਂ। ਮੈਂ ਕਿਹਾ (ਪੂਰੇ ਤੈਸ਼ ਵਿਚ ਆ ਕੇ) ਮੈਂ ਪਾਣੀ ਤਕ ਨਈਂ ਪੀਣਾ, ਉਦਾਸੀ ਕਿੱਥੇ ਵੇ। ਕਹਿਣ ਲੱਗੀ—ਅੰਦਰ ਕਮਰੇ 'ਚ ਨੇ। ਮੈਂ ਕਮਰੇ 'ਚ ਗਿਆ ਤੇ ਕੁੰਡੀ ਲਗਾ ਲਈ।

**ਲਵਲੀ :** ਫੇਰ ਭਾ'ਜੀ।

**ਭਾ'ਜੀ :** ਮੈਂ ਉਸ ਨੂੰ ਕੁੱਟਿਆ। ਓਏ ਤੂੰ ਉਨ੍ਹਾਂ ਧਨਾਢਾਂ ਦੇ ਹੱਥੋਂ ਵਿਕ ਗਿਆ। ਅਸੀਂ ਸਾਰੀ ਉਮਰ ਜਿਨ੍ਹਾਂ ਦੇ ਖ਼ਿਲਾਫ਼ ਲੜਦੇ ਰਹੇ।

(ਬਦਕਿਸਮਤੀ ਵੇਖੋ ਕਿ ਭਾ'ਜੀ ਦੇ ਦੁਨੀਆ ਤੋਂ ਰੁਖ਼ਸਤ ਹੋਣ ਉਪਰੰਤ 2011 ਵਿਚ ਪ੍ਰੋ. ਮੋਹਨ ਸਿੰਘ ਦੇ ਮੇਲੇ ਵਿਚ ਇਕ ਸ਼ਖ਼ਸ ਨੂੰ ਨਿਰਦੇਸ਼ਕ, ਨਾਟਕਕਾਰ ਸਮਝ ਕੇ ਗੁਰਸ਼ਰਨ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।)

### *ਦ੍ਰਿਸ਼ 5 : ਖੇਸ ਦਾ ਕਲੇਸ਼*

ਸਰਦੀ ਦਾ ਮੌਸਮ ਸੀ। ਪ੍ਰਾਚੀਨ ਕਲਾ ਕੇਂਦਰ ਵਿਚ ਨਾਟਕ ਦਾ ਸੈੱਟ ਲੱਗਾ ਹੋਇਆ ਸੀ। ਮੇਰੇ ਨਾਲ ਦੇ ਸਾਰੇ ਕਲਾਕਾਰ ਆਪੋ ਆਪਣੇ ਘਰ ਵਿਚ ਨਾਟਕ ਪ੍ਰੋਪਰਟੀ ਦੇ ਖੇਸ ਚੁੱਕ ਕੇ ਲੈ ਗਏ ਸਨ। ਭ'ਜੀ ਰੀਹਰਸਲ ਵਿਚ ਆਏ।

**ਭਾ'ਜੀ :** ਇਕੱਤਰ ਅੱਜ ਆਪਾਂ ਰੀਹਰਸਲ ਨਈਂ ਕਰਨੀ, ਅੱਜ ਮੈਂ ਸਾਰੀ ਕੌਸਟਿਊਮ ਚੈਕ ਕਰਨੀ ਏ। ਪਹਿਲਾਂ ਤਾਂ ਸਾਰੇ ਖੇਸ ਇਥੇ ਲੈ ਕੇ ਆਓ ਮੇਰੇ ਸਾਹਮਣੇ।

(ਸਾਰੇ ਕਲਾਕਾਰ ਇਕ ਦੂਸਰੇ ਨਾਲ ਨਜ਼ਰਾਂ ਮਿਲਾਉਣ ਲੱਗੇ। ਹੁਣ ਸੈੱਟ ਦੇ ਪਿੱਛੇ ਸਾਰੇ ਰਾਏ ਕਰਨ ਲੱਗੇ ਕਿ ਭਾ'ਜੀ ਦੇ ਗ਼ੁੱਸੇ ਤੋਂ ਕਿਵੇਂ ਬਚਿਆ ਜਾਵੇ।)

**ਇਕੱਤਰ :** (ਸੈੱਟ ਪਿੱਛੇ) ਖੇਸ ਤਾਂ ਘਰ ਪਏ ਨੇ, ਦੋ ਮੇਰੇ ਕੋਲ ਨੇ, ਤਿੰਨ ਜੱਜ ਲੈ ਗਿਆ, ਲਓ ਬਈ ਅੱਜ ਤਾਂ ਜੁੱਤੀਆਂ ਪੈਣ ਦਾ ਪੂਰਾ ਪੂਰਾ ਪ੍ਰੋਗਰਾਮ ਬਣ ਗਿਆ।

**ਵਿਕਰਮ :** (ਸੈੱਟ ਪਿੱਛੋਂ ਕੁੜਤੇ ਚੁੱਕੀ ਮੰਚ 'ਤੇ ਆਉਂਦੀ ਹੈ।) ਭਾ'ਜੀ ਆਹ ਜਿਹੜੇ ਆਪਾਂ ਕੁੜਤੇ ਫਗਵਾੜੇ ਤੋਂ ਲਏ ਸਨ ਉਹ ਲੱਭ ਗਏ ਨੇ।

**ਭਾ'ਜੀ :** ਲੱਭ ਪਏ ਨੇ। ਇਨ੍ਹਾਂ ਨੂੰ ਇਥੇ ਰੱਖੋ 'ਕੱਲਾ-'ਕੱਲਾ ਕਰਕੇ ਮੇਰੇ ਸਾਹਮਣੇ। (ਫੇਰ ਭਾ'ਜੀ ਨੂੰ ਖੇਸਾਂ ਦਾ ਖ਼ਿਆਲ ਆਇਆ, ਗ਼ੁੱਸੇ ਵਿਚ) ਉਹ ਖੇਸ ਕਿੱਥੇ ਨੇ ? ਖੇਸ ਲੈ ਕੇ ਆਓ।

**ਇਕੱਤਰ :** ਲਿਆਉਣੇ ਆਂ ਭ'ਜੀ।

**ਜੱਜ** : (ਸੈੱਟ ਪਿੱਛੋਂ ਜੈਕਟਾਂ ਚੁੱਕੀ ਆਉਂਦਾ ਹੈ।) ਭਾ'ਜੀ ਓਦਣ ਆਪਾਂ ਜੈਕਟਾਂ ਲੱਭਦੇ ਸੀ, ਇਹ ਲੱਭ ਗਈਆਂ ਨੇ ਟਰੰਕ 'ਚ ਪਈਆਂ ਸੀ।

**ਭਾ'ਜੀ** : ਲੱਭ ਪਈਆਂ ਨੇ। ਇਥੇ ਰੱਖੋ ਮੇਰੇ ਸਾਹਮਣੇ ਇਹ ਜੈਕਟਾਂ। ਆਪਣੀ ਕਢਾਈ ਕਰਕੇ ਪੂਰੇ ਅੰਮ੍ਰਿਤਸਰ 'ਚ ਮਸ਼ਹੂਰ ਨੇ, ਮਤਲਬ ਐਦਾਂ ਦੀ ਕਢਾਈ ਅੱਜ ਕੱਲ੍ਹ ਨਈਂ ਨਾ ਹੁੰਦੀ। (ਫੇਰ ਯਾਦ ਆ ਗਿਆ) ਉਹ ਖੇਸ ਕਿੱਥੇ ਨੇ ?

**ਵਿਕਰਮ** : (ਸੈੱਟ ਪਿੱਛੋਂ ਆਵਾਜ਼ ਦੇ ਕੇ) ਭਾ'ਜੀ ਲੱਭ ਰਹੇ ਆਂ।

**ਭਾ'ਜੀ** : (ਬਹੁਤ ਉੱਚੀ ਉੱਚੀ) ਓ ਖੇਸ ਕਿੱਥੇ ਨੇ, ਖੇਸ ਕਿਉਂ ਨਹੀਂ ਮੇਰੇ ਸਾਹਮਣੇ ਲੈ ਕੇ ਆਂਦੇ। ਤੁਸੀਂ ਲੋਕਾਂ ਮੈਨੂੰ ਬਰਬਾਦ ਕਰ ਦੇਣਾ ਏ। (ਐਨੇ ਨੂੰ ਅਗੀਤ ਦੀਦੀ ਦੀ (ਭਾ'ਜੀ ਦੀ ਛੋਟੀ ਬੇਟੀ) ਗੱਡੀ ਦਾ ਹੌਰਨ ਵੱਜਿਆ ਸੁਣਾਈ ਦਿੱਤਾ। ਸਾਰਿਆਂ ਦੀ ਜਾਨ 'ਚ ਜਾਨ ਆ ਗਈ। ਇਕੱਤਰ ਸੈੱਟ ਤੋਂ ਪਿੱਛੋਂ ਮੰਚ 'ਤੇ ਆਇਆ।)

**ਇਕੱਤਰ** : ਭਾ'ਜੀ ਦੀਦੀ ਆ ਗਏ ਨੇ।

**ਭਾ'ਜੀ** : ਹੈਅ ਜੀ, ਦੀਦੀ ਆ ਗਏ ਨੇ। (ਭਾ'ਜੀ ਕੰਧ 'ਤੇ ਲੱਗੇ ਟਾਈਮਪੀਸ ਵੱਲ ਹੱਥ ਨਾਲ ਇਸ਼ਾਰਾ ਕਰਦੇ ਹਨ। ਮੂੰਹ ਉਸ ਤੋਂ ਉਲਟ ਦਿਸ਼ਾ ਵਿਚ ਰੱਖਦੇ ਹਨ। ਇਸ ਤਰ੍ਹਾਂ ਉਹ ਅਕਸਰ ਕਰਦੇ ਹੁੰਦੇ ਸਨ ਤੇ ਇਕੱਤਰ ਤੋਂ ਇਕ ਸਵਾਲ ਪੁੱਛਦੇ ਹਨ ਤੇ ਅੱਜ ਵੀ ਪੁੱਛਿਆ) ਇਕੱਤਰ ਵਕਤ ਕੀ ਹੋਇਆ ?

**ਇਕੱਤਰ** : ਭਾ'ਜੀ ਡੇਢ ਵੱਜ ਗਿਆ।

(ਇਕੱਤਰ ਭਾ'ਜੀ ਦਾ ਹੱਥ ਫੜ ਕੇ ਪ੍ਰਾਚੀਨ ਕਲਾ ਕੇਂਦਰ ਤੋਂ ਬਾਹਰ ਲੈ ਗਿਆ। ਖੇਸਾਂ ਵਾਲਾ ਮਸਲਾ ਰਫਾ ਦਫ਼ਾ ਹੋ ਗਿਆ। ਕਲਾਕਾਰਾਂ ਨੇ ਠੰਡਾ ਸਾਹ ਲਿਆ।)

## *ਦ੍ਰਿਸ਼ 6 : ਲਵਲੀ ਤੇਰਾ ਇਮਤਿਹਾਨ ਏ*

ਭਾ'ਜੀ ਦੀ ਨਿਗਰਾਨੀ ਹੇਠ ਮੈਂ ਸ਼ਾਹਿਦ ਨਦੀਮ ਦਾ ਨਾਟਕ 'ਤੀਸਰੀ ਦਸਤਕ' ਕਰਵਾ ਰਿਹਾ ਸੀ। ਇਕ ਨਵੇਂ ਮੁੰਡੇ ਨੂੰ ਸਿਪਾਹੀ ਦਾ ਰੋਲ ਦਿੱਤਾ। ਉਹ ਡਾਇਲਾਗ ਘਰੋੜ-ਘਰੋੜ ਕੇ ਬੋਲਦਾ ਸੀ ਤੇ ਉਸ ਦਾ ਭਾਵ ਵੀ ਮਾਰ ਦਿੰਦਾ ਸੀ। ਮੈਂ ਉਸ ਨਾਲ ਤਿੰਨ ਚਾਰ ਦਿਨ ਸਿਰ ਖਪਾਈ ਕੀਤੀ ਪਰ ਗੱਲ ਨਹੀਂ ਬਣੀ।

**ਭਾ'ਜੀ** : ਇਹ ਮੁੰਡਾ ਸਿਪਾਹੀ ਦਾ ਰੋਲ ਨਈਂ ਕਰੇਗਾ। (ਕਿਸੇ ਦੂਸਰੇ ਵੱਲ ਇਸ਼ਾਰਾ ਕਰਕੇ) ਸਿਪਾਹੀ ਦਾ ਰੋਲ ਐਹ ਮੁੰਡਾ ਕਰੇਗਾ।

**ਪਹਿਲਾ ਮੁੰਡਾ** : (ਮੈਨੂੰ ਪਾਸੇ ਲਿਜਾ ਕੇ) ਇਹ ਬੜੀ ਗੱਲ ਆ, ਮੈਂ ਤਾਂ ਸਾਰੇ ਘਰਦਿਆਂ, ਦੋਸਤਾਂ, ਮਿੱਤਰਾਂ ਨੂੰ ਵੀ ਦੱਸ ਦਿੱਤਾ ਮੈਂ ਨਾਟਕ 'ਚ ਲੱਗਾ। ਮੈਨੂੰ ਨਈਂ ਪਤਾ ਮੈਂ ਤਾਂ ਰੋਲ ਕਰਨਾ ਈ ਕਰਨਾ।

**ਲਵਲੀ** : ਤੂੰ ਟੈਨਸ਼ਨ ਨਾ ਲੈ, ਜੇ ਰੋਲ ਨਈਂ ਵਰ ਕਰ ਰਿਹਾ ਤਾਂ ਕੀ ਹੋਇਆ ਆਪਾਂ ਤੈਨੂੰ ਦਿੱਲੀ ਨਾਲ ਲੈ ਕੇ ਜਾਵਾਂਗੇ।

**ਪਹਿਲਾ ਮੁੰਡਾ** : ਮੈਂ ਕਦੇ ਦਿੱਲੀ ਨਈਂ ਦੇਖੀ, ਗੱਲ ਤਾਂ ਰੋਲ ਦੀ ਆ। ਮੈਂ ਚਾਰ ਗਾਣਿਆਂ 'ਚ ਮੋਡਲਿੰਗ ਕੀਤੀ ਆ, ਬੜੀ ਬੇਸ਼ਰਮੀ ਹੋਊਗੀ ਜਦੋਂ ਪਤਾ ਲੱਗਿਆ ਮੈਨੂੰ ਨਾਟਕ 'ਚੋਂ ਕੱਢ ਤਾ।

**ਲਵਲੀ** : ਮੈਂ ਭਾ'ਜੀ ਨਾਲ ਗੱਲ ਕਰਦੈ, ਤੂੰ ਕੱਲ੍ਹ ਆਈਂ। (ਅਗਲੇ ਦਿਨ) ਭਾ'ਜੀ ਮੁੰਡਾ ਬੜਾ ਉਤਾਵਲਾ ਜੀ, ਇਹਨੂੰ ਕਿਤੇ ਨਾ ਕਿਤੇ ਜ਼ਰੂਰ ਫਿਟ ਕਰਨਾ ਨਾਟਕ 'ਚ।

(ਬਹੁਤਿਆਂ ਪਾਤਰਾਂ ਨੂੰ ਥੋੜਿਆਂ 'ਚ ਤੇ ਥੋੜਿਆਂ ਨੂੰ ਬਹੁਤਿਆਂ 'ਚ ਕਿਵੇਂ ਤਬਦੀਲ ਕਰਨਾ ਇਹਦੇ ਬਾਰੇ ਭਾ'ਜੀ ਤੋਂ ਬਿਹਤਰ ਹੋਰ ਕੌਣ ਜਾਣਦਾ। ਭਾ'ਜੀ ਨੇ ਹੁਣ ਨਵੀਂ ਜੁਗਤ ਲੱਭ ਗਈ।)

**ਭਾ'ਜੀ** : (ਨਾਟਕ ਦੇ ਸੀਨ ਦਾ ਵਿਸਥਾਰ ਦੱਸਦੇ ਹੋਏ) ਹੁਣ ਜਦ ਥਾਣੇਦਾਰ ਕਿਰਾਏਦਾਰਾਂ ਤੋਂ ਹਾਜੀ ਸਾਹਿਬ ਬਾਰੇ ਪੁੱਛਦਾ ਏ ਤਾਂ ਸਾਰੇ ਮੁੱਕਰ ਜਾਂਦੇ ਨੇ ਕਿ ਹਾਜੀ ਸਾਹਬ ਤਾਂ ਇਥੇ ਆਏ ਹੀ ਨਹੀਂ। ਥਾਣੇਦਾਰ ਕਹਿੰਦਾ ਹੈ ਕਿ ਹਾਜੀ ਸਾਹਿਬ ਨੂੰ ਪਾਨ ਵਾਲੇ ਨੇ ਹਵੇਲੀ ਅੰਦਰ ਵੜਦਿਆਂ ਦੇਖਿਆ ਹੈ। ਹੁਣ ਥਾਣੇਦਾਰ ਪਾਨ ਵਾਲੇ ਦਾ ਜ਼ਿਕਰ ਕਰਦਾ ਏ ਪਰ ਪਾਨ ਵਾਲਾ ਸਟੇਜ 'ਤੇ ਨਈਂ ਆਂਦਾ। ਇਸ ਮੁੰਡੇ ਨੂੰ ਪਾਨ ਵਾਲਾ ਬਣਾ ਕੇ ਸਟੇਜ 'ਤੇ ਲੈ ਕੇ ਆਓ।

(ਹੁਣ ਉਹ ਮੁੰਡਾ ਪਾਨ ਵਾਲੇ ਦੇ ਰੋਲ ਵਿਚ ਮੰਚ 'ਤੇ ਆਉਂਦਾ ਹੈ। ਸੀਨ ਸ਼ੁਰੂ ਹੁੰਦਾ ਹੈ।)

**ਥਾਣੇਦਾਰ** : (ਕਿਰਾਏਦਾਰਾਂ ਨੂੰ) ਤੁਸੀਂ ਸਾਰੇ ਝੂਠ ਬੋਲਦੇ ਓ। ਸਾਡੇ ਕੋਲ ਚਸ਼ਮਦੀਦ ਗਵਾਹ ਏ। ਦਸ ਬਈ ਪਾਨ ਵਾਲੇ।

**ਪਾਨ ਵਾਲਾ** : ਹਾਂ ਜੀ, ਮੈਂ ਆਪਣੀਆਂ ਅੱਖਾਂ ਨਾਲ ਵਖਿਆ ਜੀ ਹਾਜੀ ਸਾਹਿਬ ਨੂੰ ਹਵੇਲੀ 'ਚ ਵੜਦਿਆਂ।

(ਮੁੰਡੇ ਨੂੰ ਰੋਲ ਤਾਂ ਮਿਲ ਗਿਆ। ਹੁਣ ਨਵਾਂ ਪੰਗਾ ਖੜ੍ਹਾ ਹੋ ਗਿਆ। ਇਹ ਪਾਨ ਵਾਲਾ ਮੁੰਡਾ ਜਦੋਂ ਡਾਇਲਾਗ ਬੋਲਦਾ ਸੀ ਦੋਵੇਂ ਪੈਰਾਂ 'ਤੇ ਉਛਲਦਾ ਬਹੁਤ ਸੀ ਜਿਵੇਂ ਸਾਈਕਲ ਚਲਾ ਰਿਹਾ ਹੋਵੇ।)

**ਭਾ'ਜੀ** : ਇਹਦਾ ਉਲਛਣਾ ਬੰਦਾ ਕਰਵਾ।

**ਲਵਲੀ** : ਬਈ ਕਾਕਾ ਇਕ ਥਾਂ 'ਤੇ ਖੜ ਕੇ ਡਾਇਲਾਗ ਬੋਲ, ਉਛਲ ਨਾ।

(ਪਰ ਜੀ ਕਿੱਥੇ, ਉਹਦਾ ਸਾਈਕਲ ਚੱਲਣਾ ਬੰਦ ਨਾ ਹੋਇਆ। ਹਰ ਵਾਰ ਟੋਕਣ 'ਤੇ ਅੱਛਾ ਜੀ ਕਹਿ ਦਿਆ ਕਰੇ, ਪਰ ਉਸ ਦੇ ਪੈਰਾਂ ਦਾ ਉਲਛਣਾ ਓਸੇ ਤਰ੍ਹਾਂ ਹੀ ਚੱਲਦਾ ਰਿਹਾ।)

**ਭਾ'ਜੀ** : (ਪਾਰਾ ਚੜ੍ਹ ਗਿਆ) ਇਹਦਾ ਸਾਈਕਲ ਬੰਦ ਕਰਵਾ। ਲਵਲੀ ਇਹ ਤੰਗ ਇਮਤਿਹਾਨ ਏ ਤੇਰਾ। ਤੂੰ ਐੱਮ.ਏ. ਕਰੀ ਫਿਰਨੈ। ਤੇਰਾ ਇਮਤਿਹਾਨ ਏ।

(ਹੁਣ ਮੇਰੇ ਦਿਮਾਗ਼ 'ਚ ਸਕੀਮ ਆਈ ਜੋ ਕਾਮਯਾਬ ਵੀ ਹੋ ਗਈ।)

**ਲਵਲੀ :** ਸਿਪਾਹੀ ਨੰ. ਇਕ, ਤੂੰ ਇਸ ਦਾ ਸੱਜਾ ਪੈਰ ਦਬਾ ਕੇ ਰੱਖੀਂ ਤੇ ਨੰਬਰ ਦੋ ਤੂੰ ਖੱਬੇ ਪੈਰ 'ਤੇ ਪੈਰ ਰੱਖੀਂ, ਜੇ ਬਹੁਤਾ ਭੁੜਕੇ ਤਾਂ ਇਸ ਦੀਆਂ ਬਾਹਵਾਂ ਵੀ ਫੜ ਲਵੋ।

(ਹੁਣ ਸਮੱਸਿਆ ਹੱਲ ਹੋ ਗਈ। ਮੈਂ ਭਾ'ਜੀ ਦੇ ਇਮਤਿਹਾਨ ਵਿਚੋਂ ਪਾਸ ਹੋ ਗਿਆ ਸੀ।

## *ਦ੍ਰਿਸ਼ 7 : ਜਦੋਂ ਭਾ'ਜੀ ਦੁਨੀਆ ਨਾਲੋਂ ਟੁੱਟ ਗਏ*

ਅਸੀਂ 2006 ਵਿਚ ਪੰਜ ਪਾਣੀ ਥੀਏਟਰ ਫੈਸਟੀਵਲ ਦੌਰਾਨ ਲਹੌਰ ਦੇ ਗਰੀਸ ਹੋਟਲ ਵਿਚ ਠਹਿਰੇ ਹੋਏ ਸੀ। ਭਾ'ਜੀ ਕਹਿਣ ਲੱਗੇ—

**ਭਾ'ਜੀ :** ਮੈਂ ਸਵੇਰੇ ਅਖ਼ਬਾਰ ਪੜ੍ਹਨਾ ਚਾਵਾਂਗਾ। ਇਕ ਉਰਦੂ ਦਾ ਅਖ਼ਬਾਰ ਤੇ ਇਕ ਅੰਗਰੇਜ਼ੀ ਦਾ। ਕੌਣ ਜ਼ਿੰਮੇਵਾਰੀ ਲਵੇਗਾ।

**ਅਨੀਤਾ :** (ਭਾ'ਜੀ ਨੂੰ) ਮੈਂ ਲੈ ਆਵਾਂਗੀ।

**ਭਾ'ਜੀ :** ਮੈਨੂੰ ਸਵੇਰੇ ਛੇ ਵਜੇ ਚਾਹੀਦਾ ਏ।

**ਲਵਲੀ :** ਭਾ'ਜੀ ਮੈਂ ਲੈ ਆਊਂਗਾ।

**ਭਾ'ਜੀ :** ਠੀਕ ਏ, ਦੋ ਅਖ਼ਬਾਰ ਲੈ ਕੇ ਆਣੇ ਨੇ।

(ਅਗਲੇ ਦਿਨ ਸਵੇਰੇ ਅਖ਼ਬਾਰ ਲੈਣ ਗਿਆ ਤਾਂ ਹੈਰਾਨ ਹੋ ਗਿਆ। 13 ਰੁਪੈ ਦਾ ਉਰਦੂ ਅਖ਼ਬਾਰ ਸੀ, 20 ਰੁਪਏ ਦਾ ਅੰਗਰੇਜ਼ੀ ਅਖ਼ਬਾਰ ਸੀ।)

**ਲਵਲੀ :** (ਮਨ ਵਿਚ) ਐਨੇ ਮਹਿੰਗੇ ਅਖ਼ਬਾਰ ਖ਼ਰੀਦ ਲਏ ਤਾਂ ਭਾ'ਜੀ ਕਹਿਣਗੇ ਤੂੰ ਮੈਨੂੰ ਬਰਬਾਦ ਕਰ ਦੇਣਾ ਏ। ਓਏ ਐਨੇ ਮਹਿੰਗੇ ਅਖ਼ਬਾਰ। ਅੱਗ ਲੱਗੀ ਹੋਈ ਏ। ਮਹਿੰਗਾਈ ਨੂੰ।

(ਮੈਂ ਅਖ਼ਬਾਰ ਛੱਡ ਆਇਆ, ਭਾ'ਜੀ ਨੂੰ ਦੁਪਹਿਰ ਤਕ ਮਿਲਿਆ ਵੀ ਨਾ ਤੇ ਨਾ ਹੀ ਸੂਚਿਤ ਕੀਤਾ ਕਿ ਅਖ਼ਬਾਰ ਮਹਿੰਗੇ ਹੋਣ ਕਰਕੇ ਮੈਂ ਛੱਡ ਆਇਆ। ਮੈਂ ਸਾਰੇ ਕਲਾਕਾਰਾਂ ਨਾਲ ਬੈਠਾ ਲੰਚ ਕਰ ਰਿਹਾ ਸੀ। ਉਥੇ ਨੀਲਮ ਮਾਨ ਸਿੰਘ ਚੌਧਰੀ, ਊਸ਼ਾ ਗਾਂਗੋਲੀ, ਕੇਵਲ ਧਾਲੀਵਾਲ ਹੁਰੀਂ ਖਾਣਾ ਖਾ ਰਹੇ ਸਨ। ਭਾ'ਜੀ ਦਾ ਹੱਥ ਫੜੀ ਇਕੱਤਰ ਲੈ ਕੇ ਆ ਰਿਹਾ ਸੀ।)

**ਭਾ'ਜੀ :** (ਭਾ'ਜੀ ਦਾ ਪਾਰਾ ਚੜ੍ਹਿਆ ਹੋਇਆ ਸੀ, ਮੇਰੇ ਕੋਲ ਆ ਕੇ) ਓਏ ਤੂੰ ਮੈਨੂੰ ਬਰਬਾਦ ਕਰ ਦਿੱਤਾ। ਤੂੰ ਮੈਨੂੰ ਦੁਨੀਆ ਨਾਲੋਂ ਕੱਟ ਦਿੱਤਾ। ਬੋਲ, ਅਖ਼ਬਾਰ ਕਿਉਂ ਨਈਂ ਲੈ ਕੇ ਆਇਆ। ਸਾਰਾ ਹਾਲ ਸ਼ਾਂਤ ਸੀ, ਸਾਰੇ ਮੇਰੇ ਤੇ ਭਾ'ਜੀ ਵੱਲ ਵੇਖ ਰਹੇ ਸਨ।

**ਲਵਲੀ :** ਉਹ ਭਾ'ਜੀ ਉਹ...ਉਹ।

**ਭਾ'ਜੀ :** ਇਹ ਖਾਣਾ ਛੱਡ ਤੇ ਹੁਣੇ ਈ ਜਾ ਕੇ ਅਖ਼ਬਾਰ ਲੈ ਕੇ ਆ।

(ਮੈਂ ਅਖ਼ਬਾਰਾਂ ਵਾਲੇ ਕੋਲ ਗਿਆ।)

**ਅਖ਼ਬਾਰ ਵਾਲਾ :** ਕਿਹੜੀ ਅਖ਼ਬਾਰ ਭਾਈ ਜਾਨ ?

**ਲਵਲੀ :** ਜਿੰਨੇ ਪਾਕਿਸਤਾਨ 'ਚ ਛਪਦੇ ਨੇ ਸਾਰੇ ਦੇ ਦਿਉ। (ਸੌ-ਸਵਾ ਸੌ ਦੇ ਅਖ਼ਬਾਰ ਖ਼ਰੀਦ ਕੇ ਭਾ'ਜੀ ਨੂੰ ਦਿੱਤੇ ਤਾਂ ਜਾ ਕੇ ਉਨ੍ਹਾਂ ਦਾ ਪਾਰਾ ਸ਼ਾਂਤ ਹੋਇਆ।)

## *ਦ੍ਰਿਸ਼ 8 : ਅਹਿਦਨਾਮਾ*

2006 ਵਿਚ ਪੰਜ ਪਾਣੀ ਥੀਏਟਰ ਫੈਸਟੀਵਾਲ ਵਿਚ ਲਹੌਰ ਦੇ ਆਡੀਟੋਰੀਅਮ ਅਲਹਮਰਾ ਵਿਚ ਕੇਵਲ ਧਾਲੀਵਾਲ ਨੇ ਗੁਰਸ਼ਰਨ ਭਾ'ਜੀ ਨੂੰ ਮੰਚ 'ਤੇ ਬੁਲਾਉਣ ਤੋਂ ਪਹਿਲਾਂ ਭਾ'ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਰੰਗਮੰਚੀ ਕਾਰਜ ਬਾਰੇ ਬੋਲਿਆ।

**ਕੇਵਲ ਧਾਲੀਵਾਲ :** ਗੁਰਸ਼ਰਨ ਭਾ'ਜੀ ਦਾ ਰੰਗਮੰਚੀ ਕਾਰਜ ਅੱਧੀ ਸਦੀ ਤਕ ਫੈਲਿਆ ਹੋਇਆ ਹੈ, ਭਾ'ਜੀ ਨੇ ਨਾਟਕ ਨੂੰ ਪੰਜਾਬ ਦੇ ਪਿੰਡ ਪਿੰਡ ਪਹੁੰਚਾਇਆ ਤੇ ਪੂਰੇ ਹਿੰਦੁਸਤਾਨ ਵਿਚ ਪੰਜਾਬੀ ਰੰਗਮੰਚ ਨੂੰ ਮਾਣ ਦਵਾਇਆ। ਭਾ'ਜੀ 150 ਦੇ ਕਰੀਬ ਨਾਟਕ ਲਿਖ ਚੁੱਕੇ ਨੇ ਤੇ 2000 ਦੇ ਕਰੀਬ ਪੇਸ਼ਕਾਰੀਆਂ ਦੇ ਚੁੱਕੇ ਨੇ। ਤੁਹਾਡੀਆਂ ਜ਼ੋਰਦਾਰ ਤਾੜੀਆਂ ਵਿਚ ਮੈਂ ਸੱਦਾ ਦੇ ਰਿਹਾ ਪੰਜਾਬੀ ਦੇ ਬਾਬਾ ਬੋਹੜ ਨਾਟਕਕਾਰ ਗੁਰਸ਼ਰਨ ਸਿੰਘ।

(ਥੀਏਟਰ ਹਾਲ ਪੂਰਾ ਸ਼ਾਂਤ ਸੀ।)

**ਭਾ'ਜੀ :** ਮੇਰਿਓ ਲੋਗੋ, ਮੈਂ ਵੰਡ ਵੇਲੇ ਬੜਾ ਕੁਝ ਵੇਖਿਆ। ਅਸੀਂ ਮੁਲਤਾਨ ਵਿਚ ਨੰਗੀਆਂ ਸਿੱਖ ਲੜਕੀਆਂ ਦਾ ਜਲੂਸ ਵੇਖਿਆ ਤੇ ਅੰਮ੍ਰਿਤਸਰ ਵਿਚ ਮੁਸਲਮਾਨ ਲੜਕੀਆਂ ਦਾ। ਸਾਡੀ ਜਿੰਨੀ ਵਾਹ ਲੱਗਦੀ ਅਸੀਂ ਰੋਕਿਆ, ਮੇਰੇ ਸਾਥੀਆਂ, ਮੇਰੀਆਂ ਭੈਣਾਂ ਨੇ ਉਨ੍ਹਾਂ ਨੂੰ ਕੱਪੜੇ ਦਿੱਤੇ ਸਨ ਤਨ ਢੱਕਣ ਲਈ। (ਭਾ'ਜੀ ਭਾਵੁਕ ਹੋ ਗਏ, ਹਾਲ ਵਿਚ ਬੈਠੀਆਂ ਔਰਤਾਂ ਤੇ ਮਰਦ ਇਸ ਗੱਲ ਨੂੰ ਸੁਣ ਕੇ ਇਸ ਤਰ੍ਹਾਂ ਰੋ ਰਹੇ ਸਨ ਜਿਵੇਂ ਉਨ੍ਹਾਂ ਦੇ ਜ਼ਖ਼ਮ ਫੇਰ ਤੋਂ ਹਰੇ ਹੋ ਗਏ ਸਨ) ਕਸਮ ਖਾਓ ਤੁਸੀਂ ਸਾਰੇ ਪੜ੍ਹੇ ਲਿਖੇ ਲੋਗ ਓ, ਕਸਮ ਖਾਓ ਕਿ ਆਉਣ ਵਾਲੇ ਸਮੇਂ ਵਿਚ ਸਰਕਾਰ ਭਾਵੇਂ ਕੋਈ ਹੋਵੇ, ਹਾਲਾਤ ਭਾਵੇਂ ਕੋਈ ਹੋਵੇ ਔਰਤ ਦੀ ਬੇਪੱਤੀ ਨਈਂ ਕਰੋਗੇ। ਆਪਸ ਵਿਚ ਮਰਦ ਭਾਵੇਂ ਲੜੋ, ਝਗੜੋ, ਔਰਤ ਦਾ ਸਨਮਾਨ ਸਤਿਕਾਰ ਬਰਕਰਾਰ ਰੱਖੋਗੇ।

(ਸਾਰੇ ਹਾਲ ਨੇ ਰੋਂਦਿਆਂ ਹੋਇਆਂ ਤਾੜੀਆਂ ਮਾਰ ਕੇ ਭਾ'ਜੀ ਦੀ ਇਸ ਗੱਲ ਦਾ ਸਮਰਥਨ ਕੀਤਾ।) ੮

ਮਿਖ਼ਾਈਲ ਨਈਮੀ ਦਾ ਨਾਵਲ

# ਮੀਰਦਾਦ ਦੀ ਪੁਸਤਕ : ਇਕ ਪੜ੍ਹਤ

*ਤਨਵੀਰ*

"ਆਤਮਿਕ ਜਿੱਤ ਲਈ ਤਾਂਘਦੇ ਲੋਕਾਂ ਲਈ ਚਾਨਣ-ਮੁਨਾਰਾ ਹੈ ਇਹ ਪੁਸਤਕ
ਬਾਕੀ ਸਭ ਇਸ ਤੋਂ ਖ਼ਬਰਦਾਰ ਰਹਿਣ।
-ਮਿਖ਼ਾਈਲ ਨਈਮੀ"



ਲੇਖਕ ਦੀ ਤਬੀਅਤ ਬਹੁਤ ਤਰਲ ਹੁੰਦੀ ਹੈ। ਲੇਖਕ ਜੇ ਸੁਰ 'ਚ ਹੋ ਜਾਵੇ ਤਾਂ ਰਿਸ਼ੀ ਹੋ ਜਾਂਦਾ ਹੈ ਜੇ ਸੁਰ ਹਿਲ ਜਾਵੇ ਤਾਂ ਪਾਗ਼ਲ। ਰਿਸ਼ੀ ਸਦਾ ਰਿਸ਼ੀ ਰਹਿੰਦਾ ਹੈ ਲੇਖਕ ਰਿਸ਼ੀਪਣ ਨੂੰ ਛੂਹ ਕੇ ਪਰਤ ਆਉਂਦਾ ਹੈ ਪਰ ਰਿਸ਼ੀ ਹੋਣ ਦੇ ਪਲਾਂ 'ਚ ਉਹ ਜੋ ਸਿਰਜਦਾ ਹੈ ਉਹ ਬੇਜੋੜ ਹੁੰਦਾ ਹੈ। 'ਮੀਰਦਾਦ ਦੀ ਪੁਸਤਕ' ਲੇਖਕ ਮਿਖ਼ਾਈਲ ਨਈਮੀ ਦੇ ਰਿਸ਼ੀ ਹੋਣ ਦੇ ਪਲਾਂ 'ਚ ਪ੍ਰਗਟ ਹੋਈ ਪੁਸਤਕ ਹੈ। ਮਿਖ਼ਾਈਲ ਨਈਮੀ ਨੇ ਤੀਹ ਦੇ ਕਰੀਬ ਪੁਸਤਕਾਂ ਲਿਖੀਆਂ ਪਰ ਉਹ ਖੁਦ ਕਬੂਲ ਕਰਦਾ ਹੈ ਕਿ ਉਹ ਦੋਬਾਰਾ ਅਜਿਹੀ ਬੁਲੰਦੀ ਨੂੰ ਨਹੀਂ ਪਹੁੰਚ ਸਕਿਆ।

ਮਿਖ਼ਾਈਲ ਦੇ ਚਿੰਤਨ ਦੀ ਜਿਥੇ ਗੁਰਬਾਣੀ ਤੇ ਸੂਫ਼ੀ ਚਿੰਤਨ ਨਾਲ ਸਮਾਨਤਾ ਹੈ ਉਥੇ ਉਸਦੀਆਂ ਕੁਝ ਧਾਰਨਾਵਾਂ ਚੀਨੀ ਚਿੰਤਕ ਲਾਓਤਸੇ ਵਲੋਂ ਪੁਸਤਕ 'ਤਾਓ-ਤੇ-ਚਿੰਗ' 'ਚ ਅਤੇ ਨਿਤਸ਼ੇ ਵਲੋਂ ਪੁਸਤਕ 'ਇਉਂ ਬੋਲਿਆ ਜ਼ਰਥਸੁਤਰ' 'ਚ ਪੇਸ਼ ਕੀਤੀਆਂ ਧਾਰਨਾਵਾਂ ਨਾਲ ਮਿਲਦੀਆਂ-ਜੁਲਦੀਆਂ ਹਨ।

ਬੁੱਧ ਪੁਰਸ਼ਾਂ ਦੇ ਕਹੇ ਦੀ ਥਾਹ ਪਾਉਣ ਲਈ ਕਈ ਵਾਰ ਟੀਕੇ ਤੇ ਵਿਆਖਿਆ ਦੀ ਲੋੜ ਪੈਂਦੀ ਹੈ ਪਰ ਮੀਰਦਾਦ ਪਹਿਲਾਂ ਕਾਵਿਕ ਭਾਸ਼ਾ 'ਚ ਆਪਣਾ ਕਥਨ ਬੋਲਦਾ ਹੈ ਫਿਰ ਉਸਦਾ ਸਟੀਕ ਟੀਕਾ ਕਰਦਾ ਹੈ ਫਿਰ ਵਿਆਖਿਆ ਕਰਦਾ ਹੈ। ਜਿਥੇ ਵੀ ਪਾਠਕ ਦੇ ਮਨ 'ਚ ਕੋਈ ਸਵਾਲ ਉਠਦਾ ਹੈ ਉਥੇ ਹੀ ਅਗਲੀਆਂ ਸਤਰਾਂ 'ਚ ਮੀਰਦਾਦ ਦਾ ਕੋਈ ਚੇਲਾ ਲਗਭਗ ਉਹੀ ਸਵਾਲ ਪੁੱਛ ਲੈਂਦਾ ਹੈ। ਮੀਰਦਾਦ ਦੇ ਸਮੁੱਚੇ ਚਿੰਤਨ ਨੂੰ ਜੇ ਥੋੜ੍ਹੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ ਉਹ ਬੰਦੇ ਅੰਦਰਲੀ 'ਮੈਂ' ਦੀ ਵਿਆਖਿਆ ਕਰਦਾ ਦੱਸਦਾ ਹੈ ਕਿ ਬੰਦੇ ਦੀ 'ਮੈਂ' ਸ਼੍ਰਿਸ਼ਟੀ ਦੀ 'ਵਿਰਾਟ ਮੈਂ' ਨਾਲੋਂ ਕਿਵੇਂ ਵੱਖ ਹੋਈ? 'ਵਿਰਾਟ ਮੈਂ' ਤੇ ਬੰਦੇ ਦੀ 'ਮੈਂ' ਵਿਚਕਾਰ ਕਿਹੜੇ ਪਰਦੇ ਪੈ ਗਏ ਨੇ? ਬੰਦੇ ਦੀ 'ਮੈਂ' ਉਸ 'ਵਿਰਾਟ ਮੈਂ' ਨਾਲ ਦੋਬਾਰਾ ਕਿਵੇਂ ਇੱਕਮਿਕ ਹੋਵੇ? ਸੂਫ਼ੀਮਤ ਦੇ ਸ਼ਬਦਾਂ 'ਚ ਮਿਖ਼ਾਈਲ ਦਾ ਚਿੰਤਨ 'ਫਨਾ' ਤੋਂ 'ਬਕਾ' ਦਾ ਤੱਕ ਦਾ ਸਫ਼ਰ ਹੈ। ਇਕ ਥਾਂ ਮੀਰਦਾਦ ਆਖਦਾ ਹੈ- ਮਨੁੱਖ ਦਾ ਆਪਾ ਦੋਫਾੜ ਹੋ ਚੁਕਿਆ ਹੈ। ਉਸਦੇ ਆਪੇ ਦਾ ਇਕ ਭਾਗ ਦੈਵੀ, ਸਰਬ-ਵਿਆਪੀ ਅਤੇ ਅਨੰਤ ਹੈ ਜਿਹੜਾ ਉਸਦੀ ਸਮੇਂ ਸਥਾਨ ਦੇ ਬੰਧਨਾਂ ਤੋਂ ਜਨਮੀ ਸੀਮਤ 'ਮੈਂ' ਜਾਂ 'ਹਉਮੈਂ' ਦੇ ਪਰਦੇ ਪਿਛੇ ਲੁਕ ਗਿਆ ਹੈ।

ਇਹ ਨਾਵਲ 'ਪੜ੍ਹ-ਪੜ੍ਹ ਕਿਤਾਬਾਂ ਢੇਰ ਕੁੜੇ ਮੇਰਾ ਵੱਧਦਾ ਜਾਏ ਨ੍ਹੇਰ ਕੁੜੇ.. ਇੱਕ ਚਿਣਗ ਮੈਨੂੰ ਵੀ ਚਾਹੀਦੀ' ਦੀ ਸਥਿਤੀ ਤੋਂ ਬਾਅਦ ਪੜ੍ਹਨ ਵਾਲਾ ਗ੍ਰੰਥ ਹੈ। ਮੀਰਦਾਦ ਦੇ ਕਥਨ 'ਮੈਂ' ਦੀਆਂ ਗੰਢਾਂ ਖੋਰਦੇ ਨੇ, ਤੁਹਾਡੇ ਅੰਦਰੋਂ ਹਜ਼ਾਰਾਂ ਪਰਿੰਦੇ ਰਿਹਾਅ ਹੋ ਕੇ ਆਕਾਸ਼ 'ਚ ਉੱਡ ਜਾਂਦੇ ਨੇ, ਤੁਹਾਨੂੰ ਤੁਹਾਡੀ 'ਮੈਂ' ਵਲੋਂ ਤੁਹਾਡੀ ਰੂਹ ਦੁਆਲੇ ਪਾਈਆਂ ਕੜੀਆਂ ਟੁੱਟਦੀਆਂ ਸੁਣਦੀਆਂ ਨੇ। ਤੁਹਾਨੂੰ

ਆਪਣੇ ਅੰਦਰ ਵਗਦੇ ਅਦਿੱਖ ਝਰਨੇ ਦੇ ਦਰਸ਼ਨ ਹੁੰਦੇ ਨੇ। ਮੀਰਦਾਦ ਦੇ ਆਪਣੇ ਸ਼ਬਦਾਂ 'ਚ ਇਹ ਪੁਸਤਕ 'ਮੈਂ' ਦੀਆਂ ਮੁਸਬੀਤਾਂ ਤੋਂ ਬਚਾਉਂਦੀ ਹੈ ਤੇ 'ਮੈਂ' ਦਾ ਆਨੰਦ ਮਾਣਨਾ ਸਿਖਾਉਂਦੀ ਹੈ। ਇਹ ਪੁਸਤਕ ਤੁਹਾਨੂੰ ਬਦਲਣ ਲਈ ਨਵੀਂ ਦ੍ਰਿਸ਼ਟੀ ਦਿੰਦੀ ਹੋਈ ਤੁਹਾਡੇ ਅੰਦਰਲੇ ਰੱਬ ਨੂੰ ਤੁਹਾਡੇ ਸਾਹਮਣੇ ਪ੍ਰਗਟ ਕਰ ਦਿੰਦੀ ਹੈ। ਕਾਫ਼ਕਾ ਦੇ ਸ਼ਬਦਾਂ 'ਚ ਇਹ ਪੁਸਤਕ ਉਹ ਕੁਹਾੜੀ ਹੈ ਜੋ ਤੁਹਾਡੇ ਅੰਦਰ ਜੰਮੀ ਬਰਫ਼ ਨੂੰ ਤੋੜ ਦਿੰਦੀ ਹੈ।

ਓਸ਼ੋ ਇਸ ਪੁਸਤਕ ਨੂੰ ਆਪਣੇ ਪਸੰਦ ਦੀਆਂ ਇੱਕ ਸੌ ਸੱਤਰ ਪੁਸਤਕਾਂ ਵਿੱਚੋਂ ਤੀਜੀ ਸਭ ਤੋਂ ਵੱਧ ਪਸੰਦ ਦੀ ਪੁਸਤਕ ਦੱਸਦਾ ਆਖਦਾ ਹੈ- "ਇਸ ਕਿਤਾਬ ਨੂੰ ਨਾ ਨਾਵਲ ਵਾਂਗ ਪੜ੍ਹੋ, ਨਾ ਧਾਰਮਿਕ ਪੁਸਤਕ ਵਾਂਗ; ਇਸ ਪੁਸਤਕ ਨੂੰ ਕਵਿਤਾ ਵਾਂਗ ਪੜ੍ਹੋ, ਦਿਮਾਗ ਨਾਲ ਨਹੀਂ ਦਿਲ ਨਾਲ ਪੜ੍ਹੋ; ਬੱਸ ਇਕ ਵਾਰ ਪੜ੍ਹੋ ਦੋਬਾਰਾ ਨਾ ਪੜ੍ਹੋ ; ਜਦ ਤੁਸੀਂ ਦੋਬਾਰਾ ਪੜ੍ਹਦੇ ਤਾਂ ਇਸ 'ਚੋਂ ਕੁਝ ਲੱਭਣ ਲੱਗਦੇ, ਤੁਸੀਂ ਦੋਬਾਰਾ ਪੜ੍ਹਨ ਸਮੇਂ ਇੰਤਜ਼ਾਰ ਕਰਦੇ ਹੋ, ਧਿਆਨ ਰੱਖਦੇ ਹੋ, ਆਸ ਰੱਖਣ ਲੱਗਦੇ ਹੋ ਕੁਝ ਲੱਭੇਗਾ, ਕੁਝ ਵਾਪਰੇਗਾ, ਕੁਝ ਨਹੀਂ ਵਾਪਰਦਾ, ਦੂਸਰੀ ਵਾਰ ਤੁਸੀਂ ਸ਼ਬਦ ਪੜ੍ਹਦੇ ਹੋ ਪਹਿਲੀ ਵਾਰ ਸ਼ਬਦਾਂ ਦੇ ਪਿਛੇ, ਸਤਰਾਂ ਦੇ ਵਿਚਕਾਰ ਜੋ ਪਿਆ ਉਹ ਪੜ੍ਹਦੇ ਹੋ। ਕਿਸੇ ਹੋਰ ਨੂੰ ਵੀ ਇਹ ਪੁਸਤਕ ਪੜ੍ਹਨ ਲਈ ਨਾ ਕਹੋ, ਹੋ ਸਕਦਾ ਹੋਰਨਾਂ ਨੂੰ ਇਸ ਵਿੱਚੋਂ ਕੁਝ ਨਾ ਲੱਭੇ। ਇਸ ਪੁਸਤਕ ਪੜ੍ਹਕੇ ਤੁਸੀਂ ਉਦਾਸ ਹੁੰਦੇ ਸੋਚਦੇ ਹੋ- ਤੁਸੀਂ ਇਹ ਪੁਸਤਕ ਪਹਿਲਾਂ ਕਿਉਂਕਿ ਨਹੀਂ ਪੜ੍ਹੀ। ਇਹ ਪੁਸਤਕ ਪੜ੍ਹਕੇ ਤੁਸੀਂ ਨਵੀਂ ਅਣਜਾਣੀ ਖ਼ੂਬਸੂਰਤ ਸਥਿਤੀ 'ਚ ਚਲੇ ਜਾਂਦੇ ਹੋ ਜੋ ਤੁਹਾਡੀ ਪਹਿਲੀ ਸਥਿਤੀ ਤੋਂ ਸਿਰਫ ਇੱਕ ਕਦਮ ਦੀ ਦੂਰੀ 'ਤੇ ਸੀ। ਤੁਸੀਂ ਇਕ ਸਹਿਜ ਚੁੱਪ 'ਚ ਵਿਚਰਣ ਲੱਗਦੇ ਹੋ।...ਤੁਸੀ ਇਸ ਪੁਸਤਕ ਦੇ ਸ਼ਬਦਾਂ ਨੂੰ ਭੁੱਲ ਜਾਂਦੇ ਹੋ ਕਿਉਂਕਿ ਇਸ ਪੁਸਤਕ ਦੇ ਅਰਥ ਇਸਦੇ ਸ਼ਬਦਾਂ 'ਚ ਨਹੀਂ ਸ਼ਬਦਾਂ ਤੇ ਸਤਰਾਂ ਵਿਚਲੀ ਵਿੱਥ 'ਚ ਹਨ। ਸ਼ਬਦ ਪਿਛੇ ਛੁੱਟ ਜਾਂਦੇ ਨੇ। ਜੇ ਤੁਸੀਂ ਬਾਰੀਕ, ਸੂਖ਼ਮ ਬੁੱਧੀ ਦੇ ਮਾਲਕ ਹੋ ਤਾਂ ਇਸ ਪੁਸਤਕ ਦੇ ਸ਼ਬਦ ਚੁੱਪ ਤੇ ਸੰਗੀਤ ਸਿਰਜਦੇ ਨੇ..ਸ਼ਬਦ ਤੁਹਾਡੇ ਦਿਮਾਗ ਨੂੰ ਪ੍ਰਭਾਵਿਤ ਕਰਦੇ ..ਸੰਗੀਤ ਤੁਹਾਡੇ ਦਿਲ ਨੂੰ ਪ੍ਰਭਾਵਿਤ ਕਰਦਾ ਹੈ। ਇਹ ਸਮਝਣ ਵਾਲੀ ਨਹੀਂ ਇਕੋ ਡੀਕ ਲਾ ਕੇ ਪੀਣ ਵਾਲੀ ਪੁਸਤਕ ਹੈ। ਜੇ ਤੁਸੀਂ ਇਸ ਪੁਸਤਕ ਲਈ ਆਪਣੇ ਦਿਲ ਦੇ ਦਰਵਾਜ਼ੇ ਖੋਲ੍ਹ ਦੇਵੋ ਤਾਂ ਤੁਹਾਡੇ ਅੰਦਰ ਕੁਝ ਬਦਲਣਾ ਸ਼ੁਰੂ ਹੋ ਜਾਂਦਾ ਹੈ। ਲੱਖਾਂ ਲੋਕ ਆਪਣੀਆਂ ਪੁਸਤਕਾਂ 'ਚ ਅਣ-ਪ੍ਰਗਟਾਏ ਨੂੰ ਪ੍ਰਗਟਾਉਣ ਦੀ ਕੋਸ਼ਿਸ਼ ਕਰਦੇ ਨੇ ਪਰ ਸਫ਼ਲ ਨਹੀਂ ਹੁੰਦੇ। ਮੈਂ ਸਿਰਫ ਇਕੋ ਪੁਸਤਕ ਬਾਰੇ ਜਾਣਦਾ -ਉਹ ਹੈ ਮੀਰਦਾਦ ਦੀ ਪੁਸਤਕ- ਇਹ ਅਸਫ਼ਲ ਨਹੀਂ ਹੋਈ। ਜੇ ਤੁਸੀਂ ਇਸ ਪੁਸਤਕ 'ਚ ਕਹੀ ਗੱਲ ਨੂੰ ਪਕੜ ਨਹੀਂ ਸਕੇ ਤਾਂ ਤੁਸੀਂ ਅਸਫ਼ਲ ਹੋ ਇਹ ਪੁਸਤਕ ਨਹੀਂ। ਇਹ ਪੁਸਤਕ ਪੜ੍ਹਨ ਬਾਅਦ ਤੁਸੀਂ ਆਖਦੇ ਹੋ -ਉਦੋਂ ਤੋਂ ਹੁਣ ਤੱਕ ਮੈਂ ਦਿਮਾਗ 'ਚ ਰਹਿੰਦਾ ਰਿਹਾ ਹੁਣ ਮੇਰੇ ਦਿਲ ਦੇ ਬੂਹੇ ਖੁੱਲ੍ਹ ਗਏ ਨੇ।....ਤੁਸੀਂ ਤੁਹਾਡੇ ਦਿਲ ਦੀ ਸਥਿਤੀ ਬਦਲਣ ਨਾਲ ਬਦਲਦੇ ਹੋ.."

ਮਿਖ਼ਾਈਲ ਨੇ ਇਸ ਨਾਵਲ 'ਚ 'ਮੀਰਦਾਦ' ਨਾਂ ਦਾ ਅਜਿਹਾ ਬੁਲੰਦ ਪਾਤਰ ਸਿਰਜਿਆ ਹੈ ਕਿ ਪਾਠਕ ਦੇ ਮੀਰਦਾਦ ਯਾਦ ਰਹਿ ਜਾਂਦਾ ਹੈ ਤੇ 'ਲੇਖਕ ਦੀ ਮੌਤ' ਹੋ ਜਾਂਦੀ ਹੈ। ਜਿਥੇ ਨਾਵਲ ਦਾ ਨਾਂ ਭੁਲੇਖਾ ਪਾਊ ਹੈ ਉਥੇ ਬਿਰਤਾਂਤ ਵੀ ਅਜਿਹਾ ਹੈ ਕਿ ਪਾਠਕ ਨੂੰ ਲੱਗਦਾ ਹੈ ਕਿ ਇਹ ਸੰਤ 'ਮੀਰਦਾਦ' ਦੀ ਰਚਨਾ ਹੈ। ਇਸ ਨਾਵਲ ਦੇ ਮਹਿੰਦਰ ਸਿੰਘ ਜੋਸ਼ੀ ਵਲੋਂ ਕੀਤੇ ਪੰਜਾਬੀ ਅਨੁਵਾਦ ਸਬੰਧੀ 'ਦੋ ਸ਼ਬਦ' ਲਿਖਣ ਸਮੇਂ 'ਕਿਰਪਾਲ ਸਿੰਘ ਨਾਰੰਗ' ਵੀ ਇਸ ਪੁਸਤਕ ਨੂੰ ਪਹੁੰਚੇ ਹੋਏ ਸੰਤ ਮੀਰਦਾਦ ਦਾ ਰੂਹਾਨੀ ਉਪਦੇਸ਼ ਦੱਸਦਾ ਹੋਇਆ ਮੀਰਦਾਦ ਦੇ ਚਿੰਤਨ ਦੀ ਗੁਰਬਾਣੀ ਨਾਲ ਸਮਾਨਤਾ ਨੂੰ ਉਭਾਰਦਾ ਹੈ।

ਨਾਵਲ ਦਾ ਨਾਂ ਭੁਲੇਖਾ ਪਾਊ ਤੇ ਕਹਾਣੀ ਗੁੰਝਲਦਾਰ ਹੋਣ ਕਾਰਨ, ਕਈ ਵਾਰ ਕਹਾਣੀ ਪਹਿਲੀ ਪੜ੍ਹਤ 'ਚ ਪਕੜ 'ਚ ਨਹੀਂ ਆਉਂਦੀ। ਸਾਰੀ ਕਹਾਣੀ ਕਾਲਪਨਿਕ ਹੈ। ਮਿਖ਼ਾਈਲ ਨੇ ਇਸ ਨਾਵਲ 'ਚ ਬਿਰਤਾਂਤ ਕਲਾ ਦੀਆਂ ਸਿਖਰਾਂ ਨੂੰ ਛੂਹਿਆ ਹੈ। ਨਾਵਲ ਦੀ ਕਹਾਣੀ ਲੇਖਕ (ਮੈਂ ਪਾਤਰ) ਵਲੋਂ 'ਪੂਜਾ ਚੋਟੀ' ਸਬੰਧੀ ਦੰਦ-ਕਥਾ ਸੁਣਨ, ਦੰਦ-ਕਥਾ ਦਾ ਰਹੱਸ ਜਾਣਨ ਲਈ 'ਪੂਜਾ ਚੋਟੀ' ਉੱਤੇ ਪਹੁੰਚਣ, 'ਪੂਜਾ ਚੋਟੀ' ਦੇ ਮੁਖੀ ਵਲੋਂ ਲੇਖਕ ਨੂੰ 'ਮੀਰਦਾਦ ਦੀ ਪੁਸਤਕ' ਸੌਂਪਣ ਅਤੇ ਲੇਖਕ ਵਲੋਂ 'ਪੂਜਾ ਚੋਟੀ' ਤੋਂ ਵਾਪਸ ਪਰਤ ਕੇ 'ਮੀਰਦਾਦ ਦੀ ਪੁਸਤਕ' ਪ੍ਰਕਾਸ਼ਿਤ ਕਰਵਾਉਣ ਨਾਲ ਅੱਗੇ ਤੁਰਦੀ ਹੈ। ਅੱਗੇ 'ਮੀਰਦਾਦ ਦੀ ਪੁਸਤਕ' ਸ਼ੁਰੂ ਹੁੰਦੀ ਹੈ। ਪੁਸਤਕ ਵਿਚਲੀ ਕਹਾਣੀ ਮੀਰਦਾਦ ਤੇ ਉਸਦੇ ਚੇਲਿਆਂ ਦੇ ਆਪਸੀ ਸੰਵਾਦ ਤੇ ਕੁਝ ਘਟਨਾਵਾਂ ਰਾਹੀਂ ਅੱਗੇ ਵਧਦੀ ਹੈ। ਮਿਖ਼ਾਈਲ ਨੇ 'ਮੀਰਦਾਦ ਦੀ ਪੁਸਤਕ' ਵਿਚਲੀ ਕਹਾਣੀ ਦਾ ਲੇਖਕ ਨਾਵਲ ਵਿਚਲੇ ਪਾਤਰ 'ਨਰੌਂਦਾ' ਨੂੰ ਬਣਾਇਆ ਹੈ, ਜੋ 'ਬੇੜੀ' ਦੇ ਸਥਾਨ 'ਤੇ ਵਾਪਰਦੀਆਂ ਘਟਨਾਵਾਂ ਦਾ ਰੋਜ਼ਨਾਮਚਾ ਲਿਖਦਾ ਹੈ।

ਮੀਰਦਾਦ ਦੇ ਕਥਨ ਸ਼ੁੱਧ ਫ਼ਿਲਾਸਫ਼ੀ ਤੇ ਕਾਵਿਕ ਭਾਸ਼ਾ 'ਚ ਹੋਣ ਕਾਰਨ ਪਾਠਕ ਤੋਂ ਇਕ ਖਾਸ ਮਾਨਸਿਕ ਪੱਧਰ ਦੀ ਮੰਗ ਕਰਦੇ ਨੇ। ਪਾਠਕ ਨੂੰ ਉਸ ਜ਼ੋਨ 'ਚ ਪਹੁੰਚਣਾ ਪੈਂਦਾ ਹੈ ਜਿਸ ਜ਼ੋਨ 'ਚੋਂ ਮੀਰਦਾਦ ਬੋਲਦਾ ਹੈ। ਮੀਰਦਾਦ ਖੁਦ ਆਖਦਾ ਹੈ- ਮੀਰਦਾਦ ਦੇ ਬਚਨ ਉਨ੍ਹਾਂ ਲਈ ਝੂਠੇ ਹਨ ਜਿੰਨ੍ਹਾਂ ਦੀ 'ਮੈਂ' ਮੀਰਦਾਦ ਵਾਲੀ 'ਮੈਂ' ਨਹੀਂ।.... ਮੈਂ ਮਹਿਸੂਸ ਕਰਦਾਂ ਹਾਂ ਕਿ ਮੇਰੇ ਲਫਜ਼ ਏਨੇ ਗੁੰਝਲਦਾਰ ਹਨ ਕਿ ਤੁਹਾਡੀ ਬੁੱਧੀ ਦੀ ਪਕੜ 'ਚ ਨਹੀਂ ਆਉਂਦੇ।... ਜੇਕਰ ਤੁਸੀਂ ਉਹ ਉਚਾਈਆਂ, ਡੂੰਘਾਈਆਂ ਤੇ ਚੌੜਾਈਆਂ ਪ੍ਰਾਪਤ ਕਰਨਾ ਚਾਹੁੰਦੇ ਹੋ ਜਿੰਨ੍ਹਾਂ ਤੱਕ ਮੀਰਦਾਦ ਤੁਹਾਨੂੰ ਪਹੁੰਚਾਉਣਾ ਚਾਹੁੰਦਾ ਹੈ ਤਾਂ ਤੁਹਾਨੂੰ ਬੁੱਧੀ ਤੋਂ ਵੱਡੀ ਸ਼ਕਤੀ ਦੁਆਰਾ, ਸ਼ਬਦਾਂ ਤੋਂ ਵੱਡੀ ਕਿਸੇ ਵਸਤੂ ਦਾ ਸਹਾਰਾ ਲੈਣਾ ਪਵੇਗਾ। ਸ਼ਬਦ ਵੱਧ ਤੋਂ ਵੱਧ, ਬਿਜਲੀ ਦੇ ਲਿਸ਼ਕਾਰੇ ਹਨ ਜਿੰਨ੍ਹਾਂ ਨਾਲ ਦਿਸਹੱਦਿਆਂ ਦੀ ਝਲਕ ਦਿਖਦੀ ਹੈ। ਇਹ ਦਿਸਹੱਦਿਆਂ ਦਾ ਰਾਹ ਨਹੀਂ ਹਨ ਤੇ ਖੁਦ ਦਿਸਹੱਦੇ ਤਾਂ ਬਿਲਕੁਲ ਵੀ ਨਹੀਂ।.. ਮੇਰੇ ਸ਼ਬਦਾਂ ਪਿਛੇ ਨਾ ਜਾਓ ਸਗੋਂ ਉਨ੍ਹਾਂ ਦੇ ਲਿਸ਼ਕਾਰੇ ਦਾ ਸਹਾਰਾ ਲਓ। ਫਿਰ ਤੁਸੀਂ ਖੁਦ ਮਹਿਸੂਸ ਕਰੋਗੇ ਕਿ ਮੇਰੇ ਸ਼ਬਦ ਤੁਹਾਡੀ ਡਾਵਾਂ-ਡੋਲ ਸਮਝ ਲਈ ਬਲਵਾਨ ਖੰਭ ਬਣ ਜਾਣਗੇ।

ਮੀਰਦਾਦ ਨਾਵਲ 'ਚ ਵਾਪਰਦੀਆਂ ਵੱਖ-ਵੱਖ ਘਟਨਾਵਾਂ ਸਬੰਧੀ ਸੰਵਾਦ ਰਚਾਉਂਦਾ ਹੈ ਕਿ ਧਰਮ, ਪ੍ਰੇਮ, ਘ੍ਰਿਣਾ, ਅਰਦਾਸ, ਸਮਾਂ, ਮੌਤ, ਧਨ, ਤਰਕ ਤੇ ਵਿਸ਼ਵਾਸ਼ ਕੀ ਹੈ? ਜੋ ਕੁਝ 'ਜਿਵੇਂ' ਤੇ 'ਜਦੋਂ' ਵਾਪਰਦਾ ਹੈ ਕਿਉਂ ਵਾਪਰਦਾ ਹੈ? ਮਰਦ-ਔਰਤ ਸਬੰਧ

ਕੀ ਨੇ? ਵਿਆਹ ਤੇ ਬ੍ਰਹਮਚਾਰ ਕੀ ਹੈ? ਪਸ਼ੂ-ਪੰਛੀ ਸ਼ਬਦਾਂ ਵਿਚਲੇ ਭਾਵਾਂ ਨੂੰ ਕਿਵੇਂ ਸੁਣਦੇ ਹਨ? ਕੀ ਖਾਣ ਲਈ ਮਾਰਨਾ ਜ਼ਰੂਰੀ ਹੈ? ਮਨੁੱਖ ਲਈ ਬੇਜਾਨ ਭਾਰ ਕੀ ਹੈ? ਸੱਤਾ ਦਾ ਪ੍ਰਵਚਨ ਕੀ ਹੈ? ਚੁੱਪ, ਯੁੱਧ, ਵੈਰਾਗ, ਪਾਪ, ਰੱਬੀ ਰਜ਼ਾ ਕੀ ਹੈ? ਚੀਜ਼ਾਂ ਕਿਵੇਂ ਜਨਮ ਲੈਂਦੀਆਂ ਤੇ ਖਤਮ ਹੁੰਦੀਆਂ ਨੇ? ਜਿਹੇ ਸੰਕਲਪਾਂ, ਸਵਾਲਾਂ ਦੀ ਵਿਆਖਿਆ ਕਰਦਾ ਉਹ (ਉਸਦੇ ਆਪਣੇ ਸ਼ਬਦਾਂ 'ਚ) ਰੱਬ ਵੱਲ ਜਾਂਦੇ ਰਾਹ 'ਤੇ ਪ੍ਰਕਾਸ਼ ਦੀਆਂ ਕਿਰਨਾਂ ਖਲਾਰਦਾ ਜਾਂਦਾ ਹੈ।

ਉਹ ਇਨ੍ਹਾਂ ਸੰਕਲਪਾਂ ਦੀ ਚਾਰ ਪੱਖਾਂ ਤੋਂ ਵਿਆਖਿਆ ਕਰਦਾ ਹੈ ਉਦਾਹਰਣ ਲਈ- ਜਦ ਉਹ ਪ੍ਰੇਮ ਦੀ ਵਿਆਖਿਆ ਕਰਦਾ ਹੈ ਤਾਂ ਪਹਿਲਾਂ ਦੱਸਦਾ ਹੈ ਕਿ ਸਮੇਂ, ਸਥਾਨ 'ਚ ਬੱਝੀ ਮਨੁੱਖੀ 'ਮੈਂ' ਕਿਵੇਂ ਪ੍ਰੇਮ ਕਰਦੀ ਹੈ? ਫਿਰ ਦੱਸਦਾ ਹੈ ਕਿ ਪ੍ਰੇਮ ਅਸਲ 'ਚ ਹੈ ਕੀ? ਫਿਰ ਦੱਸਦਾ ਹੈ ਕਿ ਸਮੇਂ, ਸਥਾਨ ਤੋਂ ਪਾਰ ਕੁਦਰਤ ਦੀ 'ਵਿਰਾਟ ਮੈਂ' ਕਿਵੇਂ ਪ੍ਰੇਮ ਕਰਦੀ ਹੈ? ਆਖਿਰ 'ਚ ਦੱਸਦਾ ਹੈ ਕਿ ਮਨੁੱਖੀ 'ਮੈਂ' ਨੂੰ ਉਸ 'ਵਿਰਾਟ ਮੈਂ' ਨਾਲ ਇਕਮਿਕ ਹੋਣ ਲਈ ਪ੍ਰੇਮ ਕਿਵੇਂ ਕਰਨਾ ਚਾਹੀਦਾ ਹੈ?

ਲੇਖਕ ਆਪ-ਬੀਤੀ ਵਜੋਂ ਕਹਾਣੀ ਸ਼ੁਰੂ ਕਰਦਾ ਦੱਸਦਾ ਹੈ ਕਿ ਉਸਨੂੰ ਗਰਮੀਆਂ 'ਚ 'ਪੂਜਾ ਚੋਟੀ' ਦੇ ਨਾਂ ਨਾਲ ਜਾਣੀ ਜਾਂਦੀ ਇਕ ਪਹਾੜੀ ਦੀ ਘਾਟੀ 'ਚ ਸਮਾਂ ਬਿਤਾਉਣ ਦਾ ਮੌਕਾ ਮਿਲਿਆ, 'ਪੂਜਾ ਚੋਟੀ' ਨਾਂ ਦਾ ਇਹ ਮੱਠ ਕਿਸੇ ਸਮੇਂ 'ਨੂਹ ਦੀ ਬੇੜੀ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਪਰਬਤ ਵਾਸੀਆਂ ਨੇ ਲੇਖਕ ਨੂੰ ' ਬੇੜੀ' ਨਾਲ ਸਬੰਧਿਤ ਇਹ ਦੰਦ ਕਥਾ ਸੁਣਾਈ ਕਿ 'ਮਹਾਂ-ਪਰਲੋ' ਤੋਂ ਬਾਅਦ ਨੂਹ ਦਾ ਪਰਿਵਾਰ ਇਥੇ ਆ ਕੇ ਵਸ ਗਿਆ। ਨੂਹ ਨੇ ਆਪਣੇ ਆਖਰੀ ਸਮੇਂ ਆਪਣੇ ਪੁੱਤਰ ਨੂੰ ਕਿਹਾ - ਮੈਨੂੰ ਡਰ ਹੈ ਕਿ ਸਮਾਂ ਬੀਤਣ 'ਤੇ ਲੋਕ ਉਨ੍ਹਾਂ ਵਾਸਨਾਵਾਂ ਤੇ ਕੁਕਰਮਾਂ ਨੂੰ ਭੁੱਲ ਜਾਣਗੇ ਜਿੰਨ੍ਹਾਂ ਕਾਰਨ 'ਮਹਾਂ ਪਰਲੋ' ਵਾਪਰੀ ਸੀ। ਉਹ ਮੇਰੀ ਬੇੜੀ ਨੂੰ ਵੀ ਭੁੱਲ ਜਾਣਗੇ ਤੇ ਉਸ 'ਵਿਸ਼ਵਾਸ਼' ਨੂੰ ਵੀ ਜਿਸਨੇ ਇਕ ਸੌ ਪੰਜਾਹ ਦਿਨਾਂ ਤੱਕ ਇਸ ਬੇੜੀ ਨੂੰ ਵਿਕਰਾਲ ਸਮੁੰਦਰ ਦੇ ਮਾਰੂ ਕਹਿਰ ਤੋਂ ਬਚਾ ਕੇ ਰੱਖਿਆ। ਕਿਤੇ ਉਹ ਇਹ ਸਭ ਭੁੱਲ ਨਾ ਜਾਣ ਇਸੇ ਲਈ ਮੈਂ ਹੁਕਮ ਦਿੰਨਾਂ ਕਿ ਤੂੰ ਇਨ੍ਹਾਂ ਪਰਬਤਾਂ ਦੀ ਸਭ ਤੋਂ ਉੱਚੀ ਪਹਾੜੀ 'ਤੇ 'ਪੂਜਾ ਚੋਟੀ' ਦੀ ਉਸਾਰੀ ਕਰੇਂ। 'ਪੂਜਾ-ਚੋਟੀ' ਦੇ ਆਲ਼ੇ-ਦੁਆਲ਼ੇ ਅਜਿਹਾ ਭਵਨ ਉਸਾਰੀਂ, ਜਿਹੜਾ ਪੂਰੀ ਤਰ੍ਹਾਂ ਬੇੜੀ ਨਾਲ ਮਿਲਦਾ-ਜੁਲਦਾ ਹੋਵੇਗਾ ਤੇ ਉਹ ਸਥਾਨ 'ਬੇੜੀ' ਕਹਾਵੇਗਾ। ਇਸ ਮੱਠ ਦੀ ਦੇਖ-ਭਾਲ ਲਈ ਤੂੰ ਨੌਂ ਸੇਵਾਦਾਰਾਂ ਦੀ ਸਭਾ ਬਣਾ ਲਵੀਂ, ਜੋ 'ਬੇੜੀ ਦੇ ਸਾਥੀ' ਅਖਵਾਉਣਗੇ। ਜਦ ਕੋਈ ਸੇਵਾਦਾਰ ਚਲਾਣਾ ਕਰ ਜਾਵੇਗਾ ਰੱਬ ਖੁਦ ਨਵਾਂ ਸੇਵਾਦਾਰ ਭੇਜ ਦੇਵੇਗਾ। ਇਹ ਸੇਵਾਦਾਰ 'ਮਾਂ-ਬੇੜੀ' ਦੀ ਮਰਿਯਾਦਾ ਦਾ ਪਾਲਣ ਕਰਨਗੇ ਤੇ ਸਮੁੱਚੇ ਮਨੁੱਖੀ ਪਰਿਵਾਰ ਨੂੰ ਸਹੀ ਰਾਹ ਵਿਖਾਉਂਦੇ ਰਹਿਣ ਲਈ ਰੱਬ ਅੱਗੇ ਅਰਦਾਸ ਕਰਦੇ ਰਹਿਣਗੇ।

ਇਹ ਕਹਿ ਨੂਹ ਨੇ ਸਵਾਸ ਤਿਆਗ ਦਿੱਤੇ, ਪੁੱਤਰ ਨੇ ਪਿਤਾ ਦੇ ਕਹੇ 'ਤੇ ਮੱਠ ਦੀ ਉਸਾਰੀ ਕੀਤੀ, ਹੌਲ਼ੀ-ਹੌਲ਼ੀ ਮੱਠ ਬੇਹੱਦ ਧਨਵਾਨ ਹੋ ਗਿਆ ਤੇ ਕੁਝ ਪੀੜ੍ਹੀਆਂ ਪਹਿਲਾਂ ਮੱਠ ਦੇ ਇਕ ਸੇਵਾਦਾਰ ਦੇ ਸਵਰਗਵਾਸ ਹੋਣ ਤੋਂ ਤੁਰੰਤ ਬਾਅਦ ਇਕ ਆਦਮੀ ਨੇ ਆ ਕੇ ਆਪਣੇ ਆਪ ਨੂੰ ਬਿਰਾਦਾਰੀ 'ਚ ਸ਼ਾਮਿਲ ਕਰ ਲੈਣ ਦੀ ਬੇਨਤੀ ਕੀਤੀ ਪਰ ਹੁਣ ਤੱਕ ਮੱਠ ਦਾ ਮੁਖੀ 'ਤਾਨਾਸ਼ਾਹ' ਬਣ ਚੁਕਿਆ ਸੀ ਉਸਨੇ ਅਜਨਬੀ ਨੂੰ ਸੇਵਾਦਾਰ ਦੀ ਥਾਂ ਨੌਕਰ ਨਿਯੁਕਤ ਕਰ ਲਿਆ। ਹੌਲ਼ੀ-ਹੌਲ਼ੀ ਸਾਰੇ ਸੇਵਾਦਾਰ ਮੁਖੀ ਤੋਂ ਬਾਗ਼ੀ ਹੋ ਗਏ, ਉਨ੍ਹਾਂ ਨੇ ਮੱਠ ਦੀ ਸਾਰੀ ਸੰਪਤੀ ਗਰੀਬਾਂ 'ਚ ਵੰਡ ਦਿੱਤੀ ਤੇ ਮੱਠ ਛੱਡ ਕੇ ਚਲੇ ਗਏ। ਉਸ ਅਜਨਬੀ 'ਨੌਕਰ' ਨੇ ਮੁਖੀ ਨੂੰ ਸਰਾਪ ਦੇ ਦਿੱਤਾ ਤੇ ਉਸਦੀ ਜ਼ੁਬਾਨ ਬੰਦ ਹੋ ਗਈ। ਮੁਖੀ ਅੱਜ ਵੀ ਮੱਠ ਦੇ ਮੈਦਾਨਾਂ 'ਚ ਭਟਕਦਾ ਫਿਰਦਾ ਹੈ।

ਲੇਖਕ ਅਨੁਸਾਰ ਉਸਨੇ ਇਹ ਦੰਦ-ਕਥਾ ਸੁਣੀ ਤੇ 'ਪੂਜਾ ਚੋਟੀ' ਵਾਲੇ ਪਹਾੜ 'ਤੇ ਚੜ੍ਹਨ ਦਾ ਫੈਸਲਾ ਕਰ ਲਿਆ। ਅਨੇਕਾਂ ਮੁਸਬੀਤਾਂ ਝੱਲਣ ਬਾਅਦ ਆਖ਼ਿਰ ਲੇਖਕ 'ਪੂਜਾ ਚੋਟੀ' 'ਤੇ ਪਹੁੰਚ ਜਾਂਦਾ ਹੈ ਉਥੇ ਉਸਨੂੰ ' ਬੇੜੀ' ਦਾ ਮੁਖੀ ਮਿਲਿਆ। ਮੁਖੀ ਨੇ ਦੱਸਿਆ ਉਸਦਾ ਨਾਂ 'ਸ਼ਮਦਾਮ' ਹੈ ਉਸਨੇ ਜੋ ਨੌਕਰ ਨਿਯੁਕਤ ਕੀਤਾ ਸੀ ਉਸਦਾ ਨਾਂ 'ਮੀਰਦਾਦ' ਸੀ। ਸ਼ਮਦਾਮ ਦੱਸਦਾ ਹੈ ਕਿ ਮੈਂ ਮੀਰਦਾਦ ਨੂੰ ਬਹੁਤ ਵਾਰੀ ਜ਼ਲੀਲ ਕੀਤਾ ਪਰ ਉਹ ਚੁੱਪ ਰਿਹਾ ਪਰ ਜਿਸ ਦਿਨ ਉਹ ਬੋਲਿਆ ਉਸ ਦਿਨ ਚਮਤਕਾਰ ਵਾਪਰ ਗਿਆ; ਬੇੜੀ ਦੇ ਸੇਵਾਦਾਰ ਵੀ ਉਸਦੀ ਸ਼ਰਨ 'ਚ ਚਲੇ ਗਏ। ਉਨ੍ਹਾਂ ਦੇ ਬੇੜੀ ਦੀ ਸੰਪਤੀ ਗਰੀਬਾਂ 'ਚ ਵੰਡ ਦਿੱਤੀ ਤੇ ਮੀਰਦਾਦ ਨਾਲ ਬੇੜੀ ਦੇ ਥਾਂ ਤੋਂ ਕਿਤੇ ਦੂਰ ਚਲੇ ਗਏ, ਜਾਣ ਸਮੇਂ ਮੀਰਦਾਦ ਨੇ ਮੈਨੂੰ ਸਰਾਪ ਦਿੰਦਿਆ ਕਿਹਾ- ਜਿਥੋਂ ਤੱਕ ਤੇਰਾ ਸਬੰਧ ਹੈ, ਸ਼ਮਦਾਮ, ਤੇਰਾ ਵਕਤ ਅਜੇ ਨਹੀਂ ਆਇਆ, ਤੈਨੂੰ ਇਸ ਚੋਟੀ 'ਤੇ ਮੇਰੇ ਵਾਪਸ ਆਉਣ ਤੱਕ ਉਡੀਕ ਕਰਨੀ ਪਵੇਗੀ। ਉਸ ਉਡੀਕ ਦੌਰਾਨ ਤੂੰ ਮੇਰੀ ਪੁਸਤਕ ਦੀ ਰਖਵਾਲੀ ਕਰੇਗਾ, ਜਿਹੜੀ ਕਿ ਪੂਜਾ ਸਥਾਨ ਦੇ ਹੇਠਾਂ ਇਕ ਲੋਹੇ ਦੀ ਪੇਟੀ ਵਿੱਚ ਤਾਲਾ ਲਾ ਕੇ ਰੱਖੀ ਹੋਈ ਹੈ। ਤੂੰ ਇਸ ਗੱਲ ਦਾ ਖਿਆਲ ਰੱਖਣਾ ਹੈ ਕਿ ਕੋਈ ਹੱਥ ਪੁਸਤਕ ਨੂੰ ਨਾ ਛੂਹੇ, ਤੇਰਾ ਵੀ ਨਹੀਂ। ਜਦ ਉਚਿਤ ਸਮਾਂ ਆਵੇਗਾ ਤਾਂ ਮੈਂ ਤੇਰੇ ਕੋਲੋਂ ਪੁਸਤਕ ਲੈਣ ਲਈ ਅਤੇ ਇਸ ਨੂੰ ਸੰਸਾਰ ਦੇ ਸਾਹਮਣੇ ਪ੍ਰਗਟ ਕਰਨ ਲਈ ਆਪਣਾ ਏਲਚੀ ਭੇਜਾਂਗਾ.. ...ਜਦ ਤੱਕ ਉਹ ਨਹੀਂ ਆਵੇਗਾ ਤੇਰੀ ਜ਼ੁਬਾਨ ਬੰਦ ਰਹੇਗੀ, ਉਸਨੂੰ ਦੇਖਦਿਆਂ ਹੀ ਤੂੰ ਚੁੱਪ ਦੀ ਕੈਦ ਤੋਂ ਮੁਕਤ ਹੋ ਜਾਵੇਗਾ। ਜਦ ਤੂੰ ਉਸਨੂੰ ਪੁਸਤਕ ਸੌਂਪ ਦਿੱਤੀ ਤੂੰ ਪੱਥਰ ਦੀ ਸ਼ਿਲਾ ਵਿੱਚ ਬਦਲ ਜਾਵੇਗਾ।....

ਸ਼ਮਦਾਮ ਨੇ ਲੇਖਕ ਨੂੰ ਦੱਸਿਆ ਕਿ ਤੈਨੂੰ ਦੇਖਦਿਆਂ ਹੀ ਮੇਰੀ ਜ਼ੁਬਾਨ ਖੁੱਲ੍ਹ ਗਈ। ਮੀਰਦਾਦ ਨੇ ਤੇਰੀ ਜੋ ਪਛਾਣ ਦੱਸੀ ਸੀ ਉਹ ਵੀ ਸਹੀ ਹੈ। ਲੇਖਕ ਦੱਸਦਾ ਹੈ ਕਿ ਸ਼ਮਦਾਮ ਨੇ ਉਸਨੂੰ 'ਮੀਰਦਾਦ ਦੀ ਪੁਸਤਕ' ਸੌਂਪ ਦਿੱਤੀ ਤੇ ਖੁਦ ਪੱਥਰ ਦੀ ਸ਼ਿਲ ਬਣ ਗਿਆ।

ਅੱਗੇ ਲੇਖਕ ਇਹ ਨਹੀਂ ਦੱਸਦਾ ਕਿ ਉਹ 'ਪੂਜਾ ਚੋਟੀ' ਤੋਂ ਥੱਲੇ ਉਤਰਿਆ ਤੇ ਉਸਨੇ 'ਮੀਰਦਾਦ ਦੀ ਪੁਸਤਕ' ਪ੍ਰਕਾਸ਼ਿਤ ਕਰਵਾ ਦਿੱਤੀ ਸਗੋਂ ਅਗਲੇ ਪੰਨੇ ਤੋਂ ਪੁਸਤਕ ਸ਼ੁਰੂ ਹੋ ਜਾਂਦੀ ਹੈ ਸਮਰਪਣ ਦੀ ਥਾਂ ਇਹ ਸ਼ਬਦ ਲਿਖੇ ਨੇ-

ਇਹ ਹੈ 'ਮੀਰਦਾਦ ਦੀ ਪੁਸਤਕ'
ਇਸ ਨੂੰ ਲਿਖਣ ਵਾਲਾ ਹੈ

ਨਰੋਂਦਾ

ਆਪਣੇ ਸਾਥੀਆਂ ਵਿੱਚੋਂ ਸਭ ਤੋਂ ਛੋਟਾ ਤੇ ਨਿਮਾਣਾ

ਆਤਮ ਜਿੱਤ ਲਈ ਤਾਂਘਦੇ ਲੋਕਾਂ ਲਈ ਚਾਨਣ-ਮੁਨਾਰਾ ਹੈ

ਇਹ ਪੁਸਤਕ

ਬਾਕੀ ਸਭ ਇਸ ਤੋਂ ਖ਼ਬਰਦਾਰ ਰਹਿਣ

ਅੱਗੋਂ ਨਾਵਲ ਉਸ ਦਿਨ ਤੋਂ ਸ਼ੁਰੂ ਹੁੰਦਾ ਹੈ ਜਿਸ ਦਿਨ ਮੀਰਦਾਦ ਆਪਣੀ ਜ਼ੁਬਾਨ ਖੋਲ੍ਹਦਾ ਹੈ। ਬੇੜੀ ਦੇ ਸੇਵਾਦਾਰਾਂ ਦੀ ਸਲਾਨਾ ਮੀਟਿੰਗ ਚਲ ਰਹੀ ਹੈ। ਸ਼ਮਦਾਮ ਆਪਣੀਆਂ ਪ੍ਰਾਪਤੀਆਂ ਦੀਆਂ ਡੀਗਾਂ ਮਾਰਦਾ ਵਾਰ-ਵਾਰ 'ਮੈਂ' ਸ਼ਬਦ ਬੋਲਦਾ ਹੈ ਹਾਲਾਂਕਿ ਬੇੜੀ ਦੇ ਨਿਯਮਾਂ ਅਨੁਸਾਰ 'ਮੈਂ' ਸ਼ਬਦ ਬੋਲਣ ਦੀ ਮਨਾਹੀ ਹੈ। ਮੀਟਿੰਗ 'ਚ ਇਸੇ ਨੁਕਤੇ 'ਤੇ ਬਹਿਸ ਛਿੜ ਜਾਂਦੀ ਹੈ। ਸ਼ਮਦਾਮ ਮੀਰਦਾਦ ਵੱਲ ਇਸ਼ਾਰਾ ਕਰਦਾ ਉਸਦਾ ਮਖ਼ੌਲ ਉਡਾਉਂਦਾ ਆਖਦਾ ਹੈ- ਏਧਰ ਦੇਖੋ, ਸਾਡੇ ਪਿਤਾਮਾ ਤੋਂ ਵੀ ਵੱਡੀ ਹਸਤੀ ਸਾਡੇ ਕੋਲ ਮੌਜੂਦ ਹੈ। ਮੀਰਦਾਦ, ਸਾਨੂੰ ਸ਼ਬਦਾਂ ਦੀ ਭੁਲ-ਭੁਲਾਈਆਂ 'ਚੋਂ ਬਾਹਰ ਨਿਕਲਣ ਦਾ ਰਾਹ ਦੱਸ।

ਮੀਰਦਾਦ ਬੇੜੀ ਦੇ ਸੇਵਾਦਾਰਾਂ ਨੂੰ ਕਹਿੰਦਾ ਹੈ ਕਿ ਤੁਸੀਂ ਉਹੀ ਸੁਣਦੇ ਤੇ ਦੇਖਦੇ ਹੋ ਜੋ ਤੁਹਾਡੀ 'ਮੈਂ' ਤੁਹਾਨੂੰ ਸੁਣਾਉਂਦੀ ਤੇ ਦਿਖਾਉਂਦੀ ਹੈ, ਤੁਹਾਡੀਆਂ ਅੱਖਾਂ, ਕੰਨਾਂ 'ਤੇ ਪਰਦੇ ਪਏ ਹੋਏ ਨੇ। ਚੀਜ਼ਾਂ ਤੋਂ ਪਰਦੇ ਉਤਾਰਨ ਦੀ ਮੰਗ ਨਾ ਕਰੋ ਆਪਣੇ ਆਪ ਤੋਂ ਪਰਦੇ ਉਤਾਰੋ।

ਜਦ ਤੁਹਾਡੇ ਮੂੰਹੋਂ 'ਮੈਂ' ਨਿਕਲੇ ਤਾਂ ਰੱਬ ਅੱਗੇ ਅਰਦਾਸ ਕਰੋ ਕਿ ਮੈਨੂੰ 'ਮੈਂ' ਦੀ ਮੁਸਬੀਤਾਂ ਤੋਂ ਬਚਾ ਤੇ 'ਮੈਂ' ਦਾ ਆਨੰਦ ਮਾਨਣਾ ਸਿਖਾ।

ਤੁਹਾਡੇ 'ਮੈਂ' ਦੇ ਰੂਪ ਵਿੱਚ ਸੋਚਣ ਨਾਲ ਹੀ ਤੁਹਾਡੇ ਸਿਰ 'ਚ ਵਿਚਾਰਾਂ ਦਾ ਸਮੁੰਦਰ ਠਾਠਾਂ ਮਾਰਨ ਲੱਗਦਾ ਹੈ। ਇਹ ਸਮੁੰਦਰ ਤੁਹਾਡੀ 'ਮੈਂ' ਦਾ ਹੀ ਪੈਦਾ ਕੀਤਾ ਗਿਆ ਹੈ।.. ਸਿਰਫ 'ਮੈਂ' ਦੇ ਉਚਾਰਨ ਨਾਲ ਤੁਸੀਂ ਸ਼ਬਦਾਂ ਦੇ ਭਾਰੇ ਹਜੂਮ ਨੂੰ ਹੋਂਦ ਵਿੱਚ ਲੈ ਆਉਂਦੇ ਹੋ; ਹਰ ਸ਼ਬਦ ਕਿਸੇ ਚੀਜ਼ ਦਾ ਸੰਕੇਤ ਹੁੰਦਾ ਹੈ; ਹਰ ਚੀਜ਼ ਕਿਸੇ ਸੰਸਾਰ ਦਾ; ਹਰ ਸੰਸਾਰ ਕਿਸੇ ਬ੍ਰਹਿਮੰਡ ਦਾ ਅੰਗ ਹੁੰਦਾ ਹੈ। ਉਹ ਬ੍ਰਹਿਮੰਡ ਤੁਹਾਡੀ 'ਮੈਂ' ਦਾ ਪੈਦਾ ਕੀਤਾ ਹੋਇਆ ਹੈ। ਤੁਹਾਡੀ 'ਮੈਂ' ਇਕੋ ਵੇਲੇ ਸਿਰਜਣਹਾਰ ਹੈ ਤੇ ਸਿਰਜਣਾ ਵੀ। ਜੇ ਤੁਹਾਡੇ ਬ੍ਰਹਿਮੰਡ 'ਚ ਕੋਈ ਡਰ-ਭਉ ਹਨ ਤਾਂ ਸਮਝ ਲਓ ਕਿ ਇਹ ਸਿਰਫ ਤੁਹਾਡੀ ਅੰਦਰਲੀ 'ਮੈਂ' ਨੇ ਪੈਦਾ ਕੀਤੇ ਨੇ।.. ਜਿਹੋ ਜਿਹੀ ਤੁਹਾਡੀ ਚੇਤਨਾ ਹੋਵੇਗੀ ਉਹੋ ਜਿਹੀ ਤੁਹਾਡੀ 'ਮੈਂ' ਹੋਵੇਗੀ ਤੇ ਜਿਹੋ ਜਿਹੀ ਤੁਹਾਡੀ 'ਮੈਂ' ਉਹੋ ਜਿਹਾ ਤੁਹਾਡਾ ਸੰਸਾਰ।.. ਜੇ ਤੁਹਾਡੇ ਦਿਲ 'ਚ ਕੰਡਿਆਲੀਆਂ ਝਾੜੀਆਂ ਉੱਗ ਆਉਣ ਤਾਂ ਸਮਝ ਲਵੋ ਇਹ ਤੁਹਾਡੀ 'ਮੈਂ' ਦੀ ਕਾਰਸਤਾਨੀ ਹੈ। ਜੇ ਤੁਹਾਡੇ ਵਿਚਾਰ ਡੰਗ ਮਾਰਦੇ ਨੇ ਇਨਾਂ ਨੂੰ 'ਡੰਗ' ਤੁਹਾਡੀ 'ਮੈਂ' ਨੇ ਪ੍ਰਦਾਨ ਕੀਤੇ ਨੇ। ਤੁਹਾਡਾ ਸੰਸਾਰ ਕੰਧਾਂ ਤੇ ਵਾੜਾਂ ਦਾ ਸੰਸਾਰ ਹੈ ਕਿਉਂਕਿ ਤੁਹਾਡੀ 'ਮੈਂ' ਕੰਧਾਂ ਤੇ ਵਾੜਾਂ ਦੀ 'ਮੈਂ' ਹੈ। ਇਹ 'ਮੈਂ' ਕੁਝ ਚੀਜ਼ਾਂ ਨੂੰ ਪਰਾਈਆਂ ਸਮਝ ਵਾੜ ਰਾਹੀਂ ਬਾਹਰ ਕੱਢਣਾ ਚਾਹੁੰਦੀ ਹੈ ਤੇ ਕੁਝ ਚੀਜ਼ਾਂ ਨੂੰ ਆਪਣੀਆਂ ਸਮਝ ਵਾੜ ਦੇ ਅੰਦਰ ਰੱਖਣਾ ਚਾਹੁੰਦੀ ਹੈ ਪਰ ਬਾਹਰਲੀਆਂ ਚੀਜ਼ਾਂ ਜ਼ਬਰਦਸਤੀ ਅੰਦਰ ਆਉਂਦੀਆਂ ਰਹਿੰਦੀਆਂ ਹਨ ਤੇ ਅੰਦਰਲੀਆਂ ਬਾਹਰ ਜਾਂਦੀਆਂ ਰਹਿੰਦੀਆਂ ਹਨ। ਕਿਉਂਕਿ ਉਹ ਇਕੋ ਮਾਂ -ਤੁਹਾਡੀ 'ਮੈਂ' ਦੀਆਂ ਧੀਆਂ ਹੋਣ ਦੇ ਨਾਤੇ ਵੱਖ ਹੋਣਾ ਸਵੀਕਾਰ ਨਹੀਂ ਕਰਦੀਆਂ....ਤੇ ਤੁਸੀਂ ਵਾੜ ਪੱਟਣ ਦੀ ਥਾਂ ਆਪਣੀ ਜ਼ਿੰਦਗੀ ਨੂੰ ਛਿੱਲ ਤਰਾਸ਼ ਕੇ ਅਜਿਹਾ ਫਾਨਾ ਬਣਾਉਣ ਦੀ ਕੋਸ਼ਿਸ਼ 'ਚ ਲੱਗੇ ਰਹਿੰਦੇ ਹੋ ਜਿਸਨੂੰ ਆਪਣੇ ਅਤੇ ਪਰਾਏ ਵਿਚਕਾਰ ਠੋਕਿਆ ਜਾ ਸਕੇ।

ਸਾਧੂ ਭਰਾਓ, ਮੀਰਦਾਦ ਤੁਹਾਡੀ 'ਮੈਂ' ਦੀ ਵਾੜ ਨੂੰ ਪੱਟਣਾ ਚਾਹੁੰਦਾ ਹੈ।

ਅਗਲੇ ਅਧਿਆਇ ਵਿੱਚ ਮੀਰਦਾਦ ਮਨੁੱਖ ਦੇ ਸ੍ਰਿਸ਼ਟੀ ਨਾਲੋਂ ਦੋਫਾੜ ਹੋਏ ਆਪੇ ਦੀ ਗੱਲ ਕਰਦਾ ਆਖਦਾ ਹੈ ਕਿ ਤੁਹਾਡੇ ਵਿੱਚੋਂ ਭਾਵੇਂ ਹਰ ਕੋਈ ਆਪਣੀ 'ਮੈਂ' 'ਚ ਕੇਂਦਰਿਤ ਹੈ ਪਰ ਤੁਸੀਂ ਸਾਰੇ ਇਕੋ ਸ੍ਰਿਸ਼ਟੀ ਦੀ ਵਿਰਾਟ 'ਮੈਂ' 'ਚ ਕੇਂਦਰਿਤ ਹੋ।... ਈਸ਼ਵਰ ਦਾ 'ਸ਼ਬਦ' ਇੱਕ ਕੁਠਾਲੀ ਹੈ, ਇਹ ਆਪਣੀਆਂ ਪੈਦਾ ਕੀਤੀਆਂ ਚੀਜ਼ਾਂ ਨੂੰ ਪਿਘਲਾ ਕੇ, ਗਾਲ ਕੇ ਇਕ ਰੂਪ ਕਰ ਦਿੰਦਾ ਹੈ, ਨਾ ਉਨ੍ਹਾਂ 'ਚੋਂ ਕਿਸੇ ਨੂੰ ਉੱਤਮ ਮੰਨ ਕੇ ਪ੍ਰਵਾਨ ਕਰਦਾ ਹੈ ਨਾ ਬੁਰਾ ਕਹਿ ਅਪ੍ਰਵਾਨ ਕਰਦਾ ਹੈ। ਦੂਜੇ ਪਾਸੇ 'ਮਨੁੱਖ' ਸ਼ਬਦ ਇਕ ਝਰਨਾ ਹੈ ਜੋ ਕਿਸੇ ਨੂੰ ਦੋਸਤ ਦੇ ਤੌਰ 'ਤੇ ਅਪਣਾ ਲੈਂਦਾ ਹੈ ਕਿਸੇ ਨੂੰ ਦੁਸ਼ਮਣ ਮੰਨ ਕੇ ਤਿਆਗ ਦਿੰਦਾ ਹੈ।...

...ਮਨੁੱਖ ਪੋਤੜਿਆਂ 'ਚ ਲਪੇਟਿਆ ਰੱਬ ਹੈ, ਸਮਾਂ ਪੋਤੜਾ ਹੈ, ਮਾਸ ਪੋਤੜਾ ਹੈ, ਇੰਦਰੀਆਂ ਪੋਤੜੇ ਨੇ। ਪੋਤੜੇ ਉਮਰ ਨਾਲ ਬਦਲਦੇ ਰਹਿੰਦੇ ਨੇ ਇਸੇ ਲਈ ਮਨੁੱਖ ਦੀ ਚੇਤਨਾ ਬਦਲਦੀ ਰਹਿੰਦੀ ਹੈ।... ਮਨੁੱਖ ਦਾ ਜੋ ਕੱਲ ਦੋਸਤ ਸੀ ਅੱਜ ਉਸਨੂੰ ਦੁਸ਼ਮਣ ਮੰਨ ਲੈਂਦਾ ਹੈ, ਦੁਸ਼ਮਣ ਨੂੰ ਦੋਸਤ ਮੰਨ ਲੈਂਦਾ ਹੈ। ਇਹ ਦੁਸ਼ਮਣ ਤੇ ਦੋਸਤ ਉਸਦੀ 'ਮੈਂ' ਨੇ ਪੈਦਾ ਕੀਤੇ ਨੇ। ਜਿਸ ਚੀਜ਼ ਨੂੰ ਇਕ ਮਨੁੱਖ ਬੁਰਾ ਕਹਿ ਕੇ ਤਿਆਗ ਦਿੰਦਾ ਹੈ ਕੋਈ ਹੋਰ ਮਨੁੱਖ ਉਸੇ ਚੀਜ਼ ਨੂੰ ਚੰਗਾ ਮੰਨ ਕੇ ਅਪਣਾ ਲੈਂਦਾ ਹੈ। ਕੀ ਕੋਈ ਚੀਜ਼ ਇਕੋ ਸਮੇਂ ਦੋ ਪਰਸਪਰ ਵਿਰੋਧੀ ਚੀਜ਼ਾਂ ਬਣ ਸਕਦੀ ਹੈ? ਚੀਜ਼ ਨਾ ਚੰਗੀ ਹੈ ਨਾ ਬੁਰੀ ਬੱਸ ਇਕ ਮਨੁੱਖ ਦੀ 'ਮੈਂ' ਨੇ ਉਸਨੂੰ ਚੰਗਾ ਬਣਾ ਦਿੱਤਾ ਦੂਸਰੇ ਦੀ 'ਮੈਂ' ਨੇ ਬੁਰਾ।

ਸਾਧੂ ਦੋਸਤੋ, ਝਾਰਨਾ ਨਹੀਂ ਕੁਠਾਲੀ ਬਣੋ।

ਅਗਲੇ ਅਧਿਆਇ ' ਚ ਮੀਰਦਾਦ, ਮਨੁੱਖੀ ਜੀਵਨ ਦੇ ਵੱਖ ਵੱਖ ਪਹਿਲੂਆਂ 'ਤੇ ਗੱਲ ਕਰਦਾ ਹੈ।

ਇਕ ਅਧਿਆਇ 'ਚ ਮੀਰਦਾਦ ਆਖਦਾ ਹੈ ਕਿ ਮਨੁੱਖ ਕੁਦਰਤ ਨਾਲ ਹਰ ਪੱਖੋਂ ਇਕਮਿਕ ਹੈ ਪਰ ਉਸਨੂੰ ਆਪਣੀ ਸੌੜੀ 'ਮੈਂ' ਕਾਰਨ ਇਹ ਏਕਤਾ ਦਿਖਾਈ ਨਹੀਂ ਦਿੰਦੀ। ਉਹ ਮਨੁੱਖ ਨੂੰ ਆਪਣੀ ਦ੍ਰਿਸ਼ਟੀ ਬਦਲ ਕੇ 'ਵਿਰਾਟ ਮੈਂ' ਨੂੰ ਪਛਾਣਨ ਲਈ ਕਹਿੰਦਾ

ਉਸ 'ਵਿਰਾਟ ਮੈਂ' ਦੀ ਨਿਸ਼ਾਨਦੇਹੀ ਕਰਦਾ ਹੈ। ਮੀਰਦਾਦ ਦੀ ਦੱਸੀ 'ਵਿਰਾਟ ਮੈਂ' ਦੀ ਜਪੁਜੀ ਸਾਹਿਬ ਵਿਚਲੀ 'ਵਿਰਾਟ ਮੈਂ' (ਹੁਕਮ) ਨਾਲ ਸਮਾਨਤਾ ਹੈ। ਮੀਰਦਾਦ ਆਖਦਾ ਹੈ ਰੱਬ ਦਾ 'ਸ਼ਬਦ' ਅਜਨਮਾ, ਅਜੂਨੀ ਤੇ ਅਵਿਨਾਸ਼ੀ ਹੈ। ਮੀਰਦਾਦ ਰੱਬ ਨੂੰ ਇਕ ਸੰਕਲਪ ਮੰਨਦਾ ਕੁਦਰਤ ਨੂੰ 'ਰੱਬ' ਆਖਦਾ ਹੈ। ਇਸੇ ਲਈ ਉਹ ਥਾਂ-ਥਾਂ 'ਰੱਬ' ਦੀ ਥਾਂ ਰੱਬ ਦਾ 'ਸ਼ਬਦ' ਵਰਤਦਾ ਹੈ। ਉਸ ਲਈ ਰੱਬ ਦਾ 'ਸ਼ਬਦ' ਅਜਿਹੀ ਫ਼ਿਲਾਸਫ਼ੀ ਹੈ ਜੋ ਬੰਦੇ ਨੂੰ ਸਮੇਂ, ਸਥਾਨ ਤੋਂ ਪਾਰ ਜਾ ਕੇ ਜਿਉਣਾ ਸਿਖਾਉਂਦੀ ਹੈ। ਉਹ ਕਿਤੇ ਵੀ ਰੱਬ ਦੀ ਭਗਤੀ ਦੀ ਗੱਲ ਨਹੀਂ ਕਰਦਾ ਨਾ ਉਸਦਾ ਰੱਬ ਡਰਾਉਣਾ ਹੈ ਜੋ ਮਨੁੱਖ ਨੂੰ ਉਸਦੇ ਕਰਮਾਂ ਦੇ ਫਲ ਵਜੋਂ ਸਜ਼ਾਵਾਂ ਦਿੰਦਾ ਹੈ।

ਇਕ ਹੋਰ ਅਧਿਆਇ ਵਿੱਚ ਮੀਰਦਾਦ ਫਿਰ ਮਨੁੱਖ ਦੇ ਦੋਫਾੜ ਆਪੇ ਦੀ ਗੱਲ ਕਰਦਾ ਸਮੁੱਚੇ ਬ੍ਰਹਿਮੰਡ ਨੂੰ ਅਖੰਡ ਇਕਾਈ ਸਿੱਧ ਕਰਦਾ 'ਪ੍ਰੇਮ' ਦੀ ਵਿਆਖਿਆ ਕਰਦਾ ਆਖਦਾ ਹੈ ਕਿ ਮਨੁੱਖੀ 'ਮੈਂ' ਜੀਵਨ ਰੂਪੀ ਸਮੁੱਚੇ ਰੁੱਖ ਨੂੰ ਪ੍ਰੇਮ ਕਰਨ ਦੀ ਥਾਂ ਇਕ ਪੱਤੇ ਨੂੰ ਪ੍ਰੇਮ ਕਰਦੀ ਹੈ।.... ਅਬਿਮਾਰ ਦੇ ਇਹ ਆਖਣ ਤੇ ਕਿ ਮੈਂ ਤਾਂ ਕਿਸੇ ਇਨਸਾਨ ਨੂੰ ਘ੍ਰਿਣਾ ਨਹੀਂ ਕਰਦਾ ਮੀਰਦਾਦ ਆਖਦਾ ਹੈ ਘ੍ਰਿਣਾ ਨਾ ਕਰਨਾ ਪਿਆਰ ਕਰਨਾ ਨਹੀਂ ਹੁੰਦਾ।... ਜਦ ਤੱਕ ਤੁਸੀਂ ਇਕ ਇਨਸਾਨ ਨੂੰ ਵੀ ਘ੍ਰਿਣਾ ਕਰਦੇ ਹੋ ਤੁਹਾਡਾ ਕੋਈ ਦੋਸਤ ਨਹੀਂ। ਜਿਸ ਦਿਲ 'ਚ ਦੁਸ਼ਮਣੀ ਨੂੰ ਥਾਂ ਦਿੱਤੀ ਗਈ ਹੋਵੇ ਉਥੇ ਦੋਸਤੀ ਕਿਵੇਂ ਨਿਸ਼ਚਿੰਤ ਹੋ ਕੇ ਵਸ ਸਕਦੀ ਹੈ? ਪ੍ਰੇਮ ਰੱਬ ਦਾ ਕਾਨੂੰਨ ਹੈ ਤੇ ਮਨੁੱਖ ਨੂੰ ਪ੍ਰੇਮ ਦੀ ਰੋਟੀ ਵਾਂਗ ਲੋੜ ਹੈ। ਪ੍ਰੇਮ ਹਿਸਾਬ-ਕਿਤਾਬ ਨਹੀਂ ਰੱਖਦਾ, ਪ੍ਰੇਮ ਤੋਂ ਕੁਝ ਮੰਗੋ ਨਾ, ਪ੍ਰੇਮ 'ਚ 'ਹੁਣ' ਤੇ 'ਫਿਰ' ਨਹੀਂ ਹੁੰਦਾ, ਸਭ ਮੌਸਮ 'ਪ੍ਰੇਮ' ਦੇ ਮੌਸਮ ਹੁੰਦੇ ਨੇ, ਪ੍ਰੇਮ ਕੋਈ ਕੋਈ ਹੱਦ-ਬੰਨਾ ਪ੍ਰਵਾਨ ਨਹੀਂ ਕਰਦਾ। ਪ੍ਰੇਮ ਅੰਨ੍ਹਾ ਨਹੀਂ ਹੁੰਦਾ ਸਗੋਂ ਪ੍ਰੇਮ ਦੀ ਅੱਖ ਬਹੁਤ ਸਾਫ਼ ਤੇ ਡੂੰਘੀ ਨੀਝ ਵਾਲੀ ਹੁੰਦੀ ਹੈ ਇਸੇ ਲਈ ਇਹ ਕੋਈ ਨੁਕਸ ਨਹੀਂ ਦੇਖਦੀ। ਪ੍ਰੇਮ ਤੁਹਾਨੂੰ ਨਿਰਮਲ ਕਰ ਦਿੰਦਾ ਹੈ।

ਸਾਧੂ ਭਰਾਓ, ਸਮੁੱਚੇ ਬ੍ਰਹਿਮੰਡ ਨੂੰ ਪ੍ਰੇਮ ਕਰੋ।

ਇਕ ਹੋਰ ਅਧਿਆਇ 'ਚ ਮੀਰਦਾਦ ਬੇੜੀ ਦੀ ਬੁੱਢੀ ਹੋ ਚੁੱਕੀ ਗਾਂ ਸਿਮ-ਸਿਮ ਦਾ ਰੋਗ ਦੂਰ ਕਰਦਾ ਬੁਢਾਪੇ ਬਾਰੇ ਆਪਣੇ ਵਿਚਾਰ ਪੇਸ਼ ਕਰਦਾ ਸਿਮ-ਸਿਮ ਨਾਲ ਗੱਲਾਂ ਕਰਦਾ ਹੈ। ਮਿਕਾਸਟਰ ਮੀਰਦਾਦ ਨੂੰ ਟੋਕਦਾ ਹੈ ਤੂੰ ਇਸ ਗਾਂ ਨਾਲ ਇੰਝ ਗੱਲ ਕਰ ਰਿਹਾ ਜਿਵੇਂ ਇਹ ਤੇਰੇ ਸ਼ਬਦਾਂ ਨੂੰ ਸਮਝਦੀ ਹੋਵੇ। ਮੀਰਦਾਦ ਆਖਦਾ ਹੈ-ਮਿਕਾਸਟਰ ਮਹੱਤਤਾ ਸ਼ਬਦਾਂ ਦੀ ਨਹੀਂ, ਉਨ੍ਹਾਂ 'ਚ ਧੜਕਦੇ ਭਾਵਾਂ ਦੀ ਹੁੰਦੀ ਹੈ। ਭਾਵਾਂ ਦੀ ਧੜਕਣ ਦਾ ਅਹਿਸਾਸ ਪਸ਼ੂਆਂ ਨੂੰ ਵੀ ਹੁੰਦਾ ਹੈ। ਮੈਨੂੰ ਤਾਂ ਨਿਮਾਣੀ ਸਿਮ-ਸਿਮ ਦੀਆਂ ਅੱਖਾਂ 'ਚ ਇਕ ਇਸਤਰੀ ਆਪਣੇ ਵੱਲ ਦੇਖਦੀ ਨਜ਼ਰ ਆਉਂਦੀ ਹੈ।.. ਬੁਢਾਪਾ ਦੁਖਦਾਈ ਹੁੰਦਾ ਹੈ। ਇਨਸਾਨ ਨਵੇਂ ਜਨਮੇ ਬਾਲਕ ਵੱਲ ਵੱਧ ਧਿਆਨ ਦਿੰਦੇ ਹਨ ਪਰ ਬੁਢਾਪੇ ਦੇ ਮਾਰੇ ਇਨਸਾਨ ਵੱਲ ਘੱਟ ਧਿਆਨ ਦਿੰਦੇ ਹਨ। ਬੱਚਿਆਂ ਦੀ ਬੇਵਸੀ ਜ਼ਬਰਦਸਤੀ ਪਿਆਰ ਹਾਸਿਲ ਕਰ ਲੈਂਦੀ ਹੈ ਜਦ ਕਿ ਬਿਰਧਾਂ ਦੀ ਬੇਵਸੀ ਵਿਰਲੇ ਲੋਕਾਂ ਦੀ ਅਣਚਾਹੀ ਸਹਾਇਤਾ ਪ੍ਰਾਪਤ ਕਰਨ ਵਿੱਚ ਸਫ਼ਲ ਹੁੰਦੀ ਹੈ। ਅਸਲੀਅਤ ਇਹ ਹੈ ਕਿ ਬਿਰਧ ਬੱਚਿਆਂ ਨਾਲੋਂ ਵੱਧ ਹਮਦਰਦੀ ਦੇ ਪਾਤਰ ਹੁੰਦੇ ਹਨ। ਮੇਰੇ ਸਾਥੀਓ, ਜਦ ਬੁਢਾਪਾ ਇਨਸਾਨ ਨੂੰ ਦਬੋਚ ਲਵੇ ਉਦੋਂ ਉਸਦੀ ਸੇਵਾ ਕੀਤੀ ਜਾਵੇ।..ਹਰ ਜਾਤੀ, ਹਰ ਦੇਸ਼ ਦੇ ਲੋਕਾਂ ਪ੍ਰਤੀ ਦਇਆਵਾਨ ਬਣੋ। ਹਰ ਕਿਸਮ ਤੇ ਹਰ ਉਮਰ ਦੇ ਪਸ਼ੂਆਂ ਪ੍ਰਤੀ ਦਇਆਵਾਨ ਬਣੋ। ਸਿਮ-ਸਿਮ ਦੇ ਦੁੱਧ 'ਤੇ ਪਲਣਾ ਜਦ ਉਹ ਦੁੱਧ ਦੇਣ ਦੇ ਯੋਗ ਨਾ ਰਹੇ ਤਾਂ ਉਸਦੀ ਗਰਦਨ ਤੇ ਬੁੱਚੜ ਦੀ ਛੁਰੀ ਰੱਖ ਦੇਣਾ, ਪਰਲੇ ਦਰਜੇ ਦੀ ਕ੍ਰਿਤਘਣਤਾ ਹੈ।

ਇਕ ਅਧਿਆਇ 'ਚ ਮੀਰਦਾਦ 'ਪਾਪ' ਦੇ ਸੰਕਲਪ ਦੀ ਵਿਆਖਿਆ ਕਰਦਾ ਅਦਨ ਦੇ ਬਾਗ਼ 'ਚੋਂ ਮਨੁੱਖ ਨੂੰ ਰੱਬ ਵਲੋਂ ਬਾਹਰ ਕੱਢਣ ਵਾਲੀ ਮਿੱਥ-ਕਥਾ ਬਾਰੇ ਗੱਲ ਕਰਦਾ ਆਖਦਾ ਹੈ ਇਥੇ ਹੀ ਮਨੁੱਖ 'ਵਿਰਾਟ ਮੈਂ' ਨਾਲੋਂ ਵੱਖਰਾ ਹੋਇਆ ਤੇ ਉਸਦੀ ਆਪਣੀ 'ਮੈਂ' ਜਨਮੀ। ਹੁਣ ਮਨੁੱਖ ਇਸ ਦੋਫਾੜ ਆਪੇ 'ਚ ਜਿਉਂਦਾ ਆਪਣੀ 'ਮੈਂ' ਤੇ ਕੁਦਰਤ ਦੀ 'ਵਿਰਾਟ ਮੈਂ' ਵਿਚਕਾਰ ਪਰਦੇ ਪਾਉਂਦਾ ਦਿਨੋ-ਦਿਨ 'ਵਿਰਾਟ ਮੈਂ' ਤੋਂ ਦੂਰ ਜਾ ਰਿਹਾ ਹੈ। ਇਥੇ ਮਿਖਾਈਲ ਭਾਵੇਂ ਆਪਣਾ ਚਿੰਤਨ ਉਸਾਰਦਾ ਮਿੱਥ-ਕਥਾ ਦਾ ਸਹਾਰਾ ਲੈਂਦਾ ਹੈ ਪਰ ਜੇ ਇਨਸਾਨ ਦੇ ਅਦਨ ਦੇ ਬਾਗ਼ 'ਚੋਂ ਨਿਕਲ ਨੂੰ ਚਿੰਨ੍ਹਾਤਮਕ ਢੰਗ ਨਾਲ ਮਨੁੱਖ ਦੇ ਜਨਮ ਤੋਂ ਬਾਅਦ ਪੈਦਾ ਹੁੰਦੀ ਤੇ ਹੌਲ਼ੀ-ਹੌਲ਼ੀ ਹੋਂਦ ਧਾਰਦੀ ਉਸਦੀ 'ਮੈਂ' ਨਾਲ ਜੋੜ ਕੇ ਦੇਖੀਏ ਤਾਂ ਮਿਖ਼ਾਈਲ ਦਾ ਚਿੰਤਨ ਇਥੇ ਅਸਤਿਤਵਵਾਦੀ ਚਿੰਤਨ ਨਾਲ ਸੁਰ ਮਿਲਾਉਂਦਾ ਆਪਣੀ ਸਿਖਰ ਨੂੰ ਛੂੰਹਦਾ ਧਰਮ ਵਲੋਂ ਘੜ੍ਹੇ 'ਪਾਪ' ਦੇ ਸੰਕਲਪ ਨਾਲ ਮਨੁੱਖੀ ਮਨ 'ਚ ਪੈਦਾ ਕੀਤੇ 'ਅਪਰਾਧ ਬੋਧ' ਅਤੇ ਸਮਾਜ ਵਲੋਂ ਮਨੁੱਖੀ ਮਨ 'ਚ ਪੈਦਾ ਕੀਤੇ 'ਈਡੀਪਸ ਕੰਪਲੈਕਸ' ਤੋਂ ਮੁਕਤ ਹੋਣ ਦਾ ਰਾਹ ਦੱਸਣ 'ਚ ਬੇਹੱਦ ਸਫਲ ਰਹਿੰਦਾ ਹੈ।

ਇਕ ਅਧਿਆਇ 'ਚ ਮੀਰਦਾਦ ਆਮ ਮਨੁੱਖ ਦੀ ਜ਼ਿੰਦਗੀ ਨਾਲ ਸਬੰਧਿਤ ਛੋਟੇ-ਛੋਟੇ ਵਰਤਾਰਿਆਂ ਬਾਰੇ ਸਟੀਕ ਸ਼ਬਦਾਂ 'ਚ ਕਥਨ ਬੋਲਦਾ, ਪਾਠਕ ਅੱਗੇ ਸਹਿਜ, ਸਾਦੀ ਜ਼ਿੰਦਗੀ ਜਿਉਣ ਦਾ ਸਾਰ-ਤੱਤ ਪੇਸ਼ ਕਰਦਾ ਹੈ -

ਸੱਚ ਸੁਤੇ ਸਿੱਧ ਸੱਚ ਹੈ, ਸੱਚ ਨੂੰ ਠੁਮਣੇ ਦੀ ਲੋੜ ਨਹੀਂ। ਜਿਸ ਨੂੰ ਸਬੂਤ ਤੇ ਦਲੀਲ ਦਾ ਠੁਮਣਾ ਦੇਣਾ ਜ਼ਰੂਰੀ ਹੋਵੇ, ਉਸਨੂੰ ਦੇਰ-ਸਵੇਰ ਦਲੀਲ ਤੇ ਸਬੂਤ ਨਾਲ ਰੱਦ ਕਰ ਦਿੱਤਾ ਜਾਂਦਾ ਹੈ।

ਜੀਭ ਨੂੰ ਪੌਣ-ਕੁਕੜ ਨਾ ਬਣਾਓ।

'ਹੋਣਾ', 'ਮਹਿਸੂਸ ਕਰਨਾ', 'ਸੋਚਣਾ', 'ਕਲਪਨਾ ਕਰਨਾ' ਤੇ 'ਜਾਣਨਾ' ਮਨੁੱਖ ਜੀਵਨ ਦੇ ਚੱਕਰ ਵਿੱਚ ਮੁਖ ਪੜਾਓ ਹਨ, ਜੋ ਇਸੇ ਤਰਤੀਬ 'ਚ ਆਉਂਦੇ ਹਨ।

ਦੇਣ ਦਾ ਅਹਿਸਾਸ ਰੱਖਦੇ ਹੋਏ ਦੇਣਾ, ਸਿਰਫ ਉਧਾਰ ਦੇਣਾ ਹੈ।

ਸੰਸਾਰ 'ਚੋਂ ਬਦੀ ਪੁੱਟਣ ਦੀ ਕੋਸ਼ਿਸ਼ ਨਾ ਕਰੋ ਕਿਉਂਕਿ ਨਿਕੰਮੇ ਸਮਝੇ ਜਾਂਦੇ ਘਾਹ-ਪੱਤੇ ਵੀ ਚੰਗੀ ਖਾਦ ਬਣਦੇ ਹਨ।

# ਨਾਵਲ 'ਸ਼ਾਂਤੀ ਪਰਵ' ਦੇ ਬਹਾਨੇ ਦੇਸ ਰਾਜ ਕਾਲੀ ਦੇ ਸਾਹਿਤ ਨੂੰ ਉਹਦੇ ਖ਼ੁਦ ਰਾਹੀ ਸਮਝਦਿਆਂ

*ਮੁਲਾਕਾਤੀ : ਰਾਜਕੁਮਾਰ ਹੰਸ, ਨੀਤੀ ਸਿੰਘ*

ਦੇਸ ਰਾਜ ਕਾਲੀ ਪੰਜਾਬੀ ਗਲਪ ਦਾ ਨਿਆਰਾ ਨਾਮ ਹੈ। ਉਸਦੇ ਨਾਵਲ 'ਸ਼ਾਂਤੀ ਪਰਵ' ਨੇ ਖਾਸ ਤੌਰ ਉੱਤੇ ਵਿਸ਼ਵ ਦੇ ਬੁੱਧੀਜੀਵੀ ਤਬਕੇ ਦਾ ਧਿਆਨ ਖਿਚਿਆ। ਨੌਟਿੰਗਮ ਟਰੈਂਟ ਯੂਨੀਵਰਸਿਟੀ ਇੰਗਲੈਂਡ ਅਤੇ ਮੌਂਪੀਲੀਅਰ ਯੂਨੀਵਰਸਿਟੀ ਫਰਾਂਸ ਦੇ ਸਾਂਝੇ ਉੱਦਮ ਸਦਕਾ ਫਰਾਂਸ ਅਤੇ ਦਿੱਲੀ ਯੂਨੀਵਰਸਿਟੀ ਵਿੱਚ ਵੱਖ-ਵੱਖ ਅਕਾਦਮਿਕ ਚਿੰਤਕਾਂ ਵੱਲੋਂ ਉਸਦੇ ਇਸ ਨਾਵਲ ਬਾਰੇ ਚਿੰਤਨ ਕੀਤਾ ਗਿਆ। ਪ੍ਰੋ. ਨੀਤੀ ਸਿੰਘ ਹੁਰਾਂ ਦੀ ਡਿਊਟੀ ਇਸ ਨਾਵਲ ਨੂੰ ਅੰਗ੍ਰੇਜ਼ੀ ਵਿੱਚ ਉਲੱਥਾ ਕਰਨ ਦੀ ਵੀ ਲੱਗੀ। ਇਉਂ ਕਾਲੀ ਦੇ ਇਸ ਨਾਵਲ ਰਾਹੀਂ ਉਸਦੇ ਬਾਕੀ ਸਾਹਿਤ ਨੂੰ ਵੀ ਸਮਝਣ ਦੇ ਯਤਨ ਹੋਏ। ਹਥਲੀ ਮੁਲਾਕਾਤ ਵਿੱਚ ਉਸਦੇ ਇਸੇ ਨਾਵਲ ਦੇ ਹਵਾਲੇ ਨਾਲ ਕੁੱਝ ਵਿਚਾਰ ਚਰਚਾ ਹੋਈ ਹੈ। ਉਮੀਦ ਹੈ ਦੇਸ ਰਾਜ ਕਾਲੀ ਦੇ ਸਾਹਿਤ ਨੂੰ ਸਮਝਣ ਵਾਸਤੇ ਪਾਠਕਾਂ ਲਈ ਸਹਾਇਕ ਹੋਵੇਗੀ।

ਸਵਾਲ- ਕਾਲੀ, ਤੇਰੇ ਸਾਹਿਤ ਨਾਲ ਵਾਹ ਪੈਣ ਦਾ ਮਤਲਬ ਹੈ ਕਿ ਪਾਠਕ ਨੂੰ ਹੁਣ ਜਾਗਣਾ ਪੈਣਾ ਹੈ। ਉਹਨੂੰ ਆਪਣੀ ਪਠਨ ਦੀ ਗੇਝ ਤੋੜਨੀ ਪੈਣੀ ਹੈ। ਕਿਉਂਕਿ ਤੂੰ ਸੁਚੇਤ ਹੈਂ, ਇਸ ਲਈ ਪਾਠਕ ਨੂੰ ਵੀ ਸੁਚੇਤ ਹੋਣਾ ਪੈਣਾ ਹੈ। ਆਪਣੇ ਚਿੰਤਨ ਅਤੇ ਰਚਨਾ ਸੰਸਾਰ ਬਾਰੇ ਕੁੱਝ ਸਾਂਝ ਪਵਾ। ਇਸਦੇ ਸਮਾਜ ਸ਼ਾਸਤਰ ਬਾਰੇ ਵੀ ਗੱਲਾਂ ਕਰ, ਖਾਸ ਕਰਕੇ ਨਾਵਲ 'ਸ਼ਾਂਤੀ ਪਰਵ' ਦੇ ਹਵਾਲੇ ਨਾਲ।

ਕਾਲੀ- ਪ੍ਰੋਫੈਸਰ ਸਾਹਿਬ, ਮੈਂ ਤੁਹਾਡੇ ਇਸ ਸਵਾਲ ਨੂੰ ਸਿੱਧਾ ਸੰਬੋਧਨ ਨਾ ਹੋ ਕੇ ਇਸਦੇ ਸਾਹਿਤਕ ਓਹਲੇ ਤੋਂ ਗੱਲ ਸ਼ੁਰੂ ਕਰਦਾ ਹਾਂ। ਦਰਅਸਲ ਤੁਹਾਡਾ ਇਹ ਸਵਾਲ ਇਸ ਵਿਚਾਰ ਨਾਲ ਜੁੜਿਆ ਹੋਇਆ ਹੈ ਕਿ ਆਖਿਰ ਮੇਰਾ ਸਾਹਿਤ ਪ੍ਰਤੀ ਨਜ਼ਰੀਆ ਕੀ ਹੈ? ਮੈਂ ਸਾਹਿਤ ਨੂੰ ਕਿਵੇਂ ਸਮਝਦਾ ਹਾਂ? ਜਾਂ ਕਹੋ ਕਿ ਮੇਰੇ ਸਾਹਿਤ ਦੇ ਘਾੜੇ ਤੱਤ ਕੀ ਨੇ? ਇੱਕ ਉਦਾਹਰਨ ਹੈ ਕਿ ਜਿਵੇਂ ਸਾਡੇ ਹਿੰਦੀ ਦੇ ਬਹੁਤ ਵੱਡੇ ਦਲਿਤ ਕਹਾਣੀਕਾਰ ਨੇ ਓਮ ਪ੍ਰਕਾਸ਼ ਵਾਲਮੀਕੀ ਜੀ। ਉਹਨਾਂ ਨੇ ਨਿਰੋਲ ਦਲਿਤ ਕਹਾਣੀਆਂ ਹੀ ਲਿਖੀਆਂ ਨੇ। ਨਿਰੋਲ ਦਲਿਤ ਕਹਾਣੀਆਂ। ਪਰ ਮੇਰੀ ਆਪਣੀ ਸਮਝ ਇਹ ਸੀ ਕਿ, ਮੈਂ ਜਿਸ ਪਰਿਵਾਰ ਵਿਚ ਜੰਮਿਆਂ, ਮੇਰਾ ਜੋ ਅਨੁਭਵ ਹੈ, ਸੋਸ਼ੀਅਲੀ, ਕਲਚਰਲੀ, ਫਿਲਾਸਫੀਕਲੀ, ਇਤਿਹਾਸਕ ਤੌਰ 'ਤੇ, ਮੇਰਾ ਜੋ ਆਪਾ ਹੈ, ਮੇਰਾ ਜੋ ਵਜੂਦ ਹੈ, ਮੇਰੀ ਜੋ ਲੜਾਈ ਹੈ, ਉਹ ਹੈ ਤਾਂ ਦਲਿਤ ਦੀ ਹੀ, ਪਰ ਮੈਂ ਇਹ ਕਹਿਨਾਂ ਕਿ ਕੋਈ ਵੀ ਵਰਤਾਰਾ ਆਈਸੋਲੇਟਿਡ ਨਹੀਂ ਹੁੰਦਾ। ਦਲਿਤ ਨੂੰ ਤੁਸੀਂ ਦੂਸਰੀ ਸੋਸਾਇਟੀ ਤੋਂ ਤੋੜ ਕੇ ਨਹੀਂ ਦੇਖ ਸਕਦੇ। ਉਹ ਹਿਸਟਰੀ ਦੇ ਵਿੱਚੋਂ ਵੀ ਬਣ ਰਿਹਾ ਹੁੰਦਾ, ਉਹ ਕਲਚਰ ਦੇ ਵਿੱਚੋਂ ਵੀ ਬਣ ਰਿਹਾ ਹੁੰਦਾ ਹੈ। ਮੰਨ ਲਓ ਕਿ ਜੋ ਕਾਸਟ ਦੀ ਡਿਸਕਰੀਮੀਨੇਸ਼ਨ ਹੈ, ਜਦੋਂ ਤੁਸੀਂ ਦਲਿਤ ਨੂੰ ਤੋੜ ਹੀ ਲਿਆ, ਫਿਰ ਭੇਦ-ਭਾਵ ਵਾਲਾ ਮਾਮਲਾ ਹੀ ਪੈਦਾ ਨਹੀਂ ਹੁੰਦਾ। ਪਰੰਤੂ ਕਿਉਂ ਕਿ ਉਹ ਸੋਸਾਇਟੀ ਦਾ ਪਾਰਟ ਹੈ, ਇਸ ਲਈ ਸੋ-ਕਾਲਡ ਅਪਰ ਕਾਸਟ ਜੋ ਹੈ ਉਹਦੇ ਨਾਲ ਵਿਤਕਰਾ ਕਰਦੀ ਹੈ। ਮੈਂ ਸੋਚਦਾਂ ਕਿ ਜੇਕਰ ਮੈਂ ਸਾਹ ਲੈ ਰਿਹਾ ਹਾਂ ਤਾਂ ਇਸ ਨਾਲ ਓਬਾਮਾ ਵੀ ਪ੍ਰਭਾਵਿਤ ਹੋ ਰਿਹਾ ਹੈ। ਸਾਨੂੰ ਤਾਂ ਨੇਚਰ ਨੇ ਵੀ ਜੋੜਿਆ ਹੋਇਆ ਹੈ, ਇਕਾਨਮੀ ਨੇ ਵੀ, ਸਾਹਿਤ ਨੇ ਵੀ, ਕਲਚਰ ਨੇ ਵੀ, ਇਤਿਹਾਸ ਨੇ ਵੀ। ਅਸੀਂ ਸੱਭ ਇੱਕੋ ਵਹਾਅ 'ਚ ਵਹਿ ਰਹੇ ਹਾਂ। ਸੋ ਮੈਨੂੰ ਲਗਦਾ ਸੀ ਕਿ ਇਹ ਜੋ ਦਲਿਤ ਦਾ ਵਰਤਾਰਾ ਹੈ, ਦਲਿਤ ਦਾ ਦੁਖਾਂਤ ਹੈ, ਦਲਿਤ ਦੀ ਹੋਂਦ ਦਾ ਸਵਾਲ ਹੈ, ਦਲਿਤ ਦਾ ਬਿਰਤਾਂਤ ਹੈ, ਇਹ ਜੋ ਸਾਰਾ ਵਰਤਾਰਾ ਹੈ ਇਹ ਆਈਸੋਲੇਸ਼ਨ 'ਚ ਨਹੀਂ ਹੈ। ਟੁੱਟੇ ਹੋਏ ਨਹੀਂ ਹੈਗੇ, ਜੁੜੇ ਹੋਏ ਨੇ। ਏਸ ਸੋਚ ਵਿੱਚੋਂ ਮੇਰਾ ਸਾਹਿਤ ਜਨਮ ਲੈਂਦਾ ਹੈ।

ਸਵਾਲ- ਤੇਰੀ ਗੱਲ ਦਰੁਸਤ ਹੈ, ਪਰ ਫਿਰ ਵੀ ਕਿਤੇ ਤਾਂ ਸੋਸਾਇਟੀ 'ਚ ਕਈ ਹੋਰ 'ਸੱਚ' ਪਏ ਨੇ?

ਕਾਲੀ- ਬਿਲਕੁੱਲ। ਇਸੇ ਕਰਕੇ ਅਗਲਾ ਪੜਾਵ ਇਹ ਆ ਜਾਂਦਾ ਹੈ ਕਿ ਜੇਕਰ ਇਹ ਬਿਰਤਾਂਤ ਜੁੜੇ ਹੋਏ ਨੇ ਤਾਂ ਦਲਿਤ ਦੀ ਲੇਅਰ ਕੀ ਹੈ ਸੋਸਾਇਟੀ ਵਿੱਚ। ਅਸੀਂ ਕਿਹੜੇ ਪੌਡੇ ਉੱਤੇ ਬੈਠੇ ਹਾਂ ਸਮਾਜ ਅੰਦਰ। ਸੋਸਾਇਟੀ 'ਚ ਦਲਿਤ ਚੌਥੇ ਪੌਡੇ ਉੱਤੇ ਬੈਠਾ ਹੈ। ਮੇਰੇ ਕਹਿਣ ਤੋਂ ਭਾਵ ਕਿ ਸਮਾਜਿਕ ਤੌਰ ਉੱਤੇ ਸੋਸਾਇਟੀ ਦੀ ਬਣਤਰ ਵਰਟੀਕਲ ਨਹੀਂ ਹੈ, ਹੌਰੀਜੈਂਟਲ ਹੈ। ਅਸੀਂ ਹੇਠਲੇ ਪੌਡੇ ਉੱਤੇ ਹਾਂ। ਪਰ ਜੁੜੇ ਹੋਏ ਹਾਂ। ਫਿਰ ਮੈਂ ਦੇਖਦਾਂ ਕਿ ਸਿਰਫ ਦਲਿਤ ਤਾਂ ਚੌਥੇ ਪੌਡੇ ਉੱਤੇ ਨਹੀਂ ਹੈ। ਇਕੱਲਾ। ਉਹਦੇ ਨਾਲ ਹੋਰ ਵੀ ਧਿਰਾਂ ਨੇ। ਉਹ ਧਿਰਾਂ ਕਿਹੜੀਆਂ ਨੇ? ਹੁਣ ਮੈਂ ਆਪਣੇ ਸਾਹਿਤ ਵਿੱਚ ਪਹਿਲਾਂ ਇਹ ਕੀਤਾ ਕਿ ਮੇਨਸਟ੍ਰੀਮ ਧਿਰ ਜੋ ਹੈ, ਜੋ ਵਰਤਾਰਾ ਹੈ, ਉਸਨੂੰ ਆਪਣੇ ਨਾਵਲ 'ਸ਼ਾਂਤੀ ਪਰਵ' ਦੇ ਉੱਪਰਲੇ ਟੈਕਸਟ ਵਿੱਚ ਲੈ ਲਿਆ। ਦਲਿਤ ਨੂੰ ਸਬਟੈਕਸਟ ਵਿੱਚ ਹੇਠਾਂ ਰੱਖ ਲਿਆ। ਇਹ

ਸਮਾਜਿਕ ਬਣਤਰ ਵਾਂਗ ਕੀਤਾ। ਫਿਰ ਇਹ ਦੇਖਿਆ ਕਿ ਹੋਰ ਕਿਹੜੀਆਂ ਧਿਰਾਂ ਨੇ ਜੋ ਸਬਟੈਕਸਟ ਵਿੱਚ ਦਲਿਤ ਦੇ ਨਾਲ ਲਿਆ ਖੜੀਆਂ ਕੀਤੀਆਂ। ਉਹਦੇ ਵਿੱਚ ਮੈਂ ਦੇਖਦਾਂ ਕਿ ਮੇਰੇ ਸਮੇਂ ਵਿੱਚ ਲੈਫਟ ਜਿਹੜੀ ਧਿਰ ਹੈ, ਉਹ ਵੀ ਸਬਟੈਕਸਟ ਵਿੱਚ ਆਣ ਖਲੋਤੀ ਹੈ। ਉਹ ਦਲਿਤ ਦੀ ਥਾਂ ਆ ਗਈ ਹੈ। ਲੈਫਟ ਵਿੱਚ ਜਾਤੀ ਤੌਰ ਉੱਤੇ ਅਖੌਤੀ ਉੱਚ ਜਾਤ ਡੌਮੀਨੇਟ ਕਰ ਰਹੀ ਹੈ, ਪਰੰਤੂ ਵਿਚਾਰਕ ਦ੍ਰਿਸ਼ਟੀ ਤੋਂ ਜਾਂ ਕਹੋ ਕਿ ਵਿਹਾਰਕ ਦ੍ਰਿਸ਼ਟੀ ਤੋਂ ਉਸਨੂੰ ਸਮਾਜ ਅੰਦਰ ਸਬਟੈਸਕਟ ਵਿੱਚ ਲਿਆ ਖੜਾ ਕਰ ਦਿੱਤਾ ਹੈ। ਫੇਰ ਇਹਦੇ ਨਾਲ ਹੀ ਬੁੱਧੀਜੀਵੀ ਤਬਕਾ ਹੈ। ਮੇਰੇ ਸਮੇਂ ਵਿੱਚ ਬੁੱਧੀਜੀਵੀ ਵੀ ਹੇਠਾਂ ਸਰਕ ਆਏ। ਸਮਾਜ ਨੇ ਉਹਨਾਂ ਨੂੰ ਵੀ ਦੂਜੈਲ ਥਾਂ ਲੈ ਆਂਦਾ ਹੈ। ਯਾਨੀ ਜਿਹੜਾ ਥੌਟ ਨਾਲ ਜੁੜਿਆ ਬੰਦਾ ਹੈ, ਉਹ ਹੇਠਾਂ ਆ ਗਿਆ ਤੇ ਫੂਹੜ ਲੋਕ ਉੱਪਰ ਆ ਗਏ। ਯਾਨੀ ਚਿੰਤਕ ਵੀ ਦਲਿਤ ਵਾਲੀ ਕਤਾਰ ਵਿੱਚ ਆਣ ਲੱਗਿਆ ਹੈ। ਇਹ ਤਿੰਨੋ ਧਿਰਾਂ ਮੇਰੇ ਨਾਵਲ ਦੀ ਸਬਟੈਕਸਟ ਵਿੱਚ ਆ ਗਈਆਂ। ਇਹ ਤਿੰਨੇ ਧਿਰਾਂ ਮਾਰਜਨਲਾਈਜ਼ਡ ਕਰ ਦਿੱਤੀਆਂ। ਹਾਸ਼ੀਏ ਉੱਤੇ ਧੱਕ ਦਿੱਤੀਆਂ। ਇਹਦੇ ਬਹੁਤ ਸਾਰੇ ਰੀਜ਼ਨ ਨੇ, ਉਹ ਸਾਰੇ ਆਪਣਾ ਆਪਣਾ ਕੰਮ ਕਰ ਰਹੇ ਨੇ। ਇਹਦੇ ਵਿੱਚ ਹੀ ਤੁਹਾਡੇ ਵੱਲੋਂ ਕੀਤੇ ਸਵਾਲ ਦਾ ਉਹ ਹਿੱਸਾ ਵੀ ਕਵਰ ਹੋ ਜਾਂਦਾ ਕਿ ਮੇਰੇ ਨਾਵਲ ਦੀ ਬਣਤਰ ਇਹੋ ਜਿਹੀ ਕਿਉਂ ਹੈ। ਇਹ ਬਣਤਰ ਜੋ ਹੈ, ਉਹ ਸਮਾਜਚਾਰੇ ਦੀ ਬਣਤਰ ਨੂੰ ਵੀ ਦਰਸਾ ਰਹੀ ਹੈ।

ਸਵਾਲ- ਓਕੇ, ਪਰੰਤੂ ਤੇਰੇ ਸਾਰੇ ਪਾਤਰ ਨੇ ਜੋ, ਉਹਨਾਂ ਦਾ ਆਪਣਾ ਅਲੱਗ-ਅਲੱਗ ਸੰਸਾਰ ਵੀ ਤਾਂ ਹੈ! ਉਹਨੂੰ ਤੂੰ ਕਿਵੇਂ ਡਿਫਾਈਨ ਕਰਦੈਂ?

ਕਾਲੀ- ਹੁਣ ਇਹ ਤੀਸਰਾ ਪਹਿਲੂ ਬਣ ਜਾਂਦਾ ਕਿ ਅਸੀਂ ਭਾਵੇਂ ਕਿਸੇ ਤਰ੍ਹਾਂ ਵੀ ਹਾਂ, ਜੁੜੇ ਹੋਏ ਹਾਂ। ਸਾਡੀ ਆਪਣੀ ਇੱਕ ਬੈਕਗਰਾਉਂਡ ਆ। ਹੁਣ ਅਸੀਂ ਦੇਖਦੇ ਹਾਂ ਕਿ ਜਿਵੇਂ ਦਲਿਤ ਦੀ ਜੋ ਬੈਕਗਰਾਉਂਡ ਹੈ, ਦਲਿਤ ਆਪਣੇ ਅਤੀਤ ਨੂੰ, ਆਪਣੀ ਹਿਸਟਰੀ ਨੂੰ, ਆਪਣੇ ਪੁਰਖਿਆਂ ਦੇ ਸੰਘਰਸ਼ ਨੂੰ, ਉਹ ਕੰਮ ਕੀ ਕਰਦੇ ਸਨ, ਮੇਰੇ ਨਾਵਲ 'ਸ਼ਾਂਤੀ ਪਰਵ' 'ਚ ਦਲਿਤ ਆਗੂ ਭਾਗ ਮੱਲ ਪਾਗਲ ਜੋ ਹੈ, ਉਹ ਆਪਣਾ ਦੱਸਦਾ ਕਿ ਅਸੀਂ ਪਿੱਛੋਂ ਪਿੰਡ ਫਰਾਲੇ ਤੋਂ ਹਾਂ। ਫਰਾਲੇ 'ਚ ਅਸੀਂ ਕੀ ਕਰਦੇ ਸੀ ਕਿ ਜਾਂ ਤਾਂ ਅਸੀਂ ਪਾਥੀਆਂ ਪੱਥਦੇ ਸੀ, ਜਾਂ ਜਦੋਂ ਗ੍ਰਹਿਣ ਲੱਗਣਾ ਤਾਂ ਅੰਨ੍ਹੇ ਘੋੜੇ ਦਾ ਦਾਨ ਮੰਗ ਲੈਣਾ ਜਾਂ ਫਿਰ ਗੁੱਗਾ ਮੰਗ ਲੈਣਾ। ਇਹ ਵਾਲਮੀਕਿ ਭਾਈਚਾਰੇ ਦੇ ਲੋਕ ਕਰਦੇ ਸਨ। ਹੁਣ ਇਹ ਸਿਰਫ ਇਸੇ ਭਾਈਚਾਰੇ ਨਾਲ ਸੰਬੰਧਿਤ ਕੰਮ ਹਨ। ਕਿਉਂਕਿ ਫਰਦਰ ਡਵੀਜ਼ਨ ਵੀ ਹੈ। ਸਮਾਜਿਕ ਵੀ ਤੇ ਕੰਮ ਦੀ ਡਵੀਜ਼ਨ ਵੀ ਹੈ। ਇਸੇ ਕਰਕੇ ਜੋ ਰਵੀਦਾਸੀਏ ਸਨ, ਜੋ ਆਦਿ ਧਰਮੀ ਸਨ, ਉਹ ਇੱਟਾਂ ਪੱਥਦੇ ਸਨ। ਜਿਹਨਾਂ ਨੂੰ ਛੋਟੀ ਇੱਟ ਜਾਂ ਲਾਹੌਰੀ ਇੱਟ ਵੀ ਕਿਹਾ ਜਾਂਦਾ ਹੈ। ਨਾਨਕਸ਼ਾਹੀ ਇੱਟ ਵੀ ਕਿਹਾ ਜਾਂਦਾ। ਉਹ ਪਥੇਰੇ ਸਨ। ਸੋ ਉਹ ਹਿਸਟਰੀ ਨੂੰ ਯਾਦ ਕਰ ਰਿਹਾ ਹੈ। ਫਿਰ ਕਿਵੇਂ ਬਾਰ ਵੱਸਦੇ ਨੇ। ਇਹ ਓਧਰ ਚਲੇ ਜਾਂਦੇ ਨੇ। ਇਹਦਾ ਬਾਪ ਸਲੋਤਰੀ ਲੱਗ ਜਾਂਦਾ ਹੈ ਤੇ ਉਸੇ ਪਸ਼ੂਆਂ ਦੇ ਹਸਪਤਾਲ ਇੱਕ ਅੰਗ੍ਰੇਜ਼ ਡਾਕਟਰ ਜੋ ਹੈ, ਉਹ ਕਿਵੇਂ ਇਹਨਾਂ ਨੂੰ ਪੜ੍ਹਨ ਲਈ ਪ੍ਰੇਰਦਾ ਹੈ। ਇਹਨਾਂ ਨੂੰ ਸਕੂਲ ਪੜ੍ਹਨ ਪਾ ਦਿੱਤਾ ਜਾਂਦਾ। ਫਿਰ ਕੁੱਝ ਅਰਸੇ ਬਾਦ ਉਹੀ ਡਾਕਟਰ ਇਹਨਾਂ ਨੂੰ ਦੱਸਦਾ ਹੈ ਕਿ ਅਮ੍ਰਿਤਸਰ ਡਾ. ਅੰਬੇਡਕਰ ਆ ਰਹੇ ਨੇ, ਉਹ ਤੁਹਾਡੇ ਮਸੀਹਾ ਨੇ। ਉਹ ਤੁਹਾਡਾ ਗਰੀਬ ਲੋਕਾਂ ਦਾ, ਅਛੂਤ ਲੋਕਾਂ ਦਾ ਮਸੀਹਾ ਹੈ। ਉਹਨਾਂ ਦੇ ਦਰਸ਼ਨ ਜ਼ਰੂਰ ਕਰ ਕੇ ਆਓ। ਫਿਰ ਇਹ ਨੌਜਵਾਨ ਅਮ੍ਰਿਤਸਰ ਆਉਂਦਾ ਹੈ ਤੇ ਉਸਦਾ ਕਾਇਆ ਕਲਪ ਹੋ ਜਾਂਦਾ ਹੈ। ਫਿਰ ਉਹਦਾ ਸਿਆਸੀ ਜੀਵਨ ਸ਼ੁਰੂ ਹੋ ਜਾਂਦਾ ਹੈ ਤੇ ਉਹ ਬਾਬਾ ਸਾਹਿਬ ਨਾਲ ਜੁੜ ਜਾਂਦਾ ਹੈ। ਇਹ ਹਿਸਟਰੀ ਦਾ ਪ੍ਰਸੈੱਸ ਹੈ। ਮੈਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਕਿਵੇਂ ਥੌਟ ਦੇ ਲੈਵਲ 'ਤੇ ਇਹ ਹੌਲੀ-ਹੌਲੀ ਡਿਵੈਲਪ ਹੋ ਰਿਹਾ ਸੀ। ਇਸ ਪ੍ਰਸੈਸ ਦੇ ਵਿੱਚ ਇੱਕ ਅੰਗਰੇਜ਼ ਹੈ ਜੋ ਭੂਮਿਕਾ ਨਿਭਾਅ ਰਿਹਾ ਹੈ। ਇਹ ਬਹੁਤ ਅਹਿਮ ਸਵਾਲ ਹੈ ਕਿਉਂਕਿ ਜਿਹੜਾ ਡਾ. ਅੰਬੇਡਕਰ ਦਾ ਚਿਹਰਾ ਦਿਖਾਇਆ ਜਾਂਦਾ ਹੈ ਉਹ ਅੰਗਰੇਜ਼-ਪ੍ਰਸਤ ਦਾ ਦਿਖਾਇਆ ਜਾਂਦਾ ਹੈ। ਇਹ ਇੱਕ ਮਿੱਥ ਹੈ, ਜਦਕਿ ਸੱਚਾਈ ਇਹ ਹੈ ਕਿ ਉਹ ਜਦੋਂ ਵੀ ਈਸਟ ਇੰਡੀਆ ਕੰਪਨੀ ਦੀਆਂ ਆਰਥਿਕ ਨੀਤੀਆਂ ਦੀ ਗੱਲ ਕਰਦੇ ਨੇ ਜਾਂ ਜਦੋਂ ਇਤਿਹਾਸਕ ਤੌਰ ਉੱਤੇ ਸਾਰੇ ਵਰਤਾਰਿਆਂ ਨੂੰ ਪਰਖ ਰਹੇ ਸਨ ਤਾਂ ਸੱਚਾਈ ਦਾ ਪੱਲੜਾ ਨਹੀਂ ਸਨ ਛੱਡ ਰਹੇ। ਸਾਡੇ ਕੋਲ ਇਤਿਹਾਸਕ ਗਵਾਹੀਆਂ ਨੇ। ਇਹ ਕੋਈ ਲੁਕੋ ਵਾਲੀ ਗੱਲ ਤਾਂ ਹੈ ਨਹੀਂ, ਸਾਡੇ ਕੋਲ ਇਤਿਹਾਸ ਗਵਾਹੀ ਦੇ ਰਿਹਾ ਹੈ। ਪਰ ਜੋ ਸਟੇਟ ਹੈ ਉਹ ਅੰਗ੍ਰੇਜ਼ ਦੇ ਹੱਥ ਹੈ। ਕਾਨੂੰਨ ਜੋ ਬਨਾਉਣਾ ਹੈ, ਜੋ ਇੰਪਲੀਮੈਂਟ ਕਰਵਾਉਣਾ ਹੈ ਉਹ ਅੰਗ੍ਰੇਜ਼ ਨੇ ਕਰਵਾਉਣਾ ਹੈ, ਹਾਲਾਤ ਜੋ ਨੇ ਉਹ ਸਾਡੇ ਸਾਰਿਆਂ ਦੇ ਸਾਹਮਣੇ ਨੇ, ਸੋ ਜਦੋਂ ਉਹ ਉਸ ਕਾਨੂੰਨ ਦਾ ਸਹਾਰਾ ਲੈ ਕੇ ਦਲਿਤ ਨੂੰ ਸਮਾਜਿਕ ਠੁੰਮਣਾ ਦੇ ਰਹੇ ਨੇ ਤਾਂ ਉਸਨੂੰ ਸਮਝਣ ਦੀ ਜ਼ਰੂਰਤ ਹੈ। ਹੁਣ ਮੈਂ ਸਿੰਬੌਲਿਕਲੀ ਇੱਕ ਅੰਗ੍ਰੇਜ਼ ਪੈਦਾ ਕਰ ਲਿਆ, ਜੋ ਇਹਨਾਂ ਨੂੰ ਕੁੱਝ ਸਪੇਸ ਦੇ ਰਿਹਾ ਹੈ। ਜੋ ਇਹਨਾਂ ਨੂੰ ਬਾਬਾ ਸਾਹਿਬ ਨਾਲ ਜੁੜਨ ਦੀ ਪ੍ਰੇਰਨਾ ਦੇ ਰਿਹਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਅੰਗਰੇਜ਼ ਇੱਥੇ ਆ ਕੇ ਸ਼ੋਸ਼ਣ ਕਰਤਾ ਨਹੀਂ ਰਹਿੰਦਾ। ਉਹ ਸ਼ੋਸ਼ਣ ਕਰ ਰਿਹਾ ਹੈ ਸਮੁੱਚੇ ਭਾਰਤੀਆਂ ਦਾ, ਪਰ ਇਹ ਉਸਦੀ ਕਾਨਸਪੀਰੇਸੀ ਕਹੋ, ਉਸਦੀ ਦਿਆਨਤਦਾਰੀ ਕਹੋ ਕਿ ਦਲਿਤ ਨੂੰ ਸਪੇਸ ਦੇ ਰਿਹਾ ਹੈ, ਹਾਲਾਂਕਿ ਬਹੁਤ ਘੱਟ ਸਪੇਸ ਦੇ ਰਿਹਾ ਹੈ। ਇਸ ਗੱਲ ਸੰਬੰਧੀ ਸ਼ਹੀਦ ਭਗਤ ਸਿੰਘ ਹੁਰਾਂ ਦਾ ਜੋ ਲੇਖ ਹੈ 'ਅਛੂਤ ਦਾ ਸਵਾਲ' ਬਹੁਤ ਮਹੱਤਵਪੂਰਨ ਹੈ। ਇਸ ਲਈ ਦਲਿਤ ਦੇ ਦਰਦ ਨੂੰ ਕੋਈ ਸਮਝਣ ਵਾਲਾ ਹੀ ਨਹੀਂ ਹੈ, ਇਸੇ ਕਰਕੇ ਜੇਕਰ ਆਦਿ ਧਰਮ ਮੰਡਲ ਲਹਿਰ ਕੁੱਝ ਸਹਾਰਾ ਦੇ ਰਹੀ ਹੈ ਤਾਂ ਭਗਤ ਸਿੰਘ ਇਸਦੇ ਪਿੱਛੇ ਕਿਸੇ ਸਾਜ਼ਿਸ਼ ਤੋਂ ਇਨਕਾਰੀ ਨਹੀਂ ਹਨ, ਪਰੰਤੂ ਉਹਨਾਂ ਦੀ ਸਿੰਪਥੀ ਜੋ ਹੈ, ਉਹ ਫਿਰ ਵੀ ਇਸ ਲਹਿਰ ਪ੍ਰਤੀ ਹੈ। ਇਹ ਬਹੁਤ ਹੀ ਸੰਵੇਦਨਸ਼ੀਲ ਸਵਾਲ ਹੈ। ਬਹੁਤ ਹੀ ਕੰਪਲੀਕੇਟਿਡ ਵੀ ਹੈ। ਇਸਨੂੰ ਮਾਨਵੀ ਸੰਵੇਦਨਾ ਨਾਲ ਸਮਝਣ ਦੀ ਜ਼ਰੂਰਤ ਹੈ, ਜਾਤੀ ਨਫਰਤ ਨਾਲ ਨਹੀਂ। ਹੁਣ ਇਸ ਪੱਖ ਵਿੱਚ ਮੈਂ ਭਾਗ ਮੱਲ ਪਾਗਲ ਦੀ ਹਿਸਟਰੀ ਵੀ ਦਿੱਤੀ ਹੈ ਤੇ ਉਸਦੀ ਵਿਚਾਰਧਾਰਾ ਵੀ। ਪਰੰਤੂ ਜਦੋਂ ਕਾਮਰੇਡ ਵਾਲਾ ਪੱਖ ਸ਼ੁਰੂ ਹੁੰਦਾ ਤਾਂ ਮੈਂ ਉਸਦੀ ਹਿਸਟਰੀ ਨਹੀਂ ਦਿੱਤੀ, ਉਹ ਥੌਟ ਤੋਂ ਹੀ ਸ਼ੁਰੂ ਹੁੰਦਾ। ਔਰ ਇਹ ਥੌਟ ਟੈਰੇਰਿਜ਼ਮ ਤੇ ਸਟੇਟ ਟੈਰੇਰਿਜ਼ਮ ਦਾ। ਫੇਰ ਉਸਦੇ ਸਾਰੇ ਹੀ ਇਤਿਹਾਸਕ ਪੱਖ ਉਹ ਖੰਗਾਲਦਾ ਹੈ। ਕਿਉਂਕਿ ਮੈਂ ਪੰਜਾਬ ਬਾਰੇ ਲਿਖ ਰਿਹਾਂ, ਤਾਂ ਉਹਦੇ ਵਿੱਚ ਫੇਰ ਉਹ ਪੰਜਾਬ ਵਿੱਚ ਨਕਸਲੀ ਦੌਰ, ਅੱਤਵਾਦ ਦਾ ਦੌਰ, ਫੇਰ ਸਟੇਟ ਦਾ ਸਾਰਾ ਜੋ ਢਾਂਚਾ

ਹੈ, ਉਹ ਬਹੁਤ ਕੁੱਝ ਦੱਸ ਰਿਹਾ। ਉਸਦੀ ਦ੍ਰਿਸ਼ਟੀ ਬਹੁਤ ਸਪਸ਼ਟ ਹੈ। ਉਹ ਇਤਿਹਾਸਕ ਹਵਾਲਿਆਂ ਨਾਲ ਗੱਲਾਂ ਕਰ ਰਿਹਾ ਹੈ। ਪਰੰਤੂ ਉਹ ਹੈ ਸਬਟੈਕਸਟ ਵਿੱਚ ਹੀ। ਉਹ ਵੀ ਭਾਗ ਮੱਲ ਪਾਗਲ ਦੇ ਨਾਲ ਹੀ ਖੜਾ ਹੈ। ਫੇਰ ਤੀਸਰਾ ਕਰੈਕਟਰ ਹੈ ਰਿਟਾਇਰ ਪ੍ਰੋਫੈਸਰ ਜੌਹਲ। ਹੁਣ ਉਹਨੂੰ ਮੈਂ ਸੇਵਾ ਮੁਕਤ ਕਹਿ ਰਿਹਾਂ। ਸੇਵਾ ਮੁਕਤ ਦਾ ਮਤਲਬ ਸਮਾਜ ਵਿੱਚ ਕੀ ਹੈ ਕਿ ਉਹ ਹੁਣ ਨਖਿੱਧ ਹੋ ਗਿਆ। ਹੁਣ ਇੱਥੇ ਮੈਂ ਕੀ ਕਹਿ ਰਿਹਾਂ? ਮੈਂ ਕਹਿ ਰਿਹਾਂ ਕਿ ਜਿਹੜੇ ਫੂਹੜ ਲੋਕ ਨੇ, ਉਹ ਮੇਨਸਟ੍ਰੀਮ 'ਚ ਨੇ ਤੇ ਜਿਹੜਾ ਬੁੱਧੀਜੀਵੀ ਹੈ, ਪ੍ਰੋਫੈਸਰ ਹੈ, ਉਹ ਮਾਰਜਨਲਾਈਜ਼ਡ ਹੋ ਗਿਆ। ਉਹ ਵੀ ਸਬਟੈਕਸਟ 'ਚ ਆ ਗਿਆ। ਉਹਦੀ ਵੀ ਮੈਂ ਹਿਸਟੌਰੀਕਲ ਬੈਕਗਰਾਉਂਡ ਕੋਈ ਨਹੀਂ ਦਿੱਤੀ। ਹੁਣ ਉਹ ਸਾਰੇ ਸਟੇਟ ਦੇ ਵਰਤਾਰੇ ਨੂੰ, ਸਾਰੀਆਂ ਸਰਕਾਰਾਂ ਨੂੰ, ਕਲੋਨੀਅਲ ਲੀਗੇਸੀ ਨੂੰ, ਸਿਸਟਮ ਨੂੰ ਉਹ ਜਾਣਦਾ ਹੈ, ਸਮਝਦਾ ਹੈ ਤੇ ਉਸ ਬਾਰੇ ਵਿਚਾਰ ਕਰ ਰਿਹਾ ਹੈ। ਉਹ ਵੀ ਇਸ ਢਾਂਚੇ ਬਾਰੇ ਗੱਲ ਕਰ ਰਿਹਾ ਕਿ ਇਹ ਢਾਂਚਾ ਬਣਿਆ ਕਿਵੇਂ ਹੈ ਤੇ ਇਹ ਹੇਠਲਾ ਉੱਪਰਲੇ ਨਾਲ ਕਿਵੇਂ ਜੁੜਿਆ ਹੋਇਆ ਹੈ।

ਸਵਾਲ– ਅਸੀਂ ਇਹ ਵੀ ਦੇਖਦੇ ਹਾਂ ਕਿ ਜਿਹੜਾ ਪੋਰਸ਼ਨ ਤੁਸੀਂ ਸਬਟੈਕਸਟ ਵਾਲਾ ਲਿਆ ਹੈ, ਉਹ ਬੁੜਬੁੜ ਹੈ। ਇਹਦਾ ਕੀ ਰਹੱਸ ਹੈ। ਇਹ ਬੁੜਬੁੜ ਕੀ ਹੈ ਤੇ ਕਿਉਂ ਹੈ?

ਕਾਲੀ– ਬਹੁਤ ਹੀ ਵਧੀਆ ਸਵਾਲ ਹੈ। ਮੈਂ ਇਹ ਦੇਖ ਰਿਹਾ ਹਾਂ ਕਿ ਜਿਹੜੀਆਂ ਧਿਰਾਂ ਮਾਰਜਨਲਾਈਜ਼ਡ ਕਰ ਦਿੱਤੀਆਂ ਜਾਂਦੀਆਂ ਨੇ, ਉਹਨਾਂ ਦਾ ਸੰਵਾਦ ਹੀ ਖਤਮ ਕਰ ਦਿੱਤਾ ਜਾਂਦਾ। ਡਾਇਲਾਗ ਹੀ ਕਿਸੇ ਨਾਲ ਨਹੀਂ। ਬੁੜਬੁੜ ਸ਼ਬਦ ਤਾਂ ਆਇਆ, ਕਿਉਂਕਿ ਇਹ ਤਿੰਨੇ ਧਿਰਾਂ ਏਨੇ ਦੁਖਾਂਤ ਵਿੱਚ ਨੇ, ਇਹ ਕਿਸੇ ਨਾਲ ਗੱਲ ਵੀ ਨਹੀਂ ਕਰ ਸਕਦੀਆਂ। ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾ ਰਹੇ ਨੇ, ਜਿਵੇਂ ਨੀਮ ਪਾਗਲ ਹੋ ਗਏ ਹੋਣ। ਇਹ ਨੀਮ ਪਾਗਲ ਕਰ ਦਿੱਤੇ ਗਏ ਲੋਕ ਨੇ। ਦਲਿਤ, ਲੈਫਟ ਤੇ ਇੰਟੇਲੈਕਚੁਅਲ। ਮੇਰੀ ਸੋਸਾਇਟੀ 'ਚ, ਮੈਂ ਇਹਨੂੰ ਫੜ ਰਿਹਾ ਹਾਂ, ਮੈਂ ਇਸ ਸਮੇਂ ਨੂੰ ਲਿਖ ਰਿਹਾ ਹਾਂ। ਉਹਨੂੰ ਸੰਵਾਦ ਵਿੱਚੋਂ ਬਾਹਰ ਕੱਢ ਦਿੱਤਾ ਗਿਆ।

ਸਵਾਲ– ਫਿਰ ਇਹ ਤਿੰਨੇ ਨਾਨ-ਫਿਕਸ਼ਨਲ ਨੇ। ਅਜਿਹਾ ਕਿਉਂ?

ਕਾਲੀ– ਮੈਂ ਕਹਿੰਦਾ ਹਾਂ ਕਿ ਇਹ ਨਾਨ-ਫਿਕਸ਼ਨਲ ਨਹੀਂ ਹੈਗੇ, ਇਹ ਫਿਕਸ਼ਨਲ ਕਰੈਕਟਰ ਨੇ। ਮੈਂ ਇਹਨਾਂ ਨੂੰ ਉਸ ਲਹਿਜੇ ਵਿੱਚ ਪੇਸ਼ ਕੀਤਾ ਹੈ। ਇਹ ਮੇਰੀ ਜੁਗਤ ਹੈ। ਹੁਣ ਇਹਨਾਂ ਨੂੰ ਫਿਰ ਨਾਨ-ਫਿਕਸ਼ਨ ਦੇ ਨਾਲ ਹੀ ਫਿਕਸ਼ਨ ਬਨਾਉਣ ਲਈ ਵੀ ਇੱਕ ਜੁਗਤ ਦਾ ਮੈਂ ਇਸਤੇਮਾਲ ਕੀਤਾ ਹੈ। ਉਹ ਜੁਗਤ ਹੈ ਕਿ ਕਾਮਰੇਡ ਦੀ ਬੁੜਬੁੜ ਵਿੱਚ ਇੱਕ ਇਨਵਿਜ਼ੀਵਲ ਪਰਸਨ ਹੈ, ਜੋ ਸਾਰੇ ਕੁਮੈਂਟ ਉੱਪਰ ਕਟਾਖਸ਼ ਕਰਦਾ ਹੈ ਤੇ ਗਾਲ਼ ਕੱਢਦਾ ਹੈ। ਉਹ ਦਿਖਦਾ ਨਹੀਂ। ਅੰਤ ਉੱਪਰ ਉਸ ਪਾਗਲ ਦਾ ਪੋਲ ਖੁੱਲ੍ਹਦਾ ਹੈ। ਸੋ ਇਹ ਮੇਰਾ ਐਕਸਪੈਰੀਮੈਂਟ ਸੀ। ਇਸੇ ਤਰ੍ਹਾਂ, ਜਿਹੜਾ ਭਾਗ ਮੱਲ ਪਾਗਲ ਵਾਲਾ ਭਾਗ ਹੈ, ਉਸ ਵਿੱਚ ਉਸਦੀ ਪਤਨੀ ਬਿਲਕੁੱਲ ਫਿਕਸ਼ਨਲ ਰੱਖਣ ਦੀ ਕੋਸ਼ਿਸ਼ ਕੀਤੀ ਹੈ ਤੇ ਉਸਦਾ ਵਿਹਾਰ ਕਮਾਲ ਚਿਤਰਿਐ। ਮੈਂ ਤਾਂ ਕਹਿੰਦਾ ਕਿ ਇਹ ਬੁੜਬੁੜ ਕਰਦੇ ਕਰੈਕਟਰ ਵੀ ਤਾਂ ਫਿਕਸ਼ਨਲ ਹੀ ਨੇ। ਇਸੇ ਤਰ੍ਹਾਂ ਪ੍ਰੋਫੈਸਰ ਜਦੋਂ ਬੁੜਬੁੜ ਕਰਦਾ ਹੈ ਤਾਂ ਇੱਕ ਬਿਰਤਾਂਤ ਉਸਦੀ ਬੁੜਬੁੜ ਵਿੱਚ ਉਸਦੀ ਮਾਂ ਤੇ ਪਤਨੀ ਦਾ ਚੱਲ ਰਿਹਾ ਹੈ, ਜੋ ਕਿ ਫਿਕਸ਼ਨਲ ਹੈ। ਇਸ ਲਈ ਇਹਨੂੰ ਮੇਰੀ ਜੁਗਤ ਕਹੋ, ਨਾਨ-ਫਿਕਸ਼ਨ ਨਹੀਂ। ਇਹ ਪ੍ਰਯੋਗ ਹੈ। ਇੱਥੇ ਮੈਂ ਇੱਕ ਥੋੜ੍ਹੀ ਜਿਹੀ ਸ਼ਰਾਰਤ ਕੀਤੀ ਹੈ, ਪਾਠਕ ਨਾਲ। ਜਾਂ ਇਹਨੂੰ ਤੁਸੀਂ ਮੇਰੀ ਪਾਲੀਟਿਕਸ ਕਹੋ। ਮੈਂ ਲਿਖਿਆ ਕਿ ਇਹ ਕਰੈਕਟਰ ਜੋ ਨੇ ਇਹ ਫਿਕਸ਼ਨਲ ਨਹੀਂ ਹੈਗੇ। ਹੁਣ ਮੈਂ ਇਹ ਕਹਿੰਦਾ ਹਾਂ ਕਿ ਕਰੈਕਟਰ ਤਾਂ ਕੋਈ ਵੀ ਫਿਕਸ਼ਨਲ ਨਹੀਂ ਹੁੰਦਾ। ਬਾਕੀ ਜਿਹੜੇ ਨੇ ਉਹ ਕਿਹੜਾ ਫਿਕਸ਼ਨਲ ਨੇ। ਉਹ ਵੀ ਤਾਂ ਸਾਡੇ ਸਮਾਜ ਦਾ ਹੀ ਹਿੱਸਾ ਨੇ, ਜਿਵੇਂ ਇਹ ਤਿੰਨ ਨੇ। ਪਰ ਇੱਕ ਜਿਹੜੀ ਮਰੋੜੀ ਹੁੰਦੀ ਹੈ, ਜਿਹਨੂੰ ਸਾਹਿਤਿਕ ਓਹਲਾ ਕਹਿੰਦੇ ਨੇ, ਉਸ ਓਹਲੇ ਵਿੱਚ ਸਾਰੀਆਂ ਗੱਲਾਂ ਹੋ ਰਹੀਆਂ ਹੁੰਦੀਆਂ ਨੇ। ਪਰ ਜਿਹੜਾ ਮੈਂ ਲਿਖ ਦਿੱਤਾ ਤੇ ਕੁੱਝ ਲੋਕਾਂ ਦੇ ਨਾਮ ਉਹੀ ਇਤਿਹਾਸਕ ਰਹਿਣ ਦਿੱਤੇ, ਇਹ ਵੀ ਆਪਣੇ ਨਾਵਲ ਨੂੰ ਨਵਾਂ ਰੂਪ ਦੇਣ ਲਈ ਹੀ ਕੀਤਾ ਹੈ। ਇਹ ਪ੍ਰਯੋਗ ਹੀ ਹੈ ਤੇ ਇਹ ਕਹਿਣ ਦੀ ਕੋਸ਼ਿਸ਼ ਹੈ ਕਿ ਭਾਈ ਸਾਹਿਤ ਵਿੱਚ ਕੁੱਝ ਵੀ ਫਿਕਸ਼ਨ ਜਿਹਾ ਨਹੀਂ ਹੁੰਦਾ, ਸਿਰਫ ਇੱਕ ਓਹਲਾ ਹੁੰਦਾ ਹੈ, ਪਿੱਛੇ ਉਹੀ ਲੋਕ ਹੁੰਦੇ ਨੇ। ਤੁਸੀਂ ਖ਼ੁਦ ਹੀ ਹੁੰਦੇ ਹੋ। ਚੰਡੀਗੜ੍ਹ ਲਿਟਰੇਚਰ ਫੈਸਟੀਵਲ ਵਾਲਿਆਂ ਨੇ ਇਸੇ 'ਸ਼ਾਂਤੀ ਪਰਵ' ਨੂੰ ਸੈਲੀਬਰੇਟ ਕੀਤਾ। ਲੇਖਕ ਨਾਲ ਗੱਲਾਂ ਕਰਨ ਤੋਂ ਪਹਿਲਾਂ ਉਹਨਾਂ ਇਹਦਾ ਇੱਕ ਭਾਗ ਨਾਟਕ ਬਣਾ ਕੇ ਪੇਸ਼ ਕੀਤਾ। ਇਹ ਭਾਗ ਉਹ ਸੀ ਜਿਹਦੇ ਵਿੱਚ ਬਿਰਤਾਂਤਕਾਰ ਦਾ ਭਣੋਈਆ ਮਾਨਸਿਕ ਤੌਰ ਉੱਤੇ ਹਿੱਲ ਜਾਂਦਾ ਹੈ। ਬੜਾ ਦਰਦਨਾਕ ਸੀਨ ਹੈ। ਹੁਣ ਹੋਇਆ ਕੀ ਕਿ ਉਹ ਮੇਰੀ ਆਪਣੀ ਸਕੀ ਭੈਣ ਨਾਲ ਵਾਪਰੀਆਂ ਘਟਨਾਵਾਂ ਸਨ। ਮੇਰੇ ਨਾਲ ਖੁਦ ਨਾਲ ਵਾਪਰੀਆਂ। ਨਾਟਕ ਦੇਖ ਕੇ ਮੇਰਾ ਤਾਂ ਕਾਲਜਾ ਪਾਟਣਾ ਆ ਗਿਆ। ਫਿਰ ਉਸੇ ਵਕਤ ਮੈਂ ਦਰਸ਼ਕਾਂ ਦੇ ਰੂਬਰੂ ਹੋਣਾ ਸੀ। ਮੈਨੂੰ ਪੰਜ ਮਿੰਟ ਸਹਿਜ ਹੁੰਦੇ ਨੂੰ ਹੀ ਲੱਗ ਗਏ। ਇਸ ਲਈ ਫਿਕਸ਼ਨ ਕੁੱਝ ਨਹੀਂ। ਪਰ ਸੱਭ ਕੁੱਝ ਫਿਕਸ਼ਨ ਓਹਲੇ ਦੇ ਪਿੱਛੇ। ਇੱਕ ਹੋਰ ਗੱਲ ਕਹਿ ਦੇਵਾਂ ਕਿ ਇਸ ਸਾਰੇ ਕਾਸੇ ਬਾਰੇ ਮੈਂ ਬਹੁਤ ਸੁਚੇਤ ਹਾਂ। ਮੈਨੂੰ ਪਤਾ ਹੈ ਕਿ ਮੈਂ ਸਿਰਫ ਸਾਹਿਤ ਨਹੀਂ ਲਿਖ ਰਿਹਾ, ਮੈਂ ਆਪਣੇ ਸਮੇਂ ਦੀ ਹਿਸਟਰੀ ਲਿਖ ਰਿਹਾ ਹਾਂ। ਮੈਂ ਪਹਿਲਾਂ ਲਿਖੀ ਹੋਈ ਹਿਸਟਰੀ ਨੂੰ ਦਰੁਸਤ ਵੀ ਕਰ ਰਿਹਾ ਹਾਂ। ਇਸ ਕਰਕੇ ਵੀ ਮੇਰੇ ਸਾਹਿਤ ਵਿੱਚੋਂ ਤੁਹਾਨੂੰ ਫਿਕਸ਼ਨ ਐਲੀਮੈਂਟ ਕਈ ਵਾਰ ਘੱਟ ਦਿਖਾਈ ਦਿੰਦੇ ਨੇ, ਕਠੋਰ ਯਥਾਰਥ ਜ਼ਿਆਦਾ ਹੁੰਦਾ।

ਸਵਾਲ– ਹਾਂ, ਬਿਲਕੁੱਲ, ਤੁਹਾਡੇ ਸ਼ਹਿਰੀ ਆਲੇ-ਦੁਆਲੇ ਵਾਲੇ ਕਿਰਦਾਰਾਂ ਦੀ ਗੱਲ ਕਰਨੀ ਹੋਵੇ, ਤੁਹਾਡੇ ਪਿੰਡ ਦੇ ਕਿਰਦਾਰਾਂ ਦੀ ਗੱਲ ਕਰਨੀ ਹੋਵੇ, ਤਾਂ ਇਹ ਸਾਰੇ ਤੁਹਾਨੂੰ ਦਿਖਾਈ ਦੇਣ ਲੱਗਦੇ ਨੇ। ਪਰੰਤੂ ਤੇਰਾ ਯਥਾਰਥ ਜੋ ਹੈ, ਉਹ ਇਹਨਾਂ ਤੋਂ ਅਗਾਂਹ ਹੈ। ਇਹ ਪਾਤਰ ਹੈਨ ਵੀ ਤੇਰੇ, ਤੇਰੇ ਨਹੀਂ ਵੀ ਹੈਨ। ਇਹ ਸੰਤੁਲਨ ਤੂੰ ਕਿਵੇਂ ਬਣਾਉਂਦਾ ਏਂ?

ਕਾਲੀ– ਤੁਹਾਡੇ ਇਸ ਸਵਾਲ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਲੇਖਕ ਨੇ ਸੱਚ ਜਾਂ ਯਥਾਰਥ ਤੋਂ ਵੀ ਪਰ੍ਹਾਂ ਦਾ ਕੁਝ ਕਹਿਣਾ ਹੁੰਦਾ

ਹੈ, ਕਿਉਂਕਿ ਸੱਚ ਅੰਤਮ ਕਦੇ ਨਹੀਂ ਹੁੰਦਾ। ਇਸ ਲਈ ਮੈਂ ਮੋਹਰ ਲਾਉਣ ਵਾਲੇ ਯਥਾਰਥ ਤੋਂ ਪਾਰ ਚਲਿਆ ਜਾਂਦਾ ਹਾਂ। ਯਥਾਰਥ ਦੇ ਤੁਸੀਂ ਜਿੰਨਾ ਅੰਦਰ ਤੱਕ ਲਹਿ ਜਾਵੋਗੇ, ਤੁਸੀਂ ਪਰੰਪਰਿਕ ਪਹੁੰਚ/ਸ਼ੈਲੀ ਤੋਂ ਓਨਾ ਹੀ ਦੂਰ ਹੁੰਦੇ ਚਲੇ ਜਾਵੋਗੇ। ਇਸ ਦੇ ਪਿਛੋਕੜ 'ਚ ਤੁਹਾਡਾ ਆਪਣਾ ਚਿੰਤਨ/ਅਨੁਭਵ ਵੀ ਮਹੱਤਵ ਰੱਖਦਾ ਹੈ। ਤੁਹਾਡਾ ਦ੍ਰਿਸ਼ਟੀਕੋਣ ਵੀ ਮਹੱਤਵ ਰੱਖਦਾ ਹੈ। ਮੈਨੂੰ ਯਥਾਰਥ ਨਹੀਂ ਦਿੱਸਦਾ, ਦਿੱਸਦੇ ਯਥਾਰਥ ਨੂੰ ਵੇਖ ਕੇ ਮਨ-ਮਸਤਕ 'ਚ ਪੈਦਾ ਹੋਣ ਵਾਲੇ ਸਵਾਲ, ਦਵੰਦ, ਗੁੱਸਾ, ਤਰਸ, ਹੀਣਭਾਵਨਾ, ਕਾਮ, ਲੋਭ ਸਭ ਦਿੱਸਣ ਲੱਗਦੇ ਹਨ। ਇਹ ਸਾਰਾ ਕੁਝ ਅਮੂਰਤ ਕਿਸਮ ਦਾ ਹੁੰਦਾ ਹੈ। ਯਥਾਰਥ ਇਹ ਹੈ ਕਿ ਰਿਸ਼ਵਤਖੋਰੀ ਹੈ, ਅਮੂਰਤ ਇਹ ਹੈ ਕਿ ਇਸ ਦੇ ਬਾਵਜੂਦ ਕੋਈ ਰੋਹ ਨਹੀਂ, ਵਿਦਰੋਹ ਨਹੀਂ। ਮੈਂ ਦੂਸਰੀ ਸਥਿਤੀ ਨੂੰ ਫੜ੍ਹਨ ਦੀ ਕੋਸ਼ਿਸ਼ ਕਰਦਾ ਹਾਂ। ਤਦੇ ਅਮੂਰਤ ਹੋ ਜਾਂਦਾ ਮੇਰਾ ਬਿਰਤਾਂਤ ਕਦੇ-ਕਦੇ। ਪਰ ਆਪਣੇ ਚਿੰਤਨ, ਅਨੁਭਵ, ਦ੍ਰਿਸ਼ਟੀ ਨੂੰ ਸਾਹਮਣੇ ਰੱਖਣ ਦੇ ਬਾਵਜੂਦ ਮੈਂ ਸਾਹਿਤ ਨੂੰ ਸਾਹਿਤ ਵਾਂਗ ਹੀ ਲੈਂਦਾ ਹਾਂ। ਮਹਾਨ ਚਿੰਤਕ ਵਾਲਟਰ ਬੈਂਜਾਮਿਨ ਦਾ ਕਥਨ ਹੈ—ਸਾਹਿਤਕ ਕਿਰਤ ਰਾਜਨੀਤਿਕ ਦ੍ਰਿਸ਼ਟੀ ਤੋਂ ਤਦੇ ਸਹੀ ਹੋ ਸਕਦੀ ਹੈ, ਜਦ ਉਹ ਸਾਹਿਤਕ ਦ੍ਰਿਸ਼ਟੀ ਤੋਂ ਵੀ ਸਹੀ ਹੋਵੇਗੀ।

ਸਵਾਲ- ਕਾਲੀ, ਤੇਰੇ ਸਾਹਿਤ ਨੂੰ ਸਮਝਣ ਵਾਸਤੇ ਸੂਫੀ ਤੇ ਸੰਤ ਸਾਹਿਤ ਦਾ ਗਿਆਨ ਜ਼ਰੂਰੀ ਹੈ। ਇਸਦੇ ਕੀ ਭੇਤ ਨੇ? ਤੇਰੀ ਜ਼ਿੰਦਗੀ ਦਾ ਤਜ਼ੁਰਬਾ ਅਤੇ ਚਿੰਤਨ ਕਿਸ ਤਰ੍ਹਾਂ ਇਸਨੂੰ ਡਿਫਾਈਨ ਕਰਦੇ ਨੇ। ਇਹ ਤੇਰੀ ਮੌਲਿਕਤਾ ਵੀ ਹੈ ਤੇ ਸਾਹਿਤ ਦੀ ਸਦੀਵਤਾ ਦਾ ਮੂਲ ਤੱਤ ਵੀ। ਤੇਰੇ ਸਾਹਿਤ ਦੀਆਂ ਜੜ੍ਹਾਂ ਵੀ ਇਸੇ ਵਿੱਚੋਂ ਤਲਾਸ਼ੀਆਂ ਜਾ ਸਕਦੀਆਂ ਨੇ।

ਕਾਲੀ- ਇਹ ਬਹੁਤ ਸੂਝ ਭਰਿਆ ਸਵਾਲ ਹੈ। ਮੈਂ ਇਹਦਾ ਬਹੁਤ ਸੰਖੇਪ ਜਵਾਬ ਦੇਣਾ ਚਾਹੁੰਦਾ ਹਾਂ। ਪਹਿਲੀ ਗੱਲ ਕਿ ਮੈਂ ਸੰਤਾਂ ਤੇ ਸੂਫੀਆਂ ਦਾ ਆਸ਼ਿਕ ਹਾਂ। ਉਹਨਾਂ ਦੇ ਚਿੰਤਨ ਦਾ ਕਾਇਲ ਹਾਂ। ਉਹ ਮੇਰੇ ਦਮ-ਦਮ ਨਾਲ ਰਹਿੰਦੇ ਨੇ। ਬਾਹੂ ਕਹਿੰਦੇ ਨੇ ਕਿ ਜੋ ਦਮ ਗਾਫਿਲ, ਸੋ ਦਮ ਕਾਫਿਰ। ਭਾਵ ਅਗਿਆਨਤਾ ਲਈ ਕਿਤੇ ਵੀ ਥਾਂ ਨਹੀਂ ਹੈ। ਸਿਰਫ ਏਨਾ ਹੀ ਨਹੀਂ, ਉਹ ਹਿੰਦੂ ਫਲਸਫੇ ਦੇ ਯੁਗਾਂ ਦੇ ਸਿਧਾਂਤ ਨੂੰ ਵੀ ਕਿੱਲ ਕਰ ਰਹੇ ਨੇ ਤੇ ਬੁੱਧਇਜ਼ਮ ਦੇ 'ਛਿਣ' ਸਿਧਾਂਤ ਨੂੰ ਪ੍ਰਣਾਏ ਨੇ। ਅਗਲੇ ਦਮ ਦਾ ਵਸਾਹ ਕੋਈ ਨਹੀਂ। ਇਹ ਸਾਰਾ ਚਿੰਤਨ ਮੇਰੇ ਜੀਵਨ ਵਿੱਚੋਂ ਮਿਲਿਆ ਹੈ। ਮੇਰਾ ਪਰਿਵਾਰ ਸੂਫੀਆਂ ਦਾ ਸ਼ਿਸ ਪਰਿਵਾਰ ਹੈ। ਮੇਰੇ ਪਿਤਾ ਜੀ ਦੇ ਗੁਰੂ ਸੰਤ ਪ੍ਰੀਤਮ ਦਾਸ ਚਿਸ਼ਤੀ ਖਾਨਦਾਨ ਦੇ ਸੂਫੀ ਸਨ। ਮੈਂ ਸੂਫੀ ਸੰਤਾਂ ਦਾ, ਨਿਰਮਲੇ ਸੰਤਾਂ ਦਾ,ਉਦਾਸੀ ਸੰਤਾਂ ਦਾ ਬਹੁਤ ਸੰਗ ਮਾਣਿਆ ਹੈ। ਬਹੁਤ ਸੰਗਤ ਕੀਤੀ ਹੈ। ਇਸੇ ਕਰਕੇ ਬਚਪਨ ਤੋਂ ਹੀ ਇਹ ਚਿੰਤਨ ਮੇਰੇ ਨਾਲ ਰਿਹਾ ਹੈ। ਮੈਂ ਇਹ ਸਿਧਾਂਤ ਰੱਟਾ ਨਹੀਂ ਲਾਏ, ਮੈਂ ਇਹਨਾਂ ਵਿੱਚ ਜੀਵਿਆ ਹਾਂ। ਮੇਰੇ ਪਿਤਾ ਸੂਫੀ ਸਨ, ਨਿਰਗੁਣ ਫਲਸਫੇ ਦੇ ਧਾਰਨੀ। ਉਹਨਾਂ ਦਾ ਗਿਆਨ ਪ੍ਰਵਾਹ ਮੇਰੇ ਰਾਹੀਂ ਵਹਿੰਦਾ ਹੈ। ਮੇਰੇ ਸਾਹਿਤ ਰਾਹੀਂ ਵਹਿੰਦਾ ਹੈ। ਇਹ ਮੇਰਾ ਜੀਵਨ ਹੀ ਹੈ। ਸੁਬਹ ਉੱਠਦਾ ਹਾਂ ਤਾਂ ਸਤਿਗੁਰ ਕਬੀਰ ਸਾਹਿਬ ਦਾ ਕੋਈ ਨਾ ਕੋਈ ਸਿਧਾਂਤ ਨਾਲ ਹੀ ਉੱਠ ਖਲੋਂਦਾ ਹੈ। ਸਤਿਗੁਰ ਨਾਮਦੇਵ ਸ਼ਾਮ ਨੂੰ ਕੋਲ ਆ ਬੈਠਦੇ ਨੇ। ਦੁਪਹਿਰ ਵੇਲੇ ਸਤਿਗੁਰ ਰਵਿਦਾਸ ਆਣ ਗੱਲੀਂ ਲੱਗਦੇ ਨੇ। ਬਾਬਾ ਬੁੱਲ੍ਹੇ ਸ਼ਾਹ ਕਈ-ਕਈ ਦਿਨ ਨਾਲ ਤੁਰੇ ਫਿਰਦੇ ਨੇ। ਮੇਰਾ ਆਪਾ ਨੇ ਇਹ ਥਿੰਕਰ। ਮੇਰੇ ਪ੍ਰਾਣਾਂ ਦਾ ਆਧਾਰ ਨੇ। ਸਤਿਗੁਰ ਨਾਮਦੇਵ ਜੀ ਦੇ ਕਹਿਣ ਵਾਂਗ-ਬੇਢੀ ਮੇਰੋ ਪ੍ਰਾਣ ਅਧਾਰਾ। ਬਸ ਜੇਕਰ ਇਹ ਸੱਭ ਕੁੱਝ ਹੈ ਤਾਂ ਮੇਰਾ ਸਾਹਿਤ ਤਾਂ ਪ੍ਰਭਾਵਿਤ ਹੋਵੇਗਾ ਹੀ। ਮੈਂ ਸਤਿਗੁਰ ਕਬੀਰ ਨੂੰ ਪੜ੍ਹਦਾ ਹਾਂ ਤਾਂ ਦੇਖਦਾ ਹਾਂ ਕਿ ਇੱਕ ਵੀ ਸ਼ਬਦ ਪਾਲਤੂ ਨਹੀਂ। ਸਿਰਫ ਸਿਧਾਂਤ ਹੈ। ਇਸ ਲਈ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਇੱਕ ਵੀ ਲਫਜ਼ ਫਾਲਤੂ ਨਹੀਂ ਲਿਖਣਾ। ਸਤਿਗੁਰ ਰਵਿਦਾਸ ਜੀ ਦੀ ਬਾਣੀ ਪੜ੍ਹਦਾ ਹਾਂ ਤਾਂ ਸ਼ਬਦ ਸਹਿਜ ਨੇ। ਉਹਨਾਂ ਦਾ ਰਖਾਵ ਸਹਿਜ ਹੈ। ਕੋਸ਼ਿਸ਼ ਕਰਦਾ ਹਾਂ ਕਿ ਸ਼ਬਦ ਇੱਕ ਵੀ ਕਾਹਲਾ ਨਾ ਪਵੇ। ਉਹਦਾ ਟਿਕਾਓ ਸਹਿਜ ਹੀ ਹੋਵੇ। ਖੈਰ, ਇਹਨਾਂ ਗੁਣੀ ਲੋਕਾਂ ਦਾ ਨਾਮ ਸੁਣਦਾ ਹਾਂ ਤਾਂ ਵਹਿ ਤੁਰਦਾ ਹਾਂ। ਇਸ ਲਈ ਬਹੁਤਾ ਕੁੱਝ ਨਹੀਂ ਕਹਿਣਾ।

ਸਵਾਲ- ਤੇਰਾ ਗਲਪ ਚਿੰਤਨ ਦਾ ਗਲਪ ਕਿਉਂ ਹੈ, ਆਨੰਦ ਦਾ ਗਲਪ ਕਿਉਂ ਨਹੀਂ?

—ਮੈਂ ਇਸ ਵਿਚਾਰ ਦਾ ਧਾਰਨੀ ਹਾਂ ਕਿ ਸਾਹਿਤ ਨੇ ਪੱਛ ਲਾਉਣੇ ਹੁੰਦੇ ਹਨ, ਆਨੰਦ ਨਹੀਂ ਦੇਣਾ ਹੁੰਦਾ। ਸਾਡੇ ਬਜ਼ੁਰਗ ਕਵੀ ਧਨੀ ਰਾਮ ਚਾਤਰਿਕ ਦੇ ਬੋਲ ਮੇਰੇ ਕੰਨਾਂ ਵਿੱਚ ਗੂੰਜਦੇ ਰਹਿੰਦੇ ਹਨ -ਮੁਕਾ ਹੁਣ ਤਾਂ ਕਿੱਸੇ ਅਲਫ਼ ਲੈਲਾ ਵਾਲੇ। ਅਤੇ ਤਦੇ ਮੈਂ ਆਨੰਦ ਨਹੀਂ ਦੇ ਸਕਦਾ। ਇੱਕ ਗੱਲ ਹੋਰ ਜਿਹੜੇ ਚਿਹਰੇ ਮੈਂ ਆਪਣੇ ਸਮੇਂ ਵਿੱਚ ਵੇਖਦਾ ਹਾਂ, ਉਹ ਜਾਂ ਤਾਂ ਅਤਿ ਘਿਨਾਉਣੇ ਹਨ, ਜਾਂ ਡਰੇ/ਸਹਿਮੇ ਹੋਏ। ਦੋਵੇਂ ਤਰ੍ਹਾਂ ਦੇ ਚਿਹਰੇ ਆਨੰਦ ਨਹੀਂ ਦੇ ਸਕਦੇ। ਹਾਂ ਮੇਰਾ ਸਾਹਿਤ ਚਿੰਤਨ ਦਾ ਸਾਹਿਤ ਹੈ। ਮੈਂ ਦਾਅਵਾ ਨਹੀਂ ਕਰਦਾ, ਇਹ ਤਾਂ ਤੁਸੀਂ ਵੀ ਮੰਨਿਆ ਹੈ।

ਸਵਾਲ- 'ਸ਼ਾਂਤੀ ਪਰਵ' ਨਾਵਲ, ਬਲਕਿ ਤੇਰੀ ਗਲਪ ਦਾ ਨਾ ਆਦਿ ਹੈ, ਨਾ ਅੰਤ। ਪਰ ਹਰ ਵਾਕ ਬੰਦੇ ਨੂੰ ਬੇਚੈਨ ਕਰਦਾ ਹੈ। ਕੀ ਤੂੰ ਇਹ ਮਹਿਸੂਸ ਨਹੀਂ ਕਰਦਾ ਕਿ ਤੂੰ ਫਿਕਸ਼ਨ ਨਹੀਂ, ਵਾਕ ਸਿਰਜਦੈਂ?

—ਹਾਂ, ਇਹ ਮੇਰੇ ਦਿਮਾਗ਼ ਜਾਂ ਸੋਚ ਦੇ ਲਿਹਾਜ਼ ਨਾਲ ਹੀ ਵਾਕ ਬਣਤਰ ਬਣਦੀ ਹੈ। ਮੈਂ ਛੋਟੇ-ਛੋਟੇ, ਤੰਦਰੁਸਤ, ਮੁਕੰਮਲ ਤੇ ਗਹਿਰੇ ਫਿਕਰੇ ਲਿਖਣ ਵਿੱਚ ਯਕੀਨ ਰੱਖਦਾ ਹਾਂ। ਮੇਰੇ ਮਨ 'ਚ ਹੁੰਦਾ ਹੈ ਕਿ ਇਹ ਫਿਕਰੇ ਆਪਣੇ ਨਾਲ ਇੱਕ ਪੂਰਾ ਇਤਿਹਾਸ ਲੈ ਕੇ ਆਉਣ। ਮੇਰੀ ਇੱਕ ਕਹਾਣੀ 'ਚ ਫਿਕਰਾ ਹੈ ਕਿ 'ਦੋ ਟਕੇ ਦਾ ਆਦਮੀ, ਬੰਦੇ ਨੂੰ ਉਸ ਦੀ ਜਾਤ ਤੇ ਔਰਤ ਨੂੰ ਸੈਕਸ ਦਿਖਾ ਕੇ, ਉਸ ਦੀ ਔਕਾਤ ਦਿਖਾ ਦਿੰਦਾ ਹੈ।' ਮੈਨੂੰ ਲੱਗਦਾ ਹੈ ਕਿ ਜੇਕਰ ਕੋਈ ਮੇਰੀਆਂ ਰਚਨਾਵਾਂ ਪੜ੍ਹਨ ਦੀ ਥਾਂ ਸਿਰਫ਼ ਇਹ ਫਿਕਰਾ ਹੀ ਪੜ੍ਹ ਲਵੇ ਤਾਂ ਮੈਂ ਆਪਣੀ ਗੱਲ ਕਹਿ ਦਿੱਤੀ ਹੈ। ਇਸੇ ਕਰਕੇ 'ਸ਼ਾਂਤੀ ਪਰਵ' ਨੂੰ ਤੁਸੀਂ ਕਿਸੇ ਵੀ ਕਾਂਡ ਤੋਂ ਪੜ੍ਹਨਾ ਸ਼ੁਰੂ ਕਰ ਦਿਓ, ਤੁਸੀਂ ਆਨੰਦ ਲੈ ਸਕਦੇ ਹੋ। ਹਰ ਕਾਂਡ ਮੁਕੰਮਲ ਹੈ। ਹਰ ਪਹਿਰਾ ਮੁਕੰਮਲ ਹੈ। ਹਰ ਵਾਕ ਮੁਕੰਮਲ ਹੈ। ਮੈਂ ਇਹਦੇ ਵਾਸਤੇ ਬਹੁਤ ਮਿਹਨਤ ਕਰਦਾ ਹਾਂ। ਸਾਲਾਂ ਬੱਧੀ ਇਸ ਨਾਵਲ ਉੱਤੇ ਕੰਮ ਕੀਤਾ ਹੈ।




ਰਵੀ ਸਾਹਿਤ ਪ੍ਰਕਾਸ਼ਨ ਦੀਆਂ ਨਵੀਆਂ ਛਪੀਆਂ ਪੁਸਤਕਾਂ










ਫ਼ੋਨ : 0183-2258633, ਮੋਬਾਇਲ : 9781737780 * 98140-66204